# ਪੰਜਾਬੀ ਸਾਹਿਤ
ਦਾ
# ਵਿਕਾਸ

(ਸੋਧੀ ਹੋਈ ਤੇ ਵਾਧੇ ਵਾਲੀਂ ਐਡੀਸ਼ਨ)

**ਸ੍ਰ: ਨਿਹਾਲ ਸਿੰਘ 'ਰਸ'**
ਪ੍ਰਿੰਸੀਪਲ ਪੰਜਾਬ ਗਿਆਨੀ ਕਾਲਜ
ਅੰਮ੍ਰਿਤਸਰ

ਪ੍ਰਕਾਸ਼ਕ
**ਪੰਜਾਬੀ ਪਬਲੀਕੇਸ਼ਨਜ਼**
ਅੰਮ੍ਰਿਤਸਰ

ਦੂਸਰੀ ਵਾਰ    ਮੁਲ ੪॥)

www.PunjabiLibrary.com

Digitized by Panjab Digital Library | www.panjabdigilib.org

Presented by the author,

Harnam Singh Shan

Amritsar
30th December, 1954

Digitized by Panjab Digital Library | www.panjabdigilib.org

# ਪੰਜਾਬੀ ਸਾਹਿਤ

ਦਾ

# ਵਿਕਾਸ

(ਸੋਧੀ ਹੋਈ ਤੇ ਵਾਧੇ ਵਾਲੀ ਐਡੀਸ਼ਨ)

**ਸ: ਨਿਹਾਲ ਸਿੰਘ 'ਰਸ'**
ਪ੍ਰਿੰਸੀਪਲ ਪੰਜਾਬ ਗਿਆਨੀ ਕਾਲਜ
ਅੰਮ੍ਰਿਤਸਰ

ਪ੍ਰਕਾਸ਼ਕ

**ਪੰਜਾਬੀ ਪਬਲੀਕੇਸ਼ਨਜ਼**
ਅੰਮ੍ਰਿਤਸਰ

ਦੂਸਰੀ ਵਾਰ ਮੁਲ ੪॥)

Digitized by Panjab Digital Library | www.panjabdigilib.org

# ਲੇਖ ਸੂਚੀ


ਕਾਂਡ ੧

ਸਾਹਿਤ

ਸਾਹਿਤ ਕੀ ਹੈ ੧੧
ਅਗੇ ਵਧੂ ਸਾਹਿਤ ੧੬
ਕਲਾ ਜਾਂ ਆਰਟ ੧੮
ਰਸ ੨੨
ਵਾਦ ਵਿਵਾਦ ੨੮

ਕਾਂਡ ੨

ਬੋਲੀ ੩੩
ਪੰਜਾਬ ਤੇ ਪੰਜਾਬੀ ੩੫
ਪੰਜਾਬੀ ਲਿਪੀ ੪੩

ਕਾਂਡ ੩

ਪੰਜਾਬੀ ਸਾਹਿਤ ੫੧
ਪੰਜਾਬੀ ਸਾਹਿਤਦੀ ਕਾਲ ਵੰਡ ੫੪
ਪੰਜਾਬੀ ਲੋਕ ਕਾਵਿ ੫੭
ਪੰਜਾਬੀ ਕਵਿਤਾ ਦੀ ਪਰੰਪਰਾ ੬੪

ਕਾਂਡ ੪

ਪੰਜਾਬੀ ਕਵਿਤਾ ਦਾ ਵਿਕਾਸ

ਪੂਰਵ ਨਾਨਕ ਕਾਲ ੭੩
ਸ਼ੇਖ ਫ਼ਰੀਦ ੭੫
ਸ਼ੇਖ ਇਬਰਾਹੀਮ ੭੮

ਨਾਨਕ ਕਾਲ

ਗੁਰੂ ਨਾਨਕ ਤੇਉਨ੍ਹਾਂਦੀਰਚਨਾ ੮੨
ਗੁਰੂ ਅੰਗਦ ਦੇਵ ਜੀ ੯੧
ਗੁਰੂ ਅਮਰ ਦਾਸ ਜੀ ੯੨
ਗੁਰੂ ਰਾਮ ਦਾਸ ਜੀ ੯੩
ਗੁਰੂ ਅਰਜਨ ਦੇਵ ਜੀ ੯੫
ਭਾਈ ਗੁਰਦਾਸ ਜੀ ੯੯
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੧੦੩
ਗੁਰੂ ਤੇਗ਼ ਬਹਾਦਰ ਜੀ ੧੦੮
ਗੁਰੂ ਗੋਬਿੰਦ ਸਿੰਘ ਜੀ ੧੦੮

ਨਾਨਕ ਕਾਲ ਦੇ
ਰੋਮਾਂਟਿਕ ਕਵੀ

ਦਾਮੋਦਰ ੧੧੩
ਪੀਲੂ ੧੧੮
ਹਾਫ਼ਜ਼ ਬਰਖੁਰਦਾਰ ੧੨੩

ਸੂਫ਼ੀ ਕਵੀ

ਸ਼ਾਹ ਹੁਸੈਨ ਲਾਹੌਰੀ ੧੨੬
ਸੁਲਤਾਨ ਬਾਹੂ ੧੩੦




Digitized by Panjab Digital Library | www.panjabdigilib.org

### ਭਗਤੀ ਰਸ ਦੇ ਕਵੀ

ਕਾਹਨਾ ਭਗਤ ੧੩੩
ਵਲੀ ਰਾਮ ੧੩੪
ਛਜੂ ਭਗਤ ੧੩੪

### ਹਾਸ ਰਸ ਦੇ ਕਵੀ

ਸੁਥਰਾ ਸ਼ਾਹ ੧੩੬
ਜਲ੍ਹਣ ੧੩੮

### ਪਿਛਲਾ ਮੁਗਲਈ ਕਾਲ

ਹਜ਼ਰਤ ਬੁਲ੍ਹੇ ਸ਼ਾਹ ੧੪੦
ਅਲੀ ਹੈਦਰ ੧੪੪
ਮੁਕਬਲ ੧੪੭
ਸੱਯਦ ਵਾਰਸ ਸ਼ਾਹ ੧੪੮
ਨਜਾਬਤ ੧੫੬
ਭਾਈ ਬੀਰ ਸਿੰਘ ੧੬੧

### ਰਣਜੀਤ ਸਿੰਘ ਕਾਲ

ਹਾਸ਼ਮ ਸ਼ਾਹ ੧੬੫
ਅਹਿਮਦ ਯਾਰ ੧੭੬
ਕਾਦਰ ਯਾਰ ੧੮੨

### ਬੀਰ ਰਸ ਦੀ ਕਵਿਤਾ

ਸ਼ਾਹ ਮੁਹੰਮਦ ੧੮੮
ਮਟਕ ੧੯੧

### ਅੰਗ੍ਰੇਜ਼ੀ ਰਾਜ ਦਾ ਸਮਾ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ੧੯੩
ਪ੍ਰੋ: ਪੂਰਨ ਸਿੰਘ ਜੀ ੨੦੧
ਡਾ: ਮੋਹਨ ਸਿੰਘ ਜੀ ੨੦੮
ਲਾ: ਧਨੀ ਰਾਮ ਜੀ ਚਾਤ੍ਰਿਕ ੨੧੨
ਪੰਜਾਬੀ ਸਭਾ ੨੨੨
ਬਾਵਾ ਬਲਵੰਤ ੨੨੬
ਅੰਮ੍ਰਿਤਾ ਪ੍ਰੀਤਮ ੨੩੦
ਪ੍ਰੀਤਮ ਸਿੰਘ ਸਫ਼ੀਰ ੨੩੩
ਵਿਧਾਤਾ ਸਿੰਘ ਤੀਰ ੨੩੫
ਫ਼ੀਰੋਜ਼ ਦੀਨ ਸ਼ਰਫ਼ ੨੩੯
ਪ੍ਰੋ: ਮੋਹਨ ਸਿੰਘ ੨੪੧
ਜੋਸ਼ੂਆ ਫ਼ਜ਼ਲ ਦੀਨ ੨੪੪
ਲਾ: ਕਿਰਪਾ ਸਾਗਰ ੨੪੫
ਗਿ: ਕਰਤਾਰ ਸਿੰਘ ੨੪੭
ਕਾਲੀ ਦਾਸ ਗੁਜਰਾਂ ਵਾਲਾ ੨੪੯

### ਪੰਜਾਬੀ ਕਵਿਤਾ ਦੀਆਂ ਵਖ ਵਖ ਰੁਚੀਆਂ

ਪੰਜਾਬੀਦੀ ਪੁਰਾਣੀ ਕਵਿਤਾ ੨੫੩
ਨਵੀਨ ਪੰਜਾਬੀ ਕਵਿਤਾ ੨੫੫
ਮਹਾਂ ਕਵੀ ਤੇ ਮਹਾਂ ਕਾਵਿ ੨੫੭
ਪੰਜਾਬੀ ਕਵਿਤਾ ਉਤੇ ਦੂਜੀਆਂ ਬੋਲੀਆਂ ਦਾ ਅਸਰ ੨੬੦
ਪੰਜਾਬੀ ਕਵਿਤਾ ਵਿਚ ਕਿੱਸਿਆਂ ਦਾ ਅਸਥਾਨ ੨੬੨
ਪੰਜਾਬੀ ਕਵਿਤਾਵਿਚਰੋਮਾਂਸ ੨੬੯



Digitized by Panjab Digital Library | www.panjabdigilib.org

ਪੰਜਾਬੀ ਦੀ ਸੂਫ਼ੀ ਕਵਿਤਾ ੨੭੦
ਵਾਰਾਂ ੨੭੧

## ਕਾਂਡ ੪

## ਪੰਜਾਬੀ ਵਾਰਤਕ ਦਾ ਵਿਕਾਸ

ਪੰਜਾਬੀ ਨਸਰ ਜਾਂ ਵਾਰਤਕ ੨੬੬
ਚੰਗੀ ਵਾਰਤਕ ਦੇ ਗੁਣ ੨੮੨
ਨਾਵਲ ੨੮੬
ਨਾਵਲ ਤੇ ਕਹਾਣੀ ੨੯੪
ਨਾਵਲ ਤੇ ਨਾਟਕ ੨੯੭
ਪੰਜਾਬੀ ਨਾਵਲ ੨੯੯
ਭਾ: ਵੀਰ ਸਿੰਘ ਜੀ ਦੇ ਨਾਵਲਾਂ ਵਿਚ ਪਾਤਰ ਉਸਾਰੀ ੩੦੨
ਨਾਨਕ ਸਿੰਘ ਕਰਤਾ ਚਿੱਟਾ ਲਹੂ ੩੦੪
ਕਹਾਣੀ ੩੧੦
ਇਤਿਹਾਸ ਤੇ ਕਹਾਣੀ ੩੧੨
ਕਹਾਣੀ ਕੀ ਹੈ ੩੧੨
ਨਿਕੀ ਹੁਨਰੀ ਕਹਾਣੀ ੩੧੭
ਪੰਜਾਬੀ ਵਿਚ ਕਹਾਣੀ ੩੧੯
ਨਾਟਕ ੩੨੮
ਬਹੁ ਅੰਗੀ ਤੇ ਇਕਾਂਗੀ ੩੩੨
ਪ੍ਰਾਚੀਨ ਸਮੇਂ ਦੇ ਨਾਟਕ ੩੩੮
ਪੰਜਾਬੀ ਨਾਟਕ ਕਲਾ ਦਾ ਵਿਚਲਾ ਸਮਾਂ ੩੪੨
ਬ੍ਰਿਜ ਲਾਲ ਸ਼ਾਸਤਰੀ ੩੪੩
ਬਾਵਾ ਬੁਧ ਸਿੰਘ ੩੪੪
ਲਾ: ਕਿਰਪਾ ਸਾਗਰ ੩੪੪
ਪ੍ਰੋ: ਈਸ਼ਰ ਚੰਦਰ ਨੰਦਾ ੩੪੫
ਕੁਝ ਹੋਰ ਨਾਟਕਕਾਰ ੩੪੮
ਸ: ਗੁਰਬਖਸ਼ ਸਿੰਘ ੩੪੯
ਸੰਤ ਸਿੰਘ ਸੇਖੋਂ ੩੫੩
ਹਰਚਰਨ ਸਿੰਘ ੩੫੪
ਬਲਵੰਤ ਗਾਰਗੀ ੩੫੬
ਹਰਚਰਨ ਸਿੰਘ ਤੇ ਗਾਰਗੀ ੩੫੮
ਜੀ. ਐਸ. ਖੋਸਲਾ ੩੬੦
ਨਿਹਾਲ ਸਿੰਘ 'ਰਸ' ੩੬੧

## ਪੰਜਾਬੀ ਸਾਹਿਤ ਦੇ ਮਸ਼ਹੂਰ ਖੋਜੀ

ਬਾਵਾ ਬੁਧ ਸਿੰਘ ਜੀ ੩੬੩
ਡਾ: ਮੋਹਨ ਸਿੰਘ 'ਦੀਵਾਨਾ' ੩੬੪
ਇਤਿਹਾਸ ੩੬੭
ਸਫ਼ਰਨਾਮੇ ਤੇ ਜੀਵਨੀਆਂ ੩੭੩
ਹੋਰ ਮਹਾਨ ਸਾਹਿਤਕਾਰ ੩੭੫
ਭਾ: ਸਾ: ਪ੍ਰਿੰ. ਜੋਧਸਿੰਘ ਜੀ ੩੭੬
ਪੰਜਾਬੀ ਸਾਹਿਤ ਦੀ ਉਨਤੀ ਨਾਲ ਵਖ ਵਖ ਲਹਿਰਾਂ ਦਾ ਸਬੰਧ ੩੭੭



Digitized by Panjab Digital Library | www.panjabdigilib.org

## ਸਾਹਿਤਕ ਲੇਖ ਤੇ ਵਾਰਤਕ ਉਤੇ ਪੜਚੋਲ


ਸਰਧਾ ਰਾਮ ਜੀ ਫਲੌਰੀ ੩੮੨
ਲਾ: ਬਿਹਾਰੀ ਲਾਲ ਪੁਰੀ ੩੮੩
ਭਾਈ ਵੀਰ ਸਿੰਘ ਜੀ ੩੮੫
ਲਾ: ਧਨੀ ਰਾਮ ਜੀ ਚਾਤ੍ਰਿਕ ੩੮੬
ਸ੍ਰ: ਜੀ ਬੀ. ਸਿੰਘ ੩੮੭
ਪ੍ਰੋ: ਪੂਰਨ ਸਿੰਘ ੩੮੮
ਬਾਵਾ ਪ੍ਰੇਮ ਸਿੰਘ ੩੯੦
ਪ੍ਰੋ: ਤੇਜਾ ਸਿੰਘ ਜੀ ੩੯੧
ਪ੍ਰੋ: ਸਾਹਿਬ ਸਿੰਘ ਜੀ ੩੯੨
ਸ੍ਰ: ਗੁਰਬਖਸ਼ ਸਿੰਘ ਜੀ ੩੯੪
ਪ੍ਰੋ: ਹਰਦਿਤ ਸਿੰਘ ਢਿੱਲੋਂ ੩੯੬
ਸ੍ਰ: ਕਪੂਰ ਸਿੰਘ ੩੯੭
ਪ੍ਰੋ: ਜਗਦੀਸ਼ ਸਿੰਘ ੩੯੮
ਸ੍ਰ: ਈਸ਼ਵਰ ਸਿੰਘ ੩੯੯
ਸ੍ਰ: ਪ੍ਰੀਤਮ ਸਿੰਘ ੪੦੦
ਡਾ: ਗੋਪਾਲ ਸਿੰਘ 'ਦਰਦੀ' ੪੦੧
ਸਾਇੰਸ ਸਬੰਧੀ ਪੁਸਤਕਾਂ ੪੦੫
ਵਿਆਕਰਣ ਤੇ ਡਿਕਸ਼ਨਰੀਆਂ ੪੦੭
ਅੰਤਕਾ ੪੧੦
ਪੰਜਾਬੀ ਸਾਹਿਤ ਦਾ ਨਵਾਂ ਝੁਕਾ ੪੧੩
ਪੰਜਾਬੀ ਪੱਤਰ ਤੇ ਪਤਰਕਾਰ ੪੧੪
ਵਿਦਿਆਲੇ ਤੇ ਗਿਆਨੀ ਕਾਲਜ ੪੧੯
ਪੰਜਾਬੀ ਸਾਹਿਤ ਦਾ ਭਵਿਖਤ ੪੨੫


Digitized by Panjab Digital Library / www.panjabdigilib.org

# ਪੁੱਖ ਵਿਚਾਰ

(ਸ੍ਰ: ਲਾਲ ਸਿੰਘ ਬੀ. ਏ. ਬੀ. ਟੀ,)

ਪੰਜਾਬੀ ਸਾਹਿਤ ਨੇ ਪਿਛਲੀ ਅੱਧੀ ਸਦੀ ਵਿਚ ਹਰ ਪਹਿਲੂ ਤੋਂ ਚੋਖੀ ਉੱਨਤੀ ਕੀਤੀ ਹੈ। ਇਸ ਵੇਲੇ ਤੱਕ ਨਾਵਲ, ਨਾਟਕ, ਨਿੱਕੀ ਕਹਾਣੀ, ਕਵਿਤਾ, ਲੇਖ ਇਤਿਹਾਸ ਤੇ ਸਾਹਿਤਕ ਖੋਜ ਆਦਿ ਸਾਰੇ ਵਿਸ਼ਿਆਂ ਸਬੰਧੀ ਹਜ਼ਾਰਾਂ ਬਹੁ-ਮੁਲੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਸਮਾਂ ਆ ਗਿਆ ਹੈ, ਜਦੋਂ ਅਸੀਂ ਇਸ ਸਮੁਚੇ ਸਾਹਿਤ ਦੇ ਇਤਿਹਾਸ, ਵਿਕਾਸ; ਉਤਰਾਵਾਂ ਚੜ੍ਹਾਵਾਂ ਤੇ ਵੱਖ ਵੱਖ ਰੁਚੀਆਂ ਦਾ ਵਿਗਿਆਨਕ ਮੁਤਾਲਿਆ ਕਰੀਏ ਅਤੇ ਉਸ ਉਤੇ ਸੁਚੱਜੀ ਤੇ ਨਿਰਪਖ ਪੜਚੋਲ ਤੇ ਵਿਚਾਰ ਕਰੀਏ, ਤਾਂ ਜੋ ਨਵੇਂ ਲਿਖਾਰੀਆਂ ਨੂੰ ਅਗਵਾਈ ਪ੍ਰੇਰਨਾ ਤੇ ਉਤਸ਼ਾਹ ਮਿਲ ਸਕੇ। ਪੁਰਾਤਣ ਰਚਨਾ ਨੂੰ ਸਾਂਭ ਕੇ ਰੱਖਣ, ਉਸਦੀ ਯੋਗ ਤੇ ਸਿਆਣੀ ਪ੍ਰਸੰਨਤਾ ਅਰ ਚੰਗੇ ਮੰਦੇ ਦਾ ਨਖੇੜਾ ਕਰਨ ਨਾਲ ਹੀ ਕਿਸੇ ਬੋਲੀ ਦਾ ਸਾਹਿੱਤ ਲੋੜੀਂਦੀ ਉੱਨਤੀ ਕਰ ਸਕਦਾ ਹੈ।

ਇਸੇ ਮੰਤਵ ਨੂੰ ਮੁਖ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਪੰਜਾਬੀ ਦੇ ਉੱਚ ਇਮਤਿਹਾਨਾਂ ਵਿਚ 'ਸਾਹਿੱਤ ਦੇ ਇਤਿਹਾਸ ਤੇ ਪਰਖ' ਦਾ ਵਖਰਾ ਪਰਚਾ ਨੀਯਤ ਕਰ ਦਿੱਤਾ ਹੈ। ਇਸ ਵਿਸ਼ੇ ਉਤੇ ਇਸ ਤੋਂ ਪਹਿਲਾਂ ਵੀ ਚੋਣਵੇਂ ਵਿਦਵਾਨਾਂ ਵਲੋਂ ਚੰਗੀਆਂ ਖੋਜ ਭਰੀਆਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ, ਭਾਵੇਂ ਅਜੇ ਵੀ ਬਹੁਤ ਕੁਝ ਲਿਖਣਾ ਬਾਕੀ ਹੈ। ਮੇਰੇ ਮਾਨਯੋਗ ਮਿੱਤਰ ਗਿਆਨੀ



Digitized by Panjab Digital Library | www.panjabdigilib.org

ਨਿਹਾਲ ਸਿੰਘ ਜੀ ਨੇ ਇਸ ਨਵੀਂ ਪੁਸਤਕ ਵਿਚ ਕਿਸੇ ਨਵੀਨ ਖੋਜ ਦਾ ਦਾਹਵਾ ਨਹੀਂ ਕੀਤਾ। ਅਜ ਤੱਕ ਦੀ ਹੋਈ ਖੋਜ ਨੂੰ ਉਹਨਾਂ ਸੰਖਿਪਤ ਤੇ ਤਰਤੀਬਵਾਰ ਕਰਕੇ ਅਜਿਹੇ ਢੰਗ ਨਾਲ ਲਿਖਿਆ ਹੈ ਕਿ ਸਾਰੀਆਂ ਜ਼ਰੂਰੀ ਤੇ ਮੋਟੀਆਂ ਮੋਟੀਆਂ ਗੱਲਾਂ ਸਪੱਸ਼ਟ ਰੂਪ ਵਿਚ ਦਿਸ ਪੈਂਦੀਆਂ ਹਨ। ਪੁਸਤਕ ਨਿਰੋਲ ਇਮਤਿਹਾਨੀ ਲੋੜਾਂ ਨੂੰ ਮੁਖ ਰੱਖ ਕੇ ਲਿਖੀ ਗਈ ਹੈ। ਬਹੁਤ ਇਸ ਨੁਕਤੇ ਤੋਂ ਕਿ ਥੋੜੇ ਤੋਂ ਥੜੇ ਸਮੇਂ ਵਿਚ ਤੇ ਥੋੜੀ ਮਿਹਨਤ ਨਾਲ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਲੋੜੀਂਦੀ ਤੇ ਜ਼ਰੂਰੀ ਵਾਕਫੀ ਦਿੱਤੀ ਜਾ ਸਕੇ।

ਗਿ: ਜੀ ਲਗ ਪਗ ਪਿਛਲੇ ਵੀਹ ਸਾਲਾਂ ਤੋਂ ਗਿਆਨੀ ਆਦਿ ਉੱਚ ਇਮਤਿਹਾਨਾਂ ਦੇ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ ਤੇ ਉਨ੍ਹਾਂ ਦਾ ਵਿਸ਼ਾਲ ਤਜਰਬਾ ਇਸ ਗੱਲ ਦਾ ਜ਼ਾਮਨ ਹੈ ਕਿ ਉਹ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਭਲੀ ਪ੍ਰਕਾਰ ਸਮਝਦੇ ਹਨ। ਉਨ੍ਹਾਂ ਨੇ ਸਾਹਿਤ ਦੇ ਹਰੇਕ ਅੰਗ ਦਾ ਪੂਰਨ ਬਿਆਨ ਕਰਦਿਆਂ ਹੋਇਆਂ ਦੀ ਗੈਰ ਜ਼ਰੂਰੀ ਵਿਸਥਾਰ ਦੀ ਲੋੜ ਨਹੀਂ ਸਮਝੀ। ਇਕ ਤਾਂ ਪੜਚੋਲ ਵਿਚ ਜ਼ਰੂਰੀ ਨੁਕਤਿਆਂ ਤੇ ਇਸ਼ਾਰਿਆਂ ਤੋਂ ਸਿਆਣਾ ਵਿਦਿਆਰਥੀ ਆਮ ਵਿਸਥਾਰ ਕਰ ਸਕਦਾ ਹੈ ਤੇ ਦੂਜੇ ਵਧੀਕ ਵਿਆਖਿਆ ਦਾ ਕੰਮ ਜਮਾਤ ਵਿਚ ਪ੍ਰੋਫੈਸਰਾਂ ਦਾ ਕੰਮ ਹੈ। ਇਸ ਸੰਖੇਪਤਾ ਦੇ ਹੁੰਦਿਆਂ ਵੀ ਪ੍ਰਸਿਧ ਤੇ ਚੋਟੀ ਦੇ ਲਿਖਾਰੀਆਂ ਦੇ ਜੀਵਨ ਬਾਬਤ ਜ਼ਰੂਰੀ ਵਾਕਫੀ ਦੇ ਕੇ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਉੱਤੇ ਵਜ਼ਨ ਦਾਰ ਪੜਚੋਲ ਕੀਤੀ ਗਈ ਹੈ। ਵਿਦਿਆਰਥੀਆਂ ਦੀ ਲੋੜ ਦਾ ਖਿਆਲ ਕਰ ਕੇ ਪੰਜਾਬੀ ਬੋਲੀ ਵਿਚ ਸਾਇੰਸ ਦੇ ਤੌਰ ਤੇ ਹੋਰ ਮਜ਼ਮੂਨਾਂ ਦੀਆਂ ਪੁਸਤਕਾਂ ਅਤੇ ਅਖਬਾਰਾਂ ਦੇ ਇਤਿਹਾਸ ਉੱਤੇ ਚਾਨਣਾ ਪਾਉਣ ਤੋਂ ਸਿਵਾ 'ਸਾਹਿਤ ਦੀ ਪਰਖ' ਬਾਬਤ ਵੀ ਸੰਖੇਪ ਨੋਟ ਦਿਤੇ ਹਨ, ਜਿਸ ਤੋਂ ਨਾ ਸਿਰਫ ਪੰਜਵੇਂ ਪਰਚੇ ਵਿਚ, ਸਗੋਂ ਕਵਿਤਾ, ਨਾਟਕ, ਨਾਵਲ



Digitized by Panjab Digital Library | www.panjabdigilib.org

ਤੇ ਵਾਰਤਕ ਵਾਲੇ ਪਰਚਿਆਂ ਵਿਚ ਵਿਦਿਆਰਥੀਆਂ ਨੂੰ ਸਹਾਇਤਾ ਮਿਲੇਗੀ। ਮੇਰੇ ਖਿਆਲ ਵਿਚ ਦੁਹਰਾਈ ਵੇਲੇ ਤੇ ਖਾਸ ਕਰ ਇਮਤਿਹਾਨ ਦੇ ਨੇੜੇ ਇਹ ਪੁਸਤਕ ਚੋਖੀ ਲਾਭਦਾਇਕ ਸਾਬਤ ਹੋ ਸਕਦੀ ਹੈ। ਮੈਨੂੰ ਉਮੈਦ ਹੈ ਕਿ ਵਿਦਿਆਰਥੀ ਉਨ੍ਹਾਂ ਦੀ 'ਗੋਲਡਨ ਗਾਈਡ' ਤੇ ਹੋਰ ਨੋਟਾਂ ਵਾਂਙੂ ਹੀ ਇਸ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਗਿਆਨੀ ਜੀ ਦੇ ਅਨੇਕਾਂ ਰੁਝੇਵਿਆਂ ਤੇ ਵਿਦਿਆਰਥੀਆਂ ਦੀ ਤੀਬਰ ਮੰਗ ਕਰਕੇ ਕਿਤਾਬ ਕਾਫੀ ਕਾਹਲ ਵਿਚ ਛਪਵਾਈ ਜਾਪਦੀ ਹੈ। ਇਸੇ ਕਰ ਕੇ ਨਿੱਕੀ ਕਹਾਣੀ ਤੇ ਨਾਟਕ ਦੇ ਇਤਿਹਾਸ ਵਿਚ ਦੋ ਤਿੰਨ ਚੋਟੀ ਦੇ ਲਿਖਾਰੀਆਂ ਦੇ ਨਾਂ ਰਹਿ ਗਏ ਹਨ। ਆਸ ਹੈ ਗਿਆਨੀ ਜੀ ਅਗਲੀ ਐਡੀਸ਼ਨ ਵਿਚ ਸੁਧਾਈ ਕਰਨ ਦੀ ਖੇਚਲ ਕਰਨਗੇ।

ਅੰਮ੍ਰਿਤਸਰ
੩. ੪. ੫੨

ਲਾਲ ਸਿੰਘ ਗਿਆਨੀ
ਗੁਜਰਾਂਵਾਲੀਆ

## ਦੂਜੀ ਐਡੀਸ਼ਨ ਬਾਰੇ

ਮੈਨੂੰ ਇਸ ਪੁਸਤਕ ਦੀ ਨਵੀਂ ਐਡੀਸ਼ਨ ਦੇਖ ਕੇ ਬੜੀ ਪਰਸੰਨਤਾ ਹੋਈ ਹੈ। ਇਹ ਪੁਸਤਕ ਸਮੁਚੇ ਤੌਰ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਪੂਰੀ ਪੂਰੀ ਪ੍ਰਤਿਨਿਧਤਾ ਕਰਦੀ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਊਨਤਾਈ ਨਹੀਂ ਦਿਸਦੀ। ਇਹ ਪੁਸਤਕ ਬੀ. ਏ., ਐਮ. ਏ. ਤੇ ਗਿਆਨੀ ਦੇ ਵਿਦਿਆਰਥੀਆਂ ਲਈ ਹਰ ਤਰ੍ਹਾਂ ਨਾਲ ਲਾਭਦਾਇਕ ਹੋ ਸਕਦੀ ਹੈ।

ਅੰਮ੍ਰਿਤਸਰ
੧-੧੦-੫੩

ਲਾਲ ਸਿੰਘ ਗਿਆਨੀ

Digitized by Panjab Digital Library | www.panjabdigilib.org

## ਕੁਝ ਆਪਣੀ ਵੱਲੋਂ

ਪੰਜਾਬੀ ਸਾਹਿਤ ਦੇ ਵਿਕਾਸ ਦੀ ਇਹ ਐਡੀਸ਼ਨ ਮੈਂ ਬੜੀ ਪ੍ਰਸੰਨਤਾ ਨਾਲ ਪੰਜਾਬੀ ਸਾਹਿਤਕਾਰਾਂ ਦੀ ਸੇਵਾ ਵਿਚ ਭੇਟ ਕਰ ਰਿਹਾ ਹਾਂ। ਇਹ ਪੁਸਤਕ ਪਿਛਲੇ ਸਾਲ ਆਰੰਭ ਕੀਤੀ ਸੀ, ਪਰ ਬਿਮਾਰੀ ਤੇ ਹੋਰ ਰੁਝੇਵਿਆਂ ਕਰਕੇ ਸਮੇਂ ਸਿਰ ਪ੍ਰਕਾਸ਼ਤ ਨਾ ਹੋ ਸਕੀ। ਆਪਣੀ ਵੱਲੋਂ ਯਤਨ ਕੀਤਾ ਗਿਆ ਹੈ ਕਿ ਪੰਜਾਬੀ ਸਾਹਿਤ ਸਬੰਧੀ ਹਰ ਇਕ ਲੁੜੀਂਦੀ ਚੀਜ਼ ਦਾ ਜ਼ਿਕਰ ਕੀਤਾ ਜਾਵੇ ਤੇ ਹਰ ਸਾਹਿਤਕਾਰ ਸਬੰਧੀ ਆਪਣੀ ਪੜਚੋਲੀਆ ਨਜ਼ਰ ਨਾਲ ਵਿਚਾਰ ਪੇਸ਼ ਕੀਤੀ ਜਾਵੇ। ਪਹਿਲੀ ਐਡੀਸ਼ਨ ਵਿਚ ਰਹੀਆਂ ਤਰੁਟੀਆਂ ਇਸ ਐਡੀਸ਼ਨ ਵਿਚ ਦੂਰ ਕਰ ਦਿੱਤੀਆਂ ਗਈਆਂ ਹਨ ਤੇ ਇਹ ਐਡੀਸ਼ਨ ਹਰ ਤਰ੍ਹਾਂ ਨਾਲ ਸੰਪੂਰਨ ਸਮਝੀ ਜਾਣੀ ਚਾਹੀਦੀ ਹੈ।

ਮੈਂ ਆਪਣੇ ਤਜਰਬੇ ਤੇ ਅਨੁਮਾਨ ਨਾਲ ਕਹਿ ਸਕਦਾ ਹਾਂ ਕਿ ਇਹ ਪੁਸਤਕ ਅੱਜ ਤੱਕ ਇਸ ਵਿਸ਼ੇ ਤੇ ਛਪੀਆਂ ਪੁਸਤਕਾਂ ਨਾਲੋਂ ਕਈਆਂ ਗੱਲਾਂ ਵਿਚ ਵਿਸ਼ੇਸ਼ਤਾ ਰੱਖਦੀ ਹੈ ਤੇ ਗਿਆਨੀ ਦਾ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਲਈ 'ਪੰਜਾਬੀ ਸਾਹਿਤ' ਸਬੰਧੀ ਹਰ ਤਰ੍ਹਾਂ ਦੀ ਲੋੜ ਪੂਰੀ ਕਰਦੀ ਹੈ। ਆਸ ਹੈ ਕਿ ਗਿਆਨੀ, ਬੀ. ਏ., ਤੇ ਐਮ. ਏ. ਆਦਿ ਜਮਾਤਾਂ ਦੇ ਵਿਦਿਆਰਥੀ ਤੇ ਅਧਿਆਪਕ ਇਸ ਤੁਛ ਜਹੀ ਭੇਟਾ ਨੂੰ ਪ੍ਰਵਾਨ ਕਰਨਗੇ।

ਪੰਜਾਬ ਗਿਆਨੀ ਕਾਲਜ ਨਿਹਾਲ ਸਿੰਘ 'ਰਸ'
੫, ਅਕਤੂਬਰ, ੧੯੫੩.

Digitized by Panjab Digital Library | www.panjabdigilib.org

# ਕਾਂਡ ੧

# ਸਾਹਿੱਤ

## ਸਾਹਿੱਤ ਕੀ ਹੈ ?

'ਸਾਹਿੱਤ' ਸੰਸਕ੍ਰਿਤ ਦਾ ਸ਼ਬਦ ਹੈ। ਵਖ ਵਖ ਵਿਦਵਾਨਾਂ ਨੇ ਸਾਹਿੱਤ ਦੇ ਲੱਛਣ ਦੱਸਣ ਲੱਗਿਆਂ ਵਖ ਵਖ ਤਰ੍ਹਾਂ ਦੇ ਵਿਚਾਰ ਖਰਗਟ ਕੀਤੇ ਹਨ। ਇਸ ਤੋਂ ਪਹਿਲਾਂ ਕਿ ਸਾਹਿੱਤ ਦੇ ਅਸਲੀ ਲੱਛਣ ਦਾ ਨਿਰਣਾ ਕੀਤਾ ਜਾਵੇ, ਅਸੀ ਸੰਸਕ੍ਰਿਤ ਅਤੇ ਅੰਗ੍ਰੇਜ਼ੀ ਦੇ ਮਹਾਂ ਵਿਦਵਾਨਾਂ ਦੇ ਖਿਆਲਾਂ ਸ਼ਬੰਧੀ ਵਿਚਾਰ ਕਰਦੇ ਹਾਂ। ਕਵੀ ਸਮਰਾਟ 'ਰਾਜ ਸ਼ੇਖਰ ਨੇ ਲਿਖਿਆ ਹੈ, "ਸ਼ਬਦ ਤੇ ਅਰਥ ਦੇ ਢੁੱਕਵੇਂ ਮੇਲ ਵਾਲੀ ਵਿਦਿਆ ਨੂੰ ਸਾਹਿੱਤ ਕਹਿੰਦੇ ਹਨ।" ਮਹਾਨ ਕਵੀ ਰਾਵਿੰਦਰ ਨਾਥ ਜੀ 'ਟੈਗੋਰ' ਲਿਖਦੇ ਹਨ, "ਸਾਹਿੱਤ ਸ਼ਬਦ ਵਿਚ 'ਸਾਹਿੱਤ' ਦੇ ਅਰਥਾਂ ਦਾ ਇਕ ਮੇਲ ਭਾਵ ਪਰਤੀਤ ਹੁੰਦਾ ਹੈ, ਉਹ ਮੇਲ ਕੇਵਲ ਭਾਵ ਭਾਵ ਦਾ, ਭਾਖਾ ਭਾਖਾ ਦਾ, ਗ੍ਰੰਥ ਗ੍ਰੰਥ ਦਾ ਹੀ ਨਹੀਂ, ਸਗੋਂ ਮਨੁੱਖ ਦੇ ਨਾਲ ਮਨੁੱਖ ਦਾ, ਭੂਤ ਦੇ ਨਾਲ ਵਰਤਮਾਨ ਦਾ, ਦੂਰ ਤੇ ਨੇੜੇ ਦਾ ਬੜਾ ਡੂੰਘਾ ਮੇਲ ਵੀ ਹੈ, ਜਿਹੜਾ ਕਿ ਸਾਹਿੱਤ ਤੋਂ ਬਿਨਾ ਦੂਸਰਿਆਂ ਵਿਚ ਨਹੀਂ ਵੇਖਿਆ ਜਾ ਸਕਦਾ।"



Digitized by Panjab Digital Library | www.panjabdigilib.org

'ਹੈਨਰੀ ਹਡਸਨ' ਨੇ ਲਿਖਿਆ ਹੈ ਕਿ, "It is fundamentally an expression of life through the medium of language." ਅਰਥਾਤ ਸਾਹਿੱਤ ਅਸਲ ਵਿਚ ਬੋਲੀ ਰਾਹੀਂ ਜੀਵਨ ਦੀ ਵਿਆਖਿਆ ਹੈ। ਅੰਗ੍ਰੇਜ਼ੀ ਦੇ ਕਈ ਵਿਦਵਾਨ ਹਰ ਤਰ੍ਹਾਂ ਦੀ ਲਿਖਤ ਨੂੰ Literature (ਲਿਟ੍ਰੇਚਰ) ਜਾਂ ਸਾਹਿੱਤ ਕਹਿੰਦੇ ਹਨ, ਪਰ 'ਸਾਹਿੱਤ' ਸ਼ਬਦ ਆਪਣੀ ਬਣਤਰ ਵਿਚ ਅਰਥਾਂ ਦੀ ਇਕ ਖਾਸ ਡੂੰਘੀ ਵਿਸ਼ੇਸ਼ਤਾ ਰਖਦਾ ਹੈ। ਅਸੀ 'ਸਾਹਿੱਤ' ਸ਼ਬਦ ਦੇ ਸੰਕੋਚਵੇਂ ਅਰਥਾਂ ਜੋ ਕੇਵਲ ਬੁੱਧੀ ਦੀ ਸੰਤੁਸ਼ਟੀ ਅਤੇ ਗਿਆਨ ਪ੍ਰਾਪਤੀ ਦੀ ਇੱਛਾ ਪੂਰੀ ਕਰਨ ਵਾਲੀਆਂ ਲਿਖਤਾਂ ਹਨ–ਨੂੰ ਹੀ ਸਾਹਿੱਤ ਨਹੀਂ ਮੰਨਦੇ, ਸਗੋਂ ਕੇਵਲ ਉਨ੍ਹਾਂ ਲਿਖਤਾਂ ਨੂੰ ਸਾਹਿੱਤ ਮੰਨਦੇ ਹਾਂ ਜਿਹੜੀਆਂ ਕੇਵਲ ਮਨੁੱਖੀ ਜੀਵਨ ਨੂੰ ਰਸ ਮਈ, ਸੁਖੀ, ਆਨੰਦਮਈ ਤੇ ਸੁੰਦਰ ਬਣਾਉਣ ਦਾ ਯਤਨ ਕਰਦੀਆਂ ਹਨ। ਸਾਹਿਤ ਦੇ ਇਸ ਅਰਥ ਦਾ ਪ੍ਰਕਾਸ਼ਕ ਕੇਵਲ 'ਕਾਵਿ' ਸ਼ਬਦ ਹੀ ਹੈ। ਕਿਸੇ ਸਿੱਧਾਂਤ ਨੂੰ ਪਰਗਟ ਕਰਨ ਵਾਲੀ, ਹਿਸਾਬ ਜਾਂ ਲੇਖੇ ਦਾ ਗਿਆਨ ਕਰਾਉਣ ਵਾਲੀ, ਜਾਂ ਹੋਰ ਕਿਸੇ ਤਰ੍ਹਾਂ ਦਾ ਗਿਆਨ ਵਧਾਉਣ ਵਾਲੀ ਵਿਦਿਆ ਜਿਹੜੀ ਕੇਵਲ ਬੁੱਧੀ ਨੂੰ ਸੰਤੁਸ਼ਟ ਕਰਦੀ ਹੈ ਉਹ ਕੇਵਲ ਮਨੁੱਖ ਦੇ ਗਿਆਨ ਵਿਚ ਵਾਧਾ ਕਰਦੀ ਹੈ ਪਰ ਮਨ ਨੂੰ ਆਨੰਦ ਨਹੀਂ ਦੇਂਦੀ, ਇਸੇ ਲਈ ਗਿਆਨ ਵਿਚ ਵਾਧਾ ਕਰਨ ਵਾਲੀ ਵਿਦਿਆ ਨੂੰ Science ਸਾਇੰਸ ਜਾਂ ਵਗਿਆਨ ਕਿਹਾ ਜਾਂਦਾ ਹੈ।

'ਸਾਹਿੱਤ' ਸ਼ਬਦ ਦਾ ਅੱਖਰੀ ਅਰਥ 'ਸਾ' (ਸਹਿੱਤ) + ਹਿਤੁ ਹਿਤੂ ਜਾਂ ਭਲਾਈ ਵਾਲਾ) ਅਥਵਾ 'ਕਲਿਆਨ-ਕਾਰੀ' ਲਇਆ ਜਾ ਸਕਦਾ ਹੈ। ਸੋ ਉਹ ਖਿਆਲ, ਉਹ ਜਜ਼ਬਾ ਜਾਂ ਉਹ ਵਿਚਾਰ ਜੋ ਮਨੁਖ ਮਾਤਰ ਲਈ ਕਲਿਆਨ ਕਾਰੀ ਹੋਵੇ ਅਥਵਾ ਦੁਖ, ਸੁਖ, ਹਰਖ, ਸ਼ੋਕ, ਮਿਲਾਪ, ਬਿਰਹਾ, ਉਦਾਸੀ ਜਾਂ ਖੇੜੇ ਸਮੇਂ ਮਨੁਖ ਦੀ ਆਤਮਾ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਹਾਈ ਹੋਵੇ ਉਸ ਨੂੰ 'ਸਾਹਿਤ'



Digitized by Panjab Digital Library | www.panjabdigilib.org

ਕਹਿਆ ਜਾ ਸਕਦਾ ਹੈ। ਇਨ੍ਹਾਂ ਵਖ ਵਖ ਸਮਿਆਂ ਤੇ ਮਨੁੱਖ ਦੇ ਹਿਰਦੇ ਅੰਦਰ ਵਖ ਵਖ ਤਰ੍ਹਾਂ ਦੀਆਂ ਸੋਚਾਂ ਵਿਚਾਰਾਂ ਉਤਪੰਨ ਹੁੰਦੀਆਂ ਹਨ, ਮਨ ਅੰਦਰ ਕਈ ਕਈ ਤਰ੍ਹਾਂ ਦੇ ਵਲਵਲੇ ਉਠਦੇ ਹਨ, ਜੇ ਅਜਿਹੇ ਖਿਆਲਾਂ ਤੇ ਵਿਚਾਰਾਂ ਨੂੰ ਕਲਮੀ ਰੂਪ ਦਿੱਤਾ ਜਾਵੇ, ਉਹ ਸਾਹਿਤ ਹੁੰਦਾ ਹੈ।

ਡਾ: ਮੋਹਨ ਸਿੰਘ ਐਮ. ਏ., ਪੀ. ਐਚ. ਡੀ; ਡੀ. ਲਿਟ; ਹੈੱਡ ਔਫ ਦੀ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਦੇ ਕਥਨ ਅਨੁਸਾਰ ਚੰਗਾ ਸਾਹਿਤ ਉਹ ਹੋ ਸਕਦਾ ਹੈ ਜੋ ਮਨੁੱਖ ਦੀ ਆਤਮਕ ਅਵਸਥਾ ਨੂੰ ਉਚਿਆਂ ਕਰਦਾ ਹੈ ਅਤੇ ਜੀਵਨ ਨੂੰ ਆਨੰਦ ਮਈ ਬਨਾਉਣ ਵਿਚ ਸਹਾਈ ਹੁੰਦਾ ਹੈ। ਇਸ ਤੋਂ ਹੇਠਾਂ ਉਹ ਸਾਹਿਤ ਹੈ ਜੋ ਮਨੁਖ ਦੀ ਭਾਈਚਾਰਕ, ਸਮਾਜਕ, ਤੇ ਵਿਹਾਰਕ ਰੁਚੀ ਨੂੰ ਉਚਿਆਂ ਕਰਦਾ ਹੈ। ਸਮੇਂ ਦੀ ਰਾਜਸੀ ਤੇ ਆਰਥਕ ਅਵਸਥਾ ਨੂੰ ਚੰਗੇਰਾ ਬਨਾਉਣ ਲਈ ਉਕਸਾਉਂਦਾ ਹੈ ਇਸ ਸ੍ਰੇਣੀ ਵਿਚ ਲੋਕ ਸਾਹਿਤ ਵੀ ਲਇਆ ਜਾ ਸਕਦਾ ਹੈ ਜੋ ਮਨੁੱਖੀ ਜੀਵਨ ਨਾਲ ਗੂੜ੍ਹਾ ਸਬੰਧਤ ਹੁੰਦਾ ਹੈ। ਵਿਆਹਾਂ ਸ਼ਾਦੀਆਂ ਦੇ ਗੀਤਾਂ, ਭੈਣਾਂ ਤੇ ਭਰਾਵਾਂ, ਮਾਵਾਂ ਪੁੱਤਰਾਂ ਤੇ ਇਸਤ੍ਰੀਆਂ ਤੇ ਪਤੀਆਂ ਦੇ ਵਿਛੋੜੇ ਦੇ ਪਿਆਰ ਭਰੇ ਗੀਤਾਂ ਵਿਚ ਵੀ ਇਹ ਰਸ ਹੁੰਦਾ ਹੈ। ਇਨ੍ਹਾਂ ਗੀਤਾਂ ਬੁਝਾਰਤਾਂ, ਤੇ ਅਖਾਣਾਂ ਦੇ ਪਿੱਛੇ ਸਾਡਾ ਸਮਾਜਕ ਜੀਵਨ ਲੁਕਿਆ ਹੁੰਦਾ ਹੈ ਜੋ ਸਾਹਿਤ ਦੇ ਇਨ੍ਹਾਂ ਅੰਗਾਂ ਦੇ ਪਿਛਵਾੜਿਓਂ ਝਲਕਦਾ ਪ੍ਰਤੀਤ ਹੁੰਦਾ ਹੈ।

ਕਿਸੇ ਬੋਲੀ ਅੰਦਰ ਆ ਚੁੱਕੇ ਖਿਆਲ ਉਸ ਬੋਲੀ ਦਾ ਸਾਹਿੱਤ ਅਖਵਾਉਂਦੇ ਹਨ। ਕਈਆਂ ਵਿਦਵਾਨਾਂ ਦਾ ਕਥਨ ਹੈ ਕਿ ਜਿਹੜੇ ਖਿਆਲ ਲਿਖਤ ਵਿੱਚ ਆ ਚੁੱਕੇ ਹੋਣ, ਉਹ ਹੀ ਸਾਹਿੱਤ ਦਾ ਅੰਗ ਕਹੇ ਜਾ ਸਕਦੇ ਹਨ। ਜਿਹਾ ਕਿ ਨਾਟਕ, ਨਾਵਲ, ਕਵਿਤਾ, ਇਤਿਹਾਸ, ਫਲਸਫਾ, ਕਹਾਣੀਆਂ ਆਦਿ ਪੁਸਤਕਾਂ ਜੋ ਛਪ ਚੁੱਕੀਆਂ ਜਾਂ ਲਿਖਤ ਵਿੱਚ ਆ ਚੁੱਕੀਆਂ ਹਨ, ਸਭ ਸਾਹਿੱਤ ਦਾ



Digitized by Panjab Digital Library | www.panjabdigilib.org

ਅੰਗ ਹਨ।

ਹਰ ਤਰ੍ਹਾਂ ਦੀਆਂ ਪੁਸਤਕਾਂ; ਧਾਰਮਕ ਗ੍ਰੰਥ ਕਿੱਸੇ ਕਹਾਣੀਆਂ ਜੋ ਵੀ ਵੱਖ ਵੱਖ ਸਮਿਆਂ ਦੇ ਵਿੱਦਵਾਨ ਵੱਖ ਵੱਖ ਬੋੱਲੀਆਂ ਅੰਦਰ ਲਿਖਦੇ ਰਹੇ, ਉਹ ਆਪਣੀ ਆਪਣੀ ਬੋੱਲੀ ਅੰਦਰ ਸਾਹਿੱਤਕ ਵਾਧਾ ਕਰਦੇ ਰਹੇ। ਅੱਜ ਕੱਲ ਬਹੁਤ ਸਾਰੇ ਵਿੱਦਵਾਨ ਦੂਜੀਆਂ ਬੋੱਲੀਆਂ ਦੀਆਂ ਪੁਸਤਕਾਂ ਦਾ ਪੰਜਾਬੀ ਵਿਚ ਉਲਥਾ ਕਰਕੇ ਆਪਣੀ ਬੋੱਲੀ ਦੇ ਸਾਹਿੱਤ ਦੀ ਉਨਤੀ ਕਰਨੀ ਚਾਹੁੰਦੇ ਹਨ, ਇਹ ਉਨ੍ਹਾਂ ਦੀ ਭੁੱਲ ਹੈ। ਸਾਹਿੱਤ ਹਰ ਇਕ ਕੌਮ ਤੇ ਹਰ ਇਕ ਦੇਸ ਦਾ ਆਪਣਾ ਆਪਣਾ ਹੁੰਦਾ ਹੈ। ਇਕ ਦੇਸ ਜਾਂ ਕਿਸੇ ਕੌਮ ਦਾ ਸਾਹਿੱਤ ਅਨੁਵਾਦ ਕੀਤਿਆਂ ਕਿਸੇ ਦੂਸਰੇ ਦੇਸ ਜਾਂ ਕੌਮ ਦਾ ਸਾਹਿੱਤ ਨਹੀਂ ਬਣ ਸਕਦਾ। ਹਰ ਇਕ ਕੌਮ ਦੀ ਰਹਿਣੀ ਬਹਿਣੀ, ਰਸਮੋ ਰਵਾਜ ਤੇ ਸੁਭਾ ਆਦਿ ਆਪਣੇ ਆਪਣੇ ਹੁੰਦੇ ਹਨ ਕਿਉਂਕਿ 'ਸਾਹਿੱਤ ਮਨੁੱਖ ਦਾ ਜੀਵਨ ਰੰਗ ਹੈ।'

ਮਨੁੱਖ ਰਾਤ ਦਿਨੇ ਕਈ ਤਰ੍ਹਾਂ ਦੇ ਕੰਮ ਗੱਲਾਂ ਬਾਤਾਂ, ਲੜਾਈ ਝਗੜੇ ਕਰਦਾ ਹੈ। ਸੰਸਾਰ ਅੰਦਰ ਰਹਿੰਦਾ ਹੋਇਆ ਕੁਦਰਤੀ ਸੁੰਦਰਤਾ ਦੇਖਦਾ ਹੈ। ਇਨ੍ਹਾਂ ਵੱਖ ਵੱਖ ਸਮਿਆਂ ਤੇ ਮਨੁੱਖ ਦੇ ਦਿਲ ਵਿਚ ਕਈ ਤਰ੍ਹਾਂ ਦੇ ਜਜ਼ਬੇ ਪੈਦਾ ਹੁੰਦੇ ਹਨ। ਜਦੋਂ ਕੋਈ ਲੇਖਕ ਜਾਂ ਕਵੀ ਆਪਣੇ ਅੰਦਰਲੇ ਭਾਵ ਬਿਆਨ ਕਰਦਾ ਹੈ, ਉਹ ਸਾਹਿੱਤ ਉਪਜਾਉਂਦਾ ਹੈ। ਇਸ ਤਰ੍ਹਾਂ ਹਰ ਇਕ ਆਦਮੀ ਹਰ ਸਮੇਂ ਸਾਹਿੱਤ ਦਾ ਆਨੰਦ ਮਾਣਦਾ ਹੈ, ਪਰ ਸਾਹਿੱਤ ਉਪਜਾਉਂਦਾ ਕੋਈ ਕੋਈ ਹੈ। ਅਵਤਾਰ, ਪੈਗੰਬਰ, ਭਗਤ ਤੇ ਸੂਫੀ ਫਕੀਰ ਰੱਬੀ ਰੰਗ ਵਿਚ ਲੀਨ ਹੋਏ ਜੋ ਕੁਝ ਕਹਿੰਦੇ ਜਾਂ ਉਚਾਰਦੇ ਹਨ, ਉਹ ਸਭ ਤੋਂ ਉੱਚਾ ਸਾਹਿੱਤ ਹੈ। ਇਸੇ ਤਰ੍ਹਾਂ ਤਵਾਰੀਖ ਦੇ ਲੇਖਕ, ਖੋਜੀ, ਤੇ ਪੜਚੋਲੀਏ ਆਪਣੀਆਂ ਖੋਜਾਂ ਬਾਬਤ ਜੋ ਕੁਝ ਕਹਿੰਦੇ ਜਾਂ ਉਚਾਰਦੇ ਹਨ, ਉਹ ਸਭ ਤੋਂ ਉੱਚਾ ਸਾਹਿੱਤ ਹੈ। ਨਾਵਲਕਾਰ, ਕਹਾਣੀ ਲੇਖਕ, ਨਾਟਕਕਾਰ ਤੇ ਕਵੀ ਜੋ ਦੇਖਦੇ ਜਾਂ ਪਰਤੀਤ ਕਰਦੇ ਹਨ, ਤੇ ਆਪਣੇ ਰੰਗ ਵਿਚ ਬਿਆਨ ਕਰਦੇ ਹਨ,



Digitized by Panjab Digital Library | www.panjabdigilib.org

ਇਹ ਵੀ ਸਾਹਿੱਤ ਉਪਜਾਉਂਦੇ ਹਨ। ਵਿਆਹਵਾਂ ਸ਼ਾਦੀਆਂ ਸਮੇਂ ਖੁਸ਼ੀ ਦੇ ਗਾਉਣ ਤੇ ਕਿਸੇ ਦੇ ਮਰਨ ਸਮੇਂ ਦੁਖ ਭਰੇ ਵੈਣ ਤੇ ਅਲਾਹੁਣੀਆਂ ਸਭ ਸਾਹਿੱਤ ਦਾ ਅੰਗ ਹਨ। ਇਸ ਤਰ੍ਹਾਂ ਸਾਹਿੱਤ ਵੱਖ ਵੱਖ ਰੂਪਾਂ ਅੰਦਰ ਵੱਖ ਵੱਖ ਸਮਿਆਂ ਵਿਚ ਉਪਜਦਾ ਰਹਿੰਦਾ ਹੈ।

ਸਾਹਿੱਤ ਅਸਲ ਵਿਚ ਮਨੁਖੀ ਮਨੋ ਭਾਵਾਂ ਦੀ ਲਿਖਤੀ ਤਸਵੀਰ ਹੁੰਦੀ ਹੈ ਭਾਵੇਂ ਇਹ ਕਿਸੇ ਰੂਪ ਵਿਚ ਹੋਵੇ। ਮਨੁੱਖ ਦੇ ਮਨ ਅੰਦਰ ਹਰ ਸਮੇਂ ਕਈ ਤਰ੍ਹਾਂ ਦੇ ਖਿਆਲ, ਵਲਵਲੇ ਤੇ ਜਜ਼ਬੇ ਪੈਦਾ ਹੁੰਦੇ ਰਹਿੰਦੇ ਹਨ, ਜਦੋਂ ਉਨ੍ਹਾਂ ਨੂੰ ਕਲਮੀ ਰੂਪ ਦਿੱਤਾ ਜਾਂਦਾ ਹੈ ਤਾਂ ਉਹ ਮਨੋ ਭਾਵ ਸਾਹਿੱਤ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਇਹ ਜ਼ਰੂਰੀ ਨਹੀਂ ਕਿ ਸਾਹਿੱਤ ਲਿਖਤ ਅੰਦਰ ਹੀ ਆ ਚੁੱਕਾ ਹੋਵੇ। ਸਾਹਿੱਤ ਅਨਲਿਖਿਆ ਤੇ ਅਨਛਪਿਆ ਵੀ ਹੁੰਦਾ ਹੈ। ਕਈ ਤਰ੍ਹਾਂ ਦੇ ਅਖਾਣ, ਮੁਹਾਵਰੇ, ਅਖੌਤਾਂ, ਬੁਝਾਰਤਾਂ ਤੇ ਗੀਤ ਅਜੇ ਤਕ ਸਦੀਆਂ ਤੋਂ ਵਰਤੋਂ ਵਿਚ ਆ ਰਹੇ ਹਨ, ਬੋਲੇ ਜਾਂਦੇ ਹਨ, ਬੋੱਲੀ ਵਿਚ ਤੇ ਗੱਲਾਂ ਬਾਤਾਂ ਵਿਚ ਵਰਤੇ ਜਾ ਰਹੇ ਹਨ, ਪਰ ਅਜੇ ਤਕ ਉਹ ਕਿਸੇ ਪੁਸਤਕ ਦੇ ਰੂਪ ਵਿਚ ਜਨਤਾ ਦੇ ਸਾਹਮਣੇ ਨਹੀਂ ਆਏ। ਇਹ ਸਭ ਕੁਝ ਹੈ ਤਾਂ ਸਾਹਿੱਤ ਹੀ, ਪਰ ਅਨਛਪਿਆ ਜੋ ਸੀਨੇ ਬਸੀਨੇ ਚਲਿਆ ਆ ਰਿਹਾ ਹੈ।

## ਚੰਗਾ ਸਾਹਿੱਤ ਕਿਹੜਾ ਹੋ ਸਕਦਾ ਹੈ ?

ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ, "ਅਸਲੀ ਤੇ ਸੁੱਚਾ ਸਾਹਿੱਤ ਮਹਾਤਮਾਂ ਲੋਕਾਂ ਦੇ ਅੰਮ੍ਰਿਤ ਬਚਨ ਹੁੰਦੇ ਹਨ।" ਇਸ ਲਈ ਚੰਗਾ ਸਾਹਿਤ ਉਹੋ ਹੋ ਸਕਦਾ ਹੈ ਜੋ ਮਨੁੱਖ ਲਈ ਆਤਮਕ ਵਿਹਾਰਕ ਤੇ ਸੰਸਾਰਕ ਤੌਰ ਤੇ ਕਲਿਆਣ ਕਾਰੀ ਹੋਵੇ। ਮਨੁੱਖ ਦੀ ਆਤਮਾ ਨੂੰ ਰਸ, ਆਨੰਦ ਤੇ ਖੁਸ਼ੀ ਬਖਸ਼ੇ। ਇਸ ਤੋਂ ਹੇਠਾਂ ਉਹ ਸਾਹਿਤ ਹੈ ਜੋ ਮਨੁੱਖੀ ਜੀਵਨ ਦੇ ਝਲਕਾਰਿਆਂ ਰਾਹੀਂ ਮਨੁੱਖ ਦੇ ਮਨ ਅੰਦਰ ਉਕਸਾਹਟ ਪੈਦਾ



Digitized by Panjab Digital Library | www.panjabdigilib.org

ਕਰਕੇ ਜੀਵਨ ਨੂੰ ਉਭਾਰਦਾ ਹੈ। ਹਰ ਤਰ੍ਹਾਂ ਦੇ ਨਾਵਲ, ਨਾਟਕ, ਕਹਾਣੀਆਂ ਆਦਿ ਸਾਹਿਤਕ ਅੰਗ ਇਸੇ ਸ਼ਰੇਣੀ ਵਿਚ ਲਏ ਜਾ ਸਕਦੇ ਹਨ।

ਅਜਿਹਾ ਸਾਹਿਤ ਜੋ ਮਨੁੱਖ ਦੀਆਂ ਨੀਚ ਬਿਰਤੀਆਂ ਤੇ ਕੋਝੀਆਂ ਵਾਸ਼ਨਾਵਾਂ ਨੂੰ ਭੜਕਾਵੇ ਕਿਸੇ ਤਰ੍ਹਾਂ ਚੰਗਾ ਨਹੀਂ ਕਿਹਾ ਜਾ ਸਕਦਾ। ਅਜ ਕਲ ਦੇ ਕਈ ਨਗਨ-ਵਾਦੀ ਸਾਹਿਤਕਾਰ ਆਪਣੀਆਂ ਲਿਖਤਾਂ ਵਿਚ ਨੰਗੇਜ ਪਰਗਟ ਕਰਕੇ ਪਾਠਕਾਂ ਦੀ ਰੁਚੀ ਨੂੰ ਕੋਝੀਆਂ ਵਾਸ਼ਨਾਵਾਂ ਵੱਲ ਪ੍ਰੇਰਦੇ ਹਨ ਤੇ ਆਪਣੇ ਆਪ ਨੂੰ ਅਗੇ ਵਧੂ ਸਾਹਿਤਕਾਰ ਕਹਿੰਦੇ ਹਨ। ਇਹ ਕਲਾ ਜੀਵਨ ਲਈ ਕਲਿਆਣ ਕਾਰੀ ਦੀ ਥਾਂ ਹਾਨੀਕਾਰਕ ਸਾਬਤ ਹੋ ਚੁੱਕੀ ਹੈ। ਇਸ ਲਈ ਦਿਲਾਂ ਅੰਦਰ ਕਾਮ ਵਾਸ਼ਨਾਵਾਂ ਦੇ ਜਜ਼ਬੇ ਨੂੰ ਉਭਾਰਨ ਵਾਲੇ ਤੇ ਉਕਸਾਉਣ ਵਾਲੇ ਖਿਆਲ ਕਦੀ ਵੀ ਚੰਗੇ ਸਾਹਿਤ ਭੰਡਾਰ ਵਿਚ ਨਹੀਂ ਰੱਖੇ ਜਾ ਸਕਦੇ।

## ਅੱਗੇ ਵਧੂ ਜਾਂ ਪ੍ਰਗਤੀ ਵਾਦੀ ਸਾਹਿੱਤ

ਅਜ ਤੋਂ ਵੀਹ ਕੁ ਸਾਲ ਪਹਿਲਾਂ ਅੰਗ੍ਰੇਜ਼ੀ, ਉਰਦੂ, ਹਿੰਦੀ ਤੇ ਕੁਝ ਕੁ ਪੰਜਾਬੀ ਦੇ ਸਾਹਿਤਕਾਰਾਂ ਨੇ ਇਹ ਖਿਆਲ ਪਾਠਕਾਂ ਦੇ ਸਾਹਮਣੇ ਲਿਆਂਦਾ ਕਿ ਸਾਹਿਤ ਵਿਚ ਕਾਵਿ, ਕਵਿਤਾ, ਨਾਵਲ, ਨਾਟਕ, ਕਹਾਣੀ ਆਦਿ ਸਭ ਕੁਝ ਆ ਚੁੱਕਾ ਹੈ ਤੇ ਦਿਨੋ ਦਿਨ ਉੱਨਤ ਹੋ ਰਿਹਾ ਹੈ। ਇਸ ਸਾਹਿੱਤ ਰਾਹੀਂ ਮਨੁੱਖੀ ਜੀਵਨ ਦੇ ਹਰ ਤਰ੍ਹਾਂ ਦੇ ਝਲਕਾਰੇ ਪੇਸ਼ ਕੀਤੇ ਜਾ ਚੁੱਕੇ ਹਨ, ਇਸ ਲਈ ਹੁਣ ਅਜਿਹਾ ਸਾਹਿਤ ਹੋਂਦ ਵਿਚ ਆਉਣਾ ਚਾਹੀਦਾ ਹੈ ਜਿਸ ਰਾਹੀਂ ਅਜਿਹੀਆਂ ਘਟਨਾਵਾਂ ਪੇਸ਼ ਕੀਤੀਆਂ ਜਾਣ ਜਿਹੜੀਆਂ ਉਹ ਲੁਕ ਲੁਕ ਕੇ ਚਾਲਾਕੀ ਨਾਲ ਕਰਦੇ ਹਨ, ਅਸਲ ਵਿਚ ਅਜਿਹੇ ਖਿਆਲਾਂ ਵਾਲੇ ਲਿਖਾਰੀਆਂ ਦਾ ਮਤਲਬ ਜੀਵਨ ਦਾ ਨੰਗੇਜ ਪਰਗਟ ਕਰਨਾ ਸੀ। ਇਸ ਤਰ੍ਹਾਂ ਦਾ ਸਾਹਿਤ ਉਪਜਾਇਆ ਗਿਆ। ਨੌਜਵਾਨ ਮੁੰਡਿਆਂ ਤੇ ਕੁੜੀਆਂ ਨੇ ਸਗੋਂ ਸ਼ੌਕ



Digitized by Panjab Digital Library / www.panjabdigilib.org

ਨਾਲ ਪੜ੍ਹਿਆ। ਅਜਿਹੀਆਂ ਪੁਸਤਕਾਂ ਨੇ ਉਨ੍ਹਾਂ ਦੇ ਪਵਿਤਰ ਜੀਵਨ ਨੂੰ ਗੰਧਲਾਇਆ। ਉਰਦੂ ਦੇ ਕਲਾਕਾਰ ਇਸਤਰ੍ਹਾਂ ਦਾ ਸਾਹਿੱਤ ਉਪਜਾਉਣ ਲਈ ਬੜੀ ਤੇਜ਼ੀ ਨਾਲ ਅੱਗੇ ਵਧਣ ਲੱਗੇ। ਕੁਝ ਕੁ ਪੰਜਾਬੀ ਦੇ ਲਿਖਾਰੀਆਂ ਦਾ ਝੁਕਾ ਵੀ ਇਸ ਪਾਸੇ ਹੋ ਗਿਆ। ਇਸਤਰ੍ਹਾਂ ਦੇ ਸਾਹਿੱਤ ਨੇ ਜੀਵਨ ਨੂੰ ਉਚੇਰਾ ਲੈ ਜਾਣ ਦੀ ਥਾਂ ਸਗੋਂ ਤਰੱਟੀ ਚੌੜ ਕਰ ਛੱਡੀ।

ਨਵੇਂ ਖਿਆਲਾਂ ਦੇ ਸਿਆਣੇ ਲਿਖਾਰੀਆਂ ਨੇ ਇਸ ਨਗਨ ਵਾਦੀ ਸਾਹਿੱਤ ਨੂੰ ਬਹੁਤ ਬੁਰਾ ਮੰਨਿਆਂ। (ਕਰਤਾਰ ਸਿੰਘ 'ਦੁਗਲ' ਦਾ ਨਾਵਲ 'ਆਂਦਰਾਂ') ਇਸੇ ਸ਼੍ਰੇਣੀ ਵਿਚ ਲਇਆ ਜਾ ਸਕਦਾ ਹੈ। ਅਜ ਉਹ ਲਿਖਤਾਂ ਜਿਹੜੀਆਂ ਮਨੁੱਖ ਤੇ ਸਮਾਜ ਨੂੰ ਉਚੇਰਿਆਂ ਕਰਨ ਲਈ ਪ੍ਰੇਰਨਾ ਕਰਦੀਆਂ ਹਨ, ਗਰੀਬਾਂ ਤੇ ਮਜ਼ਦੂਰਾਂ ਦੀ ਹਾਲਤ ਚੰਗੀ ਬਨਾਉਣ ਲਈ ਉਤਸ਼ਾਹ ਦਿਵਾਉਂਦੀਆਂ ਹਨ, ਘਰੋਗੀ ਤੇ ਸ਼ਹਿਰੀ ਜੀਵਨ ਅੰਦਰ ਪਿਆਰ ਤੇ ਸੁੰਦਰਤਾ ਉਪਜਾਉਂਦੀਆਂ ਹਨ ਤੇ ਦੇਸ ਨੂੰ ਉਨਤੀ ਦੇ ਰਾਹ ਪੁਰ ਤੋਰਨ ਲਈ ਸਹਾਇਤਾ ਕਰਦੀਆਂ ਹਨ, ਅਗੇ ਵਧੂ ਸਾਹਿੱਤ ਦੀ ਸ਼੍ਰੇਣੀ ਵਿਚ ਆ ਜਾਂਦੀਆਂ ਹਨ। ਆਮ ਸਾਹਿਤਕਾਰ ਇਸ ਸਿੱਟੇ ਉਤੇ ਪੁੱਜੇ ਹਨ ਕਿ ਇਸ ਤਰ੍ਹਾਂ ਦਾ ਅੱਗੇ ਵਧੂ [Progressive Literature) ਸਾਹਿੱਤ ਹੀ ਮਨੁੱਖ ਲਈ ਕਲਿਆਣ ਕਾਰੀ ਹੋ ਸਕਦਾ ਹੈ।

## ਸਾਹਿੱਤ ਦੇ ਅੰਗ

ਸਾਹਿਤਕਾਰਾਂ ਨੇ ਕਾਵਿ ਨੂੰ ਹੀ ਸਾਹਿੱਤ ਦਾ ਮੁਖ ਅੰਗ ਮੰਨਿਆਂ ਹੈ। ਕਾਵਿ ਕੀ ਹੈ? ਉਹ ਵਾਕ ਰਚਨਾ ਜੋ ਆਤਮਾ ਨੂੰ 'ਰਸ' ਪਰਦਾਨ ਕਰਦੀ ਹੈ ਕਾਵਿ ਕਹੀ ਜਾਂਦੀ ਹੈ। ਕਵਿਤਾ ਹੋਰ ਚੀਜ਼ ਹੈ ਅਤੇ ਕਾਵਿ ਹੋਰ ਵਸਤੂ ਹੈ। ਕਵਿਤਾ 'ਕਾਵਿ' ਦਾ ਹੀ ਇਕ ਖਾਸ ਅੰਗ ਹੈ। ਨਾਵਲ, ਨਾਟਕ, ਕਹਾਣੀ, ਏਕਾਂਗੀ, ਕਵਿਤਾ ਆਦਿਕ ਸਾਰੇ 'ਕਾਵਿ' ਦੇ ਹੀ ਅੰਗ ਹਨ।



Digitized by Panjab Digital Library | www.panjabdigilib.org

ਲਿਖਤਾਂ ਨੂੰ ਮਨੋਹਰ, ਰਸ ਆਤਮਕ ਤੇ ਆਨੰਦਮਈ ਬਣਾਣਉ ਲਈ 'ਰਸ' ਸਹਾਇਕ ਹੁੰਦੇ ਹਨ। ਬਿਨਾਂ 'ਰਸ' ਤੇ ਅਲੰਕਾਰਾਂ ਦੇ ਕੋਈ ਵੀ ਲਿਖਤ ਰਸ-ਆਤਮਕ ਨਹੀ ਬਣ ਸਕਦੀ। ਇਹੋ ਕਾਰਣ ਹੈ ਕਿ ਕਲਾਕਾਰ ਆਪਣੀ ਕਲਾ ਦੇ ਅਧਾਰ ਤੇ ਹੀ ਹਰ ਤਰ੍ਹਾਂ ਦੀਆਂ ਲਿਖਤਾਂ ਦੀ ਉਸਾਰੀ ਕਰਦੇ ਹਨ।

## ਕਲਾ ਜਾਂ ਆਰਟ

### Art

ਕਾਦਰ ਦੀ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ।ਜਿਸ ਤਰ੍ਹਾਂ ਉਹ ਆਪ ਬੇਅੰਤ ਹੈ, ਇਸੇ ਤਰ੍ਹਾਂ ਉਸ ਦੀ ਰਚਨਾ ਤੇ ਕੁਦਰਤ ਬੇਅੰਤ ਹੈ। ਕੁਦਰਤ ਦਾ ਰਚਨਹਾਰ ਆਪ ਸੁੰਦਰ ਹੈ, ਉਸ ਦੀ ਰਚਨਾ ਵੀ ਅਤਿਅੰਤ ਸੁੰਦਰ ਹੈ। ਜ਼ੱਰੇ ਜ਼ੱਰੇ ਅੰਦਰ ਉਸ ਦੀ ਸੁੰਦਰਤਾ ਦਾ ਪਰਕਾਸ਼ ਹੋ ਰਿਹਾ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਵਖ ਵਖ ਮਨੁੱਖਾਂ ਨੂੰ ਦੁਨੀਆਂ ਵਿਚ ਕਿਹੜੀ ਕਿਹੜੀ ਚੀਜ਼ ਸੋਹਣੀ ਲਗਦੀ ਹੈ, ਜਾਂ ਕਿਹੜੀ ਚੀਜ਼ ਉਸ ਦੇ ਦਿਲ ਉਤੇ ਅਸਰ ਕਰਦੀ ਹੈ। ਪਤਾ ਨਹੀਂ ਇਸ ਅਥਾਹ ਸੰਸਾਰ ਅੰਦਰ ਵਿਚਰਦਿਆਂ ਕਿਹੜੀ ਚੀਜ਼ ਜਾਂ ਵਿਅਕਤੀ ਦਾ ਕਿਸੇ ਦੇ ਦਿਲ ਉਤੇ ਅਸਰ ਹੋ ਜਾਣਾ ਹੈ। ਮਨੁੱਖ ਸੁੰਦਰਤਾ ਦਾ ਪੁਜਾਰੀ ਹੈ,ਇਸ ਲਈਸੁੰਦਰਤਾ ਮਨੁੱਖ ਨੂੰ ਬਦੋਬਦੀ ਆਪਣੇ ਵਲ ਖਿੱਚਦੀ ਹੈ।ਬੱਚੇ ਤੋਂ ਲੈਕੇ ਬੁੱਢੇ ਤਕ ਹਰ ਇਕ ਦੇ ਦਿਲ ਅੰਦਰ ਥੋਹੜੀ ਜਾਂ ਬਹੁਤੀ ਸੁਹਣੇ ਬਣਨ ਦੀ ਖ਼ਾਹਸ਼ ਜ਼ਰੂਰ ਹੁੰਦੀ ਹੈ ਅਤੇ ਹਰ ਇਕ ਮਨੁੱਖ ਆਪਣੇ ਆਪਣੇ ਵਿਤ ਤੇ ਜੀਵਨ-ਖੁਲ੍ਹ ਅਨੁਸਾਰ ਆਪਣੇ ਆਪ ਨੂੰ ਸੁਹਣਾ ਬਣਾਉਣ ਲਈ ਯਤਨ ਕਰਦਾ ਹੈ।

ਮਾਂ ਨੂੰ ਆਪਣੀ ਸੰਤਾਨ ਸੁਹਣੀ ਲਗਦੀ ਹੈ, ਆਸ਼ਕ ਨੂੰ ਆਪਣਾ ਮਾਸ਼ੂਕ ਸੁਹਣਾ ਲੱਗਦਾ ਹੈ ਤੇ ਇਕ ਕੁਦਰਤ ਦੇ ਪ੍ਰੇਮੀ ਨੂੰ ਕੁਦਰਤ ਅੰਦਰ ਸੁੰਦਰਤਾ ਦਾ ਝਲਕਾਰਾ ਦਿੱਸਦਾ ਹੈ। ਕਹਿੰਦੇ ਹਨ ਕਿ



Digitized by Panjab Digital Library | www.panjabdigilib.org

'ਲੈਲਾ' ਦਾ ਰੰਗ ਕਾਲਾ ਸੀ ਅਤੇ ਉਰਦੂ ਤੇ ਫ਼ਾਰਸੀ ਦੇ ਕਵੀਆਂ ਨੇ ਲੈਲਾ ਨੂੰ ਕਾਲੀ ਰਾਤ ਨਾਲ ਉਪਮਾ ਦਿੱਤੀ ਹੈ, ਪਰ ਮਜਨੂੰ ਲਈ ਉਸ ਤੋਂ ਸੁਹਣਾ ਕੋਈ ਵੀ ਨਹੀਂ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰੀ ਕਿਸੇ ਨੇ ਮਜਨੂੰ ਨੂੰ ਸੁਨੇਹਾ ਦਿੱਤਾ ਕਿ ਤੈਨੂੰ ਰੱਬ ਸੱਦਦਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਰੱਬ ਦੇ ਮਿਲਣ ਦੀ ਕੋਈ ਲੋੜ ਨਹੀਂ, ਪਰ ਹਾਂ ਜੇ ਉਹ ਮੇਰੇ ਮਿਲਣ ਦੀ ਇੱਛਾ ਰੱਖਦਾ ਹੈ, ਤਾਂ ਉਹ 'ਲੈਲਾ' ਦੇ ਰੂਪ ਵਿਚ ਮੇਰੇ ਕੋਲ ਆ ਜਾਵੇ, ਤਾਂ ਮੈਂ ਉਸ ਨੂੰ ਮਿਲ ਸਕਦਾ ਹਾਂ। ਇਹ ਸਭ ਕੁਝ ਕਿਉਂ ਹੋਇਆ ? ਕਿਉਂਕਿ ਮਜਨੂੰ ਲਈ ਜੋ ਸੁੰਦਰਤਾ ਦੀ ਪਰਤੀਤੀ ਲੈਲਾ ਦੇ ਦਰਸ਼ਨਾਂ ਵਿਚ ਸੀ, ਹੋਰ ਕਿਤੇ ਵੀ ਨਹੀਂ ਸੀ।

ਦੁਨੀਆਂ ਅੰਦਰ ਸੁੰਦਰਤਾ ਦੀ ਪਰਤੀਤੀ ਨੂੰ ਪਰਗਟ ਕਰਨਾ ਹੁਨਰ ਹੈ। ਹੁਨਰ, ਆਰਟ ਜਾਂ ਕਲਾ ਜੀਵਨ ਦੀ ਸਥਿਰਤਾ ਲਈ ਜਾਂ ਆਤਮਕ ਅਨੰਦ ਮਾਨਣ ਲਈ ਇਕ ਜ਼ਰੂਰੀ ਚੀਜ਼ ਹੈ। ਸੋ ਜਿਸ ਗੁਣ ਜਾਂ ਕੰਮ ਕਰ ਕੇ ਕਿਸੇ ਚੀਜ਼ ਵਿਚ ਉਤਮਤਾ ਜਾਂ ਸੁੰਦਰਤਾ ਆਉਂਦੀ ਹੈ, ਉਸ ਨੂੰ ਕਲਾ ਜਾਂ ਹੁਨਰ ਕਿਹਾ ਜਾਂਦਾ ਹੈ। ਇਹ ਦੋ ਤਰ੍ਹਾਂ ਦੀ ਹੈ— (੧) ਇਕ ਪਦਾਰਥ ਕਲਾ (੨) ਦੂਸਰੀ ਸੁੰਦਰ ਕਲਾ ਜਾਂ ਕੋਮਲ ਹੁਨਰ। ਪਦਾਰਥ ਕਲਾ (Material Art) ਵਿਚ ਤਰਖਾਣਾਂ, ਲੁਹਾਰਾਂ, ਸੁਨਿਆਰਾਂ, ਕੁਮ੍ਹਾਰਾਂ ਜਾਂ ਜੁਲਾਹਾਂ ਆਦਿ ਸਾਰੇ ਹੁਨਰ ਜਾਂ ਕੰਮ ਆ ਜਾਂਦੇ ਹਨ, ਅਤੇ ਸੁੰਦਰ ਕਲਾ (Fine Art) ਜਾਂ ਕੋਮਲ ਕਲਾ ਵਿਚ ਕਵਿਤਾ, ਰਾਗ, ਨਿਰਤਕਾਰੀ (ਨਾਚ), ਚਿੱਤਰਕਾਰੀ (ਤਸਵੀਰਾਂ ਬਣਾਉਣੀਆਂ) ਤੇ ਬੁੱਤ ਤਰਾਸ਼ੀ (ਬੁੱਤ ਘੜਨ) ਆਦਿ ਗੁਣ ਆਉਂਦੇ ਹਨ। ਪਦਾਰਥ ਕਲਾ ਦੇ ਆਸਰੇ ਮਨੁੱਖ ਦੇ ਜੀਵਨ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਸੁੰਦਰ ਕਲਾ ਦੇ ਆਸਰੇ ਉਸ ਦੇ ਆਤਮਕ ਆਨੰਦ ਲਈ ਖੁਰਾਕ ਮਿਲਦੀ ਹੈ। ਇਹ ਦੋਵੇਂ ਗੱਲਾਂ ਮਨੁੱਖ ਦੀ ਤਰੱਕੀ ਤੇ ਵਿਕਾਸ ਵਿਚ ਸਹਾਇਤਾ ਕਰਦੀਆਂ ਹਨ। ਫ਼ਰਕ ਸਿਰਫ਼ ਐਨਾਂ ਹੀ ਹੈ ਕਿ ਇਕ ਦਾ ਸਬੰਧ ਮਨੁੱਖ ਦੀ



Digitized by Panjab Digital Library | www.panjabdigilib.org

ਸਰੀਰਕ ਤੇ ਸੰਸਾਰਕ ਤਰੱਕੀ ਨਾਲ ਹੈ ਅਤੇ ਦੂਸਰੀ ਦਾ ਸਬੰਧ ਉਸ ਦੇ ਮਾਨਸਿਕ ਵਿਕਾਸ ਨਾਲ ਹੈ।

ਇਹ ਜ਼ਰੂਰੀ ਨਹੀਂ ਕਿ ਹਰ ਇਕ ਪਦਾਰਥ ਵਸਤੂ ਵੀ ਸੁਹਣੀ ਹੋਵੇ। ਕਿਉਂਕਿ ਮਨੁੱਖ ਆਪ ਸੁੰਦਰਤਾ ਦਾ ਪੁਜਾਰੀ ਹੈ, ਇਸ ਲਈ ਇਹ ਹਰ ਇਕ ਚੀਜ਼ ਸੁਹਣੀ ਬਣਾਉਣ ਲਈ ਉੱਦਮ ਕਰਦਾ ਰਹਿੰਦਾ ਹੈ। ਇਹ ਚਾਹੁੰਦਾ ਹੈ ਕਿ ਮੇਰਾ ਸਰੀਰ ਸੁਹਣਾ ਹੋਵੇ, ਘਰ ਬਾਰ ਸੁਹਣਾ ਹੋਵੇ, ਘਰ ਦਾ ਸਾਮਾਨ ਮੇਜ਼ਾਂ, ਕੁਰਸੀਆਂ, ਭਾਂਡੇ ਤੇ ਕੱਪੜੇ ਆਦਿ ਸੁਹਣੇ ਹੋਣ।

ਦੁਨੀਆਂ ਵਿਚ ਕਈ ਪਦਾਰਥ ਇਹੋ ਜਿਹੇ ਵੀ ਹਨ, ਜੋ ਪਦਾਰਥ ਕਲਾ ਤੇ ਕੋਮਲ ਕਲਾ ਦੋਹਾਂ ਨਾਲ ਸਬੰਧ ਰੱਖਦੇ ਹਨ – ਖਾਣ, ਪੀਣ ਪਹਿਨਣ, ਰਹਿਣ, ਬਹਿਣ, ਆਉਣ ਜਾਣ ਲਈ ਮਨੁੱਖ ਨੂੰ ਕਈਆਂ ਚੀਜ਼ਾਂ ਦੀ ਲੋੜ ਪੈਂਦੀ ਰਹਿੰਦੀ ਹੈ, ਇਹ ਲੋੜਾਂ ਪੂਰੀਆਂ ਕਰਨ ਲਈ ਪਦਾਰਥ ਕਲਾ ਤੋਂ ਕੰਮ ਲਿਆ ਜਾਂਦਾ ਹੈ। ਮਨੁੱਖ ਜਿਉਂ ਜਿਉਂ ਸੱਭਿਅਤਾ ਦੀ ਪਉੜੀ ਚੜ੍ਹਦਾ ਜਾਂਦਾ ਹੈ ਤਿਉਂ ਤਿਉਂ ਇਸ ਦੀਆਂ ਲੋੜਾਂ ਵਧਦੀਆਂ ਰਹਿੰਦੀਆਂ ਹਨ। ਇਸ ਤਰੱਕੀ ਦੇ ਨਾਲ ਨਾਲ ਮਨੁੱਖ ਦਾ ਸੁੰਦਰਤਾ ਦਾ ਗਿਆਨ ਵੀ ਵਧਦਾ ਰਹਿੰਦਾ ਹੈ; ਇਸ ਲਈ ਇਸ ਨੂੰ ਆਪਣੀ ਆਤਮਕ ਤ੍ਰਿਪਤੀ ਲਈ ਵੱਧ ਤੋਂ ਵੱਧ ਸੁੰਦਰਤਾ ਵਾਸਤੇ ਯਤਨ ਕਰਨਾ ਪੈਂਦਾ ਹੈ। ਇਹੋ ਕਾਰਨ ਹੈ ਕਿ ਵੱਖ ਵੱਖ ਦੇਸਾਂ ਦੇ ਲੋਕ ਵੱਖ ਵੱਖ ਫੈਸ਼ਨ ਕਰਦੇ ਹਨ ਤੇ ਮਨ ਦੀ ਤ੍ਰਿਪਤੀ ਲਈ ਸੁੰਦਰਤਾ ਦੇ ਵਾਧੇ ਵਾਸਤੇ ਯਤਨ ਕਰਦੇ ਰਹਿੰਦੇ ਹਨ।

ਸੁੰਦਰ ਕਲਾ ਅਥਵਾ ਕੋਮਲ ਹੁਨਰ ਨੂੰ ਵੀ ਅਸੀਂ ਦੋ ਹਿੱਸਿਆਂ ਵਿਚ ਵੰਡਦੇ ਹਾਂ। ਇਕ ਉਹ ਜਿਨ੍ਹਾਂ ਦਾ ਕੇਵਲ ਅੱਖਾਂ ਰਾਹੀਂ ਹੀ ਗਿਆਨ ਪ੍ਰਾਪਤ ਹੁੰਦਾ ਹੈ, ਦੂਸਰੇ ਉਹ ਜਿਨ੍ਹਾਂ ਦਾ ਕੇਵਲ ਕੰਨਾਂ ਰਾਹੀਂ ਹੀ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਨਿਰਤਕਾਰੀ (ਨਾਚ), ਮੂਰਤੀ ਕਲਾ ਜਾਂ ਬੁੱਤ ਤਰਾਸ਼ੀ ਤੇ ਚਿੱਤਰ ਕਲਾ ਆਦਿ



Digitized by Panjab Digital Library / www.panjabdigilib.org

ਅਜਿਹੀਆਂ ਕਲਾ ਹਨ, ਜਿਨ੍ਹਾਂ ਦਾ ਕੇਵਲ ਅੱਖਾਂ ਰਾਹੀਂ ਹੀ ਆਨੰਦ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚ ਕਿਸੇ ਸ਼ਕਲ ਜਾਂ ਮੂਰਤ ਦਾ ਆਸਰਾ ਲੈਣਾ ਪੈਂਦਾ ਹੈ। ਨਾਚ ਕਰਨ ਵਾਲਾ ਵੀ ਕਿਸੇ ਰੂਪ ਵਿਚ ਸਾਂਗ ਬਣਕੇ ਸਾਹਮਣੇ ਆਉਂਦਾ ਹੈ। ਬੁੱਤ ਘੜਨ ਲਈ ਵੀ ਕਿਸੇ ਸ਼ਕਲ ਦਾ ਆਸਰਾ ਲੈਣਾ ਪੈਂਦਾ ਹੈ ਤੇ ਮੂਰਤ ਬਨਾਉਣ ਲਈ ਵੀ ਕੋਈ ਨਜ਼ਾਰਾ ਜਾਂ ਸ਼ਤਲ ਸਾਹਮਣੇ ਲਿਆਉਣੀ ਪੈਂਦੀ ਹੈ। ਰਾਗ ਤੇ ਕਵਿਤਾ ਵਿਚ ਕਿਸੇ ਚੀਜ਼ ਦਾ ਆਸਰਾ ਲੈਣ ਦੀ ਕੋਈ ਲੋੜ ਨਹੀਂ, ਜਿਨ੍ਹਾਂ ਦਾ ਗਿਆਨ ਕੇਵਲ ਕੰਨਾਂ ਰਾਹੀਂ ਹੋ ਸਕਦਾ ਹੈ।

ਅੱਗੇ ਕਵਿਤਾ ਦੇ ਵੀ ਦੋ ਭੇਦ ਹਨ "ਸ੍ਰਵ ਕਾਵਿ" ਅਰਥਾਤ ਸੁਣਨ ਵਾਲੀ ਕਵਿਤਾ ਅਤੇ "ਦ੍ਰਿਸ਼ ਕਾਵਿ" ਵੇਖਣ ਵਾਲੀ ਕਵਿਤਾ। ਸੁਣਨ ਵਾਲੀ ਕਵਿਤਾ ਦਾ ਆਕਾਰ ਕੋਈ ਨਹੀਂ ਹੁੰਦਾ, ਇਹ ਨਿਰੀ ਸ਼ਬਦਾਂ ਦੀ ਮਾਇਆ ਹੈ ਜੋ ਸੁਣਨ ਨਾਲ ਹੀ ਅਨੰਦ ਦੇਂਦੀ ਹੈ। ਵੇਖਣ ਵਾਲੀ ਕਵਿਤਾ ਦਾ ਆਨੰਦ ਵੇਖਣ ਤੇ ਸੁਣਨ ਦੋਹਾਂ ਤਰ੍ਹਾਂ ਨਾਲ ਹੀ ਆਉਂਦਾ ਹੈ। ਨਾਟਕ ਇਕ ਦ੍ਰਿਸ਼ ਕਾਵਿ ਜਾਂ ਵੇਖਣ ਵਾਲੀ ਕਵਿਤਾ ਹੈ।

ਸਿਆਣਿਆਂ ਨੇ ਸਾਹਿੱਤ ਵਿਚ ਰਾਗ ਤੇ ਕਵਿਤਾ ਨੂੰ ਕੋਮਲ ਹੁਨਰਾਂ ਦੀ ਸਿਰਤਾਜ ਮੰਨਿਆਂ ਹੈ, ਕਿਉਂਕਿ ਇਨ੍ਹਾਂ ਵਿਚ ਕਿਸੇ ਪਦਾਰਥ ਜਾਂ ਮੂਰਤ ਦਾ ਆਸਰਾ ਨਹੀਂ ਲੈਣਾ ਪੈਂਦਾ, ਇਨ੍ਹਾਂ ਦਾ ਆਨੰਦ ਨਿਰਾ ਕੰਨਾਂ ਰਾਹੀਂ ਹੀ ਲਿਆ ਜਾ ਸਕਦਾ ਹੈ। ਦ੍ਰਿਸ਼ ਕਾਵਿ ਅਥਵਾ ਨਾਟਕ ਵਿਚ ਰਾਗ ਤੇ ਕਵਿਤਾ ਤੋਂ ਬਿਨਾਂ ਚਿੱਤਰਕਾਰੀ ਤੇ ਨਿਰਤਕਾਰੀ ਵੀ ਹੁੰਦੀ ਹੈ, ਇਸ ਲਈ ਇਸ ਦਾ ਜੀਵਨ ਉਤੇ ਬੜਾ ਡੂੰਘਾ ਅਸਰ ਹੁੰਦਾ ਹੈ।

ਭਾਰਤ ਦੇ ਪ੍ਰਾਚੀਨ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਵੈਦਿਕ-ਕਾਲ ਵਿਚ ਭਾਰਤੀ ਕਲਾ ਆਪਣੇ ਸਿਖਰ ਤੇ ਪੁਜੀ ਹੋਈ ਸੀ। ਸ੍ਰੀ ਕ੍ਰਿਸ਼ਨ ਲੀਲਾ ਰਹੱਸਜ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸਤਰੀਆਂ



Digitized by Panjab Digital Library | www.panjabdigilib.org

ਆਪਣੇ ਸਰੀਰਾਂ ਨੂੰ ਅਤਿ ਸੁੰਦਰ ਤੇ ਮਨਮੋਹਨ ਬਣਾਉਣ ਲਈ ਸੋਲਾਂ ਸ਼ਿੰਗਾਰ ਕਰਦੀਆਂ ਸਨ। ਕੇਸਾਂ ਦੀ ਵਖ ਵਖ ਤਰ੍ਹਾਂ ਦੀ ਬਨਾਵਟ, ਵਖ ਵਖ ਤਰ੍ਹਾਂ ਦੇ ਫੁੱਲਾਂ ਨਾਲ ਵਾਲਾਂ ਨੂੰ ਸ਼ਿੰਗਾਰਨਾ, ਵਖ ਵਖ ਰੰਗਾਂ ਦੀਆਂ ਕਲੀਆਂ ਤੇ ਫੁੱਲਾਂ ਨਾਲ ਵਖ ਵਖ ਤਰ੍ਹਾਂ ਦੇ ਗਹਿਣੇ ਬਣਾਉਣੇ ਅਤੇ ਫੁੱਲਾਂ ਦੇ ਰੰਗਾਂ ਤੋਂ ਹੀ ਸੁਰਖੀ, ਲਾਲੀ ਤੇ ਪੈਰਾਂ ਦੀ ਲਾਲੀ, ਨਹੁੰਆਂ ਆਦਿ ਦੇ ਰੰਗਣ ਦਾ ਕੰਮ ਲਿਆ ਜਾਂਦਾ ਸੀ। ਨਾਟਕ ਕਲਾ ਨਾਲ ਸਰੀਰਕ ਸੁੰਦਰਤਾ ਨੂੰ ਪਰਭਾਵਸ਼ਾਲੀ ਬਣਾਉਣ ਲਈ ਖਾਸ ਤੌਰ ਤੇ ਸੋਲਾਂ ਸ਼ਿੰਗਾਰਾਂ ਤੋਂ ਸਹਾਇਤਾ ਲਈ ਜਾਂਦੀ ਸੀ। ਹਰ ਤਰ੍ਹਾਂ ਦਾ ਸ਼ਿੰਗਾਰ ਵੀ ਕਲਾ ਜਾਂ ਹੁਨਰ ਦਾ ਇਕ ਅੰਗ ਹੈ ਜੋ ਮਨੁੱਖ ਦੇ ਦਿਲ ਨੂੰ ਖੇੜੇ ਵਿਚ ਲਿਆਉਂਦਾ ਹੈ।

## ਰਸ

ਸੰਸਕ੍ਰਿਤ ਦੇ ਮਹਾਨ ਕਲਾਕਾਰ ਤੇ ਨਾਟ-ਸ਼ਾਸਤਰ ਦੇ ਰਚਨਹਾਰ ਭਰਤ ਮੁਨੀ ਨੇ ਲਿਖਿਆ ਹੈ, "ਵਿਭਾਵਾਨੁਭਾਵ ਵਿਜਭਿਚਾਰੀ ਸੰਯੋਗਾਦ ਰਸ ਨਿਸ਼ਪਤਿ" ਅਰਥਾਤ ਵਿਭਾਵ (ਕਾਰਣ) ਅਨੁਭਾਵ (ਕਾਰਜ) ਤੇ ਵਿਜਭਿਚਾਰੀ (ਉਨ੍ਹਾਂ ਦੇ ਸਬੰਧੀਆਂ) ਦੇ ਮੇਲ ਤੋਂ 'ਰਸ' ਉਤਪੰਨ ਹੁੰਦਾ ਹੈ। ਇਸ ਦਾ ਮਤਲਬ ਇਹ ਲਇਆ ਜਾ ਸਕਦਾ ਹੈ ਕਿ ਸਾਡੀ ਆਤਮਾ ਉਤੇ ਵਖ ਵਖ ਕਾਰਨਾ, ਕਾਰਜਾਂ ਅਤੇ ਉਨ੍ਹਾਂ ਨਾਲ ਸਬੰਧ ਰੱਖਣ ਵਾਲੇ ਮਨੋਭਾਵਾਂ ਦੇ ਅਸਰ ਕਰਕੇ ਆਤਮਾਂ ਨੂੰ ਆਨੰਦ ਮਈ ਬਣਾਉਣ ਵਾਲੇ ਅਨੁਭਵਾਂ ਨੂੰ 'ਰਸ' ਮੰਨਿਆਂ ਗਿਆ ਹੈ।

'ਭਰਤ ਮੁਨੀ' ਦੇ ਇਸ ਸਿਧਾਂਤ ਦੀ ਵਿਆਖਿਆ 'ਆਨੰਦ ਵਰਧਨ, ਅਭਿਨਵ ਗੁਪਤ ਪਾਦਿ, ਪੰ: ਰਾਜ ਜਗਨ ਨਾਥ ਤੇ ਵਿਸ਼ਵ ਨਾਥ ਆਦਿਕ ਮਹਾਂ ਵਿਦਵਾਨਾਂ ਨੇ ਵੀ ਆਪਣੇ ਆਪਣੇ ਵਿਚਾਰਾਂ ਨਾਲ ਆਪਣੇ ਆਪਣੇ ਰਚਿਤ ਗਰੰਥਾਂ ਵਿਚ ਕੀਤੀ ਹੈ। ਇਹ ਸਾਰੇ ਕਲਾਕਾਰ ਕਿਸੇ ਨਾ ਕਿਸੇ ਰੂਪ ਵਿਚ 'ਰਸ' ਨੂੰ ਹੀ 'ਕਾਵਿ' ਦੀ ਆਤਮਾ



Digitized by Panjab Digital Library | www.panjabdigilib.org

ਮੰਨਦੇ ਹਨ। ਜਿਸ ਕਾਵਿ-ਕਲਾ ਵਿਚ 'ਰਸ' ਨਹੀਂ ਉਸ ਨੂੰ ਕਾਵਿ ਮੰਨਿਆਂ ਹੀ ਨਹੀਂ ਜਾਂਦਾ ਜਾਂ ਇਸ ਤਰ੍ਹਾਂ ਕਹਿ ਲਓ ਕਿ ਉਹ ਉੱਚਾ ਕਾਵਿ ਨਹੀਂ ਹੁੰਦਾ, ਅਜਿਹੇ ਕਾਵਿ ਨੂੰ ਦੋਸ਼ ਵਾਲਾ ਮੰਨਿਆਂ ਗਿਆ ਹੈ।

## 'ਰਸ' ਦੀ ਉਤਪਤੀ

ਅਸਲ ਵਿਚ 'ਰਸ' ਆਤਮਕ ਆਨੰਦ ਦੀ ਅਵਸਥਾ ਹੈ, ਇਸ ਅਵਸਥਾ ਜਾਂ ਹਾਲਤ ਦੀ ਪ੍ਰਾਪਤੀ ਨਾਲ ਹੀ ਸਾਨੂੰ 'ਰਸ' ਦਾ ਅਨੁਭਵ ਹੁੰਦਾ ਹੈ। ਆਤਮਾ ਵਿਚ ਰਸ ਦੀ ਉਤਪਤੀ ਦੇ ਨੌਂ ਅਸਥਾਨ ਮੰਨੇ ਗਏ ਹਨ, ਜੋ ਮਨੁੱਖੀ ਆਤਮਾ ਵਿਚ ਨੌਂ ਤਰ੍ਹਾਂ ਨਾਲ ਅਸਰ ਪੈਦਾ ਕਰਕੇ ਵਖ ਵਖ ਤਰ੍ਹਾਂ ਦੀ ਹਾਲਤ ਪੈਦਾ ਕਰਨ ਵਿਚ ਸਹਾਇਕ ਹੁੰਦੇ ਹਨ। ਉਹ ਇਸ ਪਰਕਾਰ ਹਨ:–

੧. ਸ਼ਿੰਗਾਰ ਰਸ–ਜਦੋਂ ਕਿਸੇ ਕਵੀ ਮਨ ਉਤੇ ਕਿਸੇ ਸੁੰਦਰਤਾ, ਤਿੱਖੇ ਕਟਾਖ਼ਸ਼ਾਂ, ਸੁੰਦਰ ਅੰਗਾਂ; ਸ਼ਿੰਗਾਰ ਆਦਿ ਦਾ ਅਸਰ ਹੁੰਦਾ ਹੈ, ਉਸ ਸਮੇਂ ਉਸ ਦੀ ਆਤਮਾ ਵਿਚ ਜੋ ਰਸ ਉਤਪੰਨ ਹੁੰਦਾ ਹੈ, ਉਸ ਨੂੰ 'ਸ਼ਿੰਗਾਰ-ਰਸ' ਕਿਹਾ ਜਾਂਦਾ ਹੈ। ਸੋ ਉਹ ਕਾਵਿ ਰਚਨਾ ਜਿਸ ਵਿਚ ਪਿਆਰ, ਸੁੰਦਰਤਾ ਇਸ਼ਕ ਜਾਂ ਸ਼ਿੰਗਾਰ ਦਾ ਬਿਆਨ ਹੋਵੇ ਉਸ ਵਿਚ ਸ਼ਿੰਗਾਰ-ਰਸ ਕਹਿਆ ਜਾਂਦਾ ਹੈ। ਵਾਰਸਸ਼ਾਹ ਦੀ ਹੀਰ, ਹਾਸ਼ਮ ਦੀ ਸੱਸੀ, ਫ਼ਜ਼ਲਸ਼ਾਹ ਦੀ ਸੁਹਣੀ ਆਦਿ ਕਿੱਸਿਆਂ ਵਿਚੋਂ ਸ਼ਿੰਗਾਰ ਰਸ ਦੇ ਸੁਹਣੇ ਨਮੂਨੇ ਲਏ ਜਾ ਸਕਦੇ ਹਨ। ਜਿਵੇਂ ਇਕ ਸਖੀ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿਚ ਕਹਿੰਦੀ ਹੈ:--

ਜਦ ਦੇ ਘਨਿਸ਼ਾਮ ਗਏ ਮਥਰਾ, ਤਦ ਦਾ ਮਨ ਨੂੰ ਸੁਖ ਚੈਨ ਨਹੀਂ।
ਬਿਜਲੀ ਕੜਕੇ ਹਿਰਦਾ ਧੜਕੇ,ਬਿਨ ਪੀਜ ਮੁਕਦੀ ਇਹ ਰੈਨ ਨਹੀਂ।
ਜਦਦੇ ਮਨਮੋਹਨ ਨਾਲ ਲੜੇ, ਵਸਣੋਂ ਹਟਦੇ ਇਹ ਨੈਨ ਨਹੀਂ।
ਬਿਨ ਪ੍ਰੀਤਮ ਜੀਵਨ ਦਾ'ਰਸ'ਨਾ,ਮੁਕਣੇ ਬਿਨ ਦੀਦ ਇਹ ਵੈਨਨਹੀਂ।



Digitized by Panjab Digital Library | www.panjabdigilib.org

ਜਾਂ

ਸਿਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ:–

ਇਕ ਘੜੀ ਨਾ ਮਿਲਤੇ ਤਾ ਕਲਜੁਗ ਹੋਤਾ।
ਹੁਣ ਕਦ ਮਿਲੀਐ ਪ੍ਰਿਅ ਤੁਧ ਭਗਵੰਤਾ।
ਮੋਹਿ ਰੈਨ ਨ ਵਿਹਾਵੈ ਨੀਂਦ ਨਾ ਆਵੈ ਬਿਨ ਦੇਖੇ ਗੁਰ ਦਰਬਾਰੇ ਜੀਓ।
ਹਉ ਘੋਲੀ ਜੀ ਹਉ ਘੋਲ ਘੁਮਾਈ ਤਿਸ ਸਚੇ ਗੁਰ ਦਰਬਾਰੇ ਜੀਓ।

੨. ਕਰੁਣਾ ਰਸ:–ਇਹ ਰਸ ਆਪਣੇ ਕਿਸੇ ਪਿਆਰੇ ਦੇ ਵਿਯੋਗ, ਮੌਤ, ਮੋਹ, ਦੁੱਖ, ਕਸ਼ਟ, ਉਸ ਦੀ ਯਾਦ ਆਦਿ ਗੁਣਾ ਕਰਕੇ ਉਤਪੰਨ ਹੁੰਦਾ ਹੈ। ਇਸ ਦੀ ਨਸ਼ਾਨੀ ਸ਼ੋਕ ਜਾਂ ਗ਼ਮ ਹੈ। ਹਸਨ ਹੁਸੈਨ ਦੀ ਮੌਤ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਜਾਂ ਕਿਸੇ ਪ੍ਰੀਤਮ ਦੇ ਵਿਯੋਗ ਤੋਂ ਪੈਦਾ ਹੋਏ ਕਰੁਣਾ ਰਸ ਦੇ ਸੁਹਣੇ ਨਮੂਨੇ ਹਨ। ਸ੍ਰੀ ਗੁਰੂ ਨਾਨਕ ਦੇਵ ਬਾਬਰ ਦੇ ਹੱਲੇ ਬਾਬਤ ਕਹਿੰਦੇ ਹਨ:–

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।

ਜਾਂ

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨਿ ਹਦੂਰਿ।

ਜਾਂ

ਅਜ ਹੋਇ ਸਰਕਾਰ ਤਾਂ ਮੁਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।



Digitized by Panjab Digital Library | www.panjabdigilib.org

੩. ਸ਼ਾਂਤ ਰਸ–ਇਹ ਰਸ ਤਿਆਗ, ਸੰਸਾਰ ਦੀ ਅਸਥਿਰਤਾ ਅਤੇ ਦੁਨੀਆਂ ਦੀ ਦੁੱਖਦਾਈ ਹਾਲਤ ਤੋਂ ਹੰਝੂਆਂ ਦਾ ਭਰ ਆਉਣਾ ਆਦਿ ਕਾਰਣਾਂ ਕਰਕੇ ਪੈਦਾ ਹੁੰਦਾ ਹੈ। ਜਿਵੇਂ:–

ਰਾਮ ਗਇਓ ਰਾਵਣੁ ਗਇਓ ਜਾ ਕਉ ਬਹੁ ਪਰਿਵਾਰ।
ਕਹੁ ਨਾਨਕ ਥਿਰ ਕਛੁ ਨਹੀਂ ਸੁਪਨੇ ਜਿਉਂ ਸੰਸਾਰ।

ਸ਼ਾਹ ਹੁਸੈਨ ਜੀ ਲਿਖਦੇ ਹਨ:–

ਅਸਾਂ ਬਹੁੜ ਨ ਦੁਨੀਆਂ ਆਵਣਾ।
ਸਦਾ ਨ ਫੁਲਨਿ ਤੋਰੀਆਂ ਸਦਾ ਨ ਲਗਦੇ ਨੀ ਸਾਵਣਾ।
ਸੋਈ ਕੰਮੁ ਵਿਚਾਰ ਕੇ ਕੀਜੀਐ ਜੀ ਜਾਤੇ ਅੰਤੁ ਨਹੀਂ ਪਛਤਾਵਣਾ।
ਕਹੈ ਹੁਸੈਨ ਸੁਣਾਇ ਕੈ ਅਸਾਂ ਖ਼ਾਕੁ ਦੇ ਵਿਚ ਸਮਾਵਣਾ।

੪. ਰੌਦਰ ਰਸ–ਜਿਥੇ ਮਨ ਵਿਚ ਕਰੋਧ ਦਾ ਜਜ਼ਬਾ ਪੈਦਾ ਹੋਵੇ, ਵੈਰੀ ਆਦਿਕਾਂ ਨੂੰ ਦੇਖਕੇ ਗੁੱਸਾ ਆ ਜਾਏ, ਅੱਖਾਂ ਲਾਲ ਹੋ ਜਾਣ, ਦੰਦ ਪੀਹਣੇ ਆਦਿ ਲੱਛਣ ਪੈਦਾ ਹੋਏ ਦੱਸੇ ਜਾਣ ਓਥੇ ਰੌਦਰ ਰਸ ਮੰਨਿਆਂ ਜਾਂਦਾ ਹੈ।

ਜਦੋਂ ਸੈਦਾ ਜੋਗੀ ਕੋਲ ਜਾਂਦਾ ਹੈ, ਉਸ ਸਮੇਂ ਦੀ ਹਾਲਤ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ:—

ਕਾਲੇ ਬਾਗ਼ ਵਿਚ ਜੱਟ ਜਾਂ ਆਇ ਵੜਿਆ,
ਜੋਗੀ ਦੇਖਕੇ ਜੱਟ ਨੂੰ ਦੜਕਿਆ ਈ।
"ਖੜਾ ਰਹੁ ਮਾਹੀ ਮੁੰਡੇ ਕਹਾਂ ਆਵੇਂ,
ਬਾਲ ਭਾਂਬੜਾ ਸ਼ੇਰ ਕਰਿ ਕੜਕਿਆ ਈ।
ਆਨੇ ਕੱਢ ਕੇ ਅੱਖੀਆਂ ਲਾਲ ਕਰਕੇ,
ਜੋਗੀ ਅੱਗ ਭਬੂਕਾ ਹੋ ਭੜਕਿਆ ਈ।
ਦੰਦ ਪੀਹਕੇ ਝਪਟਿਆ ਬਾਜ਼ ਵਾਂਗੂੰ,
ਦਿਲ ਸੈਦੇ ਦਾ ਅੰਦਰੋਂ ਧੜਕਿਆ ਈ।



Digitized by Panjab Digital Library | www.panjabdigilib.org

੫. ਬੀਰ ਰਸ--ਜਿਥੇ ਬਹਾਦਰੀ ਦਾ ਜੋਸ਼ ਦਿਖਾਇਆ ਜਾਵੇ ਜਾਂ ਆਪਣੀ ਸ਼ਕਤੀ ਦਿਖਾਉਣ ਦਾ ਉਤਸ਼ਾਹ ਪਰਗਟ ਕੀਤਾ ਜਾਵੇ, ਓਥੇ ਬੀਰ ਰਸ ਹੁੰਦਾ ਹੈ। ਆਮ ਕਰਕੇ ਜੋਧਿਆਂ ਦੀ ਬਹਾਦਰੀ ਦੀਆਂ ਵਾਰਾਂ ਬੀਰ ਰਸ ਦਾ ਉਚ ਨਮੂਨਾ ਹੁੰਦੀਆਂ ਹਨ। ਨਜਾਬਤ ਦੀ ਵਾਰ ਪੰਜਾਬੀ ਵਿਚ ਬੀਰ ਰਸ ਦਾ ਉੱਚ ਨਮੂਨਾ ਹੈ। ਇਸ ਨੇ ਇਕ ਲੜਾਈ ਦਾ ਹਾਲ ਇਸ ਤਰ੍ਹਾਂ ਦੱਸਿਆ ਹੈ:--

ਓਹ ਜੁੱਟ ਪਏ ਦੋਨੋ ਸੂਰਮੇ ਰਣੁ ਆਗੇ ਹਾਰੇ।
ਓਹ ਮਾਰਨ ਸੱਟ ਵਦਾਨ ਵਾਂਗ ਹੋ ਪੱਬਾਂ ਭਾਰੇ।
ਕਰ ਝੜ ਕੜਕ ਕੜਕ ਕੜਕ ਢਾਲੀ ਬਲਕਾਰੇ।
ਹੱਥੀਂ ਰਹੀਆਂ ਗੱਦੀਆਂ ਉਡ ਗਏ ਕਿਨਾਰੇ।
ਫੁਲ ਢਾਲਾਂ ਤੋਂ ਝੜ ਪਏ ਕਹੁ ਕਿਤ ਨਿਹਾਰੇ।
ਜਿਉਂ ਆਤਸ਼ਬਾਜ਼ਾਂ ਫੂਕੀਆਂ ਫੁਲਝੜੀ ਅਨਾਰੇ।

੬. ਅਦਭੁਤ ਰਸ--ਜਿਥੇ ਕੋਈ ਹੈਰਾਨਗੀ ਦਾ ਵਰਣਨ ਹੋਵੇ ਓਥੇ ਅਦਭੁਤ ਰਸ ਕਿਹਾ ਜਾਂਦਾ ਹੈ। ਜਿਵੇਂ:--

ਚੱਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤ ਨਹਿਨੁ ਜਿਹ।
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤੁ ਕਿਹ।
ਅਚਲ ਮੂਰਤ ਅਨਭਵ ਪਰਕਾਸੁ ਅਮਿਤੋਜ ਕਹੀਜੈ।
ਕੋਟ ਇੰਦ੍ਰ ਇੰਦ੍ਰਾਣ ਸਾਹ ਸਾਹਾਣ ਗਣੀਜੈ।
ਤ੍ਰੈ ਭਵਨ ਮਹੀਪ ਸੁਰ ਨਰ ਆਸੁਰ ਨੇਤ ਨੇਤ ਬਨਿ ਤ੍ਰਿਣ ਕਹਿਤੁ।
ਤਵ ਸਰਬ ਨਾਮ ਕਥੈ ਕਵਣ ਕਰਮ ਨਾਮ ਬਰਣਤ ਸੁਮੱਤੁ।

ਜਾਂ

ਵਿਸਮਾਦ ਪਉਣ ਵਿਸਮਾਦ ਪਾਣੀ।
ਵਿਸਮਾਦ ਅਗਨੀ ਖੇਡੈ ਵਿਡਾਣੀ।

੭. ਹਾਸ ਰਸ--ਜਿਥੇ ਕਿਸੇ ਦਾ ਮਖੌਲ ਉਡਾਇਆ ਜਾਵੇ ਅਤੇ



Digitized by Panjab Digital Library | www.panjabdigilib.org

ਹਾਸੇ ਭਰੀਆਂ ਗੱਲਾਂ ਕਹੀਆਂ ਹੋਣ ਓਥੇ ਹਾਸ ਰਸ ਕਿਹਾ ਜਾਂਦਾ ਹੈ। ਭਗਤ ਕਬੀਰ ਜੀ ਬ੍ਰਾਹਮਣਾਂ ਨੂੰ ਕਹਿੰਦੇ ਹਨ:--

ਜੋ ਤਉ ਬ੍ਰਾਹਮਣ ਬ੍ਰਾਹਮਣੀ ਜਾਇਆ।
ਆਨ ਬਾਟ ਕਾਹੇ ਨਹੀਂ ਆਇਆ।

ਜਾਂ

ਨਜਾਬਤ ਨੇ ਨਾਦਰਸ਼ਾਹ ਦੇ ਪਠਾਣਾਂ ਬਾਬਤ ਲਿਖਿਆ ਹੈ:--

ਨੱਕ ਫੀਨੇ ਸਿਰ ਤਾਵੜੇ ਢਿਡ ਵਾਂਗ ਢਮੱਕੇ।
ਉਹ ਇਕਾ ਨਾਰ ਵਸਾਉ ਦੇ ਦਾਹ ਭਾਈ ਸੱਕੇ।

੮. ਭਿਆਨਕ ਰਸ--ਇਹ ਰਸ ਡਰ ਤੋਂ ਉਤਪੰਨ ਹੁੰਦਾ ਹੈ। ਜਿਥੇ ਕਿਸੇ ਤਰ੍ਹਾਂ ਦਾ ਡਰ ਦੱਸਿਆ ਜਾਵੇ ਓਥੇ ਭਿਆਨਕ ਰਸ ਕਹਿੰਦੇ ਹਨ। ਇਕ ਜੁੱਧ ਦੇ ਮੈਦਾਨ ਦਾ ਨਜ਼ਾਰਾ ਨਜਾਬਤ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਦਾਗ਼ ਪਲੀਤੇ ਛੱਡੀਆਂ ਤੋ ਝੱਲੀ ਲਾਏ।
ਪੈ ਰਹੇ ਹਜ਼ਾਰ ਮੈਦਾਨ ਵਿਚ ਦੋਪਾਏ ਚੌਪਾਏ।
ਹਾਥੀ ਢਹਿੰਦੇ ਦਲਾਂ ਵਿਚ ਹੋ ਸਿਰ ਤਲਵਾਏ।
ਜਿਵੇਂ ਢਹਿਣ ਮਣਾਂ ਦਰਿਆ ਦੀਆਂ ਸਾਵਣ ਹੜ ਆਏ।

੯. ਬੀਭਤਸ ਰਸ--ਜਿਥੇ ਘਿਰਣਾ, ਨਫ਼ਰਤ ਜਾਂ ਗਿਲਾਨੀ ਆਦਿਕ ਦਾ ਵਰਨਣ ਹੋਵੇ, ਬੜੀ ਬਦਬੋ ਵਾਲੀ ਜਾਂ ਗੰਦੀ ਥਾਂ ਜਾਂ ਸ਼ਕਲ ਦਾ ਬਿਆਨ ਹੋਵੇ ਓਥੇ ਬੀਭਤਸ ਰਸ ਮੰਨਿਆਂ ਜਾਂਦਾ ਹੈ। ਜਿਵੇਂ:--

ਮਧ ਵਿਚ ਰਿੱਧਾ ਪਾਇ ਕੈ ਕੁੱਤੇ ਦਾ ਮਾਸ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ।
ਰੱਤੂ ਭਰਿਆ ਕੱਪੜਾ ਕਰ ਕੱਜਣ ਤਾਸ।
ਢੱਕ ਲਿਚੱਲੀ ਦੂਹੜੀ ਕਰ ਭੋਗ ਬਿਲਾਸ।

ਸੋ ਇਸ ਤਰ੍ਹਾਂ ਇਹ ਨੌ ਰਸ ਪੂਰੇ ਹੁੰਦੇ ਹਨ।



Digitized by Panjab Digital Library | www.panjabdigilib.org

# ਵਾਦ ਵਿਵਾਦ

ਸਾਹਿੱਤ ਦਾ ਵਾਦ ਵਿਵਾਦ ਨਾਲ ਵੀ ਖਾਸ ਸਬੰਧ ਹੈ। ਇਕ ਲੇਖਕ ਦੇ ਲਿਖਣ ਢੰਗ ਤੇ ਆਸ਼ੇ ਅਨੁਸਾਰ ਉਸ ਦੀ ਰਚਨਾ ਨੂੰ ਵਖ ਵਖ ਤਰ੍ਹਾਂ ਦੇ ਵਾਦ ਵਿਵਾਦ ਵਿਚ ਵੰਡਿਆ ਜਾ ਸਕਦਾ ਹੈ। ਇਹ ਕਈ ਪਰਕਾਰ ਦੇ ਹਨ, ਜਿਨ੍ਹਾਂ ਵਿਚੋਂ ਮੁਖ ਇਹ ਹਨ:—

੧. ਰਹੱਸ ਵਾਦ—ਇਹ ਆਤਮਾ ਦੀ ਉਸ ਅਵਸਥਾ ਦਾ ਨਾਂ ਹੈ, ਜਿਸ ਵਿਚ ਇਕ ਭਗਤ ਪਰਮ-ਆਤਮਾ ਨਾਲ ਅਭੇਦ ਹੋ ਕੇ ਅਦ੍ਵੈਤ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਦੇ ਖਿਆਲ ਨਾਲ ਉਸ ਦੀ ਆਤਮਾ ਇਕ ਅਥਾਹ ਪ੍ਰੇਮ ਰੰਗ ਵਿਚ ਰੰਗੀ ਜਾਂਦੀ ਹੈ ਕਿ ਉਹ ਮਸਤੀ ਦੇ ਰੰਗ ਵਿਚ ਆਈ ਕਿਸੇ ਕਿਸੇ ਵੇਲੇ ਉਸ ਨਾਲੋਂ ਦੂਰੀ ਪਰਤੀਤ ਕਰਦਿਆਂ ਹੋਇਆਂ ਅਥਾਹ ਪ੍ਰੇਮ ਜਾਂ ਵਿਆਕੁਲਤਾ ਜ਼ਾਹਰ ਕਰਦੀ ਹੈ। ਸੋ ਉਸ ਮਹਾਨ ਸ਼ਕਤੀ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰਨ ਅਤੇ ਉਸ ਨੂੰ ਪਰਾਪਤ ਕਰ ਕੇ ਆਪਣੇ ਆਪ ਨੂੰ ਉਸ ਵਿਚ ਲੀਨ ਕਰਨ ਦਾ ਖਿਆਲ ਕਰਨ ਵਾਲੇ ਨੂੰ ਰਹੱਸਵਾਦੀ ਕਿਹਾ ਜਾਂਦਾ ਹੈ। ਆਮ ਕਰ ਕੇ ਸੂਫ਼ੀ ਫਕੀਰ, ਸੰਤ, ਮਹਾਂਪੁਰਖ ਹੀ ਰਹੱਸਵਾਦੀ ਕਵੀ ਹੋਏ ਹਨ। ਸਿੱਖ ਗੁਰੂ ਸਾਹਿਬਾਨ ਨੇ ਵੀ ਬਹੁਤ ਸਾਰੀ ਰਹੱਸਵਾਦੀ ਰਚਨਾ ਕੀਤੀ ਹੈ ਤੇ ਉਸ ਨੂੰ ਹਰ ਰੂਪ ਵਿਚ ਪਰਤੀਤ ਕਰ ਕੇ ਉਸ ਨਾਲ ਹਰ ਰੂਪ ਵਿਚ ਪਿਆਰ ਕੀਤਾ ਹੈ। ਜਿਵੇਂ:-

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ
ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ
ਤੂੰ ਮੇਰਾ ਰਾਖਾ ਸਭਨੀ ਥਾਈਂ,
ਤਾ ਭਉ ਕਿਹਾ ਕਾੜਾ ਜੀਉ।

——



Digitized by Panjab Digital Library | www.panjabdigilib.org

ਤੂੰ ਦਰਿਆਓ ਸਭ ਤੁਝ ਹੀ ਮਾਹਿ।
ਤੁਧ ਬਿਨ ਦੂਜਾ ਕੋਇ ਨਾਹਿ,
ਜੀਅ ਜੰਤ ਸਭ ਤੇਰਾ ਖੇਲ
ਵਿਯੋਗ ਮਿਲੁ ਵਿਛੜਿਆ ਸੰਜੋਗੀ ਮੇਲ।

ਭਾਈ ਵੀਰ ਸਿੰਘ ਜੀ ਇਕ ਫੁੱਲ ਦੀ ਆਤਮਾ ਵਿਚ ਬੈਠ ਕੇ ਆਪਣੇ ਪ੍ਰੀਤਮ ਨੂੰ ਇਸ ਤਰ੍ਹਾਂ ਕਹਿੰਦੇ ਹਨ:—

ਤੁਸਾਂ ਤੋੜਿਆ ਅਸੀਂ ਟੁੱਟ ਪਏ, ਵਿਛੜ ਗਏ ਸਾਂ ਡਾਲੋਂ।
ਤੁਸਾਂ ਸੁੰਘ ਸੀਨੇ ਲਾ ਸੁੱਟਿਆ, ਵਿਛੜ ਗਏ ਤੁਸਾਂ ਨਾਲੋਂ।
ਪੈਰਾਂ ਹੇਠ ਲਤਾੜ ਲੰਘਾਊਆਂ, ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ ਛੋਹ ਤੁਹਾਡੀ ਦਾ, ਅਜੇ ਨਾ ਭੁਲਦਾ ਸਾਨੋ।

ਡਾਕਟਰ ਮੋਹਨ ਸਿੰਘ ਜੀ ਦੀਵਾਨਾ ਦੀ 'ਮਸਤੀ' ਰਹੱਸ-ਵਾਦ ਦਾ ਇਕ ਉਚ ਨਮੂਨਾ ਹੈ, ਜਿਸ ਮਸਤੀ ਦੇ ਰੰਗ ਵਿਚ ਆ ਕੇ ਆਪ ਨੇ ਆਪਣੇ ਮਨ ਦੀ ਮਸਤੀ ਪਰਗਟ ਕੀਤੀ ਹੈ। ਇਹ ਮਸਤੀ ਉਮਰ ਖ਼ਿਆਮ, ਹਾਫ਼ਜ਼, ਬੁਲ੍ਹੇ ਤੇ ਸ਼ਾਹ ਹੁਸੈਨ ਦੀ ਮਸਤੀ ਤੋਂ ਵਖਰੀ ਹੈ। ਸ਼ਾਹ ਹੁਸੈਨ ਇਕ ਥਾਂ ਤੇ ਆਪਣੇ ਪ੍ਰੀਤਮ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਹੈ:—

ਮੰਦੀ ਹਾਂ ਕਿ ਚੰਗੀ ਹਾਂ, ਭੀ ਸਾਹਿਬ ਤੇਰੀ ਬੰਦੀ ਹਾਂ।
ਗਹਿਲਾ ਲੋਕ ਜਾਣੈ ਦੀਵਾਨੀ, ਮੈਂ ਰੰਗ ਸਾਹਿਬ ਦੇ ਸੰਗੀ ਹਾਂ।
ਸਾਜਨ ਮੇਰਾ ਅੱਖੀਂ ਵਿਚ ਵਸਦਾ, ਮੈਂ ਗਲੀਏ ਫਿਰਾਂ ਨਿਸੰਗੀ ਹਾਂ।
ਕਹੈ ਹੁਸੈਨ ਫ਼ਕੀਰ ਸਾਈਂ ਦਾ, ਮੈਂ ਵਰ ਚੰਗੇ ਮੰਗੀ ਹਾਂ।

ਸੋ ਰਹੱਸਵਾਦ ਵਿਚ ਸੰਤਾਂ, ਮਹਾਤਮਾ, ਸੂਫ਼ੀ ਫ਼ਕੀਰਾਂ ਤੇ ਮਹਾਂ ਪੁਰਖਾਂ ਦੀਆਂ ਉਸ ਸਰਬ ਵਿਆਪੀ ਪ੍ਰੀਤਮ ਦੇ ਪ੍ਰੇਮ ਵਿਚ ਗੁੱਝੀਆਂ ਰਮਜ਼ਾਂ ਹੁੰਦੀਆਂ ਹਨ।

੨. ਛਾਇਆ ਵਾਦ—ਜਿਥੇ ਕੋਈ ਅਸਲ ਗੱਲ ਸਾਫ਼ ਸਾਫ਼ ਕਹਿਣ ਦੀ ਥਾਂ ਉਸ ਦਾ ਅਕਸ ਹੀ ਪੇਸ਼ ਕੀਤਾ ਗਿਆ ਹੋਵੇ, ਓਥੇ



Digitized by Panjab Digital Library | www.panjabdigilib.org

ਛਾਇਆਵਾਦ ਮੰਨਿਆਂ ਜਾਂਦਾ ਹੈ। ਆਮ ਕਰਕੇ ਛਾਇਆਵਾਦੀ ਕਵੀ ਕੁਦਰਤ ਦੀਆਂ ਰੰਗੀਨੀਆਂ ਵਿਚ ਆਪਣੇ ਪ੍ਰੀਤਮ ਦੀ ਸੁੰਦਰਤਾ ਦਾ ਝਲਕਾਰਾ ਪਰਤੀਤ ਕਰਦੇ ਹਨ। ਕੁਦਰਤ ਦੀਆਂ ਬੇਜਾਨ ਚੀਜ਼ਾਂ ਵਿਚ ਜੀਵਨ ਪ੍ਰਤੀਤ ਕਰਦਾ ਹੋਇਆ ਕਵੀ ਫੁੱਲਾਂ ਵਿਚ ਆਪਣੇ ਪ੍ਰੀਤਮ ਦੀ ਕੋਮਲਤਾ, ਤਾਰੇ ਉਸ ਦੇ ਸਹੰਸਰ ਨੈਨ, ਕਾਲੇ ਬੱਦਲਾਂ ਵਿਚ ਉਸਦੇ ਕੇਸਾਂ ਦੀ ਸੁੰਦਰਤਾ, ਸਰੂ ਵਿਚ ਉਸਦਾ ਕੱਦ ਆਦਿਕ ਪਰਤੀਤ ਕਰਦਾ ਹੈ। ਅਜਿਹੀ ਕਵਿਤਾ ਵਿਚ ਛਾਇਆ ਵਾਦ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਰਤੀ' ਉਚਾਰੀ ਤੇ ਕੁਦਰਤ ਅੰਦਰ ਆਪਣੇ ਪ੍ਰੀਤਮ ਦੀ ਸਰਬ-ਆਕਾਸ਼ੀ ਆਰਤੀ ਹੋ ਰਹੀ ਪਰਤੀਤ ਕੀਤੀ। ਆਪ ਨੇ ਫੁਰਮਾਇਆ:—

ਗਗਨ ਮਯ ਥਾਲ, ਰਵਿ ਚੰਦ ਦੀਪਕ ਬਨੇ,
ਤਾਰਕਾ ਮੰਡਲ ਜਨਕ ਮੋਤੀ।
ਧੂਪ ਮਲਿਆਣ ਲੋਅ ਪਵਣਿ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ।

ਇਸੇ ਤਰ੍ਹਾਂ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ 'ਮਹਿੰਦੀ ਦੇ ਬੂਟੇ ਕੋਲ' ਵਾਲੀ ਕਵਿਤਾ ਵਿਚ ਮਹਿੰਦੀ ਦੇ ਬੂਟੇ ਨੂੰ ਪ੍ਰੇਮ ਰੰਗ ਵਿਚ ਰੰਗੀ ਆਤਮਾ ਪਰਤੀਤ ਕਰਦੇ ਹੋਏ ਕਹਿੰਦੇ ਹਨ:—

ਮਹਿੰਦੀਏ ਨੀ ਰੰਗ ਰੱਤੀਏ ਨੀ,
ਕਾਹਨੂੰ ਰੱਖਿਆ ਈ ਰੰਗ ਲੁਕਾ ਸਹੀਏ।
ਹੱਥ ਰੰਗ ਸਾਡੇ ਸ਼ਰਮਾਕਲੇ ਨੀ,
ਵੰਨੀ ਅੱਜ ਸੁਹਾਗ ਦੀ ਲਾ ਲਈਏ।

ਵਗਦੇ ਦਰਿਆ ਦੀਆਂ ਲਹਿਰਾਂ ਨਾਚ ਕਰਦੀਆਂ, ਪੋਸਤ ਦੇ ਫੁੱਲਾਂ ਦਾ ਮਸਤੀ ਦੇ ਰੰਗ ਵਿਚ ਝੂਮਣਾ, ਪੱਤਿਆਂ ਦਾ ਟਲ ਕੇ ਤੌੜੀ ਮਾਰਨਾ ਤੇ ਭੌਰਿਆਂ ਦਾ ਕਲੀਆਂ ਨਾਲ ਪ੍ਰੇਮ ਕਰਨਾ ਸਭ ਕੁਛ ਛਾਇਆ ਵਾਦ ਹੈ।



Digitized by Panjab Digital Library | www.panjabdigilib.org

ਸੂਫ਼ੀ ਕਵੀਆਂ ਨੇ ਆਮ ਘਰੋਗੀ ਚੀਜ਼ਾਂ ਵਿਚੋਂ ਜੀਵਨ ਸਬੰਧੀ ਕਈਤਰ੍ਹਾਂ ਦੀ ਸਿਖਿਆ ਦਿੱਤੀ ਹੈ,ਓਥੇ ਵੀ ਛਾਇਆ ਵਾਦ ਹੀ ਕਿਹਾ ਜਾ ਸਕਦਾ ਹੈ। ਜਿਵੇਂ ਸਾਈਂ ਬੁਲ੍ਹੇਸ਼ਾਹ ਲਿਖਦਾ ਹੈ:--

ਹੱਥੀ ਢਿਲਕ ਗਈ ਮੇਰੇ ਚਰਖੇ ਦੀ ਮੈਥੋਂ ਕਤਿਆ ਮੂਲ ਨ ਜਾਵੇ।
ਘੜੀ ਘੜੀ ਇਹ ਝੋਲੇ ਖਾਂਦਾ ਛੱਲੀ ਇਕ ਨਾ ਲਾਹਵੇ।
ਤਕਲੇ ਤੋਂ ਵਲ ਲਾਹ ਲੁਹਾਰਾ ਮੇਰਾ ਤੰਦ ਟੁਟ ਟੁਟ ਜਾਵੇ।

ਏਥੇ ਸਰੀਰ ਨੂੰ ਚਰਖਾ, ਹੱਥੀਂ ਹਿਰਦਾ, ਕੱਤਣਾ ਨਾਮ ਦਾ ਸਿਮਰਣ ਕਰਨਾ, ਤੱਕਲਾ ਮਨ, ਲੁਹਾਰ ਸਤਿਗੁਰੂ, ਤੰਦ ਬਿਰਤੀ ਲਈ ਸ਼ਬਦ ਵਰਤੇ ਹਨ। ਸੋ ਏਥੇ ਛਾਇਆ ਵਾਦ ਵਰਤਿਆ ਗਿਆ ਹੈ।

੩. ਆਦਰਸ਼ ਵਾਦ—ਜਿਸ ਰਚਨਾ ਵਿਚ ਕਿਸੇ ਉਚੇ ਆਦਰਸ਼ ਲਈ ਕੋਈ ਸਿਖਿਆ ਦਿੱਤੀ ਗਈ ਹੋਵੇ, ਓਥੇ ਆਦਰਸ਼ ਵਾਦ ਕਿਹਾ ਜਾਂਦਾ ਹੈ। ਭਾਈ ਸਾਹਿਬ ਡਾ: ਵੀਰ ਸਿੰਘ ਜੀ 'ਕੇਲੋਂ ਦੇ ਗਲ ਲੱਗੀ ਵੇਲ' ਵਾਲੀ ਕਵਿਤਾ ਵਿਚ ਵੇਲ ਦੇ ਮੂੰਹੋਂ ਅਖਵਾਉਂਦੇ ਹਨ:—

ਵਿੱਥਾਂ ਵਾਲੇ ਜੱਗ ਵਿਚ ਵਿੱਥਾਂ ਪਈਆਂ ਚੱਪੇ ਚੱਪੇ,
ਅੱਡੋ ਅਡ ਸਭ ਕੋਈ ਜੋੜੀਆਂ ਨੀ ਥੋੜੀਆਂ।
ਪਿਆਰੇ ਨਾ ਵਿਛੋੜੀਏ ਵੇ, ਮਿਲੇ ਨਾ ਨਿਖੇੜੀਏ ਵੇ,
ਆਸਰੇ ਨਾ ਤੋੜੀਏ ਵੇ, ਅਵੇ ਪਾੜੀਏ ਨਾ ਜੋੜੀਆਂ।
ਵਸਲ ਵੇਖ ਖਿਝੀਏ ਨਾ, ਅੱਡ ਕਰ ਰੀਝੀਏ ਨਾ,
ਇਕ ਹੋਈਆਂ ਜਿੰਦੀਆਂ ਦੀਆਂ ਹੁੰਦੀਆਂ ਨਹੀਓਂ ਕੋੜੀਆਂ।

ਇਸੇ ਤਰ੍ਹਾਂ ਆਪ ਰਾਣਾ ਸੂਰਤ ਸਿੰਘ ਵਿਚ ਲਿਖਦੇ ਹਨ:--

ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ,
ਚੜ੍ਹਦੀ ਕਲਾ ਨਿਵਾਸ ਸਦ ਹੀ ਰੱਖਣਾ।

ਇਸ ਤਰ੍ਹਾਂ ਆਦਰਸ਼ ਪੇਸ਼ ਕਰਨ ਵਾਲੀ ਕਵਿਤਾ ਆਦਰਸ਼ ਵਾਦੀ ਕਹੀ ਜਾਂਦੀ ਹੈ।



Digitized by Panjab Digital Library | www.panjabdigilib.org

੪. ਯਥਾਰਥ ਵਾਦ—ਜਿਸ ਕਵਿਤਾ ਵਿਚ ਅਸਲੀਅਤ ਦਾ ਬਿਆਨ ਕੀਤਾ ਜਾਏ, ਅਥਵਾ ਅਸਲੀ ਰੰਗ ਪੇਸ਼ ਕੀਤਾ ਜਾਏ ਉਹ ਯਥਾਰਥਵਾਦੀ ਕਵਿਤਾ ਕਹੀ ਜਾਂਦੀ ਹੈ। ਜਿਸ ਤਰ੍ਹਾਂ ਡਾ: ਮੋਹਨ ਸਿੰਘ ਜੀ 'ਦੀਵਾਨਾ' ਲਿਖਦੇ ਹਨ:—

ਕੋਈ ਪੜ੍ਹੇ ਨ ਪੜ੍ਹੇ ਚੁਬਰਗੇ ਮੇਰੇ, ਮੈਨੂੰ ਕਾਵਿਸ਼ ਕੀ।
ਕਿਸੇਕਵੀ ਦੀ ਕਿਰਤ ਕੀਰਤੀ,ਦਾਇਮ ਬਾਕੀ ਨਹੀਂ ਰਹੀ।
ਹੋਰ ਕਵੀ ਦੁਨੀਆਂ ਨੂੰ,ਮੈਨੂੰ ਹੋਰ ਜਨਮ ਤੇ ਹੋਰ ਕਲਮ,
ਪਰਿਵਰਤਨ ਦੇ ਚੱਕਰ ਅੰਦਰ,ਮੇਰੀ ਕਵਿਤਾ ਵੀ ਮੈਂ ਵੀ।

ਅਜਿਹੀ ਕਵਿਤਾ ਵਿਚ ਸੱਚ ਦੀ ਵਿਆਖਿਆ ਹੁੰਦੀ ਹੈ।

੫. ਇਸੇ ਤਰ੍ਹਾਂ 'ਆਸ਼ਾ ਵਾਦੀ' ਉਹ ਕਵਿਤਾ ਮੰਨੀ ਜਾ ਸਕਦੀ ਹੈ, ਜਿਸ ਵਿਚ ਕਵੀ ਨੇ ਕਿਸੇ ਗੱਲ ਦੀ ਆਸ ਬਨ੍ਹਾਈ ਹੋਵੇ ਜਾਂ ਜਿਹੜੀ ਨਿਰਾਸਤਾ ਤੋਂ ਦੂਰ ਰਖੇ। ਜਿਵੇਂ:—

ਸਿਰਿ ਊਪਰਿ ਠਾਡਾ ਗੁਰੂ ਸੂਰਾ,
ਨਾਨਕ ਤਾ ਕੇ ਕਾਰਜ ਪੂਰਾ।

ਜਾਂ

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤ ਬਚਾਵੈ।
ਸਤ੍ਰ ਅਨੇਕ ਚਲਾਵਤ ਘਾਵ,ਤਊ ਤਨਿ ਏਕ ਨ ਲਾਗਨ ਪਾਵੈ।
ਰਾਖਤ ਹੈ ਅਪਨੋ ਕਰਿ ਦੈ ਕਰਿ, ਪਾਪ ਸਮੂਹ ਨ ਭੇਟਨ ਪਾਵੈ।
ਔਰਨ ਕੀ ਕਹਾ ਬਾਤ ਮੈ ਸਉ ਪੇਟ ਹੀ ਕੈ ਪਟ ਬੀਚ ਬਚਾਵੈ।

੬. ਉਹ ਰਚਨਾ ਜਿਸ ਵਿਚ ਨਿਰਾਸਤਾ ਪਰਗਟ ਕੀਤੀ ਗਈ ਹੋਵੇ, ਜਾਂ ਜਿਹੜੀ ਢਹਿੰਦੀਆਂ ਕਲਾ ਵਲ ਲੈ ਜਾਵੇ 'ਨਿਰਾਸ਼ਾ ਵਾਦੀ' ਅਖਵਾਉਂਦੀ ਹੈ।

ਮਰਦਾ ਰਹੁ ਭਾਵੇਂ ਲੱਗ ਓਸ ਪਿੱਛੇ,ਤੇਰੀ ਕਦੀ ਨਹੀਂ ਓਸ ਤੇ ਝਾਕਪੈਣੀ
ਮਿੱਟੀ ਛਾਣਦਾ ਰਹੁ ਭਾਵੇਂ ਉਮਰ ਸਾਰੀ,ਤੇਰੇ ਪੱਲੇ ਨਹੀਂ ਅੰਤਨੂੰਖ਼ਾਕਪੈਣੀ

—o—



Digitized by Panjab Digital Library | www.panjabdigilib.org

## ਕਾਂਡ ੨

# ਬੋਲੀ

ਸਿਰਜਨਹਾਰ ਨਿਰੰਕਾਰ ਨੇ ਜਦੋਂ ਇਹ ਅਲੌਕਿਕ ਰਚਨਾ ਰਚੀ, ਅਨੇਕਾਂ ਤਰ੍ਹਾਂ ਦੇ ਜੀਆ ਜੰਤ ਪੈਦਾ ਕੀਤੇ। ਵਖ ਵਖ ਜਨੌਰਾਂ, ਪੰਛੀਆਂ ਤੇ ਕੀੜਿਆਂ ਨੇ ਵਖ ਤਰ੍ਹਾਂ ਨਾਲ ਬੋਲਕੇ ਆਪਣੇ ਮਨੋ ਭਾਵ ਪਰਗਟ ਕੀਤੇ। ਅਜ ਤੋਂ ਕਈ ਹਜ਼ਾਰ ਸਾਲ ਪਹਿਲੇ ਮਨੁੱਖ ਦਾ ਜੀਵਨ ਵੀ ਜੰਗਲੀ ਜਨੌਰਾਂ ਵਰਗਾ ਸੀ, ਨੰਗੇ ਫਿਰਨਾ ਤੇ ਜਾਨਵਰਾਂ ਵਾਂਗ ਹੀ ਜੀਵਨ ਨਿਰਬਾਹ ਕਰਨਾ। ਉਨ੍ਹਾਂ ਮਨੁੱਖਾਂ ਨੇ ਆਪਣੇ ਮਨ ਦਾ ਮਨੋਰਥ ਇਕ ਦੂਜੇ ਨੂੰ ਸਮਝਾਉਣ ਲਈ ਕਈ ਤਰ੍ਹਾਂ ਦੀਆਂ ਸੈਨਤਾਂ ਤੇ ਵਖ ਵਖ ਤਰ੍ਹਾਂ ਦੇ ਬੋਲ ਮਿਥ ਲਏ। ਜਿਉਂ ਜਿਉਂ ਲੋੜਾਂ ਵਧਦੀਆਂ ਗਈਆਂ, ਨਵੀਆਂ ਨਵੀਆਂ ਚੀਜ਼ਾਂ ਦੇ ਨਾਲ ਨਵੇਂ ਨਵੇਂ ਸ਼ਬਦ ਤੇ ਨਵੇਂ ਨਵੇਂ ਬੋਲ ਵੀ ਬਣਦੇ ਗਏ। ਇਸ ਤਰ੍ਹਾਂ ਧਰਤੀ ਦੇ ਵਖ ਵਖ ਹਿੱਸਿਆਂ, ਵਖ ਵਖ ਦੇਸਾਂ ਤੇ ਪ੍ਰਾਂਤਾਂ ਦੇ ਲੋਕਾਂ ਨੇ ਆਪਣੀ ਆਪਣੀ ਲੋੜ ਅਨੁਸਾਰ ਸ਼ਬਦ ਰਚ ਲਏ। ਹੌਲੀ ਹੌਲੀ ਦੁਨੀਆਂ ਦੇ ਵਖ ਵਖ ਕਬੀਲਿਆਂ, ਵਖ ਵਖ ਅਲਾਕਿਆਂ ਤੇ ਵਖ ਵਖ ਪ੍ਰਾਂਤਾਂ ਦੀਆਂ ਵਖ ਵਖ ਬੋਲੀਆਂ ਬਣ ਗਈਆਂ।

ਜਿਨ੍ਹਾਂ ਸ਼ਬਦਾਂ ਨਾਲ ਕਿਸੇ ਦੇਸ ਦੇ ਵਸਨੀਕ ਆਪਣੇ ਮਨ ਦਾ ਮਤਲਬ ਪਰਗਟ ਕਰਦੇ ਹਨ, ਉਹ ਉਸ ਦੇਸ ਦੀ 'ਬੋਲੀ' ਅਖਵਾਉਂਦੇ ਹਨ।



Digitized by Panjab Digital Library | www.panjabdigilib.org

ਸਿਆਣੇ ਕਹਿੰਦੇ ਹਨ ਕਿ ਬੋੱਲੀ ਬਾਰਾਂ ਕੋਹਾਂ ਤੇ ਬਦਲ ਜਾਂਦੀ ਹੈ, ਇਸ ਕਥਨ ਵਿਚ ਕੋਈ ਸ਼ੱਕ ਨਹੀਂ। ਗੁਆਂਢੀ ਅਲਾਕੇ ਤੇ ਆਸੇ ਪਾਸੇ ਦੇ ਵਸਨੀਕਾਂ ਦੀ ਆਵਾ ਜਾਈ ਕਰਕੇ ਇਕ ਦੂਜੇ ਦੇਸ ਦੀ ਬੋਲੀ ਉਤੇ ਭਾਰਾ ਅਸਰ ਪੈਂਦਾ ਰਹਿੰਦਾ ਹੈ ਅਤੇ ਇਸ ਚੁਗਿਰਦੇ ਦੇ ਅਸਰ ਕਰਕੇ ਬੋਲੀ ਦਾ ਲਹਿਜਾ ਥੁਹੜਾ ਬਹੁਤਾ ਬਦਲਦਾ ਰਹਿੰਦਾ ਹੈ ਸ਼ਬਦਾਂ ਦੇ ਥੁਹੜੇ ਥੁਹੜੇ ਵਟਾਂਦਰੇ ਕਰਕੇ ਕਈ ਤਰ੍ਹਾਂ ਦੇ ਨਵੇਂ ਨਵੇਂ ਸ਼ਬਦ ਉਪਜਦੇ ਰਹਿੰਦੇ ਹਨ। ਹਰ ਦੇਸ ਦੇ ਵਸਨੀਕਾਂ ਦੀ ਬੋੱਲੀ ਆਪਣੀ ਹੁੰਦੀ ਹੈ ਤੇ ਉਸ ਬੋੱਲੀ ਦਾ ਨਾਂ ਉਸ ਦੇਸ ਦੇ ਨਾਂ ਅਨੁਸਾਰ ਹੀ ਹੁੰਦਾ ਹੈ, ਜਾਂ ਉਸ ਕੌਮ ਦੇ ਨਾਂ ਮਗਰ ਹੁੰਦਾ ਹੈ। ਜਿਹੜੀ ਕੌਮ ਉਹ ਬੋੱਲੀ ਬੋਲਦੀ ਹੈ, ਉਹੋ ਉਸ ਦੇਸ ਦੀ ਬੋੱਲੀ ਮੰਨੀ ਜਾਂਦੀ ਹੈ। ਜਿਹਾ ਕਿ ਇੰਗਲਿਸਤਾਨ ਵਾਲਿਆਂ ਦੀ ਬੋੱਲੀ ਅੰਗਰੇਜ਼ੀ ਹੈ, ਫਰਾਂਸੀਸੀਆਂ ਦੀ ਬੋੱਲੀ ਫ਼ਰਾਂਸੀਸੀ, ਜਰਮਨਾਂ ਦੀ ਜਰਮਨੀ ਤੇ ਹਿੰਦੁਸਤਾਨੀਆਂ ਦੀ ਹਿੰਦੁਸਤਾਨੀ ਹੈ। ਹਰ ਦੇਸ ਦੇ ਅੱਗੇ ਕਈ ਹਿੱਸੇ ਹੁੰਦੇ ਹਨ, ਜਿਸ ਤਰ੍ਹਾਂ ਹਿੰਦੁਸਤਾਨ ਵਿਚ ਕਈ ਰਿਆਸਤਾਂ ਤੇ ਪ੍ਰਾਂਤ ਹਨ, ਹਰ ਸੂਬੇ ਦੀ ਆਪਣੀ ਆਪਣੀ ਬੋਲੀ ਹੈ। ਬੰਗਾਲ ਵਾਲੇ ਬੰਗਾਲੀ, ਮਦਰਾਸ ਵਾਲੇ ਮਦਰਾਸੀ, ਗੁਜਰਾਤ ਕਾਠੀਆਵਾੜ ਵਾਲੇ ਗੁਜਰਾਤੀ, ਮਾਰਵਾੜ ਵਾਲੇ ਮਾਰਵਾੜੀ, ਅਤੇ ਪੰਜਾਬ ਦੇ ਵਸਨੀਕ ਪੰਜਾਬੀ ਹੀ ਬੋਲਦੇ ਹਨ।

ਇਸ ਵਿਚ ਸ਼ੱਕ ਨਹੀਂ ਕਿ ਹਰ ਦੇਸ ਤੇ ਹਰ ਪ੍ਰਾਂਤ ਦੇ ਵਸਨੀਕਾਂ ਦੀ ਬੋਲੀ ਆਸੇ ਪਾਸੇ ਦੇ ਜਾਂ ਬਾਹਰਲੇ ਦੇਸਾਂ ਦੇ ਵਸਨੀਕਾਂ ਦੇ ਆਉਣ ਜਾਣ ਨਾਲ ਤੇ ਸਮੇਂ ਦੇ ਪ੍ਰਭਾਵ ਕਰਕੇ ਥੋੜੀ ਥੋੜੀ ਬਦਲਦੀ ਰਹਿੰਦੀ ਹੈ, ਇਸ ਥੋੜੀ ਜਹੀ ਤਬਦੀਲੀ ਕਰਕੇ ਅਸੀਂ ਉਹਨਾਂ ਦੀ ਬੋਲੀ ਹੋਰ ਨਹੀਂ ਮੰਨ ਸਕਦੇ; ਉਹਨਾਂ ਦੀ ਬੋਲੀ ਤਾਂ ਉਹੋ ਹੀ ਕਹੀ ਜਾਂਦੀ ਹੈ ਭਾਵੇਂ ਉਹਨਾਂ ਦੇ ਬੋਲ ਚਾਲ ਵਿਚ ਕੁਝਕੁ ਸ਼ਬਦਾਂ ਦਾ ਉਚਾਰਨ ਅਸਲੀ ਸ਼ਬਦਾਂ ਦੇ ਉਚਾਰਨ ਦੇ ਮੁਕਾਬਲੇ ਵਿਚ ਵੱਖਰਾ ਜਿਹਾ ਪਰਤੀਤ ਹੁੰਦਾ ਹੈ।



Digitized by Panjab Digital Library | www.panjabdigilib.org

# ਪੰਜਾਬ ਤੇ ਪੰਜਾਬੀ

ਜਦੋਂ ਆਰੀਆ ਲੋਕ ਮਧ ਏਸ਼ੀਆ ਤੋਂ ਹਿੰਦੂ ਕੁਸ਼ ਪਹਾੜੀਆਂ ਲੰਘ ਕੇ ਭਾਰਤ ਵਰਸ਼ ਦੇ ਸੁਹਾਵਣੇ ਦੇਸ ਵਿਚ ਆਏ ਤਾਂ ਇਹਨਾਂ ਨੇ ਦਰਿਆ ਸਿੰਧ ਤੋਂ ਲੈ ਕੇ ਦਰਿਆ ਜਮਨਾ ਦੇ ਵਿਚਕਾਰਲੇ ਅਲਾਕੇ ਦੇ ਅਸਲ ਵਸਨੀਕਾਂ ਨੂੰ ਇਥੋਂ ਕੱਢ ਦਿਤਾ ਤੇ ਆਪ ਇਸ ਸੁਹਾਵਣੀ ਤੇ ਉਪਜਾਊ ਧਰਤੀ ਵਿਚ ਆ ਵਸੇ, ਇਹਨਾਂ ਦੀ ਬੋੱਲੀ ਪਰਾਕ੍ਰਿਤ ਸੀ। ਇਹਨਾਂ ਵਿਚੋਂ ਜਿਹੜੇ ਬੜੇ ਬਲਵਾਨ ਤੇ ਵਿਦਵਾਨ ਸਨ, ਉਹ ਕਸ਼ਮੀਰ ਅਤੇ ਆਸੇ ਪਾਸੇ ਦੇ ਪਹਾੜੀ ਅਲਾਕਿਆਂ ਵਿਚ ਜਾ ਵੱਸੇ ਅਤੇ ਕੁਝ ਉਹਨਾਂ ਦਰਿਆਵਾਂ ਦੇ ਕੰਢਿਆਂ ਤੇ ਜਾ ਵੱਸੇ ਜਿਹੜੇ ਇਸ ਧਰਤੀ ਵਿਚ ਵਗਦੇ ਸਨ। ਉਹਨਾਂ ਵਿਦਵਾਨਾਂ ਨੇ ਇਸ ਸੁਹਾਵਣੀ ਧਰਤੀ ਵਿਚ ਰਹਿੰਦਿਆਂ ਵੇਦ ਤੇ ਸ਼ਾਸਤਰ ਲਿਖੇ, ਜੋ ਉਹਨਾਂ ਦੀ ਆਪਣੀ ਬੋਲੀ ਅਥਵਾ ਸੰਸਕ੍ਰਿਤ ਵਿਚ ਸਨ, ਇਹਨਾਂ ਵਿਚ ਜੋ ਅਨਪੜ੍ਹ ਅਥਵਾ ਆਮ ਲੋਕ ਸਨ ਉਹਨਾਂ ਦੀ ਬੋਲੀ ਪਰਾਕ੍ਰਿਤ ਸੀ ਥੋੜਾ ਚਿਰ ਮਗਰੋਂ ਬੁੱਧ ਮਤ ਦਾ ਜ਼ੋਰ ਹੋ ਗਿਆ ਅਤੇ ਇਸ ਅਲਾਕੇ ਵਿਚ ਸੰਸਕ੍ਰਿਤ ਅਤੇ ਪਰਾਕ੍ਰਿਤ ਉਤੇ ਪਾਲੀ ਬੋੱਲੀ ਦਾ ਅਸਰ ਪਿਆ, ਜਿਸ ਕਰਕੇ ਪਰਾਕ੍ਰਿਤ ਵੀ ਥੁਹੜੀ ਜਹੀ ਬਦਲ ਗਈ ਤੇ ਉਸ ਵਿਚੋਂ ਕਈ ਵਿਗੜੀਆਂ ਹੋਈਆਂ ਬੋੱਲੀਆਂ, ਜਿਨ੍ਹਾਂ ਨੂੰ 'ਅਪਭ੍ਰੰਸ਼' ਕਿਹਾ ਜਾਂਦਾ ਹੈ, ਨਿਕਲੀਆਂ।

ਉਹਨਾਂ ਦਿਨਾਂ ਵਿਚ ਇਸ ਅਲਾਕੇ ਨੂੰ ਜੋ ਜਮਨਾ ਤੇ ਦਰਿਆ ਸਿੰਧ ਦੇ ਵਿਕਾਰਲਾ ਸੀ, ਸਪਤ ਸਿੰਧੂ ਕਿਹਾ ਜਾਂਦਾ ਸੀ, ਕਿਉਂਕਿ ਇਸ ਅਲਾਕੇ ਵਿਚ ਜਮਨਾ, ਸਤਲੁਜ, ਬਿਆਸ, ਰਾਵੀ, ਚਨਾਬ ਜਿਹਲਮ ਤੇ ਸਿੰਧ ਆਦਿਕ ਸੱਤ ਵੱਡੇ ਦਰਿਆ ਵਗਦੇ ਹਨ। ਏਥੇ ਕੋਈ ਵਡੇ ਸ਼ਹਿਰ ਅਬਾਦ ਨਹੀਂ ਹੋਏ ਸਨ, ਸਗੋਂ ਛੋਟੀਆਂ ਛੋਟੀਆਂ ਵਸਤੀਆਂ ਸਨ ਆਮ ਲੋਕ ਟੱਪਰੀ ਵਾਸ ਸਨ, ਜਿਨ੍ਹਾਂ ਨੂੰ ਗੁਜਰ ਜਾਂ



Digitized by Panjab Digital Library | www.panjabdigilib.org

ਆਹੀਰ ਕਿਹਾ ਜਾਂਦਾ ਸੀ। ਇਹ ਲੋਕ ਮਹੀਆਂ ਗਾਈਆਂ ਦੇ ਵੱਗ ਪਾਲਦੇ ਸਨ ਤੇ ਇਨ੍ਹਾਂ ਗੁਜਰਾਂ ਦੇ ਨਾਂ ਤੇ ਇਹ ਵਸਤੀਆਂ ਆਬਾਦ ਹੋਈਆਂ ਜਿਨ੍ਹਾਂ ਦਾ ਨਾਂ ਅਜ ਤਕ ਗੁਜਰਾਂ ਵਾਲਾ, ਗੁਜਰਾਤ, ਗੁਜਰ ਖਾਨ, ਆਦਿ ਹਨ। ਇਹ ਲੋਕ ਏਧਰ ਉਧਰ ਫਿਰਦੇ ਰਹਿੰਦੇ ਸਨ, ਜਿਸ ਕਰਕੇ ਇਨ੍ਹਾਂ ਦੀ ਬੋਲੀ ਉਤੇ ਆਸੇ ਪਾਸੇ ਦੇ ਅਲਾਕੇ ਦੀਆਂ ਬੋਲੀਆਂ ਦਾ ਵੀ ਅਸਰ ਹੁੰਦਾ ਗਿਆ। ਕਸ਼ਮੀਰ, ਕਾਬਲ ਤੇ ਈਰਾਨ ਆਦਿ ਦੇਸਾਂ ਦੇ ਵਸਨੀਕ ਇਸ ਅਲਾਕੇ ਅੰਦਰ ਆਉਂਦੇ ਜਾਂਦੇ ਰਹਿੰਦੇ ਸਨ, ਜਿਸ ਕਰਕੇ ਏਥੋਂ ਦੀ ਬੋਲੀ ਬਹੁਤ ਵਿਗੜਦੀ ਗਈ। ਨੌਵੀਂ ਸਦੀ ਈਸਵੀ ਦੇ ਅੰਤ ਵਿਚ ਇਸ ਅਲਾਕੇ ਅੰਦਰ ਜੋਗੀਆਂ ਦਾ ਜ਼ੋਰ ਹੋ ਗਿਆ, ਜੋ ਇਸ ਅਲਾਕੇ ਤੋਂ ਬਾਹਰ ਜਾ ਜਾ ਕੇ ਵੀ ਆਪਣੇ ਖਿਆਲਾਂ ਦਾ ਪ੍ਰਚਾਰ ਕਰਦੇ ਰਹੇ। ਇਸ ਲਈ ਇਹ ਜ਼ਰੂਰੀ ਸੀ ਕਿ ਇਨ੍ਹਾਂ ਦੀ ਬੋਲੀ ਵਿਚ ਬਾਹਰਲੀਆਂ ਬੋਲੀਆਂ ਦੇ ਵੀ ਸ਼ਬਦ ਆ ਰਲਦੇ। ਯਾਰ੍ਹਵੀਂ ਸਦੀ ਵਿਚ ਜਦੋਂ ਮੁਸਲਮਾਨ ਈਰਾਨ ਵਲੋਂ ਇਸ ਧਰਤੀ ਤੇ ਆਏ ਉਨ੍ਹਾਂ ਦੀ ਬੋਲੀ ਦਾ ਵੀ ਬੜਾ ਅਸਰ ਪਿਆ। ਸੋ ਜੋਗੀਆਂ ਦੇ ਸਮੇਂ ਦੀ ਬੋਲੀ ਵਿਚ ਵੀ ਬੜੀ ਤਬਦੀਲੀ ਆ ਗਈ। ਇਸ ਲਈ ਪੰਜਾਬੀ ਬੋਲੀ ਦਾ ਜਨਮ ਅਸੀਂ ਇਸਤਰ੍ਹਾਂ ਮੰਨ ਸਕਦੇ ਹਾਂ:—

ਆਮ ਜਨਤਾ ਦੀ ਬੋੱਲੀ ਪਰਾਕ੍ਰਿਤ ਸੀ। ਪਰਾਕ੍ਰਿਤ ਦਾ ਅਰਥ ਪਹਿਲਾਂ ਦੀ ਬਣੀ ਹੋਈ ਹੈ। ਵਿਦਵਾਨਾਂ ਤੇ ਪੰਡਤਾਂ ਨੇ ਪਰਾਕ੍ਰਿਤ ਨੂੰ ਸੋਧ ਕੇ ਇਸ ਵਿਚੋਂ ਸੰਸਕ੍ਰਿਤ ਕੱਢ ਲਈ। ਸੰਸਕ੍ਰਿਤ ਪਰਾਕ੍ਰਿਤ ਦਾ ਸੁਧਰਿਆ ਹੋਇਆ ਰੂਪ ਸੀ। ਆਮ ਲੋਕ ਪਰਾਕ੍ਰਿਤ ਹੀ ਬੋਲਦੇ ਸਨ। ਪ੍ਰਾਕ੍ਰਿਤ ਵਿਚੋਂ ਕਈ ਅਪਭ੍ਰੰਸ਼ਾ-ਨਿਕਲੀਆਂ ਜਿਨ੍ਹਾਂ ਵਿਚੋਂ ਇਕ ਅਪਭ੍ਰੰਸ਼ ਵਿਚੋਂ ਕਸ਼ਮੀਰੀ ਤੇ ਈਰਾਨੀ ਅਸਰ ਕਰਕੇ ਉਹ ਬੋਲੀ ਨਿਕਲੀ ਜਿਸ ਨੂੰ 'ਪੰਜਾਬੀ' ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਵੇਦਾਂ ਸ਼ਾਸਤਰਾਂ ਦੀ ਸੰਸਕ੍ਰਿਤ ਤੇ ਅੱਜ ਕੱਲ ਦੀ ਸੰਸਕ੍ਰਿਤ ਵਿਚ ਫਰਕ ਹੈ, ਇਸੇ ਤਰ੍ਹਾਂ



Digitized by Panjab Digital Library | www.panjabdigilib.org

ਜੋਗੀਆਂ ਦੇ ਸਮੇਂ ਦੀ ਪੰਜਾਬੀ ਤੇ ਅਜ ਕਲ ਦੀ ਪੰਜਾਬੀ ਵਿਚ ਫਰਕ ਭਾਸਦਾ ਹੈ।

ਜੋਗ ਪੰਥ ਦਾ ਜਨਮ ਇਸੇ ਧਰਤੀ ਵਿਚ ਹੋਇਆ। ਨੌਵੀਂ ਸਦੀ ਤੋਂ ਲੈ ਕੇ ਪੰਦਰਵੀਂ ਸਦੀ ਈਸਵੀ ਤਕ ਇਨ੍ਹਾਂ ਦਾ ਕਾਫੀ ਜ਼ੋਰ ਰਿਹਾ। ਉਸ ਸਮੇਂ ਇਨ੍ਹਾਂ ਦੀ ਪੰਜਾਬੀ ਇਸ ਤਰ੍ਹਾਂ ਦੀ ਸੀ–

ਨਦੀ ਵਿਗ ਬਿਰਖਾ ਨਾਰੀ ਸੰਗ ਪੁਰਖਾ ਅਲਪੁ ਜੀਵਣ ਕੀ ਆਸਾ।
ਮਨ ਕੀ ਚਾਲ ਮੇਰ ਖਿਸਤ ਹੈ ਤਾਂ ਤੇ ਕੰਧ ਬਿਨਾਸਾ।੧।
ਗੋਡੇ ਭਏ ਡਗਮਗੇ, ਪੇਟ ਭਇਆ ਢਿਲ ਢਿਲਾ, ਕੇਸ ਬਗਲੇ ਕੇ ਪੰਖਾ।
ਅਮੀ ਮਹਾਂਰਸ ਬਾਘਨਿ ਸੋਖਾ ਤਾਂ ਤੇ ਘੋਰ ਮਥਨ ਭਈ ਅੰਖਾ।
ਦਿਵਸ ਕਉ ਬਾਘਨਿ ਸੁਰਿ ਨਰਿ ਮੋਹੈ ਰਾਤੀ ਸਾਇਰ ਸੋਖੈ।
ਮੂਰਖ ਲੋਕਾ ਅੰਧਲਾ ਪਸੂਆ ਨਿਤ ਪ੍ਰਤਿ ਬਾਘਨਿ ਪੋਖੈ।
ਦਾਮਿ ਕਾਢਿ ਬਾਘਨਿ ਲੈ ਆਇਆ,ਮਾਉ ਕਹੈ ਮੇਰਾ ਪੂਤ ਬਿਆਹਿਆ।
ਗੀਲੀ ਲਕੜੀ ਕਉ ਘੁਣ ਲਾਇਆ, ਤਿਨ ਡਾਲ ਮੂਲ ਸਣਿ ਖਾਇਆ।
ਬਾਘਨਿ ਜਿੰਦ ਲੇਇ, ਬਾਘਨਿ ਬਿੰਦ ਲੇਇ ਬਾਘਨਿ ਹਮਰੀ ਕਾਇਆ।
ਇਨਿ ਬਾਘਨਿ ਤ੍ਰੈਈ ਲੋਕੀ ਖਾਈ ਬਦਤਿ ਗੋਰਖ ਰਾਇਆ।

ਬਾਰ੍ਹਵੀਂ ਸਦੀ ਈਸਵੀ ਦੇ ਅੰਤ ਵਿਚ ਬਾਬਾ ਫਰੀਦ ਜੀ ਸ਼ਕਰਗੰਜ ਪਾਕ ਪਟਨ ਦੇ ਅਲਾਕੇ ਵਿਚ ਹੋਏ ਹਨ। ਇਨ੍ਹਾਂ ਦੇ ਸਮੇਂ ਤਕ ਫਾਰਸੀ ਦੇ ਬਹੁਤ ਸਾਰੇ ਸ਼ਬਦ ਪੰਜਾਬ ਵਿਚ ਵਰਤੇ ਜਾਣ ਲਗ ਪਏ ਸਨ ਤੇ ਜੋਗੀਆਂ ਦੀ ਬੋਲੀ ਨਾਲੋਂ ਇਨ੍ਹਾਂ ਦੇ ਸਮੇਂ ਦੀ ਬੋਲੀ ਵਿਚ ਕਾਫੀ ਫ਼ਰਕ ਪੈ ਚੁੱਕਾ ਸੀ। ਜਿਹਾ ਕਿ ਬਾਬਾ ਫਰੀਦ ਜੀ ਦੀ ਬਾਣੀ ਤੋਂ ਪਤਾ ਲਗਦਾ ਹੈ:–

ਦਿਲਹੁ ਮੁਹਬਤਿ ਜਿਨ ਸੇਈ ਸਚਿਆ।
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।੧।
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ।
ਵਿਸਰਿਆ ਜਿਨ ਨਾਮੁ ਤੇ ਭੋਇ ਭਾਰੁ ਥੀਏ।



Digitized by Panjab Digital Library | www.panjabdigilib.org

ਜੇ ਇਨ੍ਹਾਂ ਸਤਰਾਂ ਵੱਲ ਗਹੁ ਕਰਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਮੁਹਬਤਿ, ਇਸ਼ਕ, ਖ਼ੁਦਾਇ, ਦੀਦਾਰਿ ਆਦਿ ਸ਼ਬਦ ਫਾਰਸੀ ਵਿਚੋਂ ਆਏ ਹਨ ਅਤੇ ਇਨ੍ਹਾਂ ਦੀ ਬਾਕੀ ਬੋੱਲੀ ਜੋਗੀਆਂ ਦੀ ਬੋਲੀ ਨਾਲ ਥੋੜੀ ਬਹੁਤੀ ਮਿਲਦੀ ਜੁਲਦੀ ਹੈ।

ਇਤਹਾਸ ਤੋਂ ਪਤਾ ਲਗਦਾ ਹੈ ਕਿ ਪਾਂਡਵਾਂ ਦੇ ਵੇਲੇ ਇਸ ਧਰਤੀ ਦਾ ਨਾਂ ਜਿਸ ਨੂੰ ਅਜ ਪੰਜਾਬ ਕਿਹਾ ਜਾਂਦਾ ਹੈ, 'ਪੰਚਾਲ, ਸੀ ਤੇ ਇਸ ਦੇਸ ਉਤੇ ਰਾਜਾ ਦਰੁਪਦ ਦਾ ਰਾਜ ਸੀ। ਯੂਨਾਨੀਆਂ ਦੇ ਹਮਲੇ ਵੇਲੇ ਇਸ ਧਰਤੀ ਦਾ ਨਾ 'ਪੰਜ-ਨਦ' ਪਿਆ ਅਤੇ ਈਰਾਨੀਆਂ ਦੇ ਆਉਣ ਜਾਣ ਨਾਲ ਲਗ ਪਗ ਯਾਰ੍ਹਵੀਂ ਸਦੀ ਈਸਵੀ ਵਿਚ ਜਾਂ ਇਸ ਤੋਂ ਥੋੜਾ ਚਿਰ ਮਗਰੋਂ ਇਸ ਧਰਤੀ ਦਾ ਨਾਂ ਪੰਜਾਬ ਪੈ ਗਿਆ ਤੇ ਇਸ ਦੇਸ ਦੇ ਵਸਨੀਕਾਂ ਨੂੰ ਪੰਜਾਬੀ ਕਿਹਾ ਜਾਣ ਲੱਗਾ। ਇਹ ਕੁਦਰਤੀ ਗੱਲ ਸੀ ਕਿ ਪੰਜਾਬੀਆਂ ਦੀ ਬੋੱਲੀ ਦਾ ਨਾਂ ਵੀ ਪੰਜਾਬੀ ਹੀ ਹੋਵੇ। ਸੋ ਪੰਜਾਬੀ ਸ਼ਬਦ ਅਤੇ ਪੰਜਾਬੀ ਬੋਲੀ ਦਾ ਅਸਲ ਆਰੰਭ ਅਸੀਂ ਬਾਰ੍ਹਵੀਂ ਸਦੀ ਈਸਵੀ ਤੋਂ ਹੀ ਮੰਨ ਸਕਦੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਪੰਦਰਵੀਂ ਸਦੀ ਈਸਵੀ ਵਿਚ ਹੋਏ ਹਨ। ਇਨ੍ਹਾਂ ਦੇ ਸਮੇਂ ਪੰਜਾਬ ਵਿਚ ਜੋਗੀਆਂ ਦਾ ਵੀ ਜ਼ੋਰ ਸੀ ਤੇ ਮੁਸਲਮਾਨ ਸੂਫ਼ੀਆਂ ਦਾ ਵੀ, ਜਿਸ ਕਰਕੇ ਇਨ੍ਹਾਂ ਦੇ ਵੇਲੇ ਵੀ ਲਗ ਪਗ ਉਹੋ ਜਹੀ ਪੰਜਾਬੀ ਹੀ ਆਮ ਪ੍ਰਚਲਤ ਸੀ ਜਿਹੋ ਜਹੀ ਕਿ ਬਾਬਾ ਫ਼ਰੀਦ ਜੀ ਦੇ ਸਮੇਂ ਵਰਤੀ ਜਾਂਦੀ ਰਹੀ ਹੈ। ਸੋ ਸਿਖ ਗੁਰੂ ਸਾਹਿਬਾਨ ਨੇ ਬਹੁਤੀ ਬਾਣੀ ਉਸੇ ਹੀ ਬੋਲੀ ਵਿਚ ਉਚਾਰੀ ਹੈ।

ਸਿਖ ਗੁਰੂ ਸਾਹਿਬਾਂ ਤੋਂ ਪਹਿਲਾਂ ਪੰਜਾਬੀ ਬੋਲੀ ਆਮ ਕਰਕੇ ਸੰਸਕ੍ਰਿਤ ਜਾਂ ਦੇਵਨਾਗਰੀ ਲਿਪੀ ਵਿਚ ਹੀ ਲਿਖੀ ਜਾਂਦੀ ਸੀ ਅਤੇ ਜਦ ਤੋਂ ਮੁਸਲਮਾਨ ਪੰਜਾਬ ਵਿਚ ਆ ਕੇ ਵੱਸੇ ਉਹ ਏਥੋਂ ਦੀ ਬੋਲੀ ਫ਼ਾਰਸੀ ਲਿਪੀ ਵਿਚ ਲਿਖਦੇ ਰਹੇ। ਜਿਹਾ ਕਿ ਜੋਗੀਆਂ ਦੀਆਂ ਬਹੁਤ ਸਾਰੀਆਂ ਲਿਖਤਾਂ ਦੇਵਨਾਗਰੀ ਲਿਪੀ ਵਿਚ ਹੀ ਮਿਲਦੀਆਂ ਹਨ ਅਤੇ ਬਾਬਾ



Digitized by Panjab Digital Library | www.panjabdigilib.org

ਫ਼ਰੀਦ ਜੀ ਸ਼ਕਰਗੰਜ ਅਤੇ ਉਨ੍ਹਾਂ ਦੇ ਸਮਕਾਲੀ ਜਾਂ ਪਿਛਲੇ ਸੂਫੀ ਫਕੀਰਾਂ ਨੇ ਆਪਣੀਆਂ ਪੰਜਾਬੀ ਰਚਨਾਵਾਂ ਫ਼ਾਰਸੀ ਅੱਖਰਾਂ ਵਿਚ ਹੀ ਲਿਖੀਆਂ। ਬਾਬਾ ਫ਼ਰੀਦ ਜੀ ਦੀ ਬਹੁਤ ਸਾਰੀ ਬਾਣੀ ਅਜੇ ਤਕ ਫ਼ਾਰਸੀ ਲਿਪੀ ਵਿਚ ਲਿਖੀ ਪਾਕਟਨ ਤੇ ਫ਼ਰੀਦ ਕੋਟ ਵਿਚ ਬਾਬਾ ਫ਼ਰੀਦ ਜੀ ਦੇ ਅਸਥਾਨ ਤੇ ਦੇਖੀ ਜਾ ਸਕਦੀ ਹੈ। ਇਹ ਸਾਰੀ ਬਾਣੀ ਬੜੇ ਸੁਹਣੇ ਤੇ ਖੁਸ਼ਖ਼ਤ ਅੱਖਰਾਂ ਵਿਚ ਲਿਖੀ ਹੋਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਜਾਂ ਇਨ੍ਹਾਂ ਤੋਂ ਥੋੜਾ ਚਿਰ ਮਗਰੋਂ ਭਾਈ ਬਾਲੇ ਵਾਲੀ ਜਨਮ ਸਾਖੀ ਲਿਖੀ ਗਈ, ਜੋ ਪੰਜਾਬੀ ਸਾਹਿਤ ਅੰਦਰ ਵਾਰਤਕ ਦੀ ਸਭ ਤੋਂ ਪਹਿਲੀ ਲਿਖਤ ਹੈ। ਇਹ ਜਨਮ ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜੇ ਮੋਖੇ ਤੋਂ ਲਿਖਵਾਈ ਸੀ। ਇਸ ਜਨਮਸਾਖੀ ਦੀ ਬੋਲੀ ਤੇ ਅਜ ਕਲ ਦੀ ਬੋਲੀ ਲਿਖਣ ਦੇ ਢੰਗ ਤੇ ਉਚਾਰਣ ਵਿਚ ਕਾਫੀ ਫਰਕ ਪ੍ਰਤੀਤ ਹੋ ਰਿਹਾ ਹੈ। ਸਮੇਂ ਦੇ ਨਾਲ ਨਾਲ ਜਿਸਤਰ੍ਹਾਂ ਬੋਲੀ ਵਿਚ ਫਰਕ ਆ ਜਾਂਦਾ ਹੈ ਇਸੇ ਤਰ੍ਹਾਂ ਲਿਖਾਰੀਆਂ ਦੀਆਂ ਲਿਖਤਾਂ ਵਿਚ ਵੀ ਕੁਝ ਕੁਝ ਫ਼ਰਕ ਆ ਜਾਂਦਾ ਹੈ। ਅਜ ਕਲ ਦੀ ਆਮ ਬੋਲ ਚਾਲ ਵਾਲੀ ਪੰਜਾਬੀ ਤੇ ਪੁਰਾਣੇ ਸਮੇਂ ਦੀ ਪੰਜਾਬੀ ਵਿਚ ਕਾਫੀ ਫਰਕ ਪੈ ਚੁੱਕਾ ਹੈ। ਕਿਸੇ ਦੇਸ ਦੇ ਆਮ ਵਸਨੀਕ ਪੜ੍ਹੇ ਹੋਏ ਤੇ ਅਨਪੜ੍ਹ, ਜਿਨ੍ਹਾਂ ਸ਼ਬਦਾਂ ਨਾਲ ਆਪਣੇ ਮਨ ਦਾ ਮਨੋਰਥ ਪ੍ਰਗਟ ਕਰਦੇ ਹਨ, ਉਹੋ ਹੀ ਉਸ ਦੇਸ ਦੀ ਬੋਲੀ ਸਮਝੀ

---

ਨੋਟ:—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਬਾਬਾ ਫਰੀਦ ਜੀ ਦੀ ਬਾਣੀ ਅਤੇ ਡਾਕਟਰ ਮੋਹਨ ਸਿੰਘ ਜੀ ਨੇ ਸੂਫੀਆਂ ਦੇ ਕਲਾਮ ਵਿਚ ਜੋ ਬਾਬਾ ਫਰੀਦ ਜੀ ਦੀ ਬਾਣੀ ਦਿਤੀ ਹੈ, ਇਹ ਸਾਰੀ ਬਾਣੀ ਅਤੇ ਹੋਰ ਬਹੁਤ ਸਾਰਾ ਪੰਜਾਬੀ ਕਲਾਮ ਜੋ ਬਾਬਾ ਫਰੀਦ ਜੀ ਨੇ ਉਚਾਰਿਆ, ਫ਼ਰੀਦ ਕੋਟ ਦੀ ਬਾਬਾ ਫਰੀਦ ਜੀ ਦੀ ਯਾਦਗਾਰ ਵਿਚ ਪਈ ਇਕ ਹਥ ਲਿਖੀ ਕਤਾਬ ਵਿਚ ਵੇਖਿਆ ਜਾ ਸਕਦਾ ਹੈ।



Digitized by Panjab Digital Library | www.panjabdigilib.org

ਜਾਂਦੀ ਹੈ, ਤੇ ਬੋਲੀ ਵਿਚ ਸਮੇਂ ਦੇ ਲਿਹਾਜ਼ ਤੇ ਚੁਗਿਰਦੇ ਦੇ ਅਸਰ ਕਰਕੇ ਫਰਕ ਆਉਂਦਾ ਹੀ ਰਹਿੰਦਾ ਹੈ।

ਅਸੀਂ ਪੰਜਾਬ ਦੇ ਵਸਨੀਕ ਹਾਂ, ਪੰਜਾਬ ਦਰਿਆ ਅਟਕ ਅਤੇ ਜਮਨਾ ਦੇ ਵਿਚਕਾਰਲੇ ਅਲਾਕੇ ਦਾ ਨਾਂ ਹੈ, ਇਸ ਧਰਤੀ ਵਿਚ ਪੰਜ ਦਰਿਆ ਵਗਦੇ ਹਨ ਅਤੇ ਇਨ੍ਹਾਂ ਦਰਿਆਵਾਂ ਕਰ ਕੇ ਇਸ ਧਰਤੀ ਦੇ ਸੁਭਾਵਕ ਹੀ ਕੁਝ ਹਿਸੇ ਹੋ ਚੁੱਕੇ ਹਨ ਜਿਨ੍ਹਾਂ ਨੂੰ ਦੁਆਬੇ ਕਿਹਾ ਜਾਂਦਾ ਹੈ। ਭਾਵੇਂ ਇਹ ਸਾਰੇ ਦੁਆਬੇ ਪੰਜਾਬ ਦੇ ਹੀ ਹਨ ਤਦ ਵੀ ਚੁਗਿਰਦੇ ਦੇ ਅਸਰ ਕਰਕੇ ਇਨ੍ਹਾਂ ਦੁਆਬਿਆਂ ਦੇ ਵਸਨੀਕਾਂ ਦੀ ਬੋਲੀ ਦੇ ਉਚਾਰਣ ਵਿਚ ਕੁਝ ਕੁਝ ਫਰਕ ਪਿਆ ਹੋਇਆ ਹੈ। ਜਿਸਤਰ੍ਹਾਂ ਦਰਿਆ ਅਟਕ ਤੇ ਜਿਹਲਮ ਦੇ ਵਿਚਕਾਰਲੇ ਅਲਾਕੇ ਪੋਠੋਹਾਰ ਦੀ ਬੋਲੀ ਭਾਵੇ ਪੰਜਾਬੀ ਹੈ, ਪਰ ਇਸ ਉਤੇ ਇਕ ਪਾਸੇ ਸਰਹੱਦੀ ਅਲਾਕੇ ਦੀ ਬੋਲੀ ਦੂਜੇ ਪਾਸੇ ਪਛਮੀ ਕਸ਼ਮੀਰ ਦੀ ਬੋਲੀ ਦਾ ਅਸਰ ਪੈਣ ਕਰਕੇ ਪੋਠੋਹਾਰੀ ਬੋਲੀ ਵਖਰੀ ਜਹੀ ਪ੍ਰਤੀਤ ਹੁੰਦੀ ਹੈ, ਇਸੇ ਤਰ੍ਹਾਂ ਦਰਿਆ ਝਨਾਂ ਤੇ ਜਿਹਲਮ ਦੇ ਵਿਚਕਾਰਲੇ ਅਲਾਕੇ ਦੀ ਬੋਲੀ ਵੱਖਰੀ ਹੈ। ਦਰਿਆ ਰਾਵੀ ਤੇ ਚਨਾਬ ਦੇ ਵਿਚਕਾਰਲੇ ਅਲਾਕੇ ਦੀ ਬੋਲੀ ਹੋਰ ਪ੍ਰਤੀਤ ਹੁੰਦੀ ਹੈ। ਇਸੇ ਤਰ੍ਹਾਂ ਦੁਆਬੇ, ਮਾਲਵੇ, ਬਾਂਗਰ, ਤੇ ਪਾਣੀ ਪਤ, ਕਰਨਾਲ ਤੇ ਫੂਲਕਿਆਣਾਂ ਰਿਆਸਤਾਂ ਦੀ ਬੋਲੀ ਵਖਰੀ ਵਖਰੀ ਜਾਪਦੀ। ਮਾਝਾ ਅਥਵਾ ਲਾਹੌਰ ਤੇ ਅੰਮ੍ਰਿਤਸਰ ਦੇ ਜਿਲਿਆਂ ਦੀ ਬੋਲੀ ਠੇਠ ਜਾਂ ਸਾਹਿਤਕ ਪੰਜਾਬੀ ਕਹੀ ਜਾ ਸਕਦੀ ਹੈ, ਜਿਸ ਉਤੇ ਕਿਸੇ ਬਾਹਰਲੀ ਬੋਲੀ ਦਾ ਅਸਰ ਨਹੀਂ। ਇਹ ਮਾਝਾ ਜਾਂ ਪੰਜਾਬ ਦਾ ਵਿਚਕਾਰਲਾ ਅਲਾਕਾ ਹੈ ਤੇ ਏਥੋਂ ਦੇ ਵਸਨੀਕਾਂ ਦੀ ਬੋਲੀ ਬੜੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਫੂਲਕਿਆਣਾ ਰਿਆਸਤਾਂ ਤੇ ਦਿੱਲੀ ਦੇ ਨਾਲ ਲਗਦਿਆਂ ਜ਼ਿਲਿਆਂ ਦੇ ਵਸਨੀਕਾਂ ਦੀ ਬੋਲੀ ਉਤੇ ਸੂਬਾ ਦਿੱਲੀ ਤੇ ਯੂ ਪੀ. ਦੇ ਅਲਾਕਿਆਂ ਦੀ ਬੋਲੀ ਦਾ ਬੜਾ ਅਸਰ ਹੈ ਮਾਲਵੇ ਦੀ ਬੋਲੀ ਉਤੇ ਵੀ ਇਸ ਅਲਾਕੇ ਦੀ ਬੋਲੀ ਦਾ ਅਸਰ ਹੈ ਤੇ ਦੁਆਬੇ ਦੀ ਬੋਲੀ ਮਾਝੇ ਤੇ ਮਾਲਵੇ ਦੀ ਬੋਲੀ ਦੇ ਮੇਲ ਤੋਂ ਬਣੀ ਪ੍ਰਤੀਤ



Digitized by Panjab Digital Library | www.panjabdigilib.org

ਹੁੰਦੀ ਹੈ। ਭਾਵੇਂ ਇਨ੍ਹਾਂ ਸਾਰੇ ਅਲਾਕਿਆਂ ਦੀ ਬੋਲੀ ਦਾ ਲਹਿਜਾ ਵੱਖਰਾ ਵੱਖਰਾ ਹੈ ਤਦ ਵੀ ਅਸੀਂ ਇਸ ਬੋਲੀ ਨੂੰ ਪੰਜਾਬੀ ਹੀ ਆਖਦੇ ਹਾਂ, ਕਿਉਂਕਿ ਇਹ ਪੰਜਾਬੀ ਬੋੱਲੀ ਦੀਆਂ ਉਪਭਾਖਾਵਾਂ (ਛੋਟੀਆਂ ਰੂਪਕ) ਬੋੱਲੀਆਂ ਹਨ, ਜਿਹੜੀ ਪੰਜਾਬ ਦੇ ਵਸਨੀਕਾਂ ਦੀ ਬੋੱਲੀ ਹੈ। ਬੋਲਣ ਵਿਚ ਇਨ੍ਹਾਂ ਅਲਾਕਿਆਂ ਦੀ ਬੋਲੀ ਵਿਚ ਕੁਝ ਕੁਝ ਫਰਕ ਪ੍ਰਤੀਤ ਹੁੰਦਾ ਹੈ, ਪਰ ਲਿਖਤੀ ਬੋਲੀ ਸਾਰੇ ਪੰਜਾਬ ਦੀ ਇਕੋ ਹੀ ਹੈ। ਪੰਜਾਬੀ ਸਾਹਿਤਕਾਰ ਪੰਜਾਬ ਦੇ ਭਾਵੇਂ ਕਿਸੇ ਹਿੱਸੇ ਵਿਚ ਰਹਿਣ ਵਾਲੇ ਕਿਉਂ ਨਾ ਹੋਣ ਉਨ੍ਹਾਂ ਦੀ ਬੋਲੀ ਇਕ ਹੀ ਹੋਵੇਗੀ। ਪੰਜਾਬ ਟੈਕਸਟ ਬੁਕ ਕਮੇਟੀ ਵਲੋਂ ਜਿੰਨੀਆਂ ਵੀ ਕਤਾਬਾਂ ਪੰਜਾਬ ਦੇ ਸਕੂਲਾਂ ਲਈ ਮਨਜ਼ੂਰ ਹੋਈਆਂ ਹੋਈਆਂ ਹਨ, ਲਗ ਪਗ ਸਾਰੀਆਂ ਪੰਜਾਬੀ ਪੁਸਤਕਾਂ ਦੀ ਬੋਲੀ ਕੇਂਦਰੀ ਹੀ ਹੈ।

ਇਸ ਵੇਲੇ ਪੰਜਾਬ ਵਿਚ ਮਾਤ੍ਰੀ ਬੋਲੀ ਦੀ ਬੜੀ ਚਰਚਾ ਹੈ। ਵਿਦਵਾਨ ਤੇ ਅਕਲ ਵਾਲੇ ਪੰਜਾਬੀ ਇਹ ਮੰਨਦੇ ਹਨ ਕਿ ਸਾਡੀ ਮਾਤਰੀ ਬੋਲੀ ਪੰਜਾਬੀ ਹੈ, ਅਤੇ ਕਈ ਗੁਮਰਾਹ ਹੋਏ ਪੰਜਾਬੀ ਆਪਣੀ ਮਾਤ ਭਾਸ਼ਾ ਹਿੰਦੀ ਦਸ ਰਹੇ ਹਨ। ਇਸ ਵਿਚ ਸ਼ਕ ਨਹੀਂ ਕਿ ਉਨ੍ਹਾਂ ਦੀਆਂ ਇਸਤ੍ਰੀਆਂ, ਧੀਆਂ ਭੈਣਾਂ ਤੇ ਬੱਚੇ ਸਾਰੇ ਦੇ ਸਾਰੇ ਪੰਜਾਬੀ ਬੋਲਦੇ ਹਨ, ਉਹ ਆਪ ਭੀ ਪੰਜਾਬੀ ਬੋਲਦੇ ਤੇ ਪੰਜਾਬੀ ਵਿਚ ਹੀ ਵਿਹਾਰ ਕਰਦੇ ਹਨ ਪਰ ਉਹ ਫੇਰ ਵੀ ਹਿੰਦੀ ਦੀ ਰਟ ਲਾਈ ਹੀ ਜਾਂਦੇ ਹਨ।

ਅੰਗ੍ਰੇਜ਼ਾਂ ਦੇ ਰਾਜ ਸਮੇਂ ਇਹੋ ਹਾਲ ਮੁਸਲਮਾਨਾਂ ਦਾ ਸੀ। ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨ, ਜੋ ਪੰਜਾਬ ਵਿਚ ਕਈਆਂ ਪੀਹੜੀਆਂ ਤੋਂ ਰਹਿ ਰਹੇ ਹਨ ਅਤੇ ਜਿਨ੍ਹਾਂ ਦੇ ਪ੍ਰਵਾਰ ਪੰਜਾਬੀ ਵਿਚ ਹੀ ਗੱਲਾਂ ਬਾਤਾਂ ਕਰਦੇ ਹਨ, ਪਿਛਲੀ ਜਨ ਸੰਖਿਆ ਵੇਲੇ ਉਨ੍ਹਾਂ ਨੇ ਵੀ ਆਪਣੀ ਮਾਤ-ਭਾਸ਼ਾ ਉਰਦੂ ਲਿਖਵਾਈ ਸੀ। ਹੁਣ ਜਦ ਕਿ ਪਾਕਿਸਤਾਨ ਬਣ ਚੁੱਕਾ ਹੈ, ਪਾਕਿਸਤਾਨ ਦੀ ਸਰਕਾਰੀ ਭਾਖਾ ਉਰਦੂ ਨੀਯਤ ਕੀਤੀ ਗਈ ਹੈ ਤਦ ਵੀ ਪੰਜਾਬ ਦੇ ਪੇਂਡੂਆਂ ਵਿਚ ਆਪਣੇ



Digitized by Panjab Digital Library | www.panjabdigilib.org

ਖਿਆਲਾਂ ਦਾ ਪ੍ਰਚਾਰ ਕਰਨ ਲਈ ਲਾਹੌਰ ਰੇਡੀਓ ਸਟੇਸ਼ਨ ਤੋਂ ਅਜੇ ਤਕ ਪੰਜਾਬੀ ਵਿਚ ਹੀ ਪੇਂਡੂ ਪ੍ਰੋਗਰਾਮ ਨਸ਼ਰ ਕੀਤੇ ਜਾ ਰਹੇ ਹਨ। ਵਿਚੋਂ ਤਾਂ ਸਾਰੇ ਮੰਨਦੇ ਹਨ ਕਿ ਅਸੀਂ ਪੰਜਾਬੀ ਹਾਂ, ਪੰਜਾਬ ਵਿਚ ਜੰਮੇ ਪਲੇ ਹਾਂ, ਪੰਜਾਬ ਦਾ ਅਸੀਂ ਪਾਣੀ ਪੀਤਾ ਤੇ ਅੰਨ ਖਾਧਾ ਹੈ, ਤੇ 'ਪੰਜਾਬੀ' ਮਾਂ ਦੇ ਦੁਧ ਦੀਆਂ ਧਾਰਾਂ ਨਾਲ ਸਾਡੇ ਲਹੂ ਵਿਚ ਰਚ ਚੁਕੀ ਹੈ। ਪੰਜਾਬੀ ਹੋਣ ਕਰਕੇ ਅਸੀਂ ਕਿਸੇ ਹਾਲਤ ਵਿਚ ਵੀ ਪੰਜਾਬੀ ਨਹੀਂ ਛੱਡ ਸਕਦੇ, ਪਰ ਈਰਖਾ ਦੇ ਅਸਰ ਹੇਠ ਕੁਝ ਕੁ ਹਿੰਦੂ ਫੇਰ ਵੀ ਹਿੰਦੀ ਨੂੰ ਅਤੇ ਮੁਸਲਮਾਨ ਉਰਦੂ ਨੂੰ ਆਪਣੀ ਮਾਤ ਭਾਸ਼ਾ ਆਖੀ ਜਾ ਰਹੇ ਹਨ। ਇਹ ਕਿਡੀ ਹਾਸੋ ਹੀਣੀ ਗੱਲ ਹੈ। ਅਸੀਂ ਹੈਰਾਨ ਹਾਂ ਕਿ ਦੂਸਰੇ ਸੂਬਿਆਂ ਦੇ ਵਸਨੀਕ ਭਾਵੇਂ ਹਿੰਦੂ ਹਨ ਜਾਂ ਮੁਸਲਮਾਨ ਆਪਣੀ ਮਾਤ ਭਾਖਾ ਨੂੰ ਕਿਸੇ ਹਾਲਤ ਵਿਚ ਵੀ ਛਡਣ ਲਈ ਤਿਆਰ ਨਹੀਂ ਹੁੰਦੇ, ਪਰ ਪੰਜਾਬੀਆਂ ਦਾ ਬਾਵਾ ਆਦਮ ਹੀ ਨਿਰਾਲਾ ਹੈ। ਪਾਕਿਸਤਾਨ ਬਣਨ ਮਗਰੋਂ ਜਦੋਂ ਪਾਕਿਸਤਾਨ ਨੇ ਆਪਣੀ ਰਾਜ ਭਾਖਾ ਉਰਦੂ ਨੀਯਤ ਕੀਤੀ ਤਾਂ ਪੂਰਬੀ ਬੰਗਾਲ ਵਾਲਿਆਂ ਮੁਸਲਮਾਨਾਂ ਨੇ ਉਰਦੂ ਦੀ ਵਿਰੋਧਤਾ ਕੀਤੀ ਅਤੇ ਬੰਗਾਲੀ ਨੂੰ ਹੀ ਆਪਣੀ ਮਾਤ ਭਾਖਾ ਮੰਨਿਆਂ। ਇਸੇ ਤਰ੍ਹਾਂ ਮਦਰਾਸ ਦੇ ਹਿੰਦੂ ਨੌਜਵਾਨਾਂ ਨੇ ਹਿੰਦੀ ਦੀ ਵਿਰੋਧਤਾ ਕੀਤੀ ਤੇ ਮਦਰਾਸੀ ਬੋਲੀ ਹੀ ਆਪਣੀ ਮਾਤ ਭਾਖਾ ਮੰਨੀ। ਉਨ੍ਹਾਂ ਨੇ ਹਿੰਦੀ ਦੇ ਵਿਰੁਧ ਸਤਿਆਗ੍ਰਹਿ ਕੀਤਾ ਤੇ ਸੈਂਕੜੇ ਹਿੰਦੂ ਨੌਜਵਾਨ ਫੜੇ ਗਏ। ਇਸਦੇ ਮੁਕਾਬਲੇ ਵਿਚ ਅਸੀਂ ਜਦੋਂ ਪੰਜਾਬ ਦੇ ਹਿੰਦੂਆਂ ਦੀ ਵਿਚਾਰ ਵੱਲ ਦੇਖਦੇ ਹਾਂ ਤਾਂ ਸਾਨੂੰ ਇਨ੍ਹਾਂ ਦੀ ਹਾਲਤ ਤੇ ਤਰਸ ਆਉਂਦਾ ਹੈ ਕਿ ਇਹ ਲੋਕ ਆਪਣੀ ਮਾਤਾ-ਭਾਖਾ ਦੇ ਹੀ ਉਲਟ ਹੋ ਰਹੇ ਹਨ।

ਜੇ ਵਿਚਾਰ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਰਦੂ ਜਾਂ ਹਿੰਦੀ ਕਿਸੇ ਖਾਸ ਦੇਸ਼ ਜਾਂ ਕੌਮ ਦੀਆਂ ਬੋਲੀਆਂ ਨਹੀਂ। ਜਦੋਂ ਮੁਗਲ ਸ਼ਾਹਾਂ ਨੇ ਸਾਰੇ ਦੇਸ ਦੀ ਸਾਂਝੀ ਬੋਲੀ ਸਬੰਧੀ ਵਿਚਾਰ ਕੀਤੀ ਤਾਂ ਉਨਾਂ ਨੇ ਇਹ ਫੈਸਲਾ ਕੀਤਾ ਕਿ ਉੱਤਰੀ



Digitized by Panjab Digital Library | www.panjabdigilib.org

ਹਿੰਦੁਸਤਾਨ ਅਰਥਾਤ ਆਗਰੇ ਤੇ ਅਵਧ ਦੇ ਸੰਯੁਕਤ ਪ੍ਰਾਂਤ ਦੀ ਬੋਲੀ ਫ਼ਾਰਸੀ ਅਖਰਾਂ ਵਿਚ ਲਿਖਕੇ ਇਸ ਦਾ ਨਾਂ ਲਸ਼ਕਰੀ ਜ਼ਬਾਨ ਜਾਂ ਉਰਦੂ ਰਖਿਆ ਜਾਵੇ। ਜਿਸ ਤਰ੍ਹਾਂ ਅੰਗਰੇਜ਼ਾਂ ਨੇ ਹਿੰਦੁਸਤਾਨੀ ਬੋਲੀ ਅੰਗਰੇਜ਼ੀ ਅੱਖਰਾਂ ਵਿਚ ਲਿਖਕੇ ਉਸ ਦਾ ਨਾਂ ਰੋਮਨ ਰਖਿਆ ਸੀ। ਹਿੰਦੂਆਂ ਨੇ ਇਸੇ ਹਿੰਦੁਸਤਾਨੀ ਬੋਲੀ ਨੂੰ ਦੇਵਨਾਗਰੀ ਅੱਖਰਾਂ ਵਿਚ ਲਿਖਕੇ ਉਸ ਦਾ ਨਾਂ ਬ੍ਰਿਜ-ਭਾਸ਼ਾ ਜਾਂ ਹਿੰਦੀ ਰਖਿਆ। ਅਸਲ ਵਿਚ ਉਰਦੂ ਤੇ ਹਿੰਦੀ ਦੀ ਆਪਣੀ ਲਿਪੀ ਹੀ ਕੋਈ ਨਹੀਂ। ਹੁਣ ਜਦ ਕਿ ਭਾਰਤੀ ਸਰਕਾਰ ਨੇ ਹਿੰਦੁਸਤਾਨੀ ਬੋਲੀ ਨੂੰ ਰਾਜ ਭਾਖਾ ਨੀਯਤ ਕੀਤਾ ਹੈ ਤਾਂ ਹਿੰਦੀ ਪ੍ਰਚਾਰਨੀ ਸਭਾ ਨੂੰ ਵੀ ਹੋਸ਼ ਆਈ ਹੈ ਤੇ ਉਹ ਦੇਵ ਨਾਗਰੀ ਦੀ ਨਵੀਂ ਲਿਪੀ ਬਣਾਨ ਦਾ ਵਿਚਾਰ ਕਰਨ ਲੱਗੀ ਹੈ।

## ਪੰਜਾਬੀ ਲਿੱਪੀ ਜਾਂ ਗੁਰਮੁਖੀ ਅੱਖਰ

ਜਦੋਂ ਆਰੀਆ ਲੋਕ ਪੰਜਾਬ ਵਿਚ ਚੰਗੀ ਤਰ੍ਹਾਂ ਡੇਰੇ ਲਾ ਚੁੱਕੇ ਉਸ ਵੇਲੇ ਆਮ ਜਨਤਾ ਦੀ ਬੋਲੀ ਪਰਾਕ੍ਰਿਤ ਸੀ ਤੇ ਵਿਦਵਾਨ ਪੰਡਤਾਂ ਦੀ ਬੋਲੀ ਸੰਸਕ੍ਰਿਤ ਸੀ, ਜੋ ਦੇਵਨਾਗਰੀ ਅੱਖਰਾਂ ਵਿਚ ਲਿਖੀ ਜਾਂਦੀ ਸੀ। ਮਹਾਰਾਜ ਅਸ਼ੋਕ ਦੇ ਸਮੇਂ ਪੰਜਾਬ ਵਿਚ 'ਪਾਲੀ' ਦਾ ਬੜਾ ਪਰਚਾਰ ਹੋਇਆ। ਇਸ ਤੋਂ ਮਗਰੋਂ ਕਈ ਕੌਮਾਂ ਪੰਜਾਬ ਉਤੇ ਹਮਲਾ-ਆਵਰ ਹੋਈਆਂ ਤੇ ਕਈ ਤਰ੍ਹਾਂ ਦੀਆਂ ਬੋਲੀਆਂ ਤੇ ਲਿਪੀਆਂ ਪਰਚਲਤ ਹੋਈਆਂ। ਪੰਜਾਬੀ ਲਿਪੀ ਜਾਂ ਗੁਰਮੁਖੀ ਲਿਪੀ ਦੇ ਮੁੱਢ ਬਾਬਤ ਵਖ ਵਖ ਵਿਦਵਾਨਾ ਦੇ ਵਖ ਵਖ ਵਿਚਾਰ ਹਨ। ਗ੍ਰੀਅਰਸਨ ਦੇ ਵਿਚਾਰ ਅਜੇ ਖੋਜ ਦੇ ਮੁਹਤਾਜ ਹਨ। ਸਰਦਾਰ ਜੀ. ਬੀ. ਸਿੰਘ ਨੇ ਵੀ ਇਸ ਸਬੰਧੀ ਕੋਈ ਪੂਰੀ ਪੂਰੀ ਖੋਜ ਨਹੀਂ ਕੀਤੀ, ਉਸ ਨੇ ਵੀ ਕਈ ਤਰ੍ਹਾਂ ਦੇ ਢਕੋਂਸਲੇ ਹੀ ਲਾਏ ਹਨ। ਭਾਵੇਂ ਐਲਬਰੂਨੀ ਦੇ ਵੇਲੇ ਪੰਜਾਬ ਵਿਚ ਨਾਗਰੀ, ਸਿੱਧ ਮਾਤ੍ਰਿਕਾ, ਅਰਧ ਨਾਗਰੀ ਤੇ ਭੱਟ ਅੱਛਰੀ ਆਦਿਕ



Digitized by Panjab Digital Library | www.panjabdigilib.org

ਕਈ ਤਰ੍ਹਾਂ ਦੀਆਂ ਲਿੱਪੀਆਂ ਪਰਚਲਤ ਸਨ, ਪਰ ਇਹ ਸਾਰੀਆਂ ਲਿਪੀਆਂ ਥੋੜਾ ਥੋੜਾ ਸਮਾ ਪਰਚਲਤ ਰਹਿ ਕੇ ਆਪੇ ਹੀ ਖਤਮ ਹੋ ਗਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਕਸ਼ਮੀਰ ਵਿਚ 'ਸ਼ਾਰਦਾ' ਲਿਪੀ ਪਰਚਲਤ ਸੀ, ਅਤੇ ਕਾਂਗੜੇ ਦੇ ਅਲਾਕੇ ਵਿਚ ਟਾਕਰੀ ਜਾਂ ਠਾਕਰੀ ਲਿਪੀ ਆਮ ਵਰਤੋਂ ਵਿਚ ਆ ਰਹੀ ਸੀ। ਕੁਝ ਮੁਸਲਮਾਨ ਤਾਂ ਫ਼ਾਰਸੀ ਲਿਪੀ ਹੀ ਵਰਤੋਂ ਵਿਚ ਲਿਆਉਂਦੇ ਰਹੇ, ਜਿਹਾ ਕਿ ਬਾਬਾ ਫ਼ਰੀਦ ਜੀ ਦੇ ਆਪਣੇ ਹਥ ਦੀਆਂ ਲਿਖਤਾਂ ਫ਼ਾਰਸੀ ਵਿਚ ਹੀ ਮਿਲਦੀਆਂ ਹਨ। ਹਿੰਦੂ ਦੇਵ ਨਾਗਰੀ ਲਿਪੀ ਵਰਤੋਂ ਵਿਚ ਲਿਆਉਂਦੇ ਸਨ ਤੇ ਕਾਰ ਵਿਹਾਰ ਵਾਲੇ ਹਿੰਦੂ ਤੇ ਮੁਸਲਮਾਨ ਸੱਜਨ ਟਾਕਰੇ ਅਥਵਾ ਲੰਡੇ ਵਰਤਦੇ ਸਨ।ਸਿੱਧਾਂ ਦੀਆਂ ਲਿਖਤਾਂ ਸਿੱਧ ਮਾਤ੍ਰਿਕਾ ਵਿਚ ਲਿਖੀਆਂ ਮਿਲਦੀਆਂ ਹਨ ਜੋ ਦੇਵ ਨਾਗਰੀ ਦਾ ਹੀ ਇਕ ਵਿਗੜਿਆ ਰੂਪ ਪਰਤੀਤ ਹੁੰਦੀ ਹੈ।

ਟਾਕਰੇ ਜਾਂ ਲੰਡੇ ਲਗਾਂ ਮਾਤਰਾਂ ਤੋਂ ਰਹਿਤ ਸਨ। ਇਹ ਲਿਪੀ ਦੇਵ ਨਾਗਰੀ ਤੋਂ ਵੀ ਪਹਿਲਾਂ ਦੀ ਪੰਜਾਬ ਵਿਚ ਪਰਚਲਤ ਹੋਈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿਲ ਵਿਚ ਇਹ ਖਿਆਲ ਸੀ ਕਿ ਕੋਈ ਇਹੋ ਜਹੀ ਲਿਪੀ ਹੋਵੇ ਜਿਸ ਵਿਚ ਪੰਜਾਬੀ ਬੋਲੀ ਸਹਿਜੇ ਹੀ ਲਿਖੀ ਤੇ ਪੜ੍ਹੀ ਜਾ ਸਕੇ, ਸੋ ਆਪ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣੀ ਵਿਚਾਰ ਦੱਸੀ ਅਤੇ ਉਨ੍ਹਾਂ ਨੇ ਟਾਕਰੇ ਜਾਂ ਲੰਡੇ ਲਿਪੀ ਦੇ ਅੱਖਰ ਸੋਧ ਕੇ ਲਿਖੇ ਅਤੇ ਦੇਵ ਨਾਗਰੀ ਦੀ ਆਮ ਪਰਚਲਤ ਲਿਪੀ ਅਨੁਸਾਰ ਇਨ੍ਹਾਂ ਅੱਖਰਾਂ ਨਾਲ ਵਖ ਵਖ ਲਗਾਂ ਲਾ ਕੇ ਇਕ ਨਵੀਂ ਲਿਪੀ ਪਰਚਲਤ ਕੀਤੀ ਜੋ ਵਿਗਿਆਨਿਕ ਤੋਰ ਤੇ ਪੰਜਾਬੀ ਲਿਖਣ ਲਈ ਐਨ ਢੁਕਵੀਂ ਸਾਬਤ ਹੋਈ।

ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਆਪਣੀ ਪੁਸਤਕ 'ਅਸ਼ਟ ਗੁਰ ਚਮਤਕਾਰ' ਦੇ ਭਾਗ ੧ ਦੇ ਸਫਾ ੧੫੦ ਉਤੇ ਗੁਰਮੁਖੀ



Digitized by Panjab Digital Library | www.panjabdigilib.org

ਅਖਰਾਂ ਦੀ ਰਚਨਾ ਬਾਬਤ ਇਸ ਤਰ੍ਹਾਂ ਹਵਾਲਾ ਦਿੱਤਾ ਹੈ —

ਗੋਇੰਦਵਾਲ ਵਿਚ ਦੋ ਪੋਥੀਆਂ ਸਨ ਤੀਸਰੇ ਗੁਰੂ ਸਾਹਿਬਾਂ ਦੀਆਂ 'ਮੋਹਨ' ਜੀ ਨੂੰ ਦਿੱਤੀਆਂ ਹੋਈਆਂ, ਜਿਨ੍ਹਾਂ ਵਿਚੋਂ ਪੰਚਮ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਲਏ ਸਨ। ਹੁਣ ਇਨ੍ਹਾਂ ਵਿਚੋਂ ਇਕ ਪੋਥੀ ਸਾਹਿਬ ਅਹਯਾ ਪੁਰ (ਹੁਸ਼ਿਆਰ ਪੁਰ ਦੇ ਜ਼ਿਲੇ) ਵਿਚ ਹੈ। ਦੂਸਰੀ ਗੋਇੰਦਵਾਲ ਵਿਚ ਸੀ ਜੋ ਬੀ ਓਥੋਂ ਚਲੀ ਗਈ ਸੀ। ਅਜ ਕਲ ਇਹ ਪੋਥੀ ਸਾਹਿਬ ਪਟਿਆਲੇ ਵਿਚ ਹੈ। ਇਸ ਪੋਥੀ ਦੇ ਪੰਨਾ ੨੧੫ ਪ੍ਰਿਸ਼ਟ ੨ ਦੇ ਹਾਸ਼ੀਏ ਤੇ ਇਹ ਇਬਾਰਤ ਲਿਖੀ ਹੋਈ ਅਸਾਂ ਆਪ ਪੜ੍ਹੀ ਸੀ ਤੇ ਉਤਾਰ ਆਂਦੀ ਸੀ:—

'ਗੁਰੂ ਅੰਗਦ ਗੁਰਮੁਖੀ ਅੱਖਰ ਬਾਨਾਏ ਬਾਬੇ ਦੇ ਅਗੇ ਸ਼ਬਦ ਭੇਟ ਕੀਤਾ।'

ਅਰਥਾਤ ਗੁਰੂ ਨਾਨਕ ਦੇਵ ਜੀ ਦੀ ਆਗਿਆ ਵਿਚ ਗੁਰੂਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਵਿਓਂਤੇ ਤੇ ਪਹਿਲਾ ਸ਼ਬਦ ਉਨ੍ਹਾਂ ਅੱਖਰਾਂ ਵਿਚ ਲਿਖ ਕੇ ਗੁਰੂ ਸੀ ਨੂੰ ਦਿਖਾਇਆ ਸੀ। ਫਿਰ ਮਹਿੰਮਾ ਪ੍ਰਕਾਸ਼ ਵਿਚ ਐਉਂ ਲਿਖਿਆ ਹੈ:—

ਸਤਿਗੁਰ ਨਾਨਕ ਜੀ ਕਹਿਓ ਸੁਨ ਸਤਿਪੁਰਖ ਮਤਿ ਸਾਰ।
ਗੁਰਮੁਖਿ ਪੰਥ ਹਰ ਕੋ ਰਚੋ ਗੁਰਮਤ ਮੰਤ੍ਰ ਉਚਾਰ।

ਚੌਪਈ—ਸਤਿਬਚਨ ਸਤਿਗੁਰ ਮਤਿਧਾਰਾ।
ਤਬ ਗੁਰਮੁਖਿ ਅੱਛਰ ਲਿਖੇ ਸੁਚਾਰਾ।
ਗੁਰਮੁਖਿ ਵਚਨ ਲਿਖ ਪੋਥੀ ਕਰਾ।
ਜੈ ਗੁਰਮੁਖਿ ਪੰਥ ਜਗ ਧਰਾ।
(ਮਹਿਮਾ ਪ੍ਰਕਾਸ਼ ਛੰ: ਸਫਾ ੨੦੨ ਪ੍ਰਿ: ੨)*

---

*ਅਸਾਂ ਮਹਿਮਾ ਪ੍ਰਕਾਸ਼ ਗ੍ਰੰਥ ਦੀ ਇਕ ਨਕਲ ਭਾਪੇ ਦੀ ਹੱਟੀ ਬਾਜ਼ਾਰ ਮਾਈ ਸੇਵਾਂ ਵਿਚ ਦੇਖੀ ਹੈ, ਇਸ ਦੇ ਸਫਾ ੧੬੪ ਉਤੇ ੧੯*



Digitized by Panjab Digital Library | www.panjabdigilib.org

ਇਨ੍ਹਾਂ ਇਤਿਹਾਸਕ ਪਰਮਾਣਾਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਇਹ ਅੱਖਰ ਆਮ ਪਰਚਲਤ ਸਨ ਜਿਨ੍ਹਾਂ ਵਿਚ ਆਪ ਨੇ 'ਪਟੀ' ਲਿਖੀ। ਉਹ ਅੱਖਰ ਇਸ ਤਰਤੀਬ ਵਿਚ ਲਿਖੇ ਹਨ:—

ਸ ੲ ੳ ਙ ਕ ਖ ਗ ਘ । ਚ ਛ
ਜ ਝ ਞ ਟ ਠ ਡ ਢ ਣ । ਤ ਥ
ਦ ਧ ਨ ਪ ਫ ਬ ਭ ਮ ਯ ਰ
ਲ ਵ ੜ ਅ ।

ਇਹ ਅੱਖਰ ਗਿਣਤੀ ਵਿਚ ੩੪ ਹਨ, ਇਨ੍ਹਾਂ ਵਿਚ 'ਹ' ਅੱਖਰ ਹੈ ਨਹੀਂ। ਦੇਵ ਨਾਗਰੀ ਲਿਪੀ ਦੇ ਕੁਲ ਪ੨ ਅੱਖਰ ਹਨ। ਲੰਡਿਆਂ ਜਾਂ ਟਾਕਰਿਆਂ ਦੇ ਕੁਲ ੩੪ ਅੱਖਰ ਸਨ, ਉਨ੍ਹਾਂ ਵਿਚ 'ੜ' ਅੱਖਰ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪਟੀ' ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਇਹ ਅੱਖਰ ਆਮ ਪਰ-ਚਲਤ ਸਨ ਜਿਨ੍ਹਾਂ ਦੇ ਅਧਾਰ ਤੇ ਆਪ ਨੇ ਇਹ ਬਾਣੀ ਲਿਖੀ। ਇਸ ਵਿਚ ਸ਼ੱਕ ਨਹੀਂ ਕਿ ਆਪ ਜਿੱਥੇ ਇਕ ਕ੍ਰਾਂਤੀ ਕਾਰੀ ਧਾਰਮਕ ਆਗੂ ਸਨ ਆਪ ਦੇ ਦਿਲ ਵਿਚ ਦੇਸ ਦੀ ਬੋੱਲੀ ਦਾ ਵੀ ਖਾਸ ਪਿਆਰ ਸੀ,

---

*ਤੇ ੧੯ ਨੰਬਰ ਦੀਆਂ ਚੌਪਾਈਆਂ ਇਸ ਤਰ੍ਹਾਂ ਹਨ। ਇਹ ਨਕਲ ਕਾਸ਼ੀ ਵਿਚ ਆਰੰਭ ਹੋਈ ਤੇ ਸ੍ਰੀ ਅੰਮ੍ਰਿਤਸਰ ਜੀ ਵਿਚ ਸੰਮਤ ੧੮੫੭ ਵਿਚ ਸਮਾਪਤ ਹੋਈ ਅਤੇ ਬਾਬਾ ਕਿਰਪਾ ਸਿੰਘ ਜੀ ਜਿਹੜੇ ਬਾਬਾ ਮੋਹਰੀ ਜੀ ਦੇ ਪਰਵਾਰ ਵਿਚੋਂ ਸਨ ਉਨ੍ਹਾਂ ਨੇ ਇਹ ਨਕਲ ਕੀਤੀ।

ਸ੍ਰੀ ਅੰਗਤ ਜੀ ਗ੍ਰਿਹਿ ਆਇ । ਸਿੰਘਾਸਨ ਬੈਠੇ ਆਨੰਦ ਛਾਇ ।
ਤਬ ਇਕ ਪੰਡਤ ਲੀਓ ਬੁਲਾਈ । ਅੱਛਰ ਲਿਖ ਤਿਨ ਮਾਤ੍ਰਾ ਲਾਈ ।੧੮।
ਗੁਰਮੁਖੀ ਅੱਖਰ ਨਾਮੁ ਤਿਨ ਧਰਾ । ਸ੍ਰੀ ਮੁਖ ਬਾਨੀ ਲਿਖ ਪੋਥੀ ਕਰਾ ।
ਆਖਰ ਮਿਰਜਾਦ ਪੰਥ ਕੀ ਕੀਆ।ਸਤਿਗੁਰਬਚਨ ਹਿਰਦੇ ਧਰ ਲੀਆ।੧੯



Digitized by Panjab Digital Library | www.panjabdigilib.org

ਤਦੇ ਆਪ ਨੇ ਅਰਬੀ ਤੇ ਫਾਰਸੀ ਨੂੰ 'ਮਲੇਸ਼ ਭਾਖਾ' ਕਿਹਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਫ਼ਰਮਾਇਆ ਕਿ ਇਹੋ ਜਹੇ ਅੱਖਰ ਤਿਆਰ ਕੀਤੇ ਜਾਣ ਜਿਨ੍ਹਾਂ ਵਿਚ ਆਪਣੇ ਖਿਆਲਾਂ ਦਾ ਪਰਚਾਰ ਕੀਤਾ ਜਾਵੇ। ਸੋ ਸ੍ਰੀ ਗੁਰੂ ਅੰਗਦ ਦੇਵ ਨੇ ਆਮ ਪਰਚਲਤ ਟਾਕਰੇ ਅੱਖਰਾਂ ਨੂੰ ਮੁਖ ਰੱਖ ਕੇ ਉਨ੍ਹਾਂਦੀ ਸ਼ਕਲ ਨੂੰ ਸੋਧਿਆ ਉਨ੍ਹਾਂ ਲਗਾਂ ਮਾਤ੍ਰਾਂ ਲਾਕੇ ਇਹ ਗੁਰਮੁਖੀ ਲਿਪੀ ਤਿਆਰ ਕੀਤੀ ਤੇ ਉਸ ਵਿਚ ਇਕ ਸ਼ਬਦ ਲਿਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੱਸਿਆ ਤੇ ਉਨ੍ਹਾਂ ਪਾਸੋਂ ਪਰਵਾਨਗੀ ਲਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਅੱਖਰ ਪਰਚਲਤ ਕੀਤੇ ਅਤੇ ਇਨ੍ਹਾਂ ਦਾ ਨਾਂ 'ਗੁਰਮੁਖੀ' ਰੱਖਿਆ।

ਇਹ ਵਿਚਾਰ ਇਸ ਤਰ੍ਹਾਂ ਵੀ ਮੰਨੀ ਜਾ ਸਕਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਮ ਪਰਚਲਤ ਅੱਖਰਾਂ ਨੂੰ ਨਵੇਂ ਸਿਰਿਓਂ ਤਰਤੀਬ ਦਿੱਤੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਅੱਖਰ ਉਸ ਤਰਤੀਬ ਅਨੁਸਾਰ ਲਿਖਵਾਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਅੱਖਰਾਂ ਨਾਲ ਲਗਾਂ ਮਾਤਰਾਂ ਲਾ ਕੇ ਇਹ ਲਿਪੀ ਸੰਪੂਰਨ ਕੀਤੀ ਅਤੇ ਇਸ ਦਾ ਨਾ 'ਗੁਰਮੁਖੀ' ਰੱਖਿਆ ਤੇ ਇਹ ਲਿਪੀ ਆਮ ਪਰਚਲਤ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਰ ਲਿਖੇ ਅੱਖਰਾਂ ਨੂੰ ਇਸ ਤਰ੍ਹਾਂ ਤਰਤੀਬ ਦਿੱਤੀ:–

(੧) ਸਭ ਤੋਂ ਪਹਿਲਾਂ ਓ ਦੇ ਨਾਂ ਦਾ ਅੱਖਰ ੳ ਲਿਖਿਆ, ਅਤੇ ਫੇਰ ਅ ਤੇ ੲ ਅੱਖਰ ਲਿਖੇ ਇਸ ਤਰ੍ਹਾਂ ਉਹ ਤਿੰਨੇ ਸ੍ਵਰੀ ਅੱਖਰ ਪਹਿਲਾਂ ਆ ਗਏ।

(੨) ੳ, ਅ, ਤੇ ੲ ਤੋਂ ਮਗਰੋਂ ਆਪ ਨੇ ਸ ਤੇ ਹ ਅੱਖਰ ਲਿਖੇ ਜੋ ਅਧੇ ਸ੍ਵਰੀ ਅੱਖਰ ਹਨ, ਇਨ੍ਹਾਂ ਦਾ ਉਚਾਰਣ ਵੀ ਬਿਨਾਂ ਜੀਭ ਹਿਲਾਏ ਕੇਵਲ ਹਵਾ ਦੀਆਂ ਸੁਰਾਂ ਨਾਲ ਹੀ ਹੋ ਸਕਦਾ ਹੈ।

(੩) ਕ ਤੋਂ ਮ ਤਕ ੨੫ ਅੱਖਰ ਦੇਵ ਨਾਗਰੀ ਤੇ ਟਾਕਰਿਆਂ



Digitized by Panjab Digital Library | www.panjabdigilib.org

ਦੇ ਅੱਖਰਾਂ ਦੀਆਂ ਸੁਰਾਂ ਅਨੁਸਾਰ ਹਨ ਅਤੇ ਘ ਤੋਂ ਲੈ ਕੇ ੜ ਤੱਕ ਪੰਜ ਅੱਖਰ ਵਖ ਵਖ ਸੁਰਾਂ ਦੇ ਹਨ।

(੪) 'ੜ' ਅੱਖਰ ਦੇਵ ਨਾਗਰੀ ਤੇ ਟਾਕਰੀ ਵਿਚ ਨਹੀਂ ਸੀ ਪਰ ਪੰਜਾਬ ਵਿਚ 'ੜ' ਦੀ ਆਵਾਜ਼ ਆਮ ਸੀ (ਭਾਵੇਂ ਇਹ ਆਵਾਜ਼ ਮੁਲਤਾਨ, ਡੇਰਾ ਗ਼ਾਜ਼ੀ ਖਾਂ ਤੇ ਕਾਂਗੜੇ ਦੇ ਅਲਾਕੇ ਵਿਚ ਨਹੀਂ ਸੀ) ਇਸ ਲਈ ਆਪ ਨੇ 'ੜ' ਅੱਖਰ ਨਵਾਂ ਘੜਿਆ। ਗੁਰਮੁਖੀ ਲਿਪੀ ਪਰਚਲਤ ਹੋ ਜਾਣ ਮਗਰੋਂ ਦੇਵ ਨਾਗਰੀ ਤੇ ਟਾਕਰੇ ਅੱਖਰ ਵਰਤਣ ਵਾਲਿਆਂ ਨੇ ਵੀ 'ੜ' ਅੱਖਰ ਦੀ ਵਰਤੋਂ ਸ਼ੁਰੂ ਕਰ ਦਿੱਤੀ।*

ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਆਪਣੇ ਹੱਥੀਂ ਲਿਖੀ, ਉਨ੍ਹਾਂ ਦੇ ਸਮੇਂ ਗੁਰਮੁਖੀ ਵਰਣਮਾਲਾ ਦੇ ਨਾਲ ਲਗਾਂ ਮਾਤਰਾਂ ਦੀ ਵਰਤੋਂ ਦੇਖੀ ਜਾਂਦੀ ਹੈ। ਭਾਈ ਗੁਰਦਾਸ ਜੀ ਤੋਂ ਪਹਿਲਾਂ ਦੀ ਲਿਖੀ ਹੋਈ ਗੁਰਮੁਖੀ ਵਿਚ ਕੰਨੇ ਦੀ ਥਾਂ ਕੇਵਲ ਬਿੰਦੀ ( ˙ ) ਦੇ ਚਿੰਨ੍ਹ ਹੀ ਦੇਖੇ ਗਏ ਸਨ, ਇਸ ਲਈ ਉਨ੍ਹਾਂ ਦੇ ਠੀਕ ਠੀਕ ਉਚਾਰਣ ਲਈ, ਇਹ ਪੰਜ ਅੱਖਰ ਨਵੇਂ ਘੜੇ ਗਏ:–

ਸ਼ ਖ਼ ਗ਼ ਜ਼ ਫ਼

ਸ਼ ਅੱਖਰ ਫ਼ਾਰਸੀ ਲਿਪੀ ਦੇ ਅੱਖਰ ਸ਼ੀਨ ਦੇ ਉਚਾਰਣ ਲਈ, ਖ਼ ਅੱਖਰ ਖ਼ੇ ਦੇ ਉਚਾਰਣ ਲਈ, ਗ਼ ਅੱਖਰ ਗ਼ੈਨ ਦੇ ਉਚਾਰਣ ਲਈ, ਜ਼ ਅੱਖਰ ਜ਼ੇ, ਜ਼ਾਲ, ਜ਼ੁਆਦ ਜਾਂ ਜ਼ੋਏ ਆਦਿ ਅੱਖਰਾਂ ਦੇ ਉਚਾਰਣ ਲਈ ਅਤੇ ਫ਼ ਅੱਖਰ ਫ਼ੇ ਦੇ ਉਚਾਰਣ ਲਈ ਬਣਾਏ ਗਏ। ਹੁਣ ਗੁਰਮੁਖੀ ਲਿਪੀ ਵਿਚ ਹਰਇਕ ਸ਼ਬਦ ਸਹਿਜੇ ਹੀ ਲਿਖਿਆ ਜਾ ਸਕਦਾ

---

*ਦੇਵ ਨਾਗਰੀ ਦੀ ਵਰਤੋਂ ਵਾਲੇ ਅਲਾਕਿਆਂ ਦਿੱਲੀ ਤੇ ਉਤਰ ਪ੍ਰਦੇਸ਼ ਪ੍ਰਾਂਤਾਂ ਦੇ ਲੋਕ ਅਜ ਤਕ ਵੀ 'ੜ' ਨਹੀਂ ਬੋਲ ਸਕਦੇ ਉਹ ਲੋਕ 'ਗੜ੍ਹ' ਨੂੰ ਗੜ੍ਹ ਹੀ ਕਹਿੰਦੇ ਹਨ। ਦੇਵ ਨਾਗਰੀ ਦੇ ਵਿਦਵਾਨਾਂ ਨੇ ਪੰਜਾਬੀ ਉਚਾਰਣ ਅਨੁਸਾਰ ਡ ਦੇ ਨਾਲ ਬਿੰਦੀ ਲਾ ਕੇ ੜ ਬਣਾਇਆ ਹੈ।



Digitized by Panjab Digital Library | www.panjabdigilib.org

ਹੈ। ਇਸ ਦਾ ਲਿਖਣ ਢੰਗ ਵੀ ਦੂਜੀਆਂ ਲਿਪੀਆਂ ਨਾਲੋਂ ਬਹੁਤ ਸੌਖਾ ਹੈ। ਕਿਉਂ ਕਿ ਇਸ ਲਿਪੀ ਦੇ ਪਹਿਲਾਂ ਕੇਵਲ ਪੈਂਤੀ ਅੱਖਰ ਹੀ ਸਨ ਇਸੇ ਲਈ ਗੁਰਮੁਖੀ ਵਰਣਮਾਲਾ ਨੂੰ ਪੈਂਤੀ ਹੀ ਕਿਹਾ ਜਾਂਦਾ ਹੈ।

ਭਾਵੇਂ ਕਈਆਂ ਵਿਦਵਾਨਾਂ ਦਾ ਖਿਆਲ ਹੈ ਕਿ ਗੁਰਮੁਖੀ ਅੱਖਰ ਸ਼ਾਰਦਾ, ਟਾਕਰੇ ਤੇ ਦੇਵ ਨਾਗਰੀ ਤੋਂ ਲੈ ਕੇ ਬਣਾਏ ਹਨ, ਇਹ ਬਿਲਕੁਲ ਗ਼ਲਤ ਹੈ। ਹਾਂ ਇਨ੍ਹਾਂ ਅੱਖਰਾਂ ਦਾ ਨਿਕਾਸ ਜੇ ਟਾਕਰੇ ਅੱਖਰਾਂ ਤੋਂ ਮੰਨ ਲਿਆ ਜਾਵੇ ਤਾਂ ਕਿਸੇ ਹਦ ਤਕ ਠੀਕ ਮੰਨਿਆਂ ਜਾ ਸਕਦਾ ਹੈ।

ਸ਼ਾਰਦਾ ਲਿਪੀ ਕਸ਼ਮੀਰੀ ਹੈ, ਟਾਕਰੇ ਤੇ ਦੇਵ ਨਾਗਰੀ ਅੱਖਰ ਪੰਜਾਬ ਵਿਚ ਆਮ ਵਰਤੇ ਜਾਂਦੇ ਰਹੇ। ਗੁਰਮੁਖੀ ਅੱਖਰਾਂ ਨਾਲ ੧੫ ਟਾਕਰੇ ਅਤੇ ਕੇਵਲ ੨ ਦੇਵ ਨਾਗਰੀ ਅਖਰ ਮਿਲਦੇ ਹਨ। ਟਾਕਰੇ ਅੱਖਰ ਗਿਣਤੀ ਵਿਚ ੩੪, ਦੇਵਨਾਗਰੀ ੫੨ ਤੇ ਗੁਰਮੁਖੀ ਅੱਖਰ ੩੫ ਸਨ। ਇਸ ਲਈ ਗੁਰਮੁਖੀ ਅੱਖਰ ਵਖਰੇ ਹੀ ਅੱਖਰ ਸਨ ਜੋ ਗੁਰੂ ਸਾਹਿਬਾਂ ਨੇ ਪਰਚਲਤ ਕੀਤੇ। ਪੰਜਾਬ ਦੀ ਬੋਲੀ ਲਿਖਣ ਲਈ ਫ਼ਾਰਸੀ ਅੱਖਰ ਵੀ ਠੀਕ ਨਹੀਂ ਸਨ, ਕਿਉਂਕਿ ਫ਼ਾਰਸੀ ਲਿਪੀ ਵਿਚ ਙ, ਞ ਤੇ ਣ ਅੱਖਰਾਂ ਦੇ ਉਚਾਰਣ ਵਾਲੇ ਅੱਖਰ ਨਹੀਂ ਹਨ। ਦੇਵ ਨਾਗਰੀ ਲਿਪੀ ਦੇ ਅੱਖਰ ਬਹੁਤ ਜ਼ਿਆਦਾ ਹਨ। ਨਾਲੇ ਇਨ੍ਹਾਂ ਲਿਪੀਆਂ ਵਿਚ ਜੇ ਭ, ਘ, ਝ ਆਦਿਕ ਅੱਖਰ ਲਿਖੇ ਜਾਣ ਤਾਂ ਉਹਨਾਂ ਦਾ ਸ਼ੁੱਧ ਪੰਜਾਬੀ ਉਚਾਰਣ ਨਹੀਂ ਰਹਿ ਸਕਦਾ। ਦੇਵ ਨਾਗਰੀ ਲਿਪੀ ਜਾਂ ਫ਼ਾਰਸੀ ਲਿਪੀ ਵਿਚ ਲਿਖਿਆ ਸ਼ਬਦ ਭਗਤ, ਘੜਾ ਜਾਂ ਝਗੜਾ ਪੜ੍ਹਨ ਲੱਗਿਆਂ ਬ੍ਹਗਤ, ਗ੍ਹੜਾ ਜਾਂ ਜ੍ਹਗੜਾ ਹੀ ਪੜ੍ਹਿਆ ਜਾਵੇਗਾ। ਇਸੇ ਲਈ ਇਹ ਗੁਰਮੁਖੀ ਵਰਣਮਾਲਾ ਬਣਾਈ ਗਈ ਜਿਸ ਵਿਚ ਹਰ ਇਕ ਪੰਜਾਬੀ ਸ਼ਬਦ ਠੀਕ ਠੀਕ ਲਿਖਿਆ ਤੇ ਉਚਾਰਿਆ ਜਾ ਸਕਦਾ ਹੈ। ਇਸ ਲਈ ਗੁਰਮੁਖੀ ਲਿਪੀ ਹੀ ਪੰਜਾਬੀ ਲਿਖਣ ਲਈ ਠੀਕ ਮੰਨੀ ਜਾ ਸਕਦੀ ਹੈ।



Digitized by Panjab Digital Library | www.panjabdigilib.org

ਹੁਣ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਜਾ ਚੁੱਕਾ ਹੈ। ਭਾਰਤ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਕੂਲਾਂ ਵਿਚ ਮੁਢਲੀ ਵਿਦਿਆ ਬਚਿਆਂ ਨੂੰ ਉਨ੍ਹਾਂ ਦੀ ਮਾਤਰੀ ਬੋਲੀ ਵਿਚ ਹੀ ਦਿਤੀ ਜਾਵੇ। ਸਰਕਾਰ ਪੰਜਾਬ ਨੇ ਵੀ 'ਸੱਚਰ ਫ਼ਾਰਮੂਲੇ' ਅਨੁਸਾਰ ਇਸ ਗੱਲ ਦਾ ਫੈਸਲਾ ਕੀਤਾ ਹੈ ਕਿ ਪ੍ਰਾਇਮਰੀ ਤਕ ਮੁਢਲੀ ਵਿਦਿਆ ਪੰਜਾਬੀ ਵਿਚ ਹੀ ਦਿਤੀ ਜਾਵੇ ਤੇ ਉਪਰਲੀਆਂ ਜਮਾਤਾਂ ਵਿਚ ਹਿੰਦੀ ਅਤੇ ਹੋਰ ਬੋਲੀਆਂ ਪੜ੍ਹੀਆਂ ਜਾ ਸਕਦੀਆਂ ਹਨ। ਕੁਝ ਕੁ ਫ਼ਿਰਕਾ ਪ੍ਰਸਤ ਹਿੰਦੂ ਕਹਿੰਦੇ ਹਨ ਕਿ ਗੁਰੂ ਨਾਨਕ ਸਿਖਾਂ ਦਾ ਗੁਰੂ ਸੀ ਤੇ ਉਨ੍ਹਾਂ ਦੇ ਬਣਾਏ ਹੋਏ ਅੱਖਰ ਸਿਖਾਂ ਦੇ ਧਾਰਮਿਕ ਅੱਖਰ ਹਨ, ਇਸੇ ਲਈ ਸਿਖ ਗੁਰਮੁਖੀ ਅੱਖਰਾਂ ਦਾ ਪ੍ਰਚਾਰ ਚਾਹੁੰਦੇ ਹਨ। ਇਹ ਕਿਡੀ ਹਾਸੋ ਹੀਣੀ ਬੇ-ਸਮਝੀ ਹੈ। ਕਿਉਂਕਿ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਸੂਰਜ ਬੰਸੀ ਖਾਨਦਾਨ ਵਿਚ ਪੈਦਾ ਹੋਏ ਜਿਨ੍ਹਾਂ ਨੇ ਤਅੱਸਬ ਜਾਂ ਧਾਰਮਕ ਈਰਖਾ ਦੂਰ ਕਰਨ ਲਈ ਅਤੇ ਫ਼ਿਰਕਾ ਪ੍ਰਸਤੀ ਦੀਆਂ ਜੜ੍ਹਾਂ ਪੁੱਟਣ ਲਈ ਸਚਾਈ ਦਾ ਝੰਡਾ ਖੜ੍ਹਾ ਕੀਤਾ। ਉਸ ਮਹਾਂ ਪੁਰਖ ਨੇ ਪੰਜਾਬ ਦੀ ਸ਼ਾਨ ਤੇ ਪੰਜਾਬੀ ਸਾਹਿਤ ਨੂੰ ਉਚਿਆਂ ਕਰਨ ਲਈ ਪੰਜਾਬੀ ਲਿਪੀ ਬਣਾਈ ਤਾਂ ਜੋ ਪੰਜਾਬ ਦੇ ਵਸਨੀਕਾਂ ਦੇ ਮਨੋਭਾਵ ਅਸਲ ਰੂਪ ਤੇ ਅਸਲ ਅਰਥਾਂ ਵਿਚ ਪਰਗਟ ਕੀਤੇ ਜਾ ਸਕਣ। ਇਸ ਲਈ ਪੰਜਾਬੀਆਂ ਨੂੰ ਬਿਨਾਂ ਕਿਸੇ ਧਾਰਮਕ ਈਰਖਾ ਦੇ ਪੰਜਾਬੀ ਲਿਪੀ ਨੂੰ ਸਿਖਾਂ ਦੀ ਧਾਰਮਿਕ ਲਿਪੀ ਕਹਿਣ ਦੀ ਥਾਂ ਇਸ ਨੂੰ ਅਪਨਾਉਣ ਵਿਚ ਮਾਨ ਸਮਝਣਾ ਚਾਹੀਦਾ ਹੈ।

ਸੋ ਪੰਜਾਬੀ ਬੋਲੀ ਪੰਜਾਬੀ ਲਿਪੀ ਅਰਥ ਤ ਗੁਰਮੁਖੀ ਅਖਰਾਂ ਵਿਚ ਹੀ ਪੰਜਾਬੀ ਦੀ ਰਾਜ-ਭਾਖਾ ਹੋਣੀ ਚਾਹੀਦੀ ਹੈ ਅਤੇ ਇਸੇ ਬੋਲੀ ਵਿਚ ਹੀ ਮੁਢਲੀ ਵਿਦਿਆ ਦਿਤੀ ਜਾਣ ਨਾਲ ਪੰਜਾਬ ਦੀ ਉਨਤੀ ਹੋ ਸਕਦੀ ਹੈ।

— —



Digitized by Panjab Digital Library | www.panjabdigilib.org

# ਕਾਂਡ ੩.

# ਪੰਜਾਬੀ ਸਾਹਿੱਤ

ਪੰਜਾਬੀ ਸਾਹਿੱਤ ਦਾ ਆਰੰਭ ਕਦੋਂ ਤੋਂ ਮੰਨਿਆਂ ਜਾਵੇ ? ਇਸ ਸਬੰਧੀ ਵਿਦਵਾਨਾਂ ਦੀਆਂ ਕਈ ਵਿਚਾਰਧਾਰਾ ਹਨ । ਪੰਜਾਬ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਆਰੀਆ ਲੋਕ ਮਧ ਏਸ਼ੀਆ ਤੋਂ ਜਦੋਂ ਇਸ ਸੁਹਾਵਣੀ ਧਰਤੀ ਤੇ ਆਏ ਜਿਸ ਨੂੰ ਅਜ ਕਲ ਪੰਜਾਬ ਕਿਹਾ ਜਾਂਦਾ ਹੈ, ਉਨ੍ਹਾਂ ਨੇ ਏਥੋਂ ਦੇ ਸੁਹਣੇ ਸੁਹਣੇ ਦਰਿਆ ਤੇ ਉਪਜਾਊ ਧਰਤੀ ਦੇਖ ਕੇ ਏਥੇ ਹੀ ਡੇਰੇ ਲਾ ਲਏ। ਉਨ੍ਹਾਂ ਦੇ ਵਿਦਵਾਨ ਪੰਡਤ ਅਥਵਾ ਸਾਹਿੱਤ ਆਚਾਰੀਆ ਏਥੇ ਹੀ ਰਹਿਕੇ ਆਪਣੇ ਸਰਵ-ਉਤਮ ਵਿਚਾਰ ਪ੍ਰਗਟਾਉਣ ਲੱਗੇ। ਉਨ੍ਹਾਂ ਰਿਸ਼ੀਆਂ ਮੁਨੀਆਂ ਨੇ ਏਥੇ ਰਹਿਕੇ ਬਹੁਤ ਸਾਰਾ ਸਾਹਿੱਤ ਉਪਜਾਇਆ, ਜਿਹਾ ਕਿ ਵੇਦ, ਸ਼ਾਸਤਰ, ਪੁਰਾਣ, ਮਹਾਂ ਭਾਰਤ, ਬਾਲਮੀਕੀ ਰਾਮਾਇਣ ਆਦਿ ਗ੍ਰੰਥ ਸਭ ਏਸੇ ਪਵਿਤਰ ਧਰਤੀ ਦੀ ਉਪਜ ਮੰਨੇ ਜਾ ਸਕਦੇ ਹਨ, ਅਤੇ ਇਹ ਸਾਰਾ ਸਾਹਿੱਤ ਇਸ ਦੇਸ ਦੀ ਉਸ ਸਮੇਂ ਦੀ ਆਮ ਭਾਖਾ ਵਿਚ ਲਿਖਿਆ ਗਿਆ।

ਪਹਿਲੇ ਪਹਿਲ ਇਸ ਸੁਹਾਵਣੇ ਦੇਸ ਨੂੰ ਪੰਚਾਲ ਕਿਹਾ ਜਾਂਦਾ ਸੀ, ਫੇਰ ਸਪਤ ਸਿੰਧੂ ਕਿਹਾ ਜਾਣ ਲੱਗਾ, ਕੁਝ ਸਮੇਂ ਮਗਰੋਂ ਇਸ ਦਾ ਨਾਂ ਪੰਚ ਨਦ ਪਿਆ, ਪਰ ਯਾਰ੍ਹਵੀਂ ਸਦੀ ਵਿਚ ਈਰਾਨ ਵੱਲੋਂ ਆਏ ਮੁਸਲਮਾਨਾਂ ਨੇ, ਜਿਨ੍ਹਾਂ ਦੀ ਬੋਲੀ ਫ਼ਾਰਸੀ ਸੀ, ਇਸ ਦੇਸ਼ ਦਾ ਨਾਂ



Digitized by Panjab Digital Library | www.panjabdigilib.org

'ਪੰਜਾਬ' ਰਖਿਆ। ਨਵੀਨ ਸਾਹਿੱਤ-ਖੋਜੀਆਂ ਨੇ ਇਸ ਗੱਲ ਦਾ ਫ਼ੈਸਲਾ ਕੀਤਾ ਹੈ ਕਿ ਪੰਜਾਬੀ ਸਾਹਿੱਤ ਦਾ ਮੁੱਢ ਯਾਰਵੀਂ ਸਦੀ ਈਸਵੀ ਤੋਂ ਹੀ ਮੰਨਿਆਂ ਜਾ ਸਕਦਾ ਹੈ, ਕਿਉਂਕਿ ਉਸ ਸਮੇਂ ਦੀ ਬੋੱਲੀ ਅਜ ਕੱਲ ਦੀ ਬੋੱਲੀ ਨਾਲ ਬਹੁਤ ਮਿਲਦੀ ਜੁਲਦੀ ਹੈ। ਸੋ ਅਮੀਰ ਖ਼ੁਸਰੋ ਜਾਂ ਸ਼ੇਖ਼ ਫ਼ਰੀਦ ਜੀ ਦੇ ਸਮੇਂ ਤੋਂ ਲੈ ਕੇ ਅਜ ਤੱਕ ਪੰਜਾਬੀ ਸਾਹਿੱਤ ਭੰਡਾਰ ਵਿਚ ਹੇਠ ਲਿਖੇ ਅਨੁਸਾਰ ਹਰ ਮਜ਼੍ਹਬ, ਹਰ ਰੰਗ, ਤੇ ਹਰ ਖਿਆਲ ਦੇ ਸਾਹਿੱਤਕਾਰਾਂ ਨੇ ਹਿੱਸਾ ਪਾਇਆ ਹੈ।

ਪੰਜਾਬੀ ਸਾਹਿੱਤਕਾਰਾਂ ਦੇ ਇਸ ਭਰੇ ਮੇਲੇ ਵਿਚ ਕਿਤੇ ਸ਼ੇਖ਼ ਫ਼ਰੀਦ ਜੀ, ਬਾਬਾ ਫ਼ਰੀਦ ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ਼, ਅਲੀ ਹੈਦਰ ਤੇ ਸਾਈਂ ਬੁਲ੍ਹੇ ਸ਼ਾਹ ਵਰਗੇ ਮਸਤ ਸੂਫ਼ੀ ਕਵੀ ਵਜਦ ਵਿਚ ਆ ਕੇ ਪ੍ਰੇਮ ਭਰੀਆਂ ਰਚਨਾਵਾਂ ਗਾਉਂਦੇ ਤੇ ਜੱਲੀਆਂ ਪਾਉਂਦੇ ਨਜ਼ਰ ਆਉਂਦੇ ਹਨ। ਇਕ ਪਾਸੇ ਚਰਪਟ ਨਾਥ, ਗੋਰਖ ਨਾਥ, ਮਛੰਦਰ ਨਾਥ, ਚੁਰੰਜੀ ਨਾਥ ਤੇ ਇਨਾਂ ਦੇ ਸਾਥੀ ਸਿਧ ਕਵੀ ਆਪਣੇ ਜੋਗ ਦੇ ਰੰਗ ਵਿਚ ਕਈ ਤਰ੍ਹਾਂ ਦੇ ਸਲੋਕ ਉਚਾਰਦੇ ਪਏ ਹਨ। ਭਗਤ ਕਬੀਰ, ਨਾਮਦੇਵ, ਤਰਲੋਚਨ, ਧੰਨਾ ਤੇ ਰਵਿਦਾਸ ਆਦਿ ਧਾਰਮਕ ਪਾਖੰਡਾਂ ਦੀ ਨਿਖੇਧੀ ਕਰਦੇ ਹੋਏ ਭਗਤੀ ਰਸ ਦੀਆਂ ਰਚਨਾਵਾਂ ਗਾਉਂਦੇ ਕਿਸੇ ਪ੍ਰੇਮ ਰੰਗ ਦੇ ਨੂਰ ਵਿਚ ਝਲਕਾਰੇ ਪਏ ਮਾਰਦੇ ਹਨ। ਕਿਤੇ ਸਿਖ ਗੁਰੂ ਸਾਹਿਬਾਨ ਆਪਣੀ ਇਲਾਹੀ ਸ਼ਾਨ ਵਿਚ ਨਾਮ ਦੀ ਬਰਖਾ ਪਏ ਕਰਦੇ ਹਨ ਤੇ ਭਾਈ ਗੁਰਦਾਸ ਭਾਈ ਮਨੀ ਸਿੰਘ ਜੀ ਆਦਿ ਅਨੇਕਾਂ ਗੁਰਮੁਖ ਪਿਆਰੇ ਆਪਣੀਆਂ ਕਾਵਿ ਅਤੇ ਵਾਰਤਕ ਰਚਨਾਵਾਂ ਲਿਖਦੇ ਨਜ਼ਰ ਆਉਂਦੇ ਹਨ। ਸੁਥਰਾ ਤੇ ਜਲ੍ਹਣ ਵਰਗੇ ਹਾਸ ਰਸ ਦੇ ਕਵੀ ਕਈ ਹਾਸੇ ਭਰੀਆਂ ਟਕੋਰਾਂ ਲਾ ਕੇ ਉਪਦੇਸ਼ ਦੇ ਰਹੇ ਹਨ। ਦਾਮੋਦਰ ਦਾਸ, ਪੀਲੂ, ਹਾਫ਼ਜ਼ ਬਰਖ਼ੁਰਦਾਰ, ਮੁਕਬਲ, ਵਾਰਸਸ਼ਾਹ, ਅਹਿਮਦ ਯਾਰ, ਮੀਆਂ ਹੁਸੈਨ, ਕਾਦਰਯਾਰ, ਅਗਰਾ ਦਾਸ, ਸ਼ਾਹ ਮੁਹੰਮਦ ਤੇ ਇਨ੍ਹਾਂ ਦੇ ਹੋਰ ਸਾਥੀ ਕਈ ਤਰ੍ਹਾਂ ਦੀਆਂ ਰੋਮਾਂਟਿਕ ਰਚਨਾਵਾਂ ਪ੍ਰੇਮੀਆਂ



Digitized by Panjab Digital Library | www.panjabdigilib.org

ਦੀਆਂ ਪ੍ਰੇਮ ਵਾਰਤਾ ਸੁਣਾ ਰਹੇ ਹਨ। ਨਜਾਬਤ, ਭਾਈ ਬੀਰ ਸਿੰਘ, ਸ਼ਾਹ ਮੁਹੰਮਦ ਤੇ ਮਟਕ ਵਰਗੇ ਆਪਣੀਆਂ ਬੀਰ ਰਸ ਭਰਪੂਰ ਜੋਸ਼ੀਲੀਆਂ ਵਾਰਾਂ, ਬੈਂਤਾਂ ਤੇ ਦਵੱਈਆਂ ਨਾਲ ਪੰਜਾਬ ਦੇ ਵਸਨੀਕਾਂ ਦੇ ਦਿਲਾਂ ਵਿਚ ਜੋਸ਼ ਪੈਦਾ ਕਰ ਰਹੇ ਹਨ।

ਨਵੀਨ ਕਾਲ ਵਿਚ ਵੀ ਅਨੇਕਾਂ ਹਿੰਦੂ ਮੁਸਲਮਾਨ, ਸਿਖ ਤੇ ਈਸਾਈ ਕਵੀ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਆਪਣੀਆਂ ਮਨੋਹਰ ਰਚਨਾਵਾਂ ਨਾਲ ਪੰਜਾਬੀ ਸਾਹਿਤ ਦਾ ਭੰਡਾਰ ਭਰਪੂਰ ਕੀਤਾ ਹੈ ਅਤੇ ਹਰ ਰੋਜ਼ ਕਰ ਰਹੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿੱਤ ਕਿਸੇ ਖਾਸ ਕੌਮ ਜਾਂ ਮਜ਼ੂਬ ਨਾਲ ਸਬੰਧ ਨਹੀਂ ਰਖਦਾ, ਕਿਸੇ ਖਾਸ ਕੌਮ ਜਾਂ ਮਜ਼ੂਬ ਦਾ ਨਹੀਂ, ਸਗੋਂ ਇਸ ਵਿਚ ਰਾਮਾਇਣ, ਮਹਾਂਭਾਰਤ, ਪੁਰਾਣ, ਗੀਤਾ, ਆਦਿ ਹਿੰਦੂ ਧਰਮ ਦੇ ਗਰੰਥ, ਮੁਸਲਮਾਨੀ ਮੱਤ ਦੀਆਂ ਧਾਰਮਕ ਤੇ ਇਤਿਹਾਸਕ ਪੁਸਤਕਾਂ, ਈਸਾਈ ਮੱਤ ਦੀ ਅੰਜੀਲ ਤੇ ਹੋਰ ਧਾਰਮਕ ਪੁਸਤਕਾਂ, ਸਿਖ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਤੇ ਹੋਰ ਅਨੇਕਾਂ ਸਾਹਿਤਕਾਰਾਂ ਰਚਿਤ ਕਵਿਤਾ ਤੇ ਵਾਰਤਕ ਦੀਆਂ ਪੁਸਤਕਾਂ ਵੀ ਮਿਲਦੀਆਂ ਹਨ। ਪੰਜਾਬੀ ਸਾਹਿਤ ਪੰਜਾਬ ਵਾਸੀਆਂ ਦਾ ਸਰਬ ਸਾਂਝਾ ਸਾਹਿਤ ਹੈ ਅਤੇ ਇਸ ਦੀ ਉਸਾਰੀ ਵਿਚ ਹਰ ਮਜ਼ੂਬ ਤੇ ਹਰ ਖਿਆਲ ਦੇ ਸਾਹਿਤਕਾਰਾਂ ਨੇ ਹਿੱਸਾ ਲਇਆ ਹੈ।

ਕਈਆਂ ਦਾ ਖਿਆਲ ਹੈ ਕਿ ਪੰਜਾਬੀ ਸਾਹਿਤ ਨੂੰ ਪਹਿਲਾ ਸਫਲ ਹੁਲਾਰਾ ਕਿਉਂਕਿ ਸਿੱਖ ਕਵਿਤਾ ਤੇ ਇਤਿਹਾਸ ਤੋਂ ਮਿਲਿਆ ਸੀ ਇਸ ਲਈ ਪੰਜਾਬੀ ਸਾਹਿਤ 'ਸਿੱਖ' ਸਾਹਿਤ ਕਹਿਆ ਜਾ ਸਕਦਾ ਹੈ। ਇਹ ਖਿਆਲ ਬਿਲਕੁਲ ਗ਼ਲਤ ਤੇ ਨਿਰਮੂਲ ਹੈ, ਜਦ ਕਿ ਇਸ ਦੀ ਉਸਾਰੀ ਵਿਚ ਹਰ ਪੰਜਾਬੀ ਸਾਹਿਤਕਾਰ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਇਆ ਹੈ।

—o—



Digitized by Panjab Digital Library | www.panjabdigilib.org

# ਪੰਜਾਬੀ ਸਾਹਿੱਤ ਦੀ ਕਾਲ-ਵੰਡ

ਪੰਜਾਬੀ ਸਾਹਿੱਤ ਸਬੰਧੀ ਖੋਜ ਕਰਨ ਦਾ ਕੰਮ ਸਭ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਜੀ 'ਐਗਜ਼ੈਕਟਿਵ ਐਨਜੀਨੀਅਰ' ਨੇ ਸ਼ੁਰੂ ਕੀਤਾ ਸੀ ਤੇ ਉਨ੍ਹਾਂ ਨੇ ਆਪਣੀ ਪੁਸਤਕ 'ਹੰਸ ਚੋਗ' ਦੀ ਭੂਮਕਾ ਵਿਚ ਪੰਜਾਬੀ ਸਾਹਿੱਤ ਕਾਲ ਦੀ ਵੰਡ ਇਸ ਤਰ੍ਹਾਂ ਕੀਤੀ ਹੈ:—

(ੳ) ਪੁਰਾਣਾ ਮੁੱਢ:—ਇਸ ਸਮੇਂ ਵਿਚ ਆਪ ਨੇ ਬਾਬਾ ਫ਼ਰੀਦ ਸ਼ਕਰਗੰਜ ਦੇ ਸਮੇਂ ਤੋਂ ਲੈ ਕੇ ਅੰਗਰੇਜ਼ਾਂ ਦੇ ਰਾਜ ਦੇ ਆਰੰਭ ਦੇ ਸਮੇਂ ਤਕ ਦਾ ਸਾਹਿੱਤ ਲਇਆ ਹੈ।

(ਅ) ਵਿਚਲਾ ਸਮਾਂ—ਇਸ ਸਮੇਂ ਵਿਚ ਆਪ ਨੇ ਅੰਗਰੇਜ਼ਾਂ ਦੇ ਰਾਜ ਦੇ ਆਰੰਭ ਤੋਂ ਲੈ ਕੇ ੧੯੨੫ ਤਕ ਦਾ ਸਾਹਿਤ ਲਿਆ ਹੈ।

(ੲ) ਨਵਾਂ ਮੁਢ—ਇਸ ਸਮੇਂ ਕਿਉਂਕਿ ਪੰਜਾਬੀ ਸਭਾ ਦਾ ਆਰੰਭ ਹੋਇਆ ਜਿਸ ਨੇ ਪੰਜਾਬੀ ਪ੍ਰਚਾਰ ਦਾ ਕੰਮ ਬੜੇ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਸੀ, ਇਸ ਲਈ ਸੰਨ ੧੯੨੫ ਤੋਂ ਲੈ ਕੇ ਅੰਗਰੇਜ਼ੀ ਰਾਜ ਦੇ ਅੰਤਲੇ ਸਮੇਂ ਤਕ ਦੇ ਸਾਹਿਤ ਨੂੰ ਆਪ ਨੇ ਇਸ ਹਿੱਸੇ ਵਿਚ ਲਿਆ ਹੈ।

ਸੋ ਬਾਵਾ ਜੀ ਦੇ ਖਿਆਲ ਅਨੁਸਾਰ ਪੰਜਾਬੀ ਸਾਹਿਤ ਕਾਲ ਦੀ ਵੰਡ ਇਸ ਤਰ੍ਹਾਂ ਮੰਨੀ ਜਾ ਸਕਦੀ ਹੈ:—

(੧) ਪੁਰਾਣਾ ਮੁੱਢ ਯਾਰਰ੍ਹੀਂ ਸਦੀ ਈਸਵੀ ਤੋਂ ਲੈ ਕੇ ਸੰਨ ੧੮੬੦ ਤਕ।

(੨) ਵਿਚਲਾ ਸਮਾ ਸੰਨ ੧੮੬੦ ਤੋਂ ਲੈ ਕੇ ੧੯੨੫ ਤਕ।

(੩) ਨਵਾਂ ਦੌਰ ਸੰਨ ੧੯੨੫ ਤੋਂ ਲੈ ਕੇ ੧੯੪੭ ਤਕ।

੨.

ਡਾਕਟਰ ਮੋਹਨ ਸਿੰਘ ਜੀ ਦੀਵਾਨਾ ਨੇ ਪੰਜਾਬੀ ਸਾਹਿਤ ਦੀ



Digitized by Panjab Digital Library | www.panjabdigilib.org

ਕਾਲਵੰਡ ਇਸ ਤਰ੍ਹਾਂ ਕੀਤੀ ਹੈ:--

(ੳ) ਪੂਰਵ ਨਾਨਕ ਕਾਲ:—ਸੰਨ ੯੦੦ ਈਸਵੀ ਤੋਂ ਲੈ ਕੇ ਸੰਨ ੧੪੫੦ ਈਸਵੀ ਤਕ। ਇਸ ਸਮੇਂ ਵਿਚ ਸਿੱਧਾਂ ਅਥਵਾ ਜੋਗੀਆਂ ਦਾ ਸਮਾ ਵੀ ਆ ਜਾਂਦਾ ਹੈ। ਕਿਉਂਕਿ ਨੌਵੀਂ ਸਦੀ ਈਸਵੀ ਤੋਂ ਲੈ ਕੇ ਪੰਦਰਵੀਂ ਸਦੀ ਈਸਵੀ ਤਕ ਪੰਜਾਬ ਵਿਚ ਜੋਗੀਆਂ ਦਾ ਬੜਾ ਜ਼ੋਰ ਰਿਹਾ ਹੈ, ਇਸ ਲਈ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਸਮਾ ੯੦੦ ਈਸਵੀ ਤੋਂ ਲੈ ਕੇ ੧੪੫੦ ਈਸਵੀ ਤਕ ਦਾ ਮੰਨਿਆਂ ਹੈ।

(ਅ) ਨਾਨਕ ਕਾਲ ਜਾਂ ਮੁਗ਼ਲਈ ਕਾਲ:—(ਸੰ:੧੪੫੦ ਈਸਵੀ ਤੋਂ ਲੈ ਕੇ ੧੭੦੦ ਈਸਵੀ ਤਕ)। ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਈਸਵੀ ਵਿਚ ਹੋਇਆ ਸੀ, 'ਦੀਵਾਨਾ' ਜੀ ਨੇ ਬਾਬਰ ਦੇ ਹੱਲਿਆਂ ਤੋਂ ਹੀ ਇਹ ਸਮਾ ਅਰੰਭਿਆ ਤਾਂ ਜੋ ਸਾਲਾਂ ਦਾ ਭੁਲੇਖਾ ਨਾ ਰਹੇ ਅਤੇ ਸਿੱਧੀ ਕਾਲਵੰਡ ਹੋਏ।

(ੲ) ਪਿਛਲਾ ਮੁਗ਼ਲਈ ਕਾਲ ਜਾਂ ਵਾਰਸ ਸ਼ਾਹ ਦਾ ਕਾਲ:-(ਸੰਨ ੧੭੦੦ ਈਸਵੀ ਤੋਂ ਸੰਨ ੧੮੦੦ ਈਸਵ ਤਕ।

(ਸ) ਰਣਜੀਤ ਸਿੰਘ ਕਾਲ:—(ਸੰਨ੧੮੦੦ ਤੋਂ੧੮੬੦) ਈਸਵੀ ਤਕ ਦਾ ਸਮਾ।

(ਹ) ਅੰਗ੍ਰੇਜ਼ੀ ਰਾਜ ਦਾ ਸਮਾ:—ਸੰਨ ੧੮੬੦ ਈਸਵੀ ਤੋਂ ਲੈ ਕੇ ੧੯੪੭ ਤਕ ਦਾ ਸਮਾ।

(ਕ) ਸਵੈਤੰਤਰ ਕਾਲ:—ਸੰਨ ੧੯੪੭ ਤੋਂ ਲੈ ਕੇ ਅਜ ਤਕ ਦਾ ਸਮਾ।

੩.

ਕਈਆਂ ਵਿਦਵਾਨਾਂ ਨੇ ਇਸ ਉਪਰ ਲਿਖੀ ਕਾਲ ਵੰਡ ਨੂੰ ਥੋੜਾ ਜਿੰਨਾ ਬਦਲ ਕੇ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਹੈ:--



Digitized by Panjab Digital Library | www.panjabdigilib.org

੧. ਪੂਰਵ ਨਾਨਕ ਕਾਲ--੧੧੭੦ ਈਸਵੀ ਤੋਂ ਲੈ ਕੇ ੧੪੬੯ ਈਸਵੀ ਤਕ ਮੰਨਿਆਂ ਹੈ। ਉਹ ਮੰਨਦੇ ਹਨ ਕਿ ਪੰਜਾਬੀ ਕਵਿਤਾ ਦਾ ਆਰੰਭ ਸਭ ਤੋਂ ਪਹਿਲਾਂ ਸ਼ੇਖ ਫਰੀਦ ਜੀ ਸ਼ਕਰਗੰਜ ਦੇ ਸਮੇਂ ਤੋਂ ਹੋਇਆ।

੨. ਨਾਨਕ ਕਾਲ ਜਾਂ ਮੁਗਲਈ ਕਾਲ ਦਾ ਸਮਾ ਸੰਨ ੧੪੬੯ ਈਸਵੀ ਤੋਂ ਲੈ ਕੇ ੧੭੨੩ ਈਸਵੀ ਤਕ ਨੀਯਤ ਕਰਦੇ ਹਨ, ਜਦੋਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ ਸਨ।

੩. ਪਿਛਲਾ ਮੁਗਲਈ ਕਾਲ--ਸੰਨ ੧੭੨੩ ਤੋਂ ਲੈ ਕੇ ਸੰਨ ੧੮੦੦ ਈਸਵੀ ਤਕ ਹੀ ਮੰਨਦੇ ਹਨ।

੪. ਰਣਜੀਤ ਸਿੰਘ ਕਾਲ--ਸੰਨ ੧੮੦੦ ਤੋਂ ਲੈ ਕੇ ੧੮੫੦ ਤਕ ਦਾ ਸਮਾ ਮੰਨਿਆਂ ਜਾ ਸਕਦਾ ਹੈ। ਉਹਨਾਂ ਦਾ ਖਿਆਲ ਹੈ ਕਿ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਸੰਨ ੧੮੪੮ ਵਿਚ ਚਲਾਣਾ ਕਰ ਗਏ ਸਨ ਇਸ ਲਈ ਨਵਾਂ ਦੌਰ ਸੰਨ ੧੮੫੦ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦ ਕਿ ੧੮੫੦ ਵਿਚ ਅੰਗਰੇਜ਼ ਪੰਜਾਬ ਵਿਚ ਪੈਰ ਪਾ ਚੁੱਕੇ ਸਨ।

੫. ਅੰਗਰੇਜ਼ੀ ਰਾਜ ਦਾ ਸਮਾ ਸੰਨ ੧੮੫੭ ਦੇ ਗ਼ਦਰ ਤੋਂ ਮਗਰੋਂ ਸੰਨ ੧੯੪੭ ਤਕ ਦਾ ਸਮਾ ਹੀ ਮੰਨਿਆਂ ਹੈ।

ਜੇ ਇਸ ਸਬੰਧੀ ਵਿਚਾਰ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਡਾਕਟਰ ਮੋਹਨ ਸਿੰਘ ਜੀ ਨੇ ਜੋ ਪੰਜਾਬੀ ਸਾਹਿਤ ਕਾਲ ਵੰਡ ਕੀਤੀ ਹੈ ਉਹ ਵਗਿਆਨਿਕ ਰੀਤੀ ਅਨੁਸਾਰ ਬਾਕੀ ਹਰ ਤਰ੍ਹਾਂ ਦੀਆਂ ਵਿਚਾਰਾਂ ਦੇ ਮੁਕਾਬਲੇ ਵਿਚ ਅਤਿਅੰਤ ਸੁੰਦਰ, ਨਖੇੜਵੀਂ ਤੇ ਸਾਫ ਹੈ, ਜਿਸ ਵਿਚ ਕਿਸੇ ਤਰ੍ਹਾਂ ਦਾ ਕੋਈ ਭੁਲੇਖਾ ਨਹੀਂ ਲਗ ਸਕਦਾ।



Digitized by Panjab Digital Library | www.panjabdigilib.org

# ਪੰਜਾਬੀ ਲੋਕ ਕਾਵਿ ਜਾਂ ਲੋਕ ਗੀਤ

ਪੰਜਾਬ ਇਕ ਅਜਿਹਾ ਦੇਸ਼ ਹੈ, ਜਿਥੇ ਸਦੀਆਂ ਤੋਂ ਅਨੇਕਾਂ ਹੱਲੇ ਹੁੰਦੇ ਰਹੇ। ਵੱਖ ਵੱਖ ਸਮਿਆਂ ਤੇ ਵੱਖ ਵੱਖ ਜਰਵਾਣੇ ਫੌਜਾਂ ਚਾੜ੍ਹ ਕੇ ਆਉਂਦੇ ਰਹੇ ਤੇ ਇਸ ਸੁਹਾਵਣੀ ਧਰਤੀ ਤੇ ਕਤਲ ਲੁਟ ਮਾਰ ਤੇ ਹੁੱਲੜ ਮਚਾਉਂਦੇ ਰਹੇ। ਇਥੇ ਕਈ ਵਾਰੀ ਖ਼ੂਨ ਦੀਆਂ ਨਦੀਆਂ ਵੱਗੀਆਂ ਤੇ ਮੌਤ ਦੇ ਝੱਖੜ ਝੁੱਲੇ। ਇਹ ਕੁਝ ਹੁੰਦਿਆਂ ਹੋਇਆਂ ਵੀ ਇਹ ਦੇਸ ਜੋਂਕੀ ਵੱਸਦਾ ਰਿਹਾ। ਘੜੀ ਦੀ ਘੜੀ ਜਰਵਾਣਿਆਂ ਦਾ ਡ੍ਹੈ ਤੇ ਮੌਤ ਦਾ ਸਹਿਮ ਪੰਜਾਬੀਆਂ ਦੇ ਦਿਲਾਂ ਤੇ ਪ੍ਰਭਾਵਤ ਹੁੰਦਾ ਰਿਹਾ, ਰਤਾ ਕੁ ਅਮਨ ਹੁੰਦਿਆਂ ਪੰਜਾਬ ਦੇ ਰੰਗੀਲੇ ਗਭਰੂ ਤੇ ਮੁਟਿਆਰਾਂ ਫੇਰ ਓਸੇ ਤਰ੍ਹਾਂ ਵੱਸਣ ਲੱਗ ਪੈਂਦੇ। ਪੰਜਾਬ ਇਕ ਰੋਮਾਂਸ ਦਾ ਭਰਿਆ ਦੇਸ ਹੈ। ਹੀਰਾਂ ਤੇ ਰਾਂਝਿਆਂ ਦਾ, ਸੁਹਣੀਆਂ ਤੇ ਮਹੀਂਵਾਲਾਂ ਦਾ ਦੇਸ ਹੈ। ਇਸ ਧਰਤੀ ਨੂੰ ਸਾਈਂ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਵਰਗੇ ਅਨੇਕਾਂ ਸੂਫੀ ਫਕੀਰਾਂ ਨੇ ਆਪਣੀਆਂ ਰਾਗ-ਆਤਮਕ ਕਾਫੀਆਂ ਨਾਲ ਰਾਗ-ਆਤਮਕ ਬਣਾਇਆ ਹੈ। ਗੁਰੂਆਂ ਤੇ ਅਵਤਾਰਾਂ ਨੇ ਇਸ ਧਰਤੀ ਨੂੰ ਰਸ-ਰੰਗ ਤੇ ਇਲਾਹੀ ਨਾਦ ਦਾ ਹੁਲਾਰਾ ਦਿਤਾ ਤੇ ਏਥੋਂ ਦੇ ਵਸਨੀਕਾਂ ਦੇ ਦਿਲਾਂ ਅੰਦਰ ਪਰੇਮ ਝਰਨਾਟਾਂ ਛੇੜੀਆਂ। ਫਿਰ ਕਿਉਂ ਨਾ ਪੰਜਾਬੀਆਂ ਦੇ ਦਿਲਾਂ ਵਿਚੋਂ ਕਸ਼ਮੀਰ ਦੇ ਸੋਮਿਆਂ ਵਾਂਗ ਗੌਣ ਫੁੱਟ ਫੁੱਟ ਕੇ ਨਿਕਲਣ।

ਸੁਜਾਨ ਸਿੰਘ ਬੀ. ਏ. ਨੇ ਲਿਖਿਆ ਹੈ, 'ਪੰਜਾਬ ਗੀਤਾਂ ਦਾ ਜਨਮ ਦਾਤਾ ਹੈ। ਸਦੀਆਂ ਤੋਂ ਗੀਤ ਸੀਨਾ-ਬ-ਸੀਨਾ ਚਲੇ ਆਏ ਹਨ। ਕਈ ਤਹਿਜ਼ੀਬਾਂ ਅਤੇ ਕਈ ਬੋਲੀਆਂ ਬਦਲੀਆਂ ਹਨ, ਪਰ ਮਨੁੱਖੀ ਦਿਲ ਦੇ ਮੁੱਢਲੇ ਵਲਵਲੇ ਜਿਉਂ ਦੇ ਤਿਉਂ ਕਾਇਮ ਹਨ।' ਇਸ ਕਥਨ ਵਿਚ ਰਤਾ ਵੀ ਸ਼ੱਕ ਨਹੀਂ ਕਿ ਜਦੋਂ ਕਿਸੇ ਦੇ ਘਰ ਬੱਚਾ ਪੈਦਾ ਹੋਇਆ, ਮਾਂ ਨੇ ਗੌਂ ਕੇ ਲੋਰੀਆਂ ਦਿੱਤੀਆਂ। ਆਂਵਣਾਂ ਗੁਆਵਣਾਂ ਤੇ



Digitized by Panjab Digital Library | www.panjabdigilib.org

ਸਾਕਾਂ ਅੰਗਾਂ ਨੇ ਵਧਾਈ ਤੇ ਖੁਸ਼ੀ ਦੇ ਗੀਤ ਗਾਏ । ਬੱਚਿਆਂ ਦੀਆਂ ਖੇਡਾਂ 'ਗੀਤਾਂ' ਨਾਲ ਸ਼ੁਰੂ ਹੋਈਆਂ । ਨਿਕੀਆਂ ਨਿਕੀਆਂ ਕੁੜੀਆਂ ਖਿਦੋ ਅਥਵਾ ਗੇਂਦ ਖੇਡਣ ਲੱਗੀਆਂ ਤਾਂ ਨਾਲੋ ਨਾਲ 'ਥਾਲ' ਪਾਉਂਦੀਆਂ ਰਹੀਆਂ । ਜੇ ਕਿਕੱਲੀ ਪਾਉਣ ਲਗੀਆਂ, ਪੀਂਘ ਝੂਟਣ ਲਗੀਆਂ ਜਾਂ ਖੂਹਾਂ ਤੇ ਪਾਣੀ ਭਰਨ ਗਈਆਂ ਤਾਂ ਨਾਲੋ ਨਾਲ ਗਾਉਂਦੀਆਂ ਰਹੀਆਂ । ਅਨੋਖੇ ਤੇ ਰਸ ਭਿੰਨੇ ਗੌਣ ਸੁਰਾਂ ਲਾ ਲਾ ਕੇ ਗਾਉਂਦੀਆਂ ਰਹੀਆਂ । ਵਿਆਹਾਂ ਸ਼ਾਦੀਆਂ ਸਮੇਂ ਤਾਂ ਸੁਹਾਗ, ਸਿੱਠਣੀਆਂ, ਘੋੜੀਆਂ ਤੇ ਲੰਮੇ ਗੌਣ ਕਈ ਕਈ ਦਿਨ ਗਾਉਂਦੀਆਂ ਰਹਿੰਦੀਆਂ ਹਨ । ਘੋੜੀ ਚੜ੍ਹਨ ਵੇਲੇ ਦੇ ਵੱਖਰੇ ਗੌਣ, ਡੋਲੀ ਪਾਉਣ ਵੇਲੇ ਦੇ ਵਖਰੇ ਤੇ ਡੋਲੀਉਂ ਨਿਕਲਣ ਵੇਲੇ ਦੇ ਵਖਰੇ । ਮਿਲਾਪ ਤੇ ਪ੍ਰੇਮ ਦੇ ਵੱਖਰੇ ਗੀਤ, ਵਿਛੋੜੇ ਤੇ ਬ੍ਰਿਹੋਂ ਦੇ ਵੱਖਰੇ । ਇਥੋਂ ਤਕ ਕਿ ਮਰਨਾ ਵੀ ਗੀਤਾਂ ਤੋਂ ਖਾਲੀ ਨਹੀਂ ਰਹਿੰਦਾ । ਵੈਣ, ਅਲਾਹੁਣੀਆਂ ਤੇ ਸਿਆਪੇ ਦੇ ਵੀ ਅਨੇਕਾਂ ਤਰ੍ਹਾਂ ਦੇ ਗੀਤ ਹਨ । ਸਿਪਾਹੀ ਜਦੋਂ ਜੰਗ ਜਾਂ ਲੜਾਈਆਂ ਸਮੇਂ ਬਾਹਰ ਜਾਂਦੇ ਹਨ ਤਾਂ ਗੀਤ ਗਾਉਂਦੇ ਸੁਣਾਈ ਦੇਂਦੇ ਹਨ, ਵਾਗੀ ਮੁੰਡੇ ਵੱਗਾਂ ਨੂੰ ਛੇੜਦੇ, ਚਰਾਉਂਦੇ ਤੇ ਉਹਨਾਂ ਦੀਆਂ ਮੁਹਾਰਾਂ ਮੋੜਦੇ ਕੁਝ ਨਾ ਕੁਝ ਗਾਉਂਦੇ ਹੀ ਸੁਣਾਈ ਦੇਂਦੇ ਹਨ । ਸਚ ਮੁਚ ਹੀ ਪਿਆਰਾ ਪੰਜਾਬ ਗੀਤਾਂ ਦਾ ਜਨਮ-ਦਾਤਾ ਹੈ, ਜਾਂ ਐਉਂ ਕਹਿ ਲਓ ਕਿ ਪੰਜਾਬ ਦਾ ਜਨਮ ਹੀ ਗੀਤਾਂ ਨਾਲ ਹੋਇਆ ।

ਲੋਕ-ਗੀਤ ਵੀ ਸਾਹਿਤ ਦਾ ਖਾਸ ਅੰਗ ਹੁੰਦੇ ਹਨ । ਇਹਨਾਂ ਵਿਚ ਸਮਾਜ ਦਾ ਜੀਵਨ ਗੁੰਦਿਆ ਹੋਇਆ ਲਿਸ਼ਕਾਰੇ ਮਾਰਦਾ ਹੈ । ਜੰਮਣ ਵੇਲੇ ਤੋਂ ਲੈ ਕੇ ਮਰਨ ਸਮੇਂ ਤਕ ਵੱਖ ਵੱਖ ਸਮਿਆਂ ਦੇ ਵੱਖ ਗੀਤ ਸੀਨਾ-ਬ-ਸੀਨਾ ਸਦੀਆਂ ਤੋਂ ਜਿਉਂ ਦੇ ਤਿਉਂ ਚਲੇ ਆ ਰਹੇ ਰਹੇ ਹਨ । ਪੰਜਾਬ ਦੇ ਹਰ ਅਲਾਕੇ ਦੇ ਆਪਣੇ ਆਪਣੇ ਗੀਤ ਹਨ । ਪੋਠੋਹਾਰ ਦੇ ਗੀਤ, ਮੁਲਤਾਨ ਦੇ ਅਲਾਕੇ ਦੇ ਗੀਤ, ਮਾਝੇ, ਦੁਆਬੇ, ਮਾਲਵੇ ਤੇ ਪਹਾੜੀ ਅਲਾਕੇ ਦੇ ਗੀਤ ਆਪਣੀ ਆਪਣੀ ਥਾਂ ਸੁਹਣਾ



Digitized by Panjab Digital Library | www.panjabdigilib.org

ਰੰਗ ਬੰਨ੍ਹਦੇ ਹਨ। ਮੇਲਿਆਂ ਵਿਚ ਪੇਂਡੂ ਲੰਮੀਆਂ ਲੰਮੀਆਂ ਹੇਕਾਂ ਲਾ ਕੇ ਕਈ ਤਰ੍ਹਾਂ ਦੀਆਂ ਬੋਲੀਆਂ, ਟੱਪੇ, ਮਾਹੀਏ, ਢੋਲੇ, ਸੱਦਾਂ, ਬੈਂਤ, ਕਬਿਤ, ਕੋਰੜੇ ਆਦਿ ਲਹਿਰ ਵਿਚ ਆ ਕੇ ਗਾਉਂਦੇ ਸੁਣੀਦੇ ਹਨ। ਵੱਖ ਵੱਖ ਰੁੱਤਾਂ ਤੇ ਬਹਾਰਾਂ ਦੇ ਜਿਹਾ ਕਿ ਸਾਉਣ ਦੇ ਗੀਤ, ਬਸੰਤ ਤੇ ਹੋਲੀਆਂ ਦੇ ਗੀਤ ਪੰਜਾਬ ਦੇਵੱਖ ਵੱਖ ਹਿੱਸਿਆਂ ਵਿਚ ਆਮ ਪਰਚਲਤ ਹਨ।ਇਨ੍ਹਾਂ ਗੀਤਾਂ ਵਿਚ ਬੋਲੀ ਦਾ ਅਸਲ ਰੰਗ ਤੇ ਮੁਹਾਵਰਾ ਗੁੰਦਿਆ ਹੋਇਆ ਹੁੰਦਾ ਹੈ। ਪਿਆਰ ਦੇ ਵਲਵਲੇ ਤੇ ਬਿਰਹਾ ਦੀਆਂ ਦਿਲ ਵਿੰਨ੍ਹਵੀਆਂ ਚੀਸਾਂ ਤੇ ਉਡੀਕਾਂ ਦੀਆਂ ਤਾਂਘਾਂ ਦੇ ਬੜੇ ਦਿਲ ਖਿਚਵੇਂ ਜਜ਼ਬੇ ਮਿਲਦੇ ਹਨ। ਇਹਨਾਂ ਗੀਤਾਂ ਵਿਚ ਸਮਾਜ ਦਾ ਜੀਵਨ ਤੇ ਸਭਿਅਤਾ ਦੇ ਵੱਖ ਵੱਖ ਝੌਲੇ ਮਿਲਦੇ ਹਨ। ਜਦੋਂ ਵਿਆਹਾਂ ਵੇਲੇ ਤੀਵੀਆਂ ਰਲ ਕੇ ਹੇਠ ਲਿਖਿਆ ਸੁਹਾਗ ਗਾਉਂਦੀਆਂ ਹਨ ਤਾਂ ਸਾਨੂੰ ਆਪਣੇ ਦੇਸ ਦੀ ਪੁਰਾਣੀ ਸੱਭਿਅਤਾ ਦਾ ਪਤਾ ਲਗਦਾ ਹੈ ਕਿ ਮੁਟਿਆਰਾਂ ਜਦੋਂ ਵਰ ਯੋਗ ਹੋ ਜਾਂਦੀਆਂ ਸਨ ਤਾਂ ਆਪਣੇ ਮਾਤਾ ਪਿਤਾ ਨੂੰ ਆਪ ਕਹਿ ਦੇਂਦੀਆਂ ਸਨ ਕਿ ਸਾਨੂੰ ਇਸ ਤਰ੍ਹਾਂ ਦਾ ਵਰ ਚਾਹੀਦਾ ਹੈ:--

ਬੀਬੀ ! ਚੰਦਨ ਦੇ ਉਹਲੇ ਉਹਲੇ ਕਿਉਂ ਖੜੀ ?<br>
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਕੋਲ,<br>
ਬਾਬਲ ਮੁਖੋਂ ਬੋਲ, ਬਾਬਲ ! ਵਰ ਲੋੜੀਏ।<br>
ਜਾਈਏ ! ਕਿਹੋ ਜਿਹਾ ਵਰ ਲੋੜੀਏ ?<br>
ਤਾਰਿਆਂ ਵਿਚੋਂ ਚੰਨ, ਚੰਨਾਂ ਵਿਚੋਂ ਕਾਹਨ,<br>
ਕਨ੍ਹਈਆ ਵਰ ਲੋੜੀਏ।

ਇਸ ਤੋਂ ਬਿਨਾਂ ਕਈਆਂ ਗੀਤਾਂ ਵਿਚ ਧੀ ਦੇ ਦਿਲ ਦੀਆਂ ਸੱਧਰਾਂ ਤੇ ਖਾਹਸ਼ਾਂ ਪਰਗਟ ਹੁੰਦੀਆਂ ਹਨ। ਜਿਹਾ ਕਿ:--

ਬਾਬਲ ਤੇਰਾ ਪੁੰਨ ਹੋਵੇ।<br>
ਦੇਈਂ ਵੇ ਬਾਬਲਾ ਓਸ ਘਰੇ, ਜਿਥੇ ਹੱਸਣੀ ਖੇਡਣੀ ਸੱਸ।<br>
ਧੋਵਾਂਗੀ ਅੰਙਣ, ਪੋਚਾਂਗੀ ਚੌਂਕਾ, ਜੀਉੜਾ ਵਲਾਵਾਂਗੀ ਨਿਤ।

— —



Digitized by Panjab Digital Library | www.panjabdigilib.org

ਦਈਂ ਵੇ ਬਾਬਲਾ ਓਸ ਘਰੇ,ਜਿਥੇ ਸੱਸੂ ਦੇ ਜਾਏ ਸੱਤ,
ਇਕ ਮੰਗੀਏ ਇਕ ਵਿਆਹੀਏ,ਮੈਂ ਤਾਂ ਸ਼ਾਦੀਆਂ ਦੇਖਾਂਗੀ ਨਿਤ।

———

ਦਈਂ ਵੇ ਬਾਬਲਾ ਓਸ ਘਰੇ, ਜਿਥੇ ਬੂਰੀਆਂ ਹੋਵਨ ਸੱਤ,
ਇਕ ਰਿੜਕਾਂ, ਇਕ ਜਮਾਇਸਾਂ, ਮੇਰਾ ਮੱਖਣਾਂ ਦੇ ਵਿਚ ਹੱਥ।
ਬਾਬਲ ਤੇਰਾ.........।

ਇਸੇ ਤਰ੍ਹਾਂ, "ਧੀਆਂ ਹੁੰਦੀਆਂ ਨੇ ਦੌਲਤਾਂ ਬਗਾਨੀਆਂ, ਹੱਸ ਹੱਸ ਟੋਰ ਬਾਬਲਾ।" ਕਹਿਕੇ ਪਿਤਾ ਦੇ ਦਿਲ ਨੂੰ ਧੀ ਦੇ ਸਹੁਰੇ ਤੁਰਨ ਸਮੇਂ ਸੁਹਣਾ ਦਿਲਾਸਾ ਦਿਤਾ ਹੈ। ਹਿੰਦੂ ਸਮਾਜ ਵਿਚ ਧੀ ਦੀ ਵਦਾਇਗੀ ਵੇਲੇ ਦੇ ਗੀਤਾਂ ਵਿਚ ਦਾਜ ਦੇਣ ਦੀ ਰਸਮ ਸੁਹਣੀ ਤਰ੍ਹਾਂ ਪ੍ਰਗਟਾਈ ਹੈ:--

ਕੱਢ ਨੀ ਅੰਮੜੀ ਕੁਝ ਸੱਜਿਆ ਸਜਾਇਆ
ਕੁਝ ਰੱਖਿਆ ਰਖਾਇਆ,
ਮੇਰੇ ਬਾਬਲ ਦਾ ਖੱਟਿਆ,ਮੇਰੇ ਵੀਰ ਦਾ ਕਮਾਇਆ,
ਹੁਣ ਤੇਰਾ ਦੇਣ ਦਾ ਵੇਲਾ ਆਇਆ।

ਜਦੋਂ ਕੁੜੀ ਸਹੁਰੇ ਜਾਂਦੀ ਹੈ ਤਾਂ ਦਾਜ ਸੱਸ ਸਾਂਭ ਲੈਂਦੀ ਹੈ ਤਾਂ ਉਸ ਸਮੇਂ ਕੁੜੀ ਗਾਉਂਦੀ ਹੈ:--

ਕਮੀਜ਼ਾਂ ਛੀਟ ਦੀਆਂ ਮੁਲਮਾਨੋਂ ਆਈਆਂ ਨੀ।
ਮਾਵਾਂ ਆਪਣੀਆਂ ਜਿਨ੍ਹਾਂ ਸੱਧਰਾਂ ਲਾਹੀਆਂ ਨੀ।
ਸੱਸਾਂ ਬੇਗਾਨੜੀਆਂ ਜਿਨ੍ਹਾਂ ਗਲੋਂ ਲੁਹਾਈਆਂ ਨੀ।

ਇਸ ਤਰ੍ਹਾਂ ਦੇ ਹਜ਼ਾਰਾਂ ਗੀਤ ਸਾਡੇ ਸਮਾਜ ਵਿਚ ਆਪ ਪ੍ਰਲਤ ਹਨ, ਜਿਨ੍ਹਾਂ ਵਿਚੋਂ ਸਾਡੀ ਸੱਭਿਅਤਾ ਤੇ ਰਵਾਜਾਂ ਦਾ ਆਮ ਪਤਾ ਲਗਦਾ ਹੈ। ਬਹੁਤੇ ਗੀਤ ਸ਼ਿੰਗਾਰ ਰਸ ਨਾਲ ਭਰਪੂਰ ਹਨ, ਜਿਨ੍ਹਾਂ ਵਿਚ ਪਿਆਰ ਦੇ ਵਲਵਲੇ ਡੁਲ੍ਹ ਡੁਲ੍ਹ ਪੈਂਦੇ ਹਨ। ਇਕ ਜੋਬਨ ਮੱਤੀ ਮੁਟਿਆਰ ਆਪਣੇ ਮਾਹੀ ਨੂੰ ਖਤ ਵਿਚ ਆਪਣੇ ਦਿਲ ਦੇ ਜਜ਼ਬੇ ਇਸ ਤਰ੍ਹਾਂ ਲਿਖਦੀ ਹੈ:--



Digitized by Panjab Digital Library | www.panjabdigilib.org

ਸੌਣ ਦੇ ਮਹੀਨੇ ਦੋ ਕਿਣ-ਮਿਣ ਕਣੀਆਂ।
ਵੇ ਲਾਲ ! ਜੋਬਨ ਦੀਆਂ ਲਹਿਰਾਂ ਸਾਨੂੰ ਮੁਸ਼ਕਲ ਬਣੀਆਂ।
ਵੇ ਲਾਲ ! ਸੁੰਨੀ ਏਂ ਸੇਜ ਗੋਰੀ ਦਾ ਜੀਉੜਾ ਡੋਲੇ।

ਇਸੇ ਤਰ੍ਹਾਂ ਪੂਰੇ ਬਾਰਾਂ ਮਹੀਨੇ ਗਿਣ ਕੇ ਦੱਸੇ ਹਨ, ਪਰ ਓਸ ਵਿਚਾਰੇ ਨੂੰ ਛੁੱਟੀ ਨਹੀਂ ਮਿਲਦੀ। ਉਸ ਨੂੰ ਫੇਰ ਇਸ ਤਰ੍ਹਾਂ ਖਤ ਲਿਖਦੀ ਹੈ:--

ਚਿੱਟਾ ਝੱਗਾ ਤੇ ਫੁੱਟੀਆਂ ਫੁੱਟੀਆਂ,
ਤੈਨੂੰ ਸਾਹਬ ਨਾ ਦੇਂਦਾ ਛੁੱਟੀਆਂ, ਮੈਂ ਮਰ ਚੁੱਕੀਆਂ।

ਚਿਰਾਂ ਦੀ ਉਡੀਕ ਪਿਛੋਂ ਮਾਹੀ ਦਾ ਖਤ ਆਇਆ, ਦਿਲ ਨੂੰ ਹੌਸਲਾ ਹੋਇਆ। ਆਪ ਸੀ ਅਨਪੜ੍ਹ, ਵਿਚਾਰੀ ਕੀ ਕਰਦੀ ? ਕਹਿੰਦੀ ਹੈ:--

ਕਾਲੇ ਕਾਲੇ ਬਾਗਾਂ ਵਿਚ ਕੋਇਲ ਬੋਲਦੀ,
ਚਿੱਠੀ ਤਾਂ ਆ ਗਈ ਮੇਰੇ ਬਾਂਕੇ ਢੋਲ ਦੀ।
ਬੈਠ ਚੁਬਾਰੇ ਨੀ ਮੈਂ ਚਿੱਠੀ ਨੂੰ ਫੋਲਦੀ,
ਇਹੋ ਦੁਖ ਡਾਹਢਾ ਚਿੱਠੀ ਮੂੰਹੋਂ ਨਹੀਂ ਬੋਲਦੀ।

ਕਿਹਾ ਹਾਸ-ਰਸ ਭਰਪੂਰ ਜਜ਼ਬਾ ਬਿਆਨ ਕੀਤਾ ਹੈ। ਇਸੇ ਤਰ੍ਹਾਂ ਜਿਸ ਮੁਟਿਆਰ ਦੇ ਘਰ ਸੰਤਾਨ ਨਹੀਂ, ਭਾਵੇਂ ਉਸ ਦੇ ਭੰਡਾਰੇ ਭਰੇ ਵੀ ਹੋਣ, ਪਰ ਇਕ ਪੁੱਤਰ ਖੁਣੋ ਉਸ ਦਾ ਦਿਲ ਉਦਾਸਿਆ ਹੀ ਰਹਿੰਦਾ ਹੈ। ਇਹੋ ਜਿਹੀ ਨਿਕਰਮਣ ਕਹਿੰਦੀ ਹੈ:--

ਕੀ ਕਰਾਂ ਮੈਂ ਇਹ ਸੂਹੇ ਤੇ ਸਾਵੇ, ਮੇਰੀ ਗੋਦੀ ਬਾਲ ਨਹੀਂ ਖੇਡਿਆ।
ਕੀ ਕਰਾਂ ਮੈਂ ਇਹ ਚੰਬਾ ਤੇ ਮਰੂਆ, ਮੇਰੀ ਸੇਜੇ ਪੁੱਤਰ ਨਹੀਂ ਖੇਡਿਆ।

ਇਸ ਵਿਚ ਸ਼ੱਕ ਨਹੀਂ ਜੇ ਕਿਸੇ ਮੁਟਿਆਰ ਦੇ ਘਰ ਦੋ ਵਰ੍ਹੇ ਬਾਲ ਨਾ ਹੋਏ ਤਾਂ ਸੱਸਾਂ ਹੀ ਤਾਹਨੇ ਮਾਰਕੇ ਕਹਿਣ ਲਗ ਪੈਂਦੀਆਂ ਹਨ:--

ਬੇਰੀਆਂ ਨੂੰ ਬੇਰ ਲੱਗ ਪਏ, ਤੈਨੂੰ ਕੁਝ ਨਾ ਲੱਗਾ ਮੁਟਿਆਰੇ।



Digitized by Panjab Digital Library | www.panjabdigilib.org

ਗੱਲ ਵੀ ਸੱਚੀ ਹੈ, ਜੋ ਪੁੱਤਰਾਂ ਵਾਲੀਆਂ ਨੂੰਹਾਂ ਦੀ ਕਦਰ ਹੈ, ਉਹ ਦੂਸਰੀ ਦੀ ਨਹੀਂ। ਇਕ ਲਾਲ ਦੀ ਮਾਂ ਕਹਿੰਦੀ ਹੈ:--

ਕਾਕਾ ਲੈ ਲੈਨੀ ਆਂ, ਪਲੰਘੇ ਤੇ ਬਹਿ ਰਹਿਨੀਆਂ।
ਸ਼ਾਵਾਸ਼ੇ ਇਸ ਕਾਕੇ ਦਾ ਜਿਸ ਮੇਰਾ ਮਾਣ ਵਧਾਇਆ।

ਇਸ ਤਰ੍ਹਾਂ ਦੇ ਗੀਤਾਂ ਤੋਂ ਬਿਨਾਂ ਗ੍ਰਿਹਸਤ ਦੀਆਂ ਕਬੀਲਦਾ-ਰੀਆਂ ਬਾਬਤ ਦੱਸਿਆ ਹੈ ਕਿ ਜਦੋਂ ਕਬੀਲਦਾਰੀ ਆ ਪੈਂਦੀ ਹੈ, ਸਾਰੀ ਸ਼ਾਨ ਸ਼ੌਕਤ, ਪਹਿਨਣਾ ਹੰਡਾਉਣਾ ਆਪੇ ਹੀ ਖਤਮ ਹੋਣ ਲਗਦਾ ਹੈ। ਇਕ ਮੁਟਿਆਰ ਕਹਿੰਦੀ ਹੈ:--

ਕਾਸ਼ਨੀ ਦੁਪੱਟੇ ਵਿਚ ਤਿੰਨ ਧਾਰੀਆਂ,
ਪਹਿਨਣ ਨਾ ਦੇਂਦੀਆਂ ਕਬੀਲਦਾਰੀਆਂ।

ਸ਼ਹਿਰਾਂ ਵਿਚ ਭਾਵੇਂ ਹੁਣ ਪੁਰਾਣੇ ਗੀਤਾਂ ਦਾ ਰਵਾਜ ਉਡਦਾ ਜਾ ਰਿਹਾ ਹੈ ਤੇ ਓਹਨਾਂ ਦੀ ਥਾਂ ਹੁਣ ਸਿਨੇਮਾ ਦੇ ਗਾਣੇ ਤਰ੍ਹਾਂ ਤਰ੍ਹਾਂ ਦੇ ਸਾਜ਼ਾਂ ਨਾਲ ਤੇ ਮਨ-ਮੋਹਣੀਆਂ ਸੁਰਾਂ ਨਾਲ ਗੂੰਜਦੇ ਸੁਣੀਦੇ ਹਨ, ਪਰ ਫੇਰ ਵੀ ਇਹਨਾਂ ਦਾ ਜੋ ਰਵਾਜ ਪਿੰਡਾਂ ਵਿਚ ਹੈ ਉਹ ਕਦੀ ਨਹੀਂ ਮਰ ਸਕਦਾ। ਢੋਲੇ, ਮਾਹੀਏ, ਮੱਝਾਂ, ਮਿਰਜ਼ੇ ਦੀਆਂ ਸੱਦਾਂ ਅਜ ਤਕ ਪੰਜਾਬ ਦੇ ਗੱਭਰੂ ਗਾਉਂਦੇ ਤੇ ਬੋਲੀਆਂ ਦੇ ਟੱਪੇ ਸੁਣ ਕੇ ਮਸਤੀ ਵਿਚ ਆਉਂਦੇ ਨਜ਼ਰੀਂ ਪੈਂਦੇ ਹਨ। ਜਿਸ ਤਰ੍ਹਾਂ ਇਕ ਸੂਫੀ ਨੂੰ ਪ੍ਰੇਮ ਭਰੀਆਂ ਕਾਫੀਆਂ ਤੇ ਉਮਰ ਖਿਆਮ ਦੀਆਂ ਰੁਬਾਈਆਂ ਮਸਤੀ ਦੇ ਰੰਗ ਵਿਚ ਰੰਗ ਦੇਂਦੀਆਂ ਹਨ। ਇਸੇ ਤਰ੍ਹਾਂ ਜਦੋਂ ਕੋਈ ਗੱਭਰੂ ਆਪਣੇ ਰੰਗ ਵਿਚ ਆ ਕੇ ਇਹ ਬੋਲੀਆਂ ਕੰਨਾਂ ਤੇ ਹੱਥ ਰੱਖ ਕੇ ਗਾਉਂਦਾ ਹੈ ਤਾਂ ਸੁਣਨ ਵਾਲੇ ਫੜਕ ਪੈਂਦੇ ਹਨ। ਰੱਤਾ ਵੇਖੋ:--

੧. ਤੇਰੀ ਅੱਖ ਨੇ ਇਸ਼ਾਰਾ ਕੀਤਾ,
ਦਿਲ ਨੂੰ ਬੁਖਾਰ ਹੋ ਗਿਆ।
੨. ਗੱਡੀ ਚੜ੍ਹਦੀ ਨੇ ਭਨਾ ਲਏ ਗੋਡੇ,
ਚਾਅ ਮੁਕਲਾਵੇ ਦਾ।



Digitized by Panjab Digital Library | www.panjabdigilib.org

੩. ਦਿਲ ਕਰਦੇ ਮੁੰਡੇ ਦਾ ਰਾਜ਼ੀ,
ਉਤੇ ਲੈ ਕੇ ਲਾਲ ਡੋਰੀਆ।
੪. ਸੁੱਚੇ ਮੋਤੀ ਜਿਨ੍ਹਾਂ ਨੇ ਪੁੰਨ ਕੀਤੇ,
ਰੱਬ ਨੇ ਬਣਾਈਆਂ ਜੋੜੀਆਂ।
੫. ਗੋਰਾ ਰੰਗ ਡੱਬੀਆਂ ਵਿਚ ਆਇਆ,
ਕਾਲਿਆਂ ਨੂੰ ਖਬਰ ਕਰੋ।

ਇਹ ਬੋਲੀਆਂ ਕੀ ਹਨ, ਪ੍ਰੇਮੀਆਂ ਦੇ ਦਿਲਾਂ ਦੇ ਉਬਾਲ, ਪਿਆਰ ਤੇ ਬਿਰਹਾ ਦੇ ਭੇੜ, ਜਵਾਨੀ ਦੀਆਂ ਸੱਧਰਾਂ ਤੇ ਉਮੰਗਾਂ. ਪੰਜਾਬੀਆਂ ਦੇ ਜੀਵਨ ਦੇ ਝਲਕੇ ਜੋ ਪੰਜਾਬੀ ਗੱਭਰੂਆਂ ਦੇ ਮਨਾਂ ਨੂੰ ਬਦੋ ਬਦੀ ਟੁੰਬਦੇ ਤੁਰੀ ਜਾਂਦੇ ਹਨ।

ਅੱਜ ਕਲ ਰੇਡੀਓ ਦੇ ਪਰੋਗਰਾਮਾਂ ਵਿਚ ਕਦੀ ਕਦੀ ਢੋਲੇ ਤੇ ਮਾਹੀਏ ਨਵੀਆਂ ਨਵੀਆਂ ਧਾਰਨਾਂ ਤੇ ਰਾਗਨੀਆਂ ਵਿਚ ਗਾਏ ਜਾਂਦੇ ਹਨ ਜੋ ਸੁਣਨ ਵਾਲਿਆਂ ਦੇ ਹਿਰਦਿਆਂ ਨੂੰ ਬਦੋ ਬਦੀ ਉਧਾਲੀ ਜਾਂਦੇ ਹਨ। ਏਹਨਾਂ ਪੰਜਾਬੀ ਲੋਕ ਗੀਤਾਂ ਦੇ ਸਾਹਮਣੇ ਚੰਗੇ ਚੰਗੇ ਜ਼ਿਨੇਮਾ ਦੇ ਗੀਤ ਵੀ ਫਿਕੇ ਤੇ ਬੇ-ਸੁਆਦੇ ਪਰਤੀਤ ਹੁੰਦੇ ਹਨ। ਵੇਖੋ:--

ਢੋਲ ਮੱਖਣਾ ! ਦਿਲ ਪਰਦੇਸੀਆਂ ਦਾ ਰਾਜ਼ੀ ਰੱਖਣਾ।

੧. ਅਰਸ਼ਾਂ ਤੇ ਬਿਜਲੀ ਕੜਕੇ
ਮੇਰਾ ਨਿੱਕਾ ਜਿਹਾ ਦਿਲ ਪਿਆ ਧੜਕੇ, ਆ ਫੇਰਾ ਪਾ ਜਾਨੀ
ਸਾਡੀ ਗਲੀ ਆਵੇਂ ਤੇਰੀ ਮਿਹਰਬਾਨੀ।

੨. ਮਾਹੀ ਤੇਰੇ ਤੁੱਲ ਕੋਈ ਨਾ,
ਇਸ਼ਕ ਦੇ ਫੱਟਿਆਂ ਦਾ ਹਾਇ ਪਾਉਂਦਾ ਮੁੱਲ ਕੋਈ ਨਾ।

ਇਹ ਟੱਪੇ ਤੇ ਇਹ ਬੰਦ ਆਪਣਾ ਅਸਰ ਕੇਵਲ ਉਸ ਵੇਲੇ ਹੀ ਪਰਗਟ ਕਰਦੇ ਹਨ, ਜਦੋਂ ਕੋਈ ਨਾਇਕਾ ਜਾਂ ਪ੍ਰੇਮੀ ਆਪਣੀ



Digitized by Panjab Digital Library | www.panjabdigilib.org

ਮਸਤੀ ਦੇ ਲੋਰ ਵਿਚ ਗਾ ਰਿਹਾ ਹੋਵੇ। ਏਹਨਾਂ ਦੇ ਆਸਰੇ ਹੀ ਪੰਜਾਬੀ ਜੀਵਨ ਕਦੀ ਕਦੀ ਆਪਣੇ ਹੁਲਾਰੇ ਵਿਚ ਆਉਂਦਾ ਹੈ ਦਿਨੋ ਦਿਨ ਵਰੋਸਾਉਂਦਾ ਹੈ।

## ਪੰਜਾਬੀ ਕਵਿਤਾ ਦੀ ਪਰੰਪਰਾ

ਰਵਾਇਤ ਅਨੁਸਾਰ ਪੰਜਾਬੀ ਦੀ ਪੁਰਾਣੀ ਕਵਿਤਾ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ। ਇਕ ਤੇ ਉਹ ਕਵਿਤਾ ਜੋ ਅਧਿਆਤਮਕ ਰੰਗ ਦੀ ਅਤੇ ਦੂਸਰੀ ਦੁਨਿਆਵੀ ਰੰਗ ਦੀ ਸੀ। ਇਹ ਦੋਹਾਂ ਤਰ੍ਹਾਂ ਦੀਆਂ ਕਵਿਤਾਵਾਂ ਹਰ ਸਮੇਂ ਨਾਲੋ ਨਾਲ ਉਪਜਦੀਆਂ ਰਹੀਆਂ ਹਨ। ਅਮੀਰ ਖੁਸਰੋ ਜਾਂ ਬਾਬਾ ਫਰੀਦ ਜੀ ਦੇ ਸਮੇਂ ਤੋਂ ਲੈ ਕੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੰਤਲੇ ਸਮੇਂ ਤਕ ਦੋਹਾਂ ਧਾਰਾਵਾਂ ਦੇ ਕਵੀਆਂ ਨੇ ਵਖ ਵਖ ਸਮਿਆਂ ਤੇ ਆਪਣੇ ਖਿਆਲ ਕਵਿਤਾ ਰਾਹੀਂ ਪਰਗਟ ਕੀਤੇ ਹਨ। ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਕਾਵਿ ਧਾਰਾ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ।

### ੧. ਅਧਿਆਤਮਕ ਕਵਿਤਾ

ਸਿਧ ਕਾਵਿ ਜਾਂ ਜੋਗੀਆਂ ਦੀ ਕਵਿਤਾ--ਡਾਕਟਰ ਮੋਹਨ ਸਿੰਘ ਜੀ ਦੀਵਾਨਾ ਨੇ ਆਪਣੇ ਸਾਹਿੱਤ ਦੇ ਇਤਿਹਾਸ ਵਿਚ ਦੱਸਿਆ ਹੈ ਕਿ ਨੌਵੀਂ ਸਦੀ ਈਸਵੀ ਦੇ ਪਿਛਲੇ ਅੱਧ ਤੋਂ ਲੈਕੇ ਪੰਦਰਵੀਂ ਸਦੀ ਤਕ ਪੰਜਾਬ ਵਿਚ ਜੋਗੀਆਂ ਦਾ ਕਾਫ਼ੀ ਜ਼ੋਰ ਰਿਹਾ ਹੈ ਅਤੇ ਇਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਆਪਣਾ ਚੰਗਾ ਪਰਭਾਵ ਪੈਦਾ ਕੀਤਾ ਹੋਇਆ ਸੀ। ਇਨ੍ਹਾਂ ਵਿਚੋਂ ਆਦਿ ਗੁਰੂ ਗੋਰਖ ਨਾਥ ਦੀ ਬਾਣੀ ਤਿੰਨ ਤਰ੍ਹਾਂ ਦੀ ਹੈ। (ੳ) ਸਲੋਕ (ਅ) ਵਖ ਵਖ ਰਾਗਾਂ ਵਿਚ ਸ਼ਬਦ (ੲ) ਨੌ ਗਰਹਿ ਗਿਆਨ ਚੌਤੀਸੀ, ਪੰਦ੍ਰਾਹ ਤਿਥਿ ਅਤੇ ਸਪਤਵਾਰ ਆਦਿ ਕਵਿਤਾ ਦੇ ਭੇਦ। ਇਨ੍ਹਾਂ ਜੋਗੀ ਕਵੀਆਂ ਦੀ ਪਰਨਾਲੀ ਇਸਤਰ੍ਹਾਂ ਹੈ :--



Digitized by Panjab Digital Library | www.panjabdigilib.org

੧. ਮਛੰਦਰ ਨਾਥ।

੨. ਗੋਰਖ ਨਾਥ।

੩. ਚਰਪਟ ਨਾਥ (੮੯੦) ਈ: ਤੋਂ ੯੯੦ ਈ:)

੪. ਚੌਰੰਜੀ ਨਾਥ ਜਾਂ ਪੂਰਣ ਨਾਥ (੯੭੦ ਈ: ਤੋਂ ੧੦੭੦ ਈ: ਤਕ)

੫. ਰਤਨ ਨਾਥ ਜਾਂ ਪੀਰ ਰਤਨ ਨਾਥ (੧੦੦੦ ਈ: ਤੋਂ ੧੧੨੦ ਈ: ਤਕ)

ਇਨ੍ਹਾਂ ਤੋਂ ਬਿਨਾਂ ਗੋਰਖ ਪਰਣਾਲੀ ਦੇ ਹੋਰ ਅਨੇਕਾਂ ਜੋਗੀ ਹੋਏ। ਇਨ੍ਹਾਂ ਸਿਧ ਕਵੀਆਂ ਨੇ ਆਪਣੇ ਆਪਣੇ ਖਿਆਲਾਂ ਦਾ ਪਰਚਾਰ ਕਰਨ ਲਈ ਵਖ ਵਖ ਧਾਰਨਾ ਤੇ ਰਾਗਨੀਆਂ ਵਿਚ ਕਵਿਤਾ ਉਚਾਰੀ। ਇਨ੍ਹਾਂ ਦੀ ਕਵਿਤਾ ਦੇ ਵੱਡੇ ਵਿਸ਼ੇ ਤਿੰਨ ਹੀ ਮੰਨੇ ਜਾ ਸਕਦੇ ਹਨ। ਇਕ ਤੇ ਇਨ੍ਹਾਂ ਨੇ ਜੋਗ-ਪੰਥ ਦੀਆਂ ਰਹੁ-ਰੀਤਾਂ ਦੱਸ ਕੇ ਜੋਗ ਮੱਤ ਦਾ ਪਰਚਾਰ ਕੀਤਾ, ਦੂਸਰੇ ਇਨ੍ਹਾਂ ਨੇ ਇਸਤਰੀ ਜਾਤੀ ਦੀ ਨਖੇਧੀ ਕੀਤੀ ਅਤੇ ਇਸ ਕੋਲੋਂ ਪਰੇ ਰਹਿਣ ਦਾ ਉਪਦੇਸ਼ ਕੀਤਾ ਅਤੇ ਤੀਸਰਾ ਇਨ੍ਹਾਂ ਨੇ ਸੰਸਾਰ ਨੂੰ ਨਾਸਵੰਤ ਜਾਣ ਕੇ ਮੋਹ ਮਾਇਆ ਦੇ ਤਿਆਗ ਦਾ ਉਪਦੇਸ਼ ਦਿੱਤਾ।

ਇਨ੍ਹਾਂ ਦੀ ਕਵਿਤਾ ਉਤੇ ਪ੍ਰਾਕ੍ਰਿਤ ਦਾ ਵਧੇਰੇ ਜ਼ੋਰ ਨਜ਼ਰ ਆਉਂਦਾ ਹੈ। ਚਰਪਟ ਨਾਥ ਦਾ ਇਹ ਤਚਨ ਦੇਖੋ:—

ਸਲੋਕ

ਇਕ ਲਾਲ ਪਣਾ ਇਕ ਸੇਤ ਪਟਾ,
ਇਕ ਤਿਲਕ ਧਨੇਊ ਲਮਕ ਜਟਾ।
ਜਬ ਨਹੀਂ ਉਲਟੀ ਪ੍ਰਾਣ ਘਟਾ,
ਤਬ ਚਰਪਟ ਭੂਲੇ ਸਭ ਪੇਟ ਨਟਾ।
ਜਬ ਆਵੈਗੀ ਕਾਲ ਘਟਾ।
ਤਬ ਛੋਡ ਜਾਇੰਗੇ ਲਟਾ ਪਟਾ।



Digitized by Panjab Digital Library | www.panjabdigilib.org

ਸਲੋਕ

ਸੁਣ ਸਿਖਵੰਤਾ ਸੁਣ ਪਤਿਵੰਤਾ, ਇਸ ਜਗ ਮਹਿ ਕੈਸੇ ਰਹਿਣਾ।
ਅੱਖੀਂ ਦੇਖਣਾ, ਕੰਨੀ ਸੁਣਨਾ, ਮੁਖ ਸੋਂ ਕਛੂ ਨ ਕਹਿਣਾ।
ਬਕਤੇ ਆਗੇ ਸਰੋਤਾ ਹੋਇ ਰਹੁ, ਧੌਂਕ ਆਗੈ ਮਸਕੀਨਾ.
ਗੁਰੂ ਆਗੇ ਚੇਲਾ ਹੋਇਬਾ, ਏਹਾ ਬਾਤ ਪਰਬੀਨਾ।
ਮਨ ਮਹਿ ਰਖਨਾ ਭੇਦ ਨ ਕਹਿਣਾ, ਬੋਲਬੋ ਅੰਮ੍ਰਿਤ ਬਾਣੀ।
ਅਗਲਾ ਅਗਨ ਹੋਇਬਾ ਅਉਧੂ ਆਪ ਹੋਇਬਾ ਪਾਣੀ।
ਇਹੁ ਸੰਸਾਰ ਕੰਟਿਓਂ ਕੀ ਬਾੜੀ, ਨਿਰਖ ਨਿਰਖ ਪਗ ਧਰਨਾ।
ਚਰਪਟ ਕਹੈ ਸੁਣਹੁ ਰੇ ਸਿਧੋ, ਹਠ ਕਰਿ ਤਪ ਨਹੀਂ ਕਰਨਾ।

ਗੁਰੂ ਗੋਰਖ ਨਾਥ ਨੇ ਇਸਤਰੀ ਨੂੰ ਬਾਘਨਿ ਜਾਂ ਬਘਿਆੜੀ ਕਰ ਕੇ ਲਿਖਿਆ ਹੈ:--

ਨਦੀ ਢਿਗ ਬਿਰਖਾ, ਨਾਰੀ ਸੰਗ ਪੁਰਖਾ, ਅਲਪੁ ਜੀਵਨ ਕੀ ਆਸਾ।
ਮਨ ਕੀ ਚਾਲ ਮੇਰ ਖਿਸਤ ਹੈ, ਤਾਂਤੇ ਕੰਧ ਬਿਨਾਸਾ।੧।
ਗੋਡੇ ਭਏ ਡਗਮਗੇ, ਪੇਟ ਭਇਆ ਢਿਲ ਢਿਲਾ, ਕੇਸ ਬਗਲੇ ਕੇ ਪੰਖਾ,
ਅਮੀ ਮਹਾਂਰਸ ਬਾਘਨਿ ਸੋਖਾ ਤਾਂ ਤੇ ਘੋਰ ਮਥਨ ਭਈ ਅੰਖਾ।੨।
ਦਿਵਸੁ ਕਉ ਬਾਘਨਿ ਸੁਰਿ ਨਰਿ ਮੋਹੈ, ਰਾਤੀ ਸਾਇਰ ਸੋਖੈ,
ਮੂਰਖ ਲੋਕਾ ਅੰਧਲਾ ਪਸੂਆ ਨਿਤਿ ਪ੍ਰਤਿ ਬਾਘਨਿ ਪੋਖੈ।੩।
ਦਾਮਿ ਕਾਢਿ ਬਾਘਨਿ ਲੈ ਆਇਆ, ਮਾਉ ਕਹੈ ਮੇਰਾ ਪੂਤ ਬਿਆਹਿਆ
ਗੀਲੀ ਲਕੜੀ ਕਉ ਘੁਣ ਲਾਇਆ, ਤਿਨ ਡਾਲ ਮੂਲਿ ਸਣਿ ਖਾਇਆ।੪।
ਬਾਘਨਿ ਜਿੰਦ ਲੇਇ ਬਾਘਨਿ ਬਿੰਦਿ ਲੇਇ, ਬਾਘਨਿ ਹਮਰੀ ਕਾਇਆ।
ਇਨਿ ਬਾਘਨਿ ਤ੍ਰੈ ਲੋਕੀ ਖਾਈ ਬਦਤਿ ਗੋਰਖ ਰਾਇਆ।੫।

ਇਸਤਰ੍ਹਾਂ ਇਸ ਪਰਨਾਲੀ ਦੇ ਸਿੱਧਾਂ ਨੇ ਬਹੁਤ ਸਾਰੀ ਰਚਨਾ ਕੀਤੀ। ਇਸ ਰਚਨਾ ਨੂੰ ਹਿੰਦੀ ਸਾਹਿੱਤ ਵਾਲੇ ਆਪਣੇ ਨਾਲ ਜੋੜਦੇ ਹਨ, ਪਰ ਇਨ੍ਹਾਂ ਦਾ ਵਾਸਾ ਪੰਜਾਬ ਵਿਚ ਹੋਣ ਕਰ ਕੇ ਇਨ੍ਹਾਂ ਨੂੰ ਪੰਜਾਬੀ



Digitized by Panjab Digital Library | www.panjabdigilib.org

ਕਵੀ ਹੀ ਕਹਿਆ ਜਾ ਸਕਦਾ ਹੈ, ਇਨ੍ਹਾਂ ਨੇ ਆਪਣੇ ਸਮੇਂ ਦੀ ਪੰਜਾਬੀ ਵਿਚ ਆਪਣੀ ਕਵਿਤਾ ਲਿਖੀ।

(ਅ) ਭਗਤੀ ਰਸ ਦੀ ਕਵਿਤਾ–ਭਾਰਤ ਅੰਦਰ ਚੌਧਵੀਂ ਸਦੀ ਨੂੰ ਭਗਤੀ ਕਾਲ ਕਹਿਆ ਜਾਂਦਾ ਹੈ। ਇਸ ਸਮੇਂ ਵਿਚ ਭਗਤ ਕਬੀਰ, ਨਾਮਦੇਵ, ਧੰਨਾ, ਸਧਨਾ, ਰਵਿਦਾਸ ਆਦਿਕ ਅਨੇਕਾਂ ਭਗਤ ਜਨ ਹੋਏ ਜਿਨ੍ਹਾਂ ਨੇ ਆਮ ਜਨਤਾ ਨੂੰ ਧਰਮ ਵਿਚ ਆ ਚੁੱਕੇ ਪਖੰਡਾਂ ਤੋਂ ਬਚਾਉਣ ਲਈ ਕਈ ਤਰ੍ਹਾਂ ਦੀਆਂ ਰਚਨਾਵਾਂ ਕੀਤੀਆਂ। ਇਨ੍ਹਾਂ ਵਿਚੋਂ ਭਗਤ ਕਬੀਰ, ਨਾਮਦੇਵ, ਧੰਨਾ ਤੇ ਭਗਤ ਰਵਿਦਾਸ ਪੰਜਾਬ ਵੱਲ ਵੀ ਆਏ ਤੇ ਇਨਾਂ ਨੇ ਕੁਝ ਸ਼ਬਦ ਪੰਜਾਬੀ ਵਿਚ ਵੀ ਉਚਾਰੇ। ਇਨ੍ਹਾਂ ਦੀ ਬਾਣੀ ਦੇ ਵੱਡੇ ਵਿਸ਼ੇ ਦੋ ਹੀ ਮੰਨੇ ਜਾ ਸਕਦੇ ਹਨ:–

੧. ਇਕ ਤੇ ਇਨ੍ਹਾਂ ਨੇ ਰਾਮ ਨਾਮ ਦੇ ਸਿਮਰਨ ਦਾ ਪਰਚਾਰ ਕੀਤਾ।

੨. ਦੂਸਰੇ ਇਨ੍ਹਾਂ ਨੇ ਧਰਮ ਦੇ ਰਾਹ ਵਿਚ ਆ ਚੁੱਕੇ ਕਈ ਤਰ੍ਹਾਂ ਦੇ ਪਖੰਡਾਂ ਦੀ ਨਖੇਧੀ ਕੀਤੀ ਅਤੇ ਆਮ ਲੋਕਾਂ ਨੂੰ ਸੱਚ ਦੇ ਰਸਤੇ ਪਾਇਆ। ਭਗਤ ਕਬੀਰ ਜੀ ਨੇ ਲਿਖਿਆ ਹੈ:–

ਅੰਤਰਿ ਮੈਲਿ ਜੇ ਤੀਰਥਿ ਨਾਵੈ ਤਿਸੈ ਬੈਕੁੰਠ ਨ ਜਾਨਾ।  
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮ ਅਯਾਨਾ।  
ਪੂਜੋ ਰਾਮ ਏਕ ਹੀ ਦੇਵਾ, ਸਾਚਾ ਨਾਵਣ ਗੁਰ ਕੀ ਸੇਵਾ। ੧।  
ਕਬੀਰਾ ਤੇਰੀ ਝੌਂਪੜੀ ਗਲਿ ਕਟਿਆ ਕੇ ਪਾਸੁ।  
ਜੋ ਕਰਨ ਗੇ ਸੋ ਭਰਨ ਗੇ ਤੁਮ ਕਿਉਂ ਭਏ ਉਦਾਸੁ।

ਭਗਤ ਨਾਮ ਦੇਵ, ਭਗਤ ਰਵਿਦਾਸ, ਤੇ ਧੰਨਾ ਆਦਿ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੀ ਹੈ।

(ੲ) ਸੂਫ਼ੀ ਕਵਿਤਾ—ਪੰਜਾਬ ਵਿਚ ਸੂਫ਼ੀ ਕਵਿਤਾ ਦੇ ਮੋਢੀ ਸ਼ੇਖ ਫ਼ਰੀਦ ਸ਼ਕਰਗੰਜ ਮੰਨੇ ਜਾ ਸਕਦੇ ਹਨ। ਇਨ੍ਹਾਂ ਨੇ ਬਹੁਤ ਸਾਰੇ ਸਲੋਕ ਤੇ ਵਖ ਵਖ ਰਾਗਾਂ ਵਿਚ ਕੁਝ ਸ਼ਬਦ ਉਚਾਰੇ। ਇਨ੍ਹਾਂ ਦੇ



Digitized by Panjab Digital Library | www.panjabdigilib.org

ਸਲੋਕਾਂ ਵਿਚੋਂ ੧੩੦ ਸਲੋਕ ਸ਼ੇਖ ਫ਼ਰੀਦ ਜੀ ਦੇ ਨਾਂ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ ਜਿਨ੍ਹਾਂ ਵਿਚੋਂ ੧੮ ਗੁਰੂ ਸਾਹਿਬਾਨ ਦੇ ਹਨ। ਇਨ੍ਹਾਂ ਤੋਂ ਬਿਨਾ ਬਾਬਾ ਫ਼ਰੀਦ ਜੀ ਦੇ ਹੋਰ ਵੀ ਅਨੇਕਾਂ ਸਲੋਕ ਹਨ। ਡਾਕਟਰ ਮੋਹਨ ਸਿੰਘ ਜੀ ਦੀਵਾਨਾ ਨੇ ਆਪਣੀ ਪੁਸਤਕ ਸੂਫ਼ੀਆਂ ਦੇ ਕਲਾਮ ਵਿਚ ਕੁਝ ਸਲੋਕ ਦਿੱਤੇ ਹਨ। ਜਿਹਾ ਕਿ:–

ਫ਼ਰੀਦਾ ਉਚਾ ਨਾ ਕਰ ਸੱਦ ਰੱਬ ਦਿਲਾਂ ਦੀਆਂ ਜਾਣਦਾ।
ਜੇ ਤੁਧ ਵਿਚ ਕੁਲਬ ਸੋ ਮਝਾਊਂ ਦੂਰਿ ਕਰਿ।

ਜਾਂ

ਫਰੀਦਾ ਕੂਕੇਂਦੜਾ ਤਾਂ ਕੂਕ ਕਦੇ ਤਾਂ ਰੱਬ ਸੁਣੇਸੀਆ।
ਨਿਕਲ ਵੈਸੀ ਫੂਕ ਤਾਂ ਫਿਰ ਕੂਕ ਨ ਹੋਸੀਆ।

ਇਨ੍ਹਾਂ ਤੋਂ ਬਿਨਾ ਸ਼ੇਖ ਬ੍ਰਹਮ ਜਾਂ ਸ਼ੇਖ ਇਬਰਾਹੀਮ (ਬਾਬਾ ਫ਼ਰੀਦ ਸਾਨੀ), ਸ਼ਾਹ ਹੁਸੈਨ, ਸੁਲਤਾਨ ਬਾਹੂ, ਅਲੀ ਹੈਦਰ, ਸ਼ੇਖ ਸ਼ਰਫ਼, ਬੁਲ੍ਹੇ ਸ਼ਾਹ ਆਦਿਕ ਅਨੇਕਾਂ ਸੂਫ਼ੀ ਕਵੀ ਹੋਈ ਹਨ ਜਿਨ੍ਹਾਂ ਨੇ ਆਪਣੀ ਰਚਨਾ ਨਾਲ ਪੰਜਾਬੀ ਸਾਹਿਤ ਦਾ ਭੰਡਾਰਾ ਭਰਿਆ।

(ਸ) ਸਿਖ ਕਵਿਤਾ–ਸਿਖ ਕਵਿਤਾ ਦੇ ਰਚਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪੰਜੇ ਗੁਰੂ ਸਾਹਿਬਾਨ, ਭਾਈ ਗੁਰਦਾਸ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਕੁਝ ਕੁ ਛੁੱਟ ਕਵੀ ਕਹੇ ਜਾ ਸਕਦੇ ਹਨ। ਇਨ੍ਹਾਂ ਮਹਾਂ ਪੁਰਖਾਂ ਨੇ ਵਖ ਵਖ ਰਾਗਾਂ, ਰਾਗਨੀਆਂ, ਛੰਦਾਂ, ਕਵਿਤਾ ਦੇ ਭੇਦਾਂ ਤੇ ਹੋਰ ਅਨੇਕਾਂ ਰੂਪਾਂ ਵਿਚ ਆਪਣੀ ਰਚਨਾ ਕੀਤੀ। ਅਸਲ ਵਿਚ ਬਾਬਾ ਫ਼ਰੀਦ ਜੀ ਤੋਂ ਮਗਰੋਂ ਪੰਜਾਬੀ ਕਵਿਤਾ ਨੂੰ ਅਸਲ ਅਰਥਾਂ ਵਿਚ ਹੁਲਾਰਾ ਦੇਣ ਵਾਲੇ ਇਹੋ ਮਹਾਂ ਪੁਰਖ ਸਨ। ਇਨ੍ਹਾਂ ਨੇ ਇਕ ਅਕਾਲ ਪੁਰਖ ਦੀ ਅਰਾਧਨਾ, ਨਾਮ ਦੇ ਸਿਮਰਨ, ਭਾਈਚਾਰਕ ਕੁਰੀਤੀਆਂ, ਧਾਰਮਕ ਪਖੰਡ ਤੇ ਸਮਾਜਕ ਬੁਰਾਈਆਂ ਦੂਰ ਕਰਨ ਉਤੇ ਜ਼ੋਰ ਦਿਤਾ। ਇਕ ਸਰਬ ਸਾਂਝੇ ਧਰਮ ਦਾ ਪਰਚਾਰ ਕੀਤਾ



Digitized by Panjab Digital Library | www.panjabdigilib.org

ਇਨ੍ਹਾਂ ਦੀ ਰਚਨਾ ਇਕ ਤਰ੍ਹਾਂ ਦੀ ਇਨਕਲਾਬੀ ਰਚਨਾ ਸੀ। ਇਨ੍ਹਾਂ ਨੇ ਦੇਸ ਵਿਚ ਚਾਰ ਤਰਾਂ ਦਾ ਪਰਿਵਰਤਨ ਲਿਆਉਣ ਦਾ ਜਤਨ ਕੀਤਾ। ਰਾਜਸੀ ਪਰਿਵਰਤਨ, ਆਰਥਕ ਪਰਿਵਰਤਨ, ਧਾਰਮਕ ਤੇ ਭਾਈਚਾਰਕ ਪਰਿਵਰਤਨ । ਇਨ੍ਹਾਂ ਦੀ ਰਚਨਾ ਅਮਰ ਕਹੀ ਜਾ ਸਕਦੀ ਹੈ । ਜਿਹਾ ਕਿ: -

ਸਰਬ ਸਬਦੰ ਏਕ ਸਬਦੰ ਜੇਕੋ ਜਾਣੈ ਭੇਉ।
ਨਾਨਕ ਤਾਕਾ ਦਾਸ ਹੈ ਸੋਈ ਨਿਰੰਜਨ ਦੇਉ। (ਗੁਰੂ ਨਾਨਕ)

ਜਾਂ

ਪਾਪਾ ਬਾਜਹੁ ਹੋਵੈ ਨਾਹੀ ਮੋਇਆ ਸਾਥਿ ਨ ਜਾਈ।

ਜਾਂ

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।

ਜਾਂ

ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ।

੨. ਦੂਸਰੀ ਤਰ੍ਹਾਂ ਦੀ ਕਵਿਤਾ ਦੁਨਿਆਵੀ ਕਵਿਤਾ ਹੈ। ਇਹ ਵੀ ਚਾਰ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ:—

(ੳ) ਰੋਮਾਂਟਿਕ ਕਵਿਤਾ—ਉਂਞ ਤੇ ਹਰ ਇਕ ਕਵੀ ਦੀ ਕਵਿਤਾ ਵਿਚ ਥੋੜਾ ਬਹੁਤ ਰੋਮਾਂਸ ਹੁੰਦਾ ਹੈ, ਪਰ ਪੰਜਾਬੀ ਸਾਹਿੱਤ ਦੇ ਮੁਢਲੇ ਕਵੀਆਂ ਵਿਚੋਂ ਰੋਮਾਂਟਿਕ ਕਵਿਤਾ ਲਿਖਣ ਵਾਲਾ 'ਦਾਮੋਦਰ' ਕਵੀ ਹੋਇਆ ਹੈ। ਇਸ ਨੇ ਸਭ ਤੋਂ ਪਹਿਲਾਂ ਝੰਗ ਸਿਆਲ ਦੀ ਬੋੱਲੀ ਵਿਚ ਹੀਰ ਤੇ ਰਾਂਝੇ ਦਾ ਕਿੱਸਾ ਲਿਖਿਆ। ਇਹ ਲਿਖਦਾ ਹੈ ਕਿ ਇਸ ਨੇ ਹੀਰ ਤੇ ਰਾਂਝੇ ਦਾ ਸਾਰਾ ਕੌਤਕ ਆਪਣੀ ਅੱਖੀਂ ਵੇਖਿਆ। ਇਹ ਸਾਰਾ ਕਿੱਸਾ ਚਾਰ ਕਲੀਏ ਬੈਂਤਾਂ ਵਿਚ ਹੈ। ਇਸ ਤੋਂ ਮਗਰੋਂ ਪੀਲੂ ਤੇ ਹਾਫ਼ਜ਼ ਬਰਖੁਰਦਾਰ ਨੇ ਮਿਰਜ਼ਾ ਤੇ ਸਾਹਿਬਾਂ ਦੇ ਕਿੱਸੇ ਲਿਖੇ। ਇਸੇ ਤਰ੍ਹਾਂ ਮੁਕਬਲ, ਵਾਰਸਸ਼ਾਹ, ਅਹਿਮਦਯਾਰ, ਕਾਦਰਯਾਰ ਤੇ ਹਾਸ਼ਮ ਆਦਿ ਹੋਰ ਅਨੇਕਾਂ ਕਵੀ ਇਸ ਸ਼੍ਰੇਣੀ ਵਿਚ ਲਏ ਜਾ ਸਕਦੇ ਹਨ।



Digitized by Panjab Digital Library | www.panjabdigilib.org

(ਅ ਬੀਰ ਰਸ ਦੀ ਕਵਿਤਾ—ਪੰਜਾਬੀ ਸਾਹਿਤ ਵਿਚ ਬੀਰ ਰਸ ਦੀ ਕਵਿਤਾ ਬਹੁਤ ਥੋਹੜੀ ਲਿਖੀ ਗਈ ਹੈ। ਸਭ ਤੋਂ ਪਹਿਲਾਂ ਅਮੀਰ ਖੁਸਰੋ ਨੇ ਖੁਸਰੋ ਸ਼ਾਹ ਤੇ ਤੁਗ਼ਲਕ ਸ਼ਾਹ ਦੀ ਲੜ ਈ ਦਾ ਹਾਲ ਵਾਰ ਵਿਚ ਲਿਖਿਆ। ਅਕਬਰ ਬਾਦਸ਼ਾਹ ਦੇ ਸਮੇਂ ਕਈਆਂ ਭੱਟਾਂ ਨੇ ਵਾਰਾਂ ਉਚਾਰੀਆਂ। ਗੁਰੂ ਗੋਬਿੰਦਸਿੰਘ ਜੀ ਨੇ ਚੰਡੀ ਦੀ ਵਾਰ ਲਿਖੀ ਭਾਈ ਬੀਰ ਸਿੰਘ ਨੇ ਸਿੱਖਾਂ ਤੇ ਮੁਸਲਮਾਨਾਂ ਦੀ ਲੜਾਈ ਦਾ ਹਾਲ ਲਿਖਿਆ। ਨਜਾਬਤ ਨੇ ਨਾਦਰਸ਼ਾਹ ਦੇ ਹੱਲੇ ਦਾ ਹਾਲ ਲਿਖਿਆ। ਇਸ ਤਰ੍ਹਾਂ ਹੋਰ ਵੀ ਅਨੇਕਾਂ ਕਵੀਆਂ ਨੇ ਜੰਗ ਨਾਮੇ ਤੇ ਵਾਰਾਂ ਲਿਖੀਆਂ ਜੋ ਪੰਜਾਬੀ ਵਿਚ ਬੀਰ ਰਸ ਦਾ ਉਚ ਨਮੂਨਾ ਹਨ।

(ਇ) ਹਾਸ ਰਸ ਦੀ ਕਵਿਤਾ—ਪੰਜਾਬੀ ਸਾਹਿੱਤ ਵਿਚ ਹਾਸ ਰਸ ਦੀ ਕਵਿਤਾ ਲਿਖਣ ਵਾਲੇ ਬਹੁਤ ਘੱਟ ਕਵੀ ਹੋਏ ਹਨ। ਇਸ ਸ਼੍ਰੇਣੀ ਦੇ ਮੋਢੀ ਸੁਥਰਾ ਤੇ ਜਲ੍ਹਣ ਮੰਨੇ ਜਾ ਸਕਦੇ ਹਨ। ਇਨ੍ਹਾਂ ਨੇ ਵੱਖ ਵੱਖ ਤਰ੍ਹਾਂ ਦੇ ਹਾਸ ਰਸ ਭਰਪੂਰ ਛੰਦ ਰਚੇ ਹਨ। ਸੁਥਰਾ ਲਿਖਦਾ ਹੈ:—

ਘਰ ਦੀ ਧਾੜ ਵਧਾਈਆ ਤੇ ਨਾਓ ਰਖਾਇਓ ਜੰਞ।
ਜਿਉਂ ਜਿਉਂ ਝੁੱਗਾ ਉਜੜੇ ਤਿਉਂ ਤਿਉਂ ਕਹੀਏ ਧੰਨ।
ਆਈ ਰੰਨ ਤੇ ਹੋਏ ਕੰਨ, ਲੋਕਾਂ ਆਖਿਆ ਅਡਿਆ ਘਰ।
ਧੀਆਂ ਧਾੜ ਤੇ ਪੁੱਤਰ ਫਾਹ ਰੰਨ ਦੁੱਖਾਂ ਦਾ ਖੂਹ।
ਇਸ ਘਾਣੀ ਚੋਂ ਸੁਥਰਿਆਂ ਕੋਈ ਹਰ ਜਨ ਕਢੇ ਧੂਹ।

ਇਸੇ ਤਰ੍ਹਾਂ ਜੱਲਣ ਜੱਟ ਦੇ ਬਚਨ ਵੀ ਬੜੇ ਸਿਧੇ ਤੇ ਸਾਦੇ ਹਨ ਅਤੇ ਹਾਸ ਰਸ ਨਾਲ ਭਰਪੂਰ ਹਨ।

(ਸ) ਲੋਕ ਕਾਵਿ—ਇਸ ਸ਼ਰੇਣੀ ਵਿਚ ਹਰ ਤਰ੍ਹਾਂ ਦੇ ਗਾਉਣ, ਟੱਪੇ, ਮਾਹੀਏ, ਡੋਹੇ, ਬੈਂਤ ਤੇ ਵਿਆਹ ਸ਼ਾਦੀਆਂ ਦੇ ਗੀਤ, ਮਰਨੇ ਪਰਨੇ ਦੇ ਗੀਤ ਆ ਜਾਂਦੇ ਹਨ।

ਇਸ ਤਰ੍ਹਾਂ ਪੰਜਾਬੀ ਦੀ ਪੁਰਾਣੀ ਕਵਿਤਾ ਇਨ੍ਹਾਂ ਅੰਗਾਂ ਵਿਚ ਵੇਖੀ ਜਾਂਦੀ ਹੈ।



Digitized by Panjab Digital Library | www.panjabdigilib.org

ਕਾਂਡ ੪.

# ਪੰਜਾਬੀ ਕਵਿਤਾ

## ਦਾ

# ਵਿਕਾਸ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੂਰਵ ਨਾਨਕ ਕਾਲ

## (ਸੰਨ ੯੦੦ ਈਸਵੀ ਤੋਂ ਲੈ ਕੇ ੧੪੫੦ ਈਸਵੀ ਤਕ)

ਇਸ ਸਮੇਂ ਵਿਚ ਕੇਵਲ ਤਿੰਨ ਤਰ੍ਹਾਂ ਦੀ ਕਵਿਤਾ ਉਚਾਰੀ ਗਈ। ਸੰਨ ੯੦੦ ਈਸਵੀ ਤੋਂ ਲੈ ਕੇ ਪੰਦਰਵੀਂ ਸਦੀ ਤਕ ਪੰਜਾਬ ਵਿਚ ਜੋਗੀਆਂ ਦਾ ਬੜਾ ਪਰਭਾਵ ਰਿਹਾ ਹੈ। ਏਥੋਂ ਤਕ ਕਿ ਹਿੰਦੂ ਤੇ ਮੁਸਲਮਾਨ ਸਾਰੇ ਹੀ ਜੋਗੀਆਂ ਨੂੰ ਪੀਰ ਮੰਨਦੇ ਸਨ। ਜਿਹਾ ਕਿ ਧੀਦੋ (ਰਾਂਝੇ) ਨੇ ਵੀ ਜੋਗ ਮੱਤ ਧਾਰਨ ਕੀਤਾ।

ਇਨ੍ਹਾਂ ਜੋਗੀਆ ਦਾ ਅਸਰ ਨਿਰਾ ਪੰਜਾਬ ਵਿਚ ਹੀ ਨਹੀਂ ਸੀ,ਸਗੋਂ ਸਾਰੇ ਭਾਰਤ ਵਿਚ ਹੀ ਸੀ। ਇਹ ਬੜੀ ਕਰਨੀ ਵਾਲੇ ਮੰਨੇ ਜਾਂਦੇ ਸਨ। ਗੁਰੂ ਗੋਰਖ ਨਾਥ ਦਾ ਨਾਂ ਲਗ ਪਗ ਸਾਰੇ ਹੀ ਭਾਰਤ ਵਿਚ ਮਸ਼ਹੂਰ ਹੈ। ਇਸ ਦਾ ਗੁਰੂ ਮਛੰਦਰ ਨਾਥ ਸੀ। ਇਸ ਦੇ ਜਨਮ ਦਾ ਕੋਈ ਪਤਾ ਨਹੀਂ ਕਿ ਇਹ ਕਦੋਂ ਤੇ ਕਿਥੇ ਹੋਇਆ। ਏਨਾ ਮੰਨਿਆਂ ਜਾਂਦਾ ਹੈ ਕਿ ਇਹ ਸੰਗਲਾਦੀਪ ਦਾ ਰਾਜਾ ਸੀ ਜੋ ਰਾਜ ਭਾਗ ਤਿਆਗ ਕੇ ਜੋਗੀ ਹੋ ਗਿਆ। ਗੋਰਖ ਨਾਥ ਇਸ ਦਾ ਸਭ ਤੋਂ ਵੱਡਾ ਚੇਲਾ ਹੋਇਆ ਹੈ। ਗੋਰਖ ਨਾਥ ਨੇ ਬੜਾ ਤਪ ਕੀਤਾ ਤੇ ਜੋਗ ਪੰਥ ਨੂੰ ਬਹੁਤ ਉੱਚਾ ਲੈ ਗਿਆ। ਇਨ੍ਹਾਂ ਨੇ ਗ੍ਰਿਹਿਸਤ ਦਾ ਤਿਆਗ ਕੀਤਾ, ਇਸਤਰੀ ਵਲੋਂ ਘਿਰਣਾ ਕੀਤੀ, ਅਨਹਦ ਸ਼ਬਦਾਂ ਤੇ ਪ੍ਰਾਣਾ ਯਾਮ ਆਦਿਕਾਂ ਦਾ ਪ੍ਰਚਾਰ ਕੀਤਾ। ਆਪ ਨੇ ਭਾਰਤ ਵਿਚ ਥਾਂ ਥਾਂ ਮੇਲੇ ਕੀਤੇ ਤੇ ਭੰਡਾਰੇ ਲਾਏ। ਗੋਰਖ ਨਾਥ ਦੇ ਅਨੇਕਾਂ ਰਾਜੇ ਚੇਲੇ ਬਣ ਗਏ। ਇਹ ਬੜਾ ਕਰਨੀ ਵਾਲਾ ਜੋਗੀ ਮੰਨਿਆਂ ਜਾਂਦਾ ਹੈ। ਰਾਜਾ ਭਰਥਰੀ, ਰਾਜਾ ਗੋਪੀ ਚੰਦ ਆਦਿਕ ਇਸ ਦੇ ਹੀ ਚੇਲੇ ਸਨ। ਇਸ ਨੇ ਬਿੰਦ ਰੋਕਣ ਤੇ ਨਾਦ ਸੁਣਤ ਤੇ ਬਹੁਤਾ ਜ਼ੋਰ ਦਿੱਤਾ ਹੈ। ਗੋਰਖ ਦੀ ਬਾਣੀ ਵਿਚ ਉਰਦੂ, ਫ਼ਾਰਸੀ ਤੇ ਹਿੰਦੀ ਦੇ ਸ਼ਬਦ ਵੀ ਰਲਵੇਂ ਮਿਲਵੇਂ ਆਏ ਹਨ।



Digitized by Panjab Digital Library | www.panjabdigilib.org

ਇਸ ਤੋਂ ਮਗਰੋਂ ਚਰਪਟ ਨਾਥ ਹੋਇਆ ਹੈ। ਇਹ ਚੰਬੇ ਦੇ ਅਲਾਕੇ ਵਿਚ ਹੀ ਰਹਿਆ। ਇਸ ਦਾ ਚੇਲਾ ਚੌਰੰਜੀ ਨਾਥ ਜਾਂ ਪੂਰਨ ਨਾਥ (੯੭੦ ਈਸਵੀ ਤੋਂ ੧੦੭੦ ਈਸਵੀ ਤਕ) ਹੋਇਆ ਹੈ। ਇਹ ਰਾਜੇ ਸਲਵਾਨ ਦਾ ਪੁੱਤਰ ਸੀ। ਇਸ ਦੇ ਕੁਝ ਸਲੋਕ, ਸ਼ਬਦ, ਪ੍ਰਾਣ ਸੰਗਲੀ ਆਦਿ ਕਵਿਤਾ ਦੇ ਗ੍ਰੰਥ ਮਿਲਦੇ ਹਨ। ਇਸ ਤੋਂ ਮਗਰੋਂ ਰਤਨ ਨਾਥ ਜਾਂ ਪੀਰ ਰਤਨ ਨਾਥ ਪਿਸ਼ਾਵਰ ਦੇ ਅਲਾਕੇ ਵਿਚ ਹੋਇਆ ਹੈ। ਇਸ ਦੀ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਮਾਨਤਾ ਸੀ। ਰਤਨ ਨਾਥ ਦੀ ਇਕ ਪੁਸਤਕ 'ਪੋਥੀ ਰਤਨ ਗਿਆਨ' ਹੈ। ਪੀਰ ਰਤਨ ਨਾਥ ਦੇ ਅਨੇਕਾਂ ਚੇਲੇ ਅਜ ਤਕ ਹੋਏ ਹਨ। ਪਾਕਿਸਤਾਨ ਬਣਨ ਮਗਰੋਂ ਕੋਈ ਕਿਤੇ ਕੋਈ ਕਿਤੇ ਚਲੇ ਗਏ। ਇਨ੍ਹਾਂ ਦੇ ਇਕ ਚੇਲੇ ਨੇ ਦਿੱਲੀ, ਪਹਾੜ ਗੰਜ ਦੀ ਪਹਾੜੀ ਉਤੇ ਪੀਰ ਰਤਨ ਨਾਥ ਦੀ ਯਾਦਗਾਰ ਆ ਬਣਾਈ ਹੈ।

ਇਨ੍ਹਾਂ ਜੋਗੀਆਂ ਦੀ ਰਚਨਾ ਦਾ ਨਮੂਨਾ ਪਹਿਲੇ ਦਿਤਾ ਜਾ ਚੁੱਕਾ ਹੈ।

ਇਸੇ ਤਰ੍ਹਾਂ ਭਗਤੀ ਰਸ ਦੇ ਕਵੀਆਂ ਨੇ ਵੀ ਕੁਝ ਰਚਨਾ ਕੀਤੀ। ਇਨ੍ਹਾਂ ਵਿਚੋਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮ ਦੇਵ ਤੇ ਧੰਨਾ ਜੱਟ ਆਦਿਕਾਂ ਦੇ ਨਾਂ ਖਾਸ ਤੌਰ ਤੇ ਲਏ ਜਾਂਦੇ ਹਨ।

ਕਹਿੰਦੇ ਹਨ ਕਿ ਤੇਰ੍ਹਵੀਂ ਸਦੀ ਈਸਵੀ ਵਿਚ ਅਮੀਰ ਖੁਸਰੋ ਇਕ ਚੰਗਾ ਕਵੀ ਹੋਇਆ ਹੈ। ਜਿਸ ਦਾ ਜਨਮ ਜ਼ਿਲਾ ਏਟਾ (ਉੱਤਰ ਪਰਦੇਸ਼) ਵਿਚ ਹੋਇਆ ਸੀ ਤੇ ਇਹ ਦਿੱਲੀ ਵਿਚ ਰਹਿੰਦਾ ਰਿਹਾ। ਇਸ ਨੇ ਕਈ ਬੁਝਾਰਤਾਂ, ਕਹਿ ਮੁਕਰਨੀਆਂ ਤੇ ਦੋਹਰੇ ਆਦਿ ਲਿਖੇ। ਇਕ ਵਾਰ ਵੀ ਲਿਖੀ ਜਿਸ ਵਿਚ ਅਮੀਰ ਤੁਗ਼ਲਕ ਤੇ ਖ਼ੁਸਰੋ ਸ਼ਾਹ ਦੀ ਲੜਾਈ ਦਾ ਹਾਲ ਵੀ ਲਿਖਿਆ। ਇਸ ਵਾਰ ਵਿਚ ਉਰਦੂ, ਫ਼ਾਰਸੀ ਤੇ ਹਿੰਦੀ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਇਸ ਦੀਆਂ ਕਹਿ ਮੁਕਰਨੀਆਂ ਇਸ ਤਰ੍ਹਾਂ ਦੀਆਂ ਹਨ:-



Digitized by Panjab Digital Library | www.panjabdigilib.org

ਅਧੀ ਰਾਤ ਕੋ ਸਿਰ ਪਰ ਆਵੇ।
ਉਪਰ ਚੜ੍ਹ ਕੇ ਝਾਤੀਆਂ ਪਾਵੇ।
ਉਸ ਦਾ ਆਉਣਾ ਮਨ ਕੋ ਭਾਵੇ।
ਦਰਸਨ ਪਾਊਂ ਹੋਏ ਆਨੰਦ।
ਰੀ ਸਖੀ ਸਾਜਨ ? ਨਾ ਸਖੀ ਚੰਦ।

ਜਦੋਂ ਸਹੇਲੀ ਪੁਛਦੀ ਹੈ ਕਿ ਹੇ ਸਖੀ ਉਹ ਤੇਰਾ ਸਾਜਨ ਜਾਂ ਪ੍ਰੀਤਮ ਸੀ ਤਾਂ ਉਹ ਮੁੱਕਰ ਜਾਂਦੀ ਹੈ ਤੇ ਕਹਿੰਦੀ ਹੈ ਕਿ ਨਹੀਂ ਉਹ 'ਚੰਦ ਸੀ।

ਉਪਰ ਜਿਨ੍ਹਾਂ ਕਵੀਆਂ ਦਾ ਜ਼ਿਕਰ ਕੀਤਾ ਗਿਆ ਹੈ, ਇਨ੍ਹਾਂ ਨੇ ਅੱਜ ਕਲ ਦੀ ਠੇਠ ਪੰਜਾਬੀ ਨਾਲ ਮਿਲਦੀ ਜੁਲਦੀ ਬੋੱਲੀ ਵਿਚ ਕੁਝ ਨਹੀਂ ਲਿਖਿਆ। ਹਾਂ ਪੰਜਾਬ ਵਿਚ ਉਸ ਸਮੇਂ ਜਿਸ ਜਿਸ ਤਰ੍ਹਾਂ ਦੀ ਬੋੱਲੀ ਪਰਚਲਤ ਸੀ, ਇਨ੍ਹਾਂ ਕਵੀਆਂ ਨੇ ਉਸੇ ਤਰ੍ਹਾਂ ਦੀ ਬੋੱਲੀ ਵਰਤੀ। ਪਰ ਸ਼ੇਖ ਫ਼ਰੀਦ ਜੀ ਨੇ ਜੋ ਕੁਝ ਲਿਖਿਆ ਠੇਠ ਪੰਜਾਬੀ ਬੋਲੀ ਵਿਚ ਹੀ ਲਿਖਿਆ।

## ਸ਼ੇਖ ਫ਼ਰੀਦ (ਸ਼ਕਰ ਗੰਜ)

(ਸੰਨ ੧੧੭੩ ਤੋਂ ੧੨੬੫)

ਬਾਬਾ ਫ਼ਰੀਦ, ਜਿਨ੍ਹਾਂ ਦਾ ਨਾਂ ਬਾਬਾ ਫ਼ਰੀਦ ਸ਼ਕਰ ਗੰਜ ਕਰਕੇ ਮਸ਼ਹੂਰ ਹੈ, ਪੰਜਾਬ ਦੇ ਇਕ ਮਸ਼ਹੂਰ ਸੂਫ਼ੀ ਫ਼ਕੀਰ ਹੋਏ ਹਨ। ਆਪ ਦਾ ਜਨਮ ਪਿੰਡ ਖੋਤਵਾਲ ਅਲਾਕਾ ਮੁਲਤਾਨ ਵਿਚ ਸੰਨ ੧੧੭੩ ਈਸਵੀ ਵਿਚ ਹੋਇਆ। ਆਪ ਦੇ ਪਿਤਾ ਹਜ਼ਰਤ ਜਮਾਲ ਦੀਨ ਸਨ ਜੋ ਸੁਲਤਾਨ ਮਹਿਮੂਦ ਗਜ਼ਨਵੀ ਦੇ ਭਣੇਵੇਂ ਸਨ, ਜੋ ਕਾਬਲ ਤੋਂ ਲਾਹੌਰ ਆਏ ਅਤੇ ਫੇਰ ਕਸੂਰ, ਵਿਚ ਜਾ ਵੱਸੇ। ਥੋੜਾ ਚਿਰ ਮਗਰੋਂ ਆਪ ਮੁਲਤਾਨ ਚਲੇ ਗਏ।



Digitized by Panjab Digital Library | www.panjabdigilib.org

ਆਪ ਦੇ ਮਾਤਾ ਜੀ ਧਾਰਮਕ ਖਿਆਲਾਂ ਦੇ ਸਨ ਜਿਸ ਕਰਕੇ ਆਪ ਦੇ ਜੀਵਨ ਉਤੇ ਵੀ ਧਾਰਮਕ ਰੰਗ ਚੜ੍ਹ ਗਿਆ। ਛੋਟੀ ਉਮਰ ਵਿਚ ਹੀ ਆਪ ਨੇ ਕੁਰਾਨ ਸ਼ਰੀਫ ਕੰਠ ਕਰ ਲਿਆ। ਜਦੋਂ ਆਪ ਅਠਾਰਾਂ ਸਾਲਾਂ ਦੇ ਹੋਏ ਆਪ ਦੀ ਮੁਲਾਕਾਤ ਹਜ਼ਰਤ ਖਵਾਜਾ ਕੁਤਬ ਦੀਨ ਬਖਤਿਆਰ ਨਾਲ ਹੋਈ ਤੇ ਆਪ ਉਨ੍ਹਾਂ ਦੇ ਮੁਰੀਦ ਬਣ ਗਏ। ਆਪ ਨੇ ਉਚ ਵਿਦਿਆ ਪਰਾਪਤ ਕੀਤੀ ਅਤੇ ਫੇਰ ਦਿੱਲੀ ਪਹੁੰਚ ਕੇ ਭਾਰੀ ਤਪੱਸਿਆ ਕੀਤੀ। ਕਹਿੰਦੇ ਹਨ ਕਿ ਇਨ੍ਹਾਂ ਨੇ ਇਕ ਕਾਠ ਦੀ ਰੋਟੀ ਬਣਵਾਈ ਹੋਈ ਸੀ, ਜੋ ਤਪਸਿਆ ਕਰਨ ਵੇਲੇ ਢਿੱਡ ਨਾਲ ਬੰਨ੍ਹ ਛੱਡਦੇ ਸਨ, ਜਦੋਂ ਵੀ ਭੁਖ ਲਗਦੀ ਇਸ ਨੂੰ ਚੱਕ ਮਾਰਕੇ ਸਬਰ ਕਰ ਛੱਡਦੇ ਸਨ। ਇਹ ਰੋਟੀ ਅਜ ਕਲ ਇਨ੍ਹਾਂ ਦੇ ਦਰਬਾਰ ਪਾਕਪਟਨ ਵਿਚ ਪਈ ਹੈ, ਜਿਥੇ ਇਹ ਤਪਸਿਆ ਕਰਦੇ ਰਹੇ। ਇਸ ਰੋਟੀ ਦਾ ਜ਼ਿਕਰ ਆਪ ਇਸ ਤਰ੍ਹਾਂ ਕਰਦੇ ਹਨ:--

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ।
ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਨਗੇ ਦੁਖ।

ਆਪ ਦੀਆਂ ਕਈ ਕਰਾਮਾਤਾਂ ਪ੍ਰਸਿਧ ਹਨ। ਕਹਿੰਦੇ ਹਨ ਕਿ ਇਕ ਵਾਰੀ ਕੋਈ ਸੌਦਾਗਰ ਮੁਲਤਾਨ ਤੋਂ ਊਠਾਂ ਉਤੇ ਸ਼ੱਕਰ ਲੱਦ ਕੇ ਜਾ ਰਹੇ ਸਨ, ਰਸਤੇ ਵਿਚ ਜਦੋਂ ਆਪ ਦੇ ਅਗੋਂ ਲੰਘੇ, ਆਪ ਨੇ ਪੁਛਿਆ, ਕਿਉਂ ਭਾਈ ਇਹ ਕੀ ਹੈ?' ਉਨ੍ਹਾਂ ਸਮਝਿਆ, ਇਹ ਫ਼ਕੀਰ ਆਦਮੀ ਹੈ, ਕਿਤੇ ਮੰਗ ਹੀ ਨਾ ਲਵੇ, ਇਸ ਲਈ ਉਤਰ ਦਿੱਤਾ, 'ਸਾਈਂ ਜੀ! ਇਹ ਲੂਣ ਹੈ।' ਤਦੋਂ ਆਪ ਨੇ ਫੁਰਮਾਇਆ, 'ਅੱਛਾ ਭਾਈ ਲੂਣ ਹੀ ਹੋਸੀ।'

ਜਦੋਂ ਸੌਦਾਗਰ ਆਪਣੇ ਟਕਾਣੇ ਪਹੁੰਚੇ, ਬੋਰੀਆਂ ਵਿਚ ਸ਼ੱਕਰ ਦੀ ਥਾਂ ਲੂਣ ਨਿਕਲਿਆ, ਉਹ ਬੜੇ ਹੈਰਾਨ ਹੋਏ। ਦੌੜੇ ਆਏ ਤੇ ਮੁਆਫੀ ਮੰਗੀ ਕਿ ਅਸਾਂ ਝੂਠ ਬੋਲਿਆ ਸੀ। ਆਪ ਨੇ ਫੁਰਮਾਇਆ, 'ਅੱਛਾ! ਤਾਂ ਫਿਰ ਸ਼ੱਕਰ ਹੀ ਹੋਸੀ।' ਬੋਰੀਆਂ ਵਿਚ ਲੂਣ ਤੋਂ ਸ਼ੱਕਰ



Digitized by Panjab Digital Library | www.panjabdigilib.org

ਬਣ ਗਈ। ਇਸ ਕਰ ਕੇ ਆਪ ਦਾ ਨਾਂ 'ਸ਼ਕਰ ਗੰਜ' ਪੈ ਗਿਆ। ਇਸ ਸਬੰਧੀ ਆਪ ਦੀਆਂ ਹੋਰ ਵੀ ਕਈ ਰਵਾਇਤਾਂ ਹਨ।

ਆਪ ਨੇ ਫਾਰਸੀ, ਅਰਬੀ ਅਤੇ ਪੰਜਾਬੀ ਵਿਚ ਬਹੁਤ ਸਾਰੀ ਕਵਿਤਾ ਉਚਾਰੀ। ਆਪ ਦੀ ਬਾਣੀ ਵਿਚੋਂ ਕੁਝ ਸਲੋਕ ਤੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਹਨ ਅਤੇ ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਸਲੋਕ ਵੀ ਹਨ, ਜੋ ਪਾਕਪਟਨ ਅਰ ਫਰੀਦਕੋਟ ਵਿਚ ਪਈਆਂ ਹਥ ਲਿਖਤੀ ਕਿਤਾਬਾਂ ਵਿਚ ਮਿਲਦੇ ਹਨ।

ਇਨ੍ਹਾਂ ਦਾ ਕਲਾਮ ਠੇਠ ਪੰਜਾਬੀ ਵਿਚ ਵੀ ਹੈ ਅਤੇ ਕਈ ਥਾਈਂ ਲਹਿੰਦੀ ਮੁਲਤਾਨੀ ਬੋਲੀ ਦੇ ਸ਼ਬਦ ਵੀ ਬਹੁਤ ਵਰਤੇ ਹਨ। ਖਿਆਲ ਸੂਫਿਆਨਾ ਹਨ। ਆਪ ਨਿਮਰਤਾ ਦਾ ਉਪਦੇਸ਼ ਦੇਂਦੇ ਹੋਏ ਲਿਖਦੇ ਹਨ:–

ਫਰੀਦਾ ਥੀਉ ਪਵਾਹੀ ਦਭਿ। ਜੇ ਸਾਂਈ ਲੋੜਹਿ ਸਭੁ।
ਇਕ ਛਿਜਹਿ ਬਿਆ ਲਤਾੜੀਅਹਿ, ਤਾਂ ਸਾਈਂ ਦੇ ਦਰਿ ਵਾੜੀਅਹਿ।

ਮਾਲਕ ਦੇ ਦਰ ਤੇ ਜਾਣ ਲਈ ਪਹੇ ਦੀ ਦੱਭ ਬਣਨ ਦਾ ਉਪਦੇਸ਼ ਦੇਂਦੇ ਹਨ। ਇਸੇ ਤਰ੍ਹਾਂ ਆਪ ਫੁਰਮਾਉਂਦੇ ਹਨ ਕਿ ਜੇ ਤੈਨੂੰ ਰੱਬ ਦੇ ਮਿਲਣ ਦੀ ਚਾਹ ਹੈ ਤਾਂ ਕਿਸੇ ਦਾ ਦਿਲ ਨਾ ਤੋੜੀਂ–

ਸਭਨਾ ਮਨੁ ਮਾਨਕ ਠਾਹਣੁ ਮੂਲ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹਿ ਕਹੀਦਾ।

ਬੋਲੀ ਲਹਿੰਦੀ ਪੰਜਾਬੀ ਹੈ। ਖਿਆਲ ਉਚੇ ਤੇ ਸੁਚੇ ਹਨ। ਆਪ ਦੀ ਰਚਨਾ ਵਿਚ ਕਈ ਥਾਈਂ ਉਚ ਸ਼ਿੰਗਾਰ ਰਸ, ਛਾਇਆ ਵਾਦ ਤੇ ਰੋਮਾਂਸ ਦੀ ਵੀ ਝਲਕ ਮਿਲਦੀ ਹੈ। ਆਪ ਨੇ ਇਕ ਰਾਤ ਉਸ ਮਾਲਕ ਨਾਲ ਮਨ ਨਹੀਂ ਜੋੜਿਆ, ਉਸ ਰਾਤ ਆਪਣੇ ਮਨ ਦੀ ਹਾਲਤ ਇਸ ਤਰ੍ਹਾਂ ਬਿਆਨ ਕਰਦੇ ਹਨ:–

ਫਰੀਦਾ ਅਜ ਨਾ ਸੁਤੀ ਕੰਤ ਸਿਉ ਅੰਗ ਮੁੜੇ ਮੁੜ ਜਾਹਿ।
ਜਾਇ ਪੁਛੋ ਡੋਹਾਗਣੀ ਤੁਮ ਕਿਉਂ ਰੈਨਿ ਵਿਹਾਇ।



Digitized by Panjab Digital Library | www.panjabdigilib.org

ਕਿਹਾ ਸੁਹਣਾ ਖ਼ਿਆਲ ਹੈ, ਕਿ ਅਜ ਮੈਂ ਆਪਣੇ ਮਾਲਕ ਨਾਲ ਨਹੀਂ ਮਿਲੀ ਮੇਰੇ ਹੱਡ ਪੈਰ ਖੁੱਸਣ ਲਗ ਪਏ ਹਨ। ਉਨ੍ਹਾਂ ਛੱਟੜਾਂ ਕੋਲੋਂ ਜਾਕੇ ਪੁਛੋ ਜੋ ਕਦੀ ਵੀ ਆਪਣੇ ਮਾਲਕਾਂ ਨੂੰ ਨਹੀਂ ਮਿਲੀਆਂ, ਕਿ ਉਨ੍ਹਾਂ ਦੀਆਂ ਰਾਤਾਂ ਕਿਵੇਂ ਬੀਤਦੀਆਂ ਹਨ। ਜੋ ਰੱਬ ਦਾ ਕਦੀ ਵੀ ਭਜਨ ਨਹੀਂ ਕਰਦੇ ਉਨ੍ਹਾਂ ਨੂੰ ਇਕ ਮਿੱਠਾ ਤਾਨ੍ਹਾ ਹੈ।

ਆਪ ਦੀ ਬਾਣੀ ਵਿਚ ਕਈ ਥਾਈਂ ਹਾਸ ਰਸ ਵੀ ਹੈ ਜੋ ਉਚੀ ਉਚੀ ਬਾਂਗਾਂ ਦੇਂਦੇ ਹਨ, ਆਪ ਉਨ੍ਹਾਂ ਨੂੰ ਇਸਤਰ੍ਹਾਂ ਉਪਦੇਸ਼ ਦੇਂਦੇ ਹਨ—

ਫਰੀਦਾ ਉੱਚਾ ਨਾ ਕਰ ਸੱਦ ਰਬ ਦਿਲਾਂ ਦੀਆਂ ਜਾਣਦਾ।
ਜੇ ਤੁਧ ਵਿਚ ਕੁਲਬੁ ਸੋ ਮਝਾਊ ਦੂਰਿ ਕਰਿ।
ਫਰੀਦਾ ਇਕ ਵਿਹਾਜੇ ਲੂਣ, ਬਿਆ ਕਸਤੂਰੀ ਝੂੰਗ ਚਵੇਂ।
ਬਾਹਰਿ ਲਾਇ ਸਬੂਣ ਅੰਦਰਿ ਹਛਾ ਨ ਥੀਵੇ।

ਆਪ ਦੀ ਰਚਨਾ ਰਾਗ ਆਤਮਕ ਹੈ ਅਤੇ ਵਖ ਵਖ ਰਾਗਾਂ ਅਨੁਸਾਰ ਗਾਈ ਜਾ ਸਕਦੀ ਹੈ। ਇਸ ਵਿਚ ਕਈ ਤਰ੍ਹਾਂ ਦੇ ਰਸ, ਅਲੰਕਾਰ ਅਤੇ ਉਚ ਖਿਆਲ ਮਿਲਦੇ ਹਨ। ਪੰਜਾਬੀ ਸਾਹਿਤ ਅੰਦਰ ਆਪ ਨੂੰ ਪੰਜਾਬੀ ਦਾ ਸਭ ਤੋਂ ਪਹਿਲਾ ਕਵੀ ਮੰਨਿਆ ਜਾ ਸਕਦਾ ਹੈ ਕਿਉਂਕਿ ਆਪ ਤੋਂ ਪਹਿਲਾਂ ਕਿਸੇ ਵੀ ਕਵੀ ਨੇ ਇਸ ਤਰ੍ਹਾਂ ਦੀ ਠੇਠ ਪੰਜਾਬੀ ਨਹੀਂ ਵਰਤੀ। ਆਪ ਨੇ ਜੋ ਕੁਝ ਉਚਾਰਿਆ ਧਾਰਮਕ ਤਅੱਸਬ ਨੂੰ ਇਕ ਪਾਸੇ ਛੱਡ ਕੇ ਲਿਖਿਆ। ਇਹੋ ਕਾਰਨ ਹੈ ਕਿ ਆਪ ਦੀ ਰਚਨਾ ਹਿਦੂਆਂ ਤੇ ਮੁਸਲਮਾਨਾਂ ਸਾਰਿਆਂ ਵਿਚ ਹਰ ਮਨ ਪਿਆਰੀ ਹੋਈ ਅਤੇ ਸਾਰੇ ਆਪ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਹਨ।

## ਸ਼ੇਖ਼ ਇਬਰਾਹੀਮ ਜਾਂ ਫਰੀਦ ਸਾਨੀ

ਬਾਬਾ ਫਰੀਦ ਜੀ ਦੀ ਗੱਦੀ ਦੇ ਬਾਰ੍ਹਵੇਂ ਸੱਜਾਦਾ ਨਸ਼ੀਨ ਸ਼ੇਖ ਇਬਰਾਹੀਮ ਹੋਏ ਹਨ, ਜਿਹੜੇ ਨਾਨਕ ਸਰ (ਜ਼ਿਲਾ ਮਿੰਟਗੁਮਰੀ) ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਅਤੇ ਫੇਰ ਆਪ ਦੀ ਮੁਲਾਕਾਤ ਸ੍ਰੀ



Digitized by Panjab Digital Library | www.panjabdigilib.org

ਗੁਰੂ ਅਮਰਦਾਸ ਜੀ ਨਾਲ ਹੋਈ। ਆਪ ਬਾਬਾ ਫਰੀਦ ਜੀ ਦੇ ਨਾਂ ਨਾਲ ਹੀ ਮਸ਼ਹੂਰ ਹੋਏ। ਆਪ ਆਪਣੇ ਪਿਤਾ ਦੇ ਸਭ ਤੋਂ ਵਡੇ ਪੁੱਤਰ ਸਨ ਅਤੇ ਪੀਰੀ ਫਕੀਰੀ ਵਿਚ ਬਾਬਾ ਫਰੀਦ ਸ਼ਕਰ ਗੰਜ ਜੀ ਵਾਂਗ ਹੀ ਉਘੇ ਤੇ ਮਸ਼ਹੂਰ ਸਨ। ਆਪ ਨੇ ਬਾਬਾ ਫਰੀਦ ਜੀ ਵਾਂਗ ਹੀ ਪੰਜਾਬੀ ਵਿਚ ਸਲੋਕ ਉਚਾਰੇ। ਇਨ੍ਹਾਂ ਦੇ ਸਲੋਕਾਂ ਦੀ ਬੋਲੀ ਠੇਠ ਪੰਜਾਬੀ ਹੈ। ਇਹ ੪੨ ਵਰ੍ਹੇ ਇਸ ਗੱਦੀ ਤੇ ਬਰਾਜੇ ਅਤੇ ਸੰਨ ੯੫੯ ਹਿਜਰੀ ਵਿਚ ਪ੍ਰਲੋਕ ਸਧਾਰ ਗਏ। ਇਹ ਵੀ ਪਾਕਪਟਨ ਵਿਚ ਹੀ ਰਹਿੰਦੇ ਰਹੇ ਅਤੇ ਇਨ੍ਹਾਂ ਦਾ ਮਜ਼ਾਰ ਵੀ ਬਾਬਾ ਫਰੀਦ ਸ਼ਕਰ ਗੰਜ ਵਾਲਿਆਂ ਦੇ ਮਜਾਰ ਦੇ ਕੋਲ ਹੀ ਬਣਿਆ ਹੋਇਆ ਹੈ।

ਆਪ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਬਾ ਫਰੀਦ ਜੀ ਦੇ ਸਲੋਕਾਂ ਦੇ ਨਾਲ ਹੀ ਹਨ। ਵਣਗੀ ਵੇਖੋ:–

ਫਰੀਦਾ ਖਾਕੁ ਨਾ ਨਿੰਦੀਐ ਖਾਕੂ ਜੇਡ ਨ ਕੋਇ।
ਜੀਵੰਦਿਆਂ ਪੈਰਾਂ ਤਲੇ ਮੁਇਆ ਉਪਰ ਹੋਇ।
ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋ ਜਾਇ।
ਗਹਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ।

ਆਪ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਏ ਤਾਂ ਸਤਿਗੁਰੂ ਜੀ ਨੇ ਆਪ ਨੂੰ ਕਈ ਤਰ੍ਹਾਂ ਦੀਆਂ ਸਿਖਿਆ ਦਿੱਤੀਆਂ। ਇਨ੍ਹਾਂ ਨੇ ਫੁਰਮਾਇਆ:--

ਪਾੜਿ ਪਟੋਲਾ ਧਜੁ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੇ ਸੋਈ ਵੇਸੁ ਕਰੇਉ।

ਸਤਿਗੁਰੂ ਜੀ ਨੇ ਫੁਰਮਾਇਆ:–

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ।
ਨਾਨਕ ਘਰਿ ਹੀ ਬੈਠਿਆਂ ਸਹੁ ਮਿਲੈ ਜੇ ਨੀਅਤਿ ਰਾਸੁਕਰੇਇ।

ਸ਼ੇਖ ਸਾਹਿਬ ਨੇ ਬੇਨਤੀ ਕੀਤੀ:–

ਕਵਣੁ ਸੁ ਅੱਖਰੁ ਕਵਣੁ ਗੁਣੁ ਕਵਣੁਸੁ ਮਣੀਆ ਮੰਤੁ।
ਕਵਣੁ ਸੁ ਵੇਸੁ ਹਉ ਕਰੀ ਜਿਤੁ ਵਸਿ ਆਵੈ ਕੰਤੁ।



Digitized by Panjab Digital Library | www.panjabdigilib.org

ਸਤਿਗੁਰੂ ਜੀ ਨੇ ਫੁਰਮਾਇਆ:-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ।

ਆਪ ਦੀ ਰਚਨਾ ਤਾਂ ਬਾਬਾ ਫਰੀਦ ਜੀ ਦੀ ਰਚਨਾਂ ਨਾਲੋਂ ਵੱਖਰੀ ਹੀ ਦਿੱਸ ਪੈਂਦੀ ਹੈ। ਆਪ ਦੀ ਬੋਲੀ ਠੇਠ ਪੰਜਾਬੀ ਹੈ ਤੇ ਬਾਬਾ ਜੀ ਦੀ ਲਹਿੰਦੀ ਜਾਂ ਮੁਲਤਾਨੀ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਸਲੋਕ ਸੇਖ਼ ਫ਼ਰੀਦ ਜੀਉ ਕੇ' ਕਿਸ ਦੇ ਹਨ?

ਅਜ ਕਲ ਇਹ ਚਰਚਾ ਆਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਸਲੋਕ ਸ਼ੇਖ ਫ਼ਰੀਦ ਜੀ ਦੇ ਹਨ, ਉਹ ਕਿਸ ਦੇ ਲਿਖੇ ਹੋਏ ਹਨ? ਜੇ ਵਿਚਾਰ ਦੀ ਨਜਰ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ੧੩੦ ਸਲੋਕ ਹਨ। ਇਨ੍ਹਾਂ ਵਿਚੋਂ ੧੧੨ ਸਲੋਕ ਸ਼ੇਖ ਫ਼ਰੀਦ ਜੀ ਦੇ ਹਨ ਅਤੇ ਬਾਕੀ ੧੮ ਗੁਰੂ ਸਾਹਿਬਾਨ ਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਥੇ ਜਿਥੇ ਫ਼ਰੀਦ ਜੀ ਦੇ ਖ਼ਿਆਲ ਗੁਰਮਤ ਸਿਧਾਂਤ ਤੋਂ ਕੁਝ ਵੱਖਰੇ ਪਰਤੀਤ ਕੀਤੇ ਓਥੇ ਓਥੇ ਨਾਲ ਹੀ ਗੁਰੂ ਸਾਹਿਬਾਨਾਂ ਦੇ ਸਲੋਕ ਵੀ ਦੇ ਦਿਤੇ। ਇਸ ਤਰ੍ਹਾਂ ਇਹ ਕੁਲ ੧੩੦ ਸਲੋਕ ਦਿਤੇ ਹੋਏ ਹਨ।

ਸ਼ੇਖ ਫਰੀਦ ਸ਼ਕਰ ਗੰਜ ਦਾ ਸਮਾ ਸ਼ੇਖ ਫ਼ਰੀਦ ਸਾਨੀ ਤੋਂ ਲਗ ਪਗ ਸਵਾ ਦੋ ਸੌ ਸਾਲ ਪਹਿਲਾਂ ਦਾ ਹੈ। ਏਨੇ ਸਮੇਂ ਵਿਚ ਬੋਲੀ ਦਾ ਫਰਕ ਪੈ ਜਾਣਾ ਕੋਈ ਵੱਡੀ ਗੱਲ ਨਹੀਂ। ਇਸ ਲਈ ਅਸੀਂ ਇਸ ਨਤੀਜੇ ਉਤੇ ਪੁੱਜਦੇ ਹਾਂ ਕਿ ਜਿਨ੍ਹਾਂ ਸਲੋਕਾਂ ਵਿਚ ਮੁਲਤਾਨੀ ਬੋਲੀ ਦੇ ਸ਼ਬਦ ਵਧੇਰੇ ਹਨ ਉਹ ਸ਼ੇਖ ਫ਼ਰੀਦ ਸ਼ਕਰ ਗੰਜ ਦੇ ਮੰਨੇ ਜਾ ਸਕਦੇ ਹਨ ਅਤੇ ਜਿਨ੍ਹਾਂ ਦੀ ਬੋਲੀ ਸ੍ਰੀ ਗੁਰੂ ਨਾਨਕ ਦੇਵ ਜੀ ਦ ਸਮੇਂ ਦੀ ਬੋਲੀ ਨਾਲ ਮਿਲਦੀ ਹੈ, ਉਹ ਸ਼ੇਖ ਇਬਰਾਹੀਮ ਜੀ ਦੇ ਹਨ, ਜਿਸ



Digitized by Panjab Digital Library | www.panjabdigilib.org

ਤਰ੍ਹਾਂ ਕਿ ਉਪਰ ਦੱਸਿਆ ਜਾ ਚੁੱਕਾ ਹੈ।

ਇਨ੍ਹਾਂ ਸਲੋਕਾਂ ਵਿਚ ਇਕ ਸਲੋਕ ਇਹ ਵੀ ਆਉਂਦਾ ਹੈ ਜੋ ਨਿਰਾ ਸਵਾਲ ਹੀ ਹੈ:–

ਕਵਣੁ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀਆਂ ਮੰਤੁ।
ਕਵਣੁ ਸੁ ਵੇਸੁ ਹਉ ਕਰੀ ਜਿਤ ਵਸਿ ਆਵੈ ਕੰਤੁ।

ਇਹ ਕਦੀ ਨਹੀਂ ਹੋ ਸਕਦਾ ਕਿ ਇਹ ਸਲੋਕ ਸ਼ੇਖ ਫ਼ਰੀਦ ਸ਼ਕਰ ਗੰਜ ਗੁਰੂ ਨਾਨਕ ਦੇਵ ਜੀ ਤੋਂ ਦੋ ਸਵਾ ਦੋ ਸੌ ਸਾਲ ਪਹਿਲਾਂ ਕਹਿ ਜਾਂਦੇ ਕਿ ਆਪੇ ਕੋਈ ਇਸ ਦਾ ਉਤਰ ਦੇਵੇਗਾ। ਪਤਾ ਲਗਦਾ ਹੈ ਕਿ ਕਿਸੇ ਫ਼ਰੀਦ ਨੇ ਗੁਰੂ ਸਾਹਿਬਾਂ ਅੱਗੇ ਇਹ ਬੇਨਤੀ ਦੇ ਤੌਰ ਤੇ ਸਵਾਲ ਕੀਤਾ ਜਿਸ ਦਾ ਗੁਰੂ ਅਮਰਦਾਸ ਜੀ ਨੇ ਉਸੇ ਵੇਲੇ ਉਤਰ ਦੇ ਦਿੱਤਾ, ਕਿ--

ਨਿਵਣੁ ਸੁ ਅਖਰ ਖਵਣੁ ਗੁਣ ਜਿਹਬਾ ਮਣੀਆ ਮੰਤੁ।
ਇਹ ਤ੍ਰੈ ਭੈਣੇ ਵੇਸੁ ਕਰ ਤਾ ਵਸਿ ਆਵੀ ਕੰਤੁ।

ਇਸ ਲਈ ਇਹ ਮੰਨਿਆਂ ਜਾ ਸਕਦਾ ਹੈ ਕਿ ਸ਼ੇਖ ਫ਼ਰੀਦ ਸਾਨੀ ਨੇ ਉਪਰਲਾ ਪ੍ਰਸ਼ਨ ਗੁਰੂ ਅਮਰ ਦਾਸ ਜੀ ਅੱਗੇ ਕੀਤਾ ਤੇ ਉਨ੍ਹਾਂ ਨੇ ਉਸੇ ਵੇਲੇ ਇਹ ਉੱਤਰ ਦਿੱਤਾ ਹੋਵੇ। ਇਸ ਲਈ ਇਹ ਕਹਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਸਲੋਕ ਸ਼ੇਖ ਫ਼ਰੀਦ ਜੀਉ ਕੇ' ਬਾਬਾ ਫ਼ਰੀਦ ਸ਼ਕਰ ਗੰਜ ਤੇ ਬਾਬਾ ਫ਼ਰੀਦ ਸਾਨੀ ਦੋਹਾਂ ਦੇ ਰਲਵੇਂ ਮਿਲਵੇਂ ਹਨ।

— —



Digitized by Panjab Digital Library | www.panjabdigilib.org

# ਨਾਨਕ ਕਾਲ(ਮੁ਼ਗਲਈ ਕਾਲ)

(ਸੰਨ ੧੪੫੦ ਤੋਂ ੧੭੦੦ ਈ: ਤਕ)

## ਗੁਰੂ ਨਾਨਕ ਤੇ ਉਨ੍ਹਾਂ ਦੀ ਰਚਨਾ

(੧੪੬੯ ਤੋਂ ੧੫੩੯)

ਭਾਈ ਗੁਰਦਾਸ ਜੀ ਨੇ ਲਿਖਿਆ ਹੈ, 'ਕਲਿ ਤਾਰਨ ਗੁਰੂ ਨਾਨਕ ਆਇਆ' ਕਿ ਬਾਬਾ ਨਾਨਕ ਕਲਜੁਗ ਦੇ ਜੀਵਾਂ ਨੂੰ ਤਾਰਨ ਲਈ ਇਸ ਸੰਸਾਰ ਵਿਚ ਹੋਇਆ।

ਇਲਾਹੀ ਕਵੀ ਬਾਬਾ ਨਾਨਕ ਅਨ-ਡਿਠੇ ਰਸ ਮੰਡਲਾਂ ਵਿਚ ਉਡਾਰੀਆਂ ਲੈਣ ਵਾਲਾ ਤੇ ਨਿਰੰਕਾਰੀ ਜੋਤ ਨਾਲ ਅਭੇਦ ਹੋਇਆ ਮਹਾਂ ਕਵੀ, ਰਾਸ ਕੁਮਾਰੀ ਤੋਂ ਕੈਲਾਸ਼ ਪਰਬਤ ਤਕ, ਆਸਾਮ ਤੋਂ ਕਾਬਲ, ਕੰਧਾਰ, ਬਗਦਾਬ ਤੇ ਮੱਕੇ ਮਦੀਨੇ ਤਕ, ਆਪਣੀਆਂ ਇਲਾਹੀ ਸੁਰਾਂ ਲਾਉਂਦਾ ਕਦੀ ਮੰਦਰਾਂ ਤੇ ਕਦੀ ਮਸਜਿਦਾਂ ਅੰਦਰ ਵਿਚਰਦਾ ਰਿਹਾ। ਸਾਰਿਆਂ ਨੂੰ ਧਰਮ ਤੇ ਈਮਾਨ ਦੇ ਕੇਂਦਰ ਤੋਂ ਪ੍ਰੇਡੇ ਜਾਂਦਾ ਦੇਖਿਆ ਤੇ ਆਪਣੀ ਰੂਹਾਨੀ ਬਾਣੀ ਨਾਲ ਕੁਰਾਹੇ ਜਾਂਦਿਆਂ ਨੂੰ ਰਾਹੇ ਪਾਉਂਦਾ ਰਿਹਾ। ਅਖਲਾਕ, ਸਭਯਚਾਰ ਤੇ ਸਦਾਚਾਰ ਦਾ ਉਚ ਆਦਰਸ਼ ਅਸਲ ਅਰਥਾਂ ਵਿਚ ਸਿਖਾਉਣ ਵਾਲਾ ਇਹ ਰੱਬੀ ਕਵੀ ਹੀ ਸੀ ਜੋ ਰਬਾਬ ਦੀ ਸੁਰ ਨਾਲ ਸੁਰ ਮੇਲ ਕੇ ਗਾਉਂਦਾ ਰਿਹਾ, 'ਮੰਦਾ ਮੂਲ ਨਾ ਕੀਚਈ ਦੇ ਲੰਮੀ ਨਦਰ ਨਿਹਾਲੀਐ।' ਕਿ ਕਦੀ ਵੀ ਕੋਈ ਬੁਰਾ ਕੰਮ ਨਾ ਕਰੋ ਅਤੇ ਲੰਮੀ ਨਜ਼ਰ ਜਾਂ ਦੂਰ ਦੀ ਨਜ਼ਰ ਨਾਲ ਦੇਖ ਕੇ ਕੰਮ ਕਰੋ ਕਿ ਇਸ ਦਾ ਨਤੀਜਾ ਕੀ ਹੋਵੇਗਾ। ਜੇ



Digitized by Panjab Digital Library | www.panjabdigilib.org

ਸਚ ਮੁਚ ਹੀ ਮਨੁੱਖ 'ਮਨੁੱਖ' ਬਣ ਕੇ ਇਸ ਆਦਰਸ਼ ਉਤੇ ਵਿਚਾਰ ਕਰੇ ਤਾਂ ਦੁਨੀਆਂ ਦੇ ਸਾਰੇ ਦੁਖ ਆਪੇ ਹੀ ਦੂਰ ਹੋ ਸਕਦੇ ਹਨ ਤੇ ਬੁਰਾਈਆਂ ਦਾ ਆਪਣੇ ਆਪ ਖਾਤਮਾ ਹੋ ਸਕਦਾ ਹੈ।

ਕਲ ਤਾਰਨ ਆਏ ਇਸ ਅਦਭੁਤ ਕਵੀ ਨੇ ਬਚਪਨ ਤੋਂ ਹੀ ਝੂਠ, ਪਾਖੰਡ ਤੇ ਜ਼ੁਲਮ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ, ਜਨੇਊ, ਸੂਤਕ, ਸਰਾਧ, ਰਾਸਾਂ, ਆਰਤੀ ਆਦਿ ਅਨੇਕਾਂ ਤਰ੍ਹਾਂ ਦੇ ਪਾਖੰਡਾਂ ਦੀ ਵਿਰੋਧਤਾ ਕਰਕੇ ਦੁਨੀਆਂ ਨੂੰ ਸਚ ਦਾ ਰਾਹ ਦਸਿਆ। ਭੁੱਲਿਆਂ ਨੂੰ ਧਰਮ ਦੇ ਰਸਤੇ ਪਾਇਆ। ਮੁਸਲਮਾਨਾਂ ਨੂੰ ਸਚੀ ਨਮਾਜ਼ ਪੜ੍ਹਨ ਦੀ ਜਾਚ ਸਿਖਾਈ ਤੇ ਸੰਸਾਰ ਵਿਚ ਹਰ ਪਾਸੇ ਖਾਨਾ ਕਾਬਾ ਜਾਂ ਰਬ ਦਾ ਘਰ ਦਸ ਕੇ ਉਨ੍ਹਾ ਦਾ ਭਰਮ ਦੂਰ ਕੀਤਾ।

ਗੁਰੂ ਨਾਨਕ ਨੇ ਆਪਣੇ ਸਮੇਂ ਵਿਚ ਵਕਤ ਦੇ ਹਾਕਮਾਂ ਵੱਲੋਂ ਕਈ ਤਰ੍ਹਾਂ ਦੇ ਅਤਿਆਚਾਰ ਹੁੰਦੇ ਦੇਖੇ ਤੇ ਕਲਜੁਗੀ ਰਾਜਿਆਂ ਦੇ ਵਿਰੁਧ ਇਸ ਤਰ੍ਹਾਂ ਆਵਾਜ਼ ਉਠਾਈ।

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ।
ਕੂੜ ਅਮਾਵਸਿ ਸਚ ਚੰਦ੍ਰਮਾਂ ਦੀਸੈ ਨਾਹੀ ਕਹਿ ਚੜ੍ਹਿਆ।

ਜਾਂ

ਰਾਜੇ ਸ਼ੀਂਹ ਮੁਕੱਦਮ ਕੁਤੇ। ਜਾਇ ਜਗਾਵਨ ਬੈਠੇ ਸੁਤੇ।

ਸੋ ਇਸਤਰ੍ਹਾਂ ਰਾਜਿਆਂ ਦੇ ਵਿਰੁਧ ਖੁਲ੍ਹਮ ਖੁਲ੍ਹੀ ਬਗਾਵਤ ਕੀਤੀ। ਇਸ ਤੋਂ ਬਿਨਾਂ ਅਜ ਕਲ ਦੇ ਆਗੂਆਂ ਜਾਂ ਧਾਰਮਕ ਉਪਦੇਸ਼ਕਾਂ ਬਾਬਤ ਇਸਤਰ੍ਹਾਂ ਫੁਰਮਾਇਆ--

ਕੂੜ ਬੋਲਿ ਮੁਰਦਾਰ ਖਾਇ। ਅਵਰੀ ਨੋ ਸਮਝਾਵਣਿ ਜਾਇ।
ਮੁਠਾ ਆਪ ਮੁਹਾਏ ਸਾਥੈ। ਨਾਨਕ ਐਸਾ ਆਗੂ ਜਾਪੈ।

ਆਪ ਨੇ ਪੜ੍ਹਿਆਂ ਹੋਇਆਂ ਤੇ ਵਿਦਵਾਨਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿਤਾ, ਪਰ ਨਾਲ ਹੀ ਫੁਰਮਾਇਆ, 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭ ਅਹੰਕਾਰ।' ਆਪ ਨੇ ਫੁਰਮਾਇਆ, 'ਵਖਤੁ



Digitized by Panjab Digital Library | www.panjabdigilib.org

ਵਿਚਾਰੇ ਸੁ ਬੰਦਾ ਹੋਇ।' ਕਿ ਅਸਲ ਇਨਸਾਨ ਉਹ ਹੈ ਜੋ ਵੇਲਾ ਵੇਖਕੇ ਸਿਆਣਪ ਭਰੀ ਗੱਲ ਕਰਦਾ ਹੈ।

ਜਿਹੜੇ ਲੋਕ ਕੱਟੜ ਫਿਰਕਾ ਪ੍ਰਸਤ ਹਨ ਤੇ ਮਜਹਬੀ ਅਸੂਲਾਂ ਜਾਂ ਸ਼ਰ੍ਹਾ ਦੇ ਨਿਯਮਾਂ ਵਿਚ ਜਕੜੇ ਹੋਏ ਵਹਿਮਾਂ ਵਿਚ ਹੀ ਫਸੇ ਹੋਏ ਹਨ ਤੇ ਅਸਲੀਅਤ ਨਹੀਂ ਜਾਣਦੇ ਉਨ੍ਹਾਂ ਬਾਬਤ ਫਰਮਾਇਆ ਹੈ ਕਿ ਉਨ੍ਹਾਂ ਦਾ ਪਾਰ ਉਤਾਰਾ ਨਹੀਂ ਹੋ ਸਕਦਾ, ਜਿੰਨਾ ਚਿਰ ਉਹ ਸੱਚ ਨੂੰ ਜਾਣ ਨਾ ਲੈਣ। ਪਰ 'ਸਚੁ ਤਾਂ ਪਰ ਜਾਣੀਐ ਜਾ ਰਿਦੈ ਸਚਾ ਹੋਇ। ਸਚੁ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ। ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ।'

ਸੋ ਗੁਰੂ ਨਾਨਕ ਦੀ ਰਚਨਾ ਸਚ ਮੁਚ ਹੀ ਦੁਨੀਆਂ ਲਈ ਇਕ ਚਾਨਣ ਮੁਨਾਰਾ ਹੈ, ਜਿਸ ਦੀ ਰੋਸ਼ਨੀ ਨਾਲ ਆਪਣੇ ਆਪ ਸਿੱਧਾ ਰਸਤਾ ਦਿੱਸਣ ਲੱਗ ਪੈਂਦਾ ਹੈ। ਇਸ ਵਿਚ ਸ਼ੱਕ ਨਹੀਂ, ਕਿ ਬਾਬਾ ਨਾਨਕ ਦੀ ਬਾਣੀ ਅਜ ਕੱਲ ਦੀ ਪੰਜਾਬੀ ਬੋਲੀ ਵਿਚ ਨਹੀਂ. ਪਰ ਉਸ ਸਮੇਂ ਉਸੇ ਤਰ੍ਹਾਂ ਦੀ ਹੀ ਪੰਜਾਬੀ ਬੋਲੀ ਜਾਂਦੀ ਸੀ ਅਤੇ ਆਪ ਦੀ ਰਚਨਾ ਦੀ ਬੋਲੀ ਨੂੰ ਅਸੀਂ ਉਸ ਸਮੇਂ ਦੀ ਠੇਠ ਪੰਜਾਬੀ ਕਹਿ ਸਕਦੇ ਹਾਂ। ਕਲਜੁਗ ਦੇ ਜੀਵਾਂ ਦੀ ਹਾਲਤ ਆਪ ਇਸ ਤਰ੍ਹਾਂ ਬਿਆਨ ਕਰਦੇ ਹਨ--

ਰੰਨਾਂ ਹੋਈਆਂ ਬੋਧੀਆਂ ਪੁਰਸ਼ ਹੋਏ ਸੱਈਆਦ।
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ।
ਸਰਮੁ ਗਇਆ ਘਰਿ ਆਪਣੇ ਪਤਿ ਉਠਿ ਚਲੀ ਨਾਲਿ।
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ।

ਕਹੀ ਮਿੱਠੀ ਤੇ ਸਾਦੀ ਬੋਲੀ ਹੈ ਅਤੇ ਆਚਰਣ ਦਾ ਕਿਹਾ ਸੋਹਣਾ ਨਕਸ਼ਾ ਖਿਚਿਆ ਹੈ। ਛੂਤ ਛਾਤ ਦੇ ਪਾਖੰਡ ਨੂੰ ਤੋੜਨ ਲਈ ਮਿਸਾਲਾਂ ਦੇ ਕੇ ਆਪ ਨੇ ਫੁਰਮਾਇਆ:--

ਕੁਬੁਧਿ ਡੂਮਣੀ ਕੁਦਇਆ ਕਸਾਇਣ,



Digitized by Panjab Digital Library | www.panjabdigilib.org

ਪਰ ਨਿੰਦਾ ਘਟਿ ਚੂਹੜੀ ਮੁਠੀ ਕ੍ਰੋਧ ਚੰਡਾਲ।
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲ।

ਅਰਥਾਤ ਖੋਟੀ ਮੱਤ, ਬੇਤਰਸੀ, ਪ੍ਰਾਈ ਨਿੰਦਾ, ਠੱਗੀ ਤੇ ਗੱਸਾ ਆਦਿ ਭੈੜੇ ਲੱਛਣਾ ਵਾਲਾ ਪੁਰਸ਼ ਭਾਵੇਂ ਕਿੱਡਾ ਹੀ ਸੁਚਾ ਬਣ ਬਣ ਬੈਠੇ ਉਹ ਮਰਾਸਣ, ਕਸਾਇਣ, ਚੂਹੜੀ ਅਤੇ ਚੰਡਾਲ ਆਦਿਕ ਨੀਚਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ।

ਇਕ ਇਸਤਰੀ ਨੂੰ ਸਿਆਣੀ ਤੇ ਆਪਣੇ ਮਾਲਕ ਦੀ ਪਿਆਰੀ ਬਨਨ ਲਈ ਕੀ ਕੁਝ ਕਰਨਾ ਚਾਹੀਦਾ ਹੈ। ਆਪ ਨੇ ਫੁਰਮਾਇਆ ਹੈ–

ਕਾਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ।
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ।

ਕਿਹਾ ਉੱਚਾ ਉਪਦੇਸ਼ ਹੈ।

ਗੁਰੂ ਨਾਨਕ ਇਕ ਮਹਾਨ ਕਵੀ ਸੀ ਇਸ ਨੇ ਵਖ ਵਖ ਛੰਦਾਂ ਤੇ ਰੂਪਾਂ ਵਿਚ ਬਾਣੀ ਉਚਾਰੀ। ਦੁਨਿਆਵੀ ਪਿਆਰ ਅੰਦਰ ਰੱਬੀ ਪਿਆਰ ਦੀ ਝਲਕ ਦਿਖਾਈ। ਜਿਸ ਅਲਾਕੇ ਵਿਚ ਗਏ ਉਥੋਂ ਦੇ ਲੋਕਾਂ ਨੂੰ ਉਪਦੇਸ਼ ਕਰਨ ਦਾ ਯਤਨ ਕੀਤਾ। ਆਪ ਨੇ ਪੰਜਾਬੀ ਤੋਂ ਬਿਨਾਂ ਹਿੰਦੀ ਤੇ ਫਾਰਸੀ ਵਿਚ ਵੀ ਬਹੁਤ ਸਾਰੀ ਬਾਣੀ ਉਚਾਰੀ। ਆਪ ਦੀ ਬਾਣੀ ਵਿਚ ਹਿੰਦੀ ਤੇ ਫਾਰਸੀ ਸ਼ਬਦ ਵੀ ਮਿਲਦੇ ਹਨ। ਆਪ ਨੇ ਜੇ ਇਸ਼ਕ ਦਾ ਬਿਆਨ ਕੀਤਾ ਤਾਂ ਉਹ ਵੀ ਰੱਬੀ ਰੰਗ ਵਿਚ, ਜੇ ਪਿਆਰ ਦਿਆਖਿਆ ਤਾਂ ਉਹ ਵੀ ਰੱਬੀ, ਆਪ ਨੇ ਕਾਦਰ ਦੀ ਕੁਦਰਤ ਵਿਚੋਂ ਹੀ ਕਾਦਰ ਦਾ ਜਲਵਾ ਦੇਖਣ ਲਈ ਪਰੇਰਿਆ। ਤੇ ਫੁਰਮਾਇਆ:–

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।
ਕੁਦਰਤਿ ਪਾਤਾਲੀ ਆਕਾਸੀ, ਕੁਦਰਤਿ ਸਰਬ ਅਕਾਰੁ।

ਗੁਰੂ ਨਾਨਕ ਦੇਵ ਜੀ ਦਾ ਜਨਮ ਸੰਨ ੧੪੬੯ ਈਸਵੀ ਵਿਚ ਬਾਰ ਦੇ ਅਲਾਕੇ ਰਾਏ ਭੋਏ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ



Digitized by Panjab Digital Library | www.panjabdigilib.org

ਸ਼ੇਖੂ ਪੁਰਾ ਵਿਚ ਮਹਿਤਾ ਕਾਲੂ ਚੰਦ ਬੇਦੀ ਖੱਤ੍ਰੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਆਪ ਸਿੱਖ ਧਰਮ ਦੇ ਮੋਢੀ ਮੰਨੇ ਜਾਂਦੇ ਹਨ। ਅਸਲ ਵਿਚ ਆਪ '੧ਓ' ਦੇ ਉਪਾਸ਼ਕ ਸਨ ਤੇ ਜ਼ਾਤ ਪਾਤ ਦੇ ਬੰਧਨਾਂ ਤੋਂ ਆਜ਼ਾਦ ਸਨ। ਬਚਪਨ ਤੋਂ ਹੀ ਪ੍ਰੇਮ ਰੰਗ ਰੰਗੇ, ਸਦਾ ਮਸਤੀ ਦੀ ਹਾਲਤ ਵਿਚ ਵਿਚਰਨ ਵਾਲੇ ਤੇ ਅਟੰਕ ਜੀਵਨ ਬਤੀਤ ਕਰਨ ਵਾਲੇ ਸੁਧਾਰਕ ਆਗੂ ਸਨ। ਆਤਮਕ ਤੋਰ ਤੇ ਈਸ਼ਵਰ ਨਾਲ ਅਭੇਦ ਹੋ ਚੁੱਕੇ ਮਹਾਂ ਪੁਰਖ ਸਨ ਅਤੇ ਆਪਣੇ ਸਮੇਂ ਦੇ ਮਹਾਨ ਕਵੀ ਸਨ। ਇਨ੍ਹਾਂ ਨੇ ਕਿਸੇ ਦੁਨਿਆਵੀ ਸੰਤ ਮਹਾਤਮਾ ਨੂੰ ਆਪਣਾ ਗੁਰੂ ਧਾਰਨ ਨਹੀਂ ਕੀਤਾ, ਸਗੋਂ ਪ੍ਰਮੇਸ਼ਰ ਨੂੰ ਹੀ ਆਪਣਾ ਗੁਰੂ ਮੰਨਿਆਂ। ਇਸ ਸਬੰਧੀ ਆਪ ਲਿਖਦੇ ਹਨ:-

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦ ਨ ਕੋਈ ਜੀਉ॥
ਅਪਰੰਪਰੁ ਪਾਰਬ੍ਰਹਮੁ ਪਰਮੇਸਰ ਨਾਨਕ ਗੁਰੁ ਮਿਲਿਆ ਸੋਈ ਜੀਉ॥

ਆਪ ਸਿਰਫ ਅਕਾਲ ਪੁਰਖ ਨੂੰ ਹੀ ਆਪਣਾ ਗੁਰੂ ਦਸਦੇ ਹਨ। ਜਿਥੇ ਆਪ ਧਾਰਮਿਕ ਆਗੂ ਮੰਨੇ ਜਾਂਦੇ ਹਨ, ਓਥੇ ਆਪ ਸੱਚੇ ਦੇਸ਼ ਸੇਵਕ, ਭਾਈਚਾਰਕ ਤੇ ਸਮਾਜਕ ਸੁਧਾਰ ਕਰਨ ਵਾਲੇ ਅਤੇ ਰਾਜਨੀਤਕ ਅੰਦੋਲਨ ਲਿਆਉਣ ਵਾਲੇ, ਗਰੀਬਾਂ ਤੇ ਮਜ਼ਲੂਮਾਂ ਦੇ ਹਮਦਰਦ ਵੀ ਸਨ।

ਜਦੋਂ ਬਾਬਰ ਨੇ ਭਾਰਤ ਵਰਸ਼ ਤੇ ਚੜ੍ਹਾਈ ਕੀਤੀ ਉਸ ਸਮੇਂ ਇਸ ਦੇਸ ਦੀਆਂ ਤੀਵੀਆਂ ਦੀ ਜੋ ਹਾਲਤ ਆਪ ਨੇ ਦੇਖੀ ਇਸ ਤਰ੍ਹਾਂ ਬਿਆਨ ਕੀਤੀ:--

ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ।
ਸੇ ਸਿਰਿ ਕਾਤੀ ਮੁਨੀਅਨਿ ਗਲਿ ਵਿਚ ਆਵੈ ਧੂੜਿ।
ਮਹਿਲਾ ਅੰਦਰ ਹੋਂਦੀਆਂ ਹੁਣਿ ਬਹਿਣ ਨ ਮਿਲਨਿ ਹਦੂਰਿ।
ਜਦਹੁ ਸੀਆਂ ਵੀਆਹੀਆਂ ਲਾੜੇ ਸੋਹਨ ਪਾਸਿ।
ਹੀਡੋਲੀ ਚੜਿ ਆਈਆਂ ਦੰਦ ਖੰਡ ਕੀਤੇ ਰਾਸਿ।
ਉਪਰਹੁ ਪਾਣੀ ਵਾਰੀਐ ਝਲੇ ਝਿਮਕਣ ਪਾਸਿ।



Digitized by Panjab Digital Library | www.panjabdigilib.org

ਇਸ ਤਰ੍ਹਾਂ ਆਪ ਨੇ ਜੋ ਕੁਝ ਸਮੇਂ ਦੀ ਹਾਲਤ ਦੇਖੀ, ਦਿਲ ਅੰਦਰ ਬੁਰੀ ਤਰ੍ਹਾਂ ਮਹਿਸੂਸ ਕੀਤੀ। ਆਪ ਦਾ ਦਰਦ ਭਰਿਆ ਉਪਕਾਰੀ ਹਿਰਦਾ ਕੁਰਲਾ ਉਠਿਆ। ਆਪ ਝੁੰਝਲਾਕੇ ਕਰਤਾਰ ਸਿਰਜਨ ਹਾਰ ਨੂੰ ਪੁੱਛਦੇ ਹਨ:-

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ ?

ਹੇ ਦਾਤਾਰ ਜਨਤਾ ਨੂੰ ਐਨੀ ਮਾਰ ਪਈ ਕਿ ਉਹ ਕੁਰਲਾ ਉਠੇ, ਪਰ ਕੀ ਤੈਨੂੰ ਰਤਾ ਤਰਸ ਨਹੀਂ ਆਇਆ ? ਇਹ ਇਕ ਰੋਸਾ ਸੀ, ਪਿਆਰ ਭਰਿਆ ਤਾਨ੍ਹਾ ਸੀ ਪਰ ਆਪ ਹੀ ਫੇਰ ਇਸ ਗੱਲ ਦਾ ਉੱਤਰ ਇਸ ਤਰ੍ਹਾਂ ਪਰਤੀਤ ਕਰਦੇ ਹਨ:-

ਜਿਸ ਨੋ ਆਪਿ ਖੁਆਇ ਕਰਤਾ, ਖੁਸਿ ਲਏ ਚੰਗਿਆਈ।

ਹਾਂ ! ਜਿਸਨੂੰ ਕਰਤਾਰ ਆਪ ਖੁਆਰ ਕਰਦਾ ਹੈ, ਉਸ ਕੋਲੋਂ ਚੰਗਿਆਈ ਖੋਹ ਲੈਂਦਾ ਹੈ। ਜਦੋਂ ਦੁਨੀਆਂ ਵਿਚੋਂ ਚੰਗਿਆਈ, ਨੇਕੀ ਤੇ ਮਨੁੱਖਤਾ ਦੇ ਗੁਣ ਜਾਂਦੇ ਰਹਿੰਦੇ ਹਨ ਤਾਂ ਇਸ ਤਰ੍ਹਾਂ ਦੀ ਖੁਆਰੀ ਹੁੰਦੀ ਹੀ ਹੈ।

ਆਪ ਸੂਰਜ ਵੰਸੀ ਖਾਨਦਾਨ ਤੇ ਖੱਤਰੀ ਕੁਲ ਦੀ ਸ਼ਾਨ ਸਨ। ਜਦੋਂ ਆਪ ਨੇ ਦੇਖਿਆ ਕਿ ਦੇਸ ਦੀ ਰੱਖਿਆ ਕਰਨ ਵਾਲੇ ਖੱਤਰੀਆਂ ਨੇ ਹੀ ਆਪਣੀ ਮਾਤ ਭਾਖਾ ਛੱਡ ਕੇ ਮੁਸਲਮਾਨਾਂ ਦੀ ਬੋੱਲੀ ਧਾਰਨ ਕਰ ਲਈ ਹੈ ਤਾਂ ਆਪ ਦਾ ਕਵੀ ਹਿਰਦਾ ਕੁਰਲਾ ਉਠਿਆ। ਉਸ ਵਿਚੋਂ ਆਵਾਜ਼ ਨਿਕਲੀ, 'ਖੱਤਰੀਆਂ ਧਰਮ ਛੋਡਿਆ ਮਲੇਸ਼ ਭਾਖਾ ਗਹੀ।'

ਇਹ ਸੀ ਆਪ ਦਾ ਦੇਸ ਦੀ ਬੋੱਲੀ ਨਾਲ ਪਿਆਰ। ਜਦੋ ਆਪ ਨੇ ਦੇਖਿਆ ਕਿ ਪੰਜਾਬ ਦੀ ਬੋੱਲੀ ਜਾਂ ਫਾਰਸੀ ਅੱਖਰਾਂ ਵਿੱਚ ਲਿਖੀ ਜਾ ਰਹੀ ਸੀ ਤੇ ਜਾਂ ਸੰਸਕ੍ਰਿਤ ਲਿਪੀ ਵਿਚ, ਆਪ ਨੇ ਅਨਭਵ ਕੀਤਾ ਕਿ ਇਨ੍ਹਾਂ ਲਿਪੀਆਂ ਵਿਚ ਲਿਖੇ ਗਏ ਪੰਜਾਬੀ ਦੇ ਸ਼ਬਦ ਠੀਕ ਤਰ੍ਹਾਂ ਨਹੀਂ ਪੜ੍ਹੇ ਜਾ ਸਕਦੇ, ਸੋ ਉਨ੍ਹਾਂ ਨੇ ਬੜੀ ਮਿਹਨਤ ਨਾਲ



Digitized by Panjab Digital Library | www.panjabdigilib.org

ਗੁਰਮੁਖੀ ਅੱਖਰ ਰਚੇ ਅਤੇ ਪੰਜਾਬੀ ਲਿਖਣ ਲਈ ਆਪ ਨੇ ਸੌਖ ਪੈਦਾ ਕਰ ਦਿੱਤਾ।

ਆਪ ਨੇ ਬਹੁਤ ਸਾਰੀ ਕਵਿਤਾ ਉਚਾਰੀ। ਆਪ ਦੀਆਂ ਮਸ਼ਹੂਰ ਬਾਣੀਆਂ ਵਿਚੋਂ ਜਪੁ, ਆਸਾ ਦੀ ਵਾਰ, ਪੈਂਤੀ ਅੱਖਰੀ, ਸਿੱਧ ਗੋਸ਼ਟ ਬਾਰਾਂ ਮਾਹ, ਤੁਖਾਰੀ, ਪੱਟੀ ਲਿਖੀ' ਆਦਿ ਬਹੁਤ ਮਸ਼ਹੂਰ ਹਨ। ਆਪ ਨੇ ਆਪਣੀ ਬਹੁਤੀ ਰਚਨਾ ਤਾਂ ਉਸ ਸਮੇਂ ਵਿਚ ਆਮ ਪਰਚਲਤ ਪੰਜਾਬੀ ਵਿਚ ਹੀ ਕੀਤੀ, ਇਸ ਤੋਂ ਬਿਨਾਂ ਜੋ ਆਪ ਨੇ ਪੂਰਬ ਦੇਸਾਂ ਅੰਦਰ ਜਾ ਕੇ ਪਰਚਾਰ ਕੀਤਾ ਤਾਂ ਉਸ ਅਲਾਕੇ ਦੀ ਬੋਲੀ ਦੇ ਬਹੁਤ ਸਾਰੇ ਸ਼ਬਦ ਆਪ ਦੀ ਰਚਨਾ ਵਿਚ ਆਏ, ਜੇ ਆਪ ਫ਼ਾਰਸੀ ਬੋਲਣ ਵਾਲੇ ਅਲਾਕੇ ਵਿਚ ਗਏ ਅਤੇ ਉਥੋਂ ਦੇ ਲੋਕਾਂ ਨੂੰ ਉਪਦੇਸ਼ ਕਰਨ ਲਈ ਆਪਣੀ ਰਚਨਾ ਵਿਚ ਫਾਰਸੀ ਦੇ ਹੀ ਬਹੁਤ ਸਾਰੇ ਸ਼ਬਦ ਵਰਤੇ। ਕਿਤੇ ਕਿਤੇ ਸਿਧਾਂ ਨਾਲ ਗੋਸ਼ਟ ਕੀਤੀ ਤਾਂ ਉਹੋ ਜਹੀ ਬੋਲੀ ਵਰਤੀ ਤੇ ਜੇ ਮੁਲਤਾਨ ਵਾਲੇ ਪਾਸੇ ਗਏ ਤਾਂ ਆਪ ਨੇ ਆਪਣੀ ਬਾਣੀ ਵਿਚ ਲਹਿੰਦੀ ਪੰਜਾਬੀ ਦੇ ਬਹੁਤ ਸਾਰੇ ਸ਼ਬਦ ਵਰਤੇ।

ਜਿਸ ਨਜ਼ਰ ਨਾਲ ਆਪ ਨੇ ਕੁਦਰਤ ਨੂੰ ਦੇਖਿਆ ਉਸ ਨਜ਼ਰ ਨਾਲ ਅਜੇ ਤਕ ਕਿਸੇ ਨੇ ਵੀ ਕਾਦਰ ਦੀ ਕੁਦਰਤ ਵੱਲ ਧਿਆਨ ਨਹੀਂ ਮਾਰਿਆ। ਆਪ ਨੇ ਗਗਨ ਅੰਦਰ ਰਚਨਹਾਰ ਦੀ ਸਰਬ ਵਸਤੀਰਤ ਆਰਤੀ ਹੁੰਦੀ ਵੇਖੀ। ਚੰਦ ਸੂਰਜ ਬ੍ਰਹਮੰਡ ਦੇ ਦੀਵੇ ਪਰਤੀਤ ਕੀਤੇ ਅਤੇ ਹੀਰੇ ਜਵਾਹਰਾਤਾਂ ਵਾਂਗ ਚਮਕਦੇ ਤਾਰੇ ਆਕਾਸ਼ ਰੂਪੀ ਥਾਲ ਵਿਚ ਜਗ ਮਗ ਜਗ ਮਗ ਕਰਦੇ ਦੇਖੇ, ਸਾਰੀ ਬਨਾਸਪਤੀ ਦੀ ਮਹਿਕ ਆਪ ਨੂੰ ਧੂਪ ਦੀ ਮਹਿਕ ਭਾਸੀ ਅਤੇ ਹਵਾ ਸਿਰਜਨਹਾਰ ਨੂੰ ਚੌਰ ਕਰਦੀ ਦਿੱਸੀ। ਜੰਗਲਾਂ ਵਿਚ ਹਰਨਾਂ ਦੀਆਂ ਚੁੰਗੀਆਂ ਦੇਖੀਆਂ, ਪੰਛੀਆਂ ਨੂੰ ਚਹਿਕਦਿਆਂ ਤੇ ਕੋਇਲਾਂ ਨੂੰ ਕੂ ਕੂ ਕਰਦਿਆਂ ਸੁਣਿਆਂ; ਭੌਰਿਆਂ ਨੂੰ ਟਾਹਣੀ ਟਾਹਣੀ ਉਤੇ ਗੂੰਜਦਿਆਂ ਦੇਖਿਆ ਅਤੇ ਕਾਦਰ ਦੀ ਕੁਦਰਤ ਨਾਲ ਇਕ ਰਸ ਹੋ ਕੇ ਆਪ ਪੁਕਾਰ ਉਠੇ, 'ਬਲਿਹਾਰੀ



Digitized by Panjab Digital Library | www.panjabdigilib.org

ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥' ਸਚ ਮੁਚ ਹੀ ਉਸ ਨਿਰੰਕਾਰ ਦਾ ਅੰਤ ਨਹੀਂ ਜਾਨਿਆਂ ਜਾਂਦਾ।

ਆਪ ਨੇ ਆਤਮਾ ਤੇ ਪ੍ਰਮਾਤਮਾ ਦੇ ਸੰਜੋਗ ਨੂੰ ਇਕ ਇਸਤ੍ਰੀ ਤੇ ਪਤੀ ਦਾ ਸੰਜੋਗ ਪਰਤੀਤ ਕੀਤਾ ਹੈ। ਆਪ ਬਾਰ ਦੇ ਅਲਾਕੇ ਵਿਚ ਰਹਿਣ ਵਾਲੇ ਸਨ, ਆਪਣੇ ਪ੍ਰੀਤਮ ਦੇ ਆਗਮਨ ਨੂੰ ਇਸ ਤਰ੍ਹਾਂ ਪਰਤੀਤ ਕਰਦੇ ਹਨ। ਕਿਹਾ ਸੁਹਣਾ ਸ਼ੰਗਾਰ ਰਸ ਤੇ ਅਲੰਕਾਰ ਵਰਤਿਆ ਹੈ। ਬਾਰਾਂ ਮਾਹ ਤੁਖਾਰੀ ਵਿਚ ਆਪ ਲਿਖਦੇ ਹਨ:—

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰਿ ਮੈਂ ਪਿਰੁ ਘਰਿ ਬਾਹੁੜੇ।
ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ,
ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।
ਭਵਰ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰ ਮਾਏ।
ਨਾਨਕ ਚੇਤਿ ਸਹਿਜ ਸੁਖੁ ਪਾਵੈ ਜੇ ਹਰਿ ਵਰਿ ਘਰਿ ਧਨ ਪਏ।

ਆਪ ਨੇ ਬਿਰਹਾ ਤੇ ਸ਼ੰਗਾਰ ਨੂੰ ਜਿਸ ਖ਼ੂਬੀ ਨਾਲ ਬਿਆਨ ਕੀਤਾ ਹੈ, ਉਸ ਤਰ੍ਹਾਂ ਹੋਰ ਕਿਸੇ ਨੇ ਵੀ ਨਹੀਂ ਕੀਤਾ। ਇਸਤਰੀ ਤੇ ਪਤੀ ਦੇ ਪ੍ਰੇਮ ਤੇ ਵਿਯੋਗ ਦਾ ਕਿਹਾ ਅਨੋਖਾ ਦ੍ਰਿਸ਼ ਪੇਸ਼ ਕੀਤਾ ਹੈ:—

ਮੋਰੀ ਰੁਣ ਝੁਣ ਲਾਇਆ। ਭੈਣੇ ਸਾਵਣੁ ਆਇਆ।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।
ਚੂੜਾ ਭੰਨੁ ਪਲੰਘ ਸਿਉਂ ਮੁੰਧੇ ਸਣ ਬਾਹੀ ਸਣ ਬਾਹਾਂ।
ਏਤੇ ਵੇਸ ਕਰੇਂਦੀਏ ਮੁੰਧੇ ਸ਼ਹੁ ਰਾਤੋ ਅਵਰਾਹਾ।
ਨਾ ਮੁਨੀਆਰੁ ਨ ਚੂੜੀਆਂ ਨ ਸੇ ਵੰਗੜੀਆਹਾ।
ਜੋ ਸਹ ਕੰਠਿ ਨ ਲੱਗੀਆਂ ਜਲਨ ਸੇ ਬਾਹੜੀਆਹਾਂ।
ਮਾਠਿ ਗੁੰਦਾਈ ਪਟੀਆਂ ਭਰੀਐ ਮਾਂਗ ਸੰਧੂਰੁ।
ਅਗੈ ਗਈ ਨ ਮੰਨੀਆਂ ਮਰਉ ਵਿਸੂਰਿ ਵਿਸੂਰਿ।



Digitized by Panjab Digital Library | www.panjabdigilib.org

ਮੈਂ ਰੋਵੰਦੀ ਸਭ ਜਗੁ ਰੁੰਨਾ ਰੁੰਨੜੇ ਵਣਹੁ ਪੰਖੇਰੂ।
ਇਕਨ ਰੁੰਨਾ ਮੇਰੇ ਤਨੁਕਾ ਬਿਰਹਾ ਜਿਨ ਹਉ ਪਿਰਹੁ ਵਿਛੋੜੀ।
ਸੁਪਨੈ ਆਇਆ ਭੀ ਗਇਆ ਮੈਂ ਜਲੁ ਭਰਿਆ ਰੋਇ।
ਆਇ ਨ ਸਕਾਂ ਤੁਝ ਕਨਿ ਪਿਆਰੇ ਭੇਜਿ ਨ ਸੱਕਾਂ ਕੋਇ।
ਆਉ ਸੁਭਾਗੀ ਨੀਂਦੜੀਏ ਮਤੁ ਸਹੁ ਵੇਖਾਂ ਸੋਇ।

ਕਿਹਾ ਦਿਲ ਨੂੰ ਪੰਘਰਾਉਣ ਵਾਲਾ ਬਿਆਨ ਹੈ।

ਆਪ ਨੇ ਪਾਖੰਡਾਂ ਦੀ ਨਿਖੇਧੀ ਕੀਤੀ। ਹਿੰਦੂਆਂ ਦੇ ਤੀਰਥਾਂ ਤੇ ਮੁਸਲਮਾਨਾਂ ਦੇ ਮੱਕੇ ਮਦੀਨੇ ਜਾ ਕੇ ਸੱਚ ਦਾ ਉਪਦੇਸ਼ ਕੀਤਾ। ਮਰਦਾਨੇ ਦੀ ਰਬਾਬ ਨਾਲ ਰੱਬੀ ਹੁਕਮ ਅਲਾਪਿਆ। ਸੁਣਨ ਵਾਲੇ ਵਜਦ ਵਿਚ ਆਏ ਅਤੇ ਅਣਡਿਠੇ ਰਸ ਮੰਡਲਾਂ ਵਿਚ ਪਹੁੰਚੇ।

ਆਪ ਦੀ ਰਚਨਾ ਇਕ ਅਲੌਕਿਕ ਰਚਨਾ ਹੈ। ਬੋਲੀ ਸਾਦੀ ਤੇ ਸੁਭਾਵਕ, ਛੰਦ ਰਚਨਾ ਰਾਗ ਆਤਮਕ, ਸੁਹਣੇ ਸੁਹਣੇ ਅਲੰਕਾਰਾਂ ਤੇ ਰਸਾਂ ਨਾਲ ਭਰਪੂਰ ਹੈ। ਇਸ ਵਿਚ ਸ਼ਾਂਤ, ਅਦਭੁਤ, ਸ਼ਿੰਗਾਰ, ਹਾਸ ਰਸ ਅਤੇ ਕਰੁਣਾ ਰਸ ਆਦਿ ਅਨੇਕਾਂ ਤਰ੍ਹਾਂ ਦੇ ਰਸ ਮਿਲਦੇ ਹਨ। ਜਿਸ ਚੀਜ਼ ਦਾ ਵੀ ਆਪ ਨੇ ਬਿਆਨ ਕੀਤਾ ਇਕ ਸੁਹਣੇ ਤੇ ਦਿਲ ਖਿੱਚਵੇਂ ਢਗ ਨਾਲ ਉਸ ਨੂੰ ਪੇਸ਼ ਕੀਤਾ। ਬਾਬਾ ਫਰੀਦ ਜੀ ਤੋਂ ਮਗਰੋਂ ਆਪ ਨੂੰ ਹੀ ਪੰਜਾਬੀ ਦੇ ਪਹਿਲੇ ਮਹਾਨ ਰੂਹਾਨੀ ਕਵੀ ਮੰਨਿਆ ਜਾ ਸਕਦਾ ਹੈ।

ਆਪ ਦੀ ਕਵਿਤਾ ਵਿਚ ਲੋਕ ਦਰਦ ਕੁੱਟ ਕੁੱਟ ਕੇ ਭਰਿਆ ਪਿਆ ਹੈ। ਇਸੇ ਲਈ ਆਪ ਨੂੰ ਜਨਤਾ ਦੇ ਕਲਿਆਨਕਾਰੀ ਆਗੂ ਮੰਨਿਆਂ ਜਾਂਦਾ ਹੈ।

ਆਪ ਦਰਿਆ ਰਾਵੀ ਦੇ ਕੰਢੇ 'ਕਰਤਾਰ ਪੁਰ' ਜ਼ਿਲਾ ਗੁਰਦਾਸ ਪੁਰ ਵਿਚ ਜੋਤੀ ਜੋਤ ਸਮਾਏ।



Digitized by Panjab Digital Library | www.panjabdigilib.org

# ਗੁਰੂ ਅੰਗਦਦੇਵ ਜੀ

(੧੫੦੪ ਤੋਂ ੧੫੫੨)

ਆਪ ਤ੍ਰੇਹਣ ਖੱਤਰੀ ਸਨ ਤੇ ਖਡੂਰ ਸਾਹਿਬ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਦੇਵੀ ਦੇ ਭਗਤ ਸਨ ਤੇ ਹਰ ਸਾਲ ਮਾਤਾ ਦੇ ਦਰਸ਼ਨਾਂ ਲਈ ਸੰਗ ਨਾਲ ਜਾਇਆ ਕਰਦੇ ਸਨ। ਆਪ ਦਾ ਨਾਂ ਲਹਿਣਾ ਜੀ ਸੀ, ਪਰ ਜਦੋਂ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰ ਪੁਰ ਆਏ ਤਾਂ ਆਪ ਉਨ੍ਹਾਂ ਜੋਗੇ ਹੀ ਹੋ ਗਏ। ਫੇਰ ਕੀ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਵਿਚ ਲੀਨ ਹੋ ਗਏ ਤੇ ਆਪਾ ਵਾਰ ਦਿਤਾ। ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਗੁਰਿਆਈ ਦੀ ਗੱਦੀ ਬਖਸ਼ੀ ਤੇ ਆਪ ਜੀ ਦਾ ਨਾਂ 'ਅੰਗਦ ਜੀ' ਹੋਇਆ। ਆਪ ਦੇ ਹਿਰਦੇ ਵਿਚ ਸਤਿਗੁਰਾਂ ਦਾ ਪਿਆਰ ਕੁੱਟ ਕੁੱਟ ਕੇ ਭਰਿਆ ਪਿਆ ਸੀ, ਸੋ ਆਪ ਨੇ ਇਸ ਪ੍ਰੇਮ ਦੇ ਰੰਗ ਵਿਚ ਕੁਝ ਸਲੋਕ ਹੀ ਉਚਾਰੇ। ਸਲੋਕਾਂ ਦੀ ਬੋਲੀ ਠੇਠ ਪੰਜਾਬੀ ਹੈ, ਖਿਆਲ ਉਚ ਪਾਏ ਦੇ ਤੇ ਪ੍ਰੇਮ ਰਸ ਭਰਪੂਰ ਹਨ:–

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚੱਲੀਐ।
ਧ੍ਰਿਗੁ ਜੀਵਣ ਸੰਸਾਰਿ ਤਾਕੇ ਪਾਛੈ ਜੀਵਣਾ॥

ਆਪ ਜੀ ਦੇ ਪੰਦਰਾਂ ਸਲੋਕ ਆਸਾ ਜੀ ਦੀ ਵਿਚ ਹਨ, ਜਿਨ੍ਹਾਂ ਵਿਚ ਆਪ ਨੇ ਜੀਵਨ ਸਬੰਧੀ ਸਿਖਿਆ ਦਿਤੀ ਹੈ। ਵੇਖੋ --

੧. ਨਾਨਕ ਚਿੰਤਾ ਮਤੁ ਕਰੋ ਚਿੰਤਾ ਤਿਸ ਹੀ ਹੇ।
ਜਲ ਮੈ ਜੰਤ ਉਪਾਇਕੈ ਤਿਨਾ ਭੀ ਰੋਜ਼ੀ ਦੇਇ।
੨. ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪ੍ਰਵਾਨ॥

ਸਲੋਕਾਂ ਵਿਚ ਸਾਦਗੀ ਬਹੁਤ ਹੈ ਕੋਈ ਅਲੰਕਾਰ ਨਹੀਂ, ਪਰ ਗੂੜ੍ਹ ਭਾਵ ਬਹੁਤ ਹੈ।



Digitized by Panjab Digital Library | www.panjabdigilib.org

# ਗੁਰੂ ਅਮਰਦਾਸ ਜੀ

(੧੪੭੯ ਤੋਂ ੧੫੭੪)

ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ। ਆਪ ਭੱਲੇ ਖਤਰੀ ਸਨ ਤੇ ਪ੍ਰੇਮ ਰੰਗ ਵਿਚ ਰੰਗੇ ਹੋਏ ਸਨ। ਆਪ ਪਹਿਲੀ ਅਵਸਥਾ ਵਿਚ ਪਿੰਡੋ ਪਿੰਡ ਫਿਰ ਕੇ ਕੁਝ ਸੌਦਾ ਵੇਚਿਆ ਕਰਦੇ ਸਨ। ਪਿਛਲੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਹੋਏ, ਰੱਬੀ ਰੰਗ ਵਿਚ ਰੰਗੇ ਗਏ। ਤਨੋਂ ਮਨੋਂ ਸਤਿਗੁਰਾਂ ਦੀ ਸੇਵਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਿਆਈ ਦੀ ਗੱਦੀ ਬਖਸ਼ੀ।

ਆਪ ਇਕ ਮਹਾਨ ਕਵੀ ਹੋਏ ਹਨ। ਆਪ ਦੀ ਬਾਣੀ ਪ੍ਰੇਮ ਰੰਗ ਵਿਚ ਭਰਪੂਰ ਤੇ ਅਧਿਆਤਮਕ ਰੰਗ ਵਿਚ ਰੰਗੀ ਹੋਈ ਹੈ। ਆਪ ਨੇ ਸਤਿਗੁਰੂ ਦੀ ਸੇਵਾ, ਮਨ ਮਾਰਨਾ, ਗੁਰਮੁਖ, ਮਨਮੁਖ ਦੇ ਲੱਛਣ, ਨਾਮ ਦਾ ਸਿਮਰਨ ਤੇ ਭਾਈਚਾਰਕ ਸੁਧਾਰ ਸਬੰਧੀ ਬਹੁਤ ਸਾਰੀ ਬਾਣੀ ਰਚੀ। ਆਪ ਜੀ ਦੀਆਂ ਮਸ਼ਹੂਰ ਬਾਣੀਆਂ ਵਿਚੋਂ 'ਅਨੰਦ' ਸਾਹਿਬ ਬਹੁਤ ਹੀ ਮਸ਼ਹੂਰ ਹੈ ਜਿਸ ਦਾ ਗੁਰਸਿਖਾਂ ਦੇ ਘਰਾਂ ਵਿਚ ਤਕਰੀਬਨ ਰੋਜ਼ ਹੀ ਪਾਠ ਹੁੰਦਾ ਹੈ। ਇਹ ਰਚਨਾ ਸਾਰੀ ਦੀ ਸਾਰੀ ਰਾਗ ਆਤਮਿਕ ਹੈ ਇਸ ਵਿਚ ਬੜੇ ਬੜੇ ਉੱਚ ਤੇ ਸੁੰਦਰ ਅਲੰਕਾਰ ਵਰਤੇ ਹਨ। ਆਤਮਾਂ ਦਾ ਪ੍ਰਮਾਤਮਾਂ ਨਾਲ ਮੇਲ ਹੋਇਆ ਤੇ ਉਸ ਸਮੇਂ ਆਤਮਾ ਨੇ ਜੋ ਕੁਝ ਪਰਤੀਤ ਕੀਤਾ ਇਸ ਤਰ੍ਹਾਂ ਬਿਆਨ ਕੀਤਾ.—

ਆਨੰਦ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ।
ਸਤਿਗੁਰ ਤ ਪਾਇਆ ਸਹਿਜ ਸੇਤੀ ਮਨਿ ਵਜੀਆ ਵਧਾਈਆ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਨ ਆਈਆ।
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ।
ਕਹੁ ਨਾਨਕ ਆਨੰਦ ਹੋਆ ਸਤਿਗੁਰੂ ਮੈ ਪਾਇਆ।



Digitized by Panjab Digital Library | www.panjabdigilib.org

ਕਹੇ ਸੁੰਦਰ ਵਾਕ ਹਨ। ਪ੍ਰੀਤਮ ਮਿਲਾਪ ਦਾ ਕਿਹਾ ਸੁਹਣਾ ਨਜ਼ਾਰਾ ਪੇਸ਼ ਕੀਤਾ ਹੈ। ਆਪ ਨੇ ਇਸ ਰਚਨਾ ਵਿਚ ਤੇ ਹੋਰ ਬਾਣੀ ਵਿਚ ਬੜੇ ਬੜੇ ਉਚ ਜਜ਼ਬਾਤ ਤੇ ਵਲਵਲੇ ਪੇਸ਼ ਕੀਤੇ ਹਨ। ਬੋਲੀ ਠੇਠ ਹੈ ਤੇ ਸ਼ਬਦਾਂ ਦੀ ਸਾਦਗੀ ਕਮਾਲ ਹੈ:--

੧. ਸਾਚਾ ਨਾਮ ਮੇਰਾ ਆਧਾਰੋ।

੨. ਏ ਮਨੁ ਚੰਚਲਾ ਚਤਰਾਈ ਕਿਨੈ ਨ ਪਾਇਆ।

੩. ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।

੪. ਸਤਿਗੁਰੂ ਕਾ ਉਪਦੇਸੁ ਸੁਣ ਤੂੰ ਜੋ ਹੋਵੈ ਤੇਰੈ ਨਾਲੇ।

੫. ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।

ਆਪ ਦੀ ਰਚਨਾ ਵਿਚ ਅਤਿ ਦਰਜੇ ਦਾ ਸੰਕੋਚ ਹੈ, ਕੂਜੇ ਵਿਚ ਸਮੁੰਦਰ ਬੰਦ ਕੀਤਾ ਹੋਇਆ ਹੈ। ਆਪ ਦੀਆਂ ਅਨੇਕਾਂ ਤੁਕਾਂ ਮੁਹਾਵਰੇ ਤੇ ਅਖੌਤਾਂ ਵਾਂਗ ਵਰਤੀਆਂ ਜਾਂਦੀਆਂ ਹਨ।

## ਸ੍ਰੀ ਗੁਰੂ ਰਾਮਦਾਸ ਜੀ

[੧੫੩੪ ਤੋਂ ੧੫੮੧ ਈ: ਤੱਕ]

ਆਪ ਗੁਰੂ ਨਾਨਕ ਤਖਤ ਦੇ ਚੌਥੇ ਸ਼ਹਿਨਸ਼ਾਹ ਤੇ ਸੋਢੀ ਸੁਲਤਾਨ ਸਨ। ਆਪ ਦਾ ਜਨਮ ਲਾਹੌਰ ਦੇ ਮਸ਼ਹੂਰ ਸੋਢੀ ਖਾਨਦਾਨ ਵਿਚ ਹੋਇਆ। ਆਪ ਦਾ ਪਹਿਲਾ ਨਾਂ ਜੇਠਾ ਜੀ ਸੀ। ਛੋਟੀ ਉਮਰ ਵਿਚ ਹੀ ਸੰਗਤਾਂ ਦੇ ਨਾਲ ਗੋਇੰਦਵਾਲ ਸਾਹਿਬ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਆ ਗਏ। ਸਤਿਗੁਰਾਂ ਦੀ ਸੇਵ ਵਿਚ ਆਪਾ ਲੀਨ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣੀ ਬੀਬੀ ਭਾਨੀ ਜੀ ਦਾ ਸਾਕ ਏਹਨਾਂ ਨਾਲ ਕਰ ਦਿੱਤਾ। ਇਹ ਫੇਰ ਵੀ ਗੁਰੂ ਘਰ ਦੀ ਸੇਵਾ ਵਿਚ ਲੱਗੇ ਰਹੇ। ਅੰਤ ਆਪ ਨੂੰ ਗੁਰਿਆਈ ਦੀ ਗੱਦੀ ਵੀ ਮਿਲੀ ਤੇ ਆਪ ਜੀ ਦਾ ਪਵਿੱਤਰ ਨਾਂ ਰਾਮਦਾਸ ਜੀ ਹੋਇਆ।



Digitized by Panjab Digital Library | www.panjabdigilib.org

ਆਪ ਦੇ ਹਿਰਦੇ ਅੰਦਰ ਸਤਿਗੁਰਾਂ ਦਾ ਪਿਆਰ ਠਾਠਾਂ ਮਾਰਦਾ ਸੀ। ਇਕ ਵਾਰੀ ਗੁਰੂ ਅਮਰਦਾਸ ਜੀ ਨੇ ਆਪ ਨੂੰ ਕਿਹਾ ਕਿ ਬਰਖੁਦਾਰ ਜੋ ਮੰਗਣਾ ਈ ਮੰਗ ਲੈ ਤਾਂ ਆਪ ਨੇ ਇਹ ਸ਼ਬਦ ਉਚਾਰਿਆ:-

ਹਰਿ ਕੇ ਜਨ ਸਤਿਗੁਰ ਸਤਿਪੁਰਖਾ ਬਿਨਉ ਕਰਉ
ਗੁਰਿ ਪਾਸ ॥ ਹਮ ਕੀਰੇ ਕਿਰਮ ਸਤਿਗੁਰ ਸਰਨਾਈ
ਕਰਿ ਦਇਆ ਨਾਮ ਪਰਗਾਸੁ ॥ ਮੇਰੇ ਮੀਤੁ ਗੁਰਦੇਵ
ਮੋਕਉ ਰਾਮ ਨਾਮੁ ਪਰਗਾਸੁ ॥

ਕਿਹਾ ਮਿੱਠਾ ਬਚਨ ਹੈ ਤੇ ਪਿਆਰ ਭਰਿਆ ਤਰਲਾ ਹੈ। ਸ਼ਬਦ ਚੋਣ ਕਹੀ ਸੁਤੰਤਰ ਹੈ ਤੇ ਛੰਦ ਰਚਨਾ ਵੀ ਅਨੂਪਮ ਹੈ। ਕਿਸੇ ਕਿਸੇ ਸ਼ਬਦ ਵਿਚ ਸ਼ਿੰਗਾਰ ਰਸ, ਪ੍ਰੇਮ ਰੰਗ ਵਿਚ ਗੁਧਾ ਬੜੀ ਬਿਹਬਲਤਾ ਵਿਚ ਚਿਤਰਿਆ ਹੈ:-

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਐ ਰੁਤੇ ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ ॥
ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥
ਗੁਰੁ ਨਾਨਕ ਦੇਖਿ ਵਿਗਸੀ ਮੇਰੇ ਪਿਆਰੇ
ਜਿਉ ਮਾਤ ਸੁਤੇ ॥

ਕਿਹਾ ਅਨੋਖਾ ਤੇ ਸਹਿਜ ਪਿਆਰ ਦਾ ਵਰਨਣ ਹੈ। ਆਪ ਅਕਾਲ ਪੁਰਖ ਅਗੇ ਇਸਤਰ੍ਹਾਂ ਬੇਨਤੀ ਕਰਦੇ ਹਨ, ਬੇਨਤੀ ਕੀ ਹੈ ਉਸ ਸਰਬ ਵਿਆਪਕ ਮਹਾਨ ਸ਼ਕਤੀ ਦੀ ਤਾਕਤ ਦਾ ਬਿਆਨ ਪਿਆਰ ਭਰੇ ਸ਼ਬਦਾਂ ਵਿਚ ਅੰਕਿਆ ਹੈ:-

ਤੂੰ ਕਰਤਾ ਸਚਿਆਰ ਮੈਡਾ ਸਾਈਂ ॥ ਜੋ ਤਉ ਭਾਵੈ
ਸੋਈ ਥੀਸੀ ਜੋ ਤੂੰ ਦੇਹ ਸੋਈ ਹਉ ਪਾਈ ॥ ਸਭ ਤੇਰੀ
ਤੂੰ ਸਭਨੀ ਧਿਆਇਆ ॥ ਜਿਸ ਨੋ ਕਿਰਪਾ ਕਰਹਿ
ਤਿਨ ਨਾਮੁ ਰਤਨੁ ਪਾਇਆ ॥

ਬੋਲੀ ਕਹੀ ਸਾਦੀ ਤੇ ਠੇਠ ਹੈ।

—o—



Digitized by Panjab Digital Library | www.panjabdigilib.org

# ਸ੍ਰੀ ਗੁਰੂ ਅਰਜਨ ਦੇਵ ਜੀ

[ ੧੫੬੩ ਤੋਂ ੧੬੦੯ ]

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਮੇਂ ਦੇ ਇਕ ਮਹਾਨ ਸੰਤ ਕਵੀ ਹੋਏ ਹਨ । ਸ੍ਰੀ ਗੁਰੂ ਰਾਮਦਾਸ ਜੀ ਦੇ ਸਾਹਿਬਜ਼ਾਦੇ ਸਨ ਪਰ ਬਚਪਨ ਤੋਂ ਹੀ ਰੱਬੀ ਪ੍ਰੇਮ ਵਿਚ ਲੀਨ ਤੇ ਕਵਿਤਾ ਦੀ ਰੁਚੀ ਵਾਲੇ ਮਹਾ ਪੁਰਖ ਸਨ । ਜਦੋਂ ਇਕ ਵਾਰੀ ਆਪ ਨੂੰ ਗੁਰੂ ਰਾਮਦਾਸ ਜੀ ਨੇ ਲਾਹੌਰ ਭੇਜਿਆ ਤੇ ਮੁੜਕੇ ਵਾਪਸ ਆਉਣ ਵਾਸਤੇ ਕੋਈ ਸੱਦਾ ਪੱਤਰ ਨਾ ਭੇਜਿਆ ? ਭਾਵੇਂ ਇਸ ਵਿਚ ਆਪ ਦੇ ਵੱਡੇ ਭਾਈ ਪ੍ਰਿਥੀ ਚੰਦ ਜੀ ਦਾ ਹੱਥ ਸੀ) ਤਾਂ ਆਪ ਨੇ ਇਸ ਤਰ੍ਹਾਂ ਇਕ ਬੇਨਤੀ ਪੱਤਰ ਆਪਣੇ ਗੁਰੂ ਰੂਪ ਪਿਤਾ ਜੀ ਵੱਲ ਭੇਜਿਆ, ਜੋ ਪੱਥਰ ਦਿਲਾਂ ਨੂੰ ਵੀ ਮੋਮ ਕਰਨ ਦੀ ਸ਼ਕਤੀ ਰੱਖਦਾ ਹੈ:-

ਮੇਰਾ ਮਨੁ ਲੋਚੈ ਗੁਰਿ ਦਰਸਨੁ ਤਾਈ ॥
ਬਿਲਪ ਕਰੈ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨਾ ਉਤਰਹਿ ਸਾਤ ਨ ਆਵੈ,
ਬਿਨ ਦਰਸ਼ਨੁ ਸੰਤੁ ਪਿਆਰੇ ਜੀਉ ॥

ਇਹ ਚਿੱਠੀ ਤਾਂ ਆਪ ਜੀ ਦੇ ਭਰਾਤਾ ਪ੍ਰਿਥੀ ਚੰਦ ਜੀ ਨੇ ਲੁਕਾ ਲਈ ਸੀ, ਇਸ ਲਈ ਆਪ ਵਧੇਰੇ ਵਿਆਕੁਲਤਾ ਵਿਚ ਇਕ ਹੋਰ ਚਿੱਠੀ ਇਸ ਤਰ੍ਹਾਂ ਲਿਖਦੇ ਹਨ:--

ਇਕ ਘੜੀ ਨ ਮਿਲਤੇ ਤਾਂ ਕਲਿਜੁਗ ਹੋਤਾ ॥
ਹੁਣ ਕਦ ਮਿਲੀਐ ਪ੍ਰਿਆ ਤੁਧ ਭਗਵੰਤਾ ॥
ਮੋਹਿ ਰੈਨ ਨ ਵਿਹਾਵੈ ਨੀਂਦ ਨ ਆਵੈ ।
ਬਿਨ ਦੇਖੇ ਗੁਰਿਦਰਬਾਰੈ ਜੀਉ ॥

ਕਿਹਾ ਅਨੋਖਾ ਤਰਲਾ ਹੈ, ਪਿਆਰ ਭਰੀ ਖਿੱਚ ਬਦੋ ਬਦੀ ਦਿਲ ਨੂੰ ਧੂਹਾਂ ਪਾਉਂਦੀ ਜਾਂਦੀ ਹੈ ।



Digitized by Panjab Digital Library | www.panjabdigilib.org

ਆਪ ਨੇ ਗੁਰਿਆਈ ਦੀ ਗੱਦੀ ਤੇ ਬਿਰਾਜਨ ਮਗਰੋਂ ਅਨੇਕਾਂ ਬਾਣੀਆਂ ਉਚਾਰੀਆਂ। ਆਪ ਦੀਆਂ ਮਸ਼ਹੂਰ ਬਾਣੀਆਂ ਵਿਚੋਂ, 'ਬਾਰਾਂ ਮਾਂਹ ਮਾਝ, ਜੈਤਸਰੀ ਦੀ ਵਾਰ, ਮਾਰੂ, ਡੱਖਣੇ ਦੀ ਵਾਰ, ਸੁਖਮਨੀ ਸਾਹਿਬ ਆਦਿ ਹਨ। ਆਪ ਆਪਣੇ ਸਮੇਂ ਦੇ ਮਸ਼ਹੂਰ ਤੇ ਮਹਾਨ ਕਵੀ ਹੋਏ ਹਨ ਜਿਨ੍ਹਾਂ ਦੀ ਰਚਨਾ ਨੇ ਦੁਨੀਆਂ ਅੰਦਰ ਇਕ ਇਨ-ਕਲਾਬ ਲੈ ਆਂਦਾ। ਸੁਖਮਨੀ ਸਾਹਿਬ ਵਿਚ ਆਪ ਨੇ ਸੰਸਾਰਕ ਜੀਵਾਂ ਦੇ ਸਾਹਮਣੇ ਇਕ ਨਵਾਂ ਆਦਰਸ਼ ਰੱਖਿਆ ਤੇ ਆਤਮਾ ਨੂੰ ਸ਼ਾਂਤ ਕਰਨ ਲਈ ਉੱਚ ਸਿੱਖਿਆ ਦਿੱਤੀਆਂ। ਜਿਸ ਤਰ੍ਹਾਂ ਦੇ ਆਪ ਸ਼ਾਂਤ ਪੁੰਜ ਸਨ ਇਸੇ ਤਰ੍ਹਾਂ ਆਪ ਦੀ ਰਚਨਾ ਵੀ ਆਤਮਾਂ ਨੂੰ ਪੂਰਨ ਸ਼ਾਂਤੀ ਬਖਸ਼ਦੀ ਹੈ।

ਆਪ ਨੇ ਆਪਣੀ ਰਚਨਾ ਵਿਚ ਕਈ ਥਾਈਂ ਪ੍ਰਾਕ੍ਰਿਤ, ਲਹਿੰਦੀ, ਪੰਜਾਬੀਤੇ ਕੇਂਦਰੀ ਪੰਜਾਬੀ ਦੇ ਸ਼ਬਦਾਂ ਦਾ ਪੂਰੀ ਤਰ੍ਹਾਂ ਨਿਰਣਾ ਕੀਤਾ ਹੈ। ਜੈਤਸਰੀ ਦੀ ਵਾਰ ਵਿਚ ਵੀਹ ਪੌੜੀਆਂ ਹਨ, ਹਰ ਪੌੜੀ ਦੇ ਪਹਿਲੇ ਦੋ ਦੋ ਸਲੋਕ ਹਨ ਅਤੇ ਹਰ ਪੌੜੀ ਦੇ ਪਹਿਲੇ ਸਲੋਕ ਦੀ ਬੋਲੀ ਪਾਕ੍ਰਿਤ ਹੈ, ਦੂਸਰੇ ਸਲੋਕ ਦੀ ਬੋਲੀ ਲਹਿੰਦੀ ਮੁਲਤਾਨੀ ਹੈ ਅਤੇ ਇਨ੍ਹਾਂ ਦੋਹਾਂ ਸਲੋਕਾਂ ਦੀ ਬੋਲੀ ਦਾ ਭਾਵ ਠੇਠ ਪੰਜਾਬੀ ਬੋਲੀ ਵਿਚ ਅਗਲੀ ਪੌੜੀ ਅੰਦਰ ਅੰਕਤ ਕੀਤਾ ਗਿਆ ਹੈ। ਵੇਖੋ:--

ਸਲੋਕ

ਤਿਅਕਤਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ
ਮੇਘ ਮੰਡਲਹ। ਬਾਣ ਬੇਧੰਚ ਕੁਰੰਕ ਨਾਦੰ ਅਲਿ
ਬੰਧਨ ਕੁਸਮ ਬਾਸਨਹ॥ ਚਰਨ ਕਮਲ ਰਚੰਤਿ ਸੰਤਹ
ਨਾਨਕ ਆਨ ਨ ਰੁਚਤੇ।

ਇਹ ਤੁਕਾਂ ਪ੍ਰਾਕ੍ਰਿਤ ਵਿਚ ਹਨ ਅਤੇ ਹੇਠਲੀਆਂ ਤੁਕਾਂ ਦੀ ਬੋਲੀ ਲਹਿੰਦੀ ਪੰਜਾਬੀ ਹੈ:--

ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥
ਜੀਵਣੁ ਸੰਗਮ ਤਿਸ ਧਣੀ ਨਾਨਕ ਸੰਤਾਂ ਮਿਤੁ॥



Digitized by Panjab Digital Library | www.panjabdigilib.org

ਪਉੜੀ

ਜਿਉ ਮਛਲੀ ਬਿਨ ਪਾਣੀਐ ਕਿਉਂ ਜੀਵਣੁ ਪਾਵੈ ॥
ਬੂੰਦ ਬਿਹੂਣਾ ਚਾਤ੍ਰਿਕੋ ਕਿਉਂ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰ ਲੋਭੀ ਕੁਸਮ ਬਾਸੁ ਕਾ ਮਿਲਿ ਆਪ ਬੰਧਾਵੈ ॥
ਤਿਉਂ ਸੰਤ ਜਨਾ ਹਰਿ ਪ੍ਰੀਤ ਹੈ ਦੇਖ ਦਰਸ ਅਘਾਵੈ ॥੧੨॥

ਹਰ ਗੱਲ ਸਬੰਧੀ ਕਿਸ ਤਰ੍ਹਾਂ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ ਅੰਤਲੀ ਤੁਕ ਦਾ ਭਾਵ ਸਿਧ ਕਰਨ ਦਾ ਯਤਨ ਕੀਤਾ ਹੈ। ਆਪ ਦੀ ਮਾਰੂ ਡੱਖਣੇ ਦੀ ਵਾਰ ਕੀ ਹੈ, ਹਰ ਸਲੋਕ ਵਿਚੋਂ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ। ਬੋਲੀ ਲਹਿੰਦੀ ਪੰਜਾਬੀ ਹੈ। ਹੇਠ ਲਿਖੇ ਸਲੋਕਾਂ ਵਿਚ ਆਪਣੇ ਪ੍ਰੀਤਮ ਦਾ ਪਿਆਰ ਤੇ ਦੁਰਜਨ ਵੱਲੋਂ ਮਨ ਦੀ ਉਚਾਟੀ ਕਿਸ ਸੁੰਦਰਤਾ ਨਾਲ ਪਰਗਟ ਕੀਤੀ ਹੈ:—

ਜੇ ਤੂੰ ਮਿਤਰ ਅਸਾਡੜਾ ਹਿਕ ਭੋਰੀ ਨ ਵਿਛੋੜ।
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥
ਮ: ੫ ॥ ਦੁਰਜਨ ਤੂੰ ਜਲ ਭਾਹੜੀ ਵਿਛੋੜੇ ਮਰਿ ਜਾਹਿ ॥
ਕੰਤਾ ਤੂੰ ਸੋਉ ਸੇਜੜੀ ਮੈਂਡਾ ਹਭੋ ਦੁਖ ਉਲਾਹਿ ॥

ਕਿਸੇ ਕਿਸੇ ਸਲੋਕ ਵਿਚ ਤਾਂ ਪਿਆਰ ਤੇ ਏਕਤਾ ਨੂੰ ਉਸ ਮੰਜ਼ਲ ਤੇ ਪਹੁੰਚਾ ਦਿੱਤਾ ਹੈ ਕਿ ਜਿਥੇ ਕੋਈ ਪ੍ਰੇਮੀ ਮੁਸ਼ਕਲ ਹੀ ਪਹੁੰਚਾ ਹੋਵੇਗਾ:--

ਮ: ੫ ॥ ਸੇਜ ਵਿਛਾਈ ਕੰਤੁ ਕੂ ਕੀਆ ਹਭੁ ਸੀਗਾਰ ॥
ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰ ॥

ਮੈਂ ਆਪਣੇ ਮਾਲਕ ਲਈ ਸੇਜ ਵਿਛਾਈ ਹੈ ਤੇ ਸਾਰਾ ਸ਼ਿੰਗਾਰ ਕੀਤਾ ਹੈ, ਪਰ ਮੈਂ ਆਪਣੇ ਤੇ ਆਪਣੇ ਪ੍ਰੀਤਮ ਦੇ ਵਿਚਕਾਰ ਐਨਾ ਵੀ ਫਰਕ ਨਹੀਂ ਸਹਾਰ ਸਕਦੀ ਕਿ ਗਲ ਵਿਚ ਹਾਰ ਜਿੰਨੀ ਵੀ ਵਿੱਥ ਰਹਿ ਜਾਏ।

ਆਪ ਨੇ ਸਚੇ ਮਿੱਤਰ ਦੀ ਨਸ਼ਾਨੀ ਇਹ ਦੱਸੀ ਹੈ ਕਿ ਜਿਸ



Digitized by Panjab Digital Library | www.panjabdigilib.org

ਦੀ ਸੰਗਤ ਵਿਚ ਖੋਟੀ ਮੱਤ ਦੂਰ ਹੋ ਜਾਏ, ਪਰ ਇਹੋ ਜਹੇ ਮਿੱਤਰ ਕੋਈ ਵਿਰਲੇ ਹੀ ਹੁੰਦੇ ਹਨ: -

ਜਿਨ੍ਹਾਂ ਦਿਸੰਦੜਿਆ ਦੁਰਮਤ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂੰਢੇਂਦੀ ਜਗੁ ਸਬਾਇਆ ਜਨੁ ਨਾਨਕ ਵਿਰਲੇ ਕੇਈ॥

ਆਪ ਨੇ ਸੱਚੇ ਸੰਤਾਂ ਦੀ ਨਸ਼ਾਨੀ ਇਹ ਦੱਸੀ ਹੈ:-

ਜਿੰਨਾ ਸਾਸੁ ਗਿਰਾਸ ਨ ਵੀਸਰੈ ਹਰਿ ਨਾਮਾ ਮਨਿ
ਮੰਤੁ॥ ਧੰਨੁ ਸੁ ਸੇਈ ਨਾਨਕਾ ਪੂਰਨ ਸੋਈ ਸੰਤੁ॥

ਆਪ ਨੇ ਆਪਣੀ ਰਚਨਾ ਵਿਚ ਜੀਵਨ ਦੇ ਹਰ ਅੰਗ ਨੂੰ ਛੋਹਿਆ ਹੈ। ਆਪ ਦੀ ਰਚਨਾ ਵਿਚ ਲਗ ਪਗ ਬਾਰਾਂ ਬੋਲੀਆਂ ਦੇ ਸ਼ਬਦ ਆਏ ਹਨ, ਪਰ ਪੰਜਾਬੀ ਵਿਚ ਆਪ ਨੇ ਬਹੁਤ ਸਾਰੇ ਸ਼ਬਦ ਉਚਾਰੇ ਹਨ। ਆਪ ਨਾ ਕੇਵਲ ਆਤਮਕ ਗਿਆਨ ਦੇ ਹੀ ਮਾਲਕ ਸਨ ਸਗੋਂ ਆਪ ਰਾਗ ਵਿੱਦਿਆ ਤੇ ਪਿੰਗਲ ਦੇ ਮਹਾਂ ਵਿੱਦਵਾਨ ਤੇ ਸਾਹਿਤ ਪ੍ਰੇਮੀ ਸਨ। ਆਪ ਨੇ ਪੰਜਾਬੀ ਸਾਹਿਤ ਤੇ ਇਕ ਮਹਾਨ ਉਪਕਾਰ ਕੀਤਾ ਤੇ ਬੜੀ ਮਿਹਨਤ ਤੇ ਖੋਜ ਨਾਲ ਬਾਣੀ ਇਕੱਤਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਣਵਾਈ। ਆਪ ਬਾਣੀ ਉਚਾਰਦੇ ਰਹੇ ਤੇ ਭਾਈ ਗੁਰਦਾਸ ਜੀ ਲਿਖਦੇ ਰਹੇ। ਆਪ ਫੇਰ ਸੁਣਦੇ ਰਹੇ ਤੇ ਜਿਥੇ ਜਿਥੇ ਲਗ ਮਾਤਰ ਦੀ ਕੋਈ ਗਲਤੀ ਦੇਖਦੇ ਆਪ ਉਸ ਦੀ ਸੁਧਾਈ ਕਰਵਾਉਂਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਖਾਸ ਮਹਾਨਤਾ ਰੱਖਦੀ ਹੈ।

ਆਪ ਦੀ ਰਚਨਾ ਅਲੰਕਾਰਾਂ, ਰਸਾਂ, ਛੰਦ ਰਚਨਾ ਤੇ ਕਵਿਤਾ ਦੇ ਵਖ ਵਖ ਰੂਪਾਂ, ਰੰਗਾਂ ਤੇ ਭੇਦਾਂ ਦੇ ਲਿਹਾਜ਼ ਨਾਲ ਇਕ ਖਾਸ ਮਹਾਨਤਾ ਰਖਦੀ ਹੈ। ਆਪ ਨੇ ਆਪਣੀ ਰਚਨਾ ਵਿਚ ਸ਼ਬਦ ਚੋਣ ਕਰਨ ਲਗਿਆਂ ਵੀ ਕਮਾਲ ਕਰ ਦਿਤੀ ਹੈ। ਆਪ ਦੀ ਬਾਣੀ ਹਿੰਦੂਆਂ ਤੇ ਮੁਸਲਮਾਨਾਂ ਲਈ ਹਰ ਪੱਖ ਤੋਂ ਹਰਮਨ ਪਿਆਰੀ ਮੰਨੀ ਜਾ ਸਕਦੀ ਹੈ।

———



Digitized by Panjab Digital Library | www.panjabdigilib.org

# ਭਾਈ ਗੁਰਦਾਸ ਜੀ

(੧੫੫੮ ਤੋਂ ੧ ੩੭ ਸਾਲ)

ਭਾਈ ਗੁਰਦਾਸ ਜੀ ਦਾ ਨਾਂ ਸਿੱਖ ਇਤਿਹਾਸ ਵਿਚ ਇਸ ਤਰ੍ਹਾਂ ਦੀ ਮਹਾਨਤਾ ਰੱਖਦਾ ਹੈ, ਜਿਸ ਤਰਾਂ ਹਿੰਦੂ ਸਮਾਜ ਵਿਚ ਵੇਦ ਵਿਆਸ ਜੀ ਮੰਨੇ ਜਾਂਦੇ ਹਨ। ਇਨ੍ਹਾਂ ਦਾ ਜਨਮ ਸੰਨ ੧੫੫੮ ਬਿਕਰਮੀ ਵਿਚ ਗੋਇੰਦਵਾਲ ਜਿਲਾ ਅੰਮ੍ਰਿਤਸਰ ਜੀ ਵਿਚ ਹੋਇਆ। ਆਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਭਤੀਜੇ ਸਨ ਅਤੇ ਜ਼ਾਤ ਦੇ ਭੱਲੇ ਖੱਤਰੀ ਸਨ। ਇਨ੍ਹਾਂ ਨੂੰ ਬਚਪਨ ਤੋਂ ਹੀ ਵਿਦਿਆ ਦਾ ਬੜਾ ਸ਼ੌਕ ਸੀ, ਸੋ ਇਨ੍ਹਾਂ ਨੇ ਗੁਰਮੁਖੀ, ਸੰਸਕ੍ਰਿਤ, ਹਿੰਦੀ ਤੇ ਫਾਰਸੀ ਆਦਿ ਸਾਰੀਆਂ ਵਿਦਿਆ ਚੰਗੀ ਤਰ੍ਹਾਂ ਸਿਖੀਆਂ। ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਤਕ ਗੁਰੂ ਘਰ ਦੀ ਤਨੋਂ ਮਨੋਂ ਸੇਵਾ ਕਰਦੇ ਰਹੇ। ਦੂਰ ਦੂਰ ਸਿਖੀ ਦੇ ਪਰਚਾਰ ਲਈ ਗਏ ਤੇ ਥਾਂ ਥਾਂ ਬਾਣੀ ਦਾ ਪ੍ਰਵਾਹ ਚਲਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬੀੜ ਤਿਆਰ ਕਰਨ ਦਾ ਉੱਦਮ ਕੀਤਾ ਸਤਿਗੁਰ ਜੀ ਨੇ ਇਹ ਪਵਿਤਰ ਬੀੜ ਆਦਿ ਤੋਂ ਲੈ ਕੇ ਅੰਤ ਤਕ ਇਨ੍ਹਾਂ ਕੋਲੋਂ ਹੀ ਲਿਖਵਾਈ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਆਪ ਬਿਰਧ ਹੋ ਚੁਕੇ ਸਨ। ਇਨ੍ਹਾਂ ਨੇ ਬ੍ਰਿਜ ਭਾਸ਼ਾ ਵਿਚ ਕਬਿਤ ਤੇ ਸਵੱਈਏ ਉਚਾਰੇ ਅਤੇ ਠੇਠ ਪਜਾਬੀ ਵਿਚ ਵਾਰਾਂ ਉਚਾਰੀਆਂ। ਇਨ੍ਹਾਂ ਦੀ ਰਚਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਵਰ ਦਿੱਤਾ, ਕਿਉਂਕਿ ਇਸ ਵਿਚ ਗੁਰਬਾਣੀ ਦਾ ਸਾਰਾ ਭਾਵ ਬੜੀ ਸੁਹਣੀ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ ਆਪ ਗੁਰੂ ਸਾਹਿਬਾਂ



Digitized by Panjab Digital Library | www.panjabdigilib.org

ਦੇ ਮੁਖੀ ਸਿਖਾਂ ਵਿਚੋਂ ਮੰਨੇ ਜਾਂਦੇ ਸਨ।

ਭਾਈ ਸਾਹਿਬ ੧੭ ਅਸੂ ਸੰਮਤ ੧੬੯੩ ਬਿਕਰਮੀ ਮੁਤਾਬਕ ੧੬੩੭ ਈਸਵੀ ਨੂੰ ਗੋਇੰਦਵਾਲ ਸਾਹਿਬ ਵਿਚ ਹੀ ਚਲਾਣਾ ਕਰ ਗਏ।

ਕਵਿਤਾ ਸਬੰਧੀ ਵਿਚਾਰ:—ਭਾਈ ਸਾਹਿਬ ਜੀ ਨੇ ੫੫੬ ਸਵੱਈਏ ਲਿਖੇ ਜਿਨ੍ਹਾਂ ਵਿਚ ਉੱਚ ਦਰਜੇ ਦਾ ਉਪਦੇਸ਼ ਕੀਤਾ ਹੋਇਆ ਹੈ ਅਤੇ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਸਿੱਖਿਆ ਕਈ ਕਈ ਉਦਾਹਰਣਾ ਦੇ ਕੇ ਦਿੱਤੀਆਂ ਹਨ। ਬੋੱਲੀ ਬ੍ਰਿਜ ਭਾਸ਼ਾ ਹੈ ਤੇ ਖਿਆਲ ਅਛੋਹ ਹਨ:—

ਪੂਛਤ ਪਥਕ ਤਹਿ ਮਾਰਗੁ ਨ ਧਾਰੈ ਪਗੁ
ਪ੍ਰੀਤਮ ਕੇ ਦੇਸਿ ਕੈਸੇ ਬਾਤਨ ਸੇ ਜਾਈਐ।।
ਪੂਛਤ ਹੈ ਬੈਦ ਖਾਤ ਔਖਧ ਨ ਸੰਜਮ ਸੇ,
ਕੈਸੇ ਮਿਟੇ ਰੋਗ ਸੁਖ ਸਹਿਜ ਸਮਾਈਐ।
ਪੂਛਤ ਸੁਹਾਗਨ ਕਉ ਕਰਮ ਹੈ ਦੋਹਾਗਨ ਕੇ,
ਰਿਦੈ ਬਿਭਚਾਰ ਕਤਿ ਸੇਜੈ ਬੁਲਾਈਐ।
ਗਾਏ ਸੁਣੇ ਆਂਖੇ ਮੀਚੇ ਪਾਈਏ ਨਾ ਪਰਮ ਪਦ
ਗੁਰ ਉਪਦੇਸ਼ ਜਉ ਲੌ ਰਿਦੈ ਨ ਕਮਾਈਐ।

ਕਬਿਤ ਸਵਈਆਂ ਦੀ ਬੋਲੀ ਅਤੇ ਰਚਨਾ ਇਸੇ ਢੰਗ ਦੀ ਹੈ। ਇਨ੍ਹਾਂ ਤੋਂ ਬਿਨਾਂ ਆਪ ਨੇ ੩੯ ਵਾਰਾਂ ਉਚਾਈਆਂ। ਹਰ ਇਕ ਵਾਰ ਵਿਚ ਵੀਹ ਤੋਂ ਲੈ ਕੇ ੬੦ ਤੱਕ ਘੱਟ ਵੱਧ ਪੌੜੀਆਂ ਹਨ। ਵਾਰਾਂ ਦੀਆਂ ਪੌੜੀਆਂ ਵਿਚ ਵੀ ਕਈ ਕਈ ਉਦਾਹਰਣਾ ਦੇ ਕੇ ਜੀਵਨ ਸਬੰਧੀ ਸਿੱਖਿਆ ਦਿੱਤੀਆਂ ਗਈਆਂ ਹਨ। ਇਹ ਵਾਰਾਂ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਹਨ। ਹਰ ਗੱਲ ਬੜੀ ਸਿਆਣਪ ਨਾਲ ਪਰਗਟ ਕੀਤੀ ਗਈ ਹੈ। ਬੋਲੀ ਠੇਠ ਪੰਜਾਬੀ ਹੈ। ਵਾਰਾਂ ਦੀ ਧਾਰਨਾ ਵੱਖ ਵੱਖ ਹੈ:—



Digitized by Panjab Digital Library | www.panjabdigilib.org

ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ
ਉਸ ਸੂਅਰ ਉਸ ਗਾਇਕੈ, ਪਰ ਧਨ ਹਿੰਦੂ ਮੁਸਲਮਾਣੈ
ਪੁਤਰ ਕਲਤਰ ਕੁਟੰਬ ਦੇਖ, ਮੋਹੈ ਮੋਹਨਿ ਧੋਹਿ ਧਿਙਾਣੈ
ਉਸਤਤ ਨਿੰਦਾ ਕੰਨ ਸੁਣ ਆਪਹੁ ਬੁਰਾ ਨ ਆਪ ਵਖਾਣੈ
ਵਡ ਪਰਤਾਪ ਨ ਆਪ ਗਣ, ਕਰਿ ਅਹੰਮੇਉ ਨ ਕਿਸੈ ਰਵਾਣੈ
ਗੁਰਮੁਖ ਸੁਖ ਫਲ ਪਾਇਆ, ਰਾਜ ਜੋਗ ਰਸ ਰਲੀਆਂ ਮਾਣੈ
ਸਾਧ ਸੰਗਤ ਵਿੱਟਹੁੰ ਕੁਰਬਾਣੈ ॥

ਇਸੇ ਤਰ੍ਹਾਂ ਸਾਧ ਸੰਗਤ ਦੀ ਮਹਿਮਾ ਕਰਦੇ ਹੋਏ ਆਪ ਰਾਜਾ ਹਰੀ ਚੰਦ ਦੀ ਵਾਰਤਾ ਇਸ ਤਰ੍ਹਾਂ ਬਿਆਨ ਕਰਦੇ ਹਨ:—

ਸੁਖ ਰਾਜੇ ਹਰੀ ਚੰਦ ਘਰ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲ ਗਾਂਵਦੇ ਰਾਤੀਂ ਜਾਏ ਸੁਣੇ ਗੁਰਬਾਣੀ।
ਪਿਛੋਂ ਰਾਜਾ ਜਾਗਿਆ ਅਧੀ ਰਾਤ ਨਿਖੰਡ ਵਿਹਾਣੀ।
ਰਾਣੀ ਦਿੱਸ ਨ ਆਵਈ ਮਨ ਵਿਚ ਵਰਤ ਗਈ ਹੈਰਾਣੀ।
ਹੋਰਤ ਰਾਤੀ ਉਠ ਕੇ ਚਲਿਆ ਪਿਛੇ ਤਰਲ ਜਵਾਣੀ।
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉਂ ਨਿਸਾਣੀ।
ਸਾਧ ਸੰਗਤਿ ਆਰਾਧਿਆ, ਜੋੜੀ ਜੁੜੀ ਖੜਾਉਂ ਪੁਰਾਣੀ।
ਰਾਜੇ ਡਿਠਾ ਚਲਿਤੁ ਇਹੁ ਇਹ ਖੜਾਂਵ ਹੈ ਚੋਜ ਵਡਾਣੀ।
ਸਾਧ ਸੰਗਤ ਵਿਟਹੁ ਕੁਰਬਾਣੀ।

ਇਨ੍ਹਾਂ ਨੇ ਅਕਿਰਤਘਣ ਨੂੰ ਇਸ ਤਰ੍ਹਾਂ ਧ੍ਰਿਕਾਰਿਆ ਹੈ ਕਿ ਉਸ ਤੋਂ ਨੀਚ ਹੋਰ ਕੋਈ ਵੀ ਨਹੀਂ ਹੋ ਸਕਦਾ। ਇਕ ਪੌੜੀ ਵਿਚ ਆਪ ਦਸਦੇ ਹਨ:-

ਮਦ ਵਿਚ ਰਿੱਧਾ ਪਾਇ ਕੈ ਕੁਤੇ ਦਾ ਮਾਸ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ।
ਰਤੂ ਭਰਿਆ ਕੱਪੜਾ ਕਰ ਕੱਜਣ ਤਾਸ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ।



Digitized by Panjab Digital Library | www.panjabdigilib.org

ਆਖ ਸੁਣਾਏ ਪੁਛਿਆ, ਲਾਹੇ ਵਿਸ਼ਵਾਸ਼।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ।

ਆਪ ਦਸਦੇ ਹਨ ਕਿ ਪੀਰਾਂ ਤੇ ਮੁਰੀਦਾਂ ਅਰਥਾਤ ਸਤਿਗੁਰੂ ਤੇ ਗੁਰਸਿਖ ਦਾ ਪਿਆਰ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਪੁਰਾਣੇ ਸਮੇਂ ਵਿਚ ਹੋ ਚੁਕੇ ਆਸ਼ਕਾਂ ਦਾ ਪ੍ਰੇਮ ਹੋਇਆ ਹੈ:--

ਲੇਲਾ ਮਜਨੂੰ ਆਸ਼ਕੀ ਚਹੁੰ ਚੱਕੀ ਜਾਤੀ।
ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ।
ਸੱਸੀ ਪੁੰਨੂੰ ਦੋਸਤੀ ਹੋਏ ਜਾਤ ਅਜਾਤੀ।
ਮਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹ ਪਿਰਮ ਪਿਰਾਤੀ।
ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ।

ਏਸੇ ਤਰ੍ਹਾਂ ਆਪ ਨੇ ਫੁਰਮਾਇਆ ਹੈ:--

ਅਮਲੀ ਅਮਲ ਨ ਛੱਡਣੀ ਹੋਇ ਬਹਿਣ ਇਕੱਠੇ।
ਜਿਉਂ ਜੂਏ ਜੁਆਰੀਆਂ, ਲਗ ਦਾਉ ਉਪੱਠੇ।
ਚੋਰੀ ਚੋਰ ਨ ਪੱਲਰਹਿ ਦੁਖ ਸਹਿਣ ਗਰੱਠੇ।
ਰਹਿਣ ਨਾ ਗਨਕਾ ਵਾੜਿਅਹੁੰ ਵੇਕਰਮੀ ਲਠੇ।
ਪਾਪੀ ਪਾਪ ਕਮਾਂਵਦੇ ਓਇ ਫਿਰਦੇ ਨੱਠੇ।
ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣਿਠੇ।

ਇਹ ਪੌੜੀਆਂ ਵੱਖ ਵੱਖ ਵਾਰਾਂ ਵਿਚੋਂ ਹਨ। ਧਾਰਨਾ ਵਾਰ ਦੀ ਹੈ, ਪਰ ਤੁਕਾਂ ਵਿਚ ਮਾਤਰਾਂ ਦੀ ਗਿਣਤੀ ਘਟ ਵਧ ਹੈ। ਖ਼ਿਆਲ ਬੜੇ ਉਚੇ ਹਨ ਜੋ ਦਿਲ ਉਤੇ ਡੂੰਘਾ ਅਸਰ ਕਰਦੇ ਹਨ। ਬੋਲੀ ਭਾਵੇਂ ਠੇਠ ਪੰਜਾਬੀ ਹੈ, ਪਰ ਵਿਚ ਵਿਚ ਹਿੰਦੀ ਦੇ ਸ਼ਬਦ ਵੀ ਵਰਤੇ ਹਨ। ਇਕ ਇਕ ਗੱਲ ਸਿੱਧ ਕਰਨ ਲਈ ਕਈ ਕਈ ਪਰਮਾਣ ਤੇ ਅਲੰਕਾਰ ਵਰਤੇ ਹਨ। ਬਿਆਨ ਦੀ ਸਾਦਗੀ ਤੇ ਰਵਾਨੀ ਅਤਿ ਦਰਜੇ ਦੀ ਹੈ।



Digitized by Panjab Digital Library | www.panjabdigilib.org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਈ ਸਾਲਾਂ ਦੀ ਅਤੁਟ ਮਿਹਨਤ ਤੇ ਖੋਜ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਪਣੇ ਸਮੇਂ ਤੱਕ ਪੰਜਾਂ ਗੁਰੂ ਸਾਹਿਬਾਂ ਦੀ ਉਚਾਰੀ ਹੋਈ ਬਾਣੀ, ਜੋ ਵੱਖ ਵੱਖ ਪੋਥੀਆਂ ਦੀ ਸ਼ਕਲ ਵਿਚ ਜਾਂ ਵਿਕੋਲਿੱਤਰੇ ਸ਼ਬਦਾਂ ਦੀ ਸ਼ਕਲ ਵਿਚ ਥਾਉਂ ਥਾਈਂ ਵਖ ਵੱਖ ਗੁਰਸਿਖਾਂ ਦੇ ਘਰਾਂ ਵਿਚ ਪਈ ਸੀ, ਇਕੱਤਰ ਕਰਵਾਈ। ਇਸ ਤੋਂ ਬਿਨਾਂ ਬਾਬਾ ਫਰੀਦ, ਭਗਤ ਕਬੀਰ, ਨਾਮ ਦੇਵ, ਧੰਨਾ ਤ੍ਰਿਲੋਚਨ, ਬੇਣੀ, ਸਦਨਾ, ਰਵਿਦਾਸ ਆਦਿ ਅਨੇਕਾਂ ਹਿੰਦੂ ਤੇ ਮੁਸਲਮਾਨ ਫਕੀਰਾਂ ਤੇ ਭਗਤਾਂ ਦੀ ਬਾਣੀ ਜੋ ਉਨ੍ਹਾਂ ਨੇ ਆਪਣੇ ਆਤਮਕ ਤਜਰਬਿਆਂ ਤੇ ਅਨੁਭਵਤਾ ਨਾਲ ਉਚਾਰੀ, ਇਕ ਥਾਂ ਇਕੱਠੀ ਕਰਕੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ ਅਤੇ ਸੰਸਾਰਕ ਜੀਵਾਂ ਦੇ ਉਧਾਰ ਲਈ ਨਿਰਾਕਾਰ ਬ੍ਰਹਮ ਦਾ ਪੂਰਨ ਗਿਆਨ ਬਾਣੀ ਦੇ ਰੂਪ ਵਿਚ ਸਾਕਾਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਕੀਤਾ, ਤਾਂ ਜੋ ਸੰਸਾਰ ਦੇ ਸਾਰੇ ਜੀਵ ਬਿਨਾਂ ਕਿਸੇ ਜ਼ਾਤ ਪਾਤ ਦੇ ਲਿਹਾਜ਼ ਦੇ ਆਤਮ ਗਿਆਨ ਪ੍ਰਾਪਤ ਕਰਕੇ ਪਰਮਾਤਮ ਜੋਤ ਨਾਲ ਅਭੇਦ ਹੋ ਸਕਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਿਥੇ ਰੱਬੀ ਸੁਨੇਹਿਆਂ ਨਾਲ ਰੂਹ ਦੀ ਅਗਵਾਈ ਕਰਦੀ ਹੈ, ਓਥੇ ਇਸ ਵਿਚ ਸਾਹਿਤਕ ਵਿਸ਼ੇਸ਼ਤਾਈਆਂ ਵੀ ਐਨੀਆਂ ਹਨ, ਜਿਨ੍ਹਾਂ ਦੀ ਨਜ਼ੀਰ ਕਿਸੇ ਹੋਰ ਇਕ ਗ੍ਰੰਥ ਵਿਚ ਨਹੀਂ ਮਿਲਦੀ। ਇਸ ਵਿਚ ਭਾਰਤ ਵਰਸ਼ ਦੇ ਲਗ ਪਗ ਹਰ ਹਿੱਸੇ ਦੇ ਸ਼ਬਦ ਵੱਖ ਵੱਖ ਰੂਪਾਂ ਤੇ ਭੇਦਾਂ ਵਿਚ ਵਰਦੇ ਹੋਏ ਮਿਲਦੇ ਹਨ, ਸੋ ਇਹ ਮਹਾਨ ਰਚਨਾ ਉਸ ਸਮੇਂ ਵਿਚ ਆਮ ਪਰਚਲਤ ਸ਼ਬਦਾਂ ਦਾ ਭੰਡਾਰ ਹੈ। ਇਹ ਸਾਰੇ ਸ਼ਬਦ ਭਾਰਤ ਵਿਚ ਬੋਲੀਆਂ ਜਾਣ ਵਾਲੀਆਂ ਲਗ ਪਗ ਸਾਰੀਆਂ ਹੀ ਬੋਲੀਆਂ ਦੀ ਪ੍ਰਤੀਨਿਧਤਾ ਕਰਦੇ ਹਨ।



Digitized by Panjab Digital Library | www.panjabdigilib.org

ਭਾਈ ਗੁਰਦਾਸ ਜੀ ਨੇ ਸਾਰੀ ਰਚਨਾ ਅਜਿਹੀ ਤਰਤੀਬ ਵਿਚ ਲਿਖੀ ਹੈ ਕਿ ਇਹਨਾਂ ਸ਼ਬਦਾਂ ਦੇ ਵੱਖ ਵੱਖ ਵਿਆਕਰਣਕ ਰੂਪਾਂ ਦਾ ਆਪਣੇ ਆਪ ਹੀ ਪਤਾ ਲਗ ਸਕਦਾ ਹੈ।

ਪੰਜਾਬੀ ਬੋਲੀ ਵਿਚ ਇਕ ਵੱਡਾ ਗੁਣ ਇਹ ਹੈ ਕਿ ਇਹ ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਆਪਣੇ ਵਿਚ ਇਸ ਤਰ੍ਹਾਂ ਜਜ਼ਬ ਕਰ ਲੈਂਦੀ ਹੈ ਕਿ ਉਹ ਸ਼ਬਦ ਬਿਲਕੁਲ ਓਪਰੇ ਪਰਤੀਤ ਨਹੀਂ ਹੁੰਦੇ। ਐਉਂ ਪਰਤੀਤ ਹੁੰਦਾ ਹੈ ਕਿ ਇਹ ਸਾਰੇ ਸ਼ਬਦ ਪੰਜਾਬੀ ਦੇ ਹੀ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਮਹਾਨ ਰਚਨਾ ਦਾ ਭੰਡਾਰ ਇਕੱਤਰ ਕਰ ਕੇ ਪੰਜਾਬੀ ਬੋਲੀ ਨੂੰ ਸਾਹਿਤਕ ਤੌਰ ਤੇ ਬੜੀ ਬਲਵਾਨ ਬਣਾ ਦਿਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਦਿਆਂ ਪਤਾ ਲਗਦਾ ਹੈ ਕਿ ਭਾਵੇਂ ਇਹ ਮਹਾਨ ਰਚਨਾ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਵਿਚ ਕੀਤੀ ਗਈ ਪਰਤੀਤ ਹੁੰਦੀ ਹੈ ਤਦ ਵੀ ਇਸ ਵਿਚ ਸੈਂਕੜੇ ਸ਼ਬਦ ਫਾਰਸੀ, ਹਿੰਦੀ, ਸਿੰਧੀ, ਮਰਾਠੀ ਤੇ ਲਹਿੰਦੀ ਆਦਿ ਬੋਲੀਆਂ ਦੇ ਇਸ ਢੰਗ ਨਾਲ ਵਰਤੇ ਹੋਏ ਦਿਸਦੇ ਹਨ ਕਿ ਉਹ ਓਪਰੇ ਪਰਤੀਤ ਨਹੀਂ ਹੁੰਦੇ; ਜਿਵੇਂ:-

ਅੱਵਲ ਅੱਲਾ ਨੂਰੁ ਉਪਾਇਆ ਕੁਦਰਤ ਦੇ ਸਭ ਬੰਦੇ।
ਏਕ ਨੂਰ ਤੇ ਸਭ ਜਗੁ ਉਪਜਿਆ ਕਉਣ ਭਲੇ
ਕਉਣ ਮੰਦੇ ॥ ਲੋਗਾ ਭਰਮਿ ਨ ਭੂਲਉ ਭਾਈ।
ਖਾਲਕ ਖਲਕ ਖਲਕ ਮਹਿ ਖਾਲਕ ਪੂਰਿ ਰਹਿਆ
ਸਰਬ ਠਾਈ॥

ਇਹਨਾਂ ਤੁਕਾਂ ਵਿਚ ਫ਼ਾਰਸੀ; ਅਰਬੀ, ਹਿੰਦੀ, ਪੰਜਾਬੀ, ਲਹਿੰਦੀ ਆਦਿ ਬੋਲੀਆਂ ਦੇ ਸ਼ਬਦ ਇਸ ਤਰ੍ਹਾਂ ਰਲਵੇਂ ਮਿਲਵੇਂ ਆਏ ਹਨ ਕਿ ਓਪਰੇ ਨਹੀਂ ਲਗਦੇ, ਇਸ ਤਰ੍ਹਾਂ ਪਰਤੀਤ ਹੁੰਦਾ ਹੈ ਕਿ ਇਹ ਸਾਰੇ ਸ਼ਬਦ ਪੰਜਾਬੀ ਦੇ ਹੀ ਹਨ।

ਗੁਰਬਾਣੀ ਵਿਚ ਅਨੇਕਾਂ ਤੁਕਾਂ ਅਜਿਹੀਆਂ ਹਨ ਜੋ ਪੰਜਾਬ



Digitized by Panjab Digital Library | www.panjabdigilib.org

ਵਾਸੀਆਂ ਦੀ ਜ਼ਬਾਨ ਉਤੇ ਆਮ ਅਖਾਉਤਾਂ ਵਾਂਗ ਚੜ੍ਹੀਆਂ ਹੋਈਆਂ ਹਨ, ਜਿਨ੍ਹਾਂ ਤੋਂ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਉੱਚ ਸਿੱਖਿਆ ਮਿਲਦੀਆਂ ਹਨ। ਜਿਹਾ ਕਿ:—

(੧) ਮਨਿ ਜੀਤੈ ਜਗੁ ਜੀਤੁ ।
(੨) ਪੁੱਤੀਂ ਗੰਢ ਪਵੈ ਸੰਸਾਰ ।
(੩) ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
(੪) ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ।
(੫) ਜੇਹਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤੁ ।
(੬) ਪਾਪਾਂ ਬਾਝਹੁ ਹੋਵੈ ਨਾਹੀਂ ਮੁਇਆਂ ਸਾਥ ਨ ਜਾਈ ।
(੭) ਮਾਇਆਧਾਰੀ ਅਤਿ ਅੰਨ੍ਹਾ ਬੋਲਾ ।
(੮) ਰੋਟੀਆਂ ਕਾਰਣਿ ਪੂਰਹਿ ਤਾਲ।
(੯) ਸਹਿਜ ਪਕੈ ਸੋ ਮੀਠਾ ਹੋਇ।
(੧੦) ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ।

ਹਰ ਤੁਕ ਵਿਚ ਇਕ ਉਚ ਉਪਦੇਸ਼ ਹੈ ਜੋ ਜੀਵਨ ਨੂੰ ਹਰ ਪੱਖ ਤੋਂ ਆਨੰਦਮਈ ਬਣਾ ਦੇਂਦਾ ਹੈ। ਇਸ ਤਰ੍ਹਾਂ ਦੀਆਂ ਹਜ਼ਾਰਾਂ ਤੁਕਾਂ ਗੁਰਬਾਣੀ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚ ਆਏ ਖਿਆਲ ਸ਼ਬਦ ਚੋਣ ਤੇ ਗੂੜ੍ਹ ਵਿਚਾਰ ਵੱਲ ਧਿਆਨ ਕਰੋ ਤਦ ਇਹਨਾਂ ਦੀ ਸਾਹਿਤਕ ਕੀਮਤ ਦਾ ਪਤਾ ਲਗਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵੱਖ ਵੱਖ ਰਾਗਾਂ ਤੇ ਰਾਗਣੀਆਂ ਵਿਚ ਅੰਕਤ ਕੀਤੀ ਗਈ ਹੈ । ਗੁਰਬਾਣੀ ਦੇ ਭਾਵਾਂ ਤੋਂ ਬਿਨਾਂ ਇਸ ਰਚਨਾ ਤੋਂ ਸਾਨੂੰ ਰਾਗਾਂ ਤੇ ਰਾਗਣੀਆਂ ਦਾ ਵੀ ਗਿਆਨ ਹੁੰਦਾ ਹੈ। ਕਿਉਂਕਿ ਰਾਗ ਰੂਹ ਦੀ ਗਜ਼ਾ ਹੈ ਅਤੇ ਰਾਗ ਨਾਲ ਸਬੰਧਤ ਹਰਿ ਨਾਮ, ਹਰੀ ਕੀਰਤਨ ਹੋ ਜਾਂਦਾ ਹੈ। ਮਨ ਦੀ ਉਚਤਾ ਲਈ ਹਰਿ ਕੀਰਤਨ ਬੜਾ ਸਹਾਈ ਹੁੰਦਾ ਹੈ, ਜੋ ਜੀਵਨ ਨੂੰ ਆਦਰਸ਼ਕ ਬਣਾ ਦੇਂਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ:—



Digitized by Panjab Digital Library | www.panjabdigilib.org

'ਕਲਿ ਕੀਰਤਨ ਨਾਮੁ ਆਧਾਰ।'

ਕਿ ਕਲਜੁਗ ਵਿਚ ਕੀਰਤਨ ਤੇ ਨਾਮ ਦਾ ਹੀ ਆਸਰਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਤੇ ਬਾਬਰ ਦੇ ਹੱਲੇ ਵੇਲੇ ਦੇਸ ਦੀ ਰਾਜਸੀ ਹਾਲਤ ਕੀ ਸੀ। ਪਰਜਾ ਦੀ ਧਾਰਮਕ, ਭਾਈਚਾਰਕ ਤੇ ਸਮਾਜਕ ਦਸ਼ਾ ਕੀ ਸੀ ? ਜੋਗੀਆਂ ਸੰਨਿਆਸੀਆਂ, ਸਰੇਵੜਿਆਂ ਬ੍ਰਾਹਮਣਾ, ਖੱਤਰੀਆਂ ਤੇ ਵੈਸ਼ਾਂ ਆਦਿ ਦੇ ਜੀਵਨ ਕਿਸ ਤਰ੍ਹਾਂ ਸਨ। ਕਿਹੜੀਆਂ ਕਿਹੜੀਆਂ ਭਾਈਚਾਰਕ ਊਣਤਾਈਆਂ ਆਮ ਪਰਚਲਤ ਸਨ। ਧਾਰਮਕ ਆਗੂਆਂ ਨੇ ਕਿਸ ਕਿਸ ਤਰ੍ਹਾਂ ਦੇ ਪਾਖੰਡ ਰਚ ਕੇ ਦੁਨੀਆਂ ਨੂੰ ਲੁੱਟਣ ਦੇ ਢੰਗ ਬਣਾਏ ਹੋਏ ਸਨ।

ਸਤਿਗੁਰਾਂ ਨੇ ਪੁਰਾਣੇ ਇਤਿਹਾਸਕ ਤੇ ਮਿਥਿਹਾਸਕ ਖਿਆਲਾਂ ਤੇ ਵਿਅਕਤੀਆਂ ਨੂੰ ਬੜੀ ਸੁੰਦਰਤਾ ਨਾਲ ਬਾਣੀ ਵਿਚ ਪਰਗਟ ਕਰ ਕੇ ਹਰ ਮੱਤ ਦੀ ਸੁਹਣੀ ਤਰ੍ਹਾਂ ਵਾਕਫੀਅਤ ਕਰਾਈ ਅਤੇ ਅਨੇਕਾਂ ਭਗਤਾਂ ਸ਼ਰਧਾਲੂਆਂ ਤੇ ਪ੍ਰੇਮੀਆ ਦੇ ਜੀਵਨ ਸਬੰਧੀ ਗਿਆਨ ਕਰਵਾਇਆ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੇਠ ਲਿਖੀਆਂ ਗੱਲਾਂ ਕਰਕੇ ਇਕ ਖਾਸ ਵਿਸ਼ੇਸ਼ਤਾ ਰੱਖਦੀ ਹੈ:-

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਰਬੀ, ਫ਼ਾਰਸੀ, ਹਿੰਦੀ, ਸੰਸਕ੍ਰਿਤ, ਪੰਜਾਬੀ, ਪ੍ਰਾਕ੍ਰਿਤ ਅਤੇ ਹੋਰ ਅਨੇਕਾਂ ਅਪਭ੍ਰੰਸ਼ਾਂ ਦੇ ਸ਼ਬਦ ਮਿਲਦੇ ਹਨ, ਬਾਣੀ ਦੇ ਪਾਠ ਤੋਂ ਉਨ੍ਹਾਂ ਦੇ ਵੱਖ ਵੱਖ ਵਿਆਕਰਣਿਕ ਰੂਪਾਂ ਦਾ ਪਤਾ ਲਗਦਾ ਹੈ।

(੨) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵੱਖ ਵੱਖ ਰਾਗਾਂ ਅਤੇ ਰਾਗਣੀਆਂ ਵਿਚ ਉਚਾਰੀ ਹੋਈ ਹੈ। ਇਸ ਦੇ ਪਾਠ ਤੋਂ ਰਾਗ ਸਬੰਧੀ ਬਹੁਤ ਸਾਰਾ ਗਿਆਨ ਪ੍ਰਾਪਤ ਹੁੰਦਾ ਹੈ।

(੩) ਇਸ ਬਾਣੀ ਵਿਚੋਂ ਵੈਦਿਕ ਗਿਆਨ, ਪੁਰਾਣਿਕ ਵਾਰਤਾਵਾਂ ਅਤੇ ਹਿੰਦੂ ਮੱਤ ਦੀਆਂ ਬਹੁਤ ਸਾਰੀਆਂ ਮਰਯਾਦਾਂ ਦਾ ਪਤਾ ਲਗਦਾ ਹੈ। ਇਹਨਾਂ ਤੋਂ ਬਿਨਾਂ ਯੋਗ ਅਭਿਆਸ ਸ੍ਰੇਵੜਿਆਂ ਦੀ



Digitized by Panjab Digital Library | www.panjabdigilib.org

ਰਹਿਣੀ ਬਹਿਣੀ ਤੇ ਅਨੇਕਾਂ ਤਰ੍ਹਾਂ ਦੇ ਕਰਮ ਕਾਂਡਾਂ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ। ਮੁਸਲਮਾਨੀ ਮੱਤ ਤੇ ਸੂਫੀ ਮੱਤ ਤੇ ਅਨੇਕਾਂ ਸਿਧਾਂਤਾਂ ਦਾ ਵੀ ਪਤਾ ਲਗਦਾ ਹੈ।

(੪) ਗੁਰੂ ਸਾਹਿਬਾਨ ਨੇ ਦੂਸਰੇ ਮੱਤਾਂ ਦੇ ਵਿਚਾਰਾਂ ਦੇ ਮੁਕਾਬਲੇ ਵਿਚ ਆਪਣੇ ਜੀਵਨ ਤਜਰਬੇ ਅਤੇ ਆਤਮਕ ਗਿਆਨ ਦੇ ਸਿਧਾਂਤਾਂ ਦਾ ਵੀ ਜ਼ਿਕਰ ਕੀਤਾ ਹੈ, ਅਤੇ ਜਿਥੇ ਜਿਥੇ ਧਰਮ ਵਿੱਚ ਕਿਤੇ ਪਾਖੰਡ ਨਜ਼ਰ ਆਇਆ, ਉੱਥੇ ਉਸ ਦੀ ਨਿਖੇਧੀ ਕੀਤੀ ਹੈ।

(੫) ਇਤਿਹਾਸਕ ਤੌਰ ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਖਾਸ ਮਹਾਨਤਾ ਰਖਦੀ ਹੈ। ਇਸ ਵਿਚ ਕਈ ਥਾਈਂ ਪੁਰਾਣੇ ਸਮੇਂ ਦੇ ਧਾਰਮਿਕ ਠੇਕੇਦਾਰਾਂ ਦੇ ਅਤਿਆਚਾਰ, ਵਖ ਵਖ ਸਮੇਂ ਦੇ ਬਾਦਸ਼ਾਹਾਂ ਦੇ ਪਰਜਾ ਉਤੇ ਜ਼ੁਲਮ, ਬਾਬਰ ਦੇ ਹੱਲੇ ਦਾ ਹਾਲ ਤੇ ਉਸ ਸਮੇਂ ਦੀ ਦੇਸ ਦੀ ਰਾਜਸੀ ਤੇ ਭਾਈਚਾਰਕ ਹਾਲਤ ਤੇ ਪਰਜਾ ਦੇ ਦੁਖਾਂ ਭਰੇ ਸਮਾਚਾਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

(੬) ਇਸ ਵਿਚ ਅਨੇਕਾਂ ਤਰਾਂ ਦੇ ਕਵਿਤਾ ਦੇ ਭੇਦ, ਜਿਹਾ ਕਿ ਸਲੋਕ,ਦੋਹਰੇ, ਸੋਰਠੇ,ਅਸ਼ਟਪਦੀਆਂ ਚੌਬੋਲੇ,ਸਿੱਠਣੀਆਂ, ਅਲਾਹੁਣੀਆਂ, ਘੋੜੀਆਂ ਲਾਵਾਂ, ਛੰਦ, ਬਾਰਾਂ ਮਾਂਹ, ਸਤਵਾਰੇ, ਪੈਂਤੀ ਅੱਖਰੀ, ਬਾਵਨ ਅੱਖਰੀ ਆਦਿ ਜੋ ਉਸ ਸਮੇਂ ਪ੍ਰਚਲਤ ਸਨ ਦਿੱਤੇ ਹੋਏ ਹਨ, ਇਨ੍ਹਾਂ ਤੋਂ ਬਿਨਾਂ ਵਖ ਵਖ ਤਰ੍ਹਾਂ ਦੇ ਛੰਦ ਅਨੇਕਾਂ ਰੂਪਾਂ ਵਿਚ ਮਿਲਦੇ ਹਨ।

(੭) ਇਸ ਬਾਣੀ ਵਿਚ ਕਵਿਤਾ ਦੇ ਲਿਹਾਜ਼ ਨਾਲ ਬੜੇ ਬੜੇ ਉਚ ਖਿਆਲ, ਅਲੰਕਾਰ, ਅਤੇ 'ਰਸ' ਵੀ ਮਿਲਦੇ ਹਨ। ਜਿਹਾ ਕਿ ਸ਼ਾਂਤ ਰਸ, ਹਾਸ ਰਸ, ਅਦਭੁਤ ਰਸ, ਭਿਆਨਕ ਰਸ, ਕਰੁਣਾ ਰਸ ਅਤੇ ਬੀਰ ਰਸ ਦੇ ਅਨੇਕਾਂ ਝਲਕਾਰੇ ਪਰਤੀਤ ਹੁੰਦੇ ਹਨ।

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਥੇ ਉਚ ਦਰਜੇ ਦੀ ਧਾਰਮਕ ਮਹਾਨਤਾ ਹੈ, ਓਥੇ ਇਨ੍ਹਾਂ ਦੀ ਸਾਹਿਤਕ ਮਹਾਨਤਾ ਵੀ ਕਿਸੇ ਤਰ੍ਹਾਂ ਘੱਟ ਨਹੀਂ।



Digitized by Panjab Digital Library | www.panjabdigilib.org

# ਸ੍ਰੀ ਗੁਰੂ ਤੇਗ ਬਹਾਦਰ ਜੀ

(੧੬੨੨ ਤੋਂ ੧੬੭੫ ਤਕ)

ਆਪ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਸਨ ਅਤੇ ਸਿੱਖਾਂ ਦੇ ਨੌਵੇਂ ਗੁਰੂ ਸਨ। ਆਪ ਦੀ ਬਹੁਤੀ ਅਵਸਥਾ ਭਜਨ ਬੰਦਗੀ ਤੇ ਨਾਮ ਦੇ ਸਿਮਰਣ ਵਿੱਚ ਹੀ ਬੀਤੀ। ਗੁਰਿਆਈ ਦੀ ਗੱਦੀ ਤੇ ਬਿਰਾਜਮਾਨ ਹੋਣ ਤੋਂ ਮਗਰੋਂ ਆਪ ਨੇ ਧਰਮ ਪਰਚਾਰ ਸ਼ੁਰੂ ਕੀਤਾ ਤੇ ਆਸਾਮ ਤਕ ਗਏ। ਆਪ ਬਹੁਤਾ ਚਿਰ ਬਿਹਾਰ ਦੇ ਇਲਾਕੇ ਵਿਚ ਹੀ ਰਹੇ। ਆਪ ਨੇ ਕੋਈ ਬਹੁਤੀ ਬਾਣੀ ਨਹੀਂ ਉਚਾਰੀ ਕੇਵਲ ਕੁਝ ਸਲੋਕ ਹੀ ਉਚਾਰੇ ਜੋ 'ਸਲੋਕ ਨਾਂਵੇਂ ਮਹਲੇ ਦੇ' ਨਾਂ ਨਾਲ ਪ੍ਰਸਿਧ ਹਨ। ਇਨ੍ਹਾਂ ਸਲੋਕਾਂ ਵਿਚ ਆਪ ਨੇ ਦੁਨੀਆਂ ਵੱਲੋਂ ਉਪਰਾਮਤਾ ਤੇ ਨਾਮ ਦੇ ਸਿਮਰਨ ਦਾ ਉਪਦੇਸ਼ ਦਿੱਤਾ ਹੈ। ਸਲੋਕਾਂ ਦੀ ਬੋਲੀ ਪੂਰਬੀ ਅਲਾਕੇ ਦੀ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

(੧੬੬੬ ਤੋਂ ੧੭੦੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੋਹ ਸੁਦੀ ਸਤਵੀਂ ਸੰਮਤ ੧੭੨੩ ਬਿਕਰਮੀ ਨੂੰ ਬਿਹਾਰ ਦੇ ਅਲਾਕੇ ਪਟਣਾ ਸ਼ਹਿਰ ਵਿਚ ਹੋਇਆ, ਜਦ ਕਿ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਤਾਰਨ ਲਈ ਆਸਾਮ ਵਾਲੇ ਪਾਸੇ ਗਏ ਹੋਏ ਸਨ। ਬਚਪਨ ਤੋਂ ਹੀ ਆਪ ਦੇ ਜੀਵਨ ਵਿਚ 'ਬੀਰ ਰਸ' ਠਾਠਾਂ ਮਾਰਦਾ ਦਿਖਾਈ ਦੇਂਦਾ ਸੀ, ਜਦ ਆਪ ਆਪਣੇ ਨਿਕੇ ਨਿਕੇ ਹਾਣੀਆਂ ਨੂੰ ਨਾਲ ਲੈਕੇ ਦਰਿਆ ਗੰਗਾ ਦੇ ਕੰਢੇ ਕਾਨਿਆਂ ਦੇ ਤੀਰ ਕਮਾਨਾਂ ਨਾਲ ਬਣਾਉਟੀ ਜੰਗ ਦੀ ਖੇਡ ਖੇਡਦੇ ਸਨ ਜਾਂ ਖੂਹ ਉਤੇ ਪਾਣੀ ਲੈਣ ਆਈਆਂ ਤੀਵੀਆਂ ਦੇ ਘੜਿਆਂ ਦੇ ਨਸ਼ਾਨੇ ਆਪਣੀ ਨਿਕੀ ਜਿਹੀ



Digitized by Panjab Digital Library | www.panjabdigilib.org

ਗੁਲੇਲ ਨਾਲ ਫੁੰਡਦੇ ਸਨ। ਇਨ੍ਹਾਂ ਖੇਡਾਂ ਨੇ ਛੋਟੀ ਉਮਰ ਵਿਚ ਹੀ ਆਪ ਨੂੰ ਸ਼ਸਤਰ ਵਿੱਦਿਆ ਵਿਚ ਪ੍ਰਪੱਕ ਕਰ ਦਿਤਾ। ਭਾਵੇਂ ਆਪ ਜੀ ਦੇ ਮਾਤਾ ਗੁਜਰੀ ਜੀ ਕੋਲ ਆਪ ਦੀਆਂ ਇਨ੍ਹਾਂ ਖੇਡਾਂ ਸਬੰਧੀ ਕਈ ਤਰ੍ਹਾਂ ਦੇ ਉਲਾਮੇ ਆਉਂਦੇ, ਪਰ ਆਪ ਕਿਸੇ ਆਉਣ ਵਾਲੇ ਸਮੇਂ ਦੀ ਯਾਦ ਵਿਚ ਗੱਲ ਹਾਸੇ ਵਿੱਚ ਟਾਲ ਛੱਡਦੇ।

ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰ ਦੇ ਪੰਡਤਾਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੇ ਧਰਮ ਦੀ ਰੱਖਿਆ ਕਰਨ ਦੇ ਅਪ੍ਰਾਧ ਵਿਚ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਕੀਤਾ ਗਿਆ', ਉਸ ਵੇਲੇ ਆਪ ਕੇਵਲ ਨੌਂ ਸਾਲਾਂ ਦੇ ਹੀ ਸਨ। ਆਪ ਨੇ ਹੌਸਲਾ ਨਾ ਹਾਰਿਆ ਤੇ ਪ੍ਰਵਾਰ ਸਹਿਤ ਆਨੰਦ ਪੁਰ ਜ਼ਿਲਾ ਹੁਸਿਆਰ ਪੁਰ ਵਿਚ ਜ਼ੁਲਮ ਦਾ ਨਾਸ ਕਰਨ ਦੀਆਂ ਤਿਆਰੀਆਂ ਕਰਨ ਲਗੇ। ਹਜ਼ਾਰਾਂ ਦੀ ਗਿਣਤੀ ਵਿਚ ਦੂਰ ਦੂਰ ਤੋਂ ਸੰਗਤਾਂ ਆਪ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ। ਆਪ ਨੇ ਹੁਕਮ ਕੀਤਾ ਕਿ ਜੋ ਵੀ ਦਰਸ਼ਨਾਂ ਲਈ ਆਵੇ ਗੁਰੂ ਘਰ ਲਈ ਘੋੜੇ ਤੇ ਸ਼ਸਤਰ ਭੇਟਾ ਲੈ ਕੇ ਆਵੇ। ਇਸ ਤਰ੍ਹਾਂ ਆਪ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਇਕ ਭਾਰੀ ਫੌਜ ਤਿਆਰ ਕਰ ਲਈ।

ਸੰਨ ੧੭੫੬ ਬਿਕਰਮੀ ਨੂੰ ਵੈਸਾਖੀ ਤੋਂ ਇਕ ਦਿਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੇ ਬਾਹਰ ਇਕ ਟਿੱਲੇ ਉਤੇ ਆਪ ਨੇ ਇਕ ਬੜਾ ਭਾਰੀ ਦਰਬਾਰ ਲਾਇਆ। ਜਿਸ ਵਿਚ ਸੀਸ ਭੇਟ ਮੰਗੀ। ਸਾਰੀ ਸੰਗਤ ਵਿਚੋਂ ਕੇਵਲ ਪੰਜ ਸਿੱਖ ਮੈਦਾਨ ਵਿਚ ਗੁਰੂ ਦੇ ਚਰਨਾਂ ਤੇ ਸੀਸ ਭੇਟ ਕਰਨ ਲਈ ਨਿਕਲੇ। ਅਗਲੇ ਦਿਨ ਅਰਥਾਤ ਵੈਸਾਖੀ ਵਾਲੇ ਦਿਨ ਆਪ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ ਸਿੰਘ ਸਜਾਇਆ। ਅੰਮ੍ਰਿਤ ਛਕਣ ਤੋਂ ਪਹਿਲਾਂ ਇਹ ਜੱਟ, ਖੱਤਰੀ, ਝੀਊਰ, ਛੀਂਬਾ ਤੇ ਨਾਈ ਆਦਿਕ ਘਰਾਣਿਆਂ ਨਾਲ ਸਬੰਧ ਰਖਦੇ ਸਨ, ਪਰ ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਜ਼ਾਤ ਪਾਤ



Digitized by Panjab Digital Library | www.panjabdigilib.org

ਦਾ ਭਰਮ ਦੂਰ ਕੀਤਾ ਅਤੇ ਸਾਂਝੀਵਾਲਤਾ ਤੇ ਸਮਾਨਤਾ ਦੀ ਨੀਂਹ ਰੱਖੀ। ਫੇਰ ਇਨ੍ਹਾਂ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕਿਆ ਅਤੇ ਇਸ ਤਰ੍ਹਾਂ ਵੱਡੇ ਛੋਟੇ ਦਾ ਭੇਦ ਦੂਰ ਕੀਤਾ।

ਆਪ ਦੀ ਫੌਜ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਹਰ ਕੌਮ ਦੇ ਬਹਾਦਰ ਜੋਧੇ ਸਿਪਾਹੀ ਤੇ ਜਰਨੈਲ ਸਨ। ਆਪ ਨੇ ਜ਼ੁਲਮ ਅਤੇ ਜ਼ਾਲਮ ਹਕੂਮਤ ਦੇ ਵਿਰੁਧ ਜਨਤਾ ਦੀ ਜੰਗ ਲੜੀ। ਇਕ ਪਾਸੇ ਔਰੰਗਜ਼ੇਬ ਤੇ ਬਾਈਧਾਰ ਦੇ ਹਿੰਦੂ ਰਾਜੇ ਸਨ ਦੂਸਰੇ ਪਾਸੇ ਆਪ ਨੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਇਕ ਸਾਂਝੀ ਸੈਨਾਂ ਨਾਲ ਹਕੂਮਤ ਕਰਨ ਵਾਲੇ ਜਾਬਰਾਂ ਦਾ ਟਾਕਰਾ ਕੀਤਾ। ਆਪ ਹਰ ਮਨ ਪਿਆਰੇ,ਸਾਰੇ ਦੇਸ ਦੇ ਸਾਂਝੇ, ਧਰਮ ਦੇ ਹਾਮੀ ਤੇ ਜ਼ੁਲਮ ਦੇ ਵੈਰੀ ਜੋਧੇ ਸਨ। ਆਪ ਨੇ ਆਪਣਾ ਆਦਰਸ਼ ਇਸਤਰ੍ਹਾਂ ਪਰਗਟ ਕੀਤਾ ਹੈ:—

ਸੰਤ ਉਬਾਰਨ ਦੁਸ਼ਟ ਸੰਘਾਰਨ।
ਦੁਸ਼ਟ ਸਗਲ ਕਉ ਮੂਲ ਉਪਾਰਨ।
ਯਾ ਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨ ਮੰ।

ਆਪ ਆਪਣੇ ਸਮੇਂ ਦੇ ਮਹਾਨ ਕਵੀ ਸਨ। ਆਪ ਨੇ ਫ਼ਾਰਸੀ ਸੰਸਕ੍ਰਿਤ, ਬ੍ਰਿਜ ਭਾਸ਼ਾ ਤੇ ਪੰਜਾਬੀ ਵਿਚ ਬਹੁਤ ਸਾਰੀ ਰਚਨਾ ਕੀਤੀ। ਆਪ ਦੀਆਂ ਮਸ਼ਹੂਰ ਰਚਨਾਵਾਂ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਤੇ ਜ਼ਫ਼ਰਨਾਮਾ ਆਦਿ ਮਹਾਨ ਕਾਵਿ ਸੰਗ੍ਰਹਿ ਹਨ। ਪੰਜਾਬ ਤੋਂ ਬਾਹਰ ਰਹਿਣ ਕਰਕੇ ਆਪ ਨੇ ਪੰਜਾਬੀ ਵਿਚ ਬਹੁਤ ਥੋੜੀ ਬਾਣੀ ਉਚਾਰੀ। ਚੰਡੀ ਦੀ ਵਾਰ ਸ਼ਬਦ ਹਜ਼ਾਰੇ ਪਾ: ੧੦ ਆਪ ਦੀ ਪੰਜਾਬੀ ਕਵਿਤਾ ਦੇ ਨਮੂਨੇ ਹਨ। ਆਪਣੇ ਉਚਾਰੇ ਹੋਏ ਸ਼ਬਦਾਂ ਵਿਚ ਆਪ ਨੇ ਸੁਹਣਾ ਪੰਜਾਬੀ ਰੰਗ ਪ੍ਰਗਟਾਇਆ ਹੈ। ਦੇਖੋ:—

ਖਿਆਲ ਪਾਤਸ਼ਾਹੀ ੧੦

ਮਿਤਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ। ਤੁਧ ਬਿਨ



Digitized by Panjab Digital Library | www.panjabdigilib.org

ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ। ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।

ਕਿਹਾ ਸੁਹਣਾ ਆਦਰਸ਼ ਪਰਗਟ ਕੀਤਾ ਹੈ। ਪਿਆਰ ਅਤਿ ਦਰਜੇ ਦਾ ਹੈ। ਬੋਲੀ ਠੇਠ ਪੰਜਾਬੀ, ਕਵਿਤਾ ਰਾਗ-ਆਤਮਕ, ਸੁਹਣੇ ਸੁਹਣੇ ਅਲੰਕਾਰ ਤੇ ਵਲਵਲੇ ਪੇਸ਼ ਕੀਤੇ ਹਨ। ਆਪ ਦੀ ਚੰਡੀ ਦੀ ਵਾਰ ਵੀ ਇਕ ਅਲੌਕਿਕ ਰਚਨਾ ਹੈ। ਜਿਸ ਵਿਚ ਕਈ ਤਰ੍ਹਾਂ ਦੀਆਂ ਨਵੀਆਂ ਨਵੀਆਂ ਉਪਮਾ ਤੇ ਰੂਪਕ ਵਰਤੇ ਹਨ। ਇਹ ਵਾਰ ਪੰਜਾਬੀ ਵਿਚ ਬੀਰ ਰਸ ਦੀ ਇਕ ਆਦਰਸ਼ਕ ਰਚਨਾ ਹੈ ਜਿਸ ਵਿਚ ਦੁਰਗਾ ਤੇ ਮਹਿਖਾਸਰ ਦੈਂਤ ਦੇ ਮਹਾਨ ਯੁਧ ਦਾ ਨਕਸ਼ਾ ਖਿਚਿਆ ਹੈ। ਪੜ੍ਹਦਿਆਂ ਪੜ੍ਹਦਿਆਂ ਇੰਞ ਪਰਤੀਤ ਹੁੰਦਾ ਹੈ ਜਿਵੇਂ ਆਪ ਸਭ ਕੁਝ ਅੱਖਾਂ ਸਾਹਮਣੇ ਵਰਤ ਰਿਹਾ ਪਰਤੀਤ ਕਰ ਰਹੇ ਹੁੰਦੇ ਹਨ। ਪੜ੍ਹਦਿਆਂ ਪੜ੍ਹਦਿਆਂ ਜੰਗ ਦਾ ਨਜ਼ਾਰਾ ਅੱਖਾਂ ਸਾਹਮਣੇ ਆ ਜਾਂਦਾ ਹੈ ਤੇ ਜੋਧਿਆਂ ਦੇ ਡੌਲੇ ਫਰਕਣ ਲਗ ਜਾਂਦੇ ਹਨ:–

ਲੱਖ ਨਗਾਰੇ ਵੱਜਣ, ਆਹਮੋ ਸਾਹਮਣੇ।
ਰਾਕਸ਼ ਰਣੋ ਨ ਭੱਜਣ, ਰੋਹੇ *ਰੋਹਲੇ।
ਸ਼ੀਹਾਂ ਵਾਂਗੂ ਗੱਜਣ, ਸਾਰੇ ਸੂਰਮੇ।
ਤਣ ਤਣ †ਕੈਬਰ ਛੱਡਣ, ਦੁਰਗਾ ਸਾਹਮਣੇ।

ਆਪ ਜੰਗ ਦਾ ਨਕਸ਼ਾ ਇਸ ਤਰ੍ਹਾਂ ਪੇਸ਼ ਕਰਦੇ ਹਨ:–

ਸੱਟ ਪਈ ੧. ਜਮਧਾਣੀ, ਦਲਾਂ ਮੁਕਾਬਲਾ।
ਧੂਹ ਲਈ ਕਿਰਪਾਣੀ, ਦੁਰਗਾ ਮਿਆਨ ਤੇ।

---

*ਕ੍ਰੋਧ ਵਿਚ ਆਏ ਹੋਏ। †ਕੈਬਰ-ਤੀਰ। ੧. ਨਗਾਰਿਆਂ ਤੇ।



Digitized by Panjab Digital Library | www.panjabdigilib.org

੨. ਚੰਡੀ ਰਾਕਸ਼ ਖਾਣੀ, ਵਾਹੀ ਦੈਂਤ ਨੂੰ,
੩. ਕੋਪਰ ਚੂਰ ਚਵਾਣੀ, ਲਥੀ ਕਰਗ ਲੈ।
ਪਾਖਰ ਤੁਰਾ ਪਲਾਣੀ, ਸਿੰਗਾਂ ਧਉਲਿਆਂ।
ਕੂਰਮ ਸਿਰ ਲਹਿਲਾਣੀ, ਦੁਸ਼ਮਣ ਮਾਰਕੇ।
ਵੱਢੇ ਗੰਨ ਤ੍ਰਿਖਾਣੀ, ਮੂਏ ਖੇਤ ਵਿਚ।
ਰਣ ਵਿਚ ਘੱਤੀ ਘਾਣੀ, ਲੋਹੂ ਮਿੱਝ ਦੀ।

ਜੰਗ ਵਿਚ ਰਾਕਸ਼ਾਂ ਦੀ ਖਰਮਸਤੀ ਤੇ ਜੋਸ਼ ਦਾ ਨਜ਼ਾਰਾ ਇਸ ਤਰ੍ਹਾਂ ਪਰਗਟ ਕਰਦੇ ਹਨ:-

ਘੁਰੇ ਨਗਾਰੇ ਦੋਹਰੇ, ਰਣ ਸੰਗਲਿਆਲੇ।
ਧੂੜ ਲਪੇਟੇ ਧੂਹਰੇ, ਸਿਰਦਾਰ ਜਟਾਲੇ।
ਉਖਲੀਆਂ ਨਾਸਾਂ ਜਿਨ੍ਹਾਂਦੇਮੂੰਹ ਜਾਪਣ ਆਲੇ।
ਗੱਜੇ ਦੁਰਗਾ ਘੇਰਕੇ, ਜਣ ਘਣੀਅਰ ਕਾਲੇ।

ਕਾਲੇ ਕਾਲੇ ਰਾਕਸ਼ਾਂ ਦਾ ਬਦਲਾਂ ਵਾਂਗ ਗਰਜਣਾ ਕਹੀ ਸੁਹਣੀ ਤਸ਼ਬੀਹ ਹੈ। ਆਪ ਨੇ ਆਪਣੀ ਰਚਨਾ ਵਿਚ ਕਈ ਥਾਈਂ ਐਨ ਢੁੱਕਵੇਂ ਸ਼ਬਦ ਵਰਤੇ ਹਨ । ਜੰਗ ਵਿਚ ਤਲਵਾਰਾਂ ਦੀ ਟੰਕਾਰ ਤੀਰਾਂ ਦਾ ਚੱਲਣਾ ਤੇ ਰਾਖਸ਼ਾਂ ਦੀ ਗਰਜ ਬੜੀ ਖ਼ੂਬੀ ਨਾਲ ਬਿਆਨ ਕੀਤੀ ਹੈ। ਹਰ ਤੁਕ ਵਿਚ ਇਕ ਅਥਾਹ ਜੋਸ਼ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਬਹੁਤਾ ਚਿਰ ਯੂ: ਪੀ: ਤੇ ਦੱਖਣ ਵਿਚ ਰਹਿਣ ਕਰਕੇ ਉਨ੍ਹਾਂ ਅਲਾਕਿਆਂ ਦੇ ਸ਼ਬਦਾਂ ਦਾ ਪਰਭਾਵ ਵੀ ਆਪਿ ਦੀ ਰਚਨਾ ਤੇ ਜਾਪਦਾ ਹੈ।

ਆਪ ਭਾਰਤ ਦੇ ਪਹਿਲੇ ਮਹਾਨ ਖੜਗਧਾਰੀ ਯੋਧੇ ਸਨ, ਜਿਨ੍ਹਾਂ ਨੇ ਸਾਰੇ ਸੰਸਾਰ ਵਿਚੋਂ ਜਾਤੀ ਭੇਦ, ਦੇਸ ਭੇਦ ਤੇ ਊਚ ਨੀਚਤਾ ਦੇ ਭੇਦ ਨੂੰ ਦੂਰ ਕਰਕੇ ਸਾਰੇ ਸੰਸਾਰ ਦੇ ਜੀਵਾਂ ਨੂੰ ਇਕ ਪੱਧਰ ਤੇ ਲਿਆਉਣ ਦਾ ਯਤਨ ਕੀਤਾ।

---

੨. ਤਲਵਾਰ। ੩. ਖੋਪਰੀ।



Digitized by Panjab Digital Library | www.panjabdigilib.org

# ਨਾਨਕ ਕਾਲ ਦੇ ਰੋਮਾਂਟਿਕ ਕਵੀ

ਇਸ ਸਮੇਂ ਵਿਚ ਸਿੱਖ ਕਵੀਆਂ ਤੋਂ ਬਿਨਾਂ ਰੋਮਾਂਟਿਕ ਕਵੀ ਸੂਫੀ ਕਵੀ ਤੇ ਸੰਤ ਕਵੀ ਆਦਿ ਅਨੇਕਾਂ ਸਾਹਿਤਕ ਹੋਏ ਹਨ। ਇਨ੍ਹਾਂ ਵਿਚੋਂ ਕੁਝ ਕੁ ਮਸ਼ਹੂਰ ਕਵੀਆਂ ਸਬੰਧੀ ਅਸੀਂ ਵਿਚਾਰ ਕਰਦੇ ਹਾਂ। ਸਭ ਤੋਂ ਪਹਿਲਾਂ ਰੋਮਾਂਟਿਕ ਕਵੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਪ੍ਰੇਮ ਵਾਰਤਾਵਾਂ ਲਿਖੀਆਂ। ਇਨ੍ਹਾਂ ਨੇ ਪੁਰਾਤਨ ਸਮੇਂ ਵਿਚ ਹੋਈਆਂ ਕੁਝ ਕੁ ਨਾਇਕਾਂ ਦੀਆਂ ਪ੍ਰੇਮ ਕਥਾਵਾਂ ਛੰਦ ਰਚਨਾ ਵਿਚ ਲਿਖੀਆਂ ਹਨ, ਜਿਨ੍ਹਾਂ ਦਾ ਜ਼ਿਕਰ ਹੇਠਾਂ ਕੀਤਾ ਜਾਂਦਾ ਹੈ।

## ਦਾਮੋਦਰ

ਦਾਮੋਦਰ ਜ਼ਾਤ ਦਾ ਗੁਲਾਟੀ ਅਰੋੜਾ ਸੀ, ਜਿਸ ਨੇ ਬਾਹਰੋਂ ਕਿਸੇ ਪਿੰਡੋਂ ਆ ਕੇ ਝੰਗ ਸਿਆਲ ਵਿਚ ਹੱਟੀ ਪਾਈ। ਉਸ ਸਮੇਂ ਝੰਗ ਸਿਆਲ ਵਿਚ 'ਚੂਚਕ' ਦਾ ਚੰਗਾ ਦਬ ਦਬਾ ਸੀ, ਜਦੋਂ ਚੂਚਕ ਨੇ ਇਸ ਨੂੰ ਦਿਲਾਸਾ ਦਿੱਤਾ, ਇਹ ਓਥੇ ਰਹਿ ਪਿਆ। ਚੂਚਕ ਦੇ ਘਰ ਉਸ ਦਾ ਆਉਣ ਜਾਣ ਹੋ ਗਿਆ ਹੋਣਾ ਏਂ, ਕਿਉਂਕਿ ਇਹ ਪੜ੍ਹਿਆ ਹੋਇਆ ਸੀ, ਚੂਚਕ ਦੀ ਲਿਖਤ ਪੜ੍ਹਤ ਕਰ ਛੱਡਦਾ ਹੋਣਾ ਏਂ। ਇਸ ਨੇ ਹੀਰ ਤੇ ਰਾਂਝੇ ਦਾ ਸਾਰਾ ਕੌਤਕ ਜਾਂ ਆਪਣੀ ਅੱਖੀਂ ਡਿੱਠਾ, ਜਾਂ ਹੀਰ ਤੇ ਰਾਂਝੇ ਦੇ ਮੂੰਹੋਂ ਸੁਣਿਆਂ। ਜਿੰਨਾਂ ਚਿਰ ਹੀਰ ਤੇ ਰਾਂਝਾ ਝੰਗ ਵਿਚ ਰਹੇ ਇਹ ਚੋਰੀ ਚੋਰੀ ਸਭ ਕੁਝ ਵੇਖਦਾ ਰਿਹਾ। ਉਮਰ ਜਵਾਨੀ ਦੀ ਸੀ, ਇਸ਼ਕ ਦੀਆਂ ਝਾਕੀਆਂ ਰਤਾ ਉਤਸ਼ਾਹ ਨਾਲ ਵੇਖਦਾ ਰਿਹਾ। ਜਦੋਂ ਹੀਰ ਵਿਆਹੀ ਗਈ ਤੇ ਰਾਂਝਾ ਖੇੜਿਆਂ ਦੇ ਚਲਾ ਗਿਆ, ਰਾਂਝਾ ਹੀਰ ਨੂੰ ਕੱਢ ਲਿਆਇਆ, ਪਤਾ ਲੱਗਣ ਤੇ ਇਹ ਕੋਟ ਕਬੂਲੇ, ਕਾਜ਼ੀ ਦੀ ਅਦਾਲਤ ਵਿਚ ਜਾ ਕੇ ਧੀਦੋ ਤੇ ਹੀਰ ਨੂੰ ਮਿਲਿਆ। ਸੁਖ ਸਾਂਦ ਤੇ ਹਾਲ ਚਾਲ ਪੁਛਿਆ ਤੇ ਨਾਲ ਹੀ ਉਨ੍ਹਾਂ ਤੋਂ ਸਾਰੀ ਵਾਰਤਾ ਦੀ ਪੁੱਛ



Digitized by Panjab Digital Library | www.panjabdigilib.org

ਕੀਤੀ ਹੋਣੀ ਏ। ਕਿਉਂਕਿ ਜਦੋਂ ਖੇੜੇ ਹੀਰ ਨੂੰ ਮਾਰ ਮਾਰ ਕੇ ਵਾਪਸ ਲਈ ਜਾਂਦੇ ਨੇ ਤਾਂ ਇਹ ਲਿਖਦਾ ਹੈ:–

'ਆਖ ਦਾਮੋਦਰ ਅੱਖੀਂ ਡਿੱਠਾ ਜੋ ਸਿਰ ਸਲੇਟੀ ਦੇ ਆਈ।'

ਇਸ ਤੋਂ ਮਗਰੋਂ ਇਹ ਹੀਰ ਤੇ ਰਾਂਝੇ ਦੇ ਮੱਕੇ ਜਾਣ ਦੇ ਸਮੇਂ ਤੱਕ ਨਾਲ ਹੀ ਰਿਹਾ। ਇਹ ਲਿਖਦਾ ਹੈ –

ਜਾਂ ਕੋਹ ਤ੍ਰੈ ਗਏ ਅਗੇਰੇ ਤਾਂ ਅਸੀਂ ਭੀ ਨਾਲੇ ਆਹੇ।

... ... ... ... ...

ਆਖ ਦਮੋਦਰ ਛਪੇ ਕਿਥਾਈਂ ਗਏ ਸੁ ਫੇਰ ਨ ਆਏ।

ਸੋ ਇਹ ਹੀਰ ਤੇ ਰਾਂਝੇ ਦੇ ਮੱਕੇ ਜਾਣ ਸਮੇਂ ਤੱਕ ਉਨ੍ਹਾਂ ਦੇ ਨਾਲ ਹੀ ਰਿਹਾ ਤੇ ਜੋ ਕੁਝ ਵੇਖਿਆ ਇਨ ਬਿਨ ਲਿਖ ਦਿਤਾ, ਵਾਰਸ ਸ਼ਾਹ ਵਾਂਗ ਕੋਈ ਵਾਧਾ ਘਾਟਾ ਨਹੀਂ ਕੀਤਾ ਤੇ ਨਾ ਹੀ ਖਿਆਲੀ ਉਡਾਰੀਆਂ ਲਾਈਆਂ। ਇਹ ਲਿਖਦਾ ਹੈ:–

ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨ ਕੋਈ।
ਅਸਾਂ ਮੂੰਹੋਂ ਅਲਾਇਆ ਉਹੋ ਜੋ ਕੁਝ ਨਜ਼ਰ ਪਇਓ ਈ।

ਸੋ ਇਸ ਨੇ ਇਸ ਕਿੱਸੇ ਵਿਚ ਮੁਬਾਲਗੇ ਤੇ ਬਨਾਵਟ ਤੋਂ ਬਹੁਤ ਘੱਟ ਕੰਮ ਲਿਆ ਹੈ। ਜੋ ਡਿੱਠਾ ਕਹਿ ਸੁਣਾਇਆ।

ਬੋਲੀ--ਦਾਮੋਦਰ ਦੇ ਕਿੱਸੇ ਦੀ ਬੋਲੀ ਲਹਿੰਦੀ ਪੰਜਾਬੀ ਜਾਂ ਝੰਗ ਸਿਆਲ ਦੇ ਅਲਾਕੇ ਦੀ ਹੀ ਹੈ। ਬਿਆਨ ਸੁਹਣਾ ਹੈ। ਛੰਦ ਦੀ ਧਾਰਨਾ ਪੁਰਾਣੇ ਬੈਂਤ ਦੀ ਹੈ ਜੋ ਦਵੱਯਾ ਛੰਦ ਨਾਲ ਮਿਲਦਾ ਹੈ। ਗੱਲ ਬਾਤੀ ਢੰਗ ਸੁਹਣਾ ਤੇ ਸੁਚੱਜਾ ਹੈ, ਖਿਆਲ ਵੀ ਸੁਹਣੇ ਤੇ ਸਾਦੇ ਹਨ। ਕਿੱਸਾ ਇਸ ਤਰ੍ਹਾਂ ਬਿਆਨ ਕਰਦਾ ਹੈ ਜਿਵੇਂ ਗੱਲਾਂ ਕਰ ਰਿਹਾ ਹੁੰਦਾ ਹੈ। ਵੇਖੋ, ਜਦੋਂ ਕੈਦੋ ਧੀਦੋ ਕੋਲੋਂ ਚੂਰੀ ਮੰਗ ਕੇ ਲਿਆਉਂਦਾ ਹੈ ਤਾਂ ਪਰ੍ਹੇ ਵਿਚ ਆ ਕੇ ਕਹਿੰਦਾ ਹੈ:--

ਸੁਣੋ ਸਿਆਲੋ ਧੀਆਂ ਵਾਲਿਓ, ਧੀਆਂ ਮੂਲ ਨ ਰੱਖੋ।
ਹਿਕੇ ਤਾਂ ਧੀਆਂ ਨਈਂ ਲੁੜ੍ਹਾਹੋ, ਹਿਕੇ ਸਿਰ ਕਰਿਆਹੇ ਵੱਖੋ।



Digitized by Panjab Digital Library | www.panjabdigilib.org

ਹਿਕ ਹਿਕ ਵੰਡੀ ਆਵੰਦੀ ਨਾਹੇ ਅੰਗੁਲ ਭਰ ਭਰ ਚੱਖੋ।
ਤੁਸੀਂ ਖਾਂਦੇ ਚੌਡੀ ਥਾਪੀ ਚਾਕ ਖਾਏ ਏਹੁ ਵੱਥੋ

ਕਿਹਾ ਸੁਹਣਾ ਬਿਆਨ ਹੈ।

ਇਸ਼ਕ--ਦਾਮੋਦਰ ਹੀਰ ਤੇ ਰਾਂਝੇ ਦੇ ਇਸ਼ਕ ਨੂੰ ਹਕੀਕੀ ਬਿਆਨ ਕਰਦਾ ਹੈ, ਇਸ਼ਕ ਮਜਾਜ਼ੀ ਨਹੀਂ। ਹੀਰ ਉਸ ਨੂੰ ਆਪਣਾ ਮੁਰਸ਼ਦ ਸਮਝਦੀ ਹੈ। ਕਹਿੰਦੀ ਹੈ, 'ਅਸਾਂ ਕਾਮਲ ਮੁਰਸ਼ਦ ਪਾਇਆ, ਕੁਝ ਲੁੜੀਂਦਾ, ਨਾਹੀਂ।' ਇਸ ਤੋਂ ਬਿਨਾਂ ਇਹ ਕੋਟ ਕਬੂਲੇ ਦੇ ਕਾਜ਼ੀ ਨੂੰ ਕਹਿੰਦੀ ਹੈ:--

ਸੁਣ ਕਾਜ਼ੀ ! ਦਿਲ ਨਾਹੀ ਰਾਜ਼ੀ ਤੁਧ ਕੇ ਪਾਈ ਬਾਜ਼ੀ।
ਮੈਂ ਤੇ ਰਾਂਝੇ ਨੇਹੁ ਚਿਰੋਕਾ ਜਾਂ ਸਾਹਿਬ ਖਲਕਤ ਸਾਜ਼ੀ
ਰੱਬ ਨਿਕਾਹ ਦਿਲਾਂ ਦੇ ਬੱਧੇ ਤੂੰ ਕੇ ਬੰਨਸੀ ਕਾਜ਼ੀ।
ਸਰੀਹ ਸ਼ਰ੍ਹਾ ਨਿਆਓਂ ਚੁਕਾਨੈ ਜੇ ਅਸ਼ਕ ਨ ਰਖੀ ਆ ਭਾਜੀ।

ਸੋ ਦਾਮੋਦਰ ਨੇ ਹੀਰ ਤੇ ਰਾਂਝੇ ਦਾ ਇਸ਼ਕ ਹਕੀਕੀ ਤੇ ਪਵਿਤਰ ਦੱਸਿਆ ਹੈ। ਇਸ ਕਾਰਣ ਇਹ ਵੀ ਹੋ ਸਕਦਾ ਹੈ ਕਿ ਦਾਮੋਦਰ ਚੂਚਕ ਦੇ ਘਰ ਜਾਂਦਾ ਆਉਂਦਾ ਸੀ, ਇਸ ਲਈ ਹੀਰ ਨੂੰ 'ਭੈਣ' ਕਰਕੇ ਸੱਦਦਾ ਹੋਵੇਗਾ। ਇਕ ਅਣਖੀਲਾ ਕਵੀ ਜਿਸ ਕੁੜੀ ਨੂੰ 'ਭੈਣ' ਕਹਿ ਚੁੱਕਾ ਹੋਵੇ, ਉਸ ਦੀ ਬੁਰਿਆਈ ਨਹੀਂ ਕਰ ਸਕਦਾ। ਇਸ ਨੇ ਵਾਰਸ ਸ਼ਾਹ ਵਾਂਗ ਹੀਰ ਦੇ ਹੁਸਨ ਨੂੰ ਨੰਗਾ ਕਰਕੇ ਕਿਤੇ ਵੀ ਬਿਆਨ ਨਹੀਂ ਕੀਤਾ, ਸਗੋਂ ਇਹ ਹੀਰ ਤੇ ਰਾਂਝੇ ਦੇ ਹੁਸਨ ਦੀ ਤਾਰੀਫ ਕਰਦਾਹੈ--

'ਹਿਕ ਸੂਰਜ ਬਿਆ ਚੰਦ ਚੌਦਸ ਦਾ ਅਜ਼ਮਤ ਦੀ ਰੁਸ਼ਨਾਈ।'

ਇਸ ਤੋਂ ਵਧ ਇਹ ਕੁਝ ਵੀ ਲਿਖ ਨਹੀਂ ਸਕਿਆ। ਇਸ ਨੇ ਹਰ ਥਾਂ ਹੀਰ ਦੀ ਬਹਾਦਰੀ ਦੱਸੀ ਹੈ। ਨੂਰ ਖਾਂ ਸੰਬਲ ਨਾਲ ਲੜਨ ਵੇਲੇ, ਮਾਂ ਤੇ ਪਿਓ ਦੇ ਸਾਹਮਣੇ, ਕੈਦੋ ਨਾਲ ਮੁਕਾਬਲਾ ਕਰਨ ਸਮੇਂ, ਖੇੜਿਆਂ ਨਾਲ ਤੇ ਕਾਜ਼ੀ ਨਾਲ ਗੱਲ ਬਾਤ ਕਰਨ ਵੇਲੇ ਸਾਰਿਆਂ ਨੂੰ ਸੁਹਣਾ ਸੁਣਾਉਂਦੀ ਹੈ। ਕਿਤੇ ਕਿਤੇ ਅਲੰਕਾਰ ਵੀ ਸੁਹਣੇ ਵਰਤੇ



Digitized by Panjab Digital Library | www.panjabdigilib.org

ਹਨ ਤੇ ਕਲਮੀ ਤਸਵੀਰ ਖਿਚਣ ਵੇਲੇ ਕਵੀ ਕਮਾਲ ਕਰ ਦੇਂਦਾ ਹੈ।

ਇਹ ਕੋਈ ਬਹੁਤਾ ਸਿਆਣਾ ਕਵੀ ਨਹੀਂ ਜਾਪਦਾ, ਕਿਉਂਕਿ ਕਵਿਤਾ ਵਿਚ ਕੋਈ ਖਾਸ ਉੱਚੀ ਕਾਵਿ ਉਡਾਰੀ ਨਹੀਂ, ਸਾਧਾਰਣ ਬਿਆਨ ਹੀ ਹੈ। ਪਾਤਰਾਂ ਦੇ ਸੁਭਾਵਾਂ ਦੀ ਉਸਾਰੀ ਸੁਹਣੀ ਕਰਦਾ ਹੈ। ਖਿਆਲ ਸਾਰੇ ਅਛੂਹ ਹਨ। ਵਾਰਸ ਸ਼ਾਹ ਦੇ ਕਿੱਸੇ ਨਾਲੋਂ ਇਸ ਵਿਚ ਕਈ ਖ਼ੂਬੀਆਂ ਹਨ ਤੇ ਕਈ ਘਾਟੇ ਵੀ ਹਨ, ਪਰ ਅਸਲ ਵਾਰਤਾ ਦੇ ਨੇੜੇ ਹੋਣ ਕਰਕੇ ਇਸ ਦੀ ਰਚਨਾ ਸਨਮਾਨੀ ਜਾਣੀ ਚਾਹੀਦੀ ਹੈ। ਵਾਰਸ ਸ਼ਾਹ ਦੀ ਹੀਰ ਜਨਤਾ ਦੀ ਬੋਲੀ ਵਿਚ ਹੋਣ ਕਰਕੇ ਬਹੁਤੀ ਮਸ਼ਹੂਰ ਹੋ ਚੁਕੀ ਹੈ, ਅਤੇ ਇਹ ਝਾਂਗੀ ਬੋਲੀ ਵਿਚ ਹੋਣ ਕਰ ਕੇ ਹਰਮਨ ਪਿਆਰੀ ਨਹੀਂ ਹੋ ਸਕੀ।

ਇਸ ਦੇ ਹੀਰ ਦੇ ਕਿੱਸੇ ਵਿਚ ਕਿਤੇ ਕਿਤੇ ਇਹੋ ਜਹੀਆਂ ਸਤਰਾਂ ਆਈਆਂ ਹਨ ਜਿਨ੍ਹਾਂ ਵਿਚੋਂ ਪੰਜਾਬੀ ਸੁਭਾ, ਪੰਜਾਬੀ ਅਣਖ ਤੇ ਅਟੱਲ ਸਚਾਈਆਂ ਆਪਣੇ ਆਪ ਪਰਗਟ ਹੁੰਦੀਆਂ ਹਨ। ਜਦੋਂ ਨੂਰ ਖਾਂ ਚੰਧੜ ਦੀ ਚੜ੍ਹਾਈ ਦੀ ਖ਼ਬਰ ਚੂਚਕ ਸੁਣਦਾ ਹੈ ਤਾਂ ਦਾਮੋਦਰ ਚੂਚਕ ਕੋਲੋਂ ਇਸ ਤਰ੍ਹਾਂ ਅਖਵਾਉਂਦਾ ਹੈ:–

'ਭੇਡਾਂ ਸਿੰਙ ਕਦੋਂ ਕੇ ਜੰਮੇ ?' ਤੂੰ ਨੂਰੇ ਭੇਜ ਚਲਾਇਆ।

ਕਿਡੀ ਅਣਖ ਤੇ ਦਲੇਰੀ ਦਾ ਸਬੂਤ ਦਿਤਾ। ਇਸ ਕਿੱਸੇ ਦੀਆਂ ਹੇਠ ਲਿਖੀਆਂ ਸਤਰਾਂ ਖਾਸ ਪਰਖਣ ਯੋਗ ਹਨ:–

੧. ਹੋਇ ਸਿਕਦਾਰ ਖਲੋਵੇ ਪਿਛੇ ਲਾਹਨਤ ਹੈ ਤਿਸ ਤਾਈਂ।
ਮਰਨ ਜੀਵਨ ਨ ਵੱਸ ਕਿਸੇ ਦੇ, ਹੋਸੀ ਰੱਬ ਰਜਾਈਂ।

੨. ਪੁਤਰਾਂ ਨਾਲ ਪਰਾਇਆਂ ਲੜਨਾ, ਮਤ ਕਰ ਜਾਣੇ ਹਾਸਾ
ਮਰਨ ਮਰੀਵਣ ਨਾਲ ਬੰਦੇ ਦੇ ਜੀ ਦਾ ਕੀ ਭਰਵਾਸਾ।
ਆਖ ਦਮੋਦਰ ਸੂਰੇ ਸੋਈ ਜੋ ਲੜਦਿਆਂ ਮੁੜੇ ਨਾ ਪਾਸਾ।

੩. ਘਰ ਵਿਚ ਵੈਰ ਚਿਣਗ ਹੈ ਚੋਲੇ, ਏ ਢਿੱਲ ਬਣਦੀ ਨਾਹੀਂ।

੪. 'ਜੇਡਾ ਸਿਰ ਤੇਡੀ ਸਿਰ ਪੀੜਾ' ਤੇਹਾ ਸਮਾਨ ਓਨਾਹੀਂ।

੫. ਹੱਕ ਪਰਾਇਆ ਕੂੜ ਬੋਲ ਕੇ ਡਰੇ ਖੁਦਾਇ ਤੋਂ ਨਾਹੀਂ।



Digitized by Panjab Digital Library | www.panjabdigilib.org

੬. ਕੁੱਤੇ ਤੇ ਦਰਵੇਸ਼ ਨਿਮਾਣੇ ਇੱਜ਼ਤ ਲੈਂਦੇ ਨਾਹੀਂ।
੭. ਬਖਤਾਂ ਬਾਝੋਂ ਲਹਾਂ ਨ ਨਾਠੀ, ਥੀਆ ਕਰਮ ਅਸਾਹੀਂ।
੮. ਮੰਗਣ ਕੋਲੋਂ ਮਰਣ ਚੰਗੇਰਾ, ਕੀਕਣ ਆਖ ਸੰਗਾਹਾਂ।
੯. ਜੇਕਰ ਬੇਟਾ ਕੰਮ ਵਿਗਾੜੇ, ਬਾਪ ਸਟੈਂਦਾ ਨਾਹੀਂ।
੧੦. ਅੱਗ ਰਹੇ ਰੂਈ ਵਿਚ ਕੀਕਣ, ਮੱਥੇ ਇਸ਼ਕ ਜਣਾਇਆ।
੧੧. ਜ਼ਹਿਰ ਕੇ ਪੋਹੇ ਮਾਊਂ ਤਿਨਾਂਨੂੰ, ਜਿਨ੍ਹਾਂ ਕਾਮਲ ਇਸ਼ਕ ਪਚਾਏ।
੧੨. ਹਿਕ ਦਿਲ ਆਹੀ ਸੋ ਰਾਂਝਣ ਲੀਤਾ, ਮਾਏ ਦੂਜਾ ਦਿਲ ਕੋ ਨਾਹੀ।
੧੩. ਪੱਲੇ ਖਰਚ ਨ ਬੰਨ੍ਹਦੇ ਪੰਖੀ ਤੇ ਦਰਵੇਸ਼।
ਜਿਨ੍ਹਾਂ ਤਕੀਆ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼।
੧੪. ਕੰਧੇ ਉਤੇ ਕਿਤਨਾ ਦੌੜੀਂ, ਆਖਰ ਮੈਂ ਢਹਿਸਾਈਂ।
ਖੰਡੇ ਧਾਰ ਵਿਚਹੁ ਕਿਉਂ ਜਿਣਸਾਂ, ਮੈਨੂੰ ਸੁਧ ਪੌਂਦੀ ਨਾਹੀਂ।

ਕਈ ਥਾਈਂ ਦਮੋਦਰ ਨੇ ਅਜਿਹੇ ਸੁਹਣੇ ਅਲੰਕਾਰ ਵਰਤੇ ਹਨ ਕਿ ਕਮਾਲ ਹੀ ਕਰ ਛੱਡੀ ਹੈ। ਜਿਹਾ ਕਿ ਹੀਰ ਕਹਿੰਦੀ ਹੈ:—

ਤਾਰੇ ਚਿਣਗਾਂ ਜੁੱਸੇ ਵਿਚੋਂ ਅੰਬਰ ਗਈਆਂ ਦਤਾਈਂ।

ਕਿਹਾ ਨਵਾਂ ਖ਼ਿਆਲ ਹੈ। ਸੋ ਇਸ ਸਾਦੇ ਕਵੀ ਨੇ ਸਾਦਗੀ ਵਿਚ ਹੀ ਨਵਾਂ ਰੰਗ ਬੰਨ੍ਹ ਦਿੱਤਾ ਹੈ। ਇਹ ਹੀਰ ਤੇ ਰਾਂਝੇ ਦਾ ਸਮਾਂ ਇਸ ਤਰ੍ਹਾਂ ਦਸਦਾ ਹੈ:—

ਪੰਦਰਾਂ ਸੈ ਉਨੱਤਰਾ ਆਹਾ ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰੱਬ ਚੁਕਾਏ।
ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਦਿਨ ਤੇਜ ਸਵਾਏ।

ਇਹ ਸੰਮਤ ਤੇ ਅਕਬਰ ਦਾ ਰਾਜ ਦੱਸਕੇ ਇਸ ਨੇ ਬੜਾ ਭੁਲੇਖੇ ਵਿਚ ਪਾ ਦਿੱਤਾ ਹੈ। ਤਦ ਵੀ ਇਸ ਦਾ ਸਮਾਂ ਅਕਬਰ ਦੇ ਨੇੜੇ ਦਾ ਹੀ ਕੋਈ ਮੰਨਿਆਂ ਜਾ ਸਕਦਾ ਹੈ।



Digitized by Panjab Digital Library | www.panjabdigilib.org

# ਪੀਲੂ

ਪੀਲੂ ਕਵੀ ਕੌਣ ਸੀ, ਕਦੋਂ ਤੇ ਕਿਥੇ ਹੋਇਆ ਇਸ ਦਾ ਪੱਕਾ ਪਤਾ ਕੋਈ ਨਹੀਂ, ਪਰ ਕਈ ਵਿਦਵਾਨ ਲਿਖਦੇ ਹਨ ਕਿ ਇਹ ਮਾਝੇ ਦੇ ਇਲਾਕੇ ਦਾ ਇਕ ਮੁਸਲਮਾਨ ਜੱਟ ਸੀ ਜੋ ਫ਼ਕੀਰੀ ਰੰਗ ਵਿਚ ਰੰਗਿਆ ਹੋਇਆ ਸੀ। ਇਹ ਜਹਾਂਗੀਰ ਦੇ ਸਮੇਂ ਦਰਿਆ ਰਾਵੀ ਦੇ ਕੰਢੇ ਕਿਸੇ ਪਿੰਡ ਦਾ ਵਸਨੀਕ ਸੀ ਅਤੇ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੀ ਮਿਲਿਆ। ਹਾਫ਼ਜ਼ ਬਰਖੁਰਦਾਰ ਅਤੇ ਅਹਿਮਦ ਯਾਰ ਆਦਿਕ ਕਵੀਆਂ ਨੇ ਆਪਣੀ ਰਚਨਾਂ ਵਿਚ ਪੀਲੂ ਦੀ ਬੜੀ ਵਡਿਆਈ ਕੀਤੀ ਹੈ। ਹਾਫ਼ਜ਼ ਬਰਖ਼ੁਰਦਾਰ ਜੋ ਪੀਲੂ ਦੇ ਸਮੇਂ ਹੀ ਹੋਇਆਂ ਹੈ ਇਸ ਦੀ ਬਾਬਤ ਲਿਖਦਾ ਹੈ:–

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਨ।
ਜਿਨ੍ਹੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀਂ ਦਸਤ ਧਰੇਨ।

ਸੋ ਪੀਲੂ ਇਕ ਕਰਨੀ ਵਾਲਾ ਕਵੀ ਮੰਨਿਆਂ ਜਾਂਦਾ ਹੈ। ਅਹਿਮਦਯਾਰ ਜਿਥੇ ਹੋਰਨਾਂ ਕਵੀਆਂ ਦਾ ਜ਼ਿਕਰ ਕਰਦਾ ਹੈ ਓਥੇ ਪੀਲੂ ਬਾਬਤ ਇਸ ਤ੍ਰਰ੍ਹਾਂ ਕਹਿੰਦਾ ਹੈ–

ਪੀਲੂ ਨਾਲ ਨ ਰੀਸ ਕਿਸੇ ਦੀ ਇਸ ਵਿਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀਦੀ।

ਸ਼ਾਇਦ ਇਹ ਫ਼ਕੀਰ ਵਲੀ ਦੀ ਸੈਨਤ ਸ੍ਰੀ ਗੁਰੂ ਅਰਜਨ ਦੇਵ ਜੀ ਵੱਲ ਕੀਤੀ ਗਈ ਹੈ। ਜੇ ਇਸ ਕਵੀ ਦੀ ਰਚਨਾ ਵੱਲ ਧਿਆਨ ਕੀਤਾ ਜਾਏ ਤਾਂ ਇਸ ਦੀ ਬਹੁਤੀ ਰਚਨਾ ਨਹੀਂ ਮਿਲਦੀ। ਇਸ ਦਾ ਇਕ ਬੈਂਤ ਇਸਤਰ੍ਹਾਂ ਲੋਕਾਂ ਦੇ ਮੂੰਹ ਚੜ੍ਹਿਆ ਹੋਇਆ ਹੈ।

ਪੀਲੂ ਆਖੇ ਸ਼ਾਇਰਾ ਕਿਤ ਵਲ ਗਿਆ ਜਹਾਨ।
ਬਹਿ ਬਹਿ ਗਈਆ ਮਜਲਸਾਂ ਲਗ ਲਗ ਗਏ ਦੀਵਾਨ।



Digitized by Panjab Digital Library | www.panjabdigilib.org

ਪੀਲੂ ਅਸਾਂ ਨਾਲੋਂ ਸੇ ਭਲੇ ਜਿਹੜੇ ਜੰਮਦਿਆਂ ਹੀ ਮੋਏ।
ਉਹਨਾਂ ਚਿੱਕੜ ਪਾਓਂਨ ਬੋੜਿਆ ਨਾ ਆਲੂਦ ਭਏ।

ਖਿਆਲ ਸਾਦੇ ਹੀ ਹਨ ਪਰ ਗੱਲ ਫ਼ਕੀਰਾਂ ਵਾਲੀ ਹੈ। ਇਸ ਕਵੀ ਦੀ ਹੋਰ ਕੋਈ ਫਕੀਰੀ ਰੰਗ ਦੀ ਜਾ ਧਾਰਮਕ ਕਵਿਤਾ ਨਹੀਂ ਮਿਲਦੀ। ਕੇਵਲ ਇਕ ਕਿੱਸਾ ਸੱਦਾਂ ਵਿਚ 'ਮਿਰਜ਼ਾ ਤੇ ਸਾਹਿਬਾਂ' ਦਾ ਮਿਲਦਾ ਹੈ, ਪਰ ਉਹ ਭੀ ਸਾਰੇ ਦਾ ਸਾਰਾ ਕਵਿਤਾ ਵਿਚ ਨਹੀਂ, ਵਿਚ ਵਿਚ ਵਾਰਤਕ ਦੇ ਬੋਲ ਹਨ ਅਤੇ ਨਾਲ ਹੀ ਪੁਰਾਣੇ ਬੈਂਤਾਂ ਦੀਆਂ ਸੱਦਾਂ ਹਨ। ਇਨ੍ਹਾਂ ਸੱਦਾਂ ਦੀ ਛੰਦ ਰਚਨਾ ਕੋਈ ਐਡੀ ਚੰਗੀ ਨਹੀਂ ਤੇ ਕਈ ਥਾਈਂ ਕਾਫ਼ੀਆ ਵੀ ਨਹੀਂ ਮਿਲਦਾ। ਕਿਤੇ ਕਿਤੇ ਖਿਆਲ ਵੀ ਉੱਗੜ ਦੁੱਗੜੇ ਹਨ, ਪਰ ਤਦ ਵੀ ਪਿੰਡਾਂ ਦੇ ਜੱਟ ਵੰਜਲੀ ਵਜਾਉਂਦੇ ਹੋਏ ਕੰਨਾਂ ਤੇ ਹੱਥ ਰੱਖ ਕੇ ਤੇ ਦੂਸਰੀ ਬਾਂਹ ਉਚੀ ਖੜੀ ਕਰ ਕੇ ਉਚੀਆਂ ਉਚੀਆਂ ਹੇਕਾਂ ਨਾਲ ਇਹ ਸੱਦਾਂ ਬੜੀ ਮਸਤੀ ਵਿਚ ਗਾਉਂਦੇ ਦਿਸਦੇ ਹਨ। ਇਸ ਵਿਹ ਸ਼ਕ ਨਹੀਂ ਕਿ ਇਸ ਕਿਸੇ ਦੀਆਂ ਸੱਦਾਂ ਬੜੀਆਂ ਸਵਾਦਲੀਆਂ ਤੇ ਕਵਿਤਾ ਦੇ ਲਿਹਾਜ਼ ਨਾਲ ਬੜੀਆਂ ਉੱਚੀਆਂ ਹਨ।

ਕਿੱਸੇ ਦੇ ਮੁੱਢ ਵਿਚ ਹੀ ਕਵੀ 'ਸਾਹਿਬਾਂ' ਦੀ ਸੁੰਦਰਤਾ ਦਾ ਇਸਤਰ੍ਹਾਂ ਬਿਆਨ ਕਰਦਾ ਹੈ:-

ਸਾਹਿਬਾਂ ਗਈ ਤੇਲ ਨੂੰ ਗਈ ਪੰਸਾਰੀ ਦੀ ਹੱਟ।
ਫੜ ਨ ਜਾਣੇ ਤੱਕੜੀ ਹਾੜ ਨ ਜਾਣੇ ਵੱਟ।
ਤੇਲ ਤੁਲਾਵੇ ਭੁੱਲਾ ਬਾਣੀਆਂ, ਦਿੱਤਾ ਸ਼ਹਿਦ ਉਲੱਟ।
ਵਣਜ ਗਵਾ ਲਏ ਬਾਣੀਆਂ, ਬਲਦ ਗਵਾ ਲਏ ਜੱਟ।
ਤਿੰਨ ਸੈ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।
ਮਿਰਜ਼ੇ ਸਾਹਿਬਾਂ ਦੀ ਦੋਸਤੀ, ਰਹੂ ਵਿਚ ਜਗੱਤ।

ਕਿਹਾ ਅਨੋਖਾ ਅਤਿ ਕਥਨੀ ਅਲੰਕਾਰ ਹੈ। ਬਾਣੀਏ ਨੇ ਤੇਲ ਬਦਲੇ ਭੁਲੇਖੇ ਨਾਲ ਸ਼ਹਿਦ ਦੇ ਦਿੱਤਾ, ਜੱਟ ਜਾਂਦਾ ਜਾਂਦਾ ਆਪਣੇ



Digitized by Panjab Digital Library | www.panjabdigilib.org

ਬਲਦ ਹਵਾ ਬੈਠਾ ਤੇ ਨਾਂਗੇ ਸਾਧਾਂ ਦੇ ਚਿੱਤ ਵੀ ਡੋਲ ਗਏ। ਸ਼ਾਇਦ ਏਸੇ ਤਰ੍ਹਾਂ ਹੀ ਹੋਵੇ ਕਿਉਂਕਿ ਮਿਰਜ਼ਾ ਆਪਣੀ ਜ਼ਬਾਨੋਂ ਸਾਹਿਬਾਂ ਬਾਬਤ ਇਸ ਤਰ੍ਹਾਂ ਕਹਿੰਦਾ ਹੈ। ਭਾਵੇਂ ਇਹ ਵੀ ਕਵੀ ਦੇ ਮਨ ਦੀ ਕਲਪਨਾ ਹੈ, ਪਰ ਮਿਰਜ਼ੇ ਦੇ ਦਿਲ ਉਤੇ ਸਾਹਿਬਾਂ ਦੇ ਹੁਸਨ ਦਾ ਜੋ ਅਸਰ ਪਿਆ ਹੈ ਸੋਹਣੀ ਤਰ੍ਹਾਂ ਬਿਆਨ ਕੀਤਾ ਹੈ:—

ਮਿਰਜ਼ਾ :—

ਕੱਢ ਕਲੇਜਾ ਲੈ ਗਈ, ਖੀਵੇ ਖਾਂ ਦੀ ਧੀ।
ਗਜ਼ ਗਜ਼ ਲੰਮੀਆਂ ਮੇਢੀਆਂ, ਰੰਗ ਜੋ ਗੋਰੀ ਸੀ।
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜੇ ਮਾਰੇ ਬਰਛੀ ਕੱਸ ਕੇ, ਮਿਰਜ਼ਾ ਕਦੇ ਨਾ ਕਰਦਾ ਸੀ।

ਇਹ ਕਿੱਸਾ ਭਾਵੇਂ ਇਕ ਸਾਦਾ ਜਿਹਾ ਹੀ ਪਰਤੀਤ ਹੁੰਦਾ ਹੈ, ਪਰ ਵਿਚ ਵਿਚ ਕਈ ਥਾਈਂ ਬੜੀਆਂ ਸੱਚੀਆਂ ਗੱਲਾਂ ਤੇ ਅਟੱਲ ਸਚਾਈਆਂ ਬਿਆਨ ਕੀਤੀਆਂ ਹਨ। ਮਿਰਜ਼ੇ ਦੀ ਮਾਂ ਮਿਰਜ਼ੇ ਨੂੰ ਕਹਿੰਦੀ ਹੈ ਕਿ ਕਿਸੇ ਨੂੰ ਆਪਣਾ ਭੇਤ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਮਾਰਖੋਰਾਂ ਨਾਲ ਮਿਤਰਤਾ ਬਣ ਆਉਂਦੀ ਹੈ:—

ਚੜ੍ਹਦੇ ਮਿਰਜ਼ੇ ਖਾਨ ਨੂੰ ਮਾਂ ਮੱਤ ਦੇਂਦੀ ਖੜੀ।
ਸੱਪਾਂ ਸ਼ੇਰਾਂ ਦੀ ਦੋਸਤੀ ਨਾ ਕਰ ਭਾਈ ਅੜੀ।

ਮਿਰਜ਼ੇ ਦਾ ਚਾਚਾ ਵੰਜਲ ਮਿਰਜ਼ੇ ਨੂੰ ਕਹਿੰਦਾ ਹੈ ਕਿ ਰੰਨਾ ਦੀ ਦੋਸਤੀ ਚੰਗੀ ਨਹੀਂ ਹੁੰਦੀ, ਕਿਉਂਕਿ ਇਨ੍ਹਾਂ ਨੂੰ ਅਕਲ ਨਹੀਂ ਹੁੰਦੀ, ਜਦੋਂ ਮੁਸੀਬਤ ਬਣਦੀ ਹੈ ਤਾਂ ਇਹ ਰੋ ਕੇ ਸਾਰਾ ਭੇਦ ਦੱਸ ਦੇਂਦੀਆਂ ਹਨ:—

ਚੜ੍ਹਦੇ ਮਿਰਜ਼ੇ ਖਾਨ ਨੂੰ ਇਕ ਵੰਜਲ ਦੇਵੇ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲੌਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ।

ਕਿਹਾ ਸੋਹਣਾ ਖਿਆਲ ਪ੍ਰਗਟ ਕੀਤਾ ਹੈ। ਮਿਰਜ਼ਾ ਆਪਣੇ



Digitized by Panjab Digital Library | www.panjabdigilib.org

ਸਮੇਂ ਦਾ ਅਤਿ ਦਰਜੇ ਦਾ ਬਹਾਦਰ ਸੀ ਅਤੇ ਆਪਣੀ ਜ਼ਾਤ ਦਾ ਸਰਦਾਰ ਮੰਨਿਆ ਹੋਇਆ ਸੀ। ਕਵੀ ਲਿਖਦਾ ਹੈ:

ਜਨਮ ਦਿੱਤਾ ਮਾਈ ਬਾਪ ਨੇ ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਜੂਰਮਾ ਖਰਲਾਂ ਦਾ ਸਰਦਾਰ।

ਜਦੋਂ ਮਿਰਜ਼ਾ ਸਾਹਿਬਾਂ ਨੂੰ ਕੱਢ ਕੇ ਲਿਆਉਂਦਾ ਹੈ, ਰਸਤੇ ਵਿਚ ਉਹਨੂੰ ਨੀਂਦ ਆ ਜਾਂਦੀ ਹੈ। ਸਾਹਿਬਾਂ ਉਸ ਨੂੰ ਸੌਣ ਤੋਂ ਰੋਕਦੀ ਹੈ ਤਾਂ ਅੱਗੋਂ ਮਿਰਜ਼ਾ ਕਹਿੰਦਾ ਹੈ—

ਮੈਂ ਵਲ ਵਲ ਵੱਢ ਦੇਊਂ ਸੂਰਮੇਂ, ਦਿਆਂਗਾ ਪੂਰ ਖਪਾ।
ਮੈਨੂੰ ਝੁਟ ਕੁ ਠੌਂਕਾ ਲਾ ਲੈਣ ਦੇ, ਮੈਨੂੰ ਸੁੱਤੇ ਨਾ ਜਗਾ।

ਸਾਹਿਬਾਂ ਫੇਰ ਵੀ ਜ਼ਿਦ ਕਰਦੀ ਹੈ ਤੇ ਕਹਿੰਦੀ ਹੈ ਕਿ ਸਿਆਲ ਤੇ ਚੰਧੜ ਮਗਰ ਆ ਰਹੇ ਹਨ, ਤੂੰ ਸੌਂ ਨਾ, ਐਵੇਂ ਮਾਰਿਆ ਜਾਵੇਂਗਾ ਪਰ ਮਿਰਜੇ ਨੂੰ ਆਪਣੇ ਬਾਹੂ ਬਲ ਉਤੇ ਬੜਾ ਮਾਨ ਸੀ। ਉਹ ਕਹਿੰਦਾ ਹੈ -

ਕੋਈ ਨ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦਿਆਂ ਮੈਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜੇ।
ਮੈਂ ਬੈਠਾਂ ਵਿਚ ਕਚਹਿਰੀਆਂ, ਰਾਜੇ ਹੁੰਦੇ ਮੇਰੇ ਵੱਲ।
ਮਾਰਾਂ ਰਾਹ ਲਾਹੌਰ ਦਾ, ਸ਼ਹਿਰੀਂ ਘੱਤਾਂ ਹਰ ਜੱਲ।
ਚਾਰੇ ਕੂੰਟਾਂ ਲੁੱਟ ਲਵਾਂ, ਸਾਗਾਂ ਨਾਲ ਉਥੱਲ।
ਮਰਨਾ ਤੇ ਜਗ ਛੱਡਣਾ ਮੇਰੀ ਜੱਗ ਵਿਚ ਰਹਿ ਜਾਏ ਗੱਲ।

ਇਸ ਨੂੰ ਆਪਣੀ ਬਹਾਦਰੀ ਤੇ ਤੀਰ ਕਮਾਨ ਉਤੇ ਬੜਾ ਮਾਨ ਸੀ। ਜਦੋਂ ਇਹ ਸੌਂ ਗਿਆ, ਚੰਧੜ ਤੇ ਸਿਆਲ ਆਏ, ਸਾਹਿਬਾਂ ਨੇ ਮਿਰਜ਼ੇ ਦਾ ਤੀਰਾਂ ਦਾ ਭੱਥਾ ਇਕ ਜੰਡ ਦੇ ਰੁੱਖ ਤੇ ਟੰਗ ਦਿਤਾ, ਕਿ ਮੈਂ ਮਿਰਜ਼ੇ ਨੂੰ ਉਨ੍ਹਾਂ ਕੋਲੋਂ ਮੁਆਫ਼ੀ ਦਵਾ ਦਿਆਂਗੀ, ਪਰ ਉਹਨਾਂ ਨੇ ਆਉਂਦਿਆਂ ਹੀ ਮਿਰਜ਼ੇ ਨੂੰ ਅਧਮੋਇਆ ਕਰ ਦਿੱਤਾ। ਮਰਨ ਲੱਗਾ



Digitized by Panjab Digital Library | www.panjabdigilib.org

ਮਿਰਜ਼ਾ ਸਾਹਿਬਾਂ ਨੂੰ ਇਸਤਰ੍ਹਾਂ ਕਹਿੰਦਾ ਹੈ—

ਮੰਦਾ ਕੀਤਾ ਈ ਸਾਹਿਬਾਂ! ਮੇਰਾ ਤਰਗਸ਼ ਟੰਗਿਆ ਜੰਡ।
ਤਿੰਨ ਸੈ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ।

ਪਰ ਉਸ ਵੇਲੇ ਕੀ ਹੋ ਸਕਦਾ ਸੀ, ਉਸ ਵਿਚਾਰੇ ਦੀ ਜਾਨ ਇਕ ਰੰਨ ਦੀ ਨਿੱਕੀ ਜਹੀ ਗ਼ਲਤੀ ਕਰਕੇ ਗਈ। ਜੇ ਉਹਦੇ ਤੀਰਾਂ ਦਾ ਭੱਥਾ ਉਸ ਕੋਲ ਹੁੰਦਾ ਤਾਂ ਉਹ ਸੱਚ ਮੁੱਚ ਹੀ ਸਿਆਲਾਂ ਤੇ ਚੰਧੜਾਂ ਨੂੰ ਹੱਥ ਦਿਖਾਉਂਦਾ।

ਇਸ ਕਿੱਸੇ ਦੀ ਵਾਰਤਾ ਬੜੀ ਅਨੋਖੀ ਹੈ। ਇਕ ਰੰਨ ਦੀ ਗ਼ਲਤੀ ਪਿੱਛੇ ਐਡਾ ਬਹਾਦਰ ਸੂਰਮਾਂ ਮਾਰਿਆ ਗਿਆ। ਕਵਿਤਾ ਵਿਚ ਕੋਈ ਖਾਸ ਉਚੇ ਅਲੰਕਾਰ ਨਹੀਂ ਅਤੇ ਨਾ ਹੀ ਕਵਿਤਾ ਦੀਆਂ ਦੂਸਰੀਆਂ ਖ਼ੂਬੀਆਂ ਇਸ ਕਿੱਸੇ ਵਿਚ ਹਨ। ਹਾਫ਼ਜ਼ ਬਰਖ਼ੁਰਦਾਰ ਤੇ ਅਹਿਮਦ ਯਾਰ ਨੇ ਜੋ ਇਸ ਦੀ ਵਡਿਆਈ ਕੀਤੀ ਹੈ ਉਹ ਸ਼ਾਇਦ ਇਸ ਦੀ ਫ਼ਕੀਰੀ ਕਰਕੇ ਹੋਵੇ ਜਾਂ ਇਸ ਦੀ ਕੋਈ ਹੋਰ ਉਚ ਦਰਜੇ ਦੀ ਰਚਨਾ ਹੋਵੇ ਜਿਸ ਕਰਕੇ ਉਸ ਸਮੇਂ ਵਿਚ ਇਸਦੀ ਬੜੀ ਮਸ਼ਹੂਰੀ ਹੋ ਗਈ ਹੋਵੇ, ਪਰ ਬਹੁਤਾ ਇਹੋ ਮਲੂਮ ਹੁੰਦਾ ਹੈ ਕਿ ਇਹ ਕੋਈ ਕਰਨੀ ਵਾਲਾ ਫ਼ਕੀਰ ਸੀ ਜਿਸ ਕਰਕੇ ਇਸ ਦੀ ਬੜੀ ਮਾਨਤਾ ਸੀ। ਮਿਰਜ਼ੇ ਸਾਹਿਬਾਂ ਦੇ ਕਿੱਸੇ ਕਰਕੇ ਇਸ ਦਾ ਨਾਂ ਪਿੰਡਾਂ ਦੇ ਵਸਨੀਕਾਂ ਵਿਚ ਮਸ਼ਹੂਰ ਹੋ ਗਿਆ।

ਇਹ ਵੀ ਹੋ ਸਕਦਾ ਹੈ ਕਿ ਜਿਸ ਪੀਲੂ ਦੀ ਵਡਿਆਈ ਹਾਫ਼ਜ਼ ਬਰਖ਼ੁਰਦਾਰ ਨੇ ਤੇ ਅਹਿਮਦਯਾਰ ਨੇ ਇਕ ਫ਼ਕੀਰ ਹੋਣ ਦੀ ਹੈਸੀਅਤ ਵਿਚ ਕੀਤੀ ਹੈ, ਉਹ ਕੋਈ ਹੋਰ ਹੋਵੇ ਤੇ 'ਮਿਰਜ਼ਾ ਸਾਹਿਬਾਂ' ਦੀਆਂ ਸੱਦਾਂ ਦਾ ਕਰਤਾ ਕੋਈ ਹੋਰ ਪੀਲੂ ਹੋਵੇ, ਪਰ ਬਾਵਾ ਬੁਧ ਸਿੰਘ ਜੀ ਤੇ ਡਾ: ਮੋਹਨ ਸਿੰਘ ਜੀ ਨੇ ਇਹ ਇਕੋ ਹੀ ਕਵੀ ਮੰਨਿਆਂ ਹੈ।

———



Digitized by Panjab Digital Library | www.panjabdigilib.org

# ਹਾਫ਼ਜ਼ ਬਰਖੁਰਦਾਰ

ਇਹ ਪਿੰਡ ਮੁਸਲਮਾਨੀ, ਅਲਾਕਾ ਚੀਮਾ ਚੱਠਾ, ਜ਼ਿਲਾ ਲਾਹੌਰ ਦੇ ਵਸਨੀਕ ਸਨ। ਇਨ੍ਹਾਂ ਦਾ ਜਨਮ ਸ਼ਾਹ ਜਹਾਨ ਦੇ ਵੇਲੇ ਹੋਇਆ ਪਰ ਔਰੰਗ ਜ਼ੇਬ ਦੇ ਵੇਲੇ ਬੜਾ ਮਸ਼ਹੂਰ ਹੋਇਆ। ਇਸ ਨੇ ਅਰਬੀ ਤੇ ਫ਼ਾਰਸੀ ਦੀਆਂ ਅਨੇਕਾਂ ਪੁਸਤਕਾਂ ਪੜ੍ਹੀਆਂ ਅਤੇ ਕਈ ਪੁਸਤਕਾਂ ਲਿਖੀਆਂ। ਆਪ ਨੇ ਪੰਜਾਬੀ ਦੇ ਕਈ ਕਿੱਸੇ ਵੀ ਲਿਖੇ ਜਿਨ੍ਹਾਂ ਵਿਚੋਂ ਮਿਰਜ਼ਾਂ ਸਾਹਿਬਾਂ, ਸੱਸੀ ਪੁੱਨੂੰ ਤੇ ਯੂਸਫ ਜ਼ੁਲੈਖਾਂ ਆਦਿ ਬਹੁਤ ਮਸ਼ਹੂਰ ਹਨ। ਇਨ੍ਹਾਂ ਤੋਂ ਬਿਨਾਂ ਆਪ ਦੀਆਂ ਪੰਦਰਾਂ ਛੋਟੀਆਂ ਵੱਡੀਆਂ ਕਤਾਬਾਂ ਹੋਰ ਵੀ ਹਨ, ਜੋ ਬਹੁਤੀਆਂ ਮਸ਼ਹੂਰ ਨਹੀਂ।

ਸੱਸੀ ਪੁੰਨੂੰ—ਇਨ੍ਹਾਂ ਦਾ ਸੱਸੀ ਪੁੰਨੂੰ ਦਾ ਕਿੱਸਾ ਬੜਾ ਸਵਾਦਲਾ ਹੈ, ਧਾਰਨਾਂ ਦੋਹਰੇ ਦੀ ਹੈ, ਕਈ ਥਾਈਂ ਧਾਰਨਾਂ ਦਵੱਈਏ ਦੀ ਵੀ ਹੋ ਜਾਂਦੀ ਹੈ। ਸੱਸੀ ਦੇ ਹੁਸਨ ਤੇ ਉਸਦੇ ਪਿਆਰ ਤੇ ਸਿਦਕ ਦਾ ਨਕਸ਼ਾ ਖਿੱਚਦੇ ਹੋਏ ਲਿਖਦੇ ਹਨ—

ਉਹਦੇ ਤਿਖੇ ਨੈਨ ਕਟਾਰੀਆਂ, ਬ੍ਰਿਹੋ ਚੜ੍ਹਾਈ ਸਾਨ।
ਧੁੱਪੇ ਡਿੱਠੀ ਲਿਸ਼ਕਦੀ ਜਿਉਂ ਬਿਜਲੀ ਅਸਮਾਨ।
ਓਥੇ ਝੁਰਮਟ ਪਾਇਆ ਤਾਰਿਆਂ ਚੰਨ ਝਾਤੀ ਪਾਵੇ ਚਾ।
ਚੜ੍ਹਿਆ ਲੋੜੇ ਰਾਤ ਰਾਤ, ਸੂਰਜ ਚਾਮਲ ਚਾ।
ਕਰੇ ਦੁਆਈਂ ਸੱਸੜੀ, ਰੱਬਾ ਦਿਹੁੰ ਨ ਚਾੜ੍ਹੀਂ ਝੱਬ।
ਮੈਂ ਰੱਜ਼ ਗਲ ਸੌਵਾਂ ਲਗ ਯਾਰਦੇ ਤਾਂ ਦਿਹੁੰ ਚਾੜ੍ਹੀ ਝੱਬ।

ਜਦੋਂ ਸੱਸੀ ਦੀ ਮਾਂ ਸੱਸੀ ਨੂੰ ਇਸ਼ਕ ਵਲੋਂ ਰੋਕਦੀ ਹੈ ਤਾਂ ਸੱਸੀ ਇਸ ਤਰ੍ਹਾਂ ਕਹਿੰਦੀ ਹੈ—

ਮਾਂ ਨੀ ਬੋਲ ਅਵੱਲੜੇ ਬੋਲ ਕੇ,
ਮੇਰਾ ਆਜਜ਼ ਜੀਉ ਨ ਸਾੜ।
ਅੰਮਾਂ ਜਿੰਨਾਂ ਜ਼ਖਮ ਇਸ਼ਕ ਦਾ,
ਤਿੰਨਾ ਇਸ਼ਕ ਦੀ ਸਾਰ।



Digitized by Panjab Digital Library | www.panjabdigilib.org

ਜਦੋਂ 'ਸੱਸੀ' ਪੁੰਨੂੰ ਪੁੰਨੂੰ ਕਰਦੀ ਮਰ ਜਾਂਦੀ ਹੈ, ਮਗਰੋਂ ਪੁੰਨੂੰ ਅ ਉਂਦਾ ਹੈ ਤਾਂ ਭੇਡਾਂ ਚਾਰਨ ਵਾਲੇ ਆਜੜੀ ਨੂੰ ਪੁੱਛਦਾ ਹੈ ਤਾਂ ਉਹ ਇਸ ਤਰ੍ਹਾਂ ਉੱਤਰ ਦੇਂਦਾ ਹੈ—

ਮੀਆਂ ਉਚੀ ਲੰਮੀ ਪਤਲੀ ਨਿੱਕੇ ਲੱਕ ਜਵਾਨ।
ਨਾ ਸੱਸੀ, ਧੀ ਜਾਮਦੀ, ਮੋਈ ਬ੍ਰਿਹੋਂ ਦੇ ਤਾਨ।

ਜਦੋਂ ਪੁੰਨੂੰ ਨੂੰ ਸੱਸੀ ਦੇ ਮਰਨ ਦਾ ਪਤਾ ਲੱਗਾ ਤਾਂ ਉਹ ਰੱਬ ਅਗੇ ਇਸ ਤਰ੍ਹਾਂ ਪੁਕਾਰ ਕਰਦਾ ਹੈ—

ਰੱਬਾ ! ਅਸਾਂ ਜੁੱਸੇ ਆਪੋ ਆਪਣੇ, ਦੋ ਜਿਸਮਾ ਇਕ ਜਾਨ।
ਜੇ ਇਕ ਰਹੇ ਬਿਨ ਯਾਰ ਦੇ, ਤਾਂ ਖਤਾ ਦੋਹਾਂ ਈਮਾਨ।

ਇਸ ਤਰ੍ਹਾਂ ਪੁਕਾਰ ਕਰਨ ਤੇ ਸੱਸੀ ਦੀ ਕਬਰ ਪਾਟ ਜਾਂਦੀ ਹੈ ਤੇ ਪੁੰਨੂੰ ਵਿਚ ਡਿੱਗ ਕੇ ਮਰ ਜਾਂਦਾ ਹੈ, ਕਿਹਾ ਅਜਬ ਦ੍ਰਿਸ਼ ਪੇਸ਼ ਕੀਤਾ ਹੈ। ਬੋਲੀ ਸਾਦੀ ਤੇ ਮੁਹਾਵਰੇ ਅਨੁਸਾਰ ਹੈ। ਅਲੰਕਾਰ ਸੁਹਣੇ ਵਰਤੇ ਹਨ।

ਮਿਰਜ਼ਾਂ ਸਾਹਿਬਾਂ:-ਹਾਫ਼ਜ਼ ਦੇ ਮਿਰਜ਼ੇ ਸਾਹਿਬਾਂ ਦੇ ਕਿੱਸੇ ਦੀ ਧਾਰਨਾ ਪੀਲੂ ਦੇ ਕਿੱਸੇ ਵਾਲੀ ਹੀ ਹੈ। ਕਈਆਂ ਦਾ ਖ਼ਿਆਲ ਹੈ ਕਿ ਇਸ ਨੇ ਪੀਲੂ ਦਾ ਕਿੱਸਾ ਪੜ੍ਹ ਕੇ ਉਸਨੂੰ ਸੋਧ ਕੇ ਮੁੜ ਆਪਣਾ ਕਿੱਸਾ ਲਿਖਿਆ, ਕਿਉਂਕਿ ਇਸ ਦੇ ਕਿਸੇ ਦੀਆਂ ਬਹੁਤ ਸਾਰੀਆਂ ਸੱਤਰਾਂ ਪੀਲੂ ਦੇ ਕਿੱਸੇ ਦੀਆਂ ਸਤਰਾਂ ਨਾਲ ਮਿਲਦੀਆਂ ਹਨ। ਹਾਫ਼ਜ਼ ਦੇ ਕਿੱਸੇ ਦੀ ਕਹਾਣੀ ਵੀ ਪੀਲੂ ਦੇ ਕਿੱਸੇ ਨਾਲ ਮਿਲਦੀ ਜੁਲਦੀ ਹੈ, ਪਰ ਹਾਫ਼ਜ਼ ਨੇ ਐਨਾਂ ਵਾਧਾ ਕੀਤਾ ਹੈ ਕਿ ਸਾਹਿਬਾਂ ਨੂੰ ਵੀ ਸਿਆਲਾਂ ਤੇ ਚੰਧੜਾਂ ਦੇ ਹਥੋਂ ਮਾਰੀ ਗਈ ਦੱਸਿਆ ਹੈ। ਇਸ ਕਵੀ ਨੇ ਆਪਣੇ ਕਿੱਸੇ ਵਿਚ ਹੋਰ ਵੀ ਕਈ ਖ਼ੂਬੀਆਂ ਦੱਸੀਆਂ ਹਨ ਜਦੋਂ ਸਾਹਿਬਾਂ ਦੇ ਦਿਲ ਵਿਚ ਇਸ਼ਕ ਠਾਠਾਂ ਮਾਰਨ ਲੱਗਾ ਤਾਂ ਉਸ ਸਮੇਂ ਦੀ ਹਾਲਤ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ--



Digitized by Panjab Digital Library | www.panjabdigilib.org

ਇਸ਼ਕ ਆਇਆ ਘਟ ਬੰਨ੍ਹਕੇ, ਪੋਸ਼ ਕਰੇਂਦਾ ਪੋਸ਼।
ਸਾਹਿਬਾਂ ਘੁਟ ਪਿਆਲੀ ਇਸ਼ਕ ਦੀ, ਹੋਸ਼ੋਂ ਹੋਈ ਬਿਹੋਸ਼।
ਸਾਹਿਬਾਂ ਦਾ ਖਾਵਣ ਪੀਵਣ ਮੁਕਿਆ, ਪਰ ਬ੍ਰਿਹੋਂ ਦਾ ਜੋਸ਼।
ਜਾਂ ਅੱਤਨ ਦਰਸ਼ਨ ਨੱਵੀਆਂ, ਤਾਂ ਕੱਫਣ ਜੋਸ਼ ਖ਼ਰੋਸ਼।

ਕਿਹਾ ਅਨੋਖਾ ਦ੍ਰਿਸ਼ ਹੈ ਕਿ ਇਸ਼ਕ ਠਾਠਾਂ ਮਾਰਦਾ ਆਉਂਦਾ ਹੈ ਕਿ ਲੋਕੋ ਅਗੋਂ ਹਟ ਜਾਓ। ਇਸੇ ਤਰ੍ਹਾਂ ਕਵੀ ਸਾਹਿਬਾਂ ਦੇ ਹੁਸਨ ਤੇ ਕੱਪੜਿਆਂ ਦਾ ਬਿਆਨ ਇਸ ਤਰ੍ਹਾਂ ਕਰਦਾ ਹੈ। ਕਹੀਆਂ ਸੋਹਣੀਆਂ ਤਸ਼ੀਬਹਾਂ ਦਿਤੀਆਂ ਹਨ--

ਸਾਹਿਬਾਂ ਰੰਗ ਮਜੀਠ ਦਾ, ਜਿਉਂ ਜਿਉਂ ਧਰਤ ਰਗੀਨ।
ਉਹਦੀ ਜੁੱਤੀ ਦੇ ਦੋ ਵਾਲੀਆਂ, ਦੋ ਬਤਖ਼ਾਂ ਚੋਗ ਚੁਗੀਨ।

ਜੁੱਤੀ ਦੀ ਨੋਕ ਦੀ ਕੁੰਡਲ ਦੀ ਕਹੀ ਸੁਹਣੀ ਉਪਮਾਂ ਹੈ। ਹੁਣ ਉਹਦੇ ਅੰਗਾਂ ਦੀ ਸੁੰਦਰਤਾ ਇਸ ਤਰ੍ਹਾਂ ਦਸਦੇ ਹਨ:—

ਉਹਦਾ ਸਰੂ ਕਦ ਸਕੀਮ ਤਨ, ਵਿਚ ਤੁੱਕਲ ਵੱਟ ਪਵੰਨ।
ਕਹੇ ਨੱਕ ਕੁੰਙੀ ਦਾ ਪੀਪਲਾ, ਜ਼ੁਲਫਾਂ ਨਾਗ ਪਲਮੰਨ।
ਉਹਦੀਆਂ ਸੁਰਖ ਲਬਾਂ ਦੰਦ ਉੱਜਲੇ ਜਿਉਂ ਮੋਤੀ ਲਾਲ ਭਖੰਨ।
ਜਾਂ ਗੱਲ ਕਰੇਂਦੀ ਹਸ ਕੇ, ਤਾਂ ਮੁਖੋਂ ਫੁੱਲ ਝੜੰਨ।
ਉਹਦੇ ਤ੍ਰਿਖੇ ਨੈਨ ਕਟਾਰੀਆਂ, ਦੁਸਰ ਘਾਉ ਕਰੰਨ।
ਜਿਉਂ ਤੇਜ਼ੀ ਸੂਰਜ ਸਾਹਮਣੇ ਲਾਟਾਂ ਨੈਨ ਮਚੰਨ।
ਉਹਦੇ ਪੱਟ ਚੰਦਨ ਦੀਆਂ ਗੇਲੀਆਂ, ਚੰਗੇ ਮੁਸ਼ਕ ਛੜੰਨ।
ਉਸ ਦੀ ਧੁੰਨੀ ਤੁੰਗ ਸ਼ਰਾਬ ਦੀ, ਆਬਕ ਘੁੱਟ ਪੀਵੰਨ।

ਕਿਹਾ ਅਨੋਖਾ ਬਿਆਨ ਹੈ। ਇਸ ਦੀ ਰਚਨਾ ਵਿਚ ਜਜ਼ਬਾਤ ਬਹੁਤ ਹਨ, ਖਿਆਲ ਵੀ ਸੁਹਣੇ ਹਨ। ਇਸ ਉਤੇ ਫਾਰਸੀ ਤੇ ਅਰਬੀ ਦੀ ਕਵਿਤਾ ਦਾ ਬੜਾ ਅਸਰ ਪਰਤੀਤ ਹੁੰਦਾ ਹੈ।



Digitized by Panjab Digital Library | www.panjabdigilib.org

# ਸੂਫੀ ਕਵੀ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਬਾਬਾ ਫਰੀਦ ਸ਼ਕਰ ਗੰਜ, ਉਨ੍ਹਾਂ ਦੇ ਸਮਕਾਲੀ ਤੇ ਉਨ੍ਹਾਂ ਦੇ ਮਗਰਲੇ ਅਨੇਕਾਂ ਸੂਫ਼ੀ ਫਕੀਰ ਹੋਏ ਹਨ, ਜਿਨ੍ਹਾਂ ਨੇ ਮੁਰਦਸ਼ੀ ਪ੍ਰੇਮ ਵਿਚ ਬਹੁਤ ਸਾਰਾ ਸੂਫ਼ੀ ਕਾਵਿ ਉਚਾਰਿਆ। ਨਾਨਕ ਕਾਲ ਜਾਂ ਮੁਗਲ ਕਾਲ ਵਿਚ ਕਈ ਸੂਫੀ ਕਵੀ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਵਿਚ ਕਾਫੀਆਂ ਤੇ ਹੋਰ ਕਈ ਤਰ੍ਹਾਂ ਦੇ ਛੰਦ ਉਚਾਰੇ। ਇਨ੍ਹਾਂ ਕਵੀਆਂ ਵਿਚੋਂ ਕੁਝ ਕੁ ਕਵੀਆਂ ਦਾ ਹਾਲ ਹੇਠਾਂ ਦਿੱਤਾ ਜਾਂਦਾ ਹੈ।

## ਸ਼ਾਹ ਹੁਸੈਨ ਲਾਹੌਰੀ

(੧੫੩੮ ਤੋਂ ੧੫੯੯)

ਸ਼ਾਹ ਹੁਸੈਨ ਲਾਹੌਰ ਦਾ ਰਹਿਣ ਵਾਲਾ ਸੀ ਅਤੇ ਮਸ਼ਹੂਰ ਸੂਫ਼ੀ ਫ਼ਕੀਰ ਸੀ, ਜਿਸ ਨੂੰ ਢੱਟਾ ਹੁਸੈਨ ਜਾਂ ਮਾਧੋ ਲਾਲ ਹੁਸੈਨ ਵੀ ਕਿਹਾ ਜਾਂਦਾ ਹੈ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਮਸ਼ਹੂਰ ਕਵੀ ਹੋਇਆ ਹੈ। ਜਿਸ ਦਾ ਪਿਤਾ ਉਸਮਾਨ ਜੁਲਾਹਿਆਂ ਦਾ ਕੰਮ ਕਰਦਾ ਸੀ, ਪਰ ਫ਼ਕੀਰਾਂ ਨਾਲ ਮੇਲ ਜੋਲ ਬੜਾ ਸੀ। ਸ਼ਾਹ ਹੁਸੈਨ ਨੇ ਛੋਟੀ ਉਮਰ ਵਿਚ ਹੀ ਕੁਰਾਨ ਸ਼ਰੀਫ ਜ਼ਬਾਨੀ ਯਾਦ ਕਰ ਲਿਆ ਅਤੇ ਦਰਿਆ ਰਾਵੀ ਦੇ ਕੰਢੇ ੨੬ ਵਰ੍ਹੇ ਘੋਰ ਤਪੱਸਿਆ ਕਰਦਾ ਰਿਹਾ। ਆਪਣੇ ਸਮੇਂ ਦਾ ਇਕ ਰੱਬ ਨੂੰ ਪਹੁੰਚਾ ਹੋਇਆ ਤੇ ਕਰਨੀ ਵਾਲਾ ਫ਼ਕੀਰ ਮੰਨਿਆਂ ਜਾਂਦਾ ਸੀ। ਇਸ ਦਾ ਪਿਆਰ 'ਮਾਧੋ ਲਾਲ' ਨਾਂ ਦੇ ਇਕ ਹਿੰਦੂ ਮੁੰਡੇ ਨਾਲ ਹੋ ਗਿਆ, ਜੋ ਇਸ ਦੇ ਪ੍ਰੇਮ ਵਿਚ ਲੀਨ ਹੋ ਕੇ ਮੁਸਲਮਾਨ ਹੋ ਗਿਆ। ਅਜ ਕਲ ਸ਼ਾਲਾ ਮਾਰ ਬਾਗ਼ ਦੇ ਕੋਲ ਬਾਗ਼ਬਾਨ ਪੁਰੇ ਵਿਚ ਇਸ ਦਾ ਮਿਜ਼ਾਰ ਬਣਿਆਂ ਹੋਇਆ ਹੈ ਜਿਥੇ ਵਰ੍ਹੇ ਦੇ ਵਰ੍ਹੇ ਬੜਾ ਭਾਰੀ ਮੇਲਾ ਲਗਦਾ ਹੈ।



Digitized by Panjab Digital Library | www.panjabdigilib.org

ਇਸ ਨੇ ਅਨੇਕਾਂ ਕਾਫ਼ੀਆਂ ਤੇ ਦੋਹੜੇ ਉਚਾਰੇ। ਇਹ ਬੜਾ ਵਿਦਵਾਨ ਸੀ, ਇਸ ਨੇ ਆਮ ਘਰੋਗੀ ਚੀਜ਼ਾਂ ਤੋਂ ਜੀਵਨ ਸਬੰਧੀ ਉੱਚ ਸਿੱਖਿਆ ਦਿਤੀਆਂ ਹਨ। ਇਹ ਇਕ ਨਿਰਾਸ਼ਾਵਾਦੀ ਕਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦੁਨੀਆਂ ਨੂੰ ਨਾਸਵੰਤ ਤੇ ਅਨਹੋਣੀ ਖਿਆਲ ਕਰਦਾ ਹੈ। ਬੁਲ੍ਹੇ ਸ਼ਾਹ ਤੋਂ ਪਹਿਲਾਂ ਇਸ ਨੇ ਹੀ ਰਾਗ ਆਤਮਕ ਕਾਫ਼ੀਆਂ ਲਿਖੀਆਂ ਹਨ। ਇਹ ਆਪਣੀਆਂ ਕਾਫ਼ੀਆਂ ਵਜਦ ਵਿਚ ਆ ਕੇ ਗਾਉਂਦਾ ਸੀ ਤੇ ਸੁਨਣ ਵਾਲੇ ਇਸ ਦੀਆਂ ਕਾਫ਼ੀਆਂ ਸੁਣ ਸੁਣ ਕੇ ਮਸਤ ਹੋ ਜਾਂਦੇ ਸਨ। ਆਪ ਇਸ਼ਕ ਦੇ ਰੰਗ ਵਿਚ ਰੰਗੇ ਹੋਏ ਸਨ ਤੇ ਸ਼ਰ੍ਹਾ ਦੇ ਬੰਧਨਾਂ ਤੋਂ ਆਜ਼ਾਦ ਸਨ। ਇਨ੍ਹਾਂ ਦੀਆਂ ਕਾਫ਼ੀਆਂ ਵਿਚੋਂ ਪ੍ਰੇਮ ਡੁਲ੍ਹ ਡੁਲ੍ਹ ਪੈਂਦਾ ਹੈ। ਆਪ ਲਿਖਦੇ ਹਨ:–

ਮਨ ਅਟਕਿਆ ਬੇ ਪ੍ਰਵਾਹ ਦੇ ਨਾਲ
ਉਸ ਦੀਨ ਦੁਨੀ ਦੇ ਸ਼ਾਹ ਦੇ ਨਾਲ
ਕਾਜ਼ੀ ਮੁੱਲਾਂ ਮੱਤੀਂ ਦੇਂਦੇ, ਖਰੇ ਸਿਆਣੇ ਰਾਹ ਦਸੇਂਦੇ
ਇਸ਼ਕ ਨੂੰ ਕੀ ਲੱਗੇ ਰਾਹ ਦੇ ਨਾਲ
ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤੇ ਕੌਲ ਜ਼ਰੂਰੀ ਜਾਣਾ,
ਮਿੰਨਤਾਂ ਪਈ ਕਰਾਂ ਮਲਾਹ ਦੇ ਨਾਲ।
ਕਹੈ ਹੁਸੈਨ ਫ਼ਕੀਰ ਨਿਮਾਣਾ, ਦੁਨੀਆਛੋੜ ਆਖਰ ਚਲ ਜਾਣਾ,
ਓੜਕ ਕੰਮ ਅਲਾਹ ਦੇ ਨਾਲ।

ਇਨ੍ਹਾਂ ਦੀ ਰਚਨਾ ਦੀ ਬੋਲੀ ਠੇਠ ਪੰਜਾਬੀ ਹੈ। ਬੜੇ ਬੜੇ ਸੁਹਣੇ ਤੇ ਸਾਦੇ ਸ਼ਬਦ ਵਰਤੇ ਹਨ ਅਤੇ ਆਪਣੇ ਮਨੋਭਾਵ ਬੜੀ ਖੂਬੀ ਨਾਲ ਬਿਆਨ ਕੀਤੇ ਹਨ। ਇਸ ਨੇ ਪਿਆਰ ਜਾਂ ਇਸ਼ਕ ਨੂੰ ਬੜੇ ਸੁਹਣੇ ਢੰਗ ਨਾਲ ਪੇਸ਼ ਕੀਤਾ ਹੈ ਕਿ ਆਪਣੇ ਪਿਆਰੇ ਨਾਲ ਐਵੇਂ ਗੱਲ ਹੀ ਕੀਤੀ ਸੀ ਉਹ ਗੱਲ ਮੇਰੇ ਗੱਲ ਪੈ ਗਈ, ਇਸ ਲਈ ਇਹ ਹੁਣ ਤੋੜ ਤਕ ਨਿਭਾਉਣੀ ਚਾਹੀਦੀ ਹੈ। ਕਿਹਾ ਸੁਹਣਾ ਖਿਆਲ ਹੈ:–



Digitized by Panjab Digital Library | www.panjabdigilib.org

ਗੱਲ ਵੇ ਕੀਤੀ ਸਾਡੇ ਖਿਆਲ ਪਈ;
ਗਲ ਪਈ ਵੇ ਨਿਭਾਈ ਲੋੜੀਇ।
ਸ਼ਮਾਂ ਦੇ ਪ੍ਰਵਾਨੇ ਵਾਂਗੂੰ,
ਜਲਦਿਆਂ ਅੰਗ ਨਾ ਮੋੜੀਇ।
ਹਾਥੀ ਇਸ਼ਕ ਮਹਾਵਤ ਰਾਂਝਾ,
ਅੰਕਸ ਦੇ ਦੇ ਹੋੜੀਇ।
ਸ਼ਾਹ ਹੁਸੈਨ ਫ਼ਕੀਰ ਸਾਂਈਂ ਦਾ,
ਲਗੜੀ ਪ੍ਰੀਤ ਨ ਤੋੜੀਇ।

ਸੱਚ ਕਿਹਾ ਹੈ ਕਿ 'ਲਾਈਏ ਤੇ ਤੋੜ ਨਿਭਾਈਏ।' ਨਜ਼ਰਾਂ ਮਿਲੀਆਂ ਦਿਲ ਮਿਲੇ ਤੇ ਪ੍ਰੇਮ ਦੀ ਫਾਹੀ ਪੈ ਗਈ, ਪਰ ਜਿਨ੍ਹਾਂ ਦੀਆਂ ਅੱਖਾਂ ਅਰਸ਼ੀ ਪ੍ਰੀਤਮ ਨਾਲ ਲਗਦੀਆਂ ਹਨ, ਉਹ ਕਿਤੇ ਵੀ ਧੋਖਾ ਨਹੀਂ ਖਾਂਦੇ:–

ਨੀ ਸਈਓ ਅਸੀਂ ਨੈਣਾ ਦੇ ਆਖੇ ਲੱਗੇ।
ਜਿਨ੍ਹਾਂ ਪਾਕ ਨਿਗਾਹਾਂ ਹੋਈਆਂ ਸੋ ਕਹੀਂ ਨ ਜਾਂਦੇ ਠੱਗੇ।
ਕਾਲੇ ਪੱਟ ਨ ਚੜ੍ਹੇ ਸਫੈਦੀ ਕਾਗ ਨ ਥੀਂਦੇ ਬੱਗੇ।
ਸ਼ਾਹ ਹੁਸੈਨ ਸ਼ਹਾਦਤ ਪਾਵਨ ਜੋ ਮਰਨ ਮਿੱਤਰਾਂ ਦੇ ਅੱਗੇ।

ਕਹੇ ਸੁਹਣੇ ਦ੍ਰਿਸ਼ਟਾਂਤ ਹਨ। ਪਤੀ ਦਾ ਪਿਆਰ ਕਿਸ ਖ਼ੂਬੀ ਨਾਲ ਬਿਆਨ ਕਰਦੇ ਹਨ–

ਨੀ ਮਾਏ ਮੈਨੂੰ ਖੇਡਣ ਦੇ, ਖੇਡਣ ਦੇ ਦਿਨ ਚਾਰ,
ਮੇਰਾ ਵਤ ਖੇਡਣ ਦਾ ਕੌਣ ਆਸੀ?
ਇਕ ਕੁਆਰੀ ਬਿਆ ਦਾਜ ਭਲੇਰਾ,
ਥਰ ਥਰ ਕੰਬੇ ਇਹ ਜੀਊ ਮੇਰਾ।
ਸ਼ਹੁ ਗੁਣ ਵੰਤਾ ਬਿਆ ਰੂਪ ਚੰਗੇਰਾ,
ਅੰਗ ਲਾਵੇ ਕਿ ਮੂਲ ਨਾ ਲਾਸੀ।
ਮੇਰਾ ਵਤ ਖੇਡਣ ਦਾ ਕੌਣ ਆਸੀ।



Digitized by Panjab Digital Library | www.panjabdigilib.org

ਇਹ ਜੱਗ ਝੂਠਾ ਦੁਨੀਆ ਫਾਨੀ,
ਐਵੇਂ ਗਈ ਆ ਮੇਰੀ ਅਹਿਲ ਜਵਾਨੀ,
ਗ਼ਫ਼ਲਤ ਦੇ ਵਿਚ ਉਮਰ ਵਿਹਾਣੀ,
ਜੋ ਲਿਖਿਆ ਸੋ ਪਾਸੀ।
ਮਾਏ ! ਮੇਰਾ ਵਤ ਖੇਡਣ ਦਾ ਕਉਣ ਆਸੀ।

ਆਪ ਦੁਨੀਆਂ ਨੂੰ ਕੂੜ ਪਸਾਰਾ ਮੰਨਦੇ ਹਨ ਕਿ ਜਿਸ ਤਰ੍ਹਾਂ ਤ੍ਰੇਲ ਦਾ ਤੁਬਕਾ ਪੱਤੀ ਤੇ ਪਿਆ ਮੋਤੀ ਨਜ਼ਰ ਆਉਂਦਾ ਹੈ, ਇਸੇ ਤਰ੍ਹਾਂ ਇਹ ਸੰਸਾਰ ਵੀ ਇਕ ਛਲਾਵਾ ਹੈ, ਅੰਤ ਮਰ ਕੇ ਰੱਬ ਦੀ ਹਜ਼ੂਰੀ ਵਿਚ ਜਾਣਾ ਹੈ:--

ਪਿਆਰੇ ਲਾਲ ! ਕਿਆ ਭਰਵਾਸਾ ਦਮ ਦਾ।
ਉਡਿਆ ਭੌਰ ਥੀਆ ਪ੍ਰਦੇਸੀ ਪਿੱਛੋਂ ਬੁੱਤ ਨਾਹੀਂ ਕਾਈ ਕੰਮ ਦਾ।
ਬੇੜੀ ਛੋੜ ਚਲਿਆ ਮੋਹਾਣਾ, ਅੱਗੇ ਰਾਹ ਅਗੰਮ ਦਾ।
ਕੂੜੀ ਦੁਨੀਆਂ ਕੂੜ ਪਸਾਰਾ, ਜਿਉਂ ਮੋਤੀ ਸ਼ਬਨਮ ਦਾ।

ਇਸ ਨੇ ਆਮ ਘਰੋਗੀ ਚੀਜ਼ਾਂ ਤੋਂ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਸਿਖਿਆ ਦਿੱਤੀਆਂ ਹਨ। ਕਿਹਾ ਸੁਹਣਾ ਛਾਇਆ ਵਾਦ ਵਰਤਿਆ ਹੈ: -

ਅੱਤਨ ਮੈਂ ਕਿਉਂ ਆਈ ਸਾਂ ਮੇਰੀ ਤੰਦ ਨਾ ਪਈ ਆ ਕਾਏ।
ਆਉਂਦਿਆਂ ਉਠ ਖੇਡਣ ਲੱਗੀ, ਚਰਖਾ ਛੱਡਿਆ ਚਾਏ।
ਕੱਤਣ ਕਾਰਨ ਗੋਹੜੇ ਆਂਦੇ ਗਇਆ ਬਲੇਦਾ ਖਾਏ।
ਹੋਰਨਾਂ ਦੀਆਂ ਅੜੀਆਂ ਅੱਟੀਆਂ, ਨਿਮਾਣੀ ਦੀ ਅੜੀ ਕਪਾਹੇ,

ਇਸ ਦੀਆਂ ਕਾਫ਼ੀਆਂ ਦੀ ਰਚਨਾ ਰਾਗ-ਆਤਮਕ ਹੈ, ਇਨ੍ਹਾਂ ਵਿਚ ਖਿਆਲਾਂ ਦੀ ਸੁਭਾਵਕਤਾ ਤੇ ਸ਼ਬਦਾਂ ਦੀ ਸਰਲਤਾ ਹੈ, ਉਪਮਾਂ ਤੇ ਤਸ਼ਬੀਹਾਂ ਬੜੀਆਂ ਸੁਹਣੀਆਂ ਹਨ। ਨਵੇਂ ਨਵੇਂ ਖਿਆਲ, ਨਵੇਂ ਨਵੇਂ ਅਲੰਕਾਰ ਦਿਲਾਂ ਤੇ ਡੂੰਘਾ ਅਸਰ ਪਾਉਂਦੇ ਹਨ।

— —



Digitized by Panjab Digital Library | www.panjabdigilib.org

# ਸੁਲਤਾਨ ਬਾਹੂ

(੧੬੨੯ ਤੋਂ ੧੬੯੦)

ਇਨ੍ਹਾਂ ਦਾ ਜਨਮ ਸ਼ੋਰ ਕੋਟ ਇਲਾਕਾ ਮੁਲਤਾਨ ਵਿਚ ਹੋਇਆ। ਪਿਤਾ ਦਾ ਨਾਂ ਬਾਜ਼ੇਦ ਖਾਂ ਸੀ। ਆਪ ਜਮਾਂਦਰੂ ਫਕੀਰ ਸਨ ਤੇ ਛੋਟੀ ਉਮਰ ਵਿਚ ਹੀ ਆਪ ਕਵਿਤਾ ਲਿਖਣ ਲਗ ਪਏ ਸਨ। ਆਪ ਦੀ ਰਚਨਾ ਦੀ ਬੋਲੀ ਠੇਠ ਪੰਜਾਬੀ ਹੈ, ਵਿਚ ਵਿਚ ਲਹਿੰਦੀ ਬੋੱਲੀ ਦੇ ਸ਼ਬਦ ਵੀ ਵਰਤੇ ਹਨ। ਆਪ ਹਰ ਵੇਲੇ 'ਅੱਲਾ ਹੂ, ਅੱਲਾ ਹੂ' ਕਰਦੇ ਰਹਿੰਦੇ ਸਨ। ਇਨ੍ਹਾਂ ਨੇ ਫਾਰਸੀ ਵਿਚ ਅਧਿਆਤਮਕ ਗਿਆਨ ਦੀਆਂ ੧੪੦ ਪੁਸਤਕਾਂ ਲਿਖੀਆਂ ਜੋ ਆਤਮ ਖੋਜੀਆਂ ਲਈ ਮਾਰਫ਼ਤ ਦਾ ਖ਼ਜ਼ਾਨਾ ਹਨ। ਪੰਜਾਬੀ ਵਿਚ ਭੀ ਆਪ ਨੇ ਅਨੇਕਾਂ ਬੈਂਤ ਲਿਖੇ; ਜਿਨ੍ਹਾਂ ਵਿਚ ਮੁਰਸ਼ਦ ਦਾ ਪਿਆਰ ਤੇ ਰੱਬੀ ਪਿਆਰ ਦਰਸਾਇਆ ਗਿਆ ਹੈ। ਇਨ੍ਹਾਂ ਦੀ ਰਚਨਾ ਵਿਚ ਕਿਤੇ ਕਿਤੇ ਅਰਬੀ ਤੇ ਫਾਰਸੀ ਦੇ ਸ਼ਬਦ ਵੀ ਵਰਤੇ ਹਨ। ਇਨ੍ਹਾਂ ਦੀ ਹਰ ਤੁਕ ਦੇ ਅੰਤ ਵਿਚ 'ਹੂ' ਆਉਂਦਾ ਹੈ। ਹਿਰਦੇ ਵਿਚ ਅੱਲਾ ਦੇ ਨਾਂ ਦਾ ਵੱਸਣਾ ਮੁਰਸ਼ਦ ਦੀ ਮਿਹਰ ਦਸਦੇ ਹਨ:-

ਅਲਫ ਅੱਲਾ ਚੰਬੇ ਦੀ ਬੂਟੀ (ਮੁਰਸ਼ਦ) ਮਨ ਮੇਰੇ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸਕ ਮਚਾਇਆ, ਜਾਂ ਫੁੱਲਣ ਪੁਰ ਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ ਜੈਂ ਇਹ ਬੂਟੀ ਲਾਈ ਹੂ।

ਆਪ ਦਸਦੇ ਹਨ ਕਿ ਇਹ ਹਿੰਦੂ ਮੁਸਲਮਾਨ ਅਥਵਾ ਪੂਰਬ ਪੱਛਮ ਦੇ ਝਗੜੇ ਸਭ ਇਸ ਦੁਨੀਆ ਦੇ ਲੋਕਾਂ ਦੇ ਹੀ ਬਣਾਏ ਹੋਏ ਹਨ, ਰੱਬ ਦੀ ਦਰਗਾਹ ਵਿਚ ਸਭ ਇਕ ਹਨ। ਇਨ੍ਹਾਂ ਝਗੜਿਆਂ ਵਿਚ ਰੱਬ ਨਹੀਂ ਮਿਲਦਾ, ਅੰਦਰ ਝਾਤੀ ਮਾਰਨ ਨਾਲ ਹੀ ਉਸ ਦੇ ਦਰਸ਼ਨ ਹੁੰਦੇ ਹਨ:-



Digitized by Panjab Digital Library | www.panjabdigilib.org

ਨਾ ਉਥੇ ਕੁਫਰ ਇਸਲਾਮ ਦੀ ਮੰਜ਼ਲ,
ਨਾ ਓਥੇ ਮੌਤ ਹਯਾਤੀ ਹੂ।
ਨ ਓਥੇ ਮਸ਼ਰਕ ਨਾ ਓਥੇ ਮਗ਼ਰਬ,
ਨਾ ਓਥੇ ਦਿਹੁੰ ਤੇ ਰਾਤੀ ਹੂ।
ਸ਼ਾਹ ਰਗ ਤੋਂ ਨਜ਼ਦੀਕ ਸਣੀ ਦਾ,
ਬਾਹੂ ਪਾ ਅੰਦਰੂਨੀ ਝਾਤੀ ਹੂ।

ਆਪ ਦਾ ਖਿਆਲ ਕਿ ਦੁਨੀਆਂ ਵਾਲੇ ਐਵੇਂ ਮੂੰਹੋਂ ਹੀ ਪਾਠ ਕਰਦੇ ਜਾਂ ਕਲਮਾ ਪੜ੍ਹਦੇ ਹਨ, ਪਰ ਸੱਚੇ ਆਸ਼ਕ ਉਸ ਦਾ ਕਲਮਾ ਦਿਲੋਂ ਪੜ੍ਹਦੇ ਹਨ, ਉਹ ਫਜ਼ੂਲ ਗੱਲਾਂ ਨਹੀਂ ਜਾਣਦੇ:—

ਜ਼ਬਾਨੀ ਕਲਮਾ ਹਰ ਕੋਈ ਪੜ੍ਹਦਾ,
ਦਿਲ ਤੋਂ ਪੜ੍ਹਦਾ ਕੋਈ ਹੂ।
ਦਿਲ ਦਾ ਕਲਮਾ ਆਸ਼ਕ ਪੜ੍ਹਦੇ,
ਕੀ ਜਾਨਣ ਯਾਰ ਗਲੋਈ ਹੂ।

ਆਪ ਸੱਚੇ ਸੂਫ਼ੀ ਫ਼ਕੀਰ ਸਨ; ਸ਼ਰ੍ਹਾ ਦੀਆਂ ਬੰਦਸ਼ਾਂ ਤੋਂ ਆਜ਼ਾਦ ਸਨ, ਰੱਬ ਦਾ ਮਿਲਾਪ ਹੀ ਅਸਲ ਜੀਵਨ ਸਮਝਦੇ ਹਨ:—

ਨਾ ਮੈਂ ਹਿੰਦੂ ਨਾ ਮੈਂ ਮੁਸਲਿਮ, ਨਾ ਮੈਂ ਮੁੱਲਾਂ ਕਾਜ਼ੀ ਹੂ।
ਨਾ ਦਿਲ ਦੋਜ਼ਖ ਮੰਗੇ ਮੇਰਾ, ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ।
ਨਾ ਮੈਂ ਤੀਏ ਰੋਜ਼ੇ ਰੱਖੇ ਨਾ ਮੈਂ ਪਾਕ ਨਿਮਾਜ਼ੀ ਹੂ।
ਬਾਝ ਵਿਸਾਲ ਰੱਬ ਦੇ ਬਾਹੂ ਹੋਰ ਝੂਠੀ ਸਭ ਬਾਜ਼ੀ ਹੂ।

ਆਪਣਾ ਆਪ ਬਰਬਾਦ ਕਰਕੇ ਤੇ ਇਸ਼ਕ ਦੇ ਰਾਹ ਪੈ ਕੇ ਹੀ ਪ੍ਰੀਤਮ ਦਾ ਮਿਲਾਪ ਹੁੰਦਾ ਹੈ:—

ਸੋ ਸਾਬਤ ਇਸ਼ਕ ਤਿਨ੍ਹਾਂ ਨੇ ਲੱਧਾ ਜਿਨ੍ਹਾਂ ਤ੍ਰੁੱਟੀ ਚੋੜ ਚਾ ਕੀਤੀ ਹੂ।
ਨਾ ਉਹ ਸੂਫ਼ੀ ਨਾ ਉਹ ਭੰਗੀ ਨਾ ਸਿਜਦਾ ਕਰਨ ਮਸੀਤੀ ਹੂ।
ਖਾਲਸ ਨੀਲ ਪੁਰਾਣੇ ਉਤੇ ਚੜ੍ਹਦਾ ਰੰਗ ਮਜੀਠੀ ਹੂ।
ਕਾਜ਼ੀ ਆਨ ਸ਼ਰ੍ਹਾ ਵਲ ਬਾਹੂ ਕਦੀ ਇਸ਼ਕ ਨਿਮਾਜ਼ ਨ ਕੀਤੀ ਹੂ।



Digitized by Panjab Digital Library | www.panjabdigilib.org

ਕਹੀਆਂ ਸੁਹਣੀਆਂ ਮਿਸਾਲਾਂ ਹਨ, ਨਿਮਰਤਾ ਮਿੱਠਤ' ਪਿਆਰ ਭਰੀਆਂ, ਇਸ਼ਕ ਤੇ ਮਨੁਖਤਾ ਦਾ ਪਿਆਰ ਆਪ ਦੀ ਰਚਨਾਂ ਤੋਂ ਡੁਲ੍ਹ ਡੁਲ੍ਹ ਪੈਂਦਾ ਹੈ।

ਹੋਰ ਸੂਫ਼ੀ ਕਵੀ —ਇਸ ਸਮੇਂ ਵਿਚ ਸ਼ਾਹ ਸ਼ਰਫ, ਹਕੀਮ ਦਰਵੇਸ਼, ਮੌਲਵੀ ਹਬੀਬ ਉਲਾ, ਮੌਲਵੀ ਅਬਦੁੱਲਾ ਅਤੇ ਹੋਰ ਕਈ ਸੂਫ਼ੀ ਕਵੀ ਹੋਏ ਹਨ ਜਿਨ੍ਹਾਂ ਨੇ ਇਸਲਾਮੀ ਢੰਗਣ ਵਿਚ ਬਹੁਤ ਸਾਰਾ ਕਲਾਮ ਉਚਾਰਿਆ। ਪੰਜਾਬੀ ਵਿਚ ਇਨ੍ਹਾਂ ਨੇ ਕਈ ਕਿੱਸੇ ਤੇ ਪੁਸਤਕਾਂ ਰਚੀਆਂ ਜੋ ਮੁਸਲਮਾਨਾਂ ਅਤੇ ਸੂਫ਼ੀਆਂ ਵਿਚ ਮਸ਼ਹੂਰ ਹਨ

## ਭਗਤੀ ਰਸ ਦੇ ਕਵੀ

ਮੁਗਲਈ ਕਾਲ ਇਕ ਅਜਿਹਾ ਸਮਾਂ ਸੀ ਜਦ ਕਿ ਮੁਸਲਮਾਨ ਹਾਕਮ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਈ ਜਾਂਦੇ ਸਨ। ਮੌਲਵੀ ਹਰ ਜਾਇਜ਼ ਤੇ ਨਾਜਾਇਜ਼ ਤ੍ਰੀਕੇ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰਦੇ ਸਨ। ਹਿੰਦੂਆਂ ਦੇ ਦਿਲਾਂ ਵਿਚ ਮੁਸਲਮਾਨਾਂ ਵੱਲੋਂ ਨਫਰਤ ਵਧਦੀ ਜਾਂਦੀ ਸੀ। ਸੂਫੀ ਕਵੀ ਸ ਰੀ ਵਾਲਤਾ ਦਾ ਪਰਚਾਰ ਕਰਦੇ ਸਨ ਤੇ ਹਿੰਦੂਆਂ ਮੁਸਲਮਾਨਾਂ ਨੂੰ ਇਕੋ ਜਿਹਾ ਦੱਸਦੇ ਸਨ। ਸਿੱਖ ਗੁਰੂ ਸਾਹਿਬਾਂ ਨੇ ਸੱਚ ਦਾ ਉਪਦੇਸ਼ ਕੀਤਾ ਤੇ ਲੋਕਾਂ ਨੂੰ ਨਾਮ ਦੇ ਸਿਮਰਨ ਵੱਲ ਪ੍ਰੇਰਿਆ। ਇਸ ਸਮੇਂ ਵਿਚ ਅਨੇਕਾਂ ਹਿੰਦੂ ਸੰਤ ਕਵੀ ਜ਼ਾਂ ਭਗਤ ਕਵੀ ਵੀ ਹੋਏ ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿਚ ਹਿੰਦੂ ਮੱਤ ਦੇ ਸਿਧਾਤਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਭਗਤਾਂ ਵਿਚੋਂ ਕੁਝ ਕੁ ਭਗਤਾਂ ਦੀ ਰਚਨਾ ਸਬੰਧੀ ਵਿਚਾਰ ਕਰਦੇ ਹਾਂ।



Digitized by Panjab Digital Library | www.panjabdigilib.org

# ਕਾਹਨਾ ਭਗਤ

ਕਾਹਨਾ ਭਗਤ ਜੀ ਲਾਹੌਰ ਦੇ ਰਹਿਣ ਵਾਲੇ ਸਨ ਆਪ ਜ਼ਹਾਂਗੀਰ ਦੇ ਸਮੇਂ ਹੋਏ ਹਨ। ਆਪ ਦੇ ਖਿਆਲ ਸੂਫੀ ਕਵੀਆਂ ਵਰਗੇ ਹਨ। ਉਸ ਸਮੇਂ ਦੇ ਹਿੰਦੂਆਂ ਵਿਚ ਆਪ ਦੀ ਬੜੀ ਪਰ-ਸਿਧਤਾ ਸੀ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਤਾਂ ਆਪ ਵੀ ਸਤਿਗੁਰ ਦੀ ਹਜੂਰੀ ਵਿਚ ਆਏ ਤੇ ਬੇਨਤੀ ਕੀਤੀ ਕਿ ਮੇਰੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਜਾਵੇ। ਸਤਿਗੁਰੂ ਜੀ ਨੇ ਬਾਣੀ ਸੁਣਾਨ ਲਈ ਕਿਹਾ, ਤਾਂ ਇਨ੍ਹਾਂ ਨੇ ਇਹ ਤੁਕ ਉਚਾਰੀ: -

ਮੈਂ ਓਹੀ ਰੇ ਮੈਂ ਓਹੀ ਰੇ।
ਜਾਂ ਕਉ ਸੁਰ ਨਰ ਮੁਨਜਨ ਖੋਜਤ ਭੇਦ ਨ ਪਾਵਤ ਕੋਈ ਰੇ।

ਖਿਆਲ ਵੇਦਾਂਤੀ ਸਨ ਪਰ ਅਮਲੀ ਜੀਵਨ ਨਾ ਹੋਣ ਕਰਕੇ ਸਤਿਗੁਰੂ ਜੀ ਨੇ ਫੁਰਮਾਇਆ, ਮਹਾਰਾਜ! ਜੇ ਤੁਸੀਂ ਉਹੋ ਹੀ ਹੋ ਤਾਂ ਫੇਰ ਤੁਹਾਨੂੰ ਕੋਈ ਖਾਹਸ਼ ਨਹੀਂ ਹੋਣੀ ਚਾਹੀਦੀ, ਅਤੇ ਜੇ ਤੁਸੀਂ ਉਹ ਨਹੀਂ ਤਾਂ ਇਹ ਬਾਣੀ ਕੱਚੀ ਹੈ।' ਸੋ ਇਹ ਬਾਣੀ ਨਾ ਚੜ੍ਹਾਈ ਗਈ।

ਇਨ੍ਹਾਂ ਦੀ ਪੰਜਾਬੀ ਰਚਨਾ ਬੜੀ ਉਚੀ ਹੈ, ਖਿਆਲ ਪ੍ਰੇਮ ਤੇ ਇਸ਼ਕ ਦੇ ਰੰਗ ਵਿਚ ਰੰਗੇ ਹੋਏ ਫ਼ਕੀਰਾਨਾਂ ਹਨ। ਬੋਲੀ ਠੇਠ ਪੰਜਾਬੀ ਹੈ, ਅਲੰਕਾਰ ਸੁਹਣੇ ਵਰਤੇ ਹਨ, ਦਿਲ ਦੀ ਵੇਦਨ ਬਿਆਨ ਕਰਨ ਲੱਗਿਆਂ ਕਮਾਲ ਕਰ ਦਿੱਤੀ ਹੈ:-

ਅਉਝੜ ਪੰਥ ਪ੍ਰੇਮ ਦੇ ਪੈਂਡੇ, ਮੈਂ ਇਕ ਇਕੱਲੜੀ ਮੁੱਠੀ।
ਗੁੱਝੀ ਸਾਂਗ ਲੱਗੀ ਤਨ ਮੇਰੇ, ਕਰਕ ਕਲੇਜੇ ਨੂੰ ਉੱਠੀ।
ਜੇ ਸੌ ਆਖੇ ਮੁੜਸਾਂ ਨਾਹੀਂ ਜੇ ਕਰ ਲਾਹੇ ਖੱਲ ਅਪੁੱਠੀ।
ਕਾਹਨਾਂ ਕਹੇ ਮੈਂ ਥਲ ਚੜ੍ਹ ਕੂਕਾਂ, ਮੈਂ ਇਸ਼ਕ ਪੁੰਨੂੰ ਦੇ ਲੁੱਠੀ।



Digitized by Panjab Digital Library | www.panjabdigilib.org

ਉਹ ਪਿਆਰ ਦਾ ਨਕਸ਼ਾ ਕਹੇ ਸੁਹਣੇ ਢੰਗ ਨਾਲ ਖਿੱਚਿਆ ਹੈ।

## ਵਲੀ ਰਾਮ

ਇਹ ਸ਼ਾਹਜਹਾਨ ਦੇ ਸਮੇਂ ਹੋਇਆ ਹੈ। ਇਸ ਨੇ ਵਖ ਵਖ ਰਾਗਾਂ ਵਿਚ ਕੁਝ ਕਾਫੀਆਂ ਉਚਾਰੀਆਂ ਹਨ। ਇਨ੍ਹਾਂ ਕਾਫੀਆਂ ਵਿਚ ਇਸ਼ਕ, ਪ੍ਰੇਮ, ਰੱਬੀ ਰੰਗਣ ਤੇ ਅੰਤਰ ਕੀ ਪੀਰ ਦੇ ਸੁਹਣੇ ਝਲਕਾਰੇ ਪਰਗਟ ਕੀਤੇ ਹਨ:—

ਸੱਜਨ ! ਤੇਰੇ ਵਾਰਨੇ ਜਾਈਂ।
ਸੱਜਨ ! ਤੈਨੂੰ ਕਿਆ ਸਾਲਾਹੀਂ।
ਮੈਂ ਤੇ ਸੱਜਣ ਇਕੋ ਨੀ ਗੱਲਾਂ, ਦਿਲ ਦੇ ਹੱਥ ਸੁਨੇਹੇ ਘੱਲਾਂ,
ਤੈਥੋਂ ਘੋਲ ਘੁਮਾਈਂ।
ਮੈਂ ਤੇ ਸੱਜਨ ਨਿਹੁੰ ਘਨੇਰਾ, ਲੂੰ ਲੂੰ ਅੰਦਰ ਜਿਸਦਾ ਡੇਰਾ,
ਜੀਵਾਂ ਮੈਂ ਉਹਨੀਂ ਉਮਾਹੀਂ।
ਵਲੀ ਰਾਮ ਦਾ ਨਿਹੁੰ ਅਵੇਹਾ, ਮੈਂ ਨਾਲ ਮਿਲਿਆ ਸੋ ਮੈਂ ਜੇਹਾ,
ਗਲ ਆਖਣ ਦੀ ਨਾਹੀਂ।

ਏਕਤਾ ਦਾ ਸੁਹਣਾ ਨਮੂਨਾ ਹੈ, ਦਵੈਤ ਨੂੰ ਗਵਾ ਕੇ ਆਪਣੇ ਪ੍ਰੀਤਮ ਨਾਲ ਇਕ ਮਿਕ ਹੁੰਦੇ ਹਨ। ਇਸ ਦੀ ਬੋਲੀ ਠੇਠ ਪੰਜਾਬੀ ਹੈ, ਦਿਲ ਅੰਦਰ ਇਸ਼ਕ ਹੈ, ਜੋ ਲੁਕਾਉਣਾ ਚਾਹੁੰਦੇ ਹਨ, ਪਰ ਲੁਕਦਾ ਨਹੀਂ। ਇਸ ਖਿਆਲ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ। ਕਿਹਾ ਸੁਹਣਾ ਦ੍ਰਿਸ਼ਟਾਂਤ ਵਰਤਿਆ ਹੈ:—

ਅਣੀ, ਹਾਲ ਛਪਦਾ ਭੀ ਨਾਹੀਂ
ਕਿਚਰਕ ਆਪ ਛੁਪਾਹੀਂ।
ਸਿੱਕਣ ਛੱਪੇ ਕਿ ਤੱਪਣ ਛੱਪੇ.
ਹੰਝੂ ਛੱਪਣ ਕਿ ਆਹੀਂ।
ਇਸ਼ਕ ਮਤੇ ਦੀਆਂ ਛੱਪਣ ਨਾ ਚਾਲਾਂ



Digitized by Panjab Digital Library | www.panjabdigilib.org

ਰੂੰ ਨਾ ਛਪਦੀ ਭਾਹੀਂ।
ਵਲੀ ਰਾਮ ਦੀ ਪ੍ਰੀਤ ਆਵੇਹੀ,
ਜੈ ਕੂ ਲੱਗਸੁ ਜਾਣਸੁ ਤਾਂਹੀਂ।

ਅੱਖਾਂ ਬਾਬਤ ਆਪ ਲਿਖਦੇ ਹਨ:—

ਅੱਖੀਆਂ ਨੂੰ ਬਾਣ ਪਈਆ ਨੇ ਰੋਵਣ ਦੀ।
ਆਹੀਂ ਕੱਢਣ ਤੇ ਨੀਰ ਪਲੱਟਣ, ਹੰਝੂ ਮੁਹਿੰ ਧੋਵਣ ਦੀ।
ਨੇਹੁੰ ਲਗਾਵਣ ਤੇ ਹਾਲ ਵੰਜਾਵਣ ਸੁਗੰਦ ਖਾਵਣ ਰੋਵਣ ਦੀ।
ਵਲੀ ਰਾਮ ਦੀ ਪ੍ਰੀਤ ਅਨੋਖੀ ਵਲੀ ਰਾਮ ਹੀ ਹੋਵਣ ਦੀ।

ਡਾ: ਮੋਹਣ ਸਿੰਘ ਜੀ ਦੀਵਾਨਾ ਨੇ ਵਲੀ ਰਾਮ ਦੀ ਬਹੁਤ ਸਾਰੀ ਰਚਨਾ ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ ਵਿਚ ਦਿੱਤੀ ਹੈ।

## ਛੱਜੂ ਭਗਤ

ਇਹ ਲਾਹੌਰ ਦੇ ਰਹਿਣ ਵਾਲੇ ਸਨ, ਸਰਾਫ਼ੀ ਦੀ ਦੁਕਾਨ ਕਰਦੇ ਸਨ। ਲਾਹੌਰ ਵਿਚ ਇਨ੍ਹਾਂ ਦਾ ਚੁਬਾਰਾ ਮਸ਼ਹੂਰ ਹੈ। ਇਨ੍ਹਾਂ ਨੇ ਵੀ ਜਲ੍ਹਨ ਤੇ ਸੁਥਰੇ ਵਾਂਗ ਸਲੋਕ ਉਚਾਰੇ ਹਨ। ਇਨ੍ਹਾਂ ਦੀ ਬੋਲੀ ਆਮ ਸਾਧਾਂ ਵਰਗੀ ਹੈ। ਜੋਗੀਆਂ ਨੂੰ ਉਪਦੇਸ਼ ਦੇਂਦੇ ਹਨ:—

ਗਾਲੀ ਵਾਤ ਨ ਜੋਗੀਆ ਪੈਰੀ ਜੋਗ ਨ ਪੰਧੁ।
ਛਜੂ ਜਿਥੇ ਅਕਲ ਨ ਅਪੜੇ, ਤਿਥੇ ਪਿਰੀਆ ਦੀ ਸੰਧ।

ਇਸ ਤਰ੍ਹਾਂ ਦੇ ਅਨੇਕਾਂ ਬਚਨ ਪਰਸਿਧ ਹਨ।

ਹੋਰ ਭਗਤ ਕਵੀ—ਇਸ ਸਮੇਂ ਵਿਚ ਸੁੰਦਰ, ਬਾਬਾ ਲਾਲ ਬਾਬਾ ਦਿਆਲ ਦਾਸ, ਪੀਲੂ, ਕੰਕਨ, ਚਤਰ ਦਾਸ ਆਦਿਕ ਅਨੇਕਾਂ ਮਹਾਤਮਾ ਅਥਵਾਂ ਭਗਤ ਕਵੀ ਹੋਏ ਹਨ ਜਿਨ੍ਹਾਂ ਨੇ ਭਗਤੀ ਰੰਗ ਦੀ ਕਵਿਤਾ ਲਿਖੀ। ਇਕ ਪਾਸੇ ਇਨ੍ਹਾਂ ਭਗਤਾਂ ਦੀ ਰਚਨਾ ਉਤੇ ਹਿੰਦੂ ਮੱਤ, ਸ੍ਰੀ ਕ੍ਰਿਸ਼ਨ ਲੀਲ੍ਹਾ ਰਹਸਜ ਅਤੇ ਉਪਨਿਸ਼ਦਾਂ ਦਾ ਅਸਰ ਸੀ ਤੇ ਦੂਜੇ ਪਾਸੇ ਸੂਫ਼ੀ ਖਿਆਲਾਂ ਦਾ। ਇਨ੍ਹਾਂ ਦੀਆਂ ਰਚਨਾਵਾਂ ਨੇ ਹਿੰਦੂ ਕਵੀਆਂ ਦੇ ਦਿਲਾਂ ਉਤੇ ਬੜਾ ਡੂੰਘਾ ਅਸਰ ਕੀਤਾ ਹੈ।



Digitized by Panjab Digital Library | www.panjabdigilib.org

# ਹਾਸ ਰਸ ਦੇ ਕਵੀ

## ਸੁਥਰਾ ਸ਼ਾਹ

ਸੁਥਰਾ ਸ਼ਾਹ ਦਾ ਜਨਮ ਬਾਰਾਂ ਮੂਲਾ ਕਸ਼ਮੀਰ ਦੇ ਨੇੜੇ ਕਿਸੇ ਪਿੰਡ ਵਿਚ ਹੋਇਆ ਸੀ। ਕਹਿੰਦੇ ਹਨ ਕਿ ਇਸ ਦੇ ਜੰਮਦੇ ਦੇ ਹੀ ਦੰਦ ਉੱਗੇ ਹੋਏ ਸਨ, ਜਿਸ ਕਰ ਕੇ ਇਸ ਦੇ ਮਾਪਿਆਂ ਨੇ ਇਹਨੂੰ ਪਿੰਡੋਂ ਬਾਹਰ ਸੁੱਟ ਦਿੱਤਾ ਸੀ ਤੇ ਸੰਨ ੧੬੭੨ ਵਿਚ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਗਏ ਸਨ, ਇਸ ਨੂੰ ਇਕ ਪਹਾੜੀ ਦੀ ਘਾਟੀ ਕੋਲ ਪਿਆ ਵੇਖ ਕੇ ਚੁੱਕ ਲਿਆਏ ਸਨ। ਵੱਡਾ ਹੋ ਕੇ ਇਹ ਬੜਾ ਹਾਜ਼ਰ ਜਵਾਬ ਤੇ ਹਸ-ਮੁਖ ਮਖੌਲੀਆ ਹੋਇਆ। ਇਹ ਲੋਕਾਂ ਦੀਆਂ ਕੁਰੀਤੀਆਂ ਵੇਖ ਕੇ ਇਹੋ ਜਹੀਆਂ ਗੱਲਾਂ ਕਰਦਾ ਸੀ ਕਿ ਨਾਲੇ ਉਸ ਕੁਰੀਤੀ ਦਾ ਸੁਧਾਰ ਹੋ ਜਾਂਦਾ ਤੇ ਨਾਲੇ ਉਹ ਗੱਲ ਹਾਸੇ ਵਿਚ ਪੈ ਜਾਂਦੀ। ਇਸ ਦੀਆਂ ਰਾਹ-ਰਸ ਭਰਪੂਰ ਅਨੇਕਾਂ ਸਾਖੀਆਂ ਪ੍ਰਸਿੱਧ ਹਨ। ਇਸ ਨੇ ਭਾਵੇਂ ਬਹੁਤੀ ਕਵਿਤਾ ਨਹੀਂ ਉਚਾਰੀ, ਪਰ ਤਦ ਵੀ ਜਿੰਨੀ ਉਚਾਰੀ ਬੜੀ ਹਾਸ-ਰਸ ਭਰਪੂਰ ਹੈ। ਸੁਥਰਿਆਂ ਦੇ ਪੰਥ ਦਾ ਇਹ ਸੰਚਾਲਕ ਮੰਨਿਆਂ ਜਾਂਦਾ ਹੈ। ਇਹ ਕਵੀ ਵਿਆਹ ਤੇ ਗ੍ਰਹਿਸਤ ਬਾਬਤ ਇਸ ਤਰ੍ਹਾਂ ਲਿਖਦਾ ਹੈ :--

ਘਰ ਦੀ ਧਾੜ ਵਧਾਈਆ ਤੇ ਨਾਉਂ ਰਖਾਇਆ ਜੰਞ।
ਜਿਉਂ ਜਿਉਂ ਝੁੱਗਾ ਉੱਜੜੇ, ਤਿਉਂ ਤਿਉਂ ਕਹੀਏ ਧੰਨ।
ਆਈ ਰੰਨ ਤੇ ਹੋਏ ਕੰਨ, ਲੋਕਾਂ ਆਖਿਆ ਅੱਡਿਆ ਘਰ।
ਘਰ ਲੁਟਾ ਕੇ ਸੁਥਰਿਆ, ਹੋਇਆ ਵੰਨੀ ਸੰਦਾ ਵਰ।
ਜਿਉਂ ਜਿਉਂ ਕੁਟੰਬ ਦੀਆਂ ਲੱਗਣ ਲੀਕਾਂ।
ਦੇ ਦੇ ਰੋਵੇ ਉਚੀਆਂ ਡੀਕਾਂ।
ਧੀਆਂ ਧਾੜ ਤੇ ਪੁੱਤਰ ਫਾਹ ਰੰਨ ਦੁਖਾਂ ਦਾ ਖੂਹ।
ਇਸ ਘਾਣੀ ਚੋਂ ਸੁਥਰਿਆ ਕੋਈ ਹਰ ਜਨ ਕੱਢੇ ਧੂਹ।



Digitized by Panjab Digital Library | www.panjabdigilib.org

ਇਹ ਦੀ ਬਹੁਤ ਸਾਰੀ ਰਚਨਾ ਪੌੜੀਆਂ ਵਿਚ ਉਚਾਰੀ ਹੋਈ ਹੈ, ਮਲੂਮ ਹੁੰਦਾ ਹੈ ਕਿ ਇਸ ਦੀ ਰਚਨਾ ਉਤੇ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਬੜਾ ਅਸਰ ਹੈ। ਇਹ ਲਿਖਦਾ ਹੈ:-

ਸੰਤ ਜਨਾ ਦੇ ਰਰਨ ਦਾ, ਇਕ ਕੀਟ ਕਹਾਵਾਂ।
ਹਉਂ ਢਾਡੀ ਪਰਵਰਦਗਾਰ ਦਾ, ਤਿਸ ਦਾ ਜਸ ਗਾਵਾਂ।
ਤੂੰ ਗੁਣੀ ਬਿਅੰਤ ਅਥਾਹ ਜੀ, ਕੀ ਆਖੁ ਸੁਣਾਵਾਂ।
ਏਕੋ ਨਾਮੁ ਧਿਆਵਈਂ ਦੂਜਾ ਨਹੀਂ ਭਾਵਾਂ।
ਸੁਥਰਿਆ ਧਿਆਵਾਂ ਨਾਨਕ ਸ਼ਾਹ ਨੂੰ ਜਹਿ ਮਿਲ ਜਮ ਤ੍ਰਾਸ ਨ ਪਾਵਾਂ।

ਕਈਆਂ ਥਾਵਾਂ ਤੇ ਇਸ ਨੇ ਅਜਿਹੀਆਂ ਨੋਕਾਂ ਟੋਕਾਂ ਕੀਤੀਆਂ ਹਨ ਕਿ ਕਈਆਂ ਦੇ ਦਿਲਾਂ ਨੂੰ ਚੁਭਦੀਆਂ ਹਨ, ਪਰ ਹੈਨ ਸੱਚੀਆਂ। ਇਕ ਥਾਂ ਤੇ ਇਸ ਤਰ੍ਹਾਂ ਲਿਖਦਾ ਹੈ:-

ਨਰਕ ਭੀ ਝੂਠਾ, ਸੁਰਗ ਭੀ ਝੂਠਾ, ਝੂਠੇ ਨੀ ਬੇਦ ਚਾਰੇ।
ਅਗਲੀ ਗੱਲ ਜੇ ਆਖਾਂ ਸੁਥਰਿਆ, ਖਲਲ ਪਵੇ ਸੰਸਾਰੇ।

ਸਚ ਮੁਚ ਹੀ ਇਸ ਦੀ ਰਚਨਾ ਕਿਤੇ ਕਿਤੇ ਅਜਿਹੀ ਹੈ ਕਿ ਖਲਲ ਪੈ ਜਾਣ ਦਾ ਡਰ ਹੈ। ਇਕ ਜਟਾਂ ਵਾਲੇ ਬਿਭੂਤ ਧਾਰੀ ਸਾਧ ਨੂੰ ਦੇਖ ਕੇ ਕਹਿੰਦਾ ਹੈ:-

ਲੋਕ ਡਰਾਵਣ ਕਾਰਨੇ ਕੀ ਤੈਂ ਭੇਖ ਬਣਾਇਆ।
ਨਿਰ ਉੱਦਮ ਟੁਕੜਾ ਖਾਵਣਾ, ਬਾਬਾ ਨਾਮ ਸਦਾਇਆ।
ਜਿਉਂ ਜਿਉਂ ਚੜ੍ਹਨ ਸ਼ਰੀਣੀਆਂ ਤਿਉਂ ਤਿਉਂ ਵਧਦਾ ਜਾ।
ਦੇ ਦੁਆਈਂ ਖੁਲ੍ਹੀਆਂ ਅਗਲੀ ਗੱਲ ਨਾ ਕਾ।

ਕਿਹਾ ਮਖੌਲ ਉਡਾਇਆ ਹੈ। ਇਸ ਕਵੀ ਦੇ ਇਸੇ ਤਰ੍ਹਾਂ ਦੇ ਹੋਰ ਅਨੇਕਾਂ ਬਚਨ ਸੁਥਰਿਆਂ ਵਿਚ ਪ੍ਰਸਿਧ ਹਨ।

—o—



Digitized by Panjab Digital Library | www.panjabdigilib.org

# ਜੱਲਣ

ਇਹ ਨੁਸ਼ਹਿਰਾ ਢਾਲਾ ਜ਼ਿਲਾ ਅੰਮ੍ਰਿਤਸਰ (ਅਟਾਰੀ ਦੇ ਪਾਸ) ਦਾ ਰਹਿਣ ਵਾਲਾ ਸੀ। ਜੱਟ ਜ਼ਿਮੀਂਦਾਰ ਸੀ, ਆਪਣੇ ਨਿਰਬਾਹ ਲਈ ਥੋੜੀ ਜਿੰਨੀ ਵਾਹੀ ਕਰ ਛੱਡਦਾ ਸੀ ਤੇ ਰੱਬ ਦਾ ਸਿਮਰਨ ਕਰ ਛੱਡਦਾ ਸੀ। ਅਲਾਕੇ ਵਿਚ ਇਸ ਦੀ ਬੜੀ ਮਾਨਤਾ ਸੀ। ਇਸ ਦੀਆਂ ਅਨੇਕਾਂ ਸਾਖੀਆਂ ਪ੍ਰਸਿੱਧ ਹਨ।

ਇਹ ਇਕ ਸੰਤ ਕਵੀ ਸੀ ਜਿਸ ਦੀ ਰਚਨਾ ਤੋਂ ਸੰਸਾਰ ਦੀ ਨਾਸਮਾਨਤਾ, ਜਪ, ਨਾਮ ਦਾ ਸਿਮਰਣ ਤੇ ਵੈਰਾਗ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸ ਦੇ ਬਚਨ ਸਿੱਧੇ ਸਾਦੇ ਹਨ।

ਇਹ ਲਿਖਦਾ ਹੈ ਕਿ ਉਹ ਲੋਕ ਜੋ ਬਹੁਤੀ ਮਾਲਾ ਫੇਰਦੇ ਹਨ, ਪਰ ਦਿਲ ਵਿਚ ਪ੍ਰੇਮ ਨਹੀਂ ਜੇ ਉਹ ਸਾਰੀ ਉਮਰ ਮਾਲਾ ਫੇਰਦੇ ਰਹਿਣ ਤਾਂ ਉਹ ਵਾਲ ਭਰ ਵੀ ਲਾਭ ਪ੍ਰਾਪਤ ਨਹੀਂ ਕਰ ਸਕਦੇ। ਕਹੀ ਮਿੱਠੀ ਟਕੋਰ ਹੈ:—

ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ,
ਬੁੱਢੇ ਹੋਏ ਤਾਂ ਮਾਲਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।
ਵੱਡਾ ਕਿੱਕਰ ਵੱਢ ਕੇ ਜਪ-ਮਾਲ ਬਣਾਇਆ।
ਉਚੇ ਟਿੱਬੇ ਬਹਿ ਕੇ ਠਾਹ ਠਾਹ ਵਜਾਇਆ।
ਲੋਕਾਂ ਦੀਆਂ ਜਪ ਮਾਲੀਆਂ ਜਲ੍ਹਣ ਦਾ ਜਪ ਮਾਲ।
ਸਾਰੀ ਉਮਰ ਜਪੇਂਦਿਆਂ ਇਕ ਨ ਘੁੱਥਾ ਵਾਲ।

ਕਹਿੰਦੇ ਹਨ ਕਿ ਇਕ ਵਾਰੀ ਆਪ ਝੋਨੇ ਦੀ ਪਨੀਰੀ ਲਾ ਰਹੇ ਸਨ ਕਿ ਕੋਈ ਆਦਮੀ ਇਨ੍ਹਾਂ ਕੋਲ ਆ ਕੇ ਕਹਿਣ ਲਗਾ, 'ਮਹਾਰਾਜ! ਰੱਬ ਦੇ ਪਾਉਣ ਦੀ ਜਾਚ ਦੱਸੋ।' ਤਾਂ ਪਨੀਰੀ ਲਾਉਂ-ਦਿਆਂ ਆਪ ਨੇ ਕਿਹਾ:—



Digitized by Panjab Digital Library | www.panjabdigilib.org

ਜਲ੍ਹਣਾ ਰੱਬ ਦਾ ਕੀ ਪਾਉਣਾ, ਏਧਰੋਂ ਪੁਟਣਾ ਤੇ ਏਧਰ ਲਾਉਣਾ।

ਅਰਥਾਤ ਦਿਲ ਨੂੰ ਦੁਨੀਆਂ ਵੱਲੋਂ ਪੁਟ ਕੇ ਰੱਬ ਵੱਲ ਲਾਇਆ ਜਾਵੇ ਤਾਂ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ। ਜੋ ਕੁਝ ਕਰਦੇ ਸਨ ਉਸ ਤੋਂ ਹੀ ਸਿੱਖਿਆ ਦਿੱਤੀ!

ਇਕ ਵਾਰੀ ਇਕ ਵਿਧਵਾ ਜੱਟੀ ਜਿਸ ਨੇ ਰੇਸ਼ਮੀ ਕੱਪੜੇ ਪਾਏ ਹੋਏ ਸਨ ਤੇ ਬੜੇ ਅਮੀਰ ਘਰ ਦੀ ਮੁਟਿਆਰ ਸੀ, ਜੱਲਣ ਕੋਲ ਆਈ ਤੇ ਬੇਨਤੀ ਕੀਤੀ, "ਮਹਾਰਾਜ! ਕੋਈ ਇਹੋ ਜਹੀ ਜਾਚ ਦੱਸੋ ਕਿ ਮੇਰੀ ਜਵਾਨੀ ਸਤਿ ਧਰਮ ਵਿਚ ਲੰਘ ਜਾਵੇ।" ਉਹਦਾ ਰੰਗ ਢੰਗ ਦੇਖਕੇ ਜੱਲਣ ਨੇ ਕਿਹਾ:—

ਖਾਵੇਂ ਦੁਧ ਤੇ ਮਲਾਈਆਂ, ਸਵੇਂ ਲੇਫ ਤੇ ਤੁਲਾਈਆਂ।
ਪਹਿਨੇਂ ਮਖਮਲ ਤੇ ਪੱਟ, ਉਥੇ ਕੀ ਕਰੇਗਾ ਜੱਲਣ ਜੱਟ।
ਸਾਹਿਬ ਸੰਗ ਲਾਵੇਂ ਪ੍ਰੀਤ, ਦਿਲ ਸੁਧ ਰਖੇਂ ਨੀਤ।
ਅੱਗੇ ਚਰਖਾ ਪਿੱਛੇ ਕੰਧ, ਤੇਰੀ ਬੈਠੀ ਦੀ ਜਾਊ ਗੁ ਲੰਘ।

ਕਿਹਾ ਸੁਹਣਾ ਤੇ ਸੱਚਾ ਉਪਦੇਸ਼ ਹੈ। ਆਪ ਦਸਦੇ ਹਨ ਕਿ ਸਤਿਗੁਰ ਦੀ ਸ਼ਰਨ ਲੈਣ ਨਾਲ ਹੀ ਦਿਲ ਦੀ ਮੈਲ ਧੋਤੀ ਜਾਂਦੀ ਹੈ, ਆਕੜ ਤੇ ਹੰਕਾਰ ਨਾਲ ਨਹੀਂ:—

ਦਾਗ ਦਿਲਾਂ ਦੇ ਬੈਠਾ ਧੋ, ਧੋ ਨ ਜਾਣੇ ਬੈਠਾ ਰੋ।
ਰੋਣ ਧੋਣ ਦਾ ਵੱਲ ਨ ਆਵੀ, ਉਸ ਤੇ ਜਾਹ ਜੋ ਵੱਲ ਸਿਖਾਵੀ।
ਜੇ ਪੜ੍ਹ ਗੁੜ੍ਹ ਕੇ ਆਖੇ 'ਹੂੰ'
ਜੱਲਣ ਆਖੇ ਤੇਰਾ ਫਿੱਟੇ ਮੂੰਹ।

ਸੱਚ ਹੈ ਜੇ ਕੋਈ ਪੜ੍ਹ ਕੇ ਹੰਕਾਰ ਕਰੇ ਤਾਂ ਲੱਖ ਲ੍ਹਾਨਤ ਹੈ। ਇਸ ਕਵੀ ਦੀ ਮਾਨਤਾ ਆਸੇ ਪਾਸੇ ਦੇ ਅਲਾਕੇ ਵਿਚ ਬਹੁਤ ਸੀ, ਪਰ ਇਹ ਬੜਾ ਆਜ਼ਾਦ ਖਿਆਲ ਹੋਣ ਕਰਕੇ ਹਰ ਇਕ ਨੂੰ ਖਰੀਆਂ ਸੁਣਾਉਂਦਾ ਸੀ।



Digitized by Panjab Digital Library | www.panjabdigilib.org

# ਪਿਛਲਾ ਮੁਗ਼ਲਈ ਕਾਲ

[ਸੰਨ ੧੭੦੦ ਤੋਂ ੧੮੦੦ ਈ: ਤਕ]

## ਹਜ਼ਰਤ ਬੁੱਲੇ ਸ਼ਾਹ

(੧੬੮੦ ਤੋਂ ੧੮੫੨)

ਸਾਈਂ ਬੁੱਲ੍ਹੇ ਸ਼ਾਹ ਇੱਕ ਮਸ਼ਹੂਰ ਸੂਫ਼ੀ ਫਕੀਰ ਸਨ। ਇਨ੍ਹਾਂ ਦਾ ਜਨਮ ਸੰਨ ੧੬੮੦ ਈ: ਵਿਚ ਪਿੰਡ ਪਾਂਡੋਕੇ ਜ਼ਿਲਾ ਲਾਹੌਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਮੁਹੰਮਦ ਦਰਵੇਸ਼ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਆਪ ਦਰਵੇਸ਼ਾਂ ਦੇ ਖਾਨਦਾਨ ਵਿਚੋਂ ਸਨ। ਛੋਟੀ ਉਮਰ ਤੋਂ ਹੀ ਰੱਬੀ ਪ੍ਰੇਮ ਵਿਚ ਲੀਨ ਹੋ ਗਏ ਅਤੇ ਇਨ੍ਹਾਂ ਨੇ ਲਾਹੌਰ ਬਾਗ਼ਬਾਨ ਪੁਰੇ ਦੇ ਇਕ ਫਕੀਰ ਹਜ਼ਰਤ ਅਨਾਇਤ ਸ਼ਾਹ ਦੀ ਅਤਾਇਤ ਕਬੂਲ ਕੀਤੀ ਤੇ ਜਿਨ੍ਹਾਂ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ। ਆਪ ਇਸ਼ਕ ਦੇ ਰੰਗ ਵਿਚ ਅੱਗੇ ਹੀ ਰੰਗੇ ਹੋਏ ਸਨ, ਮੁਰਸ਼ਦ ਨੇ ਹੋਰ ਰੰਙਣ ਚਾਹੜੀ, ਆਪ ਵਜਦ ਵਿਚ ਆ ਕੇ ਨੱਚ ਖਲੋਤੇ ਅਤੇ ਇਹ ਕਾਫੀ ਗਾਉਣ ਲੱਗੇ--

ਪਾਇਆ ਹੈ, ਕਿਛ ਪਾਇਆ ਹੈ।
ਮੇਰੇ ਸਤਿਗੁਰ ਅਲਖ ਲਖਾਇਆ ਹੈ।

ਕਾਫੀ ਵਿਚ ਆਪਣਾ ਆਪ ਜ਼ਾਹਰ ਕੀਤਾ, ਹਜ਼ਰਤ ਅਨਾਇਤ ਸ਼ਾਹ ਨਾਰਾਜ਼ ਹੋ ਗਏ। ਆਪ ਮੁਰਸ਼ਦ ਦੇ ਪ੍ਰੇਮ ਵਿਚ ਬਿਹਬਲ ਹੋਏ ਅਤੇ ਕਈ ਤਰ੍ਹਾਂ ਦੀਆਂ ਪ੍ਰੇਮ ਭਰੀਆਂ ਕਾਫ਼ੀਆਂ



Digitized by Panjab Digital Library | www.panjabdigilib.org

ਚਾਰੀਆਂ। ਜਿੱਥੇ ਆਪ ਦੇ ਦਿਲ ਵਿਚ ਮੁਰਸ਼ਦ ਦਾ ਪਿਆਰ ਸੀ, ਓਥੇ ਆਪ ਸ਼ਰ੍ਹਾ ਦੇ ਬੰਧਨਾਂ ਤੋਂ ਵੀ ਆਜ਼ਾਦ ਸਨ। ਇਕ ਕਾਫ਼ ਆਪ ਲਿਖਦੇ ਹਨ:--

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ।
ਜਿਤ ਵੱਲ ਯਾਰ ਉਤੇ ਵੱਲ ਕਾਬ੍ਹਾ ਭਾਵੇਂ ਵੇਖ ਕਿਤਾਬਾਂ ਚਾਰੇ।
ਭੱਠ ਨਿਮਾਜ਼ਾਂ ਚਿੱਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਆਹੀ।
ਬੁਲ੍ਹਾ ਸ਼ਾਹ ਸ਼ਹੁ ਅੰਦਰ ਮਿਲਿਆ, ਭੁੱਲੀ ਫਿਰੇ ਲੁਕਾਈ।

ਜਦੋਂ ਆਪਣਾ ਪਿਆਰਾ ਮਿਲ ਗਿਆ ਫੇਰ ਨਿਮਾਜ਼ਾਂ ਤੇ ਰੋਜ਼ਿਆਂ ਦੀ ਕੀ ਲੋੜ। ਜੋ ਇਸ਼ਕ ਦੇ ਰੰਗ ਵਿਚ ਰੰਗੇ ਹੋਏ ਸਨ ਉਨ੍ਹਾਂ ਨੂੰ ਇਨ੍ਹਾਂ ਬੰਦਸ਼ਾਂ ਨਾਲ ਕੀ? ਸ਼ਰ੍ਹਾ ਦੇ ਅਸੂਲ ਤਾਂ ਓਨ੍ਹਾਂ ਲਈ ਹਨ ਜਿਹੜੇ ਇਸ਼ਕ ਦੇ ਰਾਹ ਨਹੀਂ ਪਏ ਉਹ ਭਾਵੇਂ ਇਨ੍ਹਾਂ ਗੱਲਾਂ ਵਿਚ ਭਟਕਦੇ ਰਹਿਣ, ਆਸ਼ਕ ਤਾਂ ਮਸਤੀ ਵਿਚ ਇਸ ਤਰ੍ਹਾਂ ਗਾਉਂਦਾ ਹੈ:--

ਇਸ਼ਕ ਦੀ ਨਵੀਓਂ ਨਵੀਂ ਬਹਾਰ।
ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੜ ਤਸਬੀਹ ਕਾਸਾ ਸੋਟਾ।
ਆਸ਼ਕ ਕਹਿੰਦਾ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।
ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜਿਊੜਾ ਡਰਿਆ।
ਭੱਜ ੨ ਠਾਕਰ ਦੁਆਰੇ ਵੜਿਆ, ਘਰ ਵਿਚ ਪਾਇਆ ਮਹਿਰਮ ਯਾਰ।
ਇਸ਼ਕ ਦੀ ਨਵੀਓਂ ਨਵੀ ਬਹਾਰ।
ਵੇਦ ਪੁਰਾਣਾ ਪੜ੍ਹ ਪੜ੍ਹ ਥੱਕੇ, ਸਿਜਦੇ ਕਰਦਿਆਂ ਘਸ ਗਏ ਮੱਥੇ।
ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਇਆ ਤਿਨ ਨੂਰ ਅਨਵਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਸਾਂਈਂ ਬੁਲ੍ਹੇ ਸ਼ਾਹ ਦੀਆਂ ਅਨੇਕਾਂ ਕਾਫ਼ੀਆਂ ਮਿਲਦੀਆਂ ਹਨ, 'ਕਾਨੂੰਨਿ ਇਸ਼ਕ' ਨਾਮੀ ਪੁਸਤਕ ਵਿਚ ਇਨ੍ਹਾਂ ਦੀਆਂ ਸੈਂਕੜੇ ਕਾਫ਼ੀਆਂ ਹਨ। ਪ੍ਰੇਮ ਸਿੰਘ ਜ਼ਰਗਰ ਕਸੂਰ ਵਾਲਿਆਂ ਨੇ ਇਨ੍ਹਾਂ ਦਾ ਬਹੁਤ ਸਾਰਾ ਕਲਾਮ ਇਕੱਠਾ ਕਰਕੇ ਇਕ ਕਿੱਸੇ ਦੀ ਸ਼ਕਲ ਵਿਚ



Digitized by Panjab Digital Library | www.panjabdigilib.org

ਛਪਵਾਇਆ ਸੀ। ਜਿਸ ਤੋਂ ਪਤਾ ਲਗਦਾ ਹੈ ਕਿ ਸਾਈਂ ਜੀ ਨੇ ਪੰਜਾਬੀ ਕਵਿਤਾ ਵਿਚ ਕਾਫ਼ੀਆਂ ਤੋਂ ਬਿਨਾਂ ਦੋਹਰੇ, ਸੀਹਰਫ਼ੀਆਂ, ਬਾਰਾਂ ਮਾਂਹ, ਸਤਵਾਰੇ ਅਤੇ ਗੰਢਾਂ ਆਦਿਕ ਛੰਦ ਵੀ ਉਚਾਰੇ। ਕਵਿਤਾ ਬੜੀ ਸਾਦੀ, ਦਿਲ ਤੇ ਅਸਰ ਕਰਨ ਵਾਲੀ, ਪ੍ਰੇਮ ਰੰਗ ਵਿਚ ਰੰਗੀ ਤੇ ਇਸ਼ਕ ਦਾ ਖਜ਼ਾਨਾ ਹੈ। ਹਿੰਦੂ ਸੰਤਾਂ ਤੇ ਮੁਸਲਮਾਨਾਂ ਦੀਆਂ ਮਜਲਸਾਂ ਵਿਚ ਇਨ੍ਹਾਂ ਦੀ ਰਚਨਾ ਆਮ ਪੜ੍ਹੀ ਜਾਂਦੀ ਹੈ। ਇਨ੍ਹਾਂ ਦੀ ਰਚਨਾਂ ਤੋਂ ਇਨ੍ਹਾਂ ਦੇ ਜੀਵਨ ਤੇ ਖਿਆਲਾਂ ਦਾ ਬਹੁਤ ਸਾਰਾ ਪਤਾ ਲੱਗਦਾ ਹੈ। ਇਹ ਆਪਣੀ ਬਾਬਤ ਲਿਖਦੇ ਹਨ:—

ਬੁੱਲ੍ਹੇ ਸ਼ਾਹ ਦਾ ਵੱਸਣ ਕਸੂਰ।
ਜਿੱਥੇ ਲੰਮੀ ਲੰਮੀ ਖਜੂਰ।

ਸੋ ਆਪ ਕਸੂਰ ਜ਼ਿਲਾ ਲਾਹੌਰ ਦੇ ਰਹਿਣ ਵਾਲੇ ਸਨ ਅਤੇ ਏਥੇ ਹੀ ਆਪ ਦਾ ਮਿਜ਼ਾਰ ਬਣਿਆਂ ਹੋਇਆ ਹੈ। ਆਪ ਬੜੇ ਨਿਝੱਕ ਤੇ ਸਾਫ਼ ਗੋ ਸਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਬਤ ਇਸ ਤਰ੍ਹਾਂ ਕਿਹਾ ਹੈ:—

ਨਾ ਕਹੂੰ ਅਬ ਕੀ ਨਾ ਕਹੂੰ ਤਬ ਕੀ,
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।

ਪਤਾ ਲਗਦਾ ਹੈ ਕਿ ਔਰੰਗਜ਼ੇਬ ਦੇ ਸਮੇਂ ਸਾਰਿਆਂ ਨੂੰ ਮੁਸਲਮਾਨ ਕਰੀ ਜਾਂਦੇ ਸਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਧਰਮ ਨੂੰ ਬਚਾਇਆ।

ਬੁਲ੍ਹੇ ਸ਼ਾਹ ਦੀ ਕਵਿਤਾ ਜਿਥੇ ਸਾਦੀ ਤੇ ਆਮ ਜਟਕੀ ਬੋਲੀ ਵਿਚ ਹੈ ਓਥੇ ਇਹ ਰਮਜ਼ਾਂ ਭਰੀ, ਦਿਲ ਵਿੰਨ੍ਹਵੀਂ ਤੇ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ। ਇਕ ਰਾਤ ਪਿਆਰੇ ਦਾ ਮਿਲਾਪ ਹੋਇਆ, ਦਿਲ ਚਾਹੁੰਦਾ ਹੈ ਕਿ ਹੁਣ ਕਦੀ ਵੀ ਨਾ ਦਿਨ ਚੜ੍ਹੇ, ਪਰ ਕਸਬੇ ਦਾ ਘੜਿਆਲੀ ਘੜਿਆਲ ਉਤੇ ਵਾਰੀ ਵਾਰੀ ਸੱਟਾਂ ਮਾਰ ਕੇ ਦੱਸ ਰਿਹਾ ਹੈ ਕਿ ਰਾਤ ਬੀਤਦੀ ਜਾ ਰਹੀ ਹੈ, ਦਿਨ ਚੜ੍ਹਨ ਵਾਲਾ ਹੈ। ਪ੍ਰੀਤਮ ਦੇ ਵਸਲ ਦਾ ਅਨੰਦ ਲੈਣ ਵਾਲਾ ਪ੍ਰੇਮੀ ਖਿਝਕੇ ਆਖਦਾ ਹੈ:—



Digitized by Panjab Digital Library | www.panjabdigilib.org

ਘੜਿਆਲੀ ਦਿਓ ਨਿਕਾਲ ਨੀ, ਅਜ ਪੀ ਘਰ ਆਇਆ ਨਾਲ ਨੀ।
ਘੜੀ ਘੜੀ ਘੜਿਆਲ ਵਜਾਵੇ, ਰਾਤ ਵਸਲ ਦੀ ਪਿਆ ਘਟਾਵੇ,
ਮੇਰੇ ਦਿਲ ਦੀ ਬਾਤ ਜੇ ਪਾਵੇ, ਹੱਥੋਂ ਚਾ ਸੁੱਟੇ ਘੜਿਆਲ,
ਘੜਿਆਲੀ ਦਿਓ ਨਿਕਾਲ।

ਕਹੀ ਸੁਹਣੀ ਸੱਧਰ ਹੈ ਤੇ ਅਤਿ ਦਰਜੇ ਦਾ ਭੋਲਾ ਪਨ ਜ਼ਾਹਰ ਕੀਤਾ ਹੈ ਭਲਾ ਜੇ ਘੜਿਆਲ ਨਾ ਖੜਕੇ ਤੇ ਦਿਨ ਨਹੀਂ ਚੜ੍ਹਨਾ?

ਆਪ ਇਕ ਛਾਇਆਵਾਦੀ ਕਵੀ ਸਨ। ਇਨ੍ਹਾਂ ਨੇ ਘਰ ਦੀਆਂ ਮਾਮੂਲੀ ਚੀਜ਼ਾਂ ਤੋਂ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਉੱਚ ਸਿੱਖਿਆਂ ਦਿੱਤੀਆਂ ਹਨ। ਜਿਹਾ ਕਿ ਚਰਖੇ, ਚੁਲ੍ਹੇ, ਪਟਾਰੀ ਤੇ ਊਰਾ ਆਦਿਕ ਚੀਜ਼ਾਂ ਨੂੰ ਜੀਵਨ ਦਾ ਅੰਗ ਬਣਾ ਕੇ ਸੂਫੀ ਰਮਜ਼ਾਂ ਸੁਹਣੀ ਤਰ੍ਹਾਂ ਜ਼ਾਹਰ ਕੀਤੀਆਂ ਹਨ:-

ਹੱਥੀ ਢਲਕ ਪਈ ਮੇਰੇ ਚਰਖੇ ਦੀ ਮੈਥੋਂ ਕੱਤਿਆ ਮੂਲ ਨਾ ਜਾਵੇ।
ਤੱਕਲੇ ਨੂੰ ਵਲ ਪੈ ਪੈ ਜਾਂਦੇ ਕੌਣ ਲੁਹਾਰ ਲਿਆਵੇ।
ਤੱਕਲੇ ਤੋਂ ਵਲ ਲਾਹ ਲੁਹਾਰਾ ਮੇਂਡਾ ਤੰਦ ਟੁੱਟ ਟੁੱਟ ਜਾਵੇ।
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਹਿੱਕ ਨਾ ਲਾਹਵੇ।
ਛੀਤਾ ਨਹੀਂ ਜੋ ਬੀੜੀ ਬੰਨ੍ਹਾਂ, ਬਾਇੜ ਹੱਥ ਨਾ ਆਵੇ।
ਚਮੜਿਆਂ ਨੂੰ ਚੋਪੜ ਨਾਹੀਂ, ਮੇਰੀ ਮਾਹਲ ਪਈ ਭਰੜਾਵੇ।
ਤੀਲੀ ਨਹੀਂ ਜੋ ਪੂਣੀ ਵੱਟਾਂ, ਪਿਛੋਂ ਵੱਛਾ ਗੋਹੜੇ ਖਾਵੇ।
ਤ੍ਰਿੰਜਣ ਕੱਤਣ ਸਦਣ ਸਈਆਂ, ਬਿਰਹੋਂ ਢੋਲ ਵਜਾਵੇ।
ਮਾਹੀ ਛਿੜ ਗਿਆ ਨਾਲ ਮੱਝੀ ਦੇ, ਹੁਣ ਕੱਤਣ ਕਿਸਨੂੰ ਭਾਵੇ।
ਸੈ ਮਣਾਂ ਦਾ ਕੱਤ ਲਿਆ ਬੁਲ੍ਹਿਆ, ਜੇ ਸ਼ਹੁ ਮੈਨੂੰ ਗਲ ਲਾਵੇ।

ਕਹੀ ਠੇਠ ਤੇ ਪੇਂਡੂ ਬੋਲੀ ਹੈ, ਸਿਖਿਆ ਵੀ ਗੂੜ੍ਹੀ ਹੈ, ਅਖੀਰਲੀ ਸਤਰ ਵਿਚ ਦਸਿਆ ਹੈ ਕਿ ਜੇ ਪਿਆਰਾ ਗਲ ਲਾ ਲਵੇ ਤਾਂ ਮੈਂ ਸਮਝਾਂਗੀ ਕਿ ਮੈਂ ਵੱਧ ਤੋਂ ਵੱਧ ਬੰਦਗੀ ਕਰ ਲਈ ਹੈ। ਕਿਹਾ ਅਨੋਖਾ ਖਿਆਲ ਹੈ। ਬੋਲੀ ਠੇਠ ਮੁਹਾਵਰੇ ਅਨੁਸਾਰ ਤੇ ਅਲੰਕ੍ਰਿਤ ਹੈ।

—o—



Digitized by Panjab Digital Library | www.panjabdigilib.org

# ਅਲੀ ਹੈਦਰ

(੧੬੯੦-੧੭੮੫)

ਅਲੀ ਹੈਦਰ ਦਾ ਜਨਮ ਪਿੰਡ ਕਾਜ਼ੀਆ ਜ਼ਿਲਾ ਮੁਲਤਾਨ ਵਿਚ ਹੋਇਆ। ਆਪ ਗੀਲਾਨੀ ਸੱਯਦ ਸਨ। ਬੜੇ ਵੱਡੇ ਆਲਮ ਤੇ ਸੂਫ਼ੀ ਮਹਾਂਪੁਰਖ ਸਨ। ਇਨ੍ਹਾਂ ਨੇ ਅਰਬੀ ਅਤੇ ਫਾਰਸੀ ਵਿਚ ਬਹੁਤ ਸਾਰੀ ਕਵਿਤਾ ਲਿਖੀ ਅਤੇ ਪੰਜਾਬੀ ਵਿਚ ਵੀ ਅਨੇਕਾਂ ਬੈਂਤ ਤੇ ਸੀਹਰਫ਼ੀਆਂ ਲਿਖੀਆਂ। ਆਪ ਦੀ ਰਚਨਾ ਦੀ ਬੋਲੀ ਮੁਲਤਾਨ ਦੇ ਅਲਾਕੇ ਦੀ ਠੇਠ ਪੰਜਾਬੀ ਹੈ, ਜਿਸ ਵਿੱਚ ਲਹਿੰਦੀ ਪੰਜਾਬੀ ਦੇ ਅਨੇਕਾਂ ਸ਼ਬਦ ਆਉਂਦੇ ਹਨ। ਇਨ੍ਹਾਂ ਨੇ ਪੰਜਾਬੀ ਵਿਚ ਕਈ ਕਿੱਸੇ ਲਿਖੇ ਜਿਨ੍ਹਾਂ ਵਿਚੋਂ ਹੀਰ, ਬਾਰਾਂ ਮਾਹ ਆਦਿ ਬਹੁਤ ਮਸ਼ਹੂਰ ਹਨ। ਕੱਵਾਲ ਤੇ ਸੂਫ਼ੀ ਆਪ ਦੀਆਂ ਕਾਫ਼ੀਆਂ ਬੜੇ ਵਜਦ ਵਿਚ ਆ ਕੇ ਗਾਉਂਦੇ ਹਨ। ਇਨ੍ਹਾਂ ਨੇ ਹੀਰ ਤੇ ਰਾਂਝੇ ਦੇ ਇਸ਼ਕ ਨੂੰ ਰੱਬੀ ਮੰਨ ਕੇ ਆਪਣੇ ਆਪ ਨੂੰ ਹੀਰ ਤੇ ਰੱਬ ਨੂੰ ਰਾਂਝਾ ਜਾਣਿਆਂ ਤੇ ਆਪਣੇ ਪਿਆਰ ਦੇ ਸੁਹਲੇ ਗਾਏ ਇਕ ਥਾਂ ਲਿਖਦੇ ਹਨ:-

ਸੇ ਸਾਬਤ ਸਿਦਕ ਅਸਾਡੜਾਂ ਏ,
ਤੈਂਡੇ ਜੀਊ ਦੀ ਖਬਰ ਨ ਕਾ ਰਾਂਝਾ।
ਮੱਝੀਂ ਛੋੜ ਕੇ ਝੱਲ ਦੇ ਵਿਚ ਸਾਈਆਂ,
ਆਪ ਹੀਰ ਨਿਮਾਣੀ ਥੀ ਆ ਰਾਂਝਾ।
ਛੋੜ ਕੇ ਮੁਰਲੀ ਵਾਹਦਤ ਵਾਲੀ,
ਆ ਗਾਵਨ ਸੁਹਣੇ ਗਾ ਰਾਂਝਾ।
ਅਲੀ ਹੈਦਰ ਬੈਠ ਕੇ ਤਮਾਸ਼ੜਾ ਵੇਖੇ,
ਅਤੇ ਰੁੱਠੜਾ ਯਾਰ ਮਨਾ ਰਾਂਝਾ।

ਖਿਆਲ ਸੁਹਣਾ ਹੈ, ਪਰ ਬੈਂਤ ਵਿਚ ਧਾਰਨਾ ਇਕ ਨਹੀਂ ਰਹੀ, ਕਾਫ਼ੀਏ ਦੀ ਬੰਦਸ਼ ਦਾ ਵੀ ਚੰਗਾ ਖਿਆਲ ਰਖਿਆ ਹੈ।



Digitized by Panjab Digital Library | www.panjabdigilib.org

ਕਈਆਂ ਕਾਫ਼ੀਆਂ ਵਿਚ ਇਸ ਨੇ ਬੜੇ ਬੜੇ ਅਨੋਖੇ ਅਲੰਕਾਰ ਤੇ ਉਪਮਾਵਾਂ ਵਰਤੀਆਂ ਹਨ। ਇਹ ਛਾਇਆ ਵਾਦੀ ਕਵੀ ਹੈ। ਨਾਦਰ ਸ਼ਾਹ ਈਰਾਨ ਤੋਂ ਆਇਆ ਤੇ ਉਸ ਨੇ ਦਿੱਲੀ ਵਿਚ ਆ ਕੇ ਕਤਲਾਮ ਤੇ ਲੁੱਟ ਮਾਰ ਕੀਤੀ। ਇਸ ਦਾ ਮੁਰਸ਼ਦ ਵੀ ਈਰਾਨ ਦੇ ਇਲਾਕੇ ਦਾ ਸੀ, ਜਿਸ ਨੇ ਇਸ ਦੇ ਦਿਲ ਨੂੰ ਆਪਣੀ ਪ੍ਰੇਮ ਫਾਹੀ ਵਿਚ ਫਾਹਿਆ। ਇਸ ਖਿਆਲ ਨੂੰ ਇਸ ਨੇ ਇਸ ਤਰ੍ਹਾਂ ਬਿਆਨ ਕੀਤਾ:--

ਤੇ ਤਲਵਾਰ ਨਿਗਾਹ ਨੈਣਾਂ ਦੀ, ਪਲਕਾਂ ਤੀਰ ਖ਼ਦੰਗ ਦੇ ਨੀ।
ਮੋਰਚੇ ਬੰਨ੍ਹਣ ਪਿਪਣੀਆਂ ਦੇ, ਗ਼ਮਜ਼ੇ ਤੀਰ ਤੁਫੰਗ ਦੇ ਨੀ।
ਇਹ ਈਰਾਨੀ 'ਨਾਦਰ ਜ਼ਾਲਮ' ਕਹਿੰਦੇ ਮੂਲ ਨ ਸੰਗਦੇ ਨੀ।
ਦਿਲ ਦੀ ਦਿੱਲੀ ਲੁੱਟ ਲਈ ਹੈਦਰ, ਹੋਰ ਕੀ ਸਾਥੋਂ ਮੰਗਦੇ ਨੀ।

ਆਪਣੇ ਆਪ ਨੂੰ ਇਕ ਨਿਮਾਣੀ ਬੱਕਰੀ ਅਤੇ ਆਪਣੇ ਮੁਰਸ਼ਦ ਨੂੰ ਆਪਣਾ ਆਜੜੀ ਜਾਣ ਕੇ ਇਸ ਤਰ੍ਹਾਂ ਕਹਿੰਦੇ ਹਨ:–

ਕੈਂਦੜੀ ਬੱਕਰੀ ਘਾ ਘੱਤੇ, ਮੈਂ ਤਾਂ ਤੈ ਡਡੇ ਹਥ ਵਿਕਾਣੀਆਂ।
ਤੂੰ ਮੇਰਾ ਅੱਯਾਲ ਮੈਂ ਤੇਰੀ ਅਯਾਲਣ, ਰੋ ਰੋ ਹਾਵੇ ਪਾਵਣੀਆਂ।
ਵੇਖ ਬਘਿਆੜ ਤੇ ਵਾਗੀਆਂ ਨੂੰ, ਤੂਹਿ ਤੂਹਿ ਤੁਧ ਹੀ ਵਲ ਆਵਣੀਆਂ।
ਛੀ ਛੀ ਕਰੇ ਮੈਨੂੰ ਚੱਜ ਨ ਆਵੇ, ਗਲਿ ਘੁੰਗਰੂ ਮੈਂ ਛਣਕਾਵਣੀਆਂ।
ਉਗਲ ਉਗਲ ਕੇ ਜ਼ਿਕਰ ਤੈਂਡਾ; ਦਿਲ ਅੰਦਰੋਂ ਫਿਰ ਲਿਆਵਣੀਆਂ।
ਈਦ ਹੋਵੇ ਕੁਰਬਾਨੀ ਥੀਵਾਂ, ਤਾਂ ਸੂਹਾ ਵੇਸ ਬਣਾਵਣੀਆਂ।

ਆਪ ਇਸ਼ਕ ਨੂੰ ਇਕ ਅਨੋਖੇ ਰੰਗ ਵਿਚ ਪੇਸ਼ ਕਰਦੇ ਹਨ। ਇਕ ਪਾਸੇ ਲੋਕਾਂ ਦਾ ਡਰ ਅਤੇ ਸ਼ਰਮ ਪਰਤੀਤ ਹੁੰਦੀ ਹੈ ਪਰ ਦਿਲ ਪ੍ਰੇਮ ਦੇ ਤੀਰਾਂ ਨਾਲ ਵਿੰਨ੍ਹਿਆ ਪਿਆ ਹੈ। ਇਸ ਖਿਆਲ ਨੂੰ ਕਿਸ ਅੰਦਾਜ਼ ਨਾਲ ਪਰਗਟ ਕਰਦੇ ਹਨ:–

ਨਾਲੇ ਸ਼ਰਮ ਹਯਾ ਦੀ ਲਾਜ ਰਖੇਂ,
ਨਾਲੇ ਨੈਨ ਨੈਨਾਂ ਸੰਗ ਜੋੜਨੀ ਏਂ।



Digitized by Panjab Digital Library | www.panjabdigilib.org

ਦਿਲ ਚਾਹੁੰਦਾ ਈ ਗਲੇ ਲੱਗਣੇ ਨੂੰ.
ਨਾਲੇ ਘੁੰਡ ਕੱਢੇਂ ਮੁਖ ਮੋੜਨੀ ਏਂ।

ਜਦ ਇਸ਼ਕ ਦੇ ਵਹਿਣ ਵਿਚ ਅੱਖਾਂ ਵਹਿ ਤੁਰਦੀਆਂ ਹਨ ਤਾਂ ਆਪ ਅੱਖਾਂ ਬਾਬਤ ਕਹਿੰਦੇ ਹਨ:–

ਅਖੀਆਂ ਮੇਰੀਆਂ ਬੱਦਲ ਹੋਈਆਂ,
ਹੰਝੂਆਂ ਦਾ ਮੀਂਹ ਬਰਸਦੀਆਂ।
ਕਹੀ ਰੋਣ ਦੀ ਚਾਟ ਪਈਓ ਨੇ,
ਕਦੀ ਨ ਭੈੜੀਆਂ ਹੱਸਦੀਆਂ।
ਵਤ ਕਾਹੇ ਤੋਂ ਰੋਂਦੀਆਂ ਲਾਲ ਹੋਈਆਂ,
ਹੁਣ ਜੀ ਦਾ ਭੇਦ ਨ ਦੱਸਦੀਆਂ।
ਅਲੀ ਹੈਦਰਾ ਪੁੱਛ ਤੂੰ ਅੱਖੀਆਂ ਨੂੰ,
ਹੁਣ ਲਾ ਪ੍ਰੀਤ ਕਿਉਂ ਨੱਸਦੀਆਂ।

ਇਸ ਨੇ ਵੀ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਵਾਂਗਹੀ ਆਮ ਘਰੋਗੀ ਚੀਜ਼ਾਂ ਤੋਂ ਆਤਮਕ ਸਿਖਿਆ ਦਿੱਤੀ ਹੈ। ਅੰਮ੍ਰਿਤ ਵੇਲੇ ਉਠ ਕੇ ਸਿਮਰਨ ਕਰਨਾ ਹੀ ਲਾਭਦਾਇਕ ਹੋ ਸਕਦਾ ਹੈ, ਅਤੇ ਦਿਨ ਚੜ੍ਹੇ ਕੁਝ ਨਹੀਂ ਹੋ ਸਕਦਾ:—

ਉਠ ਸਵਾਣੀ ਤੇ ਘੱਤ ਮਧਾਣੀ,
ਵੇਲਾ ਪਿਛਲੀ ਰਾਤ ਦਾ ਈ।
ਉਤੋਂ ਹੋਈ ਧੰਮੀ ਦਹੀਂ ਨਹੀਂ ਜੰਮੀ,
ਰਿੜਕਣਾ ਬੀ ਕਿਸੇ ਘਾਤ ਦਾ ਈ।
ਜੁੱਟ ਨਾ ਟੁੱਟੇ ਤੇ ਦੁਧ ਨਾ ਵੀਟੇ,
ਵੇਲਾ ਵਕਤ ਬਰਾਤ ਦਾ ਈ।
ਜਿਵੇਂ ਦੁਧ ਥੀਂ ਦਹੀਂ ਤੇ ਮੱਖਣ ਵੇ ਹੈਦਰ,
ਤਿਵੇਂ ਫਰਕਨ ਰਬ ਦੀ ਜਾਤਦਾਈ।

——



Digitized by Panjab Digital Library | www.panjabdigilib.org

# ਮੁਕਬਲ

ਇਹ ਇਕ ਬੜਾ ਮਸ਼ਹੂਰ ਕਵੀ ਹੋਇਆ ਹੈ, ਜਿਸ ਨੇ ਵਾਰਸ ਸ਼ਾਹ ਤੋਂ ਪਹਿਲਾਂ ਬੈਂਤਾਂ ਵਿਚ ਹੀਰ ਦਾ ਕਿੱਸਾ ਲਿਖਿਆ। ਇਸ ਕਵੀ ਨੇ ਆਪਣੇ ਇਕ ਕਿੱਸੇ ਵਿਚ ਆਪਣੇ ਸਮੇਂ ਦੇ ਤੇ ਆਪਣੇ ਨਾਲੋਂ ਪਹਿਲੇ ਕਵੀਆਂ ਦਾ ਜ਼ਿਕਰ ਕੀਤਾ ਹੈ, ਪਰ ਇਸ ਵਿਚ ਵਾਰਸ ਸ਼ਾਹ ਦਾ ਕੋਈ ਜ਼ਿਕਰ ਨਹੀਂ। ਇਸ ਗੱਲ ਤੋਂ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਸੌ ਵਿਸਵੇ ਵਾਰਸ ਸ਼ਾਹ ਤੋਂ ਪਹਿਲਾਂ ਹੀ ਹੋਇਆ ਸੀ।

ਇਸ ਨੇ ਆਪਣੇ ਕਿੱਸੇ ਵਿਚ ਹੀਰ ਦੀ ਕਹਾਣੀ ਉਸੇ ਤਰ੍ਹਾਂ ਦਿੱਤੀ ਹੈ, ਜਿਸ ਤਰ੍ਹਾਂ ਕਿ ਵਾਰਸ ਸ਼ਾਹ ਲਿਖਦਾ ਹੈ, ਪਰ ਇਸ ਦਾ ਕਿੱਸਾ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਉਤੇ ਅਹਿਮਦ ਕਵੀ ਦਾ ਬੜਾ ਅਸਰ ਹੈ। ਅਹਿਮਦ ਦੇ ਖਿਆਲ ਅਤੇ ਉਸ ਦੀ ਕਵਿਤਾ ਦੇ ਬਹੁਤ ਸਾਰੇ ਸ਼ਬਦ ਇਸ ਦੀ ਰਚਨਾ ਵਿਚੋਂ ਮਿਲਦੇ ਹਨ। ਬਿਆਨ ਬੜਾ ਸਾਦਾ ਹੈ ਅਤੇ ਕਈ ਬੈਂਤ ਦਿਲ ਨੂੰ ਖਿਚ ਪਾਉਣ ਵਾਲੇ ਹਨ। ਇਸ ਨੇ ਬਹੁਤ ਸਾਰੀ ਗੱਲ ਥੋੜੇ ਸ਼ਬਦਾਂ ਵਿਚ ਬਿਆਨ ਕੀਤੀ ਹੈ, ਅਲੰਕਾਰ ਤੇ ਹਾਵ ਭਾਵ ਬੜੇ ਸੁਹਣੇ ਹਨ। ਇਸ ਨੇ ਹੀਰ ਦੀ ਸੁੰਦਰਤਾ ਬਿਆਨ ਕਰਨ ਵਿਚ ਬਹੁਤਾ ਜ਼ੋਰ ਦਿੱਤਾ ਹੈ,ਵਾਰਸ ਸ਼ਾਹ ਵਾਂਗ ਪਾਤਰਾਂ ਦਾ ਸੁਭਾ ਉਸਾਰਨ ਦਾ ਯਤਨ ਨਹੀਂ ਕੀਤਾ। ਇਸ ਦੇ ਸਾਰੇ ਕਿੱਸੇ ਵਿਚ ਚਾਰ ਚਾਰ ਤੁਕਾਂ ਦੇ ਬੈਂਤ ਹਨ। ਇਸ ਦਾ ਕਿੱਸਾ ਵਾਰਸ ਸ਼ਾਹ ਦੇ ਕਿੱਸੇ ਦੇ ਮੁਕਾਬਲੇ ਵਿਚ ਬੜਾ ਸਾਦਾ ਮਲੂਮ ਹੁੰਦਾ ਹੈ। ਇੰਵ ਪ੍ਰਤੀਤ ਹੁੰਦਾਹੈ ਕਿ ਵਾਰਸ ਸ਼ਾਹ ਨੇ ਇਸ ਦਾ ਕਿੱਸਾ ਪੜ੍ਹ ਕੇ ਆਪਣਾ ਕਿੱਸਾ ਲਿਖਿਆ ਸੀ।

ਇਹ ਹੀਰ ਦਾ ਸਿਦਕ ਇਸ ਤਰ੍ਹਾਂ ਸਿੱਧੇ ਸਾਦੇ ਸ਼ਬਦਾਂ ਵਿਚ ਬਿਆਨ ਕਰਦਾ ਹੈ ਜਿਸ ਤਰ੍ਹਾਂ ਸੁਤੇ ਸਿਧ ਕਿਸੇ ਦੀ ਜ਼ਬਾਨ ਵਿਚੋਂ ਸ਼ਬਦ ਨਿਕਲਦੇ ਹਨ:—



Digitized by Panjab Digital Library | www.panjabdigilib.org

ਹੀਰ ਆਖਿਆ ਫ਼ਿਕਰ ਨਾ ਕਰੀਂ ਰਾਂਝਾ,
ਤੇਰੀ ਝੂਰਦੀ ਬੁਰੀ ਬਲਾ ਮੀਆਂ।
ਨਹੀਂ ਮੰਗਦੇ ਸੂਲੀਆਂ ਫਾਂਸੀਆਂ ਤੋਂ,
ਕਾਜ਼ੀ ਸ਼ਰ੍ਹਾ ਦੇ ਝਗੜਦੀ ਜਾ ਮੀਆਂ।
ਆਪ ਕੱਟਸਾਂ ਬਣੀ, ਪਰ ਮੂਲ ਤੈਨੂੰ,
ਤੱਤੀ ਲਗਣ ਨਾ ਦੇਵਸਾਂ ਵਾ ਮੀਆਂ।
ਆਈ ਮੁਕਬਲੇ ਦੀ ਅੱਜ ਮਰਾਂਗੀ ਮੈਂ,
ਸ਼ਾਹਦ ਹਾਲ ਦਾ ਆਪ ਖੁਦਾ ਮੀਆਂ।

ਮੁਕਬਲ ਨੇ ਹੀਰ ਤੋਂ ਬਿਨਾਂ ਜੰਗ ਨਾਮਾ ਅਤੇ ਹੋਰ ਵੀ ਕਿੱਸੇ ਲਿਖੇ ਹਨ। ਇਹ ਇਕ ਸੂਫੀ ਕਵੀ ਸੀ, ਇਸ ਦੇ ਫ਼ਕੀਰਾਨਾ ਰੰਗ ਦੇ ਬੈਂਤ, ਅਤੇ ਦੋਹਰੇ ਵੀ ਆਮ ਮਸ਼ਹੂਰ ਹਨ। ਖਿਆਲ ਸਾਦੇ ਹੋਣ ਕਰਕੇ ਇਹ ਵਾਰਸ ਸ਼ਾਹ ਵਾਂਗ ਮਸ਼ਹੂਰ ਨਹੀਂ ਹੋ ਸਕਿਆ।

## ਸੱਯਦ ਵਾਰਸ ਸ਼ਾਹ

(੧੭੩੦ ਤੋਂ ੧੭੯੦)

ਸੱਯਦ ਵਾਰਸ ਸ਼ਾਹ ਦਾ ਨਾਂ ਇਸ ਦੀ ਲਿਖੀ ਹੀਰ ਕਰਕੇ ਪੰਜਾਬੀ ਸਾਹਿਤ ਸੰਸਾਰ ਅੰਦਰ ਸੂਰਜ ਵਾਂਗ ਚਮਕ ਰਿਹਾ ਹੈ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹ ਆਪਣੀ ਇਸ ਸੁਨਿਹਰੀ ਰਚਨਾ ਕਰਕੇ ਪੰਜਾਬੀਆਂ ਦੇ ਦਿਲਾਂ ਉਤੇ ਰਾਜ ਕਰ ਰਿਹਾ ਹੈ। ਉਂਜ ਤਾਂ ਹੀਰ ਤੇ ਰਾਂਝੇ ਦਾ ਕਿੱਸਾ ਲਗ ਪਗ ਪੰਜੀ ਤੀਹ ਕਵੀਆਂ ਨੇ ਵਖ ਵਖ ਤਰ੍ਹਾਂ ਨਾਲ ਅੰਕਤ ਕੀਤਾ ਹੈ, ਜਿਨ੍ਹਾਂ ਵਿਚੋਂ ਦਾਮੋਦਰ ਵਰਗੇ ਵੀ ਕਵੀ ਹਨ ਜੋ ਲਿਖਦੇ ਹਨ ਕਿ "ਉਨ੍ਹਾਂ ਨੇ ਹੀਰ ਤੇ ਰਾਂਝੇ ਦਾ ਜੀਵਨ ਨਾਟਕ ਆਪਣੀ ਅੱਖੀਂ ਵੇਖਿਆ" ਤਦ ਵੀ ਕਿਸੇ ਪੜ੍ਹੇ ਜਾਂ ਅਨਪੜ੍ਹ, ਸ਼ਹਿਰੀ ਜਾਂ ਪੇਂਡੂ ਕੋਲੋਂ ਪੁਛੋ ਕਿ ਹੀਰ ਦਾ ਕਿੱਸਾ ਕਿਸ ਨੇ ਲਿਖਿਆ ਹੈ, ਸਾਰੇ ਸਭ ਤੋਂ ਪਹਿਲਾਂ ਸੱਯਦ ਵਾਰਸ ਸ਼ਾਹ ਦਾ ਨਾਂ ਹੀ ਲੈਣਗੇ।



Digitized by Panjab Digital Library | www.panjabdigilib.org

ਇਹ ਵਾਰਸ ਸ਼ਾਹ ਕੌਣ ਸੀ ਜਾਂ ਇਸ ਦਾ ਜੀਵਨ ਕੀ ਸੀ ਅਜ ਤਕ ਕੋਈ ਠੀਕ ਤਰ੍ਹਾਂ ਨਹੀਂ ਆਖ ਸਕਦਾ, ਵੱਖ ਵੱਖ ਵਿਦ-ਵਾਨਾਂ ਦੀਆਂ ਵਖ ਵਖ ਰਾਵਾਂ ਹਨ। ਜੋ ਕੁਝ ਇਸ ਦੇ ਕਿੱਸੇ ਤੋਂ ਅਨੁਮਾਨ ਲਾਇਆ ਜਾ ਸਕਿਆ ਹੈ ਉਹ ਇਸ ਤਰ੍ਹਾਂ ਹੈ ਕਿ ਇਹ ਜੰਡਿਆਲਾ ਸ਼ੇਰ ਖਾਂ ਜ਼ਿਲਾ ਸ਼ੇਖੂ ਪੁਰਾ ਦੇ ਰਹਿਣ ਵਾਲਾ ਸੀ। ਪਿਤਾ ਦਾ ਨਾਂ ਸੱਯਦ ਕੁਤਬ ਸ਼ਾਹ ਸੀ। ਇਹ ਆਪਣੀ ਬਾਬਤ ਆਪਣੇ ਕਿੱਸੇ ਵਿਚ ਇਸ ਤਰ੍ਹਾਂ ਲਿਖਦਾ ਹੈ:-

ਵਾਰਸ ਸ਼ਾਹ ਵਸਨੀਕ ਜੰਡਿਆਲੜੇ ਦਾ,
ਤੇ ਸ਼ਾਗਿਰਦ ਮਖਦੂਮ ਕਸੂਰ ਦਾ ਏ।
ਬਿਨਾਂ ਅਮਲ ਦੇ ਨਹੀਂ ਜਨਾਤ ਤੇਰੀ,
ਪਿਆ ਮਰੇਂਗਾਂ ਕੁਤਬ ਦਿਆ ਬੇਟਿਆ ਓਏ।

ਸੋ ਇਹ ਪਤਾ ਲਗਦਾ ਹੈ ਕਿ ਇਹ ਮਖਦੂਮ ਜਹਾਨੀਆਂ ਜੋ ਕਸੂਰ ਜ਼ਿਲ੍ਹਾ ਲਾਹੌਰ ਵਿਚ ਰਹਿੰਦਾ ਸੀ, ਦਾ ਸ਼ਾਗਿਰਦ ਸੀ। ਇਸ ਨੇ ਕਸੂਰ ਵਿਚ ਰਹਿ ਕੇ ਉਚ ਵਿਦਿਆ ਪ੍ਰਾਪਤ ਕੀਤੀ। ਕੁਰਾਨ ਹਦੀਸ, ਹਿਕਮਤ, ਅਤੇ ਅਰਬੀ ਤੇ ਫਾਰਸੀ ਦੀਆਂ ਬਹੁਤ ਸਾਰੀਆਂ, ਕਤਾਬਾਂ ਇਸ ਨੇ ਪੜ੍ਹੀਆਂ। ਕਈ ਕਹਿੰਦੇ ਹਨ ਕਿ ਹਜ਼ਰਤ ਬੁਲ੍ਹੇ ਸ਼ਾਹ ਜਿਸ ਸਕੂਲ ਵਿਚ ਪੜ੍ਹਦੇ ਰਹੇ ਇਹ ਵੀ ਓਥੋਂ ਦਾ ਹੀ ਵਿਦਿਆਰਥੀ ਸੀ। ਕਹਿੰਦੇ ਹਨ ਕਿ ਵਾਰਸ ਸ਼ਾਹ ਦਾ ਪ੍ਰੇਮ ਇਕ ਭਾਗ ਭਰੀ ਨਾਂ ਦੀ ਜੱਟੀ ਨਾਲ ਹੋ ਗਿਆ ਅਤੇ ਇਸ ਨੇ ਇਹ ਹੀਰ ਦਾ ਕਿੱਸਾ ਇਸੇ ਲਗਨ ਵਿਚ ਹੀ ਲਿਖਿਆ। ਕਿਉਂਕਿ ਵਾਰਸ ਸ਼ਾਹ ਆਪਣੇ ਇਸ ਕਿੱਸੇ ਵਿਚ ਕਈ ਥਾਈਂ ਭਾਗ ਭਰੀ ਦਾ ਜ਼ਿਕਰ ਕਰਦਾ ਹੈ। ਜਿਵੇਂ :-

ਕਦੀ ਕਿਸੇ ਦੇ ਨਾਲ ਨ ਗੱਲ ਕਰਦੀ,
ਕਿਬਰ ਵਾਲੀਏ ਨਾਰੀਏ ਵਾਸਤਾ ਈ।
ਵਾਰਸ ਸ਼ਾਹ ਨੂੰ ਮਾਰ ਨ ਭਾਗ ਭਰੀਏ,
ਅਨੀ ਮੁਣਸ ਦੀਏ ਪਿਆਰੀਏ ਵਾਸਤਾ ਈ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਇਕ ਥਾਂ ਲਿਖਦਾ ਹੈ:–

ਤੈਨੂੰ ਸ਼ੌਕ ਹੈ ਤਿੰਨ੍ਹਾਂ ਦਾ ਭਾਗ ਭਰੀਏ,
ਜਿਨ੍ਹਾਂ ਡਾਰੀਆਂ ਬਾਰ ਚਰਾਈਆਂ ਨੀ।

ਕਹਿੰਦੇ ਹਨ ਕਿ ਜਦੋਂ ਇਸ ਦੇ ਇਸ਼ਕ ਦਾ ਰੌਲਾ ਪੈ ਗਿਆ, ਇਸ ਦੇ ਸੱਜਨਾਂ ਮਿੱਤਰਾਂ ਨੇ ਇਸ ਨੂੰ ਹੀਰ ਦਾ ਕਿੱਸਾ ਲਿਖਣ ਲਈ ਕਿਹਾ ਤਾਂ ਇਸ ਨੇ ਆਪਣੇ ਰੋਣੇ 'ਹੀਰ' ਵਿਚ ਰੋਏ। ਇਹ ਕਹਿੰਦਾ ਹੈ:—

ਤਦੋਂ ਸ਼ੌਕ ਹੋਇਆ ਕਿੱਸਾ ਜੋੜਨੇ ਦਾ,
ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।

ਇਸੇ ਕਿੱਸੇ ਦੇ ਅੰਤ ਵਿਚ ਲਿਖਿਆ ਹੈ:–

ਵਾਰਸ ਸ਼ਾਹ ਨੂੰ ਸਿੱਕ ਦੀਦਾਰ ਦੀ ਏ,
ਜਿਵੇਂ ਹੀਰ ਨੂੰ ਭਟਕਣਾ ਯਾਰ ਦੀ ਸੀ।

ਡਾ: ਮੋਹਨ ਸਿੰਘ ਜੀ 'ਦੀਵਾਨਾ' ਹੈੱਡ ਔਫ ਦੀ ਪੰਜਾਬੀ ਡੀਪਾਰਟ-ਮੈਂਟ ਪੰਜਾਬ ਯੂਨੀਵਰਸਿਟੀ ਲਿਖਦੇ ਹਨ ਕਿ ਵਾਰਸ ਸ਼ਾਹ ਇਕ ਫ਼ਕੀਰ ਆਦਮੀ ਸੀ, ਇਸ ਨੂੰ ਕਿਸੇ ਨਾਲ ਵੀ ਕੋਈ ਇਸ਼ਕ ਨਹੀਂ ਸੀ। 'ਭਾਗ ਭਰੀ' ਜਾਂ ਭਾਗਾਂ ਵਾਲੀ ਹਰ ਤੀਵੀਂ ਨੂੰ ਕਿਹਾ ਜਾ ਸਕਦਾ ਹੈ। ਸੋ ਇਸ ਗੱਲ ਦਾ ਕੋਈ ਖਾਸ ਨਿਰਣਾ ਨਹੀਂ ਕੀਤਾ ਜਾ ਸਕਦਾ।

ਇਸ ਨੇ ਆਪਣੇ ਸੱਜਣਾਂ ਮਿੱਤਰਾਂ ਦੀ ਫਰਮਾਇਸ਼ ਤੇ ਇਹ ਕਿੱਸਾ ਲਿਖਿਆ ਅਤੇ 'ਖਰਲ ਹਾਂਸ ਦੇ ਕੋਲ ਠੱਠਾ ਜ਼ਾਹਦ' ਵਿਚ ਇਹ ਕਿੱਸਾ ਖਤਮ ਕੀਤਾ:–

ਖਰਲ ਹਾਂਸ ਦਾ ਮੁਲਕ ਮਸ਼ਹੂਰ 'ਠੱਠਾ',
ਜਿੱਥੇ ਸ਼ੇਰ ਕੀਤੇ ਯਾਰਾਂ ਵਾਸਤੇ ਮੈਂ।

ਜਾਂ

ਸੰਨ ਯਾਰਾਂ ਸੌ ਅੱਸੀਆ ਨਬੀ ਹਿਜਰੀ,
ਲੰਮੇ ਦੇਸ ਦੇ ਵਿਚ ਤਿਆਰ ਹੋਈ।



Digitized by Panjab Digital Library | www.panjabdigilib.org

ਇਸ ਦਾ ਮਤਲਬ ਇਹ ਕਿ ਇਸ ਨੇ ੧੧੯੦ ਹਿਜਰੀ ੧੭੭੫ ਈਸਵੀ ਵਿਚ ਇਹ ਕਿੱਸਾ ਲਿਖਿਆ।

ਕਿਹਾ ਜਾਂਦਾ ਹੈ ਕਿ ਵਾਰਸ ਸ਼ਾਹ ਦੀ ਸ਼ਾਦੀ ਉਸੇ ਭਾਗ ਭਰੀ ਨਾਲ ਹੋ ਗਈ, ਜਿਸ ਦੀ ਕੁੱਖੋਂ ਇਕ ਲੜਕੀ ਪੈਦਾ ਹੋਈ। ਇਨ੍ਹਾਂ ਦਾ ਕੋਈ ਹੋਰ ਹਾਲ ਮਲੂਮ ਨਹੀਂ।

ਵਾਰਸ ਸ਼ਾਹ ਦੀ ਰਚਨਾ ਇਕ ਅਲੌਕਿਕ ਰਚਨਾ ਹੈ, ਇਸ ਕਰ ਕੇ ਉਸ ਸਮੇਂ ਤੋਂ ਲੈ ਕੇ ਅਜ ਤਕ ਅਤੇ ਆਉਣ ਵਾਲਿਆਂ ਸਮਿਆਂ ਤਕ ਇਸ ਦਾ ਨਾਂ ਅਮਰ ਰਹੇਗਾ। ਇਸ ਨੇ 'ਹੀਰ' ਤੋਂ ਬਿਨਾਂ 'ਮਿਅਰਾਜ ਨਾਮਾ' ਚੂਹੜੀ ਨਾਮ, ਉਸ਼ਤਰ ਨਾਮਾ ਅਤੇ ਹੋਰ ਫੁਟਕਲ ਬੈਂਤ ਤੇ ਦੋਹਰੇ ਲਿਖੇ। 'ਦੀਵਾਨਾ' ਸਾਹਿਬ ਦਾ ਖਿਆਲ ਹੈ ਕਿ ਇਹ ਕਿੱਸੇ ਮਗਰੋਂ ਕਿਸੇ ਕਵੀ ਨੇ ਲਿਖ ਕੇ ਇਸ ਦੇ ਨਾਂ ਨਾਲ ਮੜ੍ਹ ਦਿੱਤੇ ਹਨ, ਅਸਲ ਵਿਚ ਇਸ ਨੇ ਕੇਵਲ 'ਹੀਰ' ਹੀ ਲਿਖੀ ਸੀ। ਇਸ ਤੋਂ ਮਗਰੋਂ ਪੀਰਾਂ ਦਿੱਤਾ ਅਤੇ ਕੁਝ ਕੁ ਹੋਰ ਕਵੀਆਂ ਨੇ ਕਈ ਤਰ੍ਹਾਂ ਦੇ ਬੈਂਤ ਲਿਖ ਕੇ ਇਸ ਦੇ ਹੀਰ ਦੇ ਕਿੱਸੇ ਵਿਚ ਰਲਾ ਦਿਤੇ। ਇਹ ਸਭ ਵਖ ਵਖ ਪ੍ਰਕਾਸ਼ਕਾਂ ਦੀ ਮਿਹਰਬਾਨੀ ਹੋਈ।

## ਵਾਰਸ ਸ਼ਾਹ ਦੀ ਕਵਿਤਾ

ਵਾਰਸ ਸ਼ਾਹ ਆਪਣੀ ਕਵਿਤਾ ਬਾਬਤ ਆਪ ਇਸ ਤਰ੍ਹਾਂ ਲਿਖਦਾ ਹੈ:-

ਬਾਤ ਬਾਤ ਤੇਰੀ ਵਿਚ ਹੈਨ ਕਾਮਨ,
ਵਾਰਸ ਸ਼ਾਹ ਦਾ ਸ਼ਿਅਰ ਕੀ ਸਿਹਰ ਹੈ ਨੀ।

ਸਚ ਮੁਚ ਹੀ ਇਸ ਦੀ ਰਚਨਾ ਜਾਦੂ ਦਾ ਅਸਰ ਰਖਦੀ। ਬਦੋ ਬਦੀ ਪਾਠਕਾਂ ਦੇ ਦਿਲਾਂ ਨੂੰ ਧੂਹਾਂ ਪਾਈ ਚਲੀ ਜਾਂਦੀ ਹੈ। ਇਹ ਗ੍ਰਿਹਸਤੀਆਂ ਲਈ ਸਿਖਿਆ ਦਾ ਭੰਡਾਰ, ਪ੍ਰੇਮੀਆਂ ਤੇ ਆਸ਼ਕਾਂ ਲਈ ਜੀਵਨ ਆਧਾਰ, ਨੌਜਵਾਨਾਂ ਲਈ ਮਜ਼ੇ ਤੇ ਜਵਾਨੀ ਦੀ ਬਹਾਰ,



Digitized by Panjab Digital Library | www.panjabdigilib.org

ਸੰਤਾਂ ਫ਼ਕੀਰਾਂ ਤੇ ਗਿਆਨੀਆਂ ਲਈ ਅਧਿਆਤਮਕ ਗਿਆਨ ਦਾ ਹੁਲਾਰਾ ਦੇ ਕੇ ਉਨ੍ਹਾਂ ਨੂੰ ਵਜਦ ਵਿਚ ਲਿਆਉਣ ਦੀ ਸਮਰਥਾ ਰਖਦੀ ਹੈ। ਵਿਦਵਾਨਾਂ ਲਈ ਇਹ ਇਲਮ ਦਾ ਖ਼ਜ਼ਾਨਾ ਹੈ ਅਤੇ ਸੂਫ਼ੀਆਂ ਲਈ ਦੂਸਰਾ ਕੁਰਾਨ ਸ਼ਰੀਫ। ਇਕ ਥਾਂ ਇਹ ਆਪ ਲਿਖਦਾ ਹੈ:—

ਇਹ ਕੁਰਾਨ ਸ਼ਰੀਫ਼ ਦੇ ਮਾਇਨੇ ਨੇ,
ਜਿਹੜੇ ਕੌਲ ਮੀਆਂ ਵਾਰਸ ਸ਼ਾਹ ਦੇ ਨੇ।

ਇਹ ਕਿੱਸਾ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਕਿਤੇ ਵਾਰਸ ਸ਼ਾਹ ਬੜਾ ਆਲਮ ਫ਼ਾਜ਼ਲ, ਕਿਤੇ ਅਨਪੜ੍ਹ ਜੱਟ, ਕਿਤੇ ਧੰਦਾਲਾਂ ਵਿਚ ਫਸਿਆ ਹੋਇਆ ਗ੍ਰਹਿਸਤੀ, ਕਿਤੇ ਤਿਆਗੀ ਫਕੀਰ, ਕਿਤੇ ਨੇਮੀ ਮਹਾਂ ਪੁਰਸ਼ ਅਤੇ ਕਿਤੇ ਬਿਲਕੁਲ ਲਫੰਗਾ ਪਰਤੀਰ ਹੁੰਦਾ ਹੈ। ਕਿਤੇ ਬੜਾ ਝਗੜੈਲ ਤੇ ਲੜਾਕਾ ਅਤੇ ਕਿਤੇ ਸ਼ਾਂਤ ਸੁਭਾ ਵਾਲਾ ਨਜ਼ਰ ਆਉਂਦਾ ਹੈ। ਭਾਵੇਂ ਇਸ ਦੀ ਕਹਾਣੀ ਦਾਮੋਦਰ ਦੀ ਲਿਖੀ ਕਹਾਣੀ ਨਾਲੋਂ ਬਿਲਕੁਲ ਵਖਰੀ ਹੈ, ਅਤੇ ਆਮ ਕਿੱਸਿਆਂ ਵਾਂਗ ਲਿਖਿਆ ਹੋਇਆ ਇਕ ਕਿੱਸਾ ਹੀ ਪ੍ਰਤੀਤ ਹੁੰਦਾ ਹੈ ਤਦ ਵੀ ਇਸ ਦੀ ਕਵਿਤਾ ਨੇ ਇਸ ਕਿੱਸੇ ਨੂੰ ਚਾਰ ਚੰਦ ਲਾ ਦਿੱਤੇ ਹਨ। ਇਸ ਨੇ ਬੜੇ ਬੜੇ ਸੁਹਣੇ ਅਲੰਕਾਰ ਵਰਤੇ ਹਨ ਅਤੇ ਨਵੀਆਂ ਨਵੀਆਂ ਉਪਮਾ ਦਿੱਤੀਆਂ ਹਨ। ਜਦੋਂ ਚੂਚਕ ਬੇਲੇ ਵਿਚ ਜਾ ਕੇ ਇਕ ਝਾੜੀ ਥੱਲੇ ਲੁਕ ਕੇ ਹੀਰ ਤੇ ਰਾਂਝੇ ਦੇ ਕੌਤਕ ਦੇਖਣੇ ਚਾਹੁੰਦਾ ਹੈ, ਉਸ ਸਮੇਂ ਦਾ ਨਜ਼ਾਰਾ ਇਸ ਤਰ੍ਹਾਂ ਖਿੱਚਦਾ ਹੈ:--

ਵਾਰਸ ਸ਼ਾਹ ਜਿਉਂ ਮੋਰਚੇ ਬੈਠ ਬਿੱਲੀ,
ਸਾਹ ਘੁੱਟ ਜਾਂਦੀ ਨਹੀਂ ਕੁਸਕਦੀ ਏ।

ਜਦੋਂ ਰਾਂਝਾ ਜੋਗੀ ਬਣ ਕੇ ਖੇੜਿਆਂ ਦੇ ਜਾਂਦਾ ਹੈ ਅਤੇ ਹੀਰ ਨੂੰ ਮਿਲ ਕੇ ਕਹਿੰਦਾ ਹੈ ਕਿ ਮੈਂ ਤੇਰਾ ਰੋਗ ਗਵਾ ਦਿਆਂਗਾ, ਤਾਂ ਅਗੋਂ ਹੀਰ ਕਹਿੰਦੀ ਹੈ:—



Digitized by Panjab Digital Library | www.panjabdigilib.org

ਹੀਰ ਆਖਦੀ ਜੋਗੀਆ ਝੂਠ ਬੋਲੇਂ,
ਕੌਣ ਰੁਠੜੇ ਯਾਰ ਮਿਲਾਉਂਦਾ ਈ।
ਐਸਾ ਕੋਈ ਨ ਮਿਲਿਆ ਢੂੰਡ ਥੱਕੀ,
ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ।
ਸਾਡੇ ਚੰਮ ਦੀਆਂ ਜੁਤੀਆਂ ਕਰੇ ਕੋਈ,
ਜਿਹੜਾ ਜੀਊ ਦਾ ਰੋਗ ਗਵਾਉਂਦਾ ਈ।
ਭਲਾ ਦੱਸ ਪਾਂ ਚਿਰੀਂ ਵਿਛੁੱਨਿਆਂ ਨੂੰ,
ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ।

ਜਦੋਂ ਅਜੇ ਹੀਰ ਦਾ ਵਿਆਹ ਨਹੀਂ ਸੀ ਹੋਇਆ ਤਾਂ ਰਾਂਝਾ ਹੀਰ ਨੂੰ ਕੱਢ ਕੇ ਲੈ ਜਾ ਸਕਦਾ ਸੀ, ਪਰ ਰਾਂਝਾ ਇਸ ਗੱਲ ਨੂੰ ਕਮੀਨੀ ਹਰਕਤ ਸਮਝਦਾ ਸੀ, ਇਹ ਕਹਿੰਦਾ ਹੈ:--

ਹੀਰੇ ਇਸ਼ਕ ਨ ਕਦੀ ਸਵਾਦ ਦਿੰਦਾ,
ਨਾਲ ਚੋਰੀਆਂ ਅਤੇ ਉਧਾਲਿਆਂ।

ਕਿਹਾ ਸੁਹਣਾ ਆਦਰਸ਼ ਹੈ। ਇਹ ਥਾਂ ਥਾਂ ਲਿਖਦਾ ਹੈ ਕਿ ਜੱਟ ਕਦੀ ਨਹੀਂ ਫ਼ਕੀਰ ਹੋ ਸਕਦਾ, ਜੇ ਹੋਵੇਗਾ ਤਾਂ ਉਸ ਵਿਚ ਵੀ ਕੋਈ ਭੇਦ ਹੋਵੇਗਾ। ਜਦੋਂ ਰਾਂਝਾ ਬਾਲ ਨਾਥ ਕੋਲ ਜੋਗ ਲੈਣ ਜਾਂਦਾ ਹੈ ਅਤੇ ਜੋਗੀ ਉਸ ਨੂੰ ਕਹਿੰਦਾ ਹੈ :--

"ਵੱਡੀ ਮਾਉਂ ਬਰਾਬਰਾ ਜਾਨਣੀ ਏ,
ਅਤੇ ਭੈਣ ਬਰਾਬਰਾਂ ਛੋਟੜੀ ਨੂੰ।"

ਤਾਂ ਅਗੋਂ ਰਾਂਝਾ ਉਸ ਨੂੰ ਇਸ ਤਰ੍ਹਾਂ ਕਹਿੰਦਾ ਹੈ:--

ਨਾਥਾ! ਜੀਊਂਦਿਆਂ ਮਰਨ ਹੈ ਬਹੁਤ ਔਖਾ,
ਸਾਥੋਂ ਐਡੇ ਨਾ ਵਾਇਦੇ ਹੋਵਣੇ ਨੀ।
ਅਸੀਂ ਜੱਟ ਹਾਂ ਨਾਹੜੀਆਂ ਕਰਨ ਵਾਲੇ,
ਅਸਾਂ ਕੱਚਕੜੇ ਨਹੀਂ ਪ੍ਰੋਵਣੇ ਨੀ।
ਰੰਨਾਂ ਨਾਲੋਂ ਜੋ ਵਰਜਦੇ ਚੇਲਿਆਂ ਨੂੰ,



Digitized by Panjab Digital Library | www.panjabdigilib.org

ਜੋਹੇ ਗੁਰੂ ਨ ਬੰਨ੍ਹ ਕੇ ਚੋਵਣੇ ਨੀ।
ਹੱਸ ਖੇਡਣਾ ਤੁਸਾਂ ਨੇ ਮਨ੍ਹਾਂ ਕੀਤਾ,
ਅਸਾਂ ਧੂੰਏਂ ਦੇ ਗੋਹੇ ਨਾ ਢੋਵਣੇ ਨੀ।
ਸਾਥੋਂ ਖੱਪਰੀ ਨਾਦ ਨਾ ਜਾਏ ਸਾਂਭੀ,
ਅਸਾਂ ਅੰਤ ਨੂੰ ਢੱਗੜੇ ਜੋਵਣੇ ਨੀ।

ਕਿਤੇ ਕਿਤੇ ਇਹ ਇਸ ਤਰ੍ਹਾਂ ਦੂਹ ਬਦੂਹ ਗੱਲਾਂ ਕਰਵਾਉਂਦਾ ਹੈ, ਜਿਵੇਂ ਸਾਹਮਣੇ ਬੈਠਕੇ ਦੇਖ ਰਿਹਾ ਹੁੰਦਾ ਹੈ। ਸਹਿਤੀ ਤੇ ਰਾਂਝੇ ਦਾ ਝਗੜਾ ਹੁੰਦਾ ਹੈ ਤਾਂ ਸਹਿਤੀ ਰਾਂਝੇ ਨੂੰ ਖੂਬ ਸੁਣਾਉਂਦੀ ਹੈ। ਅਗੋਂ ਜੋਗੀ ਵੀ ਕਿਹੜਾ ਘੱਟ ਸੀ, ਸਹਿਤੀ ਨੂੰ ਕਹਿੰਦਾ ਹੈ:--

ਝਾਟਾ ਪੁੱਟ ਕੇ ਮੇਢੀਆਂ ਖੋਹ ਸੁੱਟੂੰ,
ਗੁੱਤੋਂ ਪਕੜ ਕੇ ਦੇਊਂ ਵਲਾਵੜਾ ਨੀ।
ਹੱਥ ਲੱਗੇਂ ਤਾਂ ਸਿੱਟੂੰਗਾ ਚੀਰ ਰੰਨੇ,
ਕੱਢ ਲਊਂਗਾ ਦਿਲੇ ਦਾ ਕਾਵੜਾ ਨੀ।

ਕਿਹਾ ਅਜੀਬ ਨਜ਼ਾਰਾ ਹੈ। ਜਦੋਂ ਹੀਰ ਦੇ ਭਰਾ ਹੀਰ ਨੂੰ ਰਾਂਝੇ ਵਲੋਂ ਮੋੜਦੇ ਹਨ ਅਤੇ ਧਮਕਾਉਂਦੇ ਹਨ ਤਾਂ ਹੀਰ ਇਸ ਤਰ੍ਹਾਂ ਜਵਾਬ ਦੇਂਦੀ ਹੈ।

ਅੱਖੀਂ ਲੱਗੀਆਂ ਮੁੜਨ ਨ ਵੀਰ ਮੇਰੇ,
ਤੈਥੋਂ ਘੋਲ ਘੱਤੀ ਮੈਂ ਬਲਿਹਾਰੀਆਂ ਵੇ।
ਵਹਿਣ ਪਏ ਦਰਿਆ ਨਹੀਂ ਕਦੀ ਮੁੜਦੇ,
ਵੱਡੇ ਲਾ ਰਹੇ ਜ਼ੋਰ ਜ਼ਾਰੀਆਂ ਵੇ।

ਕਿਹੀ ਸੁਹਣੀ ਮਿਸਾਲ ਹੈ ਇਸ ਦੇ ਕਿੱਸੇ ਵਿਚ ਕਈ ਸਤਰਾਂ ਇਹੋ ਜਹੀਆਂ ਹਨ, ਜਿਨ੍ਹਾਂ ਵਿਚ ਬੜੇ ਬੜੇ ਸੁਹਣੇ ਅਲੰਕਾਰ ਹਨ ਅਤੇ ਇਹ ਪ੍ਰੇਮੀਆਂ ਦੇ ਦਿਲਾਂ ਉਤੇ ਉੱਕਰੀਆਂ ਪਈਆਂ ਹਨ:-

੧. ਪੜ੍ਹਨ ਇਲਮ ਤੇ ਕਰਨ ਨਾ ਅਮਲ ਜਿਹੜੇ,
ਵਾਂਗ ਢੋਲ ਦੇ ਪੋਲ ਜਿਉਂ ਸੱਖਣਾ ਜੀ।



Digitized by Panjab Digital Library | www.panjabdigilib.org

੨. ਝੂਠ ਸਾੜਦਾ ਚਾਏ ਈਮਾਨ ਨੂੰ ਏ,
ਜਿਵੇਂ ਅੱਗ ਸਾੜੇ ਕੱਖਾਂ ਸਾਰਿਆਂ ਨੂੰ।
੩. ਵਾਰਸ ਸ਼ਾਹ ਛੁਪਾਈਏ ਖਲਕ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।
੪. ਹਿੰਮਤ ਬਾਝ ਜਵਾਨ ਬਿਨ ਹੁਸਨ ਦਿਲਬਰ,
ਲੂਣ ਬਾਝ ਤੁਆਮ ਸੁਵਾਦ ਨਾਹੀਂ।
੫. ਬਿਨਾਂ ਮੁਰਸ਼ਦਾਂ ਰਾਹ ਨ ਹੱਥ ਆਵਣ,
ਦੁੱਧ ਬਾਝ ਨਾ ਰਿੱਝਦੀ ਖੀਰ ਮੀਆਂ।
੬. ਪੁੱਤਰ ਖੋਤਿਆਂ ਦੇ ਘੋੜੇ ਨਹੀਂ ਹੁੰਦੇ,
ਥੀਵੇ ਊਠ ਨਾ ਭੇਡ ਦਾ ਜਿਵੇਂ ਲੇਲਾ।
੭. ਵਾਰਸ, ਰੰਨ, ਫ਼ਕੀਰ, ਤਲਵਾਰ, ਘੋੜਾ,
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।
੮. ਵਾਰਸ ਸ਼ਾਹ ਅੱਲਾ ਜਦੋਂ ਕਰਮ ਕਰਦਾ,
ਹੁਕਮ ਹੁੰਦਾ ਏ ਨੇਕ ਸਤਾਰਿਆਂ ਨੂੰ।
੯. ਵਾਰਸ ਸ਼ਾਹ ਜਾਂ ਨੈਣਾਂ ਦਾ ਦਾਉ ਲੱਗੇ,
ਕੋਈ ਬਚੇ ਨਾ ਜੂਏ ਦੀ ਹਾਰ ਵਿਚੋਂ।
੧੦. ਚੀਣਾ ਖੈਰ ਦੇਣਾ ਬੁਰਾ ਜੋਗੀਆਂ ਨੂੰ,
ਮੱਛੀ ਭਾਬੜੇ ਨੂੰ, ਮਾਸ ਬ੍ਰਾਹਮਣਾਂ ਨੂੰ।
ਕੈਫ਼ ਭਗਤ, ਕਾਂਜੀ ਤੇਲ ਖੰਘ ਵਾਲੇ,
ਪਾਣੀ ਹਲਕਿਆਂ ਨੂੰ ਧਰਨ ਸਾਹਮਣਾ ਨੂੰ।
ਸਹਿਆ ਚੂਹੜਿਆਂ ਨੂੰ, ਬਿਆਜ ਮੋਮਨਾਂ ਨੂੰ,
ਮੌਤ ਇਜੜਾਂ ਨੂੰ ਅੱਗ ਧਾਮਣਾ ਨੂੰ।
ਵਾਰਸ ਸ਼ਾਹ ਜਿਤੁੰ ਸੰਖੀਆ ਚੂਹਿਆਂ ਨੂੰ,
ਸੰਖ ਮੁਸਲਮਾਨਾਂ ਬਾਂਗ ਬਾਹਮਣਾ ਨੂੰ।

ਕਹੇ ਸੁਹਣੇ ਖਿਆਲ ਹਨ। ਇੱਕ ਇੱਕ ਤੁਕ ਵਿਚੋਂ ਇਕ ਉਚ ਸਚਾਈ ਤੇ ਆਦਰਸ਼ ਦਾ ਝਲਕਾਰਾ ਪੈਂਦਾ ਹੈ।



Digitized by Panjab Digital Library | www.panjabdigilib.org

# ਨਜਾਬਤ

ਨਜਾਬਤ ਦੀ ਜਨਮ ਤਾਰੀਖ ਦਾ ਠੀਕ ਠੀਕ ਪਤਾ ਨਹੀਂ। ਇਹ ਮਟੀਲਾ ਹਰਲਾਂ ਜ਼ਿਲਾ ਸ਼ਾਹ ਪੁਰ ਦਾ ਰਹਿਣ ਵਾਲਾ ਸੀ, ਜ਼ਾਤ ਦਾ ਹਰਲ ਰਾਜਪੂਤ ਸੀ। ਇਸ ਨੇ ਨਾਦਰ ਸ਼ਾਹ ਦੇ ਹੱਲੇ ਤੋਂ ਲਗ ਪਗ ਪੰਜਾਹ ਕੁ ਸਾਲ ਮਗਰੋਂ ਇਕ ਵਾਰ ਲਿਖੀ ਜਿਸ ਵਿਚ ਨਾਦਰ ਸ਼ਾਹ ਦੇ ਹੱਲੇ ਦਾ ਹਾਲ ਲਿਖਿਆ।

ਕਈਆਂ ਦਾ ਖਿਆਲ ਹੈ ਕਿ ਇਹ ਵਾਰ ਸੱਯਦ ਸ਼ਾਹ ਚਰਾਗ ਨੇ ਲਿਖੀ ਸੀ, ਜਿਸ ਨੇ ਪਿੰਡੀ ਸ਼ਾਹ ਚਰਾਗ ਜਾਂ ਅਜ ਕਲ ਦੀ ਰਾਵਲ ਪਿੰਡੀ ਵਸਾਈ ਸੀ। ਜੇ ਇਹ ਵਾਰ ਸ਼ੁਰੂ ਤੋਂ ਲੈ ਕੇ ਅਖੀਰ ਤਕ ਪੜ੍ਹੀ ਜਾਏ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਨਜਾਬਤ ਦਾ ਨਾਂ ਕਈ ਥਾਈਂ ਆਇਆ ਹੈ, ਜੋ ਐਨ ਢੁੱਕਵਾਂ ਹੈ। ਇਸ ਤੋਂ ਬਿਨਾ ਇਸ ਵਾਰ ਦਾ ਮੁੱਢ, 'ਕਲ' ਜੋ ਹਿੰਦੂ ਸ਼ਾਸਤਰਾਂ ਵਿਚ 'ਕਾਲੀ' ਦਾ ਅਵਤਾਰ ਮੰਨੀ ਜਾਂਦੀ ਹੈ ਅਤੇ 'ਨਾਰਦ' ਜੋ ਹਿੰਦੂ ਸ਼ਾਸਤਰਾਂ ਮਸ਼ਹੂਰ ਦੇਵਤਾ ਹੈ, ਦੇ ਨਾਵਾਂ ਨਾਲ ਕੀਤਾ ਗਿਆ ਹੈ। ਕਲ ਅਤੇ ਨਾਰਦ ਇਸਤਰੀ ਤੇ ਪਤੀ ਦੇ ਰੂਪ ਵਿਚ ਪੇਸ਼ ਕੀਤੇ ਗਏ ਹਨ ਅਤੇ ਇਨ੍ਹਾਂ ਦਾ ਘਰੋਗੀ ਝਗੜਾ ਬੜੀ ਅਨੋਖੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਇਸ ਵਾਰ ਵਿਚ ਕਲਜੋਗਨਾ ਦਾ ਜ਼ਿਕਰ ਵੀ ਆਇਆ ਹੈ ਜੋ ਜੰਗ ਦੇ ਮੈਦਾਨ ਵਿਚ ਜਾ ਕੇ ਲਹੂ ਪੀਂਦੀਆਂ ਹਨ। ਇਹ ਸਭ ਹਿੰਦੂ ਮਰਯਾਦਾ ਹੈ ਜਿਸਦਾ ਇਕ ਸੱਯਦ ਨੂੰ ਘੱਟ ਹੀ ਪਤਾ ਹੋ ਸਕਦਾ ਹੈ, ਇਸ ਲਈ ਇਹ ਕਹਿਣਾ ਕਿ ਇਹ ਵਾਰ ਸੱਯਦ ਸ਼ਾਹ ਚਰਾਗ ਨੇ ਲਿਖੀ ਅਤੇ ਇਸਦੇ ਚੇਲੇ ਨਜਾਬਤ ਨੇ ਇਸਦੇ ਮਗਰੋਂ ਠੀਕ ਕਰਕੇ ਆਪਣੇ ਨਾਂ ਨਾਲ ਮਸ਼ਹੂਰ ਕਰ ਲਈ, ਬਿਲਕੁਲ ਗਲਤ ਹੈ।

ਪੰਜਾਬੀ ਸਾਹਿਤ ਵਿੱਚ ਇਹ ਵਾਰ ਬੀਰ ਰਸ ਦਾ ਇਕ ਉੱਚ ਨਮੂਨਾ ਹੈ। ਇਸ ਵਿਚ ਵੱਖ ਵੱਖ ਲੜਾਈਆਂ ਦੇ ਨਜ਼ਾਰੇ ਇਸ ਤਰ੍ਹਾਂ



Digitized by Panjab Digital Library | www.panjabdigilib.org

ਬਿਆਨ ਕੀਤੇ ਹਨ ਜਿਵੇਂ ਕਵੀ ਸਭ ਕੁਝ ਅੱਖਾਂ ਸਾਹਮਣੇ ਦੇਖ ਰਿਹਾ ਹੁੰਦਾ ਹੈ। ਇਹ ਉਹ ਸਮਾਂ ਸੀ ਜਦ ਕਿ ਦਿੱਲੀ ਦੇ ਤਖਤ ਉਤੇ ਮੁਹੰਮਦ ਸ਼ਾਹ ਰੰਗੀਲਾ ਰਾਜ ਕਰਦਾ ਸੀ। ਇਸ ਦਾ ਅਲਾਕਾ ਕਾਬਲ ਤੱਕ ਸੀ। ਇਸ ਕਵੀ ਨੂੰ ਸ਼ਾਇਦ ਇਤਿਹਾਸ ਦਾ ਪਤਾ ਨਹੀਂ ਕਿਉਂਕਿ ਮੁਹੰਮਦ ਸ਼ਾਹ ਕੰਧਾਰ ਤੇ ਬਾਲਾ ਹਿਸਾਰ ਦੇ ਕਿਲਿਆਂ ਉਤੇ ਮੁਹੰਮਦ ਸ਼ਾਹ ਦਾ ਹੀ ਹੱਲਾ ਕਰਵਾਉਣਾ ਚਾਹੁੰਦਾ ਹੈ। ਜਦੋਂ ਉਹ ਨਾਦਰਸ਼ਾਹ ਦੁਰਾਨੀ ਦੀ ਚੜ੍ਹਾਈ ਦੀ ਖਬਰ ਸੁਣਦਾ ਹੈ ਤਾਂ ਇਸ ਤਰ੍ਹਾਂ ਕਹਿੰਦਾ ਹੈ:–

ਮੈਂ ਤਾਂ ਚੜ੍ਹਕੇ ਕਿਲਾ ਕੰਧਾਰ ਦਾ, ਸਣੇ ਬੁਰਜਾਂ ਢਾਹਾਂ।
ਇਹਦੀ ਸਾੜਾਂ ਬਾਲਾਸਾਰ ਮੈਂ ਦੇ ਅੱਗੀ ਭਾਹਾਂ।
ਉਹਦੇ ਧਰਾਂ ਬਨੇਰੇ ਜ਼ਿਮੀਂ ਤੇ, ਮੁਨਿਆਦ ਉਠਾਹਾਂ।
ਕਾਬਲ ਰੋਣ ਪਠਾਣੀਆਂ ਕਰਿ ਖਲੀਆਂ ਬਾਂਹਾਂ।

ਅਸਲ ਵਿਚ ਇਹ ਇਕ ਇਤਿਹਾਸਕ ਗਲਤੀ ਹੈ। ਇਸ ਵਾਰ ਵਿਚ ਇਸ ਨੇ ਨਾਦਰ ਸ਼ਾਹ ਦੀ ਬੁਰਿਆਈ ਨਹੀਂ ਕੀਤੀ, ਕਿਉਂਕਿ ਵਾਰ ਵਿਚ ਹਮੇਸ਼ਾਂ ਲੜਾਈਆਂ ਦਾ ਹਾਲ ਜਾਂ ਜੋਧਿਆਂ ਦੀ ਸਿਫਤ ਹੁੰਦੀ ਹੈ।

ਕਲ ਤੇ ਨਾਰਦ ਇਸਤਰੀ ਦੇ ਪਤੀ ਤੇ ਰੂਪ ਵਿਚ ਇਕ ਦੂਜੇ ਨੂੰ ਤਾਅਨੇ ਮਿਹਣੇ ਦੇ ਦੇ ਕੇ ਝਗੜਦੇ ਹਨ। ਇਹ ਨਕਸ਼ਾ ਬੜਾ ਸੁਹਣਾ ਖਿਚਿਆ ਹੈ। ਨਾਰਦ ਅੱਕ ਕੇ 'ਕਲ' ਨੂੰ ਕਹਿੰਦਾ ਹੈ:--

ਮੈਨੂੰ ਬਹੁਤ ਜ਼ਨਾਨੀਆਂ ਤੈਨੂੰ ਮਰਦ ਨ ਥੋੜੇ।
ਤੇਰੇ ਮੇਰੇ ਜੁੱਟ ਨੂੰ ਵਿਧਮਾਤਾ ਤੋੜੇ।

ਅਗੋਂ 'ਕਲ' ਨਾਰਦ ਨੂੰ ਇਸਤਰ੍ਹਾਂ ਉੱਤਰ ਦੇਂਦੀ ਹੈ:--

ਕਲ ਆਂਹਦੀ ਵੇ ਨਾਰਦਾ ! ਤੂੰ ਕਿਹੜੀ ਚਾਈ।
ਤੇਰੇ ਮੇਰੇ ਜੁੱਟ ਵਿਚ ਕਿਉਂ ਪਈ ਜੁਦਾਈ।
ਤੂੰ ਦਾਰੂ ਦੇ ਵਿਚ ਲੋੜਨੈ, ਕੁਝ ਅੱਗ ਛੁਪਾਈ।
ਮੈਂ ਵੀ ਤੇਰੇ ਰਾਜ ਵਿਚ ਕੁਝ ਖੁਸ਼ੀ ਨਾ ਪਾਈ।



Digitized by Panjab Digital Library | www.panjabdigilib.org

ਨਾ ਮੈਂ ਖਾਧਾ ਰੱਜ ਕੇ, ਨਾ ਕਿਸੇ ਖੁਆਈ।
ਨਾ ਚੜ੍ਹ ਸੁੱਤੀਆਂ ਪਲੰਘ ਤੇ, ਘੱਤ ਲੇਫ ਤੁਲਾਈ।

ਇਸ ਦੀ ਬੋਲੀ ਕਹੀ ਠੇਠ ਤੇ ਸਰਲ ਹੈ, ਖਿਆਲ ਵੀ ਸੁਹਣੇ ਹਨ ਘਰੋਗੀ ਜੀਵਨ ਦਾ ਨਕਸ਼ਾ ਖਿੱਚਣ ਵਿਚ ਕਮਾਲ ਕਰ ਦਿੱਤੀ ਹੈ। ਇਸਨੇ ਅਸਲ ਵਿਚ ਦੱਖਣ ਦੇ ਨਵਾਬ ਨਜ਼ਾਮ-ਉਲ ਮਲਕ ਨੂੰ 'ਕਲ'ਦਾ ਰੂਪ ਦਿੱਤਾ ਹੈ ਅਤੇ ਮੁਹੰਮਦ ਸ਼ਾਹ ਦੇ ਦਰਬਾਰੀਆਂ ਨੂੰ ਨਾਰਦ ਬਣਾਇਆ ਹੈ ਤੇ ਇਸ ਤਰ੍ਹਾਂ ਝਗੜਾ ਖੜਾ ਕੀਤਾ ਹੈ। ਇਸੇ ਤਰ੍ਹਾਂ ਇਹ ਲੜਾਈ ਦਾ ਨਕਸ਼ਾ ਵੀ ਸੁਹਣੀ ਤਰ੍ਹਾਂ ਪੇਸ਼ ਕਰਦਾ ਹੈ। ਅਖਾਂ ਸਾਹਮਣੇ ਲੜਾਈ ਹੋ ਰਹੀ ਪਰਤੀਤ ਹੁੰਦੀ ਹੈ। ਨੂਰ ਬੇਗ ਤੇ ਅਫ਼ਜ਼ਲ ਕੁਲੀ ਦੀ ਲੜਾਈ ਦਾ ਨਕਸ਼ਾ ਇਸ ਤਰ੍ਹਾਂ ਖਿਚਦਾ ਹੈ:-

ਉਹ ਜੁੱਟ ਪਏ ਦੋਨੋਂ ਸੂਰਮੇ, ਰਣ ਆਗੇ ਹਾਰੇ।
ਉਹ ਮਾਰਨ ਸੱਟ ਹਦਾਨ ਵਾਂਗ, ਹੋ ਪੱਬਾਂ ਭਾਰੇ।
ਕਰ ਝੜ ਕੜਕ ਕੜਕ ਕੜਕ ਢਾਲੀ ਬਲਕਾਰੇ।
ਹੱਥੀਂ ਰਹੀਆਂ ਗੱਦੀਆਂ, ਉੱਡ ਗਏ ਕਿਨਾਰੇ।
ਫੁੱਲ ਢਾਲਾਂ ਤੋਂ ਝੜ ਪਏ, ਕਹੋ ਕਿਤ ਨਿਹਾਰੇ।
ਜਿਉਂ ਆਤਸ਼ ਬਾਜ਼ਾਂ ਫੂਕੀਆਂ, ਫੁੱਲ ਝੜੀ ਅਨਾਰੇ।
ਉਹ ਚੱਪਾ ਚੱਲ ਨਹੀਂ ਜਾਣਦੇ ਹੈਨ ਵਡੇ ਹੋਸਿਆਰੇ।
ਪਰ ਵੇਖ ਰਜ਼ਾ ਖੁਦਾ ਦੀ, ਕੌਣ ਜਿਤੇ ਹਾਰੇ।

ਵਾਰ ਵਿਚ ਹਮੇਸ਼ਾ 'ਬੀਰ ਰਸ' ਪ੍ਰਧਾਨ ਹੁੰਦਾ ਹੈ ਸਚ ਮੁਚ ਹੀ ਇਹ ਵਾਰ ਪੜ੍ਹ ਕੇ ਜੋਸ਼ ਆਉਣ ਲਗਦਾ ਹੈ। ਇਸ ਵਾਰ ਵਿਚ ਬੜੀਆਂ ਬੜੀਆਂ ਸੁਹਣੀਆਂ ਉਪਮਾਵਾਂ ਤੇ ਅਲੰਕਾਰ ਵਰਤੇ ਹਨ। ਕਿਤੇ ਕਿਤੇ ਬੀਰ ਰੱਸ ਦੇ ਨਾਲ ਹਾਸ ਰਸ ਦਾ ਝਲਕਾਰਾ ਵੀ ਦਿਖਾ ਜਾਂਦਾ ਹੈ। ਨਾਦਰ ਸ਼ਾਹ ਦੀ ਫੌਜ ਦੇ ਬਹਾਦਰ ਪਠਾਣਾਂ ਬਾਬਤ ਇਸ ਤਰ੍ਹਾਂ ਲਿਖਦਾ ਹੈ:-



Digitized by Panjab Digital Library | www.panjabdigilib.org

ਉਹਨਾਂ ਦੇ ਨੱਕ ਫੀਨ੍ਹੇ ਸਿਰ ਤਾਵੜੇ ਢਿੱਡ ਵਾਂਗ ਢਮੱਕੇ।
ਉਹ ਇੱਕਾ ਨਾਰ ਵਸਾਉਂਦੇ ਦਾਹ ਭਾਈ ਸੱਕੇ।

ਕਵੀ ਖਾਨ ਦੌਰਾਂ ਤੇ ਨਾਦਰ ਸ਼ਾਹ ਦੀ ਲੜਾਈ ਇਸ ਤਰ੍ਹਾਂ ਬਿਆਨ ਕਰਦਾ ਹੈ:--

ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜ੍ਹਕਣ।
ਚੜ੍ਹ ਤੋਪਾਂ ਗੱਡੀ ਢੁੱਕੀਆਂ ਲੱਖ ਸੰਗਲ ਖੜਕਣ।
ਜਿਉਂ ਦਰ ਖੁਲ੍ਹੇ ਦੋਜ਼ਖਾਂ, ਮੂੰਹ ਭਾਈਂ ਭੜਕਣ।
ਜਿਉਂ ਝੁੰਬੇ ਮਾਰੇ ਪੰਖਣੂ ਵਿਚ ਬਾਗਾਂ ਫੜਕਣ।
ਜਿਉਂ ਝੱਲੀਂ ਅੱਗਾਂ ਲੱਗੀਆਂ, ਰਣ ਸੂਰੇ ਤੜਕਣ।
ਉਹ ਹਸ਼ਰ ਦਿਹਾੜਾ ਦੇਖ ਕੇ ਦਲ ਦੋਵੇਂ ਧੜਕਣ।

ਕਾਫ਼ੀਏ ਦੀ ਬੰਦਸ਼ ਤੇ ਸਰਲਤਾ ਕਹੀ ਸੁਹਣੀ ਹੈ। ਲੜਾਈ ਵਿਚ ਤਲਵਾਰਾਂ ਦਾ ਲਿਸ਼ਕਣਾ, ਸਿਰੀਆਂ ਦਾ ਲੱਥਣਾ ਕਿਹੇ ਸੁਹਣੇ ਅਲੰਕਾਰਾਂ ਤੇ ਦ੍ਰਿਸ਼ਟਾਂਤਾਂ ਨਾਲ ਵਰਨਣ ਕੀਤਾ ਹੈ:--

ਜੁੜੀਆਂ ਆਣ ਕੰਧਾਰਾਂ ਗੱਜਣ ਸੂਰਮੇ।
ਸੈ ਜ਼ਾਤੀ ਤਲਵਾਰਾਂ ਲਿਸ਼ਕਣ ਬਦਲੀਆਂ।
ਤਲਵਾਰੀਂ ਦੀਆਂ ਝਲਕਾਰਾਂ, ਵੱਸੇ ਮੀਂਹ ਜਿਉਂ।
ਜਿਵੇਂ ਟਿੰਡਾਂ ਲਾਹ ਕੁੰਮ੍ਹਾਰਾਂ, ਧਰੀਆਂ ਚੱਕ ਤੋਂ।
ਤਿਵੇਂ ਸਿਰੀਆਂ ਬੇ-ਸ਼ੁਮਾਰਾਂ, ਘੱਟੇ ਰੁਲਦੀਆਂ।
ਜਿਉਂ ਤਰਬੂਜ਼ ਬਾਜ਼ਾਰਾਂ ਦਿੱਸਣ ਢੇਰੀਆਂ।

ਇਸ ਵਾਰ ਵਿਚ ਕਵੀ ਨੇ ਕਿਤੇ ਕਿਤੇ ਰਾਜਨੀਤੀ ਅਤੇ ਜੀਵਨ ਸਿਖਿਆ ਸਬੰਧੀ ਬੜੇ ਬੜੇ ਉੱਚ ਖਿਆਲ ਪਰਗਟ ਕੀਤੇ ਹਨ:--

ਪੱਬ ਬਿਨ ਪੰਧ ਕਟੀਵਨਾ ਨਾਹੀਂ, ਦੁਸ਼ਮਣ ਨਾ ਬਿਨ ਬਾਹਾਂ।
ਬਿਨ ਦੌਲਤ ਥੀਂ ਆਦਰ ਨਾਹੀਂ, ਦਿਲ ਬਿਨ ਨਾ ਦਿਲਗਾਹਾਂ।
ਗੁਰ ਬਿਨ ਗਿਆਨ ਨਾ ਇਲਮ ਪੜ੍ਹੀਵੇ, ਬਾਝੋਂ ਅਕਲ ਸਲਾਹਾਂ।
ਬਿਨ ਮੀਹਾਂ ਥੀਂ ਦਾਦਰ ਬੋਲੇ, ਕਹਿੰਦੇ ਝੂਠ ਤਿਦਾਹਾਂ।



Digitized by Panjab Digital Library | www.panjabdigilib.org

ਬਿਨ ਪੁਰਖੇ ਸ਼ੰਗਾਰ ਜੋ ਮੀਰੀ, ਗਸ਼ਤੀ ਕਹਿਣ ਤਿਦਾਹਾਂ।
ਜ਼ਬਤੇ ਕਾਰ ਅਮੀਰ ਨਜਾਬਤ, ਮਾਤ ਘੱਤਣ ਪਾਤਸ਼ਾਹਾਂ।

ਨਾਦਰਸ਼ਾਹ ਦੇ ਹੱਲੇ ਵੇਲੇ ਉਸ ਦੇ ਪਠਾਣਾਂ ਨੇ ਹਿੰਦੁਸਤਾਨ ਦੀ ਜੋ ਹਾਲਤ ਕੀਤੀ ਅਤੇ ਜੋ ਜੋ ਉਨ੍ਹਾਂ ਫੌਜੀਆਂ ਨੇ ਅਤਿਆਚਾਰ ਕੀਤੇ ਇਸਤਰ੍ਹਾਂ ਬਿਆਨ ਕਰਦੇ ਹਨ:-

ਸੌ ਮਰਦ ਇਕ ਇਸਤਰੀ ਸੰਗ ਰਾਤ ਹੰਡਾਉਣ।
ਜਿਹੜੀਆਂ ਦਿਹੁੰ ਚੰਨ ਮੂਲ ਨ ਡਿਠੀਆਂ,ਕੱਢ ਬਾਹਰ ਬਹਾਉਣ।
ਸੁਣ ਸੁਣ ਗੱਲਾਂ ਬੀਵੀਆਂ, ਮੁਹਰੇ ਸੁੱਕ ਜਾਉਣ।
ਉਹਨਾਂ ਦੀ ਹੱਥੀਂ ਕਾਤੀਆਂ, ਪੇਟ ਛੁਰੀ ਚਲਾਉਣ।
ਇਕ ਡੂੰਘੇ ਭੋਰੇ ਖੱਟ ਕੇ ਵਿਚ ਜ਼ਰੀ ਦਬਾਉਣ।
ਇਕ ਸਾਵੀਆਂ ਪੀਲੀਆਂ ਹੋ ਕੇ ਮਰ ਅਗਦੀ ਜਾਉਣ।
ਬਿਨ ਤੋਬਾ ਥੀਂ ਆਦਮੀਂ ਨਾ ਸੁਖਣ ਅਲਾਉਣ।
ਰੱਬਾ ਸੇ ਕੰਮ ਕਿਸੇ ਨਾ ਮੇਟਣੀ ਜਿਹੜੇ ਤੈਨੂੰ ਭਾਉਣ।

ਕਿਹਾ ਸੁਹਣਾ ਬਿਆਣ ਹੈ। ਇਸ ਨੇ ਇਸ ਵਾਰ ਵਿਚ ਬੜੀਆਂ ਬੜੀਆਂ ਸੁਹਣੀਆ ਤਸ਼ਬੀਹਾਂ ਤੇ ਉਪਮਾਵਾਂ ਵਰਤੀਆਂ ਹਨ। ਮੁਜ਼ੱਫਰ ਖਾਂ ਦੀ ਚੜ੍ਹਾਈ ਤੇ ਹਮਲੇ ਦਾ ਬਿਆਲ ਕਰਦਿਆਂ ਇਸ ਨੇ ਉਸ ਦੀ ਤਲਵਾਰ ਦੀ ਉਪਮਾ ਬੜੇ ਸੁਹਣੇ ਢੰਗ ਨਾਲ ਕੀਤੀ ਹੈ:-

ਮੁਜ਼ੱਫਰ ਘੋੜਾ ਛੇੜਿਆ, ਮੁੜ ਦੂਜੀ ਵਾਰੀ।
ਉਸ ਧਰੂਹ ਮਿਆਨੋਂ ਕੱਢਿਆ, ਮੁੱਲ ਬੇ ਸ਼ੁਮਾਰੀ।
ਉਹਦੀ ਵਾਢ ਵਾ ਨਾਲੋਂ ਪਤਲੀ, ਉਸਤਾਦ ਸੰਵਾਰੀ।
ਉਹ ਅੜੇ ਨਾ ਜ਼ਿਰਾ ਤੇ ਬਫ਼ਤਰਾਂ, ਰਤ ਪੀਵਨ ਹਾਰੀ।
ਉਸ ਜੁਦਾ ਕੀਤੀ ਵੱਢ ਖੋਪਰੀ ਸਣ ਮਗਜ਼ ਉਤਾਰੀ।
ਜਿਵੇਂ ਹਾਂਡੀ ਟੁੱਟੀ ਖੀਰ ਦੀ ਡਿੱਗ ਹੱਥੋਂ ਭਾਰੀ।
ਜਿਵੇਂ ਮਟਕੀ ਭੰਨੀ ਗੁੱਜਰੀ ਚਾ ਦਹੀਂ ਖਿਲਾਰੀ।
ਦੋਵੇਂ ਦੀਵੇ ਵਿਝਵੇ ਸ਼ਹੁ ਪਈ ਗੁਬਾਰੀ।



Digitized by Panjab Digital Library | www.panjabdigilib.org

ਸੋ ਨਜਾਬਤ ਦੀ ਕਵਿਤਾ ਬੀਰ ਰਸ ਦਾ ਇਕ ਉਚ ਨਮੂਨਾ ਹੈ। ਪੰਜਾਬੀ ਸਾਹਿਤ ਵਿਚ ਇਸ ਦੀ ਵਾਰ ਚੰਡੀ ਦੀ ਵਾਰ ਤੋਂ ਹੇਠਾਂ ਦੂਸਰਾ ਦਰਜਾ ਰੱਖਦੀ ਹੈ। ਬਿਆਨ ਦੀ ਸਾਦਗੀ, ਵਾਰ ਦੀ ਸਰਲਤਾ, ਅਲੰਕਾਰ ਤੇ ਤਸ਼ਬੀਹਾਂ ਦਿਲ ਉਤੇ ਡੂੰਘਾ ਅਸਰ ਕਰਦੇ ਹਨ।

## ਭਾਈ ਬੀਰ ਸਿੰਘ

ਇਸ ਸਮੇਂ ਦਾ ਇਹ ਦੂਸਰਾ ਬੀਰ ਰਸ ਦਾ ਮਸ਼ਹੂਰ ਕਵੀ ਹੋਇਆ ਹੈ। ਇਸ ਦੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮੁਗ਼ਲਈ ਫ਼ੌਜਾਂ ਨਾਲ ਲੜਾਈਆਂ ਦੇਖੀਆਂ ਹਨ ਜਾਂ ਸੁਣੀਆਂ ਹਨ ਅਤੇ ਇਹ ਗੁਰੂ ਸਾਹਿਬ ਜੀ ਦੇ ਸਮੇਂ ਤੋਂ ਥੋੜਾ ਹੀ ਚਿਰ ਮਗਰੋਂ ਕਿਤੇ ਦੱਖਣ ਵੱਲ ਹੋਇਆ ਹੈ। ਇਕ ਥਾਂ ਤੇ ਇਹ ਲਿਖਦਾ ਹੈ—

ਰਣ ਵਿਚ ਗੁਰੂ ਜਿਨ੍ਹਾਂ ਦਾ ਜੀਤੇ।
ਰਹਿਣ ਕਵੀਸ਼ਰ ਕਿਉਂ ਚੁਪ ਕੀਤੇ।

ਸ਼ਾਇਦ ਇਸ ਨੇ ਅੰਮ੍ਰਿਤਸਰ ਜੀ ਦੇ ਦਰਸ਼ਨ ਨਹੀਂ ਕੀਤੇ। ਇਸਨੇ ਇਹ ਸਾਰੀ ਵਾਰ ਇਕ ਬਾਰਾਂ ਮਾਂਹ ਦੀ ਧਾਰਨਾ ਤੇ ਲਿਖੀ ਹੈ। ਨਾਲ ਹੀ ਉਸ ਮਹੀਨੇ ਦੀ ਰੁਤ ਦਾ ਬਿਆਨ ਕਰਦਾ ਹੈ ਤੇ ਨਾਲ ਹੀ ਲੜਾਈ ਦਾ ਜ਼ਿਕਰ ਕਰਦਾ ਹੈ। ਹਰ ਮਹੀਨੇ ਦੀ ਅੰਤਲੀ ਤੁਕ ਵਿਚ ਇਸ ਤਰ੍ਹਾਂ ਲਿਖਦਾ ਹੈ—

ਫੁਲ ਹਰੀ ਕਿ ਹਰ ਜੀ ਹਾਂ
ਦਰਸ਼ਨ ਅੰਮ੍ਰਿਤਸਰ ਜੀ ਜਾਂ। ਮੇਰਾ ਮਨ ਲੋਚਦਾ।

ਇਸ ਦੀ ਇਹ ਕਵਿਤਾ (ਬਾਰਾਂ ਮਾਂਹ) ਬੀਰ-ਰਸ ਦਾ ਇਕ ਉਚ ਨਮੂਨਾ ਹੈ। ਇਸ ਵਿਚ ਅਲੰਕਾਰ ਤੇ ਉਪਮਾਵਾਂ ਆਦਿ ਸੁਹਣੀਆਂ ਹਨ। ਵਿਚ ਵਿਚ ਪੂਰਬ ਦੇ ਅਲਾਕੇ ਦੀ ਬੋਲੀ ਦਾ ਅਸਰ ਵੀ ਪ੍ਰਤੀਤ ਹੁੰਦਾ ਹੈ। ਅੱਸੂ ਦੇ ਮਹੀਨੇ ਦੇ ਅਧਾਰ ਤੇ ਇਹ ਇਸ ਤਰ੍ਹਾਂ ਲਿਖਦਾ ਹੈ:—



Digitized by Panjab Digital Library | www.panjabdigilib.org

ਚੜ੍ਹਿਆ ਅੱਸੂ ਸੁ ਰੁਤ ਠਮਕੀ
ਦਿਨੋ ਦਿਨ ਠੰਡ ਗੁਲਾਬੀ ਰਮਕੀ
ਰਣ ਵਿਚ ਤੇਗ ਕਟੈਲੀ ਚਮਕੀ
ਜਿਉਂ ਕਰ ਤੇਜ ਦਾਮਨੀ ਦਮਕੀ
ਜਮਧਰ ਸਿਰ ਸ਼ੱਤਰੂ ਕੇ ਚਮਕੀ
ਜਿਉਂ ਬਨ ਭੜਕ ਬੈਸੰਤਰ ਭੜਕੀ, ਲੱਗੀ ਝੱਲ ਨੂੰ।
ਸਨਮੁਖ ਚੜ੍ਹੇ ਸਿੰਘ ਰਣ ਜੁਟੇ,
ਜਿਉਂ ਕਰ ਤੀਰ ਕਮਾਨੋਂ ਛੁੱਟੇ,
ਲਗ ਲਗ ਸੂਰਕਾਂ ਦੁਸਰ ਫੁੱਟੇ,
ਜਿਉਂ ਛਬ ਡਾਲੀ ਅੰਬ ਚਮੁੱਟੇ,
ਰਣਵਿਚ ਸਗਲੇ ਤੁਰਕ ਨਿਖੁੱਟੇ,
ਸਤਿਗੁਰ ਜੜ੍ਹਾਂ ਤੁਰਕ ਦੀਆਂ ਪੁੱਟੇ, ਅਜ ਕਿ ਕੱਲ ਨੂੰ।
ਗੋਬਿੰਦ ਸਿੰਘ ਖਿੱਚ ਤੇਗ ਕਟੈਲੀ,
ਚਮਕੀ ਚੰਡੀ ਰੋਹ ਰੁਹੇਲੀ,
ਰਣ ਵਿਚ ਕੀਤੀ ਰੰਗ ਰੰਗੇਲੀ,
ਮਲਿਆ ਜਿਉਂ ਬੇਲੀ ਨੂੰ ਬੇਲੀ,
ਪਰਖੀ ਜਿਵੇਂ ਸਰਾਫਾਂ ਬੈਲੀ,
ਦੋ ਧੜ ਕਰ ਗਈ ਮਹਾਂ ਗੁਸੈਲੀ, ਸਿਰ ਤੇ ਖੱਲ ਨੂੰ।
ਗੁਰ ਤੋਂ ਬੀਰ ਸਿੰਘ ਬਲਿਹਾਰੇ,
ਸਤਿਗੁਰ ਘਣੇ ਤੁਰਕ ਚੁਣ ਮਾਰੇ,
ਡਿਗ ਡਿਗ ਪੈਣ ਦੁਰਾਨੀ ਭਾਰੇ,
ਤੇਰੀ ਤੇਗ ਅਮਰ ਜੁਗ ਚਾਰੇ,
ਕਵਿਤਾ ਹੋਰ ਵਿਚਾਰ ਵਿਚਾਰੇ,
ਕੁੰਜਰ ਤਾਪ ਜਰ ਕਟਕਾ ਨਾਰੇ, ਠਣਕੀ ਟੱਲ ਨੂੰ।
ਫੁੱਲ ਹਰੀ ਕਿ ਹਰਿ ਜੀ ਹਾਂ,
ਦਰਸ਼ਨ ਅੰਮ੍ਰਿਤਸਰ ਜੀ ਜਾਂ, ਮੇਰਾ ਮਨ ਲੋਚਦਾ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਇਹ ਸਾਰਾ ਬਾਰਾਂ ਮਾਂਹ ਲਿਖਿਆ ਹੈ। ਕਿਸੇ ਕਿਸੇ ਥਾਂ ਸੁਹਣੀਆਂ ਉਪਮਾਵਾਂ ਤੇ ਅਲੰਕਾਰ ਵਰਤੇ ਹਨ। ਇਸ ਦੀ ਰਚਨਾ ਵੀ ਬੀਰ ਰਸ ਦਾ ਇਕ ਉਚ ਨਮੂਨਾ ਹੈ।

ਇਸ ਕਵੀ ਨੇ ਇਸ ਬਾਰਾਂ ਮਾਂਹ ਵਿਚ ਇਕ ਪਾਸੇ ਜੁੱਧ ਦਾ ਹਾਲ ਬਿਆਨ ਕੀਤਾ ਹੈ ਅਤੇ ਨਾਲ ਹੀ ਮਹੀਨੇ ਦੀ ਰੁੱਤ ਦਾ ਵੀ ਵਰਨਣ ਕੀਤਾ ਹੈ। ਫੱਗਣ ਦੇ ਮਹੀਨੇ ਦਾ ਮੁੱਢ ਇਸ ਤਰ੍ਹਾਂ ਕਰਦਾ ਹੈ:–

ਚੜ੍ਹਿਆ ਫੱਗਣ ਫਾਗ ਪਵਿਤਰ।
ਮੌਲੇ ਬਿਰਛ ਡਾਲ ਫਲ ਪੱਤਰ।

ਕਿਉਂਕਿ ਇਸ ਮਹੀਨੇ ਹੋਲੀ ਦਾ ਤਿਉਹਾਰ ਹੁੰਦਾ ਹੈ, ਇਸੇ ਮਹੀਨੇ ਵਿਚ ਅੱਗੇ ਜਾ ਕੇ ਇਹ ਕਵੀ ਲਿਖਦਾ ਹੈ:—

ਗੋਬਿੰਦ ਸਿੰਘ ਚੜ੍ਹਿਆ ਹੇਮ ਅੰਬਾਰੀ।
ਦੇਖਣ ਸੁਰ ਗੰਧਰਬ ਦੀ ਨਾਰੀ।
ਕੇਸਰ ਪੌਂਦੀ ਖੂਬ ਫੁਹਾਰੀ।
ਛੁੱਟੀ ਕਈ ਲਾਖ ਪਿਚਕਾਰੀ, ਸ੍ਰੀ ਆਨੰਦ ਪੁਰ।

ਇਸ ਬਾਰਾਂ ਮਾਂਹ ਦੇ ਅੰਤ ਵਿਚ ਕਵੀ ਨੇ ਇਹ ਦੋਹਰਾ ਲਿਖਿਆ ਹੈ, ਹੋ ਸਕਦਾ ਹੈ ਕਿ ਇਸੇ ਕਵੀ ਦਾ ਹੋਵੇ:—

ਰਾਜ ਕਰੇਗਾ ਖਾਲਸਾ, ਯਾਕੀ ਰਹੇ ਨ ਕੋਇ।
ਖੁਆਰ ਹੋਇ ਸਭ ਮਿਲੇਂਗੇ, ਬਚੇ ਸਰਨ ਜੋ ਹੋਇ।੧੨।

ਭਗਤੀ ਰਸ ਦੀ ਕਵਿਤਾ:–ਇਹ ਸਮਾਂ ਵੀ ਭਾਰਤ ਵਰਸ਼ ਲਈ ਤੇ ਖਾਸ ਕਰ ਕੇ ਪੰਜਾਬ ਲਈ ਇਕ ਭਿਆਨਕ ਸਮਾਂ ਸੀ। ਇਸ ਸਮੇਂ ਵਿਚ ਗਰੀਬ ਦਾਸ, ਬੁੱਧ ਸਿੰਘ, ਸੇਵਾਦਾਸ ਤੇ ਮਾਧੋ ਦਾਸ ਆਦਿ ਕਈ ਭਗਤ ਕਵੀ ਹੋਏ ਹਨ ਜਿਨ੍ਹਾਂ ਨੇ ਭਜਨ, ਬਾਰਾਂ ਮਾਂਹ, ਸਤਵਾਰੇ, ਕਾਫ਼ੀਆਂ ਆਦਿ ਉਚਾਰੀਆਂ। ਇਨ੍ਹਾਂ ਦੀਆਂ ਰਚਨਾਵਾਂ ਕੋਈ ਖਾਸ ਮਸ਼ਹੂਰ ਨਹੀ, ਪਰ ਤਦ ਵੀ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਦੇ ਮੋਤੀ ਜ਼ਰੂਰ ਹਨ।



Digitized by Panjab Digital Library | www.panjabdigilib.org

# ਰਣਜੀਤ ਸਿੰਘ ਕਾਲ

ਜਾਂ

## ਸਿੱਖ ਰਾਜ ਦਾ ਸਮਾਂ

(ਸੰਨ ੧੮੦੦ ਤੋਂ ੧੮੬੦ ਈ: ਤੱਕ)

ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦਾ ਸਮਾਂ ਸੀ ਜਦ ਕਿ ਪੰਜਾਬ ਵਿਚ ਹੰਨੇ ਹੰਨੇ ਦੀ ਅਮੀਰੀ ਬਣੀ ਹੋਈ ਸੀ। ਦੇਸ ਵਿਚ ਹਰ ਪਾਸੇ ਬੜੇ ਬੜੇ ਅਤਿਆਚਾਰ ਹੋ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਨਿਕੇ ਨਿਕੇ ਸਰਦਾਰਾਂ ਤੇ ਨਵਾਬਾਂ ਨੂੰ ਜਿੱਤ ਕੇ ਇਕ ਵਡੀ ਪੰਜਾਬੀ ਸਲਤਨਤ ਕਾਇਮ ਕੀਤੀ। ਕਹਿਣ ਨੂੰ ਇਹ ਸਿੱਖ ਰਾਜ ਸੀ, ਪਰ ਅਸਲ ਵਿਚ ਇਹ ਨਿਰੋਲ ਪੰਜਾਬੀ ਰਾਜ ਸੀ ਜਿਸ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਇਕੋ ਜਹੇ ਅਧਿਕਾਰ ਸਨ। ਇਸ ਸਮੇਂ ਵਿਚ ਕੁਝ ਕੁ ਕਵੀਆਂ ਨੇ ਚੰਗੇ ਚੰਗੇ ਕਿੱਸੇ ਲਿਖੇ। ਬਹੁਤੇ ਕਵੀ ਮੁਸਲਮਾਨ ਤੇ ਹਿੰਦੂ ਹੀ ਹੋਏ। ਇਸ ਸਮੇਂ ਦਾ ਇਕ ਵੀ ਸਿਖ ਮਸ਼ਹੂਰ ਕਵੀ ਨਹੀਂ ਮਿਲਦਾ, ਜਿਸ ਦੀ ਰਚਨਾ ਸਾਹਿਤ ਸੰਸਾਰ ਦੇ ਸਾਹਮਣੇ ਆ ਸਕੇ।



Digitized by Panjab Digital Library | www.panjabdigilib.org

# ਹਾਸ਼ਮ ਸ਼ਾਹ

(੧੭੫੫ ਤੋਂ ੧੮੧੯ ਈ:)

ਸੱਯਦ ਹਾਸ਼ਮ ਸ਼ਾਹ ਦਾ ਜਨਮ ਸੰਨ ੧੧੬੬ ਹਿਜਰੀ ਮੁਤਾਬਕ ੧੭੫੫ ਈਸਵੀ ਵਿਚ ਪਿੰਡ ਜਗਦੇ ਕਲਾਂ ਜ਼ਿਲਾ ਅੰਮ੍ਰਿਤ-ਸਰ ਵਿਚ ਹੋਇਆ। ਇਸ ਦੇ ਪਿਤਾ ਹਾਜੀ ਮੁਹੰਮਦ ਸ਼ਰੀਫ਼ ਕੁਰੈਸ਼ੀ ਤਰਖਾਣਾ ਕੰਮ ਕਰਦੇ ਸਨ। ਹਾਜੀ ਸਾਹਿਬ ਬੜੇ ਨੇਕ ਸਨ ਤੇ ਇਨ੍ਹਾਂ ਨੇ ਆਪਣੇ ਜੀਵਨ ਵਿਚ ੪੦ ਵਾਰੀ ਮੱਕੇ ਦਾ ਹੱਜ ਕੀਤਾ।

ਹਾਸ਼ਮ ਸ਼ਾਹ ਨੂੰ ਮੁੱਢ ਤੋਂ ਹੀ ਵਿੱਦਿਆ ਦਾ ਬੜਾ ਸ਼ੌਕ ਸੀ। ਇਸ ਨੇ ਛੋਟੀ ਉਮਰ ਵਿਚ ਹੀ ਕਾਫ਼ੀ ਵਿਦਿਆ ਪੜ੍ਹ ਲਈ, ਇਹ ਰਮਲ ਤੇ ਜੋਤਸ਼ ਵਿੱਦਿਆ ਦਾ ਵੀ ਸ਼ੌਕ ਰਖਦਾ ਸੀ। ਇਸ ਨੇ ਥੋੜੇ ਸਮੇਂ ਵਿਚ ਹੀ ਕਾਫ਼ੀ ਮਸ਼ਹੂਰੀ ਖੱਟ ਲਈ। ਇਕ ਵਾਰੀ ਇਹ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਇਸ ਨੇ ਹੇਠ ਲਿਖੀ ਡਿਓਢ ਗਾ ਕੇ ਸੁਣਾਈ:--

ਕਾਮਲ ਸ਼ੌਕ ਮਾਹੀ ਦਾ ਮੈਨੂੰ,
    ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।
ਰਾਂਝਣ ਬੇ-ਪ੍ਰਵਾਹੀ ਕਰਦਾ,
    ਕੋਈ ਗੁਨਾਹ ਨਾ ਦਸਦਾ, ਉਠ ਉਠ ਨੱਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ,
    ਵੇਖ ਤੱਤੀ ਵੱਲ ਹੱਸਦਾ, ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ,
    ਆਸ਼ਕ ਹੋਣ ਦਰਸ ਦਾ ਬਿਹੋਂ ਰਸਦਾ।

ਕਹਿੰਦੇ ਹਨ ਕਿ ਇਹ ਡਿਓਢ ਮਹਾਰਾਜਾ ਸਾਹਿਬ ਦੇ ਦਿਲ ਨੂੰ ਬਹੁਤ ਭਾਈ, ਜਿਸ ਕਰਕੇ ਇਸ ਨੂੰ ਬਹੁਤ ਸਾਰਾ ਇਨਾਮ ਮਿਲਿਆ ਤੇ ਇਹ ਰਾਜ ਕਵੀ ਬਣ ਗਿਆ। ਸਮੇਂ ਸਮੇਂ ਰਾਜ



Digitized by Panjab Digital Library | www.panjabdigilib.org

ਦਰਬਾਰ ਵਿਚ ਆਉਂਦਾ ਤੇ ਆਪਣੀਆਂ ਰਚਨਾਵਾਂ ਮਹਾਰਾਜ ਸਾਹਿਬ ਦੀ ਹਜ਼ੂਰੀ ਵਿਚ ਸੁਣਾਉਂਦਾ। ਮਹਾਰਾਜ ਸਾਹਿਬ ਦੀ ਦਰਿਆ ਦਿਲੀ ਦੇ ਸਦਕੇ ਵੱਡੇ ਇਨਾਮ ਪਾਉਂਦਾ।

ਇਸ ਨੇ ਪੰਜਾਬੀ ਵਿਚ ਫੁਟਕਲ ਦੋਹਰੇ, ਸੱਸੀ ਪੁੰਨੂੰ, ਸ਼ੀਰੀਂ ਫ਼ਰਿਹਾਦ, ਸੋਹਣੀ ਮਹੀਂਵਾਲ, ਅਤੇ ਹੀਰ ਰਾਂਝਾ ਆਦਿਕ ਕਿੱਸੇ ਲਿਖੇ। ਇਨ੍ਹਾਂ ਵਿੱਚੋਂ 'ਸੱਸੀ' ਦਾ ਕਿੱਸਾ ਬਹੁਤ ਹੀ ਪ੍ਰਸਿਧ ਹੈ। ਜਿਸ ਤਰ੍ਹਾਂ ਹੀਰ ਦਾ ਕਿੱਸਾ ਵਾਰਸ ਸ਼ਾਹ ਦਾ ਪ੍ਰਸਿਧ ਹੈ ਇਸੇ ਤਰ੍ਹਾਂ ਹਾਸ਼ਮ ਦੀ ਸੱਸੀ ਪੰਜਾਬੀ ਸਾਹਿੱਤ ਵਿਚ ਇਕ ਖਾਸ ਮਹਾਨਤਾ ਰਖਦੀ ਹੈ।

ਇਸ ਨੇ ਆਪਣੇ ਸਾਰੇ ਕਿੱਸੇ ਚਾਰ ਕਲੀਏ ਬੈਂਤਾਂ ਵਿਚ ਲਿਖੇ ਹਨ ਜਿਨ੍ਹਾਂ ਦੀ ਧਾਰਨਾ ਦਵੱਯਾ ਛੰਦ ਨਾਲ ਮਿਲਦੀ ਹੈ। ਇਸ ਨੇ ਪਿਆਰ ਅਥਵਾ ਇਸ਼ਕ ਦਾ ਬਿਆਨ ਕਰਨ ਲੱਗਿਆਂ ਕਮਾਲ ਕਰ ਦਿੱਤਾ ਹੈ। ਹੀਰ ਦੇ ਕਿਸੇ ਵਿਚ ਹੀਰ ਦੇ ਦਿਲ ਦਾ ਜਜ਼ਬਾ ਇਸ ਤਰ੍ਹਾਂ ਬਿਆਨ ਕੀਤਾ ਹੈ:--

ਹੀਰ ਆਪਣੀ ਮਾਂ ਨੂੰ ਕਹਿੰਦੀ ਹੈ:--

ਮਾਏਂ ਬੈਠ ਅਖੀਂ ਵਿਚ ਵੇਖੀਂ,
ਮੈਨੂੰ ਚਾਕ ਕਿਹਾ ਕੁਝ ਦਿਸਦਾ।
ਹਾਸ਼ਮ ਪੀੜ ਤਿਸੇ ਤਨ ਹੋਵੇ,
ਕੋਈ ਘਾਉ ਦੁਖਾਵੇ ਜਿਸਦਾ।
ਵਾਰ ਸੁੱਟਾਂ ਮੈਂ ਮੈਂ ਹੁਣ ਲੋਕਾਂ,
ਜਿਨਾਂ ਰਾਂਜਣ ਖੜਿਆ ਬੇਲੇ।
ਨਦੀਆਂ ਨਾਲੇ ਤੇ ਬਿਸੀਅਰ ਕਾਲੇ,
ਅਤੇ ਬੇਲੇ ਸ਼ੇਰ ਬਘੇਲੇ।
ਰਾਂਝਣ ਯਾਰ ਕਦੋਂ ਘਰ ਆਵੇ,
ਭੈੜੀ ਰਾਤ ਪਉਗ ਕਿਸ ਵੇਲੇ।
ਹਾਸ਼ਮ ਮਾਣ ਹਯਾਤੀ ਮੇਰੀ
ਰੱਬ ਚਾਕ ਸਲਾਮਤ ਮੇਲੇ।



Digitized by Panjab Digital Library | www.panjabdigilib.org

ਇਸ ਨੇ ਦੱਸਿਆ ਹੈ ਕਿ ਇਸ਼ਕ ਕੋਈ ਸੌਖਾ ਕੰਮ ਨਹੀਂ, ਇਸ ਵਿਚ ਜਾਨ ਤਕ ਕੁਰਬਾਨ ਕਰਨੀ ਪੈਂਦੀ ਹੈ:--

ਹਾਸ਼ਮ ਇਸ਼ਕ ਸੁਖਾਲਾ ਨਾਹੀਂ,
ਮਰ ਕੇ ਆਸ਼ਕ ਥੀਂਦੇ।
ਹਰਦਮ ਜਾਨ ਜਿਗਰ ਦਾ ਲਹੂ,
ਚੁਲੀਆਂ ਭਰ ਭਰ ਪੀਂਦੇ।

ਇਹ ਇਕ ਇਸ਼ਕ ਦੇ ਰਾਹ ਉਤੇ ਤੁਰਨ ਵਾਲੇ ਨੌਜਵਾਨ ਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਹਨ--

ਰੱਖੀਂ ਲਾਜ ਨਿਲੱਜ ਨਾ ਹੋਵੀਂ,
ਏਥੇ ਪੈਰ ਪਿਛਾਂਹ ਨਹੀਂ ਧਰਨਾ।
ਜ਼ਹਿਰ ਖੁਰਾਕ ਬਣਾਈਂ ਆਪੇ,
ਅਤੇ ਮਰਨ ਕੋਲੋਂ ਕੀ ਡਰਨਾ।
ਚਮਕੀ ਚਿਖਾ ਇਸ਼ਕ ਦੀ ਪਿਆਰੇ,
ਏਥੇ ਸਾਬਤ ਜੋ ਜਲ ਮਰਨਾਂ।
'ਹਾਸ਼ਮ' ਇਹ ਕਮਾਲ ਇਸ਼ਕ ਦਾ,
ਜੋ ਸੀਸ ਅਗਾਹਾਂ ਧਰਨਾ।

ਜਿਹੜੇ ਕਹਿੰਦੇ ਹਨ ਕਿ ਅਸੀਂ ਕਿਸੇ ਨੂੰ ਜਾਦੂ ਜਾਂ ਟੂਣੇ ਨਾਲ ਵੱਸ ਕਰ ਲਿਆ ਹੈ, ਇਹ ਝੂਠ ਹੈ। ਇਹ ਦਸਦਾ ਹੈ ਕਿ ਦਿਲ ਦੀ ਤਾਕਤ ਹੀ ਵੱਡਾ ਜਾਦੂ ਹੈ, ਬਾਕੀ ਸਭ ਫ਼ਜ਼ੂਲ ਹੈ:--

ਤਨ ਦੀ ਚਿਖਾ ਬਣਾਵੇ ਦੀਪਕ,
ਤਾਂ ਆਣ ਜਲਣ ਪਰਵਾਨੇ।
ਭਾਂਬੜ ਹੋਰ ਹਜ਼ਾਰਾਂ ਦਿਸਦੇ,
ਪਰ ਓਸ ਪਤੰਗ ਦੀਵਾਨੇ।
ਆਪਣਾ ਆਪ ਬਣਾਵੇ ਕੋਲੇ,
ਸੋ ਕਰੇ ਕਬਾਬ ਬਗਾਨੇ।



Digitized by Panjab Digital Library | www.panjabdigilib.org

ਹਾਸ਼ਮ ਰਾਹ ਦਿਲਾਂ ਦਾ ਦਿਲ ਨੂੰ,
ਹੋਰ ਜਾਦੂ ਸਿਹਰ ਬਹਾਨੇ।

ਸੱਸੀ —ਇਸ ਨੇ ਸੱਸੀ ਦਾ ਕਿੱਸਾ ਲਿੱਖਣ ਲੱਗਿਆਂ ਕਮਾਲ ਕਰ ਦਿੱਤੀ ਹੈ। ਸੱਸੀ ਦਾ ਸਿਦਕ ਇਸਤਰ੍ਹਾਂ ਦੱਸਿਆ ਹੈ:-

ਮਰਸਾਂ ਮੂਲ ਨਾ ਡਰਸਾਂ ਰਾਹੋਂ,
ਜਾਨ ਤਲੀ ਪੁਰ ਧਰਸਾਂ।
ਜਦ ਤਕ ਜਾਨ ਰਹੇ ਵਿਚ ਤਨ ਦੇ,
ਮਰਨੋਂ ਮੂਲ ਨਾ ਡਰਸਾਂ।
ਜੇ ਰੱਬ ਕੂਕ ਸੱਸੀ ਦੀ ਸੁਣਸੀ,
ਜਾ ਪੱਲਾ ਉਸ ਫੜਸਾਂ।
'ਹਾਸ਼ਮ' ਨਹੀਂ ਸ਼ਹੀਦਨ ਹੋ ਕੇ,
ਥਲ ਮਾਰੂ ਵਿਚ ਮਰਸਾਂ।

ਮਾਰੂ ਥਲ ਦਾ ਨਕਸ਼ਾ ਕੀ ਖਿੱਚਿਆ ਹੈ ਅੱਖਾਂ ਸਾਹਮਣੇ ਤਪਿਆ ਹੋਇਆ ਮਾਰੂ ਥਲ ਬਣਾ ਕੇ ਰਖ ਦਿਤਾ ਹੈ:-

ਚਮਕੀ ਆਣ ਦੁਪਹਿਰਾਂ ਵੇਲੇ,
ਗਰਮੀ ਗਰਮੀ ਭਾਰੇ।
ਤਪਦੀ ਲੂ ਵੱਗੇ ਅਸਮਾਨੀਂ,
ਪੰਛੀ ਮਾਰ ਉਡਾਰੇ।
ਆਤਸ਼ ਦਾ ਦਰਿਆ ਖਲੋਤਾ,
ਥਲ ਮਾਰੂ ਵਿਚ ਸਾਰੇ।
ਹਾਸ਼ਮ ਫੇਰ ਪਿਛਾਂਹ ਨ ਮੁੜਦੀ,
ਲੂੰ ਲੂੰ 'ਹੋਤ' ਪੁਕਾਰੇ।

ਸੱਸੀ ਦਾ ਸਿਦਕ ਤੇ ਯਕੀਨ ਬਿਆਨ ਕਰਨ ਲੱਗਿਆਂ ਇਸ ਨੇ ਸੁਹਣਾ ਅਲੰਕਾਰ ਵਰਤਿਆ ਹੈ ਅਤੇ ਦਸਿਆ ਹੈ ਕਿ ਸੱਸੀ ਦਾ ਸਿਦਕ ਦੇਖ ਕੇ ਸੂਰਜ ਵੀ ਹਾਰ ਮੰਨ ਗਿਆ ਤੇ ਉਸ ਨੇ ਹਾਰ ਕੇ



Digitized by Panjab Digital Library | www.panjabdigilib.org

ਬੱਦਲੀ ਦੇ ਉਹਲੇ ਆਪਣਾ ਮੂੰਹ ਲੁਕਾ ਲਿਆ:-

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨ ਹਾਰੇ।

ਜਦੋਂ ਪੁੰਨੂੰ ਦੇ ਭਰਾ ਸੁੱਤੇ ਪਏ ਪੁੰਨੂੰ ਨੂੰ ਊਠ ਉਤੇ ਲੱਦ ਕੇ ਲੈ ਜਾਂਦੇ ਹਨ ਤਾਂ ਜਦੋਂ ਸੱਸੀ ਸੁੱਤੀ ਉਠਦੀ ਹੈ ਤੇ ਉਸ ਨੂੰ ਪਤਾ ਲਗਦਾ ਹੈ ਕਿ ਹੋਤ ਪੁੰਨੂੰ ਨੂੰ ਚੁਰਾ ਕੇ ਲੈ ਗਏ ਹਨ, ਉਸ ਵੇਲੇ ਸੱਸੀ ਕਹਿੰਦੀ ਹੈ, "ਉਹ ਕੀ ਜਾਣਨ ਸਾਰ ਇਸ਼ਕ ਦੀ ਊਠ ਚਰਾਵਣ ਵਾਲੇ।" ਕਹੀ ਦਿਲ ਸਾੜਵੀਂ ਚੋਟ ਹੈ।

ਜਦੋਂ ਸੱਸੀ ਮਾਰੂ ਥੱਲ ਵਿਚ "ਪੁੰਨੂੰ! ਪੁੰਨੂੰ!" ਕਰਦੀ ਦੌੜੀ ਜਾਂਦੀ ਹੈ, ਪਰ ਪੁੰਨੂੰ ਕਿਤੇ ਨਹੀਂ ਦਿਸਦਾ ਕਵੀ ਉਸ ਸਮੇਂ ਦੀ ਹਾਲਤ ਇਸ ਤਰ੍ਹਾਂ ਬਿਆਨ ਕਰਦਾ ਹੈ:-

ਦਿਲ ਵਿਚ ਤਪਸ਼, ਥਲਾਂ ਦੀ ਗਰਮੀ,
ਆਣ ਫਿਰਾਕ ਰੰਜਾਣੀ।
ਕਿਚਰਕ ਨੈਨ ਕਰਨ ਦਿਲਬਰੀਆਂ,
ਜਾਨ ਲਬਾਂ ਤੇ ਆਣੀ।
ਫੜ ਫੜ ਡਾਢ ਕਰੇ ਹਠ ਦਿਲ ਦਾ,
ਪਰ ਜਦ ਬਹੁਤ ਵਿਹਾਣੀ।
ਹਾਸ਼ਮ ਯਾਦ ਭੰਬੋਰ ਪਿਆ ਉਸ,
ਟੁਟ ਗਿਆ ਮਾਣ ਨਿਮਾਣੀ।

ਜਦੋਂ ਸੱਸੀ ਵਿਆਕੁਲ ਹੋਈ ਡਿੱਗਦੀ ਢਹਿੰਦੀ ਤੇ ਉਠਦੀ ਹੈ ਉਸ ਵੇਲੇ ਦਾ ਨਕਸ਼ਾ ਇਸਤਰ੍ਹਾਂ ਖਿੱਚਿਆ ਹੈ: -

ਕੁਝ ਬਹਿੰਦੀ, ਕੁਝ ਡਿਗਦੀ ਢਹਿੰਦੀ,
ਉਠਦੀ ਤੇ ਦਮ ਲੈਂਦੀ।



Digitized by Panjab Digital Library | www.panjabdigilib.org

ਜਿਉਂ ਕਰ ਟੋਟ ਸ਼ਰਾਬੋਂ ਆਵੇ,
ਫੇਰ ਉਤਾਂਹ ਵਲ ਵਹਿੰਦੀ।

ਕਿਹਾ ਸੋਹਣਾ ਦ੍ਰਿਸ਼ਟਾਂਤ ਵਰਤਿਆ ਹੈ। ਸਸੀ ਅੱਕ ਕੇ ਉਹਨਾਂ ਹੋਤਾਂ ਤੇ ਉਸ ਡਾਚੀ ਨੂੰ ਇਸਤਰ੍ਹਾਂ ਸਰਾਪ ਦੇਂਦੀ ਹੈ:–

ਸ਼ਾਲਾ! ਰਹਿਣ ਕਿਆਮਤ ਤਾਈਂ,
ਨਾਲ ਸੂਲਾਂ ਦੇ ਲਟਕੇ,
ਹਾਸ਼ਮ ਮਰਨ ਕਮੌਤ ਬਦੇਸੀਂ,
ਲੂਣ ਵਾਂਗੂ ਖਰ ਖਰ ਕੇ,
ਓੜਕ ਵਕਤ ਕਹਿਰ ਦੀਆਂ ਕੂਕਾਂ,
ਸੁਣ ਪੱਥਰ ਢੱਲ ਜਾਵੇ,
ਜਿਸ ਵਾਚੀ ਮੇਰਾ ਪੁੰਨੂੰ ਖੜਿਆ,
ਸ਼ਾਲਾ! ਉਹ ਦੋਜ਼ਖ਼ ਵਲ ਜਾਵੇ।

ਪਰ ਏਨੀ ਗੱਲ ਕਹਿਣ ਮਗਰੋਂ ਉਹ ਕੁਝ ਹੋਸ਼ ਕਰਦੀ ਹੈ ਕਿ ਹੈਂ, ਇਹ ਮੈਂ ਕੀ ਕਹਿ ਦਿਤਾ। ਕਿਉਂਕਿ ਉਸ ਡਾਚੀ ਵਰਗਾ ਖੁਸ਼ ਕਿਸਮਤ ਹੋਰ ਕੌਣ ਹੋ ਸਕਦਾ ਹੈ, ਜਿਸ ਉਤੇ ਪਿਆਰੇ ਯਾਰ ਨੇ ਸਵਾਰੀ ਕੀਤੀ ਹੋਵੇ:--

ਫਿਰ ਮੁੜ ਸਮਝ ਕਰੇ ਲਖ ਤੋਬਾ,
ਮੈਥੋਂ ਬਹੁਤ ਬੇਅਦਬੀ ਹੋਈ,
ਜਿਸ ਪਰ ਯਾਰ ਕਰੇ ਅਸਵਾਰੀ,
ਤਿਸ ਦੇ ਜੇਡ ਨ ਕੋਈ,
ਇਕ ਮੈਂ ਵਾਂਗ ਨਿਕਰਮਣ ਤਾਈਂ,
ਕਿਤ ਵਲ ਮਿਲੇ ਨ ਢੋਈ,
ਹਾਸ਼ਮ ਕੌਂਤ ਮਿਲੇ ਹੁਣ ਜਿਸ ਨੂੰ,
ਜਾਣ ਸੁਹਾਗਣ ਸੋਈ।

ਇਸ ਦੀ ਬੋਲੀ ਦਰਿਆ ਰਾਵੀ ਦੇ ਕੰਢੇ ਦੀ ਠੇਠ ਪੰਜਾਬੀ ਹੈ।



Digitized by Panjab Digital Library | www.panjabdigilib.org

ਥਾਂ ਥਾਂ ਸੁਹਣੇ ਸੁਹਣੇ ਅਲੰਕਾਰ ਵਰਤੇ ਹਨ। ਪਿਆਰ ਜਾਂ ਇਸ਼ਕ ਦਾ ਬਿਆਨ ਬੜੀ ਖ਼ੂਬੀ ਨਾਲ ਕੀਤਾ ਹੈ ਜੋ ਪ੍ਰੇਮੀਆਂ ਦੇ ਦਿਲਾਂ ਨੂੰ ਅਣਿਆਲੇ ਤੀਰਾਂ ਵਾਂਗ ਵਿੰਨ੍ਹਦਾ ਚਲਾ ਜਾ ਰਿਹਾ ਹੈ। ਇਹ ਕਿਤੇ ਸੂਫ਼ੀ ਫ਼ਕੀਰਾਂ ਵਾਂਗ ਮਸਤ ਹੋ ਜਾਂਦਾ ਹੈ ਤੇ ਹਰ ਪਾਸੇ ਆਪਣੇ ਪਿਆਰੇ ਨੂੰ ਹੀ ਦੇਖਦਾ ਹੈ, ਹਰ ਰੰਗ ਵਿਚ ਉਸ ਦਾ ਜਲਵਾ ਲੈਂਦਾ। ਆਪਣੇ ਪਿਆਰੇ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਹੈ: -

ਦਿਲ ਤੂੰ ਹੀ ਦਿਲਬਰ ਵੀ ਤੂੰ ਹੀ ਅਤੇ ਵੈਦ ਤੂੰ ਹੀ, ਦੁਖ ਤੇਰਾ।
ਨੀਂਦਰ ਭੁੱਖ ਆਰਾਮ ਤੂੰ ਹੀ ਤੂੰ ਅਤੇ ਤੈਂ ਬਿਨ ਜਗਤ ਅੰਧੇਰਾ।
ਨੈਣ ਪ੍ਰਾਣ ਹਯਾਤੀ ਤੂੰ ਹੀ ਇਕ ਹਰਫ਼ ਨਹੀਂ ਵਿਚ ਮੇਰਾ।
ਹਾਸ਼ਮ ਸਾਂਝ ਤੁਹਾਡੇ ਦਮ ਦੀ, ਹੋਰ ਵੱਸਦਾ ਮੁਲਕ ਬਥੇਰਾ।

ਸੱਚ ਹੈ ਜਿਥੇ ਪਿਆਰਾ ਓਥੇ ਹੀ ਆਪਣੀ ਦੁਨੀਆਂ। ਸੱਸੀ ਦੇ ਕਿੱਸੇ ਵਿਚ ਤਾਂ ਇਸ ਨੇ ਕਮਾਲ ਕਰ ਛੱਡੀ ਹੈ। ਇਸ ਦਾ ਦੂਸਰਾ ਮਸ਼ਹੂਰ ਕਿੱਸਾ ਸ਼ੀਰੀਂ ਫ਼ਰਿਆਦ ਹੈ। ਇਸ ਕਿੱਸੇ ਦੀ ਕਵਿਤਾ ਦੀ ਛੰਦ ਰਚਨਾ ਕਮਾਲ ਹੈ। ਧਾਰਨਾ ਤਾਂ ਸੱਸੀ ਦੇ ਕਿੱਸੇ ਵਾਲੀ ਹੀ ਹੈ, ਪਰ ਖਿਆਲ ਬਿਲਕੁਲ ਵੱਖਰੇ ਤੇ ਅਨੋਖੇ ਹਨ। ਇਸ ਕਿੱਸੇ ਵਿਚ ਇਹ ਇਸ਼ਕ ਬਾਬਤ ਇਸ ਤਰ੍ਹਾਂ ਬਿਆਨ ਕਰਦਾ ਹੈ:—

ਹਾਸ਼ਮ ਇਸ਼ਕ ਸੁਖਾਲਾ ਨਾਹੀਂ, ਮਰ ਕੇ ਆਸ਼ਕ ਥੀਂਦੇ।
ਹਰਦਮ ਜਾਨ ਜਿਗਰ ਦਾ ਲਹੂ, ਚੁਲੀਆਂ ਭਰ ਭਰ ਪੀਂਦੇ।

ਸਚ ਹੈ ਆਸ਼ਕ ਸਦਾ ਜਿਗਰ ਦਾ ਲਹੂ ਹੀ ਪੀਂਦੇ ਹਨ ਤੇ ਪਿਆਰ ਦੇ ਵਿਯੋਗ ਵਿਚ ਤੜਤਦੇ ਰਹਿੰਦੇ ਹਨ। ਇਸ਼ਕ ਨਿਰਾ ਲਹੂ ਹੀ ਨਹੀਂ ਪੀਂਦਾ ਸਗੋਂ ਸਾੜ ਕੇ ਸੁਵਾਹ ਕਰ ਦੇਂਦਾ ਹੈ। ਕਵੀ ਕਹਿੰਦਾ ਹੈ।

ਇਸ਼ਕ ਅਸਾਂ ਨਾਲ ਜੇਹੀ ਕੀਤੀ,
ਜਿਉਂ ਰੁਖਾਂ ਨਾਲ ਪਾਲਾ,।
ਸਿਰ ਸਿਰ ਹੋਏ ਗੁਨਾਹੀਂ ਕਮਲੇ,
ਸਾਨੂੰ ਮਿਲਿਆ ਦੇਸ ਨਿਕਾਲਾ।



Digitized by Panjab Digital Library | www.panjabdigilib.org

ਕਵੀ ਕਹਿੰਦਾ ਕਿ ਇਸ਼ਕ ਦੇ ਮੈਦਾਨ ਵਿਚ ਪੈਰ ਰੱਖੀਏ ਤਾਂ ਫੇਰ ਪਿੱਛੇ ਨਹੀਂ ਹਟਣਾ ਚਾਹੀਦਾ। ਭਾਵੇਂ ਇਸ਼ਕ ਦੇ ਰਾਹ ਤੋਂ ਹੋਰ ਕੋਈ ਲਾਭ ਨਹੀਂ, ਸਵਾਏ ਜਾਨ ਕੁਰਬਾਨ ਕਰਨ ਦੇ ਹੋਰ ਕੁਝ ਬਣ ਨਹੀਂ ਆਂਉਂਦੀ, ਤਦ ਵੀ ਇਕ ਆਸ਼ਕ ਦਾ ਇਹ ਧਰਮ ਹੈ ਕਿ ਜੋ ਇਸ਼ਕ ਦੇ ਰਾਹ ਤੇ ਪੈਰ ਰੱਖਿਆ ਹੈ ਤਾਂ ਪਿਛੇ ਨਾ ਹਟੇ, ਜਾਨ ਕੁਰ-ਬਾਨ ਕਰ ਦੇਵੇ:-

ਸੰਭਲ ਖੇਤ ਮੈਦਾਨ ਇਸ਼ਕ ਦਾ,
ਹੁਣ ਨਿਕਲੀ ਤੇਗ ਮਿਆਨੋਂ।
ਖਾ ਮਰ ਜ਼ਹਿਰ ਪਿਆਰੀ ਕਰਕੇ,
ਜੋ ਲਈ ਹੈਈ ਏਸ ਦੁਕਾਨੋ।
ਸਿਰ ਦੇਵਣਦਾ ਸਾਕ ਇਸ਼ਕ ਦਾ,
ਹੋਰ ਨਫ਼ਾ ਨਾ ਅਕਲ ਗਿਆਨੋਂ।
ਹਾਸ਼ਮ ਬਾਝ ਮੋਇਆਂ ਨਹੀਂ ਬਣਦੀ;
ਅਸਾਂ ਡਿਠਾ ਬੇਦ ਕੁਰਾਨੋ।

ਕਹੀ ਸੁਹਣੀ ਗਵਾਹੀ ਦਿੱਤੀ ਹੈ। ਬੇਦ ਤੇ ਕੁਰਾਨ ਵੀ ਇਸ਼ਕ ਦੇ ਰਾਹ ਤੇ ਚਲਣ ਦੀ ਸਿਖਿਆ ਦੇਂਦੇ ਹਨ। ਆਸ਼ਕ ਨਹੀਂ ਚਾਹੁੰਦੇ ਕਿ ਆਪਣੇ ਪਿਆਰੇ ਨੂੰ ਦੁਨੀਆਂ ਵਿਚ ਬਦਨਾਮ ਕੀਤਾ ਜਾਏ, ਪਰ ਇਹ ਬਿਰਹੋਂ ਇਸ਼ਕ ਨੂੰ ਲੁਕਿਆ ਨਹੀਂ ਰਹਿਣ ਦੇਂਦਾ। ਫ਼ਰਿਹਾਦ ਕਹਿੰਦਾ ਹੈ:-

ਦਿਲਬਰ ਯਾਦ ਕਹੀ ਤੁਧ ਕੀਤੀ,
ਮੇਰੇ ਸਾਸ ਲਬਾਂ ਤੇ ਆਏ।
ਜ਼ਾਹਿਰ ਕਰਾਂ ਹੋਵਾਂ ਜਗ ਰੁਸਵਾ,
ਤੇ ਹੋ ਖਾਮੋਸ਼ ਨਾ ਜਾਏ।
ਮੈਂ ਕਰ ਸ਼ਰਮ ਵੜਾਂ ਵਿਚ ਵਿਹੜੇ,
ਪਰ ਬਿਰਹੋਂ ਢੋਲ ਵਜਾਏ।



Digitized by Panjab Digital Library | www.panjabdigilib.org

ਸ਼ੀਰੀਂ ਦਾ ਹੁਸਨ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ-

ਇਕ ਜੋ ਚੰਦ ਅਸਮਾਨੀ ਨੂਰੀ,
ਸਾਹਿਬ ਰੱਬ ਟਿਕਾਇਆ।
ਦੂਜਾ ਸ਼ਾਮ ਸ਼ਹਿਰ ਵਿਚ ਸ਼ੀਰੀਂ,
ਖਾਕੀ ਚੰਦ ਬਣਾਇਆ।
ਉਸ ਨੂੰ ਵੇਖ ਫ਼ਰਿਸ਼ਤੇ ਜੀਵਨ,
ਆਦਮ ਕੌਣ ਵਿਚਾਰੇ,
ਪੰਛੀ ਵੇਖ ਡਿਗਣ ਅਸਮਾਨੋਂ,
ਆਸ਼ਕ ਹੋਵਣ ਸਾਰੇ,
ਜਿੰਹਵਲਧਿਆਨ ਧਰੇਂਦੇ ਆਕਲ
ਵਹਿਸ਼ੀ ਹੋਣ ਦਿਵਾਨੇ,
ਸ਼ੀਰੀਂ ਸੁਖਨ ਕਰੇ ਜਦ ਸ਼ੀਰੀਂ,
ਲਗਦੇ ਤੀਰ ਨਿਸ਼ਾਨੇ,
ਸੁਰਖੀ ਲਾਲ ਲਬਾਂ ਪਰ ਰਹਿੰਦੀ,
ਲਾਡ ਹੁਸਨ ਦੇ ਥੀਂਦੀ,
ਦਰਦ ਮੰਦਾਂ ਦੇ ਦਿਲ ਦਾ ਲਹੂ,
ਭਰ ਭਰ ਚੁਲੀਆਂ ਪੀਂਦੀ।

ਸ਼ੀਰੀਂ ਦੇ ਸੁਹਲ ਪੁਣੇ ਤੇ ਨਜ਼ਾਕਤ ਦਾ ਬਿਆਨ ਕਿਸ ਖੂਬੀ ਨਾਲ ਕੀਤਾ ਹੈ। ਕਿਹਾ ਸੁਹਣਾ ਅਤਿ-ਕਥਨੀ ਅਲੰਕਾਰ ਵਰਤਿਆ ਹੈ-

ਨਾਜ਼ਕ ਪੈਰ ਸ਼ੀਰੀਂ ਰੰਗ ਮਹਿੰਦੀ,
ਨਾਜ਼ ਨਿਆਜ਼ਾਂ ਵਾਲੇ।
ਜੇ ਉਹ ਪੈਰ ਜ਼ਿਮੀਂ ਤੇ ਰਖੇ,
ਪੁਰ ਪੁਰ ਲੂੰ ਵਿਚ ਛਾਲੇ।

ਫ਼ਰਿਹਾਦ ਦਾ ਹਾਲ ਬਿਆਨ ਕਰਦੇ ਹੋਏ ਦਸਦੇ ਹਨ ਕਿ ਜਦੋਂ ਸ਼ੀਰੀਂ ਦੇ ਪਿਤਾ ਰਾਜੇ ਨੇ ਫ਼ਰਿਹਾਦ ਨੂੰ ਪਾਗਲ ਜਾਣ ਕੇ ਉਸ ਦੇ



Digitized by Panjab Digital Library | www.panjabdigilib.org

ਸਿਰ ਵਿਚੋਂ ਕੁਝ ਲਹੂ ਕਢਵਾਉਣਾ ਚਾਹਿਆ ਤਾਂ ਉਸ ਵਿਚੋਂ ਲਹੂ ਕਿਥੋਂ ਨਿਕਲਣਾ ਸੀ। ਕਵੀ ਲਿਖਦਾ ਹੈ:-

ਨਸ਼ਤਰ ਮਾਰ ਰਹੇ ਪਰ ਜ਼ੱਰਾ,
ਖ਼ੂਨ ਨਾ ਬਾਹਰ ਆਵੇ।
ਓਥੇ ਸ਼ੇਰ ਬਘੇਲਾ ਉਸ ਦਾ,
ਖ਼ੂਨ ਜਿਗਰ ਦਾ ਖਾਵੇ।
ਆਸ਼ਕ ਬਣਨਾ ਸੂਲੀ ਚੜ੍ਹਨਾ,
ਨਾਹੀਂ ਕਾਰ ਸੁਖਾਲੀ।
ਪਰ ਦੁਨੀਆਂ ਅੰਦਰ ਹਰਗਿਜ਼ ਨਾਹੀਂ,
ਲੱਜ਼ਤ ਇਸ਼ਕੇ ਵਾਲੀ।
ਇਸ਼ਕ ਛਪਾਇਆ ਛਪਦਾ ਨਾਹੀਂ,
ਭਾਹ ਨਾ ਛੁਪਦੀ ਕੱਖੀਂ।
ਓੜਕ ਇਕ ਦਿਨ ਬਾਹਰ ਆਵੇ,
ਨਸ਼ਰ ਹੋਵੇ ਵਿਚ ਲੱਖੀਂ।
ਸੋਨਾਂ ਵੇਚ ਸੁਆਹ ਖਰੀਦੇ,
ਬਣੇ ਦੀਵਾਨਾ ਸੋਈ।
ਵਕਤ ਵਿਹਾਵੇ ਪੱਛੋਤਾਵੇ,
ਕਾਜ ਨਾ ਸਰਦਾ ਕੋਈ।

ਸੱਚ ਹੈ ਇਸ਼ਕ ਦੇ ਰਾਹ ਤੇ ਪਿਆਂ ਇਹੋ ਹਾਲਤ ਹੁੰਦੀ ਹੈ। ਪਰ ਜਿਸ ਦੇ ਦਿਲ ਵਿਚ ਇਕ ਵਾਰੀ ਕੋਈ ਵੱਸ ਜਾਵੇ ਉਸ ਦਾ ਖਿਆਲ ਦੂਰ ਕਰਨਾ ਕੋਈ ਸੋਖਾ ਕੰਮ ਨਹੀਂ, ਉਸ ਤੋਂ ਬਿਨਾ ਉਸ ਦੇ ਦਿਲ ਨੂੰ ਪਲ ਭਰ ਵੀ ਚੈਨ ਨਹੀਂ ਆਉਂਦਾ:--

ਜਿਸ ਨੂੰ ਤਲਬ ਹੋਵੇ ਜਿਸ ਦਿਲ ਦੀ, ਨਹੀਂ ਹਟਦਾ ਲੱਖ ਹਟਾਏ।
ਤਿਸ ਦੇ ਬਾਝ ਨ ਹੋਗ ਤਸੱਲੀ, ਭਾਵੇਂ ਸੌ ਕਰ ਗਿਆਨ ਸੁਣਾਏ।
ਮਜਨੂੰ ਬਾਝ ਲੇਲੀ ਖੁਸ਼ ਨਾਹੀਂ, ਭਾਵੇਂ ਰੱਬ ਨੂੰ ਜਾ ਮਿਲਾਏ।
ਹਾਸ਼ਮ ਜਾਣ ਮੁਰਾਦ ਆਸ਼ਕ ਦੀ, ਉਹਨੂੰ ਅੱਖੀਂ ਯਾਰ ਦਿਖਾਏ।



Digitized by Panjab Digital Library | www.panjabdigilib.org

ਸੱਚ ਮੁਚ ਹੀ ਜਿਸ ਪਿਆਰੇ ਨਾਲ ਪਿਆਰ ਹੋਵੇ, ਉਸ ਤੋਂ ਬਿਨਾ ਕਿਸ ਤਰ੍ਹਾਂ ਚੈਨ ਆ ਸਕਦਾ ਹੈ।

ਇਹ ਕਵੀਆਂ ਤੇ ਕਵਿਤਾ ਬਾਬਤ ਆਪਣੇ ਖਿਆਲ ਇਸ ਤਰ੍ਹਾਂ ਪਰਗਟ ਕਰਦਾ ਹੈ:–

ਸ਼ਾਇਰ ਸ਼ੇਅਰ ਕਰੇਂਦੇ ਆਪੇ ਨਫਸ ਹਜ਼ੂਰੀ ਧਰ ਕੇ।
ਫਿਰ ਇਕ ਸੁਖਨ ਲਿਆਵਨ ਬਾਹਰ, ਖ਼ੂਨ ਅਲੂਦਾ ਕਰ ਕੇ।
ਸੁਖਨ ਉਨ੍ਹਾਂ ਦੇ ਲਾਲ ਜਵਾਹਰ, ਮਾਣਕ ਮੋਤੀ ਹੀਰੇ।
ਬਾਝ ਸਰਾਫਾਂ ਕੀਮਤ ਨਾਹੀਂ ਸਮਝੋ ਨਾਲ ਜ਼ਮੀਰੇ।

ਇਸ ਕਵੀ ਨੇ ਸੋਹਣੀ ਮਹੀਂਵਾਲ ਦਾ ਕਿੱਸਾ ਵੀ ਲਿਖਿਆ ਹੈ। ਇਸ ਕਿੱਸੇ ਦੇ ਖਿਆਲ ਵੀ ਚੰਗੇ ਹਨ। ਇਸ ਤੋਂ ਬਿਨਾ ਫੁਟਕਲ ਦੋਹਰੇ ਤੇ ਬੈਂਤ ਵੀ ਉਚਾਰੇ ਹਨ ਜੋ ਸੂਫਿਆਨਾ ਰੰਗ ਦੇ ਹਨ। ਕਿਤੇ ਕਿਤੇ ਸੁਹਣੇ ਅਲੰਕਾਰ ਵਰਤਦਾ ਹੈ। ਸੁਹਣੀ ਦੀ ਚੜ੍ਹਦੀ ਜਵਾਨੀ ਤੇ ਪ੍ਰੇਮੀਆਂ ਦੇ ਦਿਲ ਘਾਇਲ ਹੁੰਦੇ ਦੇਖ ਕੇ ਲਿਖਦਾ ਹੈ:--

ਹਾਸ਼ਮ ਚੰਦ ਪਿਆ ਵਿਚ ਵਾਧੇ, ਘਟਦਾ ਵੇਖ ਚਕੋਰਾ।

ਕਿਹਾ ਨਾਜ਼ਕ ਖਿਆਲ ਹੈ। ਇਕ ਪ੍ਰੇਮੀ ਆਪਣੀ ਮਾਣ ਮੱਤੀ ਪ੍ਰੇਮਕਾ ਨੂੰ ਕਹਿੰਦਾ ਹੈ:--

ਤੈਨੂੰ ਹੁਸਨ ਖਰਾਬ ਕਰੇਂਦਾ, ਮੈਨੂੰ ਸਮਝ ਸਤਾਇਆ।
ਜਿਉਂ ਜਿਉਂ ਆਣ ਹੁਸਨ ਦੀਆਂ ਸਮਝਾਂ,
ਮੈਨੂੰ ਉਠਦਾ ਸੂਲ ਸਵਾਇਆ।

ਇਸ ਕਵੀ ਨੇ ਆਪਣੀ ਕਲਮ ਦੇ ਸਦਕੇ, 'ਰਾਜ ਕਵੀ' ਦੀ ਪਦਵੀ ਪਾਈ। ਸਚ ਮੁੱਚ ਹੀ ਇਹ ਕਵੀ ਆਪਣੇ ਸਮੇਂ ਦਾ ਇਕ ਸਭ ਤੋਂ ਵਡਾ ਕਵੀ ਮੰਨਿਆ ਜਾ ਸਕਦਾ ਹੈ।



Digitized by Panjab Digital Library | www.panjabdigilib.org

# ਅਹਿਮਦ ਯਾਰ

(੧੭੬੮ ਤੋਂ ੧੮੪੫ ਈ:)

ਅਹਿਮਦ ਯਾਰ ਦਾ ਜਨਮ ਕਿਲਾ ਇਸਲਾਮ ਗੜ੍ਹ ਜ਼ਿਲਾ ਗੁਜਰਾਤ ਵਿਚ ਹੋਇਆ। ਜ਼ਾਤ ਦਾ ਜੱਟ ਸੀ ਤੇ ਵਾਹੀ ਕਰਦਾ ਹੁੰਦਾ ਸੀ। ਇਸ ਦੀ ਅੱਖ ਕਿਸੇ ਦੂਸਰੀ ਜ਼ਾਤ ਦੀ ਮੁਟਿਆਰ ਨਾਲ ਲੜ ਗਈ। ਪਿੰਡ ਵਿਚ ਬਦਨਾਮੀ ਹੋਣ ਕਰ ਕੇ ਇਹ ਆਪਣਾ ਪਿੰਡ ਛੱਡ ਕੇ ਮਰ੍ਹਾਲਾ ਤਹਿਸੀਲ ਫਾਲੀਆ ਵਿਚ ਆ ਵੱਸਿਆ। ਇਸ ਨੇ ਏਥੇ ਆ ਕੇ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਅਨੇਕਾਂ ਕਿੱਸੇ ਲਿਖੇ। ਇਸ ਦੇ ਅਨੇਕਾਂ ਕਿੱਸਿਆਂ ਵਿਚੋਂ ਹੀਰ, ਯੂਸਫ ਜ਼ੁਲੈਖਾਂ, ਕਾਮ ਰੂਪ, ਹਾਤਮਤਾਈ ਅਤੇ ਟਾਜ ਬੀਬੀ ਆਦਿਕ ਮਸ਼ਹੂਰ ਹਨ। ਇਹ ਫਾਰਸੀ ਤੇ ਅਰਬੀ ਦਾ ਵੀ ਬੜਾ ਆਲਮ ਸੀ, ਇਸ ਨੇ ਸ਼ਰ੍ਹਾ, ਹਦੀਸ ਤੇ ਫ਼ਿੱਕਾਹ ਦੀਆਂ ਬਹੁਤ ਸਾਰੀਆਂ ਕਤਾਬਾਂ ਪੜ੍ਹੀਆਂ ਸਨ ਤੇ ਆਪਣੇ ਅਲਾਕੇ ਵਿਚ ਮੌਲਵੀ ਅਹਿਮਦਯਾਰ ਕਰ ਕੇ ਮਸ਼ਹੂਰ ਸੀ। ਇਸ ਲਈ ਇਸ ਦੀ ਪੰਜਾਬੀ ਰਚਨਾ ਉਤੇ ਅਰਬੀ ਤੇ ਫ਼ਾਰਸੀ ਦੇ ਸ਼ਬਦਾਂ ਦਾ ਬੜਾ ਅਸਰ ਹੈ। ਇਸ ਨੇ ਬਹੁਤੀ ਕਵਿਤਾ 'ਦਵੱਯਾ ਛੰਦ' ਦੀ ਧਾਰਨਾ ਵਿਚ ਹੀ ਲਿਖੀ ਹੈ। ਇਸ ਦੀ ਧਾਰਮਕ ਰਚਨਾ ਐਨੀ ਅਸਰ ਵਾਲੀ ਨਹੀਂ, ਪਰ ਜਿੱਥੇ ਇਸ਼ਕ ਮਿਜ਼ਾਜੀ ਦਾ ਜ਼ਿਕਰ ਕੀਤਾ ਹੈ ਜਾਂ ਦੁਨਿਆਵੀ ਹੁਸਨ ਦਾ ਬਿਆਨ ਕੀਤਾ ਹੈ, ਇਸ ਦੀ ਕਵਿਤਾ ਓਥੇ ਬਹੁਤੀ ਚਮਕੀ ਹੈ। ਨਵੇਂ ਨਵੇਂ ਅਲੰਕਾਰ ਤੇ ਉਪਮਾਵਾਂ ਵਰਤੀਆਂ ਹਨ, ਪਰ ਫ਼ਾਰਸੀ ਦੇ ਸ਼ਬਦਾਂ ਦਾ ਬੜਾ ਪ੍ਰਭਾਵ ਹੈ:-

ਪਲਕਾਂ ਤੀਰ, ਕਮਾਨਾਂ ਅਬਰੂ, ਮਿਸਲ ਕੀ ਓਸ ਤਰਾਹ ਦੀ।
ਸੂਰਜ ਦੇ ਚਿਹਰੇ ਤੇ ਝੁਲਕੇ, ਜ਼ੀਨਤ ਕੇਸ ਕਜ਼ਾਹ ਦੀ।
ਲਬ ਦਰਿਆ ਹੁਸਨ ਦੇ ਅੰਦਰ, ਜਿਉਂ ਗੁਲੀਆਂ ਦੇ ਬੂਟੇ।
ਸੂਰਜ ਵਾਂਗੂ ਅਲਖ ਮੂੰਹੋਂ ਤੇ ਲਾਲਾ ਖਾਵੇ ਝੂਟੇ।



Digitized by Panjab Digital Library | www.panjabdigilib.org

ਦੋ ਰੁਖ਼ਸਾਰੇ ਰੂਪ ਸ਼ੰਗਾਰੇ, ਜਿਉਂ ਕਰ ਮਦ ਪਿਆਲੇ।
ਜ਼ੁਲਫਾਂ ਖਮ ਦਰ ਖਮ ਵਲ ਸੰਦਲ ਸਪ ਸਿਪਾਹੀ ਕਾਲੇ।

(ਯੂਸਫ਼ ਜ਼ੁਲੈਖਾਂ)

ਇਸ ਕਿੱਸੇ ਵਿੱਚ ਜ਼ੁਲੈਖਾਂ ਆਪਣੇ ਦਿਲ ਦੇ ਕੀਰਨੇ ਤੇ ਬਿਰਹਾ ਦੇ ਦੁਖ ਨੂੰ ਇਸ ਤਰ੍ਹਾਂ ਪਰਗਟ ਕਰਦੀ ਹੈ:-

ਲਖ ਤੋਬਾ ਇਸ ਜੀਵਨ ਕੋਲੋਂ, ਜੋ ਤੁਧ ਬਾਝ ਵਿਹਾਵੇ।
ਤੈਨੂੰ ਨਿਰਾ ਸਵਾਲ ਖੁਦਾ ਦਾ, ਡਾਢਿਆਂ ਨਾਲ ਕੀ ਦਾਵੇ।
ਮੈਂ ਤਰਿਹਾਈ ਜਾਨ ਲਬਾਂ ਪਰ, ਸਰ ਭਰਿਆ ਕੁਲਹਾਂਦਾਂ।
ਕੌਲ ਗਏ ਤੇ ਕੱਲਰ ਪੌਂਦਾ, ਆਹਾਂ ਰਾਹ ਛਕਾਂਦਾ।

ਪਿਆਰੇ ਦੇ ਵਿਯੋਗ ਵਿਚ ਬੁਰਿਹਾਲੀ ਤੇ ਸਰੀਰਕ ਕਮਜ਼ੋਰੀ ਦਾ ਕਿਹਾ ਸੁਹਣਾ ਬਿਆਨ ਹੈ। ਆਪਣੀ ਮੁਹੱਬਤ ਤੇ ਦਿਲ ਦੇ ਭਾਂਬੜ ਦਾ ਬਿਆਨ ਕਿਸ ਅੰਦਾਜ਼ ਨਾਲ ਕੀਤਾ ਹੈ—

ਦਿਲ ਮੇਰੇ ਵਿਚ ਲਾਟ ਇਲਮ ਦੀ, ਬਲਦੀ ਕੱਢ ਸ਼ਰਾਰੇ।
ਤੈਨੂੰ ਵੇਖਾਂ ਤੇ ਮੈਂ ਜੀਵਾਂ ਤੇਰੇ ਇਕਸ ਨਜ਼ਾਰੇ।
ਪੁੜ ਗਿਆ ਤੀਰ ਮੁਹੀਂਦਾ ਦਿਲ ਤੇ ਲੱਗਾ ਵਾਂਗ ਨਗੀਨੇ।
ਭਖਦਾ ਜਿਉਂ ਅੰਗਿਆਰ ਜ਼ਰਾ ਹੱਥ ਲਾ ਖਾਂ ਉਪਰ ਸੀਨੇ।

ਇਸ ਨੇ ਨਿਰਾ ਕਿੱਸਾ ਹੀ ਬਿਆਨ ਨਹੀਂ ਕੀਤਾ ਸਗੋਂ ਇਸ ਵਿੱਚ ਕਈ ਤਰ੍ਹਾਂ ਦੀਆਂ ਸਿੱਖਿਆ ਵੀ ਦਿੱਤੀਆਂ ਹਨ। ਜਿਹਾ ਕਿ ਯੂਸਫ਼ ਨੂੰ ਆਪਣੇ ਹੁਸਨ ਦਾ ਹੰਕਾਰ ਹੋ ਗਿਆ ਸੀ, ਇਸ ਲਈ ਰੱਬ ਨੇ ਉਸ ਦਾ ਹੰਕਾਰ ਤੋੜਨਾ ਚਾਹਿਆ ਅਤੇ ਉਹ ਅਠ੍ਹਾਰੀਂ ਪੈਸੀਂ ਵਿਕਿਆ। ਇਸ ਤੋਂ ਬਿਨਾਂ ਇਸ ਕਿੱਸੇ ਵਿਚ ਹੋਰ ਵੀ ਅਨੇਕਾਂ ਸਿੱਖਿਆ ਹਨ:—

ਦਰਜਾ ਵੇਖ ਕਿਸੇ ਦਾ ਉਚਾ, ਬੁਖਲ ਨਾ ਕੀਤਾ ਚਾਹੀਏ।
ਕਰਕੇ ਬੁਖਲ ਭਾਈਆਂ ਕੀ ਵੱਟਿਆ ਉਪਰ ਯੂਸਫ਼ ਭਾਈਏ।
ਖਵਾਬ ਕਿਸੇ ਨੂੰ ਦੱਸੇ ਨਾਹੀਂ, ਇਹ ਇਸਰਾਰ ਇਲਾਹੀ।
ਭੇਤ ਖੁਦਾ ਦਾ ਜ਼ਾਹਰ ਕੀਤਿਆਂ ਪਰਦਾ ਪਾੜ ਦੇਂਦਾ ਈ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਇਹ ਇਕ ਹੋਰ ਥਾਂ ਲਿਖਦਾ ਹੈ ਕਿ ਆਪਣੇ ਦਿਲ ਦਾ ਭੇਦ ਕਿਸੇ ਨੂੰ ਵੀ ਨਹੀਂ ਦੱਸਣਾ ਚਾਹੀਦਾ:--

ਜੇ ਕੋਈ ਭੇਤ ਕਿਸੇ ਨੂੰ ਦੇਂਦਾ, ਸਮਝ ਛਡੋ ਹਰ ਗੱਲ ਦਾ।
ਘਾਣੀ ਵਿਚ ਅਜੇਹਾ ਖੁਭਦਾ, ਜਿੱਥੇ ਜ਼ੋਰ ਨਾ ਚਲਦਾ।

ਹੀਰ:-- ਇਸ ਕਿੱਸੇ ਦੀ ਵਾਰਤਾ ਵੀ ਇਸ ਨੇ ਵਾਰਸ ਸ਼ਾਹ ਵਾਂਗ ਹੀ ਬਿਆਨ ਕੀਤੀ ਹੈ। ਇਸ ਕਿੱਸੇ ਦੀ ਬੋਲੀ ਬੜੀ ਸੁਹਣੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਧਾਰਨਾ ਪੁਰਾਣੇ ਬੈਂਤਾਂ ਦੀ ਹੈ; ਚਾਰ ਕਲੀਏ ਛੰਦ ਹਨ, ਕਿਤੇ ਕਿਤੇ ਅੱਠ ਅੱਠ ਤੁਕਾਂ ਦਾ ਛੰਦ ਵੀ ਲਿਖਿਆ ਹੈ। ਜਦੋਂ ਰਾਂਝਾ ਭਰਾਵਾਂ ਨਾਲੋਂ ਵੱਖ ਹੋ ਕੇ ਜਾਣ ਲਗਦਾ ਹੈ ਤਾਂ ਉਸ ਦੀਆਂ ਭਰਜਾਈਆਂ ਇਸ ਤਰ੍ਹਾਂ ਆਖਦੀਆਂ ਹਨ--

ਸੁਣ ਵੇ ਵੀਰਾ ਗੁਣੀ ਗਹੀਰਾ ਆਖਦੀਆਂ ਭਰਜਾਈਆਂ।
ਅਸੀਂ ਤੇਰੇ ਤੋਂ ਹਾਂ ਸਿਰ ਸਦਕੇ ਸਾਰੀਆਂ ਘੋਲ ਘੁਮਾਈਆਂ।
ਵਾਰੋ ਵਾਰ ਇਕੱਠੀਆਂ ਤੇਰੀਆਂ, ਲਈਏ ਵੰਡ ਬਲਾਈਆਂ।
ਅਹਿਮਦਯਾਰ ਸਾਨੂੰ ਦਸ ਵੇਦਨ, ਹਾਜ਼ਰ ਹਾਂ ਸਣ ਭਾਈਆਂ।

ਜਦੋਂ ਹੀਰ ਤੇ ਰਾਂਝਾ ਮਿਲਦੇ ਹਨ, ਦੋਹਾਂ ਦਾ ਪ੍ਰੇਮ ਹੋ ਜਾਂਦਾ ਹੈ ਰਾਂਝਾ ਹੀਰ ਨੂੰ ਪੱਕਿਆਂ ਕਰਦਾ ਹੈ, 'ਵੇਖੀਂ' ਕਿਤੇ ਇਸ਼ਕ ਦੇ ਰਾਹ ਤੋਂ ਭੱਜ ਨਾ ਜਾਈਂ।' ਅੱਗੋਂ ਹੀਰ ਆਪਣਾ ਸਿਦਕ ਇਸ ਤਰ੍ਹਾਂ ਜ਼ਾਹਰ ਕਰਦੀ ਹੈ—

ਤੇਰਾ ਪਿੱਛਾ ਕਦੇ ਨਾ ਛੱਡਸਾਂ, ਖੁਰਾ ਪਛਾਤਾ ਪੱਕਾ।
ਤੇਰਿਆਂ ਕਦਮਾਂ ਤੇ ਮੈਂ ਡਿੱਗੀ ਪਿਛਾਂ ਨਾ ਦਈਂ ਧੱਕਾ।
ਮੱਤ ਵਤ ਉਠ ਕਦਾਈਂ ਵਗੇਂ ਰਹੇ ਨਾ ਮੇਰਾ ਫੱਕਾ।
ਭਾਵੇਂ ਵੀਰ ਸੁੱਟਣ ਫੜ ਚੀਰ, ਮਾਪਿਆਂ ਦਾ ਨਾ ਉਹਲਾ ਝੱਕਾ।
ਵਾਰ ਸੁੱਟੇ ਮਾਂ ਵੀਰ ਤੇਰੇ ਤੋਂ ਨਾਲੇ ਬਾਬਲ ਸੱਕਾ।
ਹੀਰ ਵਿਕਾਈ ਗਈ ਤੇਰੇ ਤੋਂ ਹੁਣ ਕੀ ਖ਼ਤਰਾ ਡੱਕਾ।
ਤੂੰ ਹੀ ਮੇਰਾ ਕਿਬਲਾ ਕਾਬਾ ਤੂੰ ਹੀ ਮਦੀਨਾ ਮੱਕਾ।



Digitized by Panjab Digital Library | www.panjabdigilib.org

ਹੀਰ ਦੇ ਮਨ ਦੀ ਦ੍ਰਿੜ੍ਹਤਾ ਕਿਸ ਖ਼ੂਬੀ ਨਾਲ ਬਿਆਨ ਕੀਤੀ ਹੈ। ਹੀਰ ਆਪਣੀ ਮਾਂ ਕੋਲ ਜਾਂਦੀ ਹੈ। ਰਾਂਝੇ ਦੀ ਵਡਿਆਈ ਕਰਦੀ ਹੈ ਕਿ ਇਸ ਨੂੰ ਚਾਕ ਰਖ ਲਿਆ ਜਾਵੇ। ਇਸ ਸਮੇਂ ਦਾ ਬਿਆਨ ਕਿਸ ਖ਼ੂਬੀ ਨਾਲ ਕੀਤਾ ਹੈ। ਸੁਣਨ ਵਾਲੇ ਦੇ ਦਿਲ ਵਿਚ ਬਦੋ ਬਦੀ ਤਰਸ ਤੇ ਪਿਆਰ ਪੈਦਾ ਹੋ ਜਾਂਦਾ ਹੈ:—

ਮਾਈ ਨਿੱਤ ਕਹਾਈ ਸ਼ਹਿਰ ਵਿਚ ਭੌਣ ਮੱਝੀਂ ਹਰ ਜਾਈ।
ਪੱਕਾ ਮਾਹੀ ਹੱਥ ਨ ਆਵੇ, ਮੱਝੀਂ ਰੋਲ ਰੁਲਾਈ।
ਨੇਕ ਨਸੀਬ ਹਜ਼ੂਰੋਂ ਹੋਏ, ਮਾਹੀ ਧੁਰੋਂ ਢਿਹਾਈ।
ਰਾਠ, ਠੁਕਾਹੀਂ, ਨਹਿੜੂ ਛੇੜੂ, ਜਿਸ ਦੀ ਕਲ ਸਵਾਈ।
ਉਮਰ ਜਵਾਨੀ ਸ਼ਰਮ ਹਲੀਮੀ ਸ਼ੀਰੀਨੀ ਨਿਮਕਾਈ।
ਬਰਕਤ ਵਾਲਾ ਭੋਲਾ ਭਾਲਾ ਮਾਲ ਵਧਾ ਵਿਖਲਾਈ।

ਭਾਵੇਂ ਇਸ ਨੇ ਇਹ ਹੀਰ ਦਾ ਕਿੱਸਾ ਲਿਖਿਆ ਹੈ, ਪਰ ਇਸ ਵਿਚ ਉਹ ਰੰਗ, ਉਹ ਮਿੱਠਤ, ਉਹ ਸੁੰਦਰਤਾ ਤੇ ਉਹ ਰਸ ਨਹੀਂ ਜੋ ਵਾਰਸ ਸ਼ਾਹ ਦੇ ਕਿੱਸੇ ਵਿਚ ਹੈ। ਇਸ ਗੱਲ ਨੂੰ ਇਹ ਆਪ ਮੰਨਦਾ ਹੈ ਤੇ ਲਿਖਦਾ ਹੈ:—

ਵਾਰਸ ਸ਼ਾਹ ਜੰਡਿਆਲੇ ਵਾਲੇ ਵਾਹ ਵਾਹ ਹੀਰ ਬਣਾਈ।
ਮੈਂ ਵੀ ਰੀਸ ਉਸੇ ਦੀ ਕਰਕੇ ਲਿਖੀ ਤੋੜ ਨਿਭਾਈ।
ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ, ਸੋ ਮੈਂ ਨਹੀਂ ਕਾਈ।
ਵੱਡਾ ਤਅੱਜਬ ਆਵੇ ਯਾਰੋ, ਵੇਖ ਉਸ ਦੀ ਵਡਿਆਈ।
ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ ਆਪਣੀ ਉਮਰ ਲੰਘਾਈ।
ਤੇ ਉਸ ਕਿੱਸਿਆਂ ਵਿਚੋਂ ਇਹੋ ਇਕੋ ਹੀਰ ਬਣਾਈ।
ਕੀ ਆਖਾਂ ਬੋਲੀ ਤਾਂ ਲੱਗਦੀ ਕੀ ਗੱਲ ਢੁੱਕਦੀ ਆਈ।
ਅਹਿਮਦਯਾਰ ਕਹੇ ਉਸ ਜੈਸੀ ਅਟਕਲ ਮੈਂ ਨਹੀਂ ਆਈ।

ਸਚ ਮੁੱਚ ਹੀ ਇਸ ਦੀ ਰਚਨਾ ਵਿਚ ਉਹ ਖ਼ੂਬੀ ਨਹੀਂ ਜੋ ਵਾਰਸ ਸ਼ਾਹ ਦੇ ਕਿੱਸੇ ਵਿਚ ਦੇਖੀ ਜਾਂਦੀ ਹੈ। ਇਸ ਨੇ ਕਿਤੇ ਕਿਤੇ



Digitized by Panjab Digital Library | www.panjabdigilib.org

ਕੁਦਰਤ ਦਾ ਬਿਆਨ ਕਰਨ ਦਾ ਵੀ ਯਤਨ ਕੀਤਾ ਹੈ। ਆਪਣੇ ਤਿੱਤਰ ਦੇ ਕਿੱਸੇ ਵਿਚ ਬਾਰ ਦੇ ਅਲਾਕੇ ਦਾ ਬਿਆਨ ਇਸ ਤਰ੍ਹਾਂ ਕਰਦਾ ਹੈ:—

ਪਾਣੀ ਜੂਹੀਂ ਵਗਦੀਆਂ ਪਏ ਲਹਿਲਾਂਦੇ ਸਰ,
ਘਾਹਾਂ ਉੱਪਰ ਤ੍ਰੇਲ ਦੇ ਮੋਤੀ ਝੂਲ੍ਹੇ ਤਰ।
ਕਰਨਾ ਫੱਲਿਆ ਕਿਓੜਾ ਵੇਲੀਂ ਸਦਾ ਗ਼ੁਲਾਬ,
ਫੁੱਲ ਲੁਹੜੇ ਦੀ ਚੋਂਵਦਾ ਮਿਸਰੀਓਂ ਮਿਠਾ ਆਬ।
ਫੁੱਲ ਸ਼ਿਗੂਫਾ ਫੁੱਲਿਆ ਸਾਵੇ ਆਈ ਡੌਂ,
ਕਣਕਾਂ ਤਦੋਂ ਘੁੜਾਲੀਆਂ ਆਬੂ ਆਏ ਜੌਂ।
ਹਰਮਲ, ਦੋਧਕ, ਅੰਗਰੀ, ਨਫ਼ੀ, ਖਵੀ, ਲੁਣਾਕ,
ਡੋਡੀਆਂ ਬੱਧੀਆਂ ਪਾਪੜੇ ਖੱਬਲ ਕੱਜੀ ਖਾਕ।
ਪੰਛੀ ਹੱਕ ਸੁਬਾਨ ਹੂ ਹਰ ਜਾ ਜ਼ਿਕਰ ਕਰੇਨ,
ਆਂਡਰੇ ਦਿਤੇ ਤਿਲੀਅਰਾਂ ਭੌਰ ਘੁਕਾਰੇ ਸੈਣ।

ਬਿਆਨ ਤਾਂ ਸੁਹਣਾ ਹੈ, ਪਰ ਬਾਰ ਵਿਚ ਕਿਓੜਾ ਕਿੱਥੇ ? ਫੁੱਲਾਂ ਦਾ ਐਵੇਂ ਜ਼ਿਕਰ ਹੀ ਕਰ ਦਿੱਤਾ ਹੈ। ਇਸ ਦਾ ਰਾਜ ਬੀਬੀ ਦਾ ਕਿੱਸਾ ਕੁਝ ਚੰਗਾ ਮੰਨਿਆਂ ਜਾਂਦਾ ਹੈ, ਪਰ ਬਹੁਤਾ ਚੰਗਾ ਨਹੀਂ। ਅਹਿਮਦਯਾਰ ਨੇ ਵੀ ਇਕ ਮਨ ਘੜਤ ਰਚਨਾ ਕੀਤੀ ਹੈ। ਰਾਜ ਬੀਬੀ ਦਾ ਇਕ ਬੇੜੀਆਂ ਘੜਨ ਵਾਲੇ ਮੁੰਡੇ ਨਾਮਦਾਰ ਨਾਲ ਇਸ਼ਕ ਹੋ ਗਿਆ। ਉਸ ਦੇ ਵਿਯੋਗ ਵਿਚ ਰਾਜ ਬੀਬੀ ਇਸ਼ਕ ਨੂੰ ਸੰਬੋਧਨ ਕਰ ਕੇ ਕਹਿੰਦੀ ਹੈ:—

ਰਾਜ ਬੀਬੀ ਬਾਂਹ ਸਿਰ ਤੇ ਧਰਕੇ, ਆਖਿਆ ਇਸ਼ਕ ਵਕੀਲਾ।
ਹੀਰ ਸੱਸੀ ਤੇ ਸਾਹਿਬਾਂ ਵਾਲਾ, ਕੀਤੋ ਈ ਮੇਰਾ ਹੀਲਾ।
ਤੁਧ ਨਾ ਕੋਈ ਪਾਰ ਲੰਘਾਇਆ, ਬਣ ਕੇ ਵਿਚ ਵਸੀਲਾ
ਅਹਿਮਦ ਯਾਰ ਨਾ ਡਿਠਾ ਰੱਜ ਕੇ, ਘਾੜੂ ਯਾਰ ਰੰਗੀਲਾ।

---



Digitized by Panjab Digital Library | www.panjabdigilib.org

ਮਜਨੂੰ ਨਾਲ ਕਹੀ ਤੁਧ ਕੀਤੀ, ਹੈਂਸਿਆਰਿਆ ਠੱਗਾ।
ਸਾਹਿਬਾਂ ਮਾਰ ਜੰਡੇ ਲਟਕਾਇਆ, ਯਾਦ ਨ ਤੈਨੂੰ ਅੱਗਾ।
ਸ਼ੀਰੀ ਤੇ ਫਰਿਹਾਦ ਵੀ ਰੋਹੜੇ, ਇਨ੍ਹਾਂ ਦਾ ਬੰਨੇ ਪੂਰ ਨਾ ਲੱਗਾ।
ਤਿਉਂ ਅਹਿਮਦਯਾਰ ਘਾਤੂ ਦੀ ਰੱਤੂ ਭਰਿਓ ਈ ਮੇਰਾ ਝੱਗਾ।

ਇਹ ਐਵੇਂ ਤੁਕਬੰਦੀ ਹੀ ਮਾਲੂਮ ਹੁੰਦੀ ਹੈ, ਇਸ ਵਿਚ ਕਵਿਤਾ ਵਾਲੀ ਕੋਈ ਖਾਸ ਖੂਬੀ ਨਹੀਂ ਦਿਸਦੀ। ਇਸ ਨੇ ਸੱਸੀ ਪੁੰਨੂੰ ਦਾ ਕਿੱਸਾ ਵੀ ਬੈਂਤਾਂ ਵਿਚ ਲਿਖਿਆ। ਵਿਚ ਵਿਚ ਬੈਂਤ ਚੰਗੇ ਹਨ। ਅਲੰਕਾਰ ਤੇ ਤਸ਼ਬੀਹਾਂ ਸੁਹਣੀਆਂ ਸੁਹਣੀਆਂ ਵਰਤੀਆਂ ਹਨ। ਜਦੋਂ ਸੱਸੀ ਮਾਰੂ ਥਲ ਵਿਚ ਵਿਲਕਦੀ ਅੱਗੇ ਅੱਗੇ ਦੌੜੀ ਜਾਂਦੀ ਹੈ. ਉਸ ਸਮੇਂ ਦਾ ਨਕਸ਼ਾ ਕਵੀ ਨੇ ਇਸਤਰ੍ਹਾਂ ਖਿੱਚਿਆ ਹੈ-ੑ

ਢਾਹੀਂ ਮਾਰਦੀ ਆਉਂਦੀ ਖੂਬਸੂਰਤ,
ਫਿਰਦੌਸ ਬਹਿਸ਼ਤ ਦੀ ਹੂਰ ਮੀਆਂ।
ਉਹਦੀ ਝੱਲ ਨਾ ਝੱਲੀ ਏ ਪੱਥਰਾਂ ਨੇ,
ਸ਼ੀਸ਼ੇ ਵਾਂਗ ਟੱਕ ਹੋਂਵਦੀ ਚੂਰ ਮੀਆਂ।
ਆਖੇ ਹੋਤ ਮੇਰਾ ਹੋਤਾਂ ਠੱਗ ਖੜਿਆ,
ਸੁੱਟ ਗਏ ਮੈਨੂੰ ਮਖਮੂਰ ਮੀਆਂ।
ਅਹਿਮਦ ਯਾਰ ਮੈਂ ਪਹੁੰਚ ਨਾ ਸਕਦੀ ਹਾਂ,
ਦੱਸਾਂ ਪੌਂਦੀਆਂ ਜਾਂਦੀਆਂ ਦੂਰ ਮੀਆਂ।

ਸੋ ਇਸ ਕਵੀ ਨੇ ਪੰਜਾਬੀ ਸਾਹਿਤ ਦੇ ਖਜ਼ਾਨੇ ਵਿਚ ਐਨਾ ਹਿੱਸਾ ਪਾਇਆ ਹੈ ਕਿ ਸ਼ਾਇਦ ਹੀ ਕਿਸੇ ਹੋਰ ਮੁਸਲਮਾਨ ਕਵੀ ਨੇ ਪਾਇਆ ਹੋਵੇ, ਪਰ ਏਸ ਦੀ ਕਵਿਤਾ ਬਹੁਤੀ ਚੰਗੀ ਨਹੀਂ ਕਹੀ ਜਾ ਸਕਦੀ।

—o—



Digitized by Panjab Digital Library | www.panjabdigilib.org

# ਕਾਦਰਯਾਰ

ਕਾਦਰਯਾਰ ਮਾਛੀ ਕੇ ਜ਼ਿਲਾ ਸ਼ੇਖੂਪੁਰ ਦਾ ਰਹਿਣ ਵਾਲਾ ਸੀ। ਜਾਤ ਦਾ ਸੰਧੂ ਜੱਟ ਸੀ। ਭਾਵੇਂ ਇਹ ਅਨਪੜ੍ਹ ਸੀ, ਤਦ ਵੀ ਇਸ ਨੇ ਆਪਣੇ ਵਿਤ ਮੂਜਬ ਬਹੁਤ ਕੁਝ ਲਿਖ ਛੱਡਿਆ। ਇਸ ਦੇ ਮਸ਼ਹੂਰ ਕਿੱਸਿਆਂ ਵਿਚੋਂ 'ਪੂਰਨ ਭਗਤ, ਪੂਰਨ ਭਗਤ ਦੀ ਵਾਰ, ਹਰੀ ਸਿੰਘ ਨਲੂਆ, ਰਾਜਾ ਰਸਾਲੂ ਤੇ ਮਿਅਰਾਜ ਨਾਮਾ ਹਨ। ਇਨ੍ਹਾਂ ਵਿਚੋਂ ਪੂਰਨ ਭਗਤ ਤੇ ਮਿਅਰਾਜ ਨਾਮੇ ਦੀ ਕਵਿਤਾ ਖਾਸ ਮਹਾਨਤਾ ਰਖਦੀ ਹੈ। ਇਹ ਸਿਖ ਰਾਜ ਦੇ ਅੰਤਲੇ ਸਮੇਂ ਵਿਚ ਹੋਇਆ ਹੈ। ਇਕ ਸਰਦਾਰ ਦੀ ਇਸ ਉਤੇ ਮਿਹਰ ਦੀ ਨਜ਼ਰ ਹੋ ਗਈ ਤੇ ਇਸ ਨੂੰ ਇਕ ਖੂਹ ਦੀ ਜ਼ਮੀਨ ਇਨਾਮ ਵਜੋਂ ਮਿਲੀ। ਇਹ ਆਪਣੇ ਮਿਅਰਾਜ ਨਾਮੇ ਦੇ ਕਿੱਸੇ ਵਿਚ ਆਪਣੀ ਬੇ ਇਲਮੀ ਤੇ ਰੱਬ ਦੀ ਮਿਹਰ ਦਾ ਜ਼ਿਕਰ ਕਰਦਾ ਹੈ—

ਜੋੜ ਮਿਅਰਾਜ ਮੁਰੱਤਬ ਕੀਤਾ, ਜੋ ਕੁਝ ਮੈਂ ਥੀਂ ਸਰਿਆ।
ਮੈਂ ਦਿਹਕਾਨ ਬੇਇਲਮ ਬਿਚਾਰਾ, ਦੋਸ ਨ ਚਾਹੀਏ ਧਰਿਆ।
ਦਿਲ ਵਿਚ ਫ਼ਿਕਰ ਨਬੀ ਸਰਵਰਦਾ,ਹੋਰ ਖਿਆਲ ਭੁਲਾਇਆ।
ਛੋਟੀ ਉਮਰੇ ਸਿਰ ਪਰ ਸਖਤੀ, ਇਹ ਮਿਅਰਾਜ ਬਣਾਇਆ।
ਦੇਸੀ ਅਜਰ ਤੌਫੀਕਾਂ ਉਸ ਨੂੰ ਕਮੀ ਨਹੀਂ ਦਰਗਾਹੇ।
ਜੇਕਰ ਪੜ੍ਹਸੀ ਇਸ ਦੇ ਤਾਈਂ ਅਜਰ ਮਿਲੇ ਜੋ ਚਾਹੇ।
ਬਾਰਾਂ ਸੌ ਸੰਤਾਲੀ ਸਾਲਾਂ ਪਾਕ ਨਬੀ ਦੇ ਪਿੱਛੋਂ।
ਇਹ ਮਜ਼ਕੂਰ ਬਣਾਇਆ ਯਾਰੋ ਵੇਖ ਮਿਅਰਾਜ ਵਿਚੋਂ।

---

ਉਹ ਰਹਿਮਤ ਦਾ ਦਰਿਆ ਇਲਾਹੀ ਬੇ ਪ੍ਰਵਾਹ ਕਹਾਵੇ।
ਜ਼ਾਹਰ ਬਾਤਨ ਕੁਦਰਤ ਉਸ ਦੀ, ਕੁਝ ਹਿਸਾਬ ਨਾ ਆਵੇ।

ਇਹ ਠੀਕ ਹੈ ਕਿ ਇਹ ਇਕ ਅਨਪੜ੍ਹ ਜੱਟ ਕਵੀ ਸੀ, ਇਸ ਨੇ



Digitized by Panjab Digital Library | www.panjabdigilib.org

ਪੂਰਨ ਭਗਤ ਦੇ ਕਿੱਸੇ ਦੀਆਂ ਸੀਹਰਫੀਆਂ ਦਾ ਮੁੱਢ ਗਲਤ ਅੱਖਰਾਂ ਨਾਲ ਕੀਤਾ ਹੈ। ਇਹ ਆਮ ਕਵੀਆਂ ਵਾਂਗ ਕਿੱਸੇ ਨੂੰ ਵਧਾ ਨਹੀਂ ਸਕਿਆ ਸਗੋਂ ਸਾਰਾ ਕਿੱਸਾ ਸਾਢੇ ਚਾਰ ਸੀਹਰਫ਼ੀਆਂ ਵਿਚ ਖਤਮ ਕੀਤਾ ਹੈ। ਇਹ ਕਿਸੇ ਦੀ ਵਾਰਤਾ ਦਾ ਵਿਸਥਾਰ ਨਹੀਂ ਸੀ ਕਰ ਸਕਦਾ, ਸਗੋਂ ਹਰ ਗੱਲ ਥੋੜੇ ਸ਼ਬਦਾਂ ਵਿਚ ਹੀ ਪਰਗਟ ਕਰ ਸਕਦਾ ਸੀ। ਜਦੋਂ ਪੂਰਨ ਦੇ ਕਿੱਸੇ ਦੀ ਵਾਰਤਾ ਸਾਢੇ ਚਾਰ ਸੀਹਰਫ਼ੀਆਂ ਵਿਚ ਖਤਮ ਹੋ ਗਈ ਤਾਂ ਬਾਕੀ ਸੀਹਰਫ਼ੀ ਇਸ ਨੇ ਇਸ ਤਰ੍ਹਾਂ ਮੁਕਾਈ:—

ਜ਼ੋਏ—ਐਨ ਤੇ ਗੈਨ ਦਾ ਫਿਕਰ ਕਰ ਕੇ,
ਹਰਫ ਫੇ ਦਾ ਜੋੜਿਆ ਕਾਫ ਤਾਈਂ।
ਕਾਫ ਗਾਫ ਤੇ ਲਾਮ ਯਕਮੁਸ਼ਤ ਕਰਕੇ,
ਮੀਮ ਨੂੰਨ ਨੂੰ ਆਂਦਾ ਹੈ ਵਾ ਤਾਈਂ।
ਲਾਮ ਅਲਫ ਕੋਲੋਂ ਬੈਂਤ ਮੁਕ ਗਏ,
ਕਿੱਸਾ ਜੋੜਨਾ ਸੀ ਤੋੜ ਯੇ ਤਾਈਂ।
ਕਾਦਰਯਾਰ ਕਹਿੰਦਾ ਪੜ੍ਹਨ ਵਾਲਿਆਂ ਨੂੰ,
ਕੋਈ ਦੋਸ਼ ਨਾ ਦੇਵਣਾ ਮੈਂ ਤਾਈਂ।

ਇਸ ਤਰ੍ਹਾਂ ਸੀਹਰਫ਼ੀ ਦੇ ਅੱਖਰਾਂ ਦੀ ਗਿਣਤੀ ਨਾਲ ਹੀ ਬੈਂਤ ਖਤਮ ਕੀਤਾ। ਮਜ਼ਮੂਨ ਦਾ ਬਹਿਰ ਖੁਲ੍ਹਾ ਨਹੀਂ ਜਿਸ ਕਰ ਕੇ ਅੰਤਲੀ ਤੁਕ ਵਿਚ ਕਹਿੰਦਾ ਹੈ ਕਿ ਮਜ਼ਮੂਨ ਮੁੱਕ ਜਾਣ ਕਰ ਕੇ ਬੈਂਤ ਖਤਮ ਕੀਤੇ ਸਨ, ਇਸ ਲਈ ਮੇਰਾ ਕਸੂਰ ਕੋਈ ਨਹੀਂ। ਇਸ ਲਈ ਇਹ ਕਵੀ ਤਰਸ ਦਾ ਪਾਤਰ ਹੈ।

ਇਹ ਕਿੱਸਾ ਬਹੁਤ ਚੰਗਾ ਹੈ। ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ ਕਿ ਇਸ ਕਿੱਸੇ ਤੋਂ ਪ੍ਰਭਾਵਤ ਹੋ ਕੇ ਹੀ ਉਨ੍ਹਾਂ ਨੇ ਆਪ ਪੂਰਨ ਭਗਤ ਦੀ ਵਾਰਤਾ ਖੁਲ੍ਹੇ ਮੈਦਾਨ ਵਿਚ ਲਿਖੀ। ਇਸ ਕਿੱਸੇ ਵਿਚ ਇਸ ਨੇ ਕਵਿਤਾ ਦਾ ਚਮਤਕਾਰ ਸੁਹਣਾ ਦਿਖਾਇਆ ਹੈ। ਰਾਣੀ



Digitized by Panjab Digital Library | www.panjabdigilib.org

ਸੁੰਦਰਾਂ ਜਦੋਂ ਪੂਰਨ ਦੇ ਮਗਰ ਮਗਰ ਗੁਰੂ ਗੋਰਖ ਨਾਥ ਕੋਲ ਜਾਂਦੀ ਹੈ ਤਾਂ ਇਹ ਲਿਖਦਾ ਹੈ—

ਕਾਦਰਯਾਰ ਲੈ ਚਲਿਆ ਸੁੰਦਰਾਂ ਨੂੰ
ਪੂਰਨ ਹੁਸਨ ਦੀ ਉਂਗਲੀ ਲਾਇਕੇ ਜੀ।

ਕਹੀ ਸੁਹਣੀ ਤਸ਼ਬੀਹ ਦਿੱਤੀ ਹੈ, ਏਥੋਂ ਤੱਕ ਅਜੇ ਕੋਈ ਕਵੀ ਨਹੀਂ ਪੁੱਜਾ। ਇਸੇ ਤਰ੍ਹਾਂ ਜਦੋਂ ਪੂਰਨ ਰਾਣੀ ਸੁੰਦਰਾਂ ਨੂੰ ਉਸ ਦੇ ਮਹੱਲਾਂ ਵਿਚ ਸੁੱਤੀ ਛੱਡ ਕੇ ਚਲਾ ਜਾਂਦਾ ਹੈ ਤਾਂ ਉਹ ਇਸਤਰ੍ਹਾਂ ਕਹਿੰਦੀ ਹੈ—

ਜੰਗਲ ਗਏ ਨ ਬਹੁੜਦੇ ਸੁੰਦਰਾਂ ਨੂੰ,
ਜੋਗੀ ਨਹੀਂ ਜੇ ਕਿਸੇ ਦੇ ਮੀਤ ਲੋਕੋ।
ਮੈਂ ਭੁਲੀ ਹਾਂ ਤੁਸੀਂ ਨ ਹੋਰ ਕੋਈ,
ਲਾਇਓ ਜੋਗੀਆਂ ਨਾਲ ਪ੍ਰੀਤ ਲੋਕੋ।

ਇਸ ਕਿੱਸੇ ਵਿਚ ਬੜੇ ਬੜੇ ਚੰਗੇ ਖਿਆਲ ਦਿੱਤੇ ਹਨ। ਰਾਜਾ ਰਸਾਲੂ ਦੀ ਵਾਰ ਵਿਚ ਇਸ ਨੇ ਤੀਵੀਆਂ ਦੀ ਬਦਨਾਮੀ ਕੀਤੀ ਹੈ। ਕਿੱਸਾ ਕੋਈ ਐਡਾ ਚੰਗਾ ਨਹੀਂ, ਨੰਗਾ ਸ਼ਿੰਗਾਰ ਬਹੁਤ ਵਰਤਿਆ ਹੈ। ਸੁਹਣੀ ਦਾ ਕਿੱਸਾ ਸੁਹਣਾ ਕਿਹਾ ਜਾ ਸਕਦਾ ਹੈ। ਸੁਹਣੀ ਦੇ ਹੁਸਨ ਦੀ ਵਡਿਆਈ ਬੜੀ ਖੂਬੀ ਨਾਲ ਕਰਦਾ ਹੈ। ਝਨਾ ਨੂੰ ਇਸ਼ਕ ਦੇ ਦਰਿਆ ਦੀ ਪਦਵੀ ਦੇਂਦਾ ਹੈ--

ਪਾਣੀ ਇਸ਼ਕ ਝਨਾ ਦਾ ਜਾਦੂਗਰ ਵਹੇ।
ਇਸ਼ਕ ਝਨਾਓਂ ਲੱਭਦਾ ਜੇ ਕੋਈ ਮੁੱਲ ਲਵੇ।
ਸਭ ਆਸ਼ਕ ਇਸਦੇ ਬਾਲਕੇ ਕੰਡੇ ਉਪਰ ਰਹੇ।

ਕਿਹਾ ਕਮਾਲ ਦਾ ਬਿਆਨ ਹੈ। ਇਸ ਦੀ ਕਬਰ ਮਾਛੀ ਕੇ ਵਿਚ ਹੀ ਬਣੀ ਹੋਈ ਹੈ। ਇਹ ਕਵੀ ਆਪਣੇ ਪੂਰਨ ਭਗਤ ਦੇ ਕਿੱਸੇ ਕਰਕੇ ਪੰਜਾਬੀ ਦੁਨੀਆਂ ਵਿਚ ਸਦਾ ਹੀ ਸੁਰਜੀਤ ਰਹੇਗਾ।

—o—



Digitized by Panjab Digital Library | www.panjabdigilib.org

# ਅਮਾਮ ਬਖਸ਼

(੧੭੭੮ ਤੋਂ ੧੮੬੩)

ਅਮਾਮ ਬਖਸ਼ ਦਾ ਜਨਮ ਪਿੰਡ ਪੱਸੀਆਂ ਜ਼ਿਲਾ ਸ਼ੇਖੂ ਪੁਰਾ ਵਿਚ ਹੋਇਆ। ਇਹ ਜ਼ਾਤ ਦਾ ਕੁਰੈਸ਼ੀ ਸੀ ਤੇ ਕੰਮ ਤਰਖਾਣਾ ਕਰਦਾ ਸੀ। ਇਹ ਕੁਰਾਨ ਸ਼ਰੀਫ਼ ਦਾ ਹਾਫ਼ਜ਼ ਸੀ। ਇਸ ਨੇ ਪੰਜਾਬੀ ਵਿਚ ਕਈ ਕਿੱਸੇ ਲਿਖੇ ਜਿਨ੍ਹਾਂ ਵਿਚੋਂ ਬਹਿਰਾਮ ਗੁਰ, ਚੰਦਰ ਬਦਨ, ਲੈਲਾ ਮਜਨੂੰ, ਗੁਲ ਸਨੋਬਰ, ਗੁਲਬਦਨ ਤੇ ਮੁਨਾਜਾਤ ਆਦਿ ਬੜੇ ਮਸ਼ਹੂਰ ਹਨ।

ਚੰਦਰ ਬਦਨ ਤੇ ਮਯਾਰ ਦਾ ਕਿੱਸਾ ਇਕ ਦਿਲਚਸਪ ਵਾਰਤਾ ਹੈ, ਪਰ ਮਨਘੜਤ। ਚੰਦਰ ਬਦਨ ਇਕ ਰਾਜੇ ਦੀ ਧੀ ਸੀ ਅਤੇ ਮਯਾਰ ਇਕ ਸੌਦਾਗਰ ਦਾ ਲੜਕਾ ਸੀ ਜੋ ਪਿਛੋਂ ਫ਼ਕੀਰ ਹੋ ਗਿਆ। ਮਯਾਰ ਰਾਣੀ ਨੂੰ ਕਹਿੰਦਾ ਹੈ:--

ਐਨ ਇਸ਼ਕ ਦੀ ਜ਼ਾਤ ਸਫ਼ਾਤ ਨਾਹੀਂ,
ਨਾਹੀਂ ਆਸ਼ਕਾਂ ਦਾ ਮਜ਼੍ਹਬ ਦੀਨ ਰਾਣੀ।
ਇਸ਼ਕ ਜ਼ਾਤ ਕੁਜਾਤ ਨ ਪੁਛਦਾ ਈ,
ਏਸ ਇਸ਼ਕ ਦੀ ਬਾਤ ਅਚਰਜ ਰਾਣੀ।
ਇਸ਼ਕ ਪਾਕ ਪਲੀਤ ਨ ਸਮਝਦਾ ਈ,
ਨਹੀਂ ਜਾਣਦਾ ਕੁਫ਼ਰ ਇਸਲਾਮ ਰਾਣੀ।
ਅਮਾਮ ਬਖਸ਼ ਨਾ ਖੌਫ ਹੈ ਆਸ਼ਕਾਂ ਨੂੰ,
ਖਾਹ ਮੌਤ ਹੋਏ ਖਾਹ ਜਿੰਦਗਾਣੀ।

ਬੋਲੀ ਸਾਫ਼ ਹੈ, ਖਿਆਲ ਬੜੇ ਉਚੇ ਹਨ, ਕਵਿਤਾ ਵਿਚ ਸਰਲਤਾ ਹੈ, ਪਰ ਕਾਫੀਏ ਦੀ ਬੰਦਸ਼ ਦਾ ਖਿਆਲ ਨਹੀਂ ਰੱਖਦਾ। ਕਵਿਤਾ ਉਚੀ ਨਹੀਂ, ਐਵੇਂ ਪ੍ਰੇਮ ਰੰਗ ਦੇ ਖਿਆਲ ਛੰਦ ਰਚਨਾ ਵਿਚ ਲਿਖੇ ਹਨ।



Digitized by Panjab Digital Library | www.panjabdigilib.org

ਇਸ ਦਾ ਬਹਿਰਾਮ ਗੁਰ ਜਾਂ 'ਸ਼ਾਹ ਬਹਿਰਾਮ' ਦਾ ਕਿੱਸਾ ਕੁਝ ਚੰਗਾ ਹੈ। ਇਸ ਵਿਚ ਅਪਰਕਿਰਤਕ ਤਾਕਤਾਂ ਤੇ ਦੇਵਾਂ ਪਰੀਆਂ ਦਾ ਵਰਨਣ ਹੈ। ਇਸ ਕਿੱਸੇ ਦੀ ਧਾਰਨਾ ਮੱਝਾਂ ਦੀ ਹੈ। ਇਕ ਦਿਓ ਬਹਿਰਾਮ ਗੁਰ ਦਾ ਹੁਸਨ ਦੇਖ ਕੇ ਉਸ ਉਤੇ ਆਸ਼ਕ ਹੋ ਜਾਂਦਾ ਹੈ ਤੇ ਆਪ ਘੋੜਾ ਬਣਕੇ ਉਸ ਨੂੰ ਉਡਾ ਕੇ ਲੈ ਜਾਂਦਾ ਹੈ। ਉਸ ਦਿਓ ਦੀ ਇੱਕ ਪਰੀ ਸੀ ਜਿਸ ਦਾ ਨਾਂ ਹੁਸਨ ਬਾਨੋ ਸੀ, ਸ਼ਾਹ ਬਹਿਰਾਮ ਹੁਸਨਬਾਨੋ ਉਤੇ ਆਸ਼ਕ ਹੋ ਜਾਂਦਾ ਹੈ, ਪਰ ਦਿਓ ਉਸ ਨੂੰ ਕੁਝ ਨਹੀਂ ਕਹਿੰਦਾ, ਸਗੋਂ ਸ਼ਾਹ ਬਹਿਰਾਮ ਦੇ ਪਿਆਰ ਪਿਛੇ ਉਹਨਾਂ ਦਾ ਪਿਆਰ ਪ੍ਰਵਾਨ ਕਰਦਾ ਹੈ। ਦਿਓ ਬਹਿਰਾਮ ਗੁਰ ਨੂੰ ਕਹਿੰਦਾ ਹੈ:—

ਜਿਸ ਦੇ ਉਤੇ ਮੈਂ ਸਾਂ ਆਸ਼ਕ, ਫਿਰਦਾ ਮਸਤ ਦੀਵਾਨਾ।
ਤੂੰ ਵੀ ਉਸੀ ਸ਼ਮਾਂ ਦੇ ਉਤੇ ਜਲ ਹੋਇਓਂ ਪਰਵਾਨਾ।
ਜੇ ਮੈਂ ਜਾਣਾ ਹੁਸਨ ਬਾਨੋਂ ਤੇ ਤੂੰ ਆਸ਼ਕ ਹੋ ਜਾਂਦਾ।
ਓਸ ਚਮਨ ਦਾ ਹਰਗਿਜ਼ ਤੈਨੂੰ ਨਾਹੀਂ ਰਾਹ ਵਖਾਂਦਾ।
ਜੇ ਕੋਈ ਨਾਉਂ ਹੁਸਨ ਬਾਨੋਂ ਦਾ, ਲੈਂਦਾ ਮੇਰੇ ਅੱਗੇ।
ਗੈਰਤ ਦੀ ਅੱਗ ਭੜਕੇ ਮੈਨੂੰ ਤੀਰ ਕਲੇਜੇ ਲੱਗੇ।
ਐਪਰ ਮੈਨੂੰ ਤੇਰੇ ਜੇਹਾ ਨਾਹੀਂ ਹੋਰ ਪਿਆਰਾ।

ਇਸ ਨੇ ਜਿਥੇ ਇਸ਼ਕ ਦਾ ਬਿਆਨ ਕੀਤਾ ਹੈ ਕਮਾਲ ਕਰ ਦਿੱਤਾ ਹੈ। ਤਸ਼ਬੀਹਾਂ ਤੇ ਅਲੰਕਾਰ ਸੁਹਣੇ ਵਰਤੇ ਹਨ। ਬਹਿਰਾਮਗੁਰ ਹੁਸਨ ਬਾਨੋਂ ਨੂੰ ਇਸ ਤਰ੍ਹਾਂ ਕਹਿੰਦਾ ਹੈ—

ਜ਼ਾਲਮ ਇਸ਼ਕ ਤੇਰੇ ਨੇ ਮੈਨੂੰ, ਵੇਖ ਮੁਸਾਫਰ ਰਾਹੀ।
ਬੱਧੀ ਜਾਨ ਮੁਸ਼ਾਫਰ ਮੇਰੀ, ਪਾ ਜ਼ੁਲਫ਼ਾਂ ਦੀ ਫਾਹੀ।
ਬੰਨ੍ਹ ਘਟਾ ਬਿਰਹੋਂ ਦਾ ਲਸ਼ਕਰ ਜਾਨ ਮੇਰੀ ਵਲ ਚੜ੍ਹਿਆ।
ਨੀਂਦਰ ਭੁੱਖ ਆਰਾਮ ਅਸਾਥੀਂ ਹੋਸ਼ ਸਣੇ ਲੁਟ ਖੜਿਆ।

———

ਮੈਂ ਹੁਣ ਘਾਇਲ ਇਸ਼ਕ ਤੇਰੇ ਦਾ ਅੱਗ ਮੇਰੇ ਤਨ ਭੜਕੇ।
ਬੈਠਾ ਤੀਰ ਨੈਨਾਂ ਦੇ ਅੱਗੇ ਜਾਨ ਨਿਸ਼ਾਨਾ ਕਰਕੇ।



Digitized by Panjab Digital Library | www.panjabdigilib.org

ਆਸ਼ਕ ਆਜਜ਼ ਦਾ ਕੀ ਮਾਰਨ ਮਾਸ਼ੂਕਾਂ ਦੇ ਭਾਣੇ।
ਇਕਸ ਝਿੜਕ ਦਿਤਿਆਂ ਮਰ ਜਾਵਨ ਦਰਦੀ ਦਰਦ ਰੰਜਾਣੇ।
ਜੇ ਮਾਸ਼ੂਕ ਜ਼ਰਾ ਹੁਣ ਹੱਸ ਕੇ ਕਰੇ ਕਲਾਮ ਜ਼ਬਾਨੀ।
ਜਾਣੋ ਆਸ਼ਕ ਮੋਏ ਹੋਏ ਨੂੰ ਮੁੜ ਹੋਵੇ ਜ਼ਿੰਦਗਾਨੀ।

—o—

ਜਾਨ ਮੇਰੀ ਵਿਚ ਜਾਨ ਤੇਰੀ ਦੇ ਮਾਹਵ ਅਜਿਹੀ ਹੋਈ।
ਜਿਉਂ ਕਤਰਾ ਦਰਿਆ ਵਿਚ ਰਲਦਾ ਫ਼ਰਕ ਨਾ ਜਾਣੇ ਕੋਈ।

ਕਿਹਾ ਸੁਹਣਾ ਬਿਆਨ ਹੈ। ਇਕ ਦੂਜੇ ਵਿਚ ਆਤਮਕ ਤੌਰ ਤੇ ਲੀਨ ਹੋਣਾ ਦੱਸਿਆ ਹੈ; ਪਿਆਰ ਦੀ ਉੱਚ ਮੰਜ਼ਲ ਹੈ। ਸਿਰਫ਼ ਇਸ ਕਿੱਸੇ ਦੀ ਰਚਨਾ ਵਿਚ ਕੁਝ ਜ਼ੋਰ ਹੈ।

## ਇਸ ਸਮੇਂ ਦੇ ਹੋਰ ਰੋਮਾਂਟਿਕ ਕਵੀ

ਇਸ ਸਮੇਂ ਵਿਚ ਅਨੇਕਾਂ ਕਵੀ ਹੋਏ ਹਨ ਜਿਨ੍ਹਾਂ ਨੇ ਵਖ ਵਖ ਤਰ੍ਹਾਂ ਦੇ ਅਨੇਕਾਂ ਕਿੱਸੇ ਲਿਖੇ। ਇਨ੍ਹਾਂ ਵਿਚੋਂ ਬਹੁਤੇ ਮੁਸਲਮਾਨ ਹੀ ਹੋਏ ਹਨ ਜਿਹਾ ਕਿ ਸੱਯਦ ਕਰਮ ਅਲੀ ਸ਼ਾਹ (ਇਹ ਇਕ ਸੂਫੀ ਕਵੀ ਸੀ, ਜਿਸਨੇ ਸੂਫਿਆਨਾ ਰੰਗ ਦੀ ਕਵਿਤਾ ਉਚਾਰੀ) ਮੀਆਂ ਅਸ਼ਰਫ ਨੇ ਸੀਹਰਫੀਆਂ ਲਿਖੀਆਂ। ਮੀਆਂ ਹੁਸੈਨ ਨੇ ਹੀਰ ਤੇ ਰਾਂਝੇ ਦੀਆਂ ਸੀਹਰਫੀਆ ਲਿਖੀਆਂ। ਇਸੇ ਤਰ੍ਹਾ ਅਲਾਹੀ ਬਖਸ਼, ਗੁਲਾਮ ਜੀਲਾਨੀ ਰੁਹਤਕੀ, ਸੁਲਤਾਨ ਅਹਿਮਦ ਤੇ ਮੀਆਂ ਨੌ ਰੋਜ਼ ਆਦਿ ਮਸ਼ਹੂਰ ਸੂਫੀ ਕਵੀ ਹੋਏ ਹਨ। ਮੀਰਾਂ ਸ਼ਾਹ ਨੇ ਇਸ਼ਕ ਤੇ ਪ੍ਰੇਮ ਰੰਗ ਰੰਗੇ ਦੋਹਰੇ ਲਿਖੇ।

ਸਾਈਂ ਦਾਸ, ਗੰਗਾ ਰਾਮ, ਲੱਛੀ ਰਾਮ ਤੇ ਗੋਪਾਲ ਸਿੰਘ ਆਦਿ ਹਿੰਦੂ ਕਵੀ ਸਨ ਜਿਨ੍ਹਾਂ ਨੇ ਕਈ ਤਰ੍ਹਾਂ ਦੇ ਕਿੱਸੇ ਲਿਖੇ। ਨਿਹਾਲਾ ਕਵੀ ਨੇ ਸਖੀ ਸਰਵਰ ਦੀ ਵਾਰ ਲਿਖੀ।

ਇਨ੍ਹਾਂ ਕਵੀਆਂ ਦੇ ਕਿੱਸੇ ਵੀ ਪੰਜਾਬੀ ਸਾਹਿਤ ਦਾ ਖਾਸ ਸ਼ਿੰਗਾਰ ਹਨ।



Digitized by Panjab Digital Library | www.panjabdigilib.org

# ਬੀਰ ਰਸ ਦੀ ਕਵਿਤਾ

## ਸ਼ਾਹ ਮੁਹੰਮਦ

(੧੭੮੨ ਤੋਂ ੧੮੬੨)

ਇਹ ਕਵੀ ਵਟਾਲਾ ਜ਼ਿਲਾ ਗੁਰਦਾਸ ਪੁਰ ਦਾ ਵਸਨੀਕ ਸੀ। ਇਸ ਨੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਵੀ ਵੇਖਿਆ। ਉਸ ਤੋਂ ਮਗਰੋਂ ਸਿੱਖਾਂ ਤੇ ਅੰਗ੍ਰੇਜ਼ਾਂ ਦੀਆਂ ਲੜਾਈਆਂ ਵੀ ਵੇਖੀਆਂ। ਇਹ ਇੱਕ ਇਤਿਹਾਸਕ ਕਵੀ ਹੋਣ ਦੀ ਹੈਸੀਅਤ ਵਿਚ ਪੰਜਾਬੀ ਸਾਹਿਤ ਅੰਦਰੋਂ ਇੱਕ ਖਾਸ ਮਹਾਨਤਾ ਰੱਖਦਾ ਹੈ। ਇਸ ਦੇ ਇਸ ਕਿੱਸੇ ਦਾ ਨਾਂ ਅੰਗ੍ਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਹੈ। ਬੋਲੀ ਠੇਠ ਪੰਜਾਬੀ ਹੈ। ਤਸ਼ਬੀਹਾਂ ਸੁਹਣੀਆਂ ਵਰਤੀਆਂ ਹਨ। ਜਦੋਂ ਸਿੱਖਾਂ ਦੀਆਂ ਫੌਜਾਂ ਅੰਗ੍ਰੇਜ਼ਾਂ ਵਿਰੁਧ ਬਹਾਦਰੀ ਨਾਲ ਲੜੀਆਂ, ਪਰ ਆਗੂਆਂ ਦੀ ਗੱਦਾਰੀ ਕਰਕੇ ਸਿਖ ਫੌਜਾਂ ਹਾਰ ਗਈਆਂ, ਉਸ ਸਮੇਂ ਦਾ ਬਿਆਨ ਕਵੀ ਇਸ ਤਰ੍ਹਾਂ ਕਰਦਾ ਹੈ—

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਕਿਹਾ ਦਰਦ ਭਰਿਆ ਬਿਆਨ ਹੈ 'ਇੱਕ ਸਰਕਾਰ ਬਾਝੋਂ' ਦੇ ਸ਼ਬਦਾਂ ਵਿਚੋਂ ਸ਼ੇਰੇ ਪੰਜਾਬ ਦਾ ਸਤਿਕਾਰ ਤੇ ਪਿਆਰ ਕਿਸ ਤਰ੍ਹਾਂ ਡੁਲ੍ਹ ਡੁਲ੍ਹ ਪੈਂਦਾ ਹੈ।

ਜਦੋਂ ਅੰਗ੍ਰੇਜ਼ਾਂ ਨੂੰ ਹਾਰ ਹੋਈ ਤਾਂ ਕਵੀ ਉਨ੍ਹਾਂ ਦੀ ਹਾਰ ਤੇ ਤਬਾਹੀ ਦਾ ਬਿਆਨ ਇਸ ਤਰ੍ਹਾਂ ਕਰਦਾ ਹੈ:—



Digitized by Panjab Digital Library | www.panjabdigilib.org

ਓਧਰ ਆਪ ਫਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦੇਕੇ ਕੰਡ ਮੀਆਂ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,
ਮਗਰੋਂ ਹੋਏ ਬੰਦੂਕਾਂ ਦੀ ਫੰਡ ਮੀਆਂ।
ਕਿਸੇ ਜਾ ਫਰੰਗੀ ਨੂੰ ਖਬਰ ਕੀਤੀ,
ਲੰਡਨ ਹੋ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਵੇਖ ਮੈਦਾਨ ਜਾਕੇ,
ਰੁਲਦੇ ਗੋਰਿਆਂ ਦੇ ਓਥੇ ਚੰਡ ਮੀਆਂ।

—:o·—

ਸਿੰਘਾਂ ਮਾਰ ਕੇ ਕਟਕ ਮੁਕਾ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਲੰਡਨ ਟਾਪੂਆਂ ਵਿਚ ਕੁਰਲਾਟ ਪਿਆ;
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

-:o:-

ਜਦੋਂ ਸਿੰਘਾਂ ਨੇ ਅੰਗ੍ਰੇਜ਼ਾਂ ਉਤੇ ਹਮਲਾ ਕੀਤਾ; ਉਸ ਵੇਲੇ ਦਾ ਸਿੰਘਾਂ ਦਾ ਜੋਸ਼ ਇਸ ਤਰ੍ਹਾਂ ਬਿਆਨ ਕੀਤਾ ਹੈ--

ਕੂੰਜਾਂ ਨਜ਼ਰ ਆਈਆਂ ਬਾਜਾਂ ਭੁਖਿਆਂ ਨੂੰ,
ਪਏ ਸਿੰਘ ਕਚੀਚੀਆਂ ਖਾਂਵਦੇ ਨੀ।

——

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਨ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਸੀ ਢੇਰ ਮੀਆਂ।



Digitized by Panjab Digital Library | www.panjabdigilib.org

ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ,
ਹੋਇਆ ਹੁਕਮ ਨ ਲਾਉਂਦੇ ਦੇਰ ਮੀਆਂ।

———

ਸਿੰਘ ਸੂਰਮੇਂ ਆਣ ਮੈਦਾਨ ਲੱਥੇ,
ਅੰਗ ਲਾਹ ਸੁਟੇ ਇਹਨਾਂ ਗੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬਿਠਾਏ ਲੰਡਨ,
ਸਿੰਘ ਨਹੀਂ ਜਾਂਦੇ ਨਾਲ ਜ਼ੋਰਿਆਂ ਦੇ।

ਖਾਲਸਾ ਫੌਜਾਂ ਦੀ ਚੜ੍ਹਦੀ ਕਲਾ ਅਤੇ ਜਿੱਤਾਂ ਵੇਖਕੇ ਕਵੀ ਲਿਖਦਾ ਹੈ—

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।

ਇਨ੍ਹਾਂ ਸਤਰਾਂ ਵਿਚ ਕਿਹਾ ਦੇਸ਼ ਪਿਆਰ, ਜੋਸ਼ ਤੇ ਬਹਾਦਰੀ ਦਾ ਜਜ਼ਬਾ ਛਲਕਦਾ ਪਰਤੀਤ ਹੁੰਦਾ ਹੈ। ਜਦੋਂ ਪੰਜਾਬ ਵਿਚ ਅੰਗੇਜ਼ਾਂ ਦਾ ਰਾਜ ਹੋ ਗਿਆ, ਇਹ ਕਵੀ ਆਪਣੇ ਦਿਲ ਵਿਚ ਬੜਾ ਦੁਖੀ ਹੁੰਦਾ ਹੈ ਤੇ ਕਹਿੰਦਾ ਹੈ—

ਰਾਜ਼ੀ ਬਾਜ਼ੀ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਵੱਡੀ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੀ ਨਹੀਂ ਸੀ ਤੀਸਰੀ ਜ਼ਾਤ ਆਈ।

———

ਇਸ ਦੇ ਦਿਲ ਵਿਚ ਹਿੰਦੂਆ ਤੇ ਮੁਸਲਮਾਨਾਂ ਦੇ ਮੇਲ ਤੇ ਪਿਆਰ ਦਾ ਬੜਾ ਜਜ਼ਬਾ ਸੀ। ਇੱਕ ਹੋਰ ਥਾਂ ਲਿਖਦਾ ਹੈ:—

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾ,
ਉਨ੍ਹਾਂ ਨਾਲ ਨ ਕਿਸੇ ਦਾ ਵਾਸਤਾ ਈ।



Digitized by Panjab Digital Library | www.panjabdigilib.org

ਇਹ ਪੰਜਾਬੀ ਦਾ ਪਹਿਲਾ ਕਵੀ ਹੈ ਜਿਸ ਨੇ ਪਹਿਲੀ ਵਾਰੀ ਅੰਗ੍ਰੇਜ਼ੀ ਦੇ ਸ਼ਬਦ, 'ਕੰਪਨੀ, ਅਫਸਰ, ਕੌਂਸਲ ਆਦਿ ਆਪਣੀ ਕਵਿਤਾ ਵਿਚ ਵਰਤੇ। ਇਹ ਸ਼ਬਦ ਅੰਗ੍ਰੇਜ਼ਾਂ ਦੇ ਆਉਣ ਸਮੇਂ ਹੀ ਪੰਜਾਬੀ ਵਿਚ ਰਚ ਚੁਕੇ ਸਨ।

**ਮਟਕ**—ਇਹ ਕਵੀ ਵੀ ਸਿੱਖਾਂ ਦੇ ਅੰਤਲੇ ਸਮੇਂ ਵਿਚ ਹੋਇਆ ਹੈ। ਇਸ ਨੇ ਵੀ ਸਿੰਘਾਂ ਤੇ ਅੰਗ੍ਰੇਜ਼ਾਂ ਦੀਆਂ ਲੜਾਈਆਂ ਦਾ ਹਾਲ ਤਿਓਢਾਂ ਵਿਚ ਲਿਖਿਆ ਹੈ। ਪ੍ਰੋ: ਗੰਡਾ ਸਿੰਘ ਜੀ ਨੇ 'ਪੰਜਾਬ ਦੀਆਂ ਵਾਰਾਂ' ਦੇ ਸੰਗ੍ਰਹਿ ਵਿਚ ਇਸ ਦੀ ਕਵਿਤਾ ਦਾ ਅਧੂਰਾ ਜਿਹਾ ਨਮੂਨਾ ਦਿੱਤਾ ਹੈ। ਇਸ ਦੀ ਕਵਿਤਾ ਵਿਚ ਵੀ ਦੇਸ਼ ਪਿਆਰ ਦਾ ਜਜ਼ਬਾ ਡੁਲ੍ਹ ਡੁਲ੍ਹ ਪੈਂਦਾ ਹੈ। ਜਦੋਂ ਮਿਸਰ ਲਾਲ ਸਿੰਘ ਤੇ ਉਸ ਦੇ ਸਾਥੀ ਮੈਦਾਨ ਛੱਡਕੇ ਉਠ ਨੱਸੇ ਉਸ ਸਮੇਂ ਦਾ ਹਾਲ ਕਵੀ ਇਸ ਤਰ੍ਹਾਂ ਲਿਖਦਾ ਹੈ—

ਦੌੜਦਿਆਂ ਨੂੰ ਸ਼ਰਮ ਨਾ ਆਈ,
ਕੀਤੀ ਜਾਨ ਪਿਆਰੀ, ਇਹੋ ਵਿਚਾਰੀ।
ਤੋਲ ਤੱਕੜੀ ਲੈਣ ਰੁਪੱਈਏ,
ਅਸੀਂ ਬੰਦੂਕਚੀ ਭਾਰੀ ਪੰਜ ਹਜ਼ਾਰੀ।
ਘਰ ਵਿਚ ਬੈਠ ਇਨਾਮ ਵਧਾਉਣ,
ਰਣ ਵਿਚ ਪਿੱਠ ਦਿਖਾਰੀ,ਲਾਜ ਵਿਸਾਰੀ।
ਕਹਿਤ ਮਟਕ ਲੜ ਮਰਨ ਸੂਰਮੇ,
ਜ਼ਰਾ ਨਾ ਹਟਣ ਪਿਛਾੜੀ,ਹੋਣ ਅਗਾੜੀ।

ਬੋਲੀ ਸਾਫ ਤੇ ਮੁਹਾਵਰੇ ਅਨੁਸਾਰ ਹੈ। ਕਵਿਤਾ ਵਿਚ ਸਾਦਗ ਬਹੁਤ ਹੈ। ਕਵਿਤਾ ਵਿਚ ਲੜਾਈ ਦਾ ਜ਼ਿਕਰ ਤੇ ਹਥਿਆਰਾਂ ਦਾ ਬਿਆਨ ਵੀ ਸੁਹਣਾ ਕੀਤਾ ਹੈ।



Digitized by Panjab Digital Library | www.panjabdigilib.org

# ਅੰਗ੍ਰੇਜ਼ੀ ਰਾਜ ਦਾ ਸਮਾਂ

(੧੮੬੦ ਤੋਂ ੧੯੪੭ ਤੱਕ)

ਅਸਲ ਵਿਚ ਪੰਜਾਬੀ ਸਾਹਿਤ ਤੇ ਪੰਜਾਬੀ ਕਵਿਤਾ ਦੀ ਬਹੁਤੀ ਉੱਨਤੀ ਇਸੇ ਕਾਲ ਵਿੱਚ ਹੋਈ ਹੈ। ਇਸ ਸਮੇਂ ਵਿਚ ਪੰਜਾਬੀ ਸਾਹਿਤ ਵਿਚ ਹਰ ਪੱਖ ਦੀਆਂ ਤੇ ਵਿਸ਼ੇ ਦੀਆਂ ਜਿੰਨੀਆਂ ਕਤਾਬਾਂ ਲਿਖੀਆਂ ਗਈਆਂ ਹਨ, ਓਨੀਆਂ ਹੋਰ ਕਿਸੇ ਕਾਲ ਵਿਚ ਨਹੀਂ ਲਿਖੀਆਂ ਗਈਆਂ। ਇਸ ਦੇ ਕਈ ਕਾਰਨ ਹਨ।

ਅੰਗ੍ਰੇਜ਼ਾਂ ਦੇ ਰਾਜ ਦਾ ਸਮਾਂ ਭਾਰਤ ਲਈ ਇਕ ਤਰ੍ਹਾਂ ਨਾਲ ਅਮਨ ਦਾ ਸਮਾਂ ਸੀ। ਇਸ ਸਮੇਂ ਪ੍ਰੈਸ ਜਾਰੀ ਹੋਇਆ ਕਤਾਬਾਂ ਛਪਣ ਕਰਕੇ ਸਾਹਿਤ ਦਾ ਆਮ ਪ੍ਰਚਾਰ ਹੋਇਆ। ਅਖਬਾਰ ਨਿਕਲਣੇ ਸ਼ੁਰੂ ਹੋਏ ਅਤੇ ਅਖਬਾਰਾਂ ਤੇ ਰਸਾਲਿਆਂ ਵਿਚ ਕਈ ਤਰ੍ਹਾਂ ਦੇ ਲੇਖ, ਕਵਿਤਾਵਾਂ ਤੇ ਕਹਾਣੀਆਂ ਆਦਿ ਛਪਣੇ ਸ਼ੁਰੂ ਹੋਏ। ਅੰਗ੍ਰੇਜ਼ਾਂ ਨੇ ਕਈ ਸਕੂਲ ਕਾਲਜ ਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ, ਵਿਦਿਅਕ ਪ੍ਰਚਾਰ ਹੋਣ ਲੱਗਾ ਤੇ ਵਖ ਵਖ ਵਿਸ਼ਿਆਂ ਉਤੇ ਅਨੇਕਾਂ ਪੁਸਤਕਾਂ ਲਿਖੀਆਂ ਜਾਣ ਲੱਗੀਆਂ। ਜਦੋਂ ਸਾਹਿਤ ਪ੍ਰੇਮੀਆਂ ਨੇ ਦੂਜੇ ਦੇਸਾਂ ਦਾ ਸਾਹਿਤ ਪੜ੍ਹਿਆ, ਪੰਜਾਬੀ ਪ੍ਰੇਮੀਆਂ ਨੇ ਵੀ ਉਸੇ ਤਰ੍ਹਾਂ ਦਾ ਸਾਹਿਤ ਉਪਜਾਉਣ ਦਾ ਯਤਨ ਕੀਤਾ। ਕਈ ਤਰ੍ਹਾਂ ਦੇ ਨਾਵਲ ਕਿੱਸੇ ਕਹਾਣੀਆਂ, ਨਾਟਕ ਤੇ ਕਵਿਤਾ ਦੀਆਂ ਪੁਸਤਕਾਂ ਲਿਖੀਆਂ ਗਈਆਂ। ਕਾਂਗਰਸ, ਨਾਮਧਾਰੀ, ਸਿੰਘ ਸਭਾ, ਖਿਲਾਫਤ ਆਰੀਆ ਸਮਾਜ, ਅਕਾਲੀ, ਨਾਂ ਮਿਲਵਰਤਨ, ਮੁਸਲਿਮ ਲੀਗ, ਤੇ ਹੋਰ ਲਹਿਰਾਂ ਦੇ ਪਰਚਾਰ ਕਰਕੇ ਵੀ ਪੰਜਾਬੀ ਦੀ ਬੜੀ ਉਨਤੀ ਹੋਈ। ਪੰਜਾਬੀ ਸਭਾ ਕਾਇਮ ਹੋਈ, ਥਾਂ ਥਾਂ ਪੰਜਾਬੀ ਕਵੀ ਦਰਬਾਰ ਤੇ ਕਾਨਫ੍ਰੰਸਾਂ ਹੋਈਆਂ ਜਿਸ ਕਰਕੇ ਪੰਜਾਬੀ ਸਾਹਿਤ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਚਲਾ ਗਿਆ।



Digitized by Panjab Digital Library | www.panjabdigilib.org

# ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਭਾਈ ਵੀਰ ਸਿੰਘ ਜੀ ੫ ਦਸੰਬਰ ਸੰਨ ੧੮੭੨ ਈਸਵੀ ਨੂੰ ਡਾਕਟਰ ਚਰਨ ਸਿੰਘ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਜੀ ਵਿਚ ਪੈਦਾ ਹੋਏ। ਡਾਕਟਰ ਚਰਨ ਸਿੰਘ ਜੀ ਬੜੇ ਵਿਦਵਾਨ ਕਵੀ ਸਨ, ਇਸ ਲਈ ਇਹਨਾਂ ਦੇ ਜੀਵਨ ਦਾ ਭਾਈ ਵੀਰ ਸਿੰਘ ਜੀ ਉਤੇ ਬੜਾ ਅਸਰ ਹੋਇਆ। ਪਰਸਿੱਧ ਗਿਆਨੀ ਹਜ਼ਾਰਾ ਸਿੰਘ ਜੀ ਭਾਈ ਵੀਰ ਸਿੰਘ ਜੀ ਦੇ ਨਾਨਾ ਜੀ ਸਨ। ਛੋਟੀ ਉਮਰ ਵਿਚ ਭਾਈ ਵੀਰ ਸਿੰਘ ਜੀ ਇਹਨਾਂ ਕੋਲ ਰਹੇ ਅਤੇ ਇਹਨਾਂ ਕੋਲੋਂ ਹੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ। ਇਹੋ ਕਾਰਨ ਹੈ ਕਿ ਭਾਈ ਵੀਰ ਸਿੰਘ ਜੀ ਦਾ ਜੀਵਨ ਮੁੱਢ ਤੋਂ ਹੀ ਪੂਰਨ ਗੁਰ ਸਿੱਖਾਂ ਵਾਲਾ ਰਿਹਾ ਹੈ।

ਭਾਈ ਵੀਰ ਸਿੰਘ ਜੀ ਮਿਸ਼ਨ ਸਕੂਲ ਅੰਮ੍ਰਿਤਸਰ ਵਿਚ ਪੜ੍ਹਦੇ ਰਹੇ। ਸੰਨ ੧੮੯੧ ਈਸਵੀ ਵਿਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ, ਜ਼ਿਲੇ ਵਿਚ ਅੱਵਲ ਰਹਿਣ ਕਰਕੇ ਡਿਸਟ੍ਰਿਕਟ ਬੋਰਡ ਵੱਲੋਂ ਆਪ ਨੂੰ ਸੋਨੇ ਦਾ ਇਕ ਤਮਗ਼ਾ ਇਨਾਮ ਮਿਲਿਆ, ਦਸਵੀਂ ਪਾਸ ਕਰਨ ਮਗਰੋਂ ਇਨ੍ਹਾਂ ਨੇ ਭਾਈ ਵਜ਼ੀਰ ਸਿੰਘ ਜੀ ਨਾਲ ਰਲਕੇ ਸੰਨ ੧੮੯੨ ਈਸਵੀ ਵਿਚ ਵਜ਼ੀਰ ਹਿੰਦ ਪ੍ਰੈਸ ਜਾਰੀ ਕੀਤਾ, ਜੋ ਹੁਣ ਤੱਕ ਬੜੀ ਸਫਲਤਾ ਨਾਲ ਚੱਲ ਰਿਹਾ ਹੈ।

ਸੰਨ ੧੮੯੪ ਈਸਵੀ ਵਿਚ ਆਪ ਨੇ ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ, ਜੋ ਹੁਣ ਤੱਕ ਚੱਲ ਰਹੀ ਹੈ। ਪੰਜ ਸਾਲ ਪਿੱਛੋਂ ਇਨ੍ਹਾਂ ਨੇ ਗੁਰਮੁਖੀ ਦਾ ਹਫਤਾਵਾਰ ਅਖਬਾਰ, 'ਖਾਲਸਾ ਸਮਾਚਾਰ' ਜਾਰੀ ਕੀਤਾ। ਆਪ ਉਸ ਸਮੇਂ ਤੋਂ ਹੀ ਖਾਲਸਾ ਟ੍ਰੈਕਟ ਸੁਸਾਇਟੀ ਲਈ ਲੇਖ ਅਤੇ ਕਵਿਤਾਵਾਂ ਲਿਖਦੇ ਆ ਰਹੇ ਹਨ।

ਇਨ੍ਹਾਂ ਦੀ ਸ਼ਾਦੀ ਸੰਨ ੧੮੮੬ ਈਸਵੀ ਵਿਚ ਹੋਈ ਸੀ। ਜਿਸਤਰ੍ਹਾਂ ਆਪ ਦੀ ਰਚਨਾ ਧਾਰਮਿਕ, ਪਵਿੱਤਰ ਅਤੇ ਗੰਭੀਰ ਹੈ ਇਸੇ



Digitized by Panjab Digital Library | www.panjabdigilib.org

ਤਰ੍ਹਾਂ ਦਾ ਇਨ੍ਹਾਂ ਦਾ ਜੀਵਨ ਹੈ। ਆਪ ਦਿਖਾਵੇ ਦੀ ਜ਼ਿੰਦਗੀ ਤੋਂ ਦੂਰ ਰਹਿਣਾ ਪਸੰਦ ਕਰਦੇ ਹਨ ਅਤੇ ਬੜੇ ਨਿਰਮਾਨ ਸੁਭਾ ਵਾਲੇ ਹਨ। ਈਸਟ ਪੰਜਾਬ ਯੂਨੀਵਰਸਿਟੀ ਨੇ ਆਪ ਦੀ ਸਹਿਤਕ ਸੇਵਾ ਨੂੰ ਮੁਖ ਰਖ ਕੇ ਸੰਨ ੧੯੪੯ ਵਿਚ ਆਪ ਨੂੰ ਡਾਕਟਰ ਆਫ ਔਰੀਐਂਟਲ ਲਰਨਿੰਗ ਦੀ ਔਨਰੇਰੀ ਡਿਗਰੀ ਭੇਟ ਕੀਤੀ ਸੀ।

ਇਨ੍ਹਾਂ ਨੇ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ ਆਦਿ ਅਨੇਕਾਂ ਪੁਸਤਕਾਂ ਪੰਜਾਬੀ ਵਾਰਤਕ ਵਿਚ ਲਿਖੀਆਂ ਜੋ ਬੜੀਆਂ ਮਸ਼ਹੂਰ ਹਨ। ੧੯੨੦ ਤੋਂ ਲੈਕੇ ੧੯੨੭ ਤਕ ਅਨੇਕਾਂ ਟ੍ਰੈਕਟਾਂ ਤੋਂ ਬਿਨਾਂ ਆਪ ਨੇ ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਮਟਕ ਹੁਲਾਰੇ, ਪ੍ਰੀਤ ਵੀਣਾ, ਲਹਿਰ ਹੁਲਾਰੇ ਆਦਿ ਉੱਚ ਕਵਿਤਾ ਦੀਆਂ ਪੁਸਤਕਾਂ ਲਿਖੀਆਂ, ਜੋ ਪੰਜਾਬੀ ਸਾਹਿਤ ਸੰਸਾਰ ਅੰਦਰ ਬੜੀ ਮਹਾਨਤਾ ਰੱਖਦੀਆਂ ਹਨ।

ਭਾਈ ਸਾਹਿਬ ਜੀ ਦੀ ਵਾਰਤਕ ਲਿਖਤ ਐਡੀ ਜ਼ੋਰਦਾਰ ਹੈ ਕਿ ਜਿਸ ਦਾ ਨਮੂਨਾ ਪੰਜਾਬੀ ਵਿਚ ਹੋਰ ਕਿਤੇ ਨਹੀਂ ਮਿਲ ਸਕਦਾ। ਕਵਿਤਾ ਠੇਠ ਪੰਜਾਬੀ ਵਿਚ ਅਜੇਹੀ ਸੁਤੰਤਰ ਲਿਖੀ ਹੈ ਕਿ ਪੜ੍ਹਨ ਵਾਲਾ ਘੜੀ ਦੀ ਘੜੀ ਆਪਾ ਭੁੱਲ ਕੇ ਅਨੰਤ ਦਾ ਰਸ ਮਾਨਣ ਲਗ ਪੈਂਦਾ ਹੈ ਇਨ੍ਹਾਂ ਨੇ ਕਵਿਤਾ ਦਾ ਤੋਲ ਪੂਰਾ ਰੱਖਣ ਦਾ ਬੜਾ ਯਤਨ ਕੀਤਾ ਹੈ। ਭਾਵੇਂ ਇਸਤਰ੍ਹਾਂ ਕਰਨ ਵਿਚ ਆਪ ਨੇ ਕਈ ਸ਼ਬਦਾਂ ਦੀ ਤੋੜ ਭੰਨ ਕੀਤੀ ਹੈ ਅਤੇ ਕਈ ਨਵੇਂ ਸ਼ਬਦ ਵੀ ਘੜੇ ਹਨ, ਪਰ ਆਪ ਨੇ ਸਰਲਤਾ ਕਾਇਮ ਰੱਖਣ ਲਈ ਕਮਾਲ ਕੀਤੀ ਹੈ। ਕਈ ਥਾਈਂ ਆਪ ਨੇ ਵਿਆਕਰਣ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਹੋਵੇ, ਪਰ ਕਵਿਤਾ ਵਿਚ ਇਨ੍ਹਾਂ ਨੇ ਬੜੇ ਰਸਦਾਇਕ ਤੇ ਕੋਮਲ ਸ਼ਬਦ ਵਰਤੇ ਹਨ। ਕਈ ਥਾਈਂ ਹਿੰਦੀ, ਬ੍ਰਿਜ ਭਾਸ਼ਾ ਤੇ ਕਿਤੇ ਕਿਤੇ ਫਾਰਸੀ ਦੇ ਸ਼ਬਦ ਵੀ ਵਰਤੇ ਹਨ ਪਰ ਆਮ ਕਰਕੇ ਬੋਲੀ ਠੇਠ ਪੰਜਾਬੀ ਹੀ ਵਰਤੀ ਹੈ। ਕਵਿਤਾ ਵਿੱਚ ਧਾਰਮਕ ਰੰਗ ਤੇ ਕੁਦਰਤ ਦਾ ਪਿਆਰ ਥਾਂ ਥਾਂ ਡੁਲ੍ਹ ਡੁਲ੍ਹ ਪੈਂਦਾ



Digitized by Panjab Digital Library | www.panjabdigilib.org

ਹੈ। ਇਹੋ ਕਾਰਨ ਹੈ ਕਿ ਆਪ ਪੰਜਾਬੀ ਕਵੀਆਂ ਅੰਦਰ ਸਿਰੋਮਣੀ ਮੰਨੇ ਜਾਂਦੇ ਹਨ।

ਕਵਿਤਾ ਸਬੰਧੀ ਵਿਚਾਰ:—

ਭਾਈ ਵੀਰ ਸਿੰਘ ਜੀ ਦੀ ਰਚਨਾ ਪੰਜਾਬੀ ਸਾਹਿਤ ਅੰਦਰ ਇਕ ਅਲੌਕਿਕ ਰਚਨਾ ਹੈ। ਇਹਨਾਂ ਨੇ ਆਮ ਕਰਕੇ ਰੁਬਾਈਆਂ ਲਿਖੀਆਂ ਹਨ, ਪਰ ਇਹਨਾਂ ਤੋਂ ਬਿਨਾਂ ਦੋਹਰੇ, ਬੈਂਤ, ਸਵੱਯੇ, ਕਬਿੱਤ ਤੇ ਸਿਰਖੰਡੀ ਛੰਦ ਵੀ ਲਿਖੇ ਹਨ। ਛੰਦਾਂ ਵਿਚ ਸਰਲਤਾ ਕਾਇਮ ਰਖਣ ਤੇ ਛੰਦਾਂ ਨੂੰ ਰਾਗ ਆਤਮਿਕ ਬਨਾਉਣ ਵਿਚ ਇਹਨਾਂ ਨੇ ਖਾਸ ਖਿਆਲ ਰੱਖਿਆ ਹੈ। ਕਿਸੇ ਕਿਸੇ ਵੇਲੇ ਆਪ ਅਰਸ਼ੀ ਉਡਾਰੀਆਂ ਲੈਂਦੇ ਹਨ ਤੇ ਧਰਤੀ ਦੀ ਸਤਹ ਤੋਂ ਉਚੇਰੇ ਹੋ ਕੇ ਕਵਿਤਾ ਉਚਾਰਦੇ ਹਨ। ਪਰੇਮ ਰੰਗ ਵਿਚ ਰੰਗੇ ਆਪ ਅਣਡਿੱਠੇ ਰਸ ਮੰਡਲਾਂ ਵਿਚ ਉਡਾਰੀਆਂ ਲਾਉਂਦੇ ਹੋਏ ਵਲਵਲੇ ਦੇ ਦੇਸ ਵਿਚ ਜਾ ਪਹੁੰਚਦੇ ਹਨ। ਉਸ ਅਵਸਥਾ ਵਿਚ ਪਹੁੰਚਕੇ ਆਪ ਲਿਖਦੇ ਹਨ:—

ਜਿਨ੍ਹਾਂ ਉਚਿਆਈਆਂ ਉਤੋਂ ਬੁੱਧੀ ਖੰਭ ਸਾੜ ਢੱਠੀ,
ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।
ਪਿਆਲੇ ਅਣਡਿੱਠੇ ਨਾਲ ਬੁਲ੍ਹ ਲਗ ਜਾਣ ਓਥੇ,
'ਰਸ' ਤੇ 'ਸਰੂਰ' ਚੜ੍ਹੇ ਝੂਮਾਂ ਆਉਣ ਪਿਆਰੀਆਂ।
ਗਿਆਨੀ ਸਾਨੂੰ ਹੋੜਦਾ ਤੇ ਵਹਿਮੀ ਢੋਲਾ ਆਖਦਾ ਏ,
ਮਾਰੇ ਗਏ ਜਿਨ੍ਹਾਂ ਲਾਈਆਂ ਬੁਧੋਂ ਪਾਰ ਤਾਰੀਆਂ।
ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਵਿਚ,
ਵਲਵਲੇ ਦੇ ਦੇਸ ਸਾਡੀਆਂ ਲਗ ਗਈਆਂ ਯਾਰੀਆਂ।

ਇਹ ਉਹ ਅਗੰਮੀ ਅਵਸਥਾ ਹੈ ਜਿਥੇ ਹਰ ਕਿਸੇ ਦੀ ਪਹੁੰਚ ਨਹੀਂ। ਜਿਥੇ ਦੁਨੀਆਵੀ ਗਿਆਨ ਤੇ ਅਕਲ ਦੀ ਪਹੁੰਚ ਨਹੀਂ, ਜਿਥੇ ਪੁੱਜ ਕੇ ਆਪਣੇ ਆਪ ਦੀ ਹੋਸ਼ ਨਹੀਂ ਰਹਿੰਦੀ। ਇਸ ਅਵਸਥਾ ਵਿਚ ਕਿਸੇ ਅਣਡਿੱਠੇ ਪਰੇਮ-ਰਸਾਂ ਦੇ ਪਿਆਲੇ ਨਾਲ ਬੁੱਲ੍ਹ ਲਗ ਜਾਂਦੇ



Digitized by Panjab Digital Library | www.panjabdigilib.org

ਹਨ, ਇਕ ਮਦਹੋਸ਼ੀ ਜਹੀ ਆ ਜਾਂਦੀ ਹੈ। ਰੋਮ ਰੋਮ ਵਿਚੋਂ ਪਰੇਮ ਝਰਨਾਟਾਂ ਛਿੜਦੀਆਂ ਹਨ, ਆਪਣੇ ਆਪ ਕੋਲੋਂ ਸਵਾਦ ਆਉਣ ਲਗਦਾ ਹੈ। ਇਹ ਵੀ ਅਣਡਿੱਠੇ ਰਸ ਦਾਤੇ ਦੀ ਮਿਹਰ ਦਾ ਸਦਕਾ ਹੈ ਆਪ ਲਿਖਦੇ ਹਨ:—

ਬੁਲ੍ਹਾਂ ਅਧਖੁਲ੍ਹਿਆਂ ਨੂੰ, ਹਾਇ ! ਮੇਰੇ ਬੁਲ੍ਹਾਂ ਅਧਮੀਟਿਆਂ ਨੂੰ,
ਛੁਹ ਗਿਆ ਨੀ ਲਗ ਗਿਆ ਨੀ, ਕੌਣ ਕੁਝ ਲਾ ਗਿਆ।
ਸੁਆਦ ਨੀ ਅਗੰਮੀ ਆਇਆ, ਰਸ ਝਰਨਾਟ ਛਿੜੀ
ਲੂੰ ਲੂੰ ਲਹਿਰ ਉਠਿਆ ਤੇ ਕਾਂਬਾ ਮਿਠਾ ਆ ਗਿਆ।
ਹੋਈ ਹਾਂ ਸੁਆਦ ਸਾਰੀ, ਆਪੇ ਤੋਂ ਮੈਂ ਆਪ ਵਾਰੀ,
ਐਸੀ ਰਸ ਭਰੀ ਹੋਈ ਸਵਾਦ ਸਾਰੇ ਧਾ ਗਿਆ।
ਹਾਇ ਦਾਤਾ ਦਿੱਸਿਆ ਨਾ ਸੁਆਦ ਜਿੰਨੇ ਦਿੱਤਾ ਐਸਾ,
ਦੇਂਦਾ ਰਸ ਦਾਨ ਦਾਤਾ ਆਪਾ ਕਿਉਂ ਲੁਕਾ ਗਿਆ।

ਅਨੰਤ ਰਸ ਮਾਣਦੇ ਹੋਏ ਉਸ ਸਰਬ ਵਿਆਪੀ ਪ੍ਰੀਤਮ ਦੀ ਛੋਹ ਪ੍ਰਾਪਤ ਕਰਦੇ ਹੋਏ ਆਪੇ ਦਾ ਰਸ ਮਾਣਦੇ ਹਨ, ਪਰ ਉਹ ਨਿਰਾਕਾਰ ਨਜ਼ਰ ਨਹੀਂ ਆਉਂਦਾ, ਹੈਰਾਨ ਹੁੰਦੇ ਹਨ ਕਿ ਉਹ ਦਾਤਾ ਆਪਣੀ ਛੁਹ ਦਾ ਦਾਨ ਦੇਂਦਾ ਹੋਇਆ ਫੇਰ ਆਪਣਾ ਆਪ ਕਿਉਂ ਲੁਕਾ ਲੈਂਦਾ ਹੈ। ਉਸ ਅਰਸ਼ੀ ਦਾਤੇ ਦੀ ਛੁਹ ਹੀ ਆਤਮਾ ਨੂੰ ਨੂਰੋ ਨੂਰ ਕਰਦੀ ਹੈ, ਲੂੰ ਲੂੰ ਅੰਦਰ ਇਕ ਇਲਾਹੀ ਜੋਤ ਜਗ ਮਗ ਜਗ ਮਗ ਕਰਨ ਲਗਦੀ ਹੈ। ਇਸ ਛੁਹ, ਹਾਂ ਪਰੇਮ-ਰਸ ਦੀ ਛੋਹ ਦੀ ਪਰਾਪਤੀ ਲਈ ਇਕ ਪਰੇਮੀ ਆਪਣੇ ਆਪ ਬਰਬਾਦ ਤੇ ਮਲੀਆ ਮੇਟ ਹੋ ਕੇ ਵੀ ਉਸ ਦਾ ਸ਼ੁਕਰ ਗੁਜ਼ਾਰ ਹੁੰਦਾ ਹੈ ਕਿ ਕੋਈ ਡਰ ਨਹੀਂ ਭਾਵੇਂ ਬਰਬਾਦ ਹੋ ਗਏ ਹਾਂ, ਤਦ ਭੀ ਤੇਰੇ ਇਸ ਲਈ ਧੰਨਵਾਦੀ ਹਾਂ ਕਿ ਤੂੰ ਆਪਣੇ ਪਿਆਰੇ ਹੱਥਾਂ ਦੀ ਛੁਹ ਬਖਸ਼ਕੇ ਮੈਨੂੰ ਬਰਬਾਦ ਕੀਤਾ ਹੈ। ਆਪ ਇਕ ਫੁੱਲ ਦੀ ਆਤਮਾ ਵਿਚ ਬੈਠਕੇ 'ਪ੍ਰੀਤਮ-ਛੁਹ' ਵਾਲੀ ਕਵਿਤਾ ਵਿਚ ਇਸ ਤਰ੍ਹਾਂ ਦਿਲੀ ਵਲਵਲਾ ਬਿਆਨ ਕਰਦੇ ਹਨ:—



Digitized by Panjab Digital Library | www.panjabdigilib.org

ਤੁਸਾਂ ਤੋੜਿਆ ਅਸੀਂ ਟੁੱਟ ਪਏ ਵਿਛੜ ਗਏ ਸਾਂ ਡਾਲੋਂ।
ਤੁਸਾਂ ਸੁੰਘ ਸੀਨੇ ਲਾ ਸੁਟਿਆ ਵਿਛੜ ਗਏ ਤੁਸਾਂ ਨਾਲੋਂ।
ਪੈਰਾਂ ਹੇਠ ਲਤਾੜ ਲੰਘਉਆਂ ਕੀਤਾ ਖੰਬੜੀ ਖੰਬੜੀ।
ਪਰ ਸ਼ੁਕਰਾਨਾ ਛੁਹ ਤੁਹਾਡੀ ਦਾ, ਅਜੇ ਨਾ ਭੁੱਲਦਾ ਸਾਨੋਂ।

ਕਿਹਾ ਅਨੋਖਾ ਖਿਆਲ ਹੈ।

ਆਪ ਦੀਆਂ ਰਚਨਾਵਾਂ ਦੀ ਬੋਲੀ ਠੇਠ ਪੰਜਾਬੀ ਹੈ, ਖਿਆਲ ਅਛੋਹ ਤੇ ਅਨੋਖੇ ਹਨ। ਕਵਿਤਾ ਰਾਗ ਆਤਮਕ ਹੈ ਤੇ ਅਲੰਕਾਰ ਵੀ ਸੁਹਣੇ ਵਰਤੇ ਹਨ। 'ਕਾਲੀ ਕੋਇਲ ਤੂੰ ਕਿਤ ਗੁਣ ਕਾਲੀ? ਆਪਣੇ ਪ੍ਰੀਤਮ ਕੇ ਹਉਂ ਬਿਰਹਾ ਜਾਲੀ।' ਵਾਲੇ ਖਿਆਲ ਨੂੰ ਆਪ ਨੇ ਇਕ ਅਨੋਖੇ ਅੰਦਾਜ਼ ਵਿਚ ਅਲੰਕ੍ਰਿਤ ਕੀਤਾ ਹੈ:—

ਸਾਬਣ ਲਾ ਲਾ ਧੋਤਾ ਕੋਲਾ, ਦੁਧ ਦਹੀਂ ਵਿਚ ਪਾਇਆ,
ਖੁੰਬੇ ਚਾੜ੍ਹ ਰੰਗਣ ਵੀ ਧਰਿਆ, ਰੰਗ ਨਾ ਓਸ ਵਟਾਇਆ।
ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ,
ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ।

ਪ੍ਰੌਢੋਕਤੀ ਅਲੰਕਾਰ ਦਵਾਰਾ ਆਪ ਨੇ ਦਲੀਲ ਨਾਲ ਸਿਧ ਕਰਕੇ ਦੱਸਿਆ ਹੈ ਕਿ ਪ੍ਰੀਤਮ ਦੇ ਵਿਛੋੜੇ ਕਰਕੇ ਰੰਗ ਕਾਲਾ ਪੈ ਗਿਆ ਹੈ, ਰਤਾ ਆਪਣੇ ਪ੍ਰੀਤਮ ਦੇ ਗਲ ਲੱਗ ਲੈਣ ਦਿਓ ਤੇ ਫੇਰ ਦੇਖੋ ਕਿ ਇਸ ਉਤੇ ਕਿਸ ਤਰ੍ਹਾਂ ਰੂਪ ਚੜ੍ਹਦਾ ਹੈ ਤੇ ਚਿਹਰੇ ਉਤੇ ਕਿਸ ਤਰ੍ਹਾਂ ਲਾਲੀਆਂ ਭਖਣ ਲੱਗਦੀਆਂ ਹਨ।

ਆਪ ਆਸ਼ਾ ਵਾਦੀ ਕਵੀ ਹਨ। ਆਪ ਨੇ ਦੇਖਿਆ ਹੈ ਕਿ ਕਲਗੀਆਂ ਵਾਲੇ ਪ੍ਰੀਤਮ ਗੁਰੂ ਹਰਿਗੋਬਿੰਦ ਜੀ ਤਿੰਨ ਵਾਰੀ ਕਸ਼ਮੀਰ ਗਏ ਕਿਉਂਕਿ ਆਪ ਨੂੰ ਕਸ਼ਮੀਰ ਚੰਗਾ ਲੱਗਾ, ਕਵੀ ਜੀ ਕਹਿੰਦੇ ਹਨ ਕਿ ਮੈਂ ਆਪਣੇ ਆਪ ਨੂੰ ਕਿਉਂ ਨਾ ਕਸ਼ਮੀਰ ਬਣਾ ਲਵਾਂ, ਸ਼ਾਇਦ ਉਹ ਕਸ਼ਮੀਰ ਦਾ ਪਿਆਰਾ ਪ੍ਰੀਤਮ ਏਧਰ ਹੀ ਖਿਚਿਆ ਚਲਾ ਆਏ ਮੈਨੂੰ ਉਸ ਮਾਹੀ ਦੇ ਇਸੇ ਪਜ ਹੀ ਦਰਸ਼ਨ ਹੋ ਜਾਣ। ਪ੍ਰੀਤਮ ਦੇ ਦਰਸ਼ਨਾਂ ਦੀ ਤਾਂਘ ਵਿਚ ਆਪ ਇਉਂ ਇਕ ਨਵਾਂ ਕਸ਼ਮੀਰ ਰਚਦੇ ਹਨ:—



Digitized by Panjab Digital Library | www.panjabdigilib.org

ਮੈਂ ਰੁੰਨੀ ਮੈਂ ਰੁੰਨੀ ਵੇ ਲੋਕਾ ਮੀਂਹ ਜਿਉਂ ਛਹਿਬਰ ਲਾਏ,
ਟੁਰੀ ਵਿਦਸਥਾਂ ਡਲ ਭਰ ਆਏ ਤੇ ਵੂਲਰ ਉਮਡ ਉਮਡਾਏ।
ਆਪਾ ਹੇਠ ਵਛਾ ਕੇ ਨੀ ਸਹੀਓ ਅਸਾਂ ਨਵਾਂ ਕਸ਼ਮੀਰ ਬਣਾਇਆ,
ਗਾਓ ਸੁਰਾਗ ਨੀ ਸਹੀਓ ਸੁਹਣਾ ਕਦੇ ਸੈਰ ਕਰਨ ਚਲ ਆਏ।

ਅਨੋਖਾ ਖਿਆਲ ਤੇ ਨਿਰਾਲਾ ਅੰਦਾਜ਼ ਹੈ। ਇਹ ਪਰੇਮ ਸੱਧਰਾਂ ਹਨ।

ਜਿਥੇ ਆਪ ਆਸ਼ਾ ਵਾਦੀ ਕਵੀ ਮੰਨੇ ਜਾ ਸਕਦੇ ਹਨ, ਓਥੇ ਆਪ ਛਾਯਾ ਵਾਦੀ ਕਵੀ ਵੀ ਹਨ। ਅਨੇਕਾਂ ਥਾਵਾਂ ਤੇ ਆਪ ਨੇ ਨਿਰਾਲੇ ਢੰਗ ਨਾਲ ਛਾਯਾ ਵਾਦ ਦਾ ਝਲਕਾਰਾ ਪੇਸ਼ ਕੀਤਾ ਹੈ। ਸ਼ਾਲਾਮਾਰ ਬਾਗ ਵਿਚ ਚੱਲ ਰਹੇ ਫੁਹਾਰਿਆਂ ਦਾ ਨਜ਼ਾਰਾ ਪੇਸ਼ ਕਰਦੇ ਹੋਏ ਆਪ ਲਿਖਦੇ ਹਨ:—

ਲਾਵੇ ਡਾਢਾ ਜ਼ੋਰ ਪਹਿਲ ਉਚਾਣ ਨੂੰ,
ਪਹੁੰਚਾਂ ਮਾਰ ਉਛਾਲ, ਪਰ ਖਿਚ ਰੋਕਦੀ।
ਉਚਾ ਜਾਂਦਾ 'ਖਿੱਚ' ਫਿਰ ਲੈ ਡੇਗਦੀ,
ਉਛਲ ਗਿਰਨ ਦਾ ਨਾਚ ਹੈ ਵੇ ਹੋ ਰਿਹਾ।

ਇਕ ਭਗਤ ਨਾਮ ਦਾ ਰਸੀਆ ਪਹਿਲੋਂ ਅਰਸ਼ੀ ਪ੍ਰੀਤਮ ਵੱਲ ਜਾਣ ਲਈ ਜ਼ੋਰ ਲਾਉਂਦਾ ਹੈ, ਪਰ ਦੁਨਿਆਵੀ ਮੋਹ ਮਾਇਆ ਦੀ ਖਿੱਚ ਇਸ ਨੂੰ ਰੋਕਦੀ ਹੈ, ਇਹ ਫੇਰ ਉਪਰ ਨੂੰ ਜਾਂਦਾ ਹੈ ਪਰ ਦੁਨਿਆਵੀ ਖਿੱਚ ਇਸ ਨੂੰ ਫੇਰ ਹੇਠਾਂ ਡੇਗ ਦੇਂਦੀ ਹੈ। ਇਸ ਤਰਾਂ ਫੁਹਾਰੇ ਵਾਂਗ ਭਗਤ ਦੀ ਆਤਮਾ ਵਿਚ ਉਛਲਣ ਤੇ ਡਿੱਗਣ ਦਾ ਨਾਚ ਹੋ ਰਿਹਾ ਹੈ।

ਇਸੇ ਤਰ੍ਹਾਂ ਆਪ 'ਧੋਬੀ' ਵਾਲੀ ਕਵਿਤਾ ਵਿਚ ਇਕ ਅਨੋਖਾ ਖਿਆਲ ਪੇਸ਼ ਕਰਦੇ ਹਨ:—

ਧੋਬੀ ਕਪੜੇ ਧੋਂਦਿਆ ਵੀਰਾ ਹੋ ਹੁਸ਼ਿਆਰ।
ਪਿਛਲੇ ਪਾਸਿਓਂ ਆ ਰਿਹਾ ਮੂੰਹ ਅੱਡੀ ਸੰਸਾਰ।

ਐ ਲੋਕਾਂ ਦੀ ਮੈਲ ਧੋਣ ਵਾਲੇ ਨਿੰਦਕ ਹੁਸ਼ਿਆਰ ਹੋ ਜਾ।



Digitized by Panjab Digital Library | www.panjabdigilib.org

ਕਿਉਂਕਿ ਤੂੰ ਤੇ ਇਕ ਮੂੰਹ ਨਾਲ ਨਿੰਦਿਆ ਕਰ ਰਿਹਾ ਹੈਂ ਤੇਰ
ਨਿੰਦਿਆ ਕਰਨ ਜਾਂ ਬੁਰਾਈ ਕਰਨ ਲਈ ਸਾਰਾ ਸੰਸਾਰ ਤੇਰੇ ਪਿਛੇ ਆ ਰਿਹਾ ਈ।

ਆਪ ਨੇ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਉਚ ਸਿਖਿਆ ਦਿੱਤੀਆਂ ਹਨ। ਦੇਸ਼ ਦੀ ਬੁਰਿਹਾਲੀ ਦੇਖ ਕੇ ਆਪ ਦੀ ਆਤਮਾ ਪੁਕਾਰ ਉਠਦੀ ਹੈ:--

ਹਾਇ ਹੁਨਰ ਤੇ ਹਾਇ ਵਿਦਿਆ ਹਾਇ ਦੇਸ਼ ਦੀ ਤਾਕਤ।
ਹਾਇ ਹਿੰਦ ਫਲ ਫਾੜੀਆਂ ਵਾਲੇ ਹਰ ਸਿਲ ਕਹਿੰਦੀ ਰੋਈ।

ਦੇਸ ਦੀ ਕਾਰੀਗਰੀ, ਹੁਨਰ, ਵਿਦਿਆ ਤੇ ਤਾਕਤ ਬਰਬਾਦ ਹੋ ਗਈ। ਦੇਸ ਦੀ ਇਕ ਇਕ ਸਿਲ ਰੋ ਰੋ ਕੇ ਪੁਕਾਰ ਰਹੀ ਹੈ ਕਿ ਇਹ ਭਾਰਤ ਮਾਤਾ ਦੀ ਸੰਤਾਨ ਦਾ ਹੀ ਦੋਸ਼ ਹੈ ਜਿਨ੍ਹਾਂ ਵਿਚ ਏਕਾ ਨਹੀਂ। ਅਟਕ ਵਾਲੀ ਕਵਿਤਾ ਵਿਚ ਆਪ ਜੀਵਨ ਅੰਦਰ ਉਤਸ਼ਾਹ ਭਰਦੇ ਹਨ, ਫੁਰਮਾਉਂਦੇ ਹਨ ਕਿ ਸੁਸਤੀ ਬਰਬਾਦੀ ਹੈ ਤੇ ਅਗੇ ਵਧਣਾ ਜਿੱਤ ਦੀ ਨਿਸ਼ਾਨੀ ਹੈ:--

ਅਟਕਣ ਨੂੰ ਆਰਾਮ ਜਾਣੇ ਮਾਰਿਆ ਸੋ ਜਾਣ ਲੈਣਾ,
ਅੱਗੇ ਅੱਗੇ ਤੁਰਿਆ ਜਾਵੇ ਮਾਲੀ ਉਸ ਮਾਰ ਲਈ।
ਅਗੇ ਜਿਹੜਾ ਵਧਦਾ ਨਾ ਜਾਣੇ ਪਿਛੇ ਮੁੜ ਰਿਹਾ ਹੈ,
ਬੇੜੀ ਆਪਣੀ ਬੋੜਦਾ ਤੇ ਰੋੜ੍ਹਦਾ ਹੈ ਨਾਮਣਾ।

ਇਹ ਜੀਵਨ ਆਦਰਸ਼ ਤੇ ਜੀਵਨ ਉਤਸ਼ਾਹ ਹੈ।

ਆਪ ਇਕ ਰੁਮਾਂਟਕ ਕਵੀ ਹਨ। ਆਪ ਦੀ ਕਵਿਤਾ ਵਿਚ ਰੋਮਾਂਸ ਕੁੱਟ ਕੁੱਟ ਭਰਿਆ ਪਿਆ ਹੈ। ਰੋਮਾਂਸ ਵੀ ਕਿਤੇ ਕਿਤੇ ਕਮਾਲ ਹੈ:--

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ,
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।



Digitized by Panjab Digital Library | www.panjabdigilib.org

ਕਸ਼ਮੀਰ ਤੋਂ ਵਦਾਇਗੀ ਸਮੇਂ ਆਪ ਲਿਖਦੇ ਹਨ:-

ਸੁਹਣਿਆਂ ਤੋਂ ਜਦ ਵਿਛੜਨ ਲਗੀਏ,
ਦਿਲ ਦਿਲਗੀਰੀ ਖਾਵੇ।
ਪਰ ਤੈਥੋਂ ਵਿਛੜਿਆਂ ਕਸ਼ਮੀਰੇ,
ਸਾਨੂੰ ਨਾ ਦੁਖ ਆਵੇ।

ਜਿੱਥੇ ਰੋਮਾਂਸ ਦੀ ਝਲਕ ਹੈ, ਨਾਲ ਹੀ ਸੁੰਦਰਤਾ ਦਾ ਪਿਆਰ ਵੀ ਡੁਲ੍ਹ ਡੁਲ੍ਹ ਪੈਂਦਾ ਹੈ। ਕੁਤਬ ਦੀ ਲਾਠ ਵਾਲੀ ਕਵਿਤਾ ਵਿਚ ਆਪ ਲਿਖਦੇ ਹਨ:--

ਜਾਤਿ ਜਨਮ ਤੇ ਅਸਲ ਨਸਲ ਨੂੰ,
ਕੋਈ ਕਦੇ ਨਾ ਛਾਣੇ।
ਜਦੋਂ ਸੁੰਦਰਤਾ ਦਰਸ਼ਨ ਦੇਵੇ,
ਸਭ ਕੋਈ ਆਪਣੀ ਜਾਣੇ।

ਸੋ ਭਾਈ ਸਾਹਿਬ ਜੀ ਦੀ ਕਵਿਤਾ ਪਰੇਮ ਤੇ ਧਾਰਮਿਕ ਰੰਗ ਰੰਗੀ, ਦੇਸ਼ ਪਿਆਰ ਤੇ ਮਨੁਖਤਾ ਦੇ ਪਿਆਰ ਨਾਲ ਸਜੀ, ਇਕ ਉਚ ਦਰਜੇ ਦੀ ਰੋਮਾਂਟਿਕ ਕਵਿਤਾ ਹੈ, ਜਿਸ ਵਿਚ ਉਚੇ ਭਾਵ, ਨਵੇਂ ਖਿਆਲ ਤੇ ਉਚ ਵਲਵਲੇ ਦੂਰੋਂ ਹੀ ਝਲਕਦੇ ਹਨ। ਕਵਿਤਾ ਰਾਗ ਆਤਮਕ ਤੇ ਰਸ-ਰੰਗ ਨਾਲ ਛਲਕਦੀ ਪਰਤੀਤ ਹੁੰਦੀ ਹੈ, ਅਤੇ ਅਣਡਿਠੇ ਰਸ ਮੰਡਲਾਂ ਤੋਂ ਉਤਰ ਕੇ ਪ੍ਰੇਮੀਆਂ ਦੇ ਦਿਲਾਂ ਵਿਚ ਝੁਰਨਾਟਾਂ ਛੇੜਦੀ ਹੈ। ਇਸ ਵਿਚ ਵਲਵਲਾ ਬਹੁਤ ਹੈ, ਅਤੇ ਕਿਤੇ ਕਿਤੇ ਕਵਿਤਾ ਜਜ਼ਬਾਤੀ ਵੀ ਹੋ ਜਾਂਦੀ ਹੈ। ਆਪ ਦੀ ਕਵਿਤਾ ਵਿਚ ਛਾਇਆਵਾਦ, ਰੋਮਾਂਸ, ਰਹੱਸਵਾਦ, ਤੇ ਪ੍ਰਗਤਿਵਾਦ ਦੀ ਝਲਕ ਥਾਂ ਥਾਂ ਮਿਲਦੀ ਹੈ। ਆਪ ਦੀ ਕਵਿਤਾ ਅਨੇਕਾਂ ਤਰ੍ਹਾਂ ਨਾਲ ਸ਼ਿੰਗਾਰੀ ਤੇ ਰਸ-ਆਤਮਕ ਹੋਣ ਕਰਕੇ ਆਧੁਨਿਕ ਪੰਜਾਬੀ ਕਵਿਤਾ ਵਿਚ ਖਾਸ ਮਹਾਨਤਾ ਰੱਖਦੀ ਹੈ।

—o—



Digitized by Panjab Digital Library | www.panjabdigilib.org

# ਪ੍ਰੋਫੈਸਰ ਪੂਰਨ ਸਿੰਘ ਜੀ

## (੧੮੮੧ ਤੋਂ ੧੯੩੧ ਤੱਕ)

ਪ੍ਰੋਫੈਸਰ ਪੂਰਨ ਸਿੰਘ ਜੀ ਦਾ ਜਨਮ ਸੰਨ ੧੮੮੧ ਵਿਚ ਐਬਟਾਬਾਦ ਦੇ ਕੋਲ ਇਕ ਛੋਟੇ ਜਹੇ ਪਿੰਡ ਵਿਚ ਹੋਇਆ। ਇਹਨਾਂ ਦੇ ਪਿਤਾ ਜੀ ਕੋਈ ਬਹੁਤੇ ਅਮੀਰ ਨਹੀਂ ਸਨ ਤੇ ਪਟਵਾਰ ਦੇ ਮਹਿ-ਕਮੇ ਵਿਚ ਕੰਮ ਕਰਦੇ ਸਨ। ਆਪ ਉਤੇ ਆਪ ਦੀ ਮਾਤਾ ਜੀ ਦੀ ਸਿਖਿਆ ਦਾ ਬੜਾ ਅਸਰ ਸੀ, ਜੋ ਬੜੇ ਧਰਮਾਤਮਾਂ ਸਨ। ਇਨ੍ਹਾਂ ਦੀ ਮਾਤਾ ਜੀ ਨੇ ਇਹ ਚੰਗੀ ਤਰ੍ਹਾਂ ਸਖਾਲ ਦਿਤਾ ਸੀ ਕਿ 'ਨੇਕ ਕੰਮ ਕਰੋ ਤੇ ਰੱਬ ਤੇ ਭਰੋਸਾ ਰਖੋ।' ਇਹੋ ਕਾਰਨ ਹੈ ਕਿ ਆਪ ਜੀ ਅੰਦਰ ਉਪਰੋਕਤ ਗੁਣ ਪਾਏ ਜਾਂਦੇ ਸਨ। ਮਾਂ ਤੇ ਭੈਣਾਂ ਦੇ ਪਿਆਰ ਨੇ ਉਨ੍ਹਾਂ ਦੇ ਦਿਲ ਅੰਦਰ ਹਮਦਰਦੀ ਤੇ ਪਿਆਰ ਦੇ ਜਜ਼ਬੇ ਕੁਟ ਕੁਟ ਕੇ ਭਰ ਦਿਤੇ ਸਨ।

ਆਪ ਨੇ ਰਾਵਲਪਿੰਡੀ ਵਿਚ ਵਿਦਿਆ ਪ੍ਰਾਪਤ ਕੀਤੀ ਤੇ ਦਸਵੀਂ ਪਾਸ ਕਰਨ ਮਗਰੋਂ ਕਾਲਜ ਦੀ ਪੜ੍ਹਾਈ ਲਈ ਆਪ ਨੂੰ ਲਾਹੌਰ ਜਾਣਾ ਪਿਆ। ਐਫ. ਏ. ਪਾਸ ਕਰਨ ਮਗਰੋਂ ਸੰਨ ੧੯੦੦ ਵਿਚ ਆਪ ਨੂੰ ਟੋਕੀਊ ਦੀ ਸ਼ਾਹੀ ਯੂਨੀਵਰਸਿਟੀ Royal University) ਜਾਪਾਨ ਵਿਚ ਅਪਲਾਈਡ ਕੈਮਿਸਟਰੀ ਸਿੱਖਣ ਲਈ ਵਜ਼ੀਫ਼ਾ ਦੇ ਕੇ ਭੇਜਿਆ ਗਿਆ। ਆਪ ਨੇ ਓਥੇ ਤਿੰਨ ਵਰ੍ਹੇ ਬੜੀ ਮਿਹਨਤ ਨਾਲ ਕੰਮ ਕੀਤਾ। ਜਾਪਾਨ ਦੇ ਵਿਦਵਾਨਾਂ ਤੇ ਮਸ਼ਹੂਰ ਆਦਮੀਆਂ ਨਾਲ ਮੁਲਾਕਾਤ ਪੈਦਾ ਕਰ ਲਈ। ਬੜੇ ਬੜੇ ਜਾਪਾਨੀ ਕਵੀਆਂ ਤੇ ਚਿੱਤਰਕਾਰਾਂ ਨੂੰ ਮਿਲੇ, ਫੇਰ ਆਪ ਸਵਾਮੀ ਰਾਮ ਤੀਰਥ ਦੀ ਸੰਗਤ ਕਰਕੇ ਸਾਧੂ ਬਣ ਗਏ।

ਇਸ ਹਾਲਤ ਵਿਚ ਆਪ ਨੂੰ ਅਜਿਹੀ ਰੰਗਣ ਚੜ੍ਹੀ ਕਿ ਆਪ ਪਲੋ ਪਲੀ ਵਿਚ ਪਰੇਮ ਅੰਦਰ ਲੀਨ ਹੋ ਜਾਂਦੇ ਸਨ, ਆਪ ਦੇ ਨੇਤਰ ਹੰਝੂਆਂ ਦੀ ਝੜੀ ਲਾ ਦੇਂਦੇ ਸਨ। ਆਪ ਨੂੰ ਸਦਾ ਇਕ ਸਰੂਰ ਜਿਹਾ



Digitized by Panjab Digital Library | www.panjabdigilib.org

ਚੜ੍ਹਿਆ ਰਹਿੰਦਾ ਸੀ। ਆਪ ਜੀ ਦੀ ਹਰ ਇਕ ਗੱਲ ਬੜੀ ਅਸਰ ਵਾਲੀ ਹੁੰਦੀ ਸੀ ਤੇ ਐਉਂ ਪਰਤੀਤ ਹੁੰਦਾ ਸੀ ਕਿ ਆਪ ਦੇ ਮੂੰਹੋਂ ਫੁੱਲ ਕਿਰ ਰਹੇ ਹਨ। ਆਪ ਕਈ ਵਾਰੀ ਇਸਤਰ੍ਹਾਂ ਕਹਿੰਦੇ ਹੁੰਦੇ ਸਨ ਕਿ 'ਮੈਨੂੰ ਅਜਿਹਾ ਮਲੂਮ ਹੁੰਦਾ ਹੈ ਕਿ ਮੈਂ ਹਰ ਇਕ ਨਾਲ ਪਿਆਰ ਕਰਦਾ ਹਾਂ ਤੇ ਹਰ ਇਕ ਮੇਰੇ ਨਾਲ ਪਿਆਰ ਕਰਦਾ ਹੈ।'

੧੯੦੨ ਵਿਚ ਜਦੋਂ ਸਵਾਮੀ ਰਾਮ ਤੀਰਥ ਜੀ ਜਾਪਾਨ ਗਏ ਤੇ ਉਨ੍ਹਾਂ ਨੇ ਇਨ੍ਹਾਂ ਪਾਸੋਂ ਪੁਛਿਆ ਕਿ ਆਪ ਦਾ ਦੇਸ ਕਿਹੜਾ ਹੈ। ਆਪ ਨੇ ਉੱਤਰ ਦਿਤਾ ਕਿ 'ਸਾਰੀ ਦੁਨੀਆਂ ਹੀ ਮੇਰਾ ਦੇਸ਼ ਹੈ।' ਸਵਾਮੀ ਰਾਮ ਤੀਰਥ ਜੀ ਦੀ ਗੱਲ ਬਾਤ ਨਾਲ ਆਪ ਐਨੇ ਪ੍ਰਭਾਵਤ ਹੋਏ ਕਿ ਸਭ ਕੁਝ ਤਿਆਗ ਕੇ ਵੇਦਾਂਤੀ ਹੋ ਗਏ।

ਆਪ ਜਦੋਂ ਜਾਪਾਨ ਤੋਂ ਵਾਪਸ ਆਏ ਤਾਂ ਆਪ ਜੀ ਦਾ ਵਿਆਹ ਰਾਵਲ ਪਿੰਡੀ ਵਿਚ ਹੋਇਆ ਅਤੇ ਆਪ ਵਿਕਟੋਰੀਆ ਡਾਇਮੰਡ ਜੁਬਲੀ ਇੰਸਟੀਚੀਊਟ ਲਾਹੌਰ ਵਿਚ ਨੌਕਰ ਹੋ ਗਏ। ਇਹਨਾਂ ਨੇ ਇਕ ਰਸਾਲਾ (T [illegible]) ਅੰਗਰੇਜ਼ੀ ਵਿਚ ਜਾਰੀ ਕੀਤਾ। ਆਪ ਮਸ਼ਹੂਰ ਕੈਮਿਸਟ ਸਨ। ਸੰਨ ੧੯੦੭ ਵਿਚ ਫਾਰੈੱਸਟ ਰੀਸਰਚ ਇੰਸਟੀਚਿਊਟ ਡੇਹਰਾਦੂਨ ਵਿਚ ਨੌਕਰ ਹੋ ਗਏ, ਓਥੇ ਆਪ ਨੇ ਨਵੇਂ ਤੇਲਾਂ, ਸਾਬਣਾਂ ਤੇ ਦਵਾਈਆਂ ਦੀ ਕਾਢ ਕਢੀ। ਆਪ ੧੯੧੨ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸੰਗਤ ਨਾਲ ਗੁਰੂ ਪੰਥ ਦੀ ਸ਼ਰਨ ਆਏ ਤੇ ਮੁੜ ਸਿੰਘ ਸਜ ਗਏ। ਆਪ ਚੌਧਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਦਿੱਲੀ ਦੇ ਪਰਧਾਨ ਨੀਯਤ ਹੋਏ। ੧੯੨੧ ਵਿਚ ਰਿਆਸਤ ਗਵਾਲੀਅਰ ਦੇ ਚੀਫ਼ ਕੈਮਿਸਟ ਮੁਕਰਰ ਹੋਏ। ਆਪ ਜੀ ਨੂੰ ਸ਼ੇਖੂਪੁਰੇ ਦੇ ਜ਼ਿਲੇ ਵਿਚ ਕੁਝ ਮੁਰੱਬੇ ਘਾਹ ਵਿਚੋਂ ਤੇਲ ਕੱਢਣ ਲਈ ਮਿਲੇ, ਪਰ ਹੜ੍ਹਾਂ ਕਰ ਕੇ ਆਪ ਨੂੰ ਸਫਲਤਾ ਨਾ ਹੋਈ।

ਆਪ ਪੰਜਾਬ ਦੇ ਬੜੇ ਭਾਰੇ ਅਰ ਚੋਟੀ ਦੇ ਵਿਦਵਾਨ ਸਨ।



Digitized by Panjab Digital Library | www.panjabdigilib.org

ਆਪ ਦੀ ਜ਼ਬਾਨ ਅੰਦਰ ਦਿਲਾਂ ਨੂੰ ਮਿਕਨਾਤੀਸੀ ਖਿਚ ਪਾਉਣ ਦੀ ਸ਼ਕਤੀ ਸੀ। ਹੱਦ ਦਰਜੇ ਦੇ ਮਿਲਾਪੜੇ, ਆਜ਼ਾਦ ਖਿਆਲ ਤੇ ਹਿੰਦੂ, ਸਿਖਾਂ, ਮੁਸਲਮਾਨਾਂ ਨੂੰ ਇਕੋ ਜਿਹਾ ਪਿਆਰ ਕਰਨ ਵਾਲੇ ਸਨ। ਚਾਲ ਚਲਨ ਦੇ ਬੜੇ ਉਚੇ ਤੇ ਪਵਿੱਤਰ ਸਨ। ਉਚੀਆਂ ਤੇ ਅਰਸ਼ੀ ਉਡਾਰੀਆਂ ਲਾਉਂਦੇ ਸਨ, ਕਲਮ ਵਿਚ ਤਾਕਤ ਜ਼ਬਾਨ ਵਿਚ ਰਸ, ਅੱਖਾਂ ਵਿਚ ਖਿੱਚ, ਦਿਲ ਵਿਚ ਦਰਦ ਤੇ ਰੋਮ ਰੋਮ ਵਿਚ ਪਿਆਰ ਭਰਿਆ ਪਿਆ ਸੀ। ਹਰ ਸਮੇਂ ਸਤਿਗੁਰੂ ਦੇ ਦੀਦਾਰ ਦੇ ਖੇੜੇ ਵਿਚ ਵਸਦੇ ਸਨ। ਆਪ ਜਦੋਂ ਵੀ ਕਿਸੇ ਜਲਸੇ ਜਾਂ ਕਾਨਫਰੰਸ ਵਿਚ ਆਪਣੇ ਖਿਆਲ ਪਰਗਟ ਕਰਨ ਲਗਦੇ ਸਨ, ਸਰੋਤਿਆਂ ਨੂੰ ਬੁੱਤ ਬਣਾ ਦੇਂਦੇ ਸਨ। ਆਪ ਨੇ ਲਗ ਪਗ ਪੰਦਰਾਂ ਪੁਸਤਕਾਂ ਨਜ਼ਮ ਤੇ ਨਸਰ ਵਿਚ ਲਿਖੀਆਂ। ਆਪ ਦੀਆਂ ਅੰਗ੍ਰੇਜ਼ੀ ਪੁਸਤਕਾਂ ਵਿਚੋਂ ਸਿਸਟਰਜ਼ ਆਫ ਦੀ ਸਪਿੰਨਿੰਗ ਵੀਲ ਸਪਿਰਟ ਆਫ ਦੀ ਔਰੀਐਂਟ ਪੋਇਟ੍ਰੀ ਤੇ ਟੈੱਨ ਮਾਸਟਰਜ਼ ਪਰਸਿਧ ਹਨ ਅਤੇ ਪੰਜਾਬੀ ਦੀਆਂ ਪੁਸਤਕਾਂ ਵਿਚੋਂ ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ ਅਰ ਖੁਲ੍ਹੇ ਲੇਖ ਬੜੀਆਂ ਮਸ਼ਹੂਰ ਪੁਸਤਕਾਂ ਹਨ।

ਇਹਨਾਂ ਦਾ ਫਲਸਫ਼ਾ ਪੰਜਾਬ ਦੇ ਸਾਰੇ ਵਿਦਵਾਨਾਂ ਨਾਲੋਂ ਨਿਰਾਲਾ ਹੈ। ਆਪ ਨੇ ਖੁਲ੍ਹੇ ਲੇਖਾਂ ਅੰਦਰ ਆਪਣੇ ਦਿਲੀ ਭਾਵਾਂ ਨੂੰ ਇਕ ਨਿਰਾਲੇ ਢੰਗ ਨਾਲ ਪੇਸ਼ ਕੀਤਾ ਹੈ। ਆਪ ਪਿਆਰ ਨੂੰ ਹੀ ਜੀਵਨ ਆਦਰਸ਼ ਮੰਨਦੇ ਸਨ ਅਤੇ ਦਸਦੇ ਹਨ 'ਕਿ ਪਿਆਰ ਵਾਲੇ ਨੂੰ ਇਖਲਾਕ, ਧਰਮ, ਕਰਮ, ਫਰਜ਼ ਆਦਿ ਚੰਗੇ ਗੁਣ ਕਿਤੋਂ ਸਿਖਣੇ ਨਹੀਂ ਪੈਂਦੇ, ਸਗੋਂ ਉਸਦੇ ਸੁਭਾ ਅੰਦਰ ਇਹ ਸਾਰੇ ਗੁਣ ਆਪਣੇ ਆਪ ਹੀ ਆ ਜਾਂਦੇ ਹਨ। ਉਸ ਦਾ ਜੀਵਨ ਹੀ ਅਜਿਹਾ ਹੋ ਜਾਂਦਾ ਹੈ ਕਿ ਉਹ ਕੋਈ ਭੈੜਾ ਕੰਮ ਨਹੀਂ ਕਰ ਸਕਦਾ। ਪਿਆਰ ਵਾਲਾ ਕਿਸੇ ਤਰ੍ਹਾਂ ਦੇ ਡਰ ਜਾਂ ਭੈ ਕਰ ਕੇ ਔਗੁਣਾਂ ਦਾ ਤਿਆਗ ਨਹੀਂ ਕਰਦਾ ਸਗੋਂ ਹਰ ਤਰ੍ਹਾਂ ਦੇ ਔਗੁਣ ਉਸ ਪਾਸੋਂ ਆਪਣੇ ਆਪ ਛੁਟ ਜਾਂਦੇ ਹਨ



Digitized by Panjab Digital Library | www.panjabdigilib.org

ਅਤੇ ਉਚੀ ਦਿਵ ਮਨੁਖਤਾ ਦੀ ਪਰਾਪਤੀ ਆਪਣੇ ਆਪ ਹੀ ਹੋ ਜਾਂਦੀ ਹੈ। ਪਿਆਰ ਕਰਨ ਵਾਲੇ ਨੂੰ ਦੁਨੀਆਂ ਅੰਦਰ ਕੋਈ ਚੀਜ਼ ਕੋਝੀ ਜਾਂ ਕਰੂਪ ਨਹੀਂ ਦਿਸਦੀ। ਉਸ ਦੇ ਨੈਣਾਂ ਵਿਚ ਸਦਾ ਹੀ ਸੁਹਪਣ ਦਾ ਨਿਕਾ ਨਿਕਾ ਮੀਂਹ ਪੈਂਦਾ ਰਹਿੰਦਾ ਹੈ। ਪਿਆਰ ਜਿਥੇ ਆਉਂਦਾ ਹੈ, ਓਥੇ ਸਦਾ ਰਹਿਣ ਵਾਲਾ ਨਸ਼ਾ ਜਿਹਾ ਚੜ੍ਹਿਆ ਰਹਿੰਦਾ ਹੈ, ਉਸ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ। ਉਹ ਸਦਾ ਆਸ਼ਾ, ਤ੍ਰਿਸ਼ਨਾ ਤੇ ਖਾਹਸ਼ਾਂ ਤੋਂ ਦੂਰ ਰਹਿੰਦਾ ਹੈ। ਨਿਰਾਸਤਾ ਉਸ ਦੇ ਨੇੜੇ ਨਹੀਂ ਢੁਕਦੀ।

ਆਪ ਦੀ ਕਵਿਤਾ ਵਿਚੋਂ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ ਕਵਿਤਾ ਸਬੰਧੀ ਆਪ ਦਾ ਖਿਆਲ ਬੜਾ ਅਛੋਹ ਤੇ ਨਿਰਾਲਾ ਹੈ। ਕਵਿਤਾ ਦੀ ਤਾਰੀਫ ਕਰਦਿਆਂ ਆਪ ਲਿਖਦੇ ਹਨ ਕਿ ਪਿਆਰ ਵਿਚ ਮੋਏ ਬੰਦਿਆਂ ਦੇ ਮਿਠੇ ਬਚਨ ਕਵਿਤਾ ਹਨ।' ਸੋ ਕਵੀ ਉਹ ਹੈ ਜਿਸ ਦਾ ਜੀਵਨ ਪਿਆਰ ਹੈ, ਜਿਸ ਦੇ ਜੀਵਨ ਦੀਆਂ ਤਾਰਾਂ ਪਿਆਰ ਦੇ ਆਸਰੇ ਟੁਣਕਦੀਆਂ ਹਨ, ਜਿਸ ਦੀ ਆਤਮਾ ਆਪਣੇ ਪਿਆਰੇ ਦੇ ਪ੍ਰੇਮ ਵਿਚ ਤੜਪ ਉਠਦੀ ਹੈ ਤੇ ਉਸ ਪਿਆਰ ਦੇ ਮਿਲਾਪ ਲਈ ਉਸ ਦੇ ਮਨ ਨੂੰ ਸਦਾ ਸਿੱਕ ਲਾਈ ਰਖਦੀ ਹੈ।

ਇਹ ਕਵਿਤਾ ਤੇ ਜੀਵਨ ਨੂੰ ਵੱਖ ਵੱਖ ਨਹੀਂ ਸਮਝਦੇ। ਇਹਨਾਂ ਦੇ ਖਿਆਲ ਅਨੁਸਾਰ ਕਵਿਤਾ ਅਥਵਾ ਪਿਆਰ ਹੀ ਜੀਵਨ ਅਧਾਰ ਹੈ। ਇਹਨਾਂ ਲਿਖਿਆ ਹੈ ਕਿ 'ਕਵਿਤਾ ਜੀਵਨ ਰੰਗ ਹੈ।' ਜੋ ਮਨੁਖ ਨੂੰ ਸਾਰੀ ਉਮਰ ਦੇ ਪਿਆਰ ਤੇ ਵਿਛੋੜੇ ਦੇ ਸੱਲਾਂ ਤੋਂ ਪਰਾਪਤ ਹੈ ਇਹਨਾਂ ਦੀਆਂ ਨਜ਼ਰਾਂ ਵਿਚ ਕੇਵਲ ਉਹੋ ਕਵਿਤਾ ਉਚੀ ਹੈ ਜੋ ਰੂਹ ਦੀ ਪਾਲਣਾ ਕਰਦੀ ਹੈ, ਅਕਲ ਨੂੰ ਉਕਸਾਉਂਦੀ ਹੈ, ਆਤਮਾ ਨੂੰ ਉੱਜਲ ਤੇ ਸਾਫ ਬਣਾਉਂਦੀ ਹੈ। ਇਸੇ ਲਈ ਆਪ ਕੁਰਾਨ ਸ਼ਰੀਫ਼, ਅੰਜੀਲ, ਉਪਨਿਸ਼ਦਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਹੀ ਉੱਚੀ ਕਵਿਤਾ ਮੰਨਦੇ ਹਨ। ਕਾਲੀ ਦਾਸ ਤੇ ਸ਼ੈਕਸਪੀਅਰ ਆਦਿ ਮਹਾਨ ਕਵੀਆਂ ਨੂੰ ਇਹ ਕਵੀ ਨਹੀਂ ਮੰਨਦੇ ਅਤੇ ਇਹਨਾਂ ਬਾਬਤ ਲਿਖਦੇ



Digitized by Panjab Digital Library | www.panjabdigilib.org

ਹਨ ਕਿ ਇਹ ਲੋਕ ਕਵਿਤਾ ਦੇ ਸਕੂਲ ਦੇ ਮੁੰਡੇ ਹਨ ਇਹ ਕੇਵਲ ਆਪਣੇ ਚੁਗਿਰਦੇ ਦੀਆਂ ਗੱਲਾਂ ਨੂੰ ਬਿਆਨ ਕਰਨ ਵਿਚ ਸਮਰਥ ਹਨ, ਪਰ ਕਵੀ ਉਹ ਹੈ ਜਿਸ ਦੀ ਆਤਮਾਂ ਅਰਸ਼ੀ ਉਡਾਰੀਆਂ ਲਾਉਂਦੀ ਹੈ ਅਤੇ ਬ੍ਰਹਿਮੰਡ ਦੇ ਸੁਨੇਹੇ ਲਿਆ ਕੇ ਦੇਂਦੀ ਹੈ।

ਪੂਰਨ ਸਿੰਘ ਦੀ ਕਵਿਤਾ ਅਹਿਸਾਸਾਂ ਦੀ ਕਵਿਤਾ ਹੈ, ਇਸ ਦੀ ਛੂਹ ਰੂਹ ਨੂੰ ਬਦੋ ਬਦੀ ਜੱਫੀਆਂ ਪਾਉਂਦੀ ਤੇ ਆਪੇ ਵਿਚ ਲੀਨ ਕਰ ਕੇ ਘੜੀ ਦੀ ਘੜੀ ਮਹਾਂ ਅਨੰਦ ਦਿਵਾਉਂਦੀ ਹੈ। ਇਹਨਾਂ ਦੀ ਕਵਿਤਾ ਇਹਨਾਂ ਦੇ ਜੀਵਨ ਦਾ ਇਕ ਮੁਖ ਅੰਗ ਹੈ। ਆਪ ਵਡੇਰੀ ਉਮਰ ਵਿਚ ਵੀ ਬਾਲ-ਜੀਵਨ ਬਤੀਤ ਕਰਦੇ ਰਹੇ। ਆਪ ਇਕ 'ਦਰਿਆ ਦੇ ਕੰਢੇ' ਦਾ ਨਕਸ਼ਾ ਇਸ ਤਰ੍ਹਾਂ ਖਿਚਦੇ ਹਨ:–

ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾ,
ਨੰਗੇ ਹੋ ਧੁਪਾਂ ਵਿਚ ਲੇਟਣਾ।
ਤੇ ਮਾਰ ਛਾਲ ਦਰਿਆ ਵਿਚ ਨ੍ਹਾਣਾ,
ਤਰਨਾ ਤੇ ਡੁੱਬਣਾ ਜਾਂ ਵਹਿਣਾ,
ਹੱਥ ਪੈਰ ਮਾਰਨੇ ਪਾਣੀ ਉਛਾਲਣਾ,
ਤੇ ਛੱਟਿਆਂ ਵਿਚ ਕਿਰਨਾਂ ਨੂੰ ਪਕੜਨਾ।

ਇਹ ਭੋਲਾ ਪਨ ਨਹੀਂ ਤਾਂ ਕੀ ਹੈ ?

ਇਹਨਾਂ ਦੇ ਦਿਲ ਅੰਦਰ ਦੇਸ ਪਿਆਰ ਦਾ ਜਜ਼ਬਾ ਛੱਲਾਂ ਮਾਰਦਾ ਦਿਖਾਈ ਦੇਂਦਾ ਹੈ। ਪੰਜਾਬ ਦੇ ਬਾਗ, ਪਿੱਪਲ, ਬੋਹੜਾਂ, ਬੇਰੀਆਂ, ਤੇ ਪੰਜਾਬ ਦਾ ਇਕ ਇਕ ਬੰਦਾ ਆਪ ਨੂੰ ਐਨਾ ਪਿਆਰਾ ਲਗਦਾ ਹੈ ਕਿ ਆਪ ਪੰਜਾਬ ਨੂੰ ਸੰਬੋਧਨ ਕਰ ਕੇ ਇਸ ਤਰ੍ਹਾਂ ਆਖਦੇ ਹਨ:–

'ਵੱਸਣ ਤੇਰੇ ਬਾਗ, ਤੇਰੀਆਂ ਬਹਾਰਾਂ
ਫਲਣ ਤੇ ਫੁਲਣ ਤੇਰੀਆਂ ਪੈਲੀਆਂ
ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ



Digitized by Panjab Digital Library | www.panjabdigilib.org

ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ
ਜੀਣ ਤੇਰੇ ਤੂਤ ਸ਼ਹਿਤੂਤ ਸਾਰੇ, ਜੀਣ ਤੇਰੀਆਂ
ਬੇਰੀਆਂ ਫਲਾਹੀਆਂ ਜੀਣ, ਕਿੱਕਰ ਜੀਣ ਝਾੜੀਆਂ।
ਮਿੱਠੇ ਮਿੱਠੇ ਬੇਰ ਤੇਰੇ ਮਿੱਠੇ ਤੇਰੇ ਚਸ਼ਮਿਆਂ ਦੇ ਸ਼ੀਰੇ
ਡਲ੍ਹਕਦੇ ਪਾਣੀ
ਉੱਚੇ ਉੱਚੇ ਪਰਬਤ ਤੇਰੇ,
ਤੇਰੇ ਜੰਗਲ ਦਿਓਦਾਰ ਦੇ ਸੁਹਾਂਵਦੇ
ਜੀਣ ਤੇਰੇ ਮਾਲ ਡੰਗਰ, ਜੀਣ ਜੱਟੀਆਂ ਦੁਧ ਚੋਣ
ਵਾਲੀਆਂ।

ਆਪ ਨੇ ਆਪਣੇ ਜੀਵਣ ਦੇ ਇਕ ਇਕ ਅੰਗ ਨੂੰ ਅਜਿਹੇ ਸੋਹਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਸਚ ਮੁਚ ਸਾਰਾ ਨਜ਼ਾਰਾ ਅੱਖਾਂ ਸਾਹਮਣੇ ਆ ਜਾਂਦਾ ਹੈ। ਇਕ ਥਾਂ ਤੇ ਇਹਨਾਂ ਨੇ ਆਪਣੇ ਜੀਵਨ ਦੀ ਪਹਿਲੀ ਅਵੱਸਥਾ ਦਾ ਹਾਲ ਇਸ ਤਰ੍ਹਾਂ ਦਸਿਆ ਹੈ:—

'ਚੰਨ ਨੂੰ ਵੇਖ ਕੇ ਘਾਹ ਉਪਰ ਪਿਆ ਹੀ ਅੰਗੂਠਾ ਮੂੰਹ ਵਿਚ ਪਾਇਆ ਮੈਂ ਹੱਸਦਾ ਸਾਂ। ਦੁਖ ਕੀ ਸਨ? ਬਸ ਇਕ ਭੁਖ। ਜਦ ਭੁੱਖ ਲਗਦੀ ਸੀ ਤਦ ਮੈਂ ਰੋ ਪੈਂਦਾ ਸਾਂ। ਇਕ ਪੂਰੀ ਸੰਨਿਆਸ ਅਵੱਸਥਾ ਸੀ।'

ਆਪ ਦੇ ਜੀਵਨ ਦਾ ਅਨੁਮਾਨ ਆਪ ਜੀ ਦੀਆਂ ਲਿਖਤਾਂ ਤੋਂ ਹੀ ਲਾਇਆ ਜਾ ਸਕਦਾ ਹੈ। ਆਪ ਭਾਵੇਂ ਸਾਰਿਆਂ ਮਜ਼੍ਹਬਾਂ ਨਾਲ ਇਕੋ ਜਿਹਾ ਪਿਆਰ ਕਰਦੇ ਸਨ ਤਦ ਵੀ ਗੁਰੂ ਨਾਨਕ ਦਾ ਪਰੇਮ ਆਪ ਦੀ ਰਗ ਰਗ ਅੰਦਰ ਠਾਠਾਂ ਮਾਰਦਾ ਸੀ। ਆਪ ਦਾ ਨਿਸਚਾ ਸੀ ਕਿ ਪਿਆਰ ਹੀ ਇਕ ਅਜਿਹਾ ਰਸਤਾ ਹੈ ਜਿਸ ਨਾਲ ਉਸ ਅਰਸ਼ੀ ਪ੍ਰੀਤਮ ਦੇ ਦਰਸ਼ਨ ਹੋ ਸਕਦੇ ਹਨ। ਆਪ ਦੇ ਦਿਲ ਉਤੇ ਗੁਰੂ ਨਾਨਕ ਦੀ ਬਾਣੀ ਦਾ ਬੜਾ ਅਸਰ ਸੀ। ਆਪ ਨੂੰ ਆਦਿ ਅਤੇ ਦਸਮ ਗ੍ਰੰਥ ਦੀ ਬਾਣੀ ਦਾ ਪੂਰਨ ਗਿਆਨ ਪ੍ਰਾਪਤ ਸੀ, ਜਿਸ ਕਰਕੇ ਆਪ



Digitized by Panjab Digital Library | www.panjabdigilib.org

ਪਰਾਣੀ ਮਾਤਰ ਦੇ ਮਜ਼੍ਹਬ ਵੱਖ ਵੱਖ ਨਹੀਂ ਸਗੋਂ ਇਕ ਮੰਨਦੇ ਸਨ ਆਪ ਦਸਦੇ ਹਨ ਕਿ ਮਜ਼੍ਹਬ ਕਦੀ ਬਹੁ ਵਚਨ ਹੋ ਹੀ ਨਹੀਂ ਸਕਦਾ।

ਆਪ ਦੀ ਕਵਿਤਾ ਦਾ ਰੂਪ ਵਾਰਤਕ ਵਰਗਾ, ਪਰ ਇਸ ਵਿਚ ਜਜ਼ਬਾਤਾਂ ਦਾ ਹੜ ਛੱਲਾਂ ਮਾਰਦਾ ਨਜ਼ਰ ਆਉਂਦਾ ਸੀ। ਇਹ ਕਵਿਤਾ ਵਲਵਲੇ ਵਾਲੀ ਤੇ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ। ਇਸ ਉਤੇ ਵੇਦਾਂਤ ਤੇ ਗੁਰਬਾਣੀ ਦਾ ਅਸਰ ਸਾਫ਼ ਨਜ਼ਰ ਆਉਂਦਾ ਹੈ। ਕਵਿਤਾ ਦਾ ਮੂਲ ਵਿਸ਼ਾ 'ਪਿਆਰ' ਹੈ। ਹਰ ਰੰਗ ਵਿਚ ਰੱਬੀ ਪਿਆਰ ਦੀ ਝਲਕ ਪਰਤੀਤ ਕਰਦੇ ਹਨ। ਆਪ ਹਰ ਤਰ੍ਹਾਂ ਦੇ ਪਿਆਰ ਨੂੰ ਪਵਿੱਤਰ ਮੰਨਦੇ ਹਨ, ਪਰ ਜਿਸ ਵਿਚ ਕਾਮ ਵਾਸ਼ਨਾ ਦਾ ਜਜ਼ਬਾ ਹੋਵੇ ਉਸ ਨੂੰ ਕੋਝਾ ਤੇ ਹੈਵਾਨੀ ਪਿਆਰ ਦੱਸਦੇ ਹਨ। ਕਵਿਤਾ ਤੋਂ ਪਰਤੀਬ ਹੁੰਦਾ ਹੈ ਕਿ ਆਤਮਕ ਤੌਰ ਤੇ ਆਪ ਸਤਿਗੁਰਾਂ ਦੇ ਚਰਨਾਂ ਨਾਲ ਹਰ ਵੇਲੇ ਜੁੜੇ ਰਹਿੰਦੇ ਸਨ। ਆਪ ਦੀ ਵਾਰਤਕ ਵਿਚ ਵੀ ਕਵਿਤਾ ਦਾ ਰੰਗ ਛਲਕਦਾ ਹੈ।

ਆਪ ਨੂੰ ਪੜ੍ਹਨ ਦੀ ਬੜੀ ਲਗਨ ਸੀ, ਸੰਸਾਰ ਭਰ ਦੇ ਵਿਦਵਾਨਾਂ ਦੀਆਂ ਪੁਸਤਕਾਂ ਦਾ ਵਿਚਾਰ ਕਰਨਾ ਆਪ ਦੇ ਜੀਵਨ ਦਾ ਇਕ ਅੰਗ ਹੋ ਚੁੱਕਾ ਸੀ। ਆਪ ਦੀ ਸਕੀਮ ਫ਼ੇਲ ਹੋ ਜਾਣ ਕਰਕੇ ਆਪ ਦੀ ਮਾਇਕ ਹਾਲਤ ਕੁਝ ਕਮਜ਼ੋਰ ਹੋ ਚੁੱਕੀ ਸੀ! ਜਿਸ ਕਰਕੇ ਆਪ ਕੁਝ ਬੀਮਾਰ ਪੈ ਗਏ। ਇਹ ਬੀਮਾਰੀ ਦਿਨੋ ਦਿਨ ਵਧਦੀ ਗਈ, ਅੰਤ ਆਪ ੩੧ ਮਾਰਚ ੧੯੩੧ ਨੂੰ ਇਸ ਸੰਸਾਰ ਤੋਂ ਚਲਾਣਾ ਕਰ ਗਏ। ਆਪ ਦੇ ਚਲਾਣੇ ਦਾ ਸੋਗ ਨਾ ਕੇਵਲ ਪੰਜਾਬ ਵਿਚ ਹੀ ਸਗੋਂ ਸੰਸਾਰ ਦੇ ਬਹੁਤ ਸਾਰਿਆਂ ਹਿੱਸਿਆਂ ਵਿਚ ਮਨਾਇਆ ਗਿਆ। ਆਪ ਸਰਬ ਸਾਂਝੇ ਪਿਆਰ ਦੇ ਮਾਲਕ ਸਨ। ਅਮ੍ਰੀਕਾ, ਇੰਗਲੈਂਡ, ਜਰਮਨ, ਜਾਪਾਨ, ਮੂਲ ਕੀ ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਆਪ ਦੇ ਮਿੱਤਰ ਸਨ, ਜਿਨ੍ਹਾਂ ਦੇ ਦਿਲਾਂ ਨੂੰ ਆਪ ਦੇ ਚਲਾਣੇ ਦਾ ਵੱਡਾ ਸੱਲ ਲੱਗਾ।



Digitized by Panjab Digital Library | www.panjabdigilib.org

# ਡਾਕਟਰ ਮੋਹਨ ਸਿੰਘ ਜੀ

ਡਾਕਟਰ ਮੋਹਨ ਸਿੰਘ ਜੀ ਦੀਵਾਨਾ ਉਰਦੂ, ਹਿੰਦੀ ਤੇ ਪੰਜਾਬੀ ਦੇ ਮਸ਼ਹੂਰ ਕਵੀ ਹਨ। ਇਨ੍ਹਾਂ ਦਾ ਜਨਮ ਸੰਨ ੧੮੯੯ ਈ: ਵਿਚ ਪਿੰਡ ਦੇਵੀ ਅਲਾਕਾ ਪੋਠੋਹਾਰ ਵਿਚ ਹੋਇਆ। ਸੰਨ ੧੯੨੪ ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਮ: ਏ: ਪਾਸ ਕਰਨ ਮਗਰੋਂ, ਆਪ ਕਾਨ੍ਹਪੁਰ ਵਿਚ ਪ੍ਰੋਫੈਸਰ ਲਗ ਗਏ ਅਤੇ ਉਰਦੂ ਤੇ ਹਿੰਦੀ ਸਾਹਿਤ ਸੰਸਾਰ ਵਿਚ ਆਪ ਇਕ ਮਹਾਨ ਕਵੀ ਤੇ ਕਹਾਣੀ ਲੇਖਕ ਦੀ ਹੈਸੀਅਤ ਵਿਚ ਪ੍ਰਸਿੱਧ ਹੋ ਗਏ। ੧੯੨੮ ਵਿਚ ਆਪ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਆ ਗਏ ਅਤੇ ਪੰਜਾਬੀ ਦੇ ਖੋਜੀ ਵਿਦਵਾਨ (Research Scholar) ਦੀ ਹੈਸੀਅਤ ਵਿਚ ਸੇਵਾ ਕਰਨ ਲਗੇ। ਕਲਕੱਤਾ ਯੂਨੀਵਰਸਿਟੀ ਵੱਲੋਂ ਆਪ ਨੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਤੇ ਪੰਜਾਬੀ ਸਾਹਿਤ ਦਾ ਇਤਿਹਾਸ (History of the Panjabi Literature) ਅੰਗਰੇਜ਼ੀ ਵਿਚ ਸਭ ਤੋਂ ਪਹਿਲਾਂ ਆਪ ਨੇ ਹੀ ਲਿਖਿਆ, ਜਿਸ ਕਰ ਕੇ ਆਪ ਨੂੰ ਪੰਜਾਬ ਯੂਨੀਵਰਸਿਟੀ ਵੱਲੋਂ ਡੀ: ਲਿਟ ਦੀ ਡਿਗਰੀ ਮਿਲੀ। ਆਪ ਨੂੰ ਸਾਹਿਤ ਦੀ ਖੋਜ ਦਾ ਇਸ਼ਕ ਜਿਹਾ ਲੱਗਾ ਹੋਇਆ ਹੈ। ਇਸ ਵੇਲੇ ਆਪ ਅੰਗਰੇਜ਼ੀ, ਉਰਦੂ, ਹਿੰਦੀ ਤੇ ਪੰਜਾਬੀ ਚੌਹਾਂ ਹੀ ਬੋਲੀਆਂ ਵਿਚ ਉੱਚ ਕੋਟੀ ਦੇ ਲੇਖ, ਕਹਾਣੀਆਂ, ਨਾਟਕ ਤੇ ਕਵਿਤਾਵਾਂ ਲਿਖ ਰਹੇ ਹਨ।

ਉਂਜ ਤਾਂ ਆਪ ਨੇ ਅਨੇਕਾਂ ਪੁਸਤਕਾਂ ਤੇ ਟ੍ਰੈਕਟ ਆਦਿ ਲਿਖੇ ਹਨ ਜਿਨ੍ਹਾਂ ਨੇ ਸਾਹਿਤ ਸੰਸਾਰ ਨੂੰ ਹਲੂਣਾ ਦੇ ਦਿਤਾ ਹੈ, ਪਰ ਪੰਜਾਬੀ ਸਾਹਿਤ ਸੰਬੰਧੀ ਜੋ ਆਪ ਨੇ ਖੋਜ ਕੀਤੀ ਹੈ, ਉਸ ਦਾ ਮੁਕਾਬਲਾ ਨਾ ਹੀ ਅਜੇ ਤੱਕ ਕੋਈ ਕਰ ਸਕਿਆ ਹੈ ਤੇ ਨਾ ਹੀ ਕਰ ਸਕੇਗਾ। ਆਪ ਨੇ ਹੱਟੀ ਹੱਟੀ ਫਿਰਕੇ, ਲਾਇਬ੍ਰੇਰੀਆਂ ਤੇ ਸੂਫੀਆਂ ਦੇ ਅੱਡੇ ਫੋਲ ਫੋਲ ਕੇ ਮਹਾਨ ਮਿਹਨਤ ਨਾਲ ਇਕ ਪੁਸਤਕ ਤਿਆਰ ਕੀਤੀ ਜਿਸ ਦਾ ਨਾਂ



Digitized by Panjab Digital Library | www.panjabdigilib.org

"ਸੂਫ਼ੀਆਂ ਦਾ ਕਲਾਮ" ਹੈ। ਇਸ ਪੁਸਤਕ ਵਿਚ ਆਪ ਨੇ ਓਹਨਾਂ ਕਵੀਆਂ ਦੀਆਂ ਅਮੋਲਕ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ, ਜਿਨ੍ਹਾਂ ਦੇ ਨਾਵਾਂ ਦਾ ਵੀ ਕਿਸੇ ਨੂੰ ਪਤਾ ਨਹੀਂ। ਇਸੇ ਤਰ੍ਹਾਂ ਆਪ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਵਿਆਕਰਣ ਅਨੁਸਾਰ ਜਪੁਜੀ ਸਾਹਿਬ ਸਬੰਧੀ ਵਿਚਾਰ ਲਿਖੀ, ਇਹ ਵੀ ਆਪਣੀ ਕਿਸਮ ਦੀ ਪਹਿਲੀ ਤੇ ਅੰਤਲੀ ਪੁਸਤਕ ਕਹੀ ਜਾ ਸਕਦੀ ਹੈ। ਆਧੁਨਿਕ ਪੰਜਾਬੀ ਕਵਿਤਾ ਆਪ ਦੀ ਤੀਸਰੀ ਮਹਾਨ ਖੋਜ ਦੀ ਪੁਸਤਕ ਹੈ, ਜਿਸ ਵਿਚ ਕਵੀ, ਮਹਾਂ ਕਵੀ; ਕਵਿਤਾ ਤੇ ਸਾਹਿਤ ਸਬੰਧੀ ਵਿਦਵਤਾ ਭਰੇ ਲੇਖ ਹਨ। ਵਾਰਸ ਸ਼ਾਹ ਦੀ ਹੀਰ ਸਬੰਧੀ ਅਤੇ ਸ਼ਾਹ ਹੁਸੈਨ ਤੇ ਉਸਦੀ ਰਚਨਾਂ ਸਬੰਧੀ ਜੋ ਆਪ ਨੇ ਖੋਜ ਕੀਤੀ ਹੈ ਪੰਜਾਬੀ ਸਾਹਿਤ ਵਿਚ ਇਹ ਪੁਸਤਕ ਇਕ ਖਾਸ ਮਹਾਨਤਾ ਰਖਦੀਆਂ ਹਨ। ਪੰਜਾਬੀ ਸਾਹਿਤ ਪ੍ਰੇਮੀ ਆਪ ਦੀਆਂ ਇਨ੍ਹਾਂ ਰਚਨਾਵਾਂ ਤੇ ਜਿੰਨਾ ਵੀ ਮਾਨ ਕਰਨ ਥੋੜਾ ਹੈ।

ਆਪ ਇਕ ਨਾਟਕ ਕਾਰ ਵੀ ਹਨ। ਆਪ ਦੀਆਂ ਰਚਨਾਵਾਂ 'ਪੰਖੜੀਆਂ (ਪੰਜਾਬੀ ਇਕਾਂਗੀ ਨਾਟਕ ਸੰਗ੍ਰਹਿ) ਅਤੇ ਸ੍ਵਾਰਵਲੀ (ਹਿੰਦੀ ਨਾਟਕ) ਬੜੀਆਂ ਪਰਸਿੱਧ ਹਨ। ਇਸੇ ਤਰ੍ਹਾਂ ਨੀਲ ਧਾਰਾ, ਧੁੱਪ ਛਾਂ ਤੇ ਮਸਤੀ ਆਪ ਦੀਆਂ ਪੰਜਾਬੀ ਕਵਿਤਾਵਾਂ ਦਾ ਸੰਗ੍ਰਹਿ ਹਨ। 'ਕੈਫ਼ੀਅਤ' ਇਕ ਉਰਦੂ ਨਜ਼ਮਾਂ ਦਾ ਮਜਮੂਆ ਹੈ। ਉੱਤਮ ਕਹਾਣੀਆਂ ਤੇ ਦੇਵਿੰਦਰ ਬਤੀਸੀ ਪੰਜਾਬੀ ਕਹਾਣੀਆਂ ਦੇ ਮਹਾਨ ਸੰਗ੍ਰਹਿ ਹਨ। 'ਜੋਤਿੰਦਰ ਸਾਹਿਤ ਸ੍ਰੋਵਰ' ਸਾਹਿਤਕ ਲੇਖਾਂ ਦੀ ਇਕ ਅਲੋਕਿਕ ਪੁਸਤਕ ਹੈ, ਜਿਸ ਦਾ ਮਿਸਾਲ ਕੇਵਲ ਇਹੋ ਇਕ ਪੁਸਤਕ ਹੋ ਸਕਦੀ ਹੈ। ਇਹ ਪੁਸਤਕ ਪੜ੍ਹਨ ਨਾਲ ਉਹ ਜਜ਼ਬੇ ਤੇ ਵਲਵਲੇ ਪੈਦਾ ਹੁੰਦੇ ਹਨ ਕਿ ਜਿਨ੍ਹਾਂ ਦਾ ਬਿਆਨ ਕਰਨਾ ਮੁਸ਼ਕਲ ਹੈ। ਆਪ ਨੇ ਅੰਗ੍ਰੇਜ਼ੀ ਵਿਚ ਵੀ ਅਨੇਕਾਂ ਪੁਸਤਕਾਂ ਤੇ ਲੇਖ ਲਿਖੇ ਹਨ।

ਜੇ ਵਿਚਾਰ ਦੀ ਨਜ਼ਰ ਨਾਲ ਦੇਖਿਆ ਜਾਵੇ ਆਪ ਇਕ ਅਲਬੇਲੇ ਸੂਫ਼ੀ ਕਵੀ ਸਾਹਿਤਕ ਖੋਜੀ ਤੇ ਮਹਾਨ ਲਿਖਾਰੀ ਹਨ, ਜਿਨ੍ਹਾਂ



Digitized by Panjab Digital Library | www.panjabdigilib.org

ਨੇ ਆਪਣੀ ਅਥੱਕ ਮਿਹਨਤ ਦੇ ਸਦਕੇ ਪੰਜਾਬੀ ਸਾਹਿਤ ਦੇ ਅਨਮੋਲ ਖਜ਼ਾਨੇ ਨੂੰ ਸੁਚੇ ਰਤਨਾਂ ਨਾਲ ਭਰਪੂਰ ਕੀਤਾ ਹੈ। ਪੰਜਾਬੀ ਸਾਹਿਤ ਪ੍ਰੇਮੀ ਜਿੰਨਾਂ ਵੀ ਆਪ ਤੇ ਮਾਨ ਕਰਨ ਥੋੜਾ ਹੈ।

ਇਸ ਵੇਲੇ ਆਪ ਹੈੱਡ ਔਫ ਦੀ ਪੰਜਾਬੀ ਡੀਪਾਰਟਮੈਂਟ ਪੰਜਾਬ ਯੂਨੀਵਰਸਿਟੀ ਹਨ ਅਤੇ ਰਾਤ ਦਿਨੇ ਸਾਹਿਤਕ ਖੋਜ ਦੀ ਧੁਨੀ ਵਿਚ ਮਗਨ ਰਹਿੰਦੇ ਹਨ। ਆਪ ਦੀਆਂ ਪੰਜਾਬੀ ਕਵਿਤਾਵਾਂ ਪੰਜਾਬੀ ਸਾਹਿਤ ਦਾ ਇਕ ਕੋਮਲ ਸ਼ੰਗਾਰ ਹਨ। ਖਾਸ ਕਰ ਕੇ ਆਪ ਦੀਆਂ ਰੁਬਾਈਆਂ ਕਾਵਿ ਪ੍ਰੇਮੀਆਂ ਨੂੰ ਵਜਦ ਵਿਚ ਲਿਆ ਕੇ ਇਕ ਪ੍ਰੇਮ ਹੁਲਾਰਾ ਦੇਂਦੀਆਂ ਹਨ। ਇਸੇ ਲਈ ਕਲਾਕਾਰ ਆਪ ਨੂੰ ਇਕ ਸੂਫੀ ਕਵੀ ਕਹਿੰਦੇ ਹਨ।

ਆਪ ਦੀ ਕਵਿਤਾ ਸਚ ਮੁਚ ਹੀ ਇਕ ਸੂਫਿਆਨਾ ਰੰਗ ਦੀ ਹੈ, ਇਸ ਵਿਚੋਂ ਮਸਤੀ ਤੇ ਬੇ ਪ੍ਰਵਾਹੀ ਡੁਲ੍ਹ ਡੁਲ੍ਹ ਪੈਂਦੀ ਹੈ। ਕਵਿਤਾ ਵਿਚ ਸਰਲਤਾ ਤੇ ਸਾਦਗੀ ਘੁਲੀਆਂ ਮਿਲੀਆਂ ਪਰਤੀਤ ਹੁੰਦੀਆਂ ਹਨ ਇਕ ਰੁਬਾਈ ਵਿਚ ਆਪ ਲਿਖਦੇ ਹਨ:-

ਦੁਨੀਆਂ ਦਾਰ ਨੂੰ ਦੁਨੀਆਂ ਖਾਵੇ,
ਦੀਨ ਦਾਰ ਨੂੰ ਦੀਨ।
ਮਾਂਦਰੀ ਮਰਦਾ ਸੱਪ ਦੇ ਹੱਥੋਂ,
ਧਰੀ ਰਹੀਂਦੀ ਬੀਨ।
ਪੀਰੀ ਨਿਗਲੇ ਪੀਰਾਂ ਤਾਂਈ,
ਹੀਨਤਾ ਨਿਗਲੇ ਹੀਨ।
ਇਕ ਮਸਤੀ ਹੈ ਮਸਤਾਂ ਦੀ,
ਜੋ ਰਹਿੰਦੀ ਸਦਾ ਅਧੀਨ।

ਆਪ ਲਿਖਦੇ ਹਨ ਕਿ ਇਹ ਦੁਨੀਆਂ ਕਿਸੇ ਨੂੰ ਆਰਾਮ ਨਾਲ ਨਹੀਂ ਟਿਕਣ ਦੇਂਦੀ, ਕੇਵਲ ਮਸਤ ਤੇ ਬੇ-ਪ੍ਰਵਾਹ ਕੋਲੋਂ ਹੀ ਇਹ ਕੰਨੀ ਖਸਕਾਉਂਦੀ ਹੈ:-



Digitized by Panjab Digital Library | www.panjabdigilib.org

ਬਚ ਕੇ ਤੁਰਦੇ ਰਾਹੀ ਨੂੰ ਵੀ ਦੁਨੀਆਂ ਧੱਕੇ ਦੇਂਦੀ।
ਚੁਪ ਗੁਪ ਬੈਠੇ ਨੂੰ ਆਕੇ ਧੂਹ ਘਸੀਟ ਕਰੇਂਦੀ।
ਨੀਵੀਂ ਪਾਕੇ ਕੱਟਣ ਵਾਲੇ, ਨਾਲ ਹੋਰ ਅਕੜੇਂਦੀ।
ਬਾਬਾ ਆਖੇ ਇਕ ਮਸਤਾਂ ਤੋਂ ਇਹ ਕੰਨੀ ਕਤਰੇਂਦੀ।

ਆਪ ਦੇ ਜੀਵਨ ਉਤੇ ਸ਼ਾਹ ਹੁਸੈਨ, ਉਮਰ ਖਿਆਮ, ਗੀਤਾ ਤੇ ਗੁਰਬਾਣੀ ਦਾ ਬਹੁਤ ਅਸਰ ਹੈ। ਕਿਤੇ ਸੂਫੀ ਜੀਵਨ, ਕਿਤੇ ਵੇਦਾਂਤ, ਕਿਤੇ ਤਿਆਗ ਤੇ ਕਿਤੇ ਗ੍ਰਹਿਸਤ ਦਾ ਆਨੰਦ, ਆਪ ਦੀ ਕਵਿਤਾ ਤੋਂ ਹਰ ਰੰਗ ਝਰਦਾ ਪਰਤੀਤ ਹੁੰਦਾ ਹੈ। ਇਹ ਲਿਖਦੇ ਹਨ:--

ਉਹੀ ਤੱਕਦਾ ਹੈ, ਅਣਦਿਸਦੇ ਨੂੰ ਜੋ ਇਸਦੇ 'ਚ ਤਕਦਾ ਹੈ।
ਉਹੀ ਛਕਦਾ ਹੈ, ਵਿਹੁ ਅਮਿਓ ਜੋ ਸਿਦਕੀ ਵਾਂਗ ਛਕਦਾ ਹੈ।
ਉਹੀ ਤੁਰਦਾ ਹੈ, ਜੋ ਪਗ ਪਗ ਤੇ ਸਾਹ ਲਈ ਅਟਕਦਾ ਹੈ।
ਉਹੀ ਜੀਉਂਦਾ ਹੈ ਜੋ ਕੀੜੀ ਨੂੰ ਵੀ ਮਾਰਨ ਤੋਂ ਝਕਦਾ ਹੈ।

ਆਪ ਦਸਦੇ ਹਨ ਕਿ ਜਿੰਨਾ ਚਿਰ ਆਪਾ ਨਾ ਵਾਰੋ ਓਨਾ ਚਿਰ ਪ੍ਰੀਤਮ ਦਾ ਮਿਲਾਪ ਨਹੀਂ ਹੁੰਦਾ:–

ਹੀਰ ਗਵਾਚੀ ਕਿਸੇ ਨਾ ਲੱਭੀ, ਜੋਗ ਕਮਾਏ ਬਾਝੋਂ।
ਬੀਂ, ਬੂਟਾ, ਫੁੱਲ, ਫਲ ਨਹੀਂ ਬਣਦਾ, ਢਿਡ ਚਰਾਏ ਬਾਝੋਂ।
ਮਹਿੰਦੀ ਸੁੰਦਰ ਹੱਥ ਨ ਲਗਦੀ, ਰਗੜਾ ਖਾਏ ਬਾਝੋਂ।
ਖਿੰਡਰਨ ਨਾ ਜੋਬਨ ਦੀਆਂ ਮਹਿਕਾਂ, ਚੰਨ ਚੜ੍ਹਾਏ ਬਾਝੋਂ।

ਸੋ ਆਪ ਦੀ ਰਚਨਾ ਇਕ ਸਾਦੀ, ਸਛ ਤੇ ਦਿਲ ਉਤੇ ਡੂੰਘਾ ਅਸਰ ਕਰਨ ਵਾਲੀ ਹੈ। ਜਿਉਂ ਜਿਉਂ ਪੜ੍ਹੋ ਆਤਮ ਰਸ ਆਉਂਦਾ ਹੈ।

ਕਵਿਤਾ ਤੋਂ 'ਨਾਮ ਰਸ' ਦੀ ਮਸਤੀ, ਸੁਖਮਨੀ ਦੀ ਰੰਙਣ, ਸਰਬ ਸਾਂਝਾ ਪਿਆਰ, ਸ਼ੁਕਰ ਸਬਰ ਤੇ ਤਵੱਕਲ ਦਾ ਜਜ਼ਬਾ ਸੁਹਣੇ ਸੁਹਣੇ ਸ਼ਬਦਾਂ ਵਿੱਚ ਅਲੰਕ੍ਰਿਤ ਨਜ਼ਰ ਆਉਂਦਾ ਹੈ।

— —



Digitized by Panjab Digital Library | www.panjabdigilib.org

# ਲਾਲਾ ਧਨੀ ਰਾਮ ਜੀ ਚਾਤ੍ਰਿਕ

ਲਾਲਾ ਧਨੀ ਰਾਮ ਜੀ ਚਾਤ੍ਰਿਕ ਦਾ ਜਨਮ ਅਕਤੂਬਰ ੧੮੭੬ ਈ: ਵਿਚ, ਪਿੰਡ ਪੱਸੀਆਂ ਜ਼ਿਲਾ ਸਿਆਲ ਕੋਟ ਵਿਚ ਹੋਇਆ। ਅਜੇ ਆਪ ਦੀ ਬਾਲ ਅਵਸਥਾ ਹੀ ਸੀ ਕਿ ਜਦੋਂ ਆਪ ਦੇ ਮਾਤਾ ਪਿਤਾ ਜੀ ਆਪਣਾ ਪਿੰਡ ਛਡ ਕੇ ਲੋਪੋਕੀ ਆ ਵੱਸੇ। ਜਦੋਂ ਆਪ ੧੮ ਸਾਲ ਦੇ ਹੋਏ ਆਪ ਸ੍ਰੀ ਅੰਮ੍ਰਿਤਸਰ ਜੀ ਆ ਗਏ ਅਤੇ ਵਜ਼ੀਰ ਹਿੰਦ ਪ੍ਰੈਸ ਵਿਚ ਕੰਮ ਕਰਨ ਲਗੇ। ਭਾਈ ਵੀਰ ਸਿੰਘ ਜੀ ਦੀਆਂ ਮਨੋਹਰ ਰਚਨਾਵਾਂ ਪੜ੍ਹਨ ਕਰ ਕੇ ਆਪ ਨੂੰ ਵੀ ਕਵਿਤਾ ਲਿਖਣ ਦਾ ਸ਼ੌਂਕ ਪੈਦਾ ਹੋਇਆ, ਸੋ ਆਪ 'ਖਾਲਸਾ ਸਮਾਚਾਰ' ਅਤੇ 'ਖਾਲਸਾ ਯੰਗਮੈਨ' ਮੈਗਜ਼ੀਨ ਲਈ ਕਵਿਤਾ ਲਿਖਣ ਲਗੇ। ਇਨ੍ਹਾਂ ਨੇ ਕਵਿਤਾ ਸਬੰਧੀ ਹਰ ਪ੍ਰਕਾਰ ਦੀ ਸਿੱਖਿਆ ਭਾ: ਸਾਹਿਬ ਡਾ: ਵੀਰ ਸਿੰਘ ਜੀ ਪਾਸੋਂ ਹੀ ਪ੍ਰਾਪਤ ਕੀਤੀ। ਸੰਨ ੧੯੦੬ ਵਿਚ ਆਪ ਦੇ ਦੋ ਕਿੱਸੇ 'ਭਰਥਰੀ ਹਰੀ' ਤੇ 'ਨਲ ਦਮਯੰਤੀ' ਛਪੇ। ਇਸ ਪਿਛੋਂ ਆਪ ਬੰਬਈ ਚਲੇ ਗਏ ਤੇ ਸੰਨ ੧੯੧੪ ਵਿਚ ਵਾਪਸ ਆਏ। ਵਾਪਸ ਆਉਣ ਤੋਂ ਲਗ ਪਗ ਸੱਤ ਅੱਠ ਸਾਲ ਮਗਰੋਂ ਆਪ ਨੇ ਫੇਰ ਕਵਿਤਾ ਲਿਖਣੀ ਸ਼ੁਰੂ ਕੀਤੀ। ਹੁਣ ਵਪਾਰ ਵੀ ਇਨ੍ਹਾਂ ਦਾ ਆਪਣਾ ਸੀ, ਅਤੇ ਇਹ ਆਪਣੀ ਗਰੀਬੀ ਦੀ ਹਾਲਤ ਤੋਂ ਲੱਖਾਂ ਪਤੀ ਬਣ ਗਏ।

੧੯੨੬ ਵਿਚ ਆਪ ਨੇ ਹੋਰ ਪਤਵੰਤੇ ਲਿਖਾਰੀਆਂ ਤੇ ਕਵੀਆਂ ਨਾਲ ਮਿਲ ਕੇ ਸੈਂਟਰਲ ਪੰਜਾਬੀ ਸਭਾ ਕਾਇਮ ਕੀਤੀ। ਇਸ ਸਮੇਂ ਆਪ ਨੇ ਕਵਿਤਾ ਦੀ ਇਕ ਮਨੋਹਰ ਪੁਸਤਕ 'ਚੰਦਨਵਾੜੀ' ਲਿਖੀ। ਚੰਦਨਵਾੜੀ ਦੀਆਂ ਮਨੋਰੰਜਕ ਕਵਿਤਾਵਾਂ ਨੇ ਪੰਜਾਬੀ ਸਾਹਿਤ ਸੰਸਾਰ ਅੰਦਰ ਇਕ ਨਵਾਂ ਚਮਤਕਾਰ ਪੈਦਾ ਕੀਤਾ। ਇਸ ਤੋਂ ਮਗਰੋਂ ਆਪ ਨੇ ਕੇਸਰ ਕਿਆਰੀ ਨਵਾਂ ਜਹਾਨ ਤੇ ਸੂਫ਼ੀਖਾਨਾ ਆਦਿਕ ਕਵਿਤਾ ਦੇ ਸੰਗ੍ਰਹਿ



Digitized by Panjab Digital Library | www.panjabdigilib.org

ਪ੍ਰਕਾਸ਼ਤ ਕੀਤੇ ਅਤੇ ਆਪ ਅਜ ਤਕ ਬੜੇ ਬੜੇ ਸਵਾਦਲੇ ਗੀਤ ਤੇ ਕਵਿਤਾਵਾਂ ਲਿਖ ਰਹੇ ਹਨ।

ਅਕਤੂਬਰ ੧੯੫੦ ਵਿਚ ਅੰਮ੍ਰਿਤਸਰ ਦੇ ਸਾਹਿਤਕਾਰਾਂ ਨੇ ਆਪ ਦੀ ਪੰਝੱਤ੍ਹਵੀਂ ਸਾਲਗਰਾਹ ਦੀ ਖੁਸ਼ੀ ਵਿਚ ਆਪ ਨੂੰ 'ਅਭਿਨੰਦਨ ਗ੍ਰੰਥ' ਭੇਟਾ ਕੀਤਾ। ਇਸ ਸਮੇਂ ਪ੍ਰਧਾਨ ਮੰਤਰੀ ਪਟਿਆਲਾ ਯੂਨੀਅਨ ਤੇ ਪੰਜਾਬ ਦੇ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਨੇ ਵੀ ਦਰਸ਼ਨ ਦਿਤੇ।

ਆਪ ਬੜੇ ਹਸਮੁਖ ਤੇ ਮਿਲਣਸਾਰ ਹਨ। ਆਪ ਦਾ ਜੀਵਨ ਵੀ ਕਵਿਤਾ ਮਈ ਹੈ। ਆਪ ਦੀ ਰਚਨਾ ਵਿਚ ਦਰਿਆ ਦੇ ਪਾਣੀ ਵਰਗੀ ਰਵਾਨੀ ਤੇ ਸਰਲਤਾ ਹੈ, ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਆਪ ਨੇ ਲਗ ਪਗ ਹਰ ਵਿਸ਼ੇ ਤੇ ਬੜੀਆਂ ਬੜੀਆਂ ਮਨੋਹਰ ਕਵਿਤਾਵਾਂ ਲਿਖੀਆਂ ਹਨ। ਬੋਲੀ ਤੇ ਅਲੰਕਾਰਾਂ ਦੇ ਲਿਹਾਜ਼ ਨਾਲ ਆਪ ਦੀ ਕਵਿਤਾ ਖਾਸ ਮਹਾਨਤਾ ਰਖਦੀ ਹੈ। ਆਪ ਨੇ ਲਗ ਪਗ ਹਰ ਪ੍ਰਕਾਰ ਦੇ ਛੰਦ ਠੇਠ ਪੰਜਾਬੀ ਬੋਲੀ ਵਿਚ ਲਿਖੇ ਹਨ। ਚੰਦਨਵਾੜੀ ਦੀਆਂ ਕਵਿਤਾਵਾਂ ਇਕ ਤੋਂ ਇਕ ਚੜ੍ਹੋ ਚੜ੍ਹਦੀਆਂ ਹਨ। ਮਨ ਸਮਝਾਵਾ ਵਾਲੀ ਕਵਿਤਾ ਵਿਚ ਇਕ ਸਖੀ ਦੇ ਮਨੋ ਭਾਵ ਬੜੀ ਸੁਹਣੀ ਤਰ੍ਹਾਂ ਬਿਆਨ ਕੀਤੇ ਹਨ। ਉਹ ਸਖੀ ਸ੍ਰੀ ਕ੍ਰਿਸ਼ਨ ਜੀ ਦੀ ਉਡੀਕ ਵਿਚ ਵਿਆਕੁਲ ਹੋ ਰਹੇ ਮਨ ਨੂੰ ਇਸਤਰ੍ਹਾਂ ਸਮਝਾਉਂਦੀ ਹੈ:—

ਰਹੁ ਰਹੁ ਵੇ ਜੀਆ ਝੱਲਿਆ,
ਆਖੇ ਵੀ ਲਗ ਜਾ ਮੱਲਿਆ।
ਅੜਿਆ ਨ ਕਰ; ਕੁੜ੍ਹਿਆ ਨ ਕਰ,
ਲੜਿਆ ਨ ਕਰ, ਸੜਿਆ ਨ ਕਰ।
ਵੇ ਵੈਰੀਆ ਕੀ ਹੋ ਗਿਆ ?
ਰੌਲਾ ਨਾ ਪਾ ਡੁਬਦਾ ਨਾ ਜਾ।
ਟਲ ਜਾ ਅਮੋੜਾ ਪਾਪੀਆ,
ਰੋ ਰੋ ਦੀਦੇ ਗਾਲ ਨਾ।



Digitized by Panjab Digital Library | www.panjabdigilib.org

ਵ ਨਾ ਮੁਰਾਦਾ ਠਹਿਰ ਜਾ
ਪਿਟ ਪਿਟ ਕੇ ਹੋ ਜ਼ਿਲਹਾਲ ਨਾ।
ਉਦੋਂ ਨਹੀਂ ਸੀ ਵਰਜਿਆ,
ਆ ਬਾਜ਼ ਆ ਆ ਬਾਜ਼ ਆ।
ਨਿਹੁੰ ਨ ਲਗਾ, ਫਾਹੀਆਂ ਨ ਪਾ,
ਪੱਲਾ ਬਚਾ ਨੇੜੇ ਨ ਜਾ।
ਵਾਟਾਂ ਨੀ ਇਹ ਦੁਖਿਆਰੀਆਂ,
ਮੰਜ਼ਲਾਂ ਨੀ ਬੜੀਆਂ ਭਾਰੀਆਂ।

ਇਹ ਆਪ ਦੀ ਕਵਿਤਾ ਦੀ ਉਡਾਰੀ ਹੈ। ਕਵਿਤਾ ਵਿਚੋਂ ਰੁਮਾਂਸ ਡੁਲ੍ਹ ਡੁਲ੍ਹ ਪੈਂਦਾ ਹੈ। ਇਸੇ ਤਰ੍ਹਾਂ ਰਾਧਾਂ ਸੰਦੇਸ਼ ਤੇ ਸੀਤਾ ਸੰਦੇਸ਼ ਵਾਲੀਆਂ ਕਵਿਤਾਵਾਂ ਵਿਚ ਵੀ ਇਕ ਅਲੌਕਿਕ ਰੰਗ ਪੇਸ਼ ਕੀਤਾ ਹੈ। ਅਸ਼ੋਕ ਬਨ ਵਿਚ ਕੈਦ ਹੋਈ ਸੀਤਾ ਸ੍ਰੀ ਰਾਮ ਚੰਦਰ ਜੀ ਦੇ ਵਿਯੋਗ ਵਿਚ ਉਹਨਾਂ ਨੂੰ ਸੰਬੋਧਨ ਕਰ ਕੇ ਇਸ ਤਰ੍ਹਾਂ ਕਹਿੰਦੀ ਹੈ:—

ਲੰਬੂ ਅੱਗ ਦੇ ਅੰਦਰੋਂ ਜਦੋਂ ਉੱਠਣ,
ਸੋਮੇ ਅੱਖੀਆਂ ਦੇ ਚੜ੍ਹ ਕੇ ਚੋ ਪੈਂਦੇ।
ਸੜਦੇ ਹੰਝੂਆਂ ਦੀ ਜਿਥੇ ਧਾਰ ਪੈਂਦੀ,
ਛਾਲੇ ਜ਼ਿਮੀਂ ਦੀ ਹਿੱਕ ਤੇ ਹੋ ਪੈਂਦੇ।
ਮੇਰੇ ਕੀਰਨੇ ਰੁਖ ਖਲ੍ਹਿਆਰ ਦੇਂਦੇ,
ਫੁੱਲਾਂ ਨਾਲ ਲੂੰ ਕੰਡੇ ਖਲੋ ਪੈਂਦੇ।
ਰਾਤ ਸੁੰਨ ਹੋਵੇ ਪਰਬਤ ਚੋ ਪੈਂਦੇ,
ਨਦੀਆਂ ਵੈਣ ਪਾਉਣ ਤਾਰੇ ਰੋ ਪੈਂਦੇ।
ਰੁੜ੍ਹਦੇ ਜਾਣ ਪੱਤਰ ਗੋਤੇ ਖਾਣ ਪੱਥਰ,
ਉਠਦੀ ਚੀਕ ਜਦ ਮੇਰੀ ਦੁਹਾਈ ਦੀ ਏ।
ਬੇ ਜ਼ਬਾਨ ਪੰਛੀ ਵੀ ਕੁਰਲਾਟ ਪਾ ਪਾ,
ਆਖਣ ਡਾਢੀ ਮੁਸੀਬਤ ਜੁਦਾਈ ਦੀ ਏ।



Digitized by Panjab Digital Library | www.panjabdigilib.org

ਇਸ ਤਰ੍ਹਾਂ ਆਪ ਦਿਲ ਵਾਲੀ ਕਵਿਤਾ ਵਿਚ ਕਹਿੰਦੇ ਹਨ:–

ਆ ਦਿਲਾ ਹੋਸ਼ ਕਰੀਂ ਨਿਹੁੰ ਨ ਲਗਾਈਂ ਵੇਖੀਂ।
ਇਸ਼ਕ ਦੇ ਪੇਚ ਬੁਰੇ ਦਿਲ ਨਾ ਫਸਾਈ ਵੇਖੀਂ।
ਇਹਨਾਂ ਗਲੀਆਂ 'ਚ ਗਏ ਮੁੜ ਨਾ ਮੁੜੇ ਘਰ ਵਲ ਨੂੰ।
ਰਾਹੇ ਰਾਹ ਜਾਂਦਾ ਕਿਤੇ ਫ਼ਾਹ ਨਾ ਪਵਾਈਂ ਵੇਖੀਂ।

ਆਪ ਆਧੁਨਿਕ ਕਾਲ ਦੇ ਇਕ ਮਹਾਨ ਰੋਮਾਂਟਿਕ ਕਵੀ ਮੰਨੇ ਜਾਂਦੇ ਹਨ, ਜਿਨ੍ਹਾਂ ਦੀ ਕਵਿਤਾ ਤੋਂ ਸਾਦਗੀ, ਸਰਲਤਾ ਤੇ ਰਸ ਡੁਲ੍ਹ ਡੁਲ੍ਹ ਪੈਂਦੇ ਹਨ। ਆਪ ਨੇ ਲਗ ਪਗ ਹਰ ਵਿਸ਼ੇ ਤੇ ਚੋਟੀ ਦੀਆਂ ਕਵਿਤਾਵਾਂ ਲਿਖੀਆਂ ਹਨ। ਸ਼ਬਦ ਚੋਣ ਕਰਨ ਲੱਗੇ ਆਪ ਕਮਾਲ ਕਰ ਜਾਂਦੇ ਹਨ, ਐਨ ਫੱਬਵੇਂ, ਢੁੱਕਵੇਂ ਤੇ ਭਾਵ ਪੂਰਤ ਸ਼ਬਦ ਥਾਂ ਸਿਰ ਸੁੱਚੇ ਮੋਤੀਆਂ ਵਾਂਗ ਜੜਦੇ ਹਨ। ਬੋਲੀ ਦੇ ਲਿਹਾਜ਼ ਨਾਲ ਪੰਜਾਬੀ ਦਾ ਇੱਕ ਵੀ ਕਵੀ ਆਪ ਦਾ ਸਾਨੀ ਨਹੀਂ, ਆਪ ਅਤਿ ਦਰਜੇ ਦੀ ਠੇਠ ਤੇ ਨਿੱਤ ਵਰਤੋਂ ਵਾਲੀ ਬੋਲੀ ਵਿਚ ਮਨੋਭਾਵ ਪਰਗਟਾਉਣ ਲੱਗੇ ਕਮਾਲ ਕਰ ਦੇਂਦੇ ਹਨ। ਅਜ ਕੱਲ ਨਵੇਂ ਗੀਤ ਤੇ ਗਜ਼ਲਾਂ ਲਿਖ ਰਹੇ ਹਨ। ਇਨ੍ਹਾਂ ਦਾ 'ਸੂਫ਼ੀ ਖ਼ਾਨਾ' ਨਵੇਂ ਗੀਤਾਂ, ਗਜ਼ਲਾਂ, ਕਾਫੀਆਂ, ਕਵਾਲੀਆਂ ਤੇ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਵਿਚ ਆਪ ਨੇ 'ਬਸੰਤ' ਵਾਲੀ ਕਵਿਤਾ ਵਿਚ 'ਜੰਗ ਜਿੱਤ ਕੇ ਆਏ ਫ਼ੌਜੀ' ਦੀ ਮੁਟਿਆਰ ਤੀਵੀਂ ਦੇ ਦਿਲੀ ਭਾਵਾਂ ਦਾ ਨਕਸ਼ਾ ਕਿਸ ਤਰ੍ਹਾਂ ਖਿੱਚਿਆ ਹੈ:—

ਆਖੇਗਾ ਜੇ 'ਕੂ ਤੇ ਸਹੀ', ਆਖਾਂਗੀ ਮੈਂ 'ਛੇੜੋ ਨ ਜੀ'।
ਦੁਖਿਆਂ ਨੂੰ ਹੋਰ ਦੁਖਾਓ ਨਾ, ਪੱਛਾਂ ਤੇ ਮਿਰਚਾਂ ਪਾਓ ਨਾ।

ਜਦੋਂ ਉਹ ਸਾਹਮਣੇ ਆ ਗਿਆ:—

ਪਰ ਹਾਇ ਨੀ ਦਿਲ ਚੰਦਰਾ, ਆਪੇ ਈ ਹੌਲਾ ਪੈ ਗਿਆ।
ਉਹ ਆ ਗਿਆ, ਮੈਂ ਹੱਸ ਪਈ, ਗਲ ਲਗ ਕੇ ਛਮ ਛਮ ਵੱਸ ਪਈ।

ਕਿੱਡੀ ਸਾਦਗੀ ਹੈ। ਸੋ ਆਪ ਇਕ ਉਚੇ ਦਰਜੇ ਦੇ ਰੋਮਾਂਟਿਕ ਸੁਧਾਰਕ, ਤੇ ਰਹੱਸ ਵਾਦੀ ਕਵੀ ਹਨ, ਜਿਨ੍ਹਾਂ ਦੀਆਂ ਕਵਿਤਾਵਾਂ ਨੇ ਪੰਜਾਬੀ ਕਵਿਤਾ ਅੰਦਰ ਇਕ ਨਵਾਂ ਰੰਗ ਪੈਦਾ ਕੀਤਾ ਹੈ।



Digitized by Panjab Digital Library | www.panjabdigilib.org

# ਐਸ. ਐਸ. ਚਰਨ ਸਿੰਘ ਜੀ ਸ਼ਹੀਦ

[੧੮੯੧ ਤੋਂ ੧੯੩੫ ਤਕ]

ਐਸ. ਐਸ. ਚਰਨ ਸਿੰਘ ਜੀ ਦਾ ਜਨਮ ਸੰਨ ੧੮੯੧ ਈ: ਵਿਚ ਅੰਮ੍ਰਿਸਰ ਦੇ ਇਕ ਪਤਵੰਤੇ ਸਿਖ ਘਰਾਣੇ ਵਿਚ ਹੋਇਆ। ਸੰਨ ੧੯੦੬ ਈ: ਤਕ ਜਦੋਂ ਆਪ ਪੰਦਰਾਂ ਸਾਲ ਦੇ ਹੋਏ ਇਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੇ ਅਖਬਾਰ 'ਖਾਲਸਾ ਸਮਾਚਾਰ' ਵਿਚ ਕੰਮ ਸ਼ੁਰੂ ਕੀਤਾ। ਆਪ ਸਾਰਾ ਦਿਨ ਦਫਤਰ ਵਿਚ ਕੰਮ ਕਰਦੇ ਅਤੇ ਸਵੇਰੇ ਜਾਂ ਰਾਤ ਨੂੰ ਆਪਣੇ ਵਿਹਲੇ ਵੇਲੇ ਨਾਵਲਾਂ ਦੇ ਉਲਥੇ ਕਰਦੇ ਜਾਂ ਹੋਰ ਪੁਸਤਕਾਂ ਪੜ੍ਹਦੇ। ਆਪ ਦੀ ਬੁਧੀ ਐਨੀ ਤੇਜ਼ ਸੀ ਕਿ ਸੰਨ ੧੯੦੭ ਤਕ ਇਨ੍ਹਾਂ ਨੇ ਲਗ ਪਗ ਤੀਹ ਨਾਵਲ, ਜੀਵਨੀਆਂ ਅਤੇ ਕਵਿਤਾਵਾਂ ਦੀਆਂ ਪੁਸਤਕਾਂ ਲਿਖੀਆਂ, ਜੋ ਪੰਜਾਬੀ ਵਿਚ ਬੜੀਆਂ ਮਸ਼ਹੂਰ ਹੋਈਆਂ। ਆਪ ਨੂੰ ਕੁਝ ਕਿਤਾਬਾਂ ਲਿਖਣ ਤੇ ਪੰਜਾਬ ਟੈਕਸਟ ਬੁਕ ਕਮੇਟੀ ਵਲੋਂ ਭਾਰੀ ਇਨਾਮ ਮਿਲੇ। ਆਪ ਖਾਲਸਾ ਸਮਾਚਾਰ, ਖਾਲਸਾ ਸੇਵਕ, ਬੀਰ, ਸ਼ਹੀਦ, ਜਥੇਦਾਰ, ਮੌਜੀ ਤੇ ਹੰਸ ਆਦਿ ਹਫਤਾਵਾਰ ਤੇ ਮਾਹਵਾਰੀ ਅਖਬਾਰਾਂ ਤੇ ਰਸਾਲਿਆਂ ਦੇ ਐਡੀ-ਟਰ, ਚੀਫ ਐਡੀਟਰ ਤੇ ਮਾਲਿਕ ਦੀ ਹੈਸੀਅਤ ਵਿੱਚ ਕੰਮ ਕਰਦੇ ਰਹੇ। ਇਸ ਤਰ੍ਹਾਂ ਆਪ ਨੇ ਪੰਜਾਬੀ ਸਾਹਿਤ ਦੇ ਵਾਧੇ ਲਈ ਬੜੇ ਯਤਨ ਕੀਤੇ।

ਸੰਨ ੧੯੨੫ ਵਿਚ ਇਨ੍ਹਾਂ ਦਾ ਅਖਬਾਰ ਸ਼ਹੀਦ ਬੜਾ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਸੀ, ਇਜ ਸਮੇਂ ਮਹਾਰਾਜਾ ਸਾਹਿਬ ਨਾਭਾ ਨੇ ਇਨ੍ਹਾਂ ਨੂੰ ਅਪਣੇ ਦਰਬਾਰ ਵਿਚ ਬੁਲਾ ਲਿਆ, ਨਾਭੇ ਜਾ ਕੇ ਇਨ੍ਹਾਂ ਨੇ ਪੰਜ ਛੀ ਕਿਤਾਬਾਂ ਲਿਖੀਆਂ ਅਤੇ ਆਪਣੀਆਂ ਪੰਜਾਬੀ ਕਵਿਤਾਵਾਂ ਨਾਲ ਪੰਜਾਬੀ ਦਾ ਸਿੱਕਾ ਲੋਕਾਂ ਦੇ ਦਿਲਾਂ ਤੇ ਬਿਠਾਇਆ। ਇਸ ਤੋਂ ਮਗਰੋਂ ਇਨ੍ਹਾਂ ਨੂੰ ਮਹਾਰਾਜਾ ਸਾਹਿਬ ਪਟਿ-



Digitized by Panjab Digital Library | www.panjabdigilib.org

ਆ'ਲਾ ਨੇ ਗਿਆਨੀ ਗਿਆਨ ਸਿੰਘ ਜੀ ਦੇ ਇਤਿਹਾਸਕ ਗਰੰਥ ਮੁਕੰਮਲ ਕਰਨ ਲਈ ਆਪਣੇ ਕੋਲ ਸਦਵਾ ਲਿਆ ! ਆਪ ਓਥੇ ਜਾਕੇ ਤਿੰਨਾਂ ਸਾਲਾਂ ਲਈ ਧਰਮ ਅਸਥਾਨ ਪ੍ਰਬੰਧਕ ਕੌਂਸਲ ਦੇ ਜਨਰਲ ਸਕੱਤਰ ਤੇ ਸਿਖ ਇਤਿਹਾਸ ਕਮੇਟੀ ਦੇ ਐਡੀਸ਼ਨਲ ਸਕੱਤ੍ਰ ਦੀ ਹੈਸੀਅਤ ਵਿਚ ਸੇਵਾ ਕਰਦੇ ਰਹੇ। ਸਰਕਾਰ ਪਟਿਆਲਾਂ ਵਲੋਂ ਇਨ੍ਹਾਂ ਨੂੰ ਰਾਜ ਕਵੀ ਤੇ ਸ਼ਾਹੀ ਕਵੀ ਦੇ ਖਿਤਾਬ ਮਿਲੇ ਅਤੇ ਇਨਾਮ ਵਜੋਂ ਸੁਨਹਿਰੀ ਤਲਵਾਰਾਂ ਮਿਲੀਆਂ । ਇਨ੍ਹਾਂ ਦੀਆਂ ਲਿਖਤਾਂ ਪੜ੍ਹਨ ਸੁਣਨ ਵਾਲੇ, ਇਨ੍ਹਾਂ ਦੀਆਂ ਰਚਨਾਵਾਂ ਪੜ੍ਹਨ ਤੋਂ ਬਿਨਾਂ ਨਹੀਂ ਰਹਿ ਸਕਦੇ ਸਨ।

ਸੰਨ ੧੯੨੬ ਵਿਚ ਇਨ੍ਹਾਂ ਨੇ ਮੌਜੀ ਅਖਬਾਰ ਜਾਰੀ ਕੀਤਾ ਜੋ ਦਸ ਹਜ਼ਾਰ ਦੀ ਗਿਣਤੀ ਵਿਚ ਛਪਦਾ ਰਿਹਾ । ਇਸ ਦੇ ਨਾਲ ਹੀ ਆਪ ਨੇ ਸੰਨ ੧੯੨੯ ਵਿਚ ਰਸਾਲਾ 'ਹੰਸ' ਜਾਰੀ ਕੀਤਾ; ਜੋ ਆਪਣੀ ਨਜ਼ੀਰ ਆਪ ਹੀ ਸੀ । ਆਪ ਸੰਟਰਲ ਪੰਜਾਬੀ ਸਭਾ ਦੇ ਜਨਰਲ ਸਕੱਤਰ ਦੀ ਹੈਸੀਅਤ ਵਿਚ ਅੰਤਮ ਸਮੇਂ ਤਕ ਸੇਵਾ ਕਰਦੇ ਰਹੇ। ੧੯੨੮ ਵਿਚ ਸ਼ਿਮਲੇ ਅੰਦਰ ਪਹਿਲਾ ਪੰਜਾਬੀ ਦਰਬਾਰ ਕਰਵਾਇਆ । ੧੯੩੧ ਵਿਚ ਆਪ ਸੈਂਟਰਲ ਪੰਜਾਬੀ ਸਭਾ ਦੇ ਪ੍ਰਧਾਨ ਚੁਣੇ ਗਏ ਅਤੇ ੧੯੩੨ ਵਿਚ ਸੂਬਕ ਪੰਜਾਬੀ ਦਰਬਾਰ ਅੰਮ੍ਰਿਤਸਰ ਵਿਚ ਕਰਵਾਇਆ । ਇਨ੍ਹਾਂ ਦੇ ਦਿਲ ਵਿਚ ਪੰਜਾਬੀ ਦੀ ਸ਼ਾਨ ਹਿੰਦੁਸਤਾਨ ਭਰ ਦੀਆਂ ਬੋਲੀਆਂ ਦੇ ਮੁਕਾਬਲੇ ਵਿਚ ਉੱਚੀ ਕਰਨ ਦਾ ਬੜਾ ਉਤਸ਼ਾਹ ਸੀ। ਪਰ ਸ਼ੋਕ ! ਕਿ ਅਗਸਤ ੧੯੩੫ ਵਿਚ ਜਦ ਆਪ ਆਲ ਇੰਡੀਆ ਪੰਜਾਬੀ ਕਾਨਫਰੰਸ ਦੇ ਪ੍ਰਬੰਧ ਲਈ ਸ਼ਿਮਲੇ ਗਏ, ਬਹੁਤ ਰੁਝੇਵਿਆਂ ਕਰ ਕੇ ਆਪ ਬੀਮਾਰ ਪੈ ਗਏ ਅਤੇ ੨੪ ਅਗਸਤ ੧੯੩੫ ਨੂੰ ਅਕਾਲ ਚਲਾਣਾ ਕਰ ਗਏ। ਇਹ ਠੀਕ ਹੈ ਕਿ ਜਿੰਨੀ ਆਪ ਨੇ ਪੰਜਾਬੀ ਦੀ ਸੇਵਾ ਕੀਤੀ ਅਤੇ ਪੰਜਾਬੀ ਨੂੰ ਉਚਿਆਂ ਕਰਨ ਲਈ ਯਤਨ ਕੀਤਾ, ਐਨੀ ਸੇਵਾ ਹੋਰ ਕੋਈ ਨਹੀਂ



Digitized by Panjab Digital Library | www.panjabdigilib.org

ਕਰ ਸਕਦਾ।

## ਕਵਿਤਾ ਤੇ ਵਿਚਾਰ:—

ਕਵੀ ਦੀ ਕਵਿਤਾ ਉਸ ਦੇ ਹਿਰਦੇ ਅਤੇ ਜਜ਼ਬਾਤਾਂ ਦਾ ਸ਼ੀਸ਼ਾ ਹੁੰਦੀ ਹੈ। ਕਿਸੇ ਕਵੀ ਦੀ ਜਿਸ ਤਰ੍ਹਾਂ ਦੀ ਰਹਿਣੀ ਬਹਿਣੀ ਹੁੰਦੀ ਹੈ ਅਥਵਾ ਜਿਸ ਤਰ੍ਹਾਂ ਦਾ ਸੁਭਾ ਹੁੰਦਾ ਹੈ, ਉਸ ਦੀ ਕਵਿਤਾ ਤੋਂ ਉਸ ਦਾ ਸਾਫ ਪਤਾ ਲੱਗ ਜਾਂਦਾ ਹੈ। ਇਕ ਸਿਆਣਾ ਆਦਮੀ ਜਿਸ ਨੂੰ ਕਰਤਾ ਬਾਦਸ਼ਾਹੀਆਂ ਦੇ ਜ਼ਾਤੀ ਜੀਵਨ ਦਾ ਬਿਲਕੁਲ ਕੋਈ ਪਤਾ ਨਹੀਂ, ਉਹ ਇਹ ਪੁਸਤਕ ਪੜ੍ਹ ਕੇ ਅਨੁਮਾਨ ਲਾ ਸਕਦਾ ਹੈ ਕਿ ਕਵੀ ਜੀ ਨੂੰ ਆਪਣੀ ਕਲਮ ਤੇ ਬੜਾ ਮਾਣ ਸੀ, ਅਤੇ ਇਨ੍ਹਾਂ ਨੇ ਆਪਣੀ ਕਲਮ ਦੇ ਸਦਕੇ ਕਈ ਤਰ੍ਹਾਂ ਦੇ ਰਾਜਸੀ ਤੇ ਭਾਈਚਾਰਕ ਪਰੀਵਰਤਨ ਲਿਆਂਦੇ ਹੋਣਗੇ। ਕਿਉਂਕਿ ਇਹ 'ਮੇਰੀ ਕਲਮ' ਵਾਲੀ ਕਵਿਤਾ ਵਿਚ ਲਿਖਦੇ ਹਨ:--

ਆਪਣੀ ਨਚਾਂਦੀ ਨੋਕ ਤੇ ਤ੍ਰੈ ਲੋਕ ਨੂੰ ਮੇਰੀ ਕਲਮ।
ਤਾਬੇ ਹੈ ਰਖਦੀ ਹਰਖ ਨੂੰ ਤੇ ਸ਼ੋਕ ਨੂੰ ਮੇਰੀ ਕਲਮ।
ਜੇ ਚਾਹੇ ਤਾਂ ਸਭ ਜਗਤ ਵਿਚ ਅੱਗ ਲਾ ਦਏ ਮੇਰੀ ਕਲਮ।
ਜੇ ਚਾਹੇ ਜਲਦੇ ਦਿਲਾਂ ਤੇ ਜਲ ਪਾ ਦਏ ਮੇਰੀ ਕਲਮ।

ਆਪ ਏਕਤਾ ਅਤੇ ਪਿਆਰ ਦੇ ਸਚੇ ਹਾਮੀ ਸਨ, ਇਸੇ ਕਵਿਤਾ ਦੇ ਅੰਤ ਵਿਚ ਆਪ ਲਿਖਦੇ ਹਨ:--

ਮੰਗੋ ਦੁਆ ਪਾਟੇ ਰਿਦੇ ਸਿਊਂਦੀ ਰਹੇ ਮੇਰੀ ਕਲਮ।
ਦਿਲ ਗੁਦਗੁਦੌਂਦੀ ਗੁਟ੍ਕਦੀ ਜਿਊਂਦੀ ਰਹੇ ਮੇਰੀ ਕਲਮ।

ਆਪ ਪੈਸੇ ਅਥਵਾ ਮਾਇਆ ਦੇ ਬਹੁਤੇ ਪਿਆਰੇ ਨਹੀਂ ਸਨ ਅਤੇ ਨਾ ਹੀ ਪੈਸੇ ਨੂੰ ਸਾਰੇ ਸੁਖਾਂ ਦਾ ਸਾਧਨ ਮੰਨਦੇ ਸਨ। ਪਰ ਆਪ ਦਾ ਇਹ ਖਿਆਲ ਵੀ ਸੀ ਕਿ ਦੁਨੀਆਂ ਵਿਚ ਪੈਸੇ ਤੋਂ ਬਿਨਾਂ ਇਨਸਾਨ ਦੀ ਕਿਤੇ ਵੀ ਕਦਰ ਨਹੀਂ । ਕਦੀ ਕਦੀ ਇਹਨਾਂ ਨੂੰ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਸਵੈਮਾਨਤਾ ਦੀ ਨਕਦਰੀ ਦੇਖ



Digitized by Panjab Digital Library | www.panjabdigilib.org

ਕੇ ਬੜਾ ਤਰਸ ਆ ਜਾਂਦਾ ਸੀ ਕਿ ਸਾਡੇ ਭਾਈ ਨੌਕਰੀਆਂ ਬਦਲੇ ਇਕ ਦੂਜੇ ਦਾ ਮੁਕਾਬਲਾ ਕਰਦੇ ਹਨ।

ਆਪ ਛੂਤ ਛਾਤ ਦੇ ਸਖਤ ਵਿਰੋਧੀ ਸਨ ।ਇਨ੍ਹਾਂ ਦੀਆਂ ਨਜ਼ਰਾਂ ਵਿਚ ਕੋਈ ਵੀ ਨੀਚ ਨਹੀਂ ਸੀ। ਜਿਹਾ ਕਿ 'ਰਿਸ਼ੀਆਂ ਦੀ ਤੋਬਾ' ਅਤੇ 'ਖੂਹ ਦੇ ਆਸ਼ਕ' ਆਦਿ ਕਵਤਾਵਾਂ ਤੋਂ ਪਤਾ ਲਗਦਾ ਹੈ। ਇਹ ਇਸਤਰੀ ਜ਼ਾਤੀ ਦੀ ਬੜੀ ਕਦਰ ਕਰਦੇ ਸਨ। ਇਹਨਾਂ ਦਾ ਖਿਆਲ ਸੀ ਕਿ ਇਸਤਰੀ ਜੋ ਚਾਹੇ ਕਰ ਸਕਦੀ ਹੈ। 'ਸੁਆਣੀ ਦਾ ਸਤਿਆਗ੍ਰਹਿ' ਅਤੇ 'ਅਬਲਾ ਦਾ ਬਲ' ਵਾਲੀਆਂ ਕਵਿਤਾਵਾਂ ਵਿਚ ਇਸ ਗੱਲ ਤੇ ਚੰਗੀ ਤਰ੍ਹਾਂ ਚਾਨਣਾ ਪਾਇਆ ਗਿਆ ਹੈ । ਇਹ ਲਿਖਦੇ ਹਨ:-

ਅਬਲਾ ਜੋ ਆਖਣ ਔਰਤ ਨੂੰ, ਓਹ ਸੋਚ ਜ਼ਰਾ ਨਾ ਕਰਦੇ ਨੇ।
ਤੀਵੀਂ ਦੀ ਤਾਕਤ ਅਗੇ ਤਾਂ ਬ੍ਰਹਿਮੰਡ ਖੰਡ ਸਭ ਡਰਦੇ ਨੇ।
ਕਾਦਰ ਦੀ 'ਕੁਦਰਤ ਤੀਵੀਂ ਹੈ, ਜਿਸਦਾ ਸਭ ਵਿਸ਼੍ਵ ਪਸਾਰਾ ਹੈ।
ਕੁਦਰਤ ਦੇ ਅਗੇ ਹਿਮਾਲਾ ਭੀ, ਇਕ ਜ਼ਰੇ ਵਾਂਗ ਵਿਚਾਰਾ ਹੈ।
ਜੇ ਤੀਰ ਚਲਾਏ ਨੈਣਾਂ ਦੇ ਤਾਂ ਘਾਇਲ ਮਰਦ ਹਜ਼ਾਰ ਕਰੇ।
ਜੇ 'ਸੁਥਰੇ' ਦਿਲ ਵਿਚ ਜੋਸ਼ ਭਰੇ ਤਾਂ ਚਰਨ ਤਲੇ ਸੰਸਾਰ ਕਰੇ।

ਇਨ੍ਹਾਂ ਦਾ ਖਿਆਲ ਸੀ ਕਿ ਸਾਰੀ ਦੁਨੀਆਂ ਮਤਲਬ ਦੀ ਹੈ। ਸਾਰੇ ਗੌਂ ਬਦਲੇ ਖਪ ਖਪ ਮਰਦੇ ਹਨ। ਹਰ ਇਕ ਆਪਣਿਆਂ ਨਾਲ ਹੀ ਪਿਆਰ ਕਰਦਾ ਹੈ। ਆਦਮੀ ਨੂੰ ਚਾਹੀਦਾ ਹੈ ਕਿ ਸਦਾ ਆਪਣੇ ਜੀਵਨ ਨੂੰ ਉੱਚਾ ਬਣਾਵੇ। ਇਹ ਫਜ਼ੂਲ ਗੱਲਾਂ ਵਿੱਚ ਆਪਣਾ ਵਕਤ ਜ਼ਾਇਆ ਨਹੀਂ ਕਰਦੇ ਸਨ, ਸਗੋਂ ਹਰ ਗੱਲ ਵਿਚੋਂ ਲਾਭ ਪ੍ਰਾਪਤ ਕਰਨ ਦਾ ਯਤਨ ਕਰਦੇ ਸਨ। ਸੁਭਾ ਦੇ ਬੜੇ ਨਰਮ ਸਨ ਵੱਡਿਆਂ ਦਾ ਆਦਰ ਕਰਨਾ ਤੇ ਹਰ ਇਕ ਦਾ ਦਿਲ ਰੱਖਣਾ ਇਨ੍ਹਾਂ ਦਾ ਜੀਵਨ ਸੀ। ਇਹ ਆਮ ਦੁਨੀਆਂ ਦਾਰਾਂ ਵਾਂਗ ਆਪਣਾ ਇਖਲਾਕ ਨਹੀਂ ਗਵਾਉਣਾ ਚਾਹੁੰਦੇ ਸਨ। ਭਾਵੇਂ ਕੋਈ ਇਨ੍ਹਾਂ ਨੂੰ ਗਾਲ੍ਹਾਂ ਵੀ ਕੱਢ



Digitized by Panjab Digital Library | www.panjabdigilib.org

ਜਾਂਦਾ, ਇਹ ਸਦਾ ਅੱਗੋਂ ਹਸ ਛਡਦੇ ਸਨ। ਬੜੇ ਉਤਸ਼ਾਹੀ ਸਨ ਅਤੇ ਸਦਾ ਅੱਗੇ ਵਧਣ ਲਈ ਯਤਨ ਕਰਦੇ ਰਹਿੰਦੇ ਸਨ ਤੇ ਨਾਲ ਦਿਆਂ ਨੂੰ ਪਰੇਰਨਾ ਕਰਦੇ ਰਹਿੰਦੇ ਸਨ। ਜ਼ਬਾਨ ਦੇ ਮਿੱਠੇ, ਹਰਮਨ ਪਿਆਰੇ ਤੇ ਹਰ ਇਕ ਦਾ ਆਦਰ ਭਾ ਕਰਨ ਵਾਲੇ ਸਨ। ਦੁਨੀਆਂ ਦੀਆਂ ਖਾਹਸ਼ਾਂ ਵਿਚ ਲੀਨ ਹੋਣ ਦੀ ਥਾਂ ਸੋਚ ਸਮਝ ਕੇ ਤੁਰਦੇ ਸਨ ਅਤੇ ਆਜ਼ਾਦ ਰਹਿ ਕੇ ਜੀਵਨ ਬਿਤਾਉਂਦੇ ਸਨ। ਇਨ੍ਹਾਂ ਦੀ 'ਬੇਪ੍ਰਵਾਹੀਆਂ' ਵਾਲੀ ਕਵਿਤਾ ਤੋਂ ਪਤਾ ਲਗਦਾ ਹੈ ਕਿ ਇਹ ਵਾਸ਼ਨਾ ਦੇ ਵੱਸ ਵਿਚ ਨਹੀਂ ਸਨ:--

ਮੈਂ ਬੇਸ਼ਕ ਇਸ ਜਗ ਤੇ ਹਰ ਦਮ ਹੱਸਦਾ ਅਤੇ ਹਸਾਂਦਾ ਹਾਂ।
ਪਰ ਨਾ ਚਾਹ ਸ਼ਿਕੰਜੇ ਅੰਦਰ ਆਪਣਾ ਦਿਲ ਕੜਕਾਂਦਾ ਹਾਂ।
ਫੁੱਲ ਦੀ ਖੁਸ਼ਬੂ ਨੂੰ ਹਾਂ ਸੁੰਘਦਾ ਨਾ ਕਿ ਉਸ ਨੂੰ ਖਾਂਦਾ ਹਾਂ।
ਕੋਈ ਪਦਾਰਥ ਦੇਖ ਜਗਤ ਦਾ, ਰਾਲ ਨਹੀਂ ਟਪਕਾਂਦਾ ਹਾਂ।
ਮੇਰਾ ਦਿਲ ਹੈ ਮੇਰੇ ਵੱਸ ਵਿਚ, ਜਿਧਰ ਚਹਾਂ ਚਲਾਵਾਂ ਮੈਂ।
ਤਦੇ ਕਮਲ ਸਮ ਜੱਗ ਵਿੱਚ ਸੁਥਰਾ ਬੇ-ਪ੍ਰਵਾਹ ਕਹਾਵਾਂ ਮੈਂ।

ਬਾਦਸ਼ਾਹੀਆਂ ਦੀਆਂ ਆਮ ਕਵਿਤਾਵਾਂ ਵਿਚੋਂ ਅਨੇਕਾਂ ਜੀਵਨ ਸਿਖਿਆ ਮਿਲਦੀਆਂ ਹਨ। ਹੇਠ ਲਿਖੀਆਂ ਸਤਰਾਂ ਪੜ੍ਹ ਕੇ ਦੇਖੋ:--

੧. ਮੁੱਦਾ ਕੀ ਰੱਬ ਨਹੀਂ ਹੈ ਪੈਸਾ, ਨਾ ਹੀ ਰੱਬ ਦਾ ਭਾਈ।
ਡਿੱਠਾ ਬਹੁਤ ਜੋੜ ਕੇ ਇਸ ਨੂੰ, ਜ਼ਰਾ ਨਾ ਤ੍ਰਿਪਤੀ ਪਾਈ।
੨. ਸਵਾਰਥ ਲਈ ਜੋ ਆਪਨੀ ਕੀਮਤ, ਸ਼ਾਨ ਮਾਨ ਘਟਵਾਂਦੇ।
ਮੂੜ੍ਹ ਸਦਾ ਬੇ-ਇੱਜ਼ਤ ਹੁੰਦੇ, ਦੁੱਖ ਪਾਂਦੇ ਪਛਤਾਂਦੇ।
੩. ਹਰ ਪ੍ਰਾਣੀ ਚਸ਼ਮਾ ਝਰਨਾ ਹੈ,ਨੇਕੀ ਖੁਸ਼ਦਿਲੀ ਮੁਹੱਬਤ ਦਾ।
ਸੁਥਰੇ ਸਮਝਾਹੇ ਤਾਂ ਹਰਕੋਈ,ਝਰਸਕਦਾ ਹੈ ਪਰਝਰਦਾਨਹੀਂ।
੪. ਅੱਧਾ ਅੰਗ ਨਾਰ ਨੂੰ ਕਹਿੰਦੇ, ਸਾਰੇ ਗ੍ਰੰਥ ਪਵਿੱਤ੍ਰ ਨੇ।
ਨਾਰੀ ਨੂੰ ਜੋ ਜੁੱਤੀ ਆਖਣ, ਉਹ ਖੁੱਦ ਭੀ ਇਕ ਛਿੱਤਰ ਨੇ।



Digitized by Panjab Digital Library | www.panjabdigilib.org

੫. ਹਰ ਪਾਸੇ ਹਰ ਹੀ ਪਿਆ ਦਿਸੇ, ਹਰ ਬਿਨ ਕੋਈ ਨ ਜਾਪੇ।
ਹਰ ਨੂੰ ਹਰ ਕੋਈ ਪ੍ਰੇਮ ਕਰੇ, ਤਾਂ ਆਪੇ ਮੁੱਕਣ ਸਿਆਪੇ।
੬. ਜੇ ਗਲਤ ਫਹਿਮੀਆਂ ਤਜ ਬੰਦਾ, ਆਪਣੇ ਸਮ ਸਮਝੇ ਹੋਰਾਂ ਨੂੰ।
ਸੁਖ ਮਾਨ ਦਵੇ, ਸੁਖ ਮਾਨ ਲਵੇ, ਤਜ ਜ਼ੋਰਾਂ ਸ਼ੋਰਾਂ ਖੋਰਾਂ ਨੂੰ।
੭. ਜਿਦੀ ਫੂਕ ਵਜ ਜਾਏ ਪਹਿਲਾਂ, ਜਿਤ ਓਸ ਦੀ ਕਹਿੰਦੇ।
ਤੇਰੇ ਜਹੇ ਸੁਸਤ ਪਿਛ ਰਹਿਣੇ, ਹੂੰ ਹੂੰ ਕਰਦੇ ਰਹਿੰਦੇ।
੮. ਜੋ ਆਲਮ ਹੈ ਤੇ ਆਮਿਲ ਭੀ, ਉਹ ਬੇਸ਼ਕ ਸਾਥੋਂ ਸੁਥਰਾ ਹੈ।
ਪਰ ਪੜ੍ਹ ਪੜ੍ਹਕੇ ਜੋ ਕੜ੍ਹਿਆ ਹੈ, ਉਹ ਅਨਪੜ੍ਹ ਤੋਂ ਵੀ ਕੁਥਰਾ ਹੈ।
੯. ਆਬਿ ਹਯਾਤ ਵਾਂਗ ਹੈ ਜਗ ਤੇ, ਮਿਹਨਤ ਕਿਰਤ ਕਮਾਈ।
'ਪੂਜਾ ਅਤੇ ਮੁਫਤ ਦੀ ਰੋਟੀ, ਜ਼ਹਿਰ ਹਲਾਹਲ ਭਾਈ।
੧੦. ਜੇ ਤੂੰ ਮੁਕਤੀ ਭੁਗਤੀ ਚਾਹੇਂ, ਉਠ ਕੇ ਦੌੜ ਦੌੜ ਹਾਂ ਦੌੜ।
ਜਿਹੜਾ ਕਰੇ ਸੁਸਤੀਆਂ ਉਸਦਾ; ਅੱਗਾ ਰੌੜ ਤੇ ਪਿੱਛਾ ਚੌੜ।
੧੧. ਇਸ਼ਕ ਕੀ ਹੈ ਅੱਗ ਹੈ, ਜੋ ਵਿਚ ਚੌਰਾਹੇ ਫੂਕਦੀ।
ਭਰਮ ਭੀ ਤੇ ਸ਼ਰਮ ਭੀ, ਤੇ ਕਰਮ ਭੀ ਤੇ ਧਰਮ ਭੀ।
੧੨. ਜ਼ਾਲਮ ਨਾਲ ਮੁਹੱਬਤ ਕਰਕੇ ਮਨ ਕਲਪਾਣਾ ਠੀਕ ਨਹੀਂ।
ਡਾਢੇ ਨਾਲ ਭਿਆਲੀ ਪਾ ਕੇ ਗਾਲਾਂ ਖਾਣਾ ਠੀਕ ਨਹੀਂ।
ਮੇਰਾ ਵੱਸ ਚੱਲੇ ਤਾਂ ਰੱਬ ਨੂੰ, ਇਕ ਵਾਰੀ ਤਾਂ ਆਖ ਦਿਆਂ।
'ਸੁੰਦਰ ਸ਼ਕਲਾਂ ਰਚਕੇ ਆਪੇ ਮੇਟੀ ਜਾਣਾ ਠੀਕ ਨਹੀਂ।
ਜੇ ਕੋਈ ਤੈਨੂੰ ਪ੍ਰੇਮ ਕਰੇ ਤਾਂ ਸ਼ੁਕਰ ਭੈੜਿਆ ਕਰਿਆ ਕਰ।
ਭਾਗਾਂ ਨਾਲ ਫ਼ਖ਼ਰ ਇਹ ਮਿਲਦਾ ਮੁਫ਼ਤ ਗੁਆਣਾ ਠੀਕ ਨਹੀਂ।

ਆਪ ਦੀ ਬੋਲੀ ਠੇਠ ਪੰਜਾਬੀ ਤੇ ਮੁਹਾਵਰੇ ਅਨੁਸਾਰ ਹੈ। ਸੁਥਰੇ ਵਾਂਗ ਗੱਲ ਗੱਲ ਵਿਚ ਜੀਵਨ ਸਬੰਧੀ ਉੱਚ ਸਿੱਖਿਆ ਦਿੱਤੀਆਂ ਹਨ।

ਸੋ ਪੰਜਾਬੀ ਸਾਹਿਤ ਸੰਸਾਰ ਅੰਦਰ ਆਪ ਹਾਸ ਰਸ ਦੇ ਇਕ ਮਹਾਨ ਕਵੀ ਮੰਨੇ ਜਾਂਦੇ ਸਨ।

——o——



Digitized by Panjab Digital Library | www.panjabdigilib.org

# ਪੰਜਾਬੀ ਸਭਾ

ਸੰਨ ੧੯੨੫ ਵਿਚ ਲਾਹੌਰ ਦੇ ਹਿੰਦੂ, ਮੁਸਲਮਾਨ ਤੇ ਸਿਖ ਪਤਵੰਤਿਆਂ ਨੇ ਪੰਜਾਬੀ ਦੇ ਪਰਚਾਰ ਲਈ 'ਪੰਜਾਬੀ ਸਭਾ' ਕਾਇਮ ਕੀਤੀ, ਪਰ ਇਹ ਸਭਾ ਬਹੁਤ ਕੰਮ ਨਾ ਕਰ ਸਕੀ। ਫੇਰ ਅੰਮ੍ਰਿਤਸਰ ਵਿਚ ਗਿਆਨੀ ਹੀਰਾ ਸਿੰਘ ਜੀ 'ਦਰਦ' ਐਡੀਟਰ ਫੁਲਵਾੜੀ ਦੇ ਮਕਾਨ ਤੇ ਇਕ ਇਕੱਤਰਤਾ ਹੋਈ, ਜਿਸ ਵਿਚ ਸੈਂਟਰਲ ਪੰਜਾਬੀ ਸਭਾ ਬਣਾਉਣ ਦਾ ਫੈਸਲਾ ਹੋਇਆ। ਇਸ ਦੇ ਪਰਧਾਨ ਲਾਲਾ ਧਨੀ ਰਾਮ ਜੀ ਚਾਤ੍ਰਕ, ਤੇ ਸਕੱਤਰ ਮੁਨਸ਼ੀ ਮੌਲਾ ਬਖਸ਼ ਜੀ ਕੁਸ਼ਤਾ ਚੁਣੇ ਗਏ। ਇਨ੍ਹਾਂ ਤੋਂ ਬਿਨਾਂ ਮੁਨਸ਼ੀ ਮੁਹੰਮਦ ਹੁਸੈਨ ਖੁਸ਼ਨੂਦ, ਡਾ: ਦੇਵੀ ਦਾਸ ਜੀ ਹਿੰਦੀ, ਸ: ਐਸ. ਐਸ. ਚਰਨ ਸਿੰਘ ਜੀ ਸ਼ਹੀਦ, ਲਾਲਾ ਖੁਸ਼ੀ ਰਾਮ ਜੀ ਦਿਲ, ਪ੍ਰੋ: ਤੇਜਾ ਸਿੰਘ ਜੀ ਆਦਿ ਸਜਨ ਵੀ ਇਸ ਵਿਚ ਸ਼ਾਮਲ ਸਨ। ਇਸ ਸਭਾ ਵਲੋਂ ਸੰਨ ੧੯੨੭ ਵਿਚ ਇਕ ਪੰਜਾਬੀ ਕਾਨਫਰੰਸ ਸੱਦੀ ਗਈ। ਇਹ ਕਾਨਫਰੰਸ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲੀ ਸੀ। ਇਸ ਦੇ ਕਾਰਜ ਸਾਧਕ ਕਮੇਟੀ ਦੇ ਮੈਂਬਰ ਹੇਠ ਲਿਖੇ ਅਨੁਸਾਰ ਸਨ:—

ਪਰਧਾਨ--ਔਨਰੇਬਲ ਕੇ. ਬੀ. ਚੌਧਰੀ ਸਰ ਸ਼ਹਾਬੁੱਦੀਨ।

ਚੇਅਰਮੈਨ--ਮਿ: ਕੁੰਦਨ ਲਾਲ ਭਾਟੀਆ, ਲੇਟ ਪ੍ਰਿੰਸੀਪਲ ਹਿੰਦੂ ਸਭਾ ਕਾਲਜ, ਅੰਮ੍ਰਿਤਸਰ।

ਜਨਰਲ ਸਕੱਤਰ--ਲਾ: ਧਨੀ ਰਾਮ ਜੀ ਚਾਤ੍ਰਿਕ।

ਇਸ ਤੋਂ ਮਗਰੋਂ ਥਾਂ ਥਾਂ ਕਵੀ ਦਰਬਾਰ ਹੋਣ ਲੱਗੇ ਤੇ ਪੰਜਾਬ ਦੇ ਵਖ ਵਖ ਸ਼ਹਿਰਾਂ ਵਿਚ ਸਥਾਨਕ ਪੰਜਾਬੀ ਸਭਾਵਾਂ ਬਣ ਗਈਆਂ ਜੋ ਇਸ ਕੇਂਦਰੀ ਪੰਜਾਬੀ ਸਭਾ ਨਾਲ ਸਬੰਧਤ ਸਨ। ਕੁਝ ਚਿਰ ਤਾਂ ਇਹ ਪੰਜਾਬੀ ਸਭਾ ਚੰਗਾ ਕੰਮ ਕਰਦੀ ਰਹੀ ਤੇ ੧੯੩੦ ਵਿਚ ਇਹ ਬਿਲਕੁਲ ਖਤਮ ਹੋ ਗਈ। ੧੯੩੧ ਵਿਚ ਪੰਜਾਬੀ ਸਭਾ ਦੀ ਮੁੜ ਨਵੇਂ



Digitized by Panjab Digital Library | www.panjabdigilib.org

ਸਿਰਿਓਂ ਚੋਣ ਕੀਤੀ ਗਈ ਤੇ ਇਸ ਦੀ ਕਾਰਜ ਸਾਧਕ ਕਮੇਟੀ ਦੇ ਹੇਠ ਲਿਖੇ ਪਤਵੰਤੇ ਮੈਂਬਰ ਚੁਣੇ ਗਏ -

ਪ੍ਰਧਾਨ--ਐਸ. ਐਸ. ਚਰਨ ਸਿੰਘ ਜੀ ਸ਼ਹੀਦ।

ਮੀਤ ਪ੍ਰਧਾਨ--ਆਈ. ਸੀ. ਨੰਦਾ ਤੇ ਮੌਲਾ ਬਖਸ਼ ਜੀ ਕੁਸ਼ਤਾ।

ਜਨਰਲ ਸਕੱਤਰ--ਲਾ: ਧਨੀ ਰਾਮ ਜੀ ਚਾਤ੍ਰਿਕ।

ਮੀਤ ਸਕੱਤ੍ਰ--੧. ਪ੍ਰੋ: ਵਿਦਿਆ ਸਾਗਰ ਜੀ, ੨. ਜੋਸ਼ੁਆ ਫ਼ਜ਼ਲ ਦੀਨ, ੩. ਸਰਦਾਰ ਚੰਨਣ ਸਿੰਘ ਜੀ ਜੇਠੂ ਵਾਲੀਆ।

ਇਸ ਨਵੀਂ ਪੰਜਾਬੀ ਸਭਾ ਨੇ ਲੋਕਾਂ ਦੇ ਦਿਲਾਂ ਅੰਦਰ ਪੰਜਾਬੀ ਦਾ ਪ੍ਰੇਮ ਤੇ ਮਾਤ ਭਾਖਾ ਦੀ ਉਨਤੀ ਦਾ ਉਤਸ਼ਾਹ ਪੈਦਾ ਕੀਤਾ। ਥਾਂ ਥਾਂ ਪੰਜਾਬੀ ਕਵੀ ਦਰਬਾਰ ਤੇ ਪੰਜਾਖੀ ਕਾਨਫਰੰਸਾਂ ਹੋਣ ਲੱਗੀਆਂ। ੧੯੩੨ ਵਿਚ ਸ਼ਿਮਲੇ ਅੰਦਰ ਇਕ ਮਹਾਨ ਸ਼ਹਿਨਸ਼ਾਹੀ ਕਵੀ ਦਰਬਾਰ ਹੋਇਆ। ੧੯੩੫ ਵਿਚ ਜਦੋਂ ਐਸ. ਐਸ. ਚਰਨ ਸਿੰਘ ਜੀ ਸ਼ਹੀਦ ਸ਼ਿਮਲੇ ਵਿਚ ਚਲਾਣਾ ਕਰ ਗਏ, ਪੰਜਾਬੀ ਪ੍ਰੇਮੀਆਂ ਦੇ ਦਿਲਾਂ ਅੰਦਰ ਬੜਾ ਸ਼ੋਕ ਪੈਦਾ ਹੋਇਆ। ਅਸਲ ਵਿਚ ਉਹਨਾਂ ਦੇ ਚਲਾਣੇ ਨਾਲ ਹੀ ਪੰਜਾਬੀ ਸਭਾ ਦਾ ਅੰਤ ਹੋ ਗਿਆ।

ਮੁਨਸ਼ੀ ਮੌਲਾ ਬਖਸ਼ ਜੀ ਕੁਸ਼ਤਾ ਨੇ ਆਪਣੀ ਪੁਸਤਕ 'ਪੰਜਾਬ ਦੇ ਹੀਰੇ' ਵਿਚ ਦਸਿਆ ਹੈ ਕਿ ਪੰਜਾਬੀ ਸਭਾ ਦੇ ਦੋ ਦੌਰ ਹੋਏ। ਪਹਿਲਾ ਦੌਰ ੧੯੨੬ ਤੋਂ ਸ਼ੁਰੂ ਹੋਇਆ। ਇਸ ਦੌਰ ਵਿਚ ਹੇਠ ਲਿਖੇ ਮਾਨਯੋਗ ਕਵੀਅ ਨੇ ਆਪਣੀਆਂ ਆਪਣੀਆਂ ਮਨੋਹਰ ਰਚਨਾਵਾਂ ਦਾ ਚਮਤਕਾਰ ਵਿਖਾਇਆ-

੧. ਲਾ: ਧਨੀ ਰਾਮ ਜੀ ਚਾਤ੍ਰਿਕ। ੨. ਗਿਆਨੀ ਹੀਰਾ ਸਿੰਘ ਜੀ ਦਰਦ ਐਡੀਟਰ ਫੁਲਵਾੜੀ। ੩. ਮੁਨਸ਼ੀ ਮੌਲਾ ਬਖਸ਼ ਜੀ ਕੁਸ਼ਤਾ। ੪ ਮੁਨਸ਼ੀ ਮੁਹੰਮਦ ਇਸਮਾਈਲ ਮੁਸ਼ਤਾਕ। ੫. ਹਾਜੀ ਮੁਹੰਮਦ ਹੁਸੈਨ ਖੁਸ਼ਨੂਦ। ੬. ਐਸ. ਐਸ. ਚਰਨ ਸਿੰਘ ਜੀ ਸ਼ਹੀਦ। ੭. ਉਸਤਾਦ ਗੁਲਾਮ ਮੁਹੰਮਦ ਗਾਮ। ੮. ਡਾ: ਦੇਵੀ ਦਾਸ ਜੀ ਹਿੰਦੀ। ੯. ਗਿਆਨੀ



Digitized by Panjab Digital Library | www.panjabdigilib.org

ਗੁਰਮੁਖ ਸਿੰਘ ਜੀ ਮੁਸਾਫ਼ਰ। ੧੦. ਉਸਤਾਦ ਮੁਹੰਮਦ ਰਮਜ਼ਾਨ ਹਮਦਮ। ੧੧. ਮੀਆਂ ਫ਼ੀਰੋਜ਼ਦੀਨ ਜੀ ਸ਼ਰਫ। ੧੨. ਲਾਲਾ ਕਿਰਪਾ ਸਾਗਰ ਜੀ। ੧੩. ਸਰਦਾਰ ਮੋਹਨ ਸਿੰਘ ਜੀ ਐਮ. ਏ. ਐਡੀਟਰ ਪੰਜ ਦਰਿਆ। ਪ੍ਰੋਫੈਸਰ ਵਿਦਿਆ ਸਾਗਰ ਜੀ। ੧੫. ਸ੍ਰ: ਵਿਧਾਤਾ ਸਿੰਘ ਜੀ ਤੀਰ। ੧੬. ਲਾਲਾ ਗਿਆਨ ਚੰਦ ਧਵਨ। ੧੭. ਪੰਡਤ ਮੁਨੀ ਲਾਲ ਜੀ ਪ੍ਰੇਮ। ੧੮. ਪੰਡਤ ਚੱਕਰਧਾਰੀ ਜੀ ਬੇਜ਼ਰ। ੧੯. ਲਾਲਾ ਸ਼ਾਮ ਦਾਸ ਜੀ ਆਜਜ਼। ੨੦. ਸਰਦਾਰ ਨਿਹਾਲ ਜੀ 'ਰਸ (ਪ੍ਰਿੰਸੀਪਲ) ੨੧. ਉਸਤਾਦ ਕਰਮ ਜੀ। ੨੨. ਸਰਦਾਰ ਮੁਨਸ਼ਾ ਸਿੰਘ ਜੀ ਦੁਖੀ ਕਲਕੱਤਾ। ੨੩. ਸਰਦਾਰ ਸੌਦਾਗਰ ਸਿੰਘ ਜੀ ਭਿਖਾਰੀ ਕਲਕੱਤਾ।

ਦੂਸਰੇ ਦੌਰ ਵਿਚ ਆਪ ਨੇ ਹੇਠ ਲਿਖੇ ਕਵੀਆਂ ਦਾ ਜ਼ਿਕਰ ਕੀਤਾ ਹੈ–

੧. ਲਾਲਾ ਸੁੰਦਰ ਦਾਸ ਜੀ ਆਸੀ। ੨. ਪੰਡਤ ਜਸਵੰਤ ਰਾਇ। ੩. ਸਰਦਾਰ ਅਵਤਾਰ ਸਿੰਘ ਜੀ ਆਜ਼ਾਦ। ੪. ਸਰਦਾਰ ਸੁਦਰਸ਼ਨ ਸਿੰਘ ਦਰਸ਼ਨ। ੫. ਪੰਡਤ ਕੰਸ ਰਾਜ ਜੀ ਗੌਹਰ। ੬. ਗਿਆਨੀ ਹਰਿੰਦਰ ਸਿੰਘ ਜੀ ਰੂਪ। ੭. ਗਿਆਨੀ ਗੁਰਬਚਨ ਸਿੰਘ ਜੀ ਰੋਜ਼। ੮. ਗਿਆਨੀ ਬਲਦੇਵ ਚੰਦਰ ਜੀ ਬੇਕਲ। ੯. ਗਿਆਨੀ ਹਾਕਮ ਸਿੰਘ ਜੀ ਰਤਨ ਜੋਤ। ੧੦. ਮੁਨਸ਼ੀ ਮੁਹੰਮਦ ਇਸਮਾਈਲ ਈਸਾ।

ਲਾਹੌਰ ਤੇ ਅੰਮ੍ਰਿਤਸਰ ਤੋਂ ਬਿਨਾਂ ਸਾਰੇ ਪੰਜਾਬ, ਦਿੱਲੀ ਤੇ ਹੋਰ ਅਨੇਕਾਂ ਥਾਵਾਂ ਤੇ ਬੜੇ ਬੜੇ ਕਵੀ ਪੈਦਾ ਹੋਏ ਜਿਨ੍ਹਾਂ ਦੀਆਂ ਮਨੋਹਰ ਕਵਿਤਾਵਾਂ ਨੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਅੰਦਰ ਪ੍ਰੇਮ ਝਰਨਾਟਾਂ ਛੇੜੀਆਂ। ਪਾਕਿਸਤਾਨ ਬਣਨ ਮਗਰੋਂ ਪੂਰਬੀ ਪੰਜਾਬ ਵਿਚ ਫੇਰ ਕਵੀ ਦਰਬਾਰਾਂ ਦਾ ਸਿਲਸਿਲਾ ਸ਼ੁਰੂ ਹੋਇਆ। ਸ੍ਰੀ ਅੰਮ੍ਰਿਤਸਰ ਜੀ ਵਿਚ ਪੰਜਾਬੀ ਪਰਚਾਰਨੀ ਸਭਾ ਕਾਇਮ ਹੋਈ, ਜਿਸ ਦੇ ਪਰਧਾਨ ਸ੍ਰਦਾਰ ਨਿਹਾਲ ਸਿੰਘ ਜੀ 'ਰਸ' ਪ੍ਰਿੰਸੀਪਲ ਪੰਜਾਬ ਗਿਆਨੀ ਕਾਲਜ ਅੰਮ੍ਰਿਤਸਰ ਤੇ ਸਕੱਤ੍ਰ ਗਿਆਨੀ ਲਾਲ ਸਿੰਘ ਜੀ ਨਿਰਮਲ ਫ਼ੀਰੋਜ਼



Digitized by Panjab Digital Library | www.panjabdigilib.org

ਰੀ ਹਨ। ਇਸ ਵੇਲੇ (੧੯੫੪) ਵਿਚ ਪੰਜਾਬੀ ਦੇ ਮਸ਼ਹੂਰ ਕਵੀ ਜੋ ਸਟੇਜਾਂ ਉਤੇ ਆਪਣੀਆਂ ਮਨੋਰੰਜਨ ਕਵਿਤਾਵਾਂ ਕਰ ਕੇ ਨਾਮਨਾ ਪ੍ਰਾਪਤ ਕਰ ਰਹੇ ਹਨ, ਹੇਠ ਲਿਖੇ ਸਜਣ ਹਨ:-

੧. ਕਰਤਾਰ ਸਿੰਘ ਬਲੱਗਣ ੨. ਸਰਦਾਰ ਵਿਧਾਤਾ ਸਿੰਘ ਜੀ ਤੀਰ, ੩. ਤੇਜਾ ਸਿੰਘ ਜੀ ਸਾਬਰ। ੪, ਗੁਰਦਿਤ ਸਿੰਘ ਜੀ ਕੁੰਦਨ। ੫. ਨੰਦ ਲਾਲ ਜੀ ਨੂਰ ਪੁਰੀ। ੬. ਕੰਸ ਰਾਜ ਜੀ ਗੋਹਰ। ੭. ਉਤਮ ਸਿੰਘ ਤੇਜ। ੮. ਬਲਵੰਤ ਸਿੰਘ ਕਮਲਾ। ੯. ਬਚਨ ਸਿੰਘ ਜੀ ਬਚਨ। ੧੦. ਹਜ਼ਾਰਾ ਸਿੰਘ ਗੁਰਦਾਸਪੁਰੀ ੧੧. ਰਾਮ ਨਾਰਾਇਣ ਸਿੰਘ ਜੀ 'ਦਰਦੀ', ੧੨. ਈਸ਼ਰ ਸਿੰਘ ਜੀ 'ਈਸ਼ਰ' ਆਦਿ।

ਏਹਨਾਂ ਤੋਂ ਬਿਨਾ ਹੇਠ ਲਿਖੇ ਮਹਾਨ ਕਵੀਆਂ ਦੀਆਂ ਰਚਨਾਵਾਂ ਪੰਜਾਬੀ ਰਸਾਲਿਆਂ ਦਾ ਸ਼ਿੰਗਾਰ ਬਣ ਰਹੀਆਂ ਹਨ। ਏਹਨਾਂ ਦੀਆਂ ਰਚਨਾਵਾਂ ਸਬੰਧੀ ਵਿਚਾਰ ਅਗੇ ਦਿਤੀ ਜਾਵੇਗੀ—

੧ ਬਾਵਾ ਬਲਵੰਤ ਜੀ। ੨. ਈਸ਼੍ਵਰ ਆਰਟਿਸਟ, ੩. ਬਲਵੰਤ ਗਾਗਰੀ। ੪. ਅੰਮ੍ਰਿਤਾ ਪ੍ਰੀਤਮ। ੫. ਮੋਹਨ ਸਿੰਘ ਐਮ. ਏ.। ੬. ਪ੍ਰੀਤਮ ਸਿੰਘ ਸਫ਼ੀਰ। ੭. ਕਰਤਾਰ ਸਿੰਘ ਦੁਗਲ। ੮. ਨਵਤੇਜ ਆਦਿ।

ਇਸ ਵੇਲੇ ਪੰਜਾਬੀ ਸਾਹਿਤ ਬੜੀ ਤੇਜ਼ੀ ਨਾਲ ਤਰੱਕੀ ਕਰਦਾ ਜਾ ਰਿਹਾ ਹੈ। ਬੜੀਆਂ ਬੜੀਆਂ ਮਨੋਹਰ ਕਹਾਣੀਆਂ, ਨਾਵਲ, ਨਾਟਕ, ਇਕਾਂਗੀ ਕੇ ਕਵਿਤਾ ਦੇ ਸੰਗ੍ਰਹਿ ਪ੍ਰਕਾਸ਼ਤ ਹੋ ਰਹੇ ਹਨ।

ਭਾਵੇਂ ਇਸ ਵੇਲੇ ਪੰਜਾਬੀ ਸਭਾ ਕਿਸੇ ਸ਼ਹਿਰ ਵਿਚ ਵੀ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਹੀ ਤਦ ਵੀ ਪੰਜਾਬੀ ਸਾਹਿਤਕਾਰ ਮਹਾਨ ਸਾਹਿਤ ਉਪਦਾ ਰਹੇ ਹਨ। ਪਟਿਆਲੇ ਵਿਚ 'ਸਹਿਕਮਾ ਪੰਜਾਬੀ' ਅਨੇਕਾਂ ਤਰ੍ਹਾਂ ਦੀਆਂ ਪੁਸਤਕਾਂ ਲਿਖਵਾ ਰਿਹਾ ਹੈ ਤੇ ਪਰਕਾਸ਼ਤ ਕਰ ਰਿਹਾ ਹੈ। ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਸਾਹਿਤ ਹੁਣ ਥੋੜੇ ਹੀ ਸਮੇਂ ਵਿਚ ਕਾਫ਼ੀ ਹੱਦ ਤਕ ਉਨਤ ਹੋ ਜਾਵੇਗਾ।



Digitized by Panjab Digital Library | www.panjabdigilib.org

# ਬਾਵਾ ਬਲਵੰਤ

ਬਾਵਾ ਬਲਵੰਤ ਪੰਜਾਬੀ ਦਾ ਇਕ ਅਲਬੇਲਾ ਕਵੀ ਹੈ। ਇਸ ਦਾ ਜਨਮ ਅਗਸਤ ੧੯੧੫ ਵਿਚ ਪਿੰਡ ਨੇਸ਼ਟਾ, ਸਟੇਸ਼ਨ ਅਟਾਰੀ ਸ਼ਾਮ ਸਿੰਘ, ਜ਼ਿਲਾ ਅੰਮ੍ਰਿਤਸਰ ਵਿਚ ਠਾਕਰ ਦੀਨਾ ਨਾਥ ਜੀ ਦੇ ਘਰ ਹੋਇਆ। ਬਚਪਨ ਵਿਚ ਪਿਤਾ ਜੀ ਦੇ ਚਲਾਣਾ ਕਰ ਜਾਣ ਕਰ ਕੇ ਇਹ ਕੁਝ ਵਿਦਿਆ ਪ੍ਰਾਪਤ ਨਾ ਕਰ ਸਕਿਆ। ਕੁਝ ਚਿਰ ਮਗਰੋਂ ਇਨ੍ਹਾਂ ਦਾ ਪਰਵਾਰ ਸ੍ਰੀ ਅੰਮ੍ਰਿਤਸਰ ਜੀ ਵਿਚ ਆ ਗਿਆ, ਇਹ ਆਪਣੀ ਮਿਹਨਤ ਮਜ਼ਦੂਰੀ ਵਿਚ ਲਗ ਗਿਆ, ਪਰ ਸੰਗਤ ਕੁਝ ਕਲਾਕਾਰਾਂ ਨਾਲ ਹੋਣ ਕਰਕੇ ਇਸ ਨੂੰ ਕਵਿਤਾ ਦਾ ਸ਼ੌਕ ਪੈਂਦਾ ਹੋਇਆ। ਵਿਦਿਆ ਭਾਵੇਂ ਬਿਲਕੁਲ ਨਾ ਹੋਇਆਂ ਦੇ ਬਰਾਬਰ ਹੀ ਸੀ ਪਰ ਗਿਆਨ ਮਹਾਂ ਵਿਸ਼ਾਲ ਹੋ ਗਿਆ। ਇਸ ਦੇ ਜੀਵਨ ਤੇ ਉਰਦੂ ਦੇ ਬਹੁਤ ਸਾਰੇ ਇਨਕਲਾਬੀ ਤੇ ਅਗਾਂਹ ਵਧੂ ਕਵੀਆਂ ਦੀਆਂ ਰਚਨਾਵਾਂ ਦਾ ਅਸਰ ਹੋਇਆ ਤੇ ਇਸ ਨੇ ਆਪਣੀ ਮਾਤ ਭਾਖਾ ਵਿਚ ਕਵਿਤਾ ਉਚਾਰਨੀ ਸ਼ੁਰੂ ਕੀਤੀ। ਸੰਨ ੧੯੪੧ ਵਿਚ ਇਸ ਦਾ ਪਹਿਲਾ ਕਾਵਿ ਸੰਗ੍ਰਹਿ 'ਮਹਾਂ ਨਾਚ' ਪ੍ਰਕਾਸ਼ਤ ਹੋਇਆ, ਜਿਸ ਦੀ ਭੂਮਕਾ ਤੇ ਚਿੱਤਰਕਾਰੀ ਭਾਰਤ ਦੇ ਮਸ਼ਹੂਰ ਕਲਾਕਾਰ ਤੇ ਚਿੱਤਰਕਾਰ ਚੁਗਤਾਈ' ਜੀ ਨੇ ਕੀਤੀ ਅਤੇ ਨਾਲ ਹੀ ਸਰਦਾਰ ਸੁਜਾਨ ਸਿੰਘ ਜੀ ਨੇ ਇਨ੍ਹਾਂ ਦੀ ਰਚਨਾਂ ਸਬੰਧੀ ਆਪਣੀ ਵਿਚਾਰ ਲਿਖੀ। ਇਹ ਪੁਸਤਕ ੧੯੫੧ ਤੱਕ ਐਫ. ਏ. ਦਾ ਕੋਰਸ ਲੱਗੀ ਰਹੀ ਹੈ।

ਸੰਨ ੧੯੪੨ ਵਿਚ ਇਸਦਾ ਦੂਸਰਾ ਕਾਵਿ ਸੰਗ੍ਰਹਿ 'ਅਮਰ ਗੀਤ' ਪ੍ਰਕਾਸ਼ਤ ਹੋਇਆ ਅਤੇ ੧੯੪੩ ਵਿਚ 'ਜਵਾਲਾ ਮੁਖੀ' ਨਾਂ ਦਾ ਕਾਵਿ ਸੰਗ੍ਰਹਿ ਪਾਠਕਾਂ ਦੇ ਹੱਥਾਂ ਵਿਚ ਆਇਆ। ਆਪਣੇ ਸੱਜਣਾਂ ਮਿਤਰਾਂ ਦੀ ਪਰੇਰਨਾ ਨਾਲ ਇਸ ਨੇ ਸੰਨ ੧੯੪੦ ਵਿਚ ਪੰਜਾਬ ਗਿਆਨੀ ਕਾਲਜ, ਅੰਮ੍ਰਿਤਸਰ ਤੋਂ ਗਿਆਨੀ ਦਾ



Digitized by Panjab Digital Library | www.panjabdigilib.org

ਇਮਤਿਹਾਨ ਪਾਸ ਕੀਤਾ। ਇਸਤਰ੍ਹਾਂ ਇਸ ਨੂੰ ਸਾਹਿਤ ਦਾ ਹੋਰ ਵਧੇਰੇ ਸ਼ੌਕ ਪੈਦਾ ਹੋਇਆ ਅਤੇ ਇਸ ਨੇ ਇਕ ਹੋਰ ਅਮਰ ਰਚਨਾ ਕੀਤੀ, ਜਿਸ ਦਾ ਨਾਂ 'ਬੰਦਰਗਾਹ' ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਪੰਜਾਬੀ ਸਾਹਿਤ ਅੰਦਰ ਬਿਲਕੁਲ ਨਵੀਆਂ ਤੇ ਨਿਰਾਲੀਆਂ ਕਹੀਆਂ ਜਾ ਸਕਦੀਆਂ ਹਨ। ਪੰਜਾਬ ਦੀ ਗੜ-ਬੜ ਕਰਕੇ ਇਹ ਪੁਸਤਕ ਛੇਤੀ ਪ੍ਰਕਾਸ਼ਤ ਨਾ ਹੋ ਸਕੀ ਤੇ ਸੰਨ ੧੯੫੧ ਦੇ ਚੜ੍ਹਦਿਆਂ ਹੀ ਇਸ ਪੁਸਤਕ ਦਾ ਪ੍ਰਕਾਸ਼ ਹੋਇਆ। ਇਸ ਤੋਂ ਬਿਨਾਂ ਇਸ ਕਵੀ ਨੇ ਹੋਰ ਅਨੇਕਾਂ ਵਿਸ਼ਿਆਂ ਤੇ ਬੜੀਆਂ ਮਨੋਰੰਜਕ ਤੇ ਅਗਾਂਹ ਵਧੂ ਖਿਆਲਾਂ ਦੀਆਂ ਕਵਿਤਾਵਾਂ ਲਿਖੀਆਂ ਹਨ, ਆਸ ਹੈ ਕਿ ਇਕ ਹੋਰ ਨਵਾਂ ਸੰਗ੍ਰਹਿ ਛੇਤੀ ਪਾਠਕਾਂ ਦੇ ਹੱਥਾਂ ਵਿਚ ਆ ਜਾਏਗਾ।

ਇਸ ਕਵੀ ਨੇ ਪੰਜਾਬੀ ਕਾਵਿ ਸੰਸਾਰ ਅੰਦਰ ਇੱਕ ਨਵਾਂ ਰੰਗ ਪੈਦਾ ਕੀਤਾ ਹੈ। ਪਰਤੀਤ ਹੁੰਦਾ ਹੈ ਕਿ ਇਸ ਉਤੇ ਉਰਦੂ ਕਵਿਤਾ ਦਾ ਬੜਾ ਅਸਰ ਹੈ, ਜਿਸ ਕਰ ਕੇ ਇਸ ਨੇ ਆਮ ਪੰਜਾਬੀ ਕਵੀਆਂ ਵਾਲੀਆਂ ਪੁਰਾਣੀਆਂ ਧਾਰਨਾਂ ਛਡ ਕੇ ਨਵੇਂ ਨਵੇਂ ਬਹਿਰ ਤੇ ਨਵੇਂ ਨਵੇਂ ਛੰਦ ਅਪਨਾਏ ਹਨ। ਜਿਸ ਵੇਲੇ ਕਦੀ ਇਹ ਆਪ ਆਪਣੀ ਰਚਨਾ ਝੂਮ ਝੂਮ ਕੇ ਪੜ੍ਹਦਾ ਹੈ ਤਾਂ ਸੁਣਨ ਵਾਲੇ ਅੱਸ਼ ਅੱਸ਼ ਕਰ ਉਠਦੇ ਹਨ। ਇਸ ਦੀ ਰਚਨਾਂ ਦਾ ਬਿਲਕੁਲ ਨਵਾਂ ਰੰਗ, ਨਵੇਂ ਵਿਸ਼ੇ, ਨਵੇਂ ਬਹਿਰ ਅਤੇ ਨਵਾਂ ਅੰਦਾਜ਼ ਹੈ। ਅਗਾਂਹ ਵਧੂ ਖਿਆਲ ਸਰੋਤਿਆਂ ਦੇ ਦਿਲਾਂ ਅੰਦਰ ਬਦੋ ਬਦੀ ਜੋਸ਼ ਤੇ ਉਤਸ਼ਾਹ ਪੈਦਾ ਕਰਦੇ ਹਨ। ਇਹ ਇਕ ਮਸਤ, ਰੰਗੀਲਾ ਤੇ ਬੇ-ਪ੍ਰਵਾਹ ਕਵੀ ਹੈ। ਗਰੀਬੀ ਵਿੱਚ ਵੀ ਆਤਮਕ ਨਾਚ ਦਾ ਰਸ ਮਾਣਦਾ ਹੈ, ਕਾਵਿ ਰੰਗ ਵਿਚ ਮਸਤ ਹੋਇਆ ਝੂਮਦਾ ਫਿਰਦਾ ਹੈ। ਇਸ ਨੂੰ ਸਾਰਾ ਸੰਸਾਰ ਨੱਚਦਾ ਪਰਤੀਤ ਹੁੰਦਾ ਹੈ। ਨਿੱਕੇ ਨਿੱਕੇ ਬੱਚੇ ਮਿੱਟੀ ਦੇ ਖਿਡਾਉਣੇ ਦੇਖ ਦੇਖ ਕੇ ਜਦੋਂ ਖੁਸ਼ ਹੁੰਦੇ ਹਨ, ਕਵੀ ਉਨ੍ਹਾਂ ਦੀ ਹਾਲਤ ਇਸ ਤਰ੍ਹਾਂ ਦਸਦਾ ਹੈ:--

ਇਕ ਦੂਸਰੇ ਨੂੰ ਦਸ ਦੱਸ, ਨੱਚਦੇ ਫਿਰਨ ਦੀਵਾਨੇ।
ਦਿਲ ਹੋ ਗਿਆ ਜੇ ਰਾਜ਼ੀ, ਦੁਨੀਆਂ ਦੇ ਕੀ ਖ਼ਜ਼ਾਨੇ।



Digitized by Panjab Digital Library | www.panjabdigilib.org

ਇਹ ਆਪਣੀ ਕਵਿਤਾ ਨਾਲ ਹੀ ਉਹ ਆਤਮਕ ਆਨੰਦ ਮਾਣਦਾ ਹੈ ਕਿ ਕਿਸੇ ਬਾਦਸ਼ਾਹ ਨੇ ਆਪਣੇ ਖਜ਼ਾਨੇ ਦੇਖ ਕੇ ਕੀ ਮਾਨਣਾ ਹੈ। ਇਹ ਵਜਦ ਵਿਚ ਆ ਕੇ ਤੱਤਾਂ ਦੀ ਕੈਦ ਵਿਚੋਂ ਨਿਕਲ ਕੇ ਨਾਚ ਦਾ ਰੂਪ ਹੋ ਜਾਣਾ ਚਾਹੁੰਦਾ ਹੈ। ਇਸ ਦੀ ਕਾਵਿ ਉਡਾਰੀ ਹੇਠ ਲਿਖੀਆਂ ਸਤਰਾਂ ਵਿਚੋਂ ਪਰਤੀਤ ਹੁੰਦੀ ਹੈ:--

ਹੇ ਅਸਲੇ ਵਿਸ਼ਵ ਕਲਾ ਦੇ,
ਤੱਤਾਂ ਦੀ ਅਲਖ ਮੁਕਾ ਦੇ,
ਮੈਨੂੰ ਵੀ ਨਾਚ ਬਣਾ ਦੇ।
ਜਾਂ ਮੈਂ ਸ਼ਿਵਜੀ ਹੋ ਜਾਵਾਂ,
ਨਾਚਾਂ ਵਿਚ ਉਮਰ ਬਿਤਾਵਾਂ।

ਆਪ ਰਾਤ ਵੇਲੇ ਅਕਾਸ਼ ਵਿਚ ਜਗਮਗਾਉਂਦੇ ਤਾਰੇ ਦੇਖ ਕੇ ਵੀ ਨੱਚ ਉਠਦੇ ਹਨ ਤੇ ਇਸਤਰ੍ਹਾਂ ਪਰਤੀਤ ਕਰਦੇ ਹਨ ਕਿ ਇਨ੍ਹਾਂ ਦੇ ਜੀਵਨ ਦਾ ਜ਼ੱਰਾ ਜ਼ੱਰਾ ਟਟਹਿਣੇ ਬਣਕੇ ਉਡਾਰੀਆਂ ਲਾ ਰਿਹਾ ਹੈ:--

ਚਮਕ ਰਹੀ ਹੈ ਅਪਾਰ ਜੋਤੀ ਇਹ ਮਾਇਆ ਨੀਲੋਫ਼ਰੀ 'ਚ ਕਿਸਦੀ,
ਇਹ ਕੌਣ ਮੇਰੇ ਉਪਬਨ ਦੇ ਜ਼ੱਰੇ, ਜੁਗਨੂੰ ਬਣਾ ਰਿਹਾ ਹੈ।

ਇਹ ਜਦੋਂ ਦੇਸ਼ ਭਗਤੀ ਦਾ ਖਿਆਲ ਕਰਦੇ ਹਨ ਕਿ ਦੁਨੀਆਂ ਦੇ ਸਾਰੇ ਦੇਸ ਖੁਦ ਗਰਜ਼ੀ ਵਿਚ ਆਏ ਹੋਏ, ਕਈ ਤਰ੍ਹਾਂ ਦੀਆਂ ਲੜਾਈਆਂ ਤੇ ਜੰਗ ਲੜਦੇ ਹਨ, ਇਨ੍ਹਾਂ ਦਾ ਕੋਮਲ ਹਿਰਦਾ ਤੜਪ ਉੱਠਦਾ ਹੈ। ਇਨ੍ਹਾਂ ਦਾ ਖਿਆਲ ਹੈ ਕਿ ਸਾਰਾ ਜਹਾਨ ਇੱਕ ਦੇਸ ਸਮਝਣਾ ਚਾਹੀਦਾ ਹੈ ਤੇ ਜੇ ਸਿਰਫ ਆਪਣੇ ਟੱਬਰ ਲਈ ਦੂਜਿਆਂ ਤੇ ਕਬਜ਼ਾ ਕਰਨ ਦਾ ਖਿਆਲ ਪੈਦਾ ਹੁੰਦਾ ਹੈ ਤਾਂ ਲੱਖ ਲਾਨ੍ਹਤ ਹੈ--

ਦੇਸ ਦੀ ਸੇਵਾ ਸਿਰਫ ਪੌੜੀ ਸੀ, ਮੰਜ਼ਲ ਤਾਂ ਨਹੀਂ।
ਇਹ ਮਨੁੱਖਤਾ ਦੀ ਕੋਈ, ਆਖਰੀ ਮਹਿਫਲ ਤਾਂ ਨਹੀਂ।
ਆਪਣੇ ਕੁਨਬੇ ਲਈ ਦੁਨੀਆਂ ਤੇ ਹੈ ਕਬਜ਼ਾ ਲ੍ਹਾਨਤ।
ਆਪਣੀ ਬੇੜੀ ਲਈ ਸਾਗਰ ਤੇ ਹੈ ਘੇਰਾ, ਤੋਬਾ।

ਗਾਈਆਂ ਤੇ ਮੱਝਾਂ ਦੀ ਮਾਸੂਮ ਜ਼ਿੰਦਗੀ ਦੇਖਕੇ ਇਸਤਰ੍ਹਾਂ ਕਹਿੰਦੇ ਹਨ:--



Digitized by Panjab Digital Library | www.panjabdigilib.org

ਚੱਲਦੇ ਫਿਰਦੇ ਸੋਮੇ ਅੰਦਰ, ਗੁੰਮ ਨੂਰਾਂ ਦੀਆਂ ਧਾਰਾਂ।
ਜਿਸ ਦੀ ਇਕ ਇਕ ਬੂੰਦ 'ਚ ਛਲਕਣ, ਮਾਤਾ ਰੂਪ ਬਹਾਰਾਂ।
ਆਪਣੇ ਆਪ ਤੇ ਲ੍ਹਾਨਤ ਪਾਵਾਂ, ਓ ਬੇਦਰਦ ਕਮੀਨਾ।
ਖਾ ਜਾਵੇਂ ਬੱਚਿਆਂ ਦੀ ਰੋਜ਼ੀ ਤੇ ਮਾਵਾਂ ਦਾ ਸੀਨਾ।

ਇਸ ਕਵੀ ਦਾ ਰੁਮਾਂਸ ਵੀ ਨਿਰਾਲਾ ਹੈ। ਅਕਾਸ਼ ਉਤੇ ਸ਼ਾਮ ਦੀ ਲਾਲੀ ਦੇਖ ਕੇ ਕਹਿੰਦਾ ਹੈ:–

ਪਈ ਸ਼ਾਮ ਲੁਟਾਏ ਲਾਲੀ
ਪੀ ਪਰੀਵਰਤਨ-ਮਦ-ਪਿਆਲੀ
ਕੁਦਰਤ ਦੀ ਅੱਖ ਸ਼ਰਾਬੀ
ਜ਼ਰਦਾਂ ਨੂੰ ਕਰੇ ਉਨਾਬੀ
ਅਰਸ਼ਾਂ ਦੀ ਪੀਂਘ ਬਣੀ ਹੈ।
ਉਪਬਨ ਦੀ ਡਾਲੀ ਡਾਲੀ।
ਪਈ ਸ਼ਾਮ ਲੁਟਾਏ ਲਾਲੀ।

ਇਸ ਦਾ ਕਵਿਤਾ ਬਾਬਤ ਖਿਆਲ ਹੈ ਕਿ ਕਵਿਤਾ ਕਵੀ ਦੀ ਆਤਮਾ ਦਾ ਰਾਗ ਹੈ ਦਿਮਾਗ ਦੀ ਕਾਢ ਨਹੀਂ। ਕਵੀ ਦੀ ਕਵਿਤਾ ਰਾਗ ਆਤਮਕ ਹੋਣੀ ਚਾਹੀਦੀ ਹੈ, ਐਵੇਂ ਰਾਗ ਤੋਂ ਬਿਨਾਂ ਬੇਤੁਕੀਆਂ ਤੁਕਾਂ ਕਵਿਤਾ ਨਹੀਂ ਹੋ ਸਕਦੀਆਂ:–

ਸ਼ਾਇਰ ਨਹੀਂ ਜੋ ਜੀਵੇ, ਦਿਲ ਨੂੰ ਦਿਮਾਗ ਕਰਕੇ।
ਸ਼ਾਇਰ ਨਹੀਂ ਜੋ ਖੋਲ੍ਹੇ ਮੂੰਹ ਨੂੰ ਬੇਰਾਗ ਕਰਕੇ।

ਸੁਜਾਨ ਸਿੰਘ ਜੀ ਲਿਖਦੇ ਹਨ, 'ਬਾਵਾ ਜੀ ਦੀ ਕਵਿਤਾ ਵਿਚ ਰਾਗ ਦੀ ਗੂੰਜ ਹੈ, ਛੰਦਾਂ ਦੀ ਬੰਦਸ਼ ਹੈ, ਪਰ ਇਸ ਦਾਇਰੇ ਦੇ ਅੰਦਰ ਅਸਮਾਨਾਂ ਤੋਂ ਉੱਚੀ ਤੇ ਪਤਾਲਾਂ ਤੋਂ ਡੂੰਘੀ ਖੁਲ੍ਹ ਹੈ। ਉਹਨਾਂ ਦੇ ਛੰਦਾਂ ਵਿਚ ਬਹੁ ਭਾਂਤਤਾ ਹੈ। ਕਈ ਵਾਰ ਜਜ਼ਬੇ ਦੇ ਪ੍ਰਵਾਹ ਦੀ ਬਦਲੀ ਨਾਲ ਉਨ੍ਹਾਂ ਨੂੰ ਇਕੋ ਕਵਿਤਾ ਵਿਚ ਛੰਦਕ ਚਾਲ ਬਦਲਣੀ ਪੈਂਦੀ ਹੈ ਤੇ ਕਈ ਵਾਰੀ ਬਾਕਾਇਦਗੀ ਦੇ ਅਕੇਵੇਂ ਤੋਂ ਛੁਡਾਉਣ ਲਈ ਤੁਕਾਂ ਦੀ ਚਾਲ ਵਿਚ ਕਿਤੇ ਕਿਤੇ ਫਰਕ ਪਾਉਣਾ ਪੈਂਦਾ ਹੈ।'



Digitized by Panjab Digital Library | www.panjabdigilib.org

# ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਇਕ ਹੋਣਹਾਰ ਕਾਵਿਤ੍ਰੀ ਹੈ। ਇਸ ਦਾ ਜਨਮ ੩੧ ਅਗਸਤ ਸੰਨ ੧੯੧੫ ਨੂੰ ਗਿਆਨੀ ਕਰਤਾਰ ਸਿੰਘ ਜੀ 'ਹਿਤਕਾਰੀ' ਲਾਹੌਰ ਵਾਲਿਆਂ ਦੇ ਘਰ ਹੋਇਆ। ਪਿਤਾ ਦੀ ਇਕਲੌਤੀ ਧੀ ਹੋਣ ਕਰਕੇ ਗਿਆਨੀ ਜੀ ਨੇ ਇਸ ਨੂੰ ਪੁੱਤਰਾਂ ਵਾਂਗ ਹੀ ਪਾਲਿਆ ਅਤੇ ਇਸ ਨੇ ਸੰਨ ੧੯੩੩ ਤੱਕ ਮਿਡਲ, ਵਿਦਵਾਨੀ ਤੇ ਗਿਆਨੀ ਦੀਆਂ ਪ੍ਰੀਖਿਆਵਾਂ ਪਾਸ ਕਰ ਲਈਆਂ। ਇਸ ਉਮਰ ਵਿਚ ਹੀ ਬੀਬੀ ਨੂੰ ਕਵਿਤਾ ਲਿਖਣ ਦੀ ਲਗਨ ਲਗ ਗਈ ਅਤੇ ਆਪਣੇ ਪਿਤਾ ਜੀ ਦੀ ਨਗਰਾਨੀ ਵਿਚ ਇਸ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ੧੯੩੫ ਵਿਚ ਇਸ ਦਾ ਪਹਿਲਾ ਕਾਵਿ ਸੰਗ੍ਰਹਿ 'ਅੰਮ੍ਰਿਤ ਲਹਿਰਾਂ' ਪ੍ਰਕਾਸ਼ਤ ਹੋਇਆ ਜਿਸ ਦੀ ਪਹਿਲੀ ਐਡੀਸ਼ਨ ਹਥੋ ਹੱਥ ਹੀ ਵਿਕ ਗਈ। ਇਹ ਪੁਸਤਕ ਬੁੱਧੀਮਾਨ ਪ੍ਰੀਖਿਆ ਦਾ ਕੋਰਸ ਵੀ ਲੱਗੀ ਰਹੀ ਹੈ।

ਆਪ ਦੀ ਸ਼ਾਦੀ ਲਾਹੌਰ ਦੇ ਇਕ ਪਤਵੰਤੇ ਘਰਾਣੇ ਵਿਚ ਹੋ ਗਈ। ਸ਼ਾਦੀ ਤੋਂ ਮਗਰੋਂ ਵੀ ਇਨ੍ਹਾਂ ਦੇ ਦਿਲ ਵਿਚ ਕਵਿਤਾ ਦੀ ਲਗਨ ਜਾਰੀ ਰਹੀ ਤੇ ਇਨ੍ਹਾਂ ਨੇ ਥੋੜੇ ਹੀ ਚਿਰ ਵਿਚ ਹੇਠ ਲਿਖੀਆਂ ਕਵਿਤਾ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ। ਇਨ੍ਹਾਂ ਪੁਸਤਕਾਂ ਕਰ ਕੇ ਆਪ ਦਾ ਨਾਂ ਪੰਜਾਬੀ ਸਾਹਿਤ ਸੰਸਾਰ ਅੰਦਰ ਬੜਾ ਮਸ਼ਹੂਰ ਹੋ ਗਿਆ। ਇਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਹੇਠ ਲਿਖੇ ਅਨੁਸਾਰ ਹਨ--

ਜੀਉਂਦਾ ਜੀਵਨ, ਤ੍ਰੇਲ ਧੋਤੇ ਫੁੱਲ, ਓ ਗੀਤਾਂ ਵਾਲਿਆ, ਬੱਦਲਾਂ ਦੇ ਪੱਲੇ ਵਿੱਚ, ਸੰਝ ਦੀ ਲਾਲੀ, ਚੋਣਵੀਂ ਕਵਿਤਾ, ਲੋਕ ਪੀੜ, ਪੱਥਰ ਗੀਟੇ, ਲੰਮੀਆਂ ਵਾਟਾਂ ਆਦਿ।

ਇਨ੍ਹਾਂ ਤੋਂ ਬਿਨਾਂ ਇਨ੍ਹਾਂ ਨੇ ਬੜੀਆਂ ਬੜੀਆਂ ਮਨੋਹਰ ਕਹਾਣੀਆਂ ਤੇ ਨਾਵਲ ਵੀ ਲਿਖੇ। ਇਨ੍ਹਾਂ ਦੇ ਕਈ ਕਹਾਣੀ ਸੰਗ੍ਰਹਿ ਤੇ



Digitized by Panjab Digital Library | www.panjabdigilib.org

ਤਿੰਨ ਨਾਵਲ ਛਪ ਚੁੱਕੇ ਹਨ। ਇਨ੍ਹਾਂ ਦੀਆਂ ਕਵਿਤਾਵਾਂ ਪ੍ਰੀਤ ਲੜੀ ਤੇ ਹੋਰ ਸਾਹਿਤਕ ਰਸਾਲਿਆਂ ਵਿਚ ਸਮੇਂ ਸਮੇਂ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ।

ਇਨ੍ਹਾਂ ਦੀ ਬੋੱਲੀ ਠੇਠ ਪੰਜਾਬੀ ਹੈ। ਇਸ ਤਰ੍ਹਾਂ ਪਰਤੀਤ ਹੁੰਦਾ ਹੈ ਕਿ ਇਨ੍ਹਾਂ ਦੀ ਰਚਨਾ ਉਤੇ ਸ: ਗੁਰਬਖਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ ਦਾ ਬੜਾ ਅਸਰ ਹੈ। 'ਲੰਮੀਆਂ ਵਾਟਾਂ' ਇਨ੍ਹਾਂ ਦਾ ਨਵਾਂ ਸੰਗ੍ਰਹਿ ਹੈ। ਇਨ੍ਹਾਂ ਦੇ ਬਹੁਤ ਸਾਰੇ ਗੀਤ ਅਤੇ ਕਵਿਤਾਵਾਂ ਰੇਡੀਓ ਸਟੇਸ਼ਨ ਤੇ ਵੀ ਗਾਈਆਂ ਜਾਂਦੀਆਂ ਹਨ। ਕਵਿਤਾ ਦਾ ਖਾਸ ਵਿਸ਼ਾ ਦੇਸ਼ ਪਿਆਰ, ਦੇਸ ਦੀ ਉਨਤੀ ਤੇ ਮਜ਼ਦੂਰਾਂ ਦੀ ਉੱਨਤੀ ਹੈ। ਸੰਨ ੧੯੪੭ ਵਿਚ ਹੋਏ ਪੰਜਾਬ ਦੇ ਘੱਲੂ ਘਾਰੇ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਨੇ ਲਿਖਿਆ ਹੈ—

### ਅੱਜ ਆਖਾਂ ਵਾਰਸ ਸ਼ਾਹ ਨੂੰ !

ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੋਂ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਤੇ ਦਰਦ ਮੰਦਾਂ ਦਿਆ ਦਰਦੀਆ ! ਉਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ।
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।
ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ।
ਗਿੱਠ ਗਿੱਠ ਚੜ੍ਹੀਆਂ ਲਾਲੀਆਂ, ਫੁਟ ਫੁਟ ਚੜ੍ਹਿਆ ਕਹਿਰ।
ਵਿਹੁ ਵਲਿੱਸੀ ਵਾ ਫਿਰੀ ਵਣ ਵਣ ਵੱਗੀ ਜਾ।
ਉਹਨੇ ਹਰ ਇਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।

... ... ... ... ... ... ... ... ... ... ... ... ... ...



Digitized by Panjab Digital Library | www.panjabdigilib.org

ਜਿੱਥੇ ਵਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗਵਾਚ।
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਹਦੀ ਜਾਚ।
ਧਰਤੀ ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅਜ ਵਿਚ ਮਿਜ਼ਾਰਾਂ ਰੋਣ।

ਆਪ ਦੀ ਕਵਿਤਾ ਦਾ ਅੰਦਾਜ਼ ਤੇ ਪ੍ਰਵਾਹ ਨਿਰਾਲਾ ਹੈ। ਇਹ ਦਿਮਾਗ਼ੀ ਖਿਆਲ ਨਹੀਂ ਦਿਲੀ ਜਜ਼ਬੇ ਫੁੱਟ ਫੁੱਟ ਕੇ ਨਿਕਲੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਦੀਆਂ ਪਿਆਰ ਭਿੰਨੀਆਂ ਕਵਿਤਾਵਾਂ ਦੀ ਰਮਜ਼ ਵੀ ਨਿਰਾਲੀ ਹੈ। 'ਤੇਰਾ ਮੇਰਾ ਪਿਆਰ' ਦੇ ਸਿਰ ਲੇਖ ਹੇਠ ਆਪ ਨੇ ਪਿਆਰ ਨੂੰ ਵੀ ਰੱਬ ਪ੍ਰਤੀਤ ਕੀਤਾ ਹੈ ਅਤੇ ਕਿਹਾ ਹੈ:–

ਓਸ ਅਰੂਪ ਰੱਬ ਦੀ ਹਸਤੀ
ਮੁੱਕਰੀਏ ਕਈ ਵਾਰ
ਪਰ ਕੋਈ ਰੂਪਵਾਨ ਇਸ ਰੱਬ ਤੋਂ
ਕਿਵੇਂ ਕਰੇ ਇਨਕਾਰ
ਅਜ ਤੇਰਾ ਮੇਰਾ ਪਿਆਰ

ਉਹ ਲੋਕ ਜਿਨ੍ਹਾਂ ਨੂੰ ਸਮਾਜ ਕਾਫ਼ਰ ਕਹਿੰਦਾ ਹੈ, ਉਸ ਨੂੰ ਸੰਬੋਧਨ ਕਰ ਕੇ ਇਸ ਤਰ੍ਹਾਂ ਕਿਹਾ ਹੈ:–

ਲਹੂ ਸਿੰਮੇ ਹੋਠਾਂ ਨੂੰ ਮੀਟ ਲੈ ਕਾਫਰ।
ਕੌਣ ਸੁਣੇਗਾ ਹਰਫ ਤੇਰੀ ਅਵਾਜ਼ ਦੇ।
ਕੰਨ ਰਤਾ ਬੋਲੇ ਨੇ ਸਮਾਜ ਦੇ,
ਵਹਿਸ਼ਤ ਦਾ ਸ਼ੋਰ ਤਾਂ ਸੁਣ ਸ਼ਕਦੇ ਨੇ ਇਹ।
ਪਰ ਸੁਣ ਨਹੀਂ ਸਕਦੇ ਕਦੇ,
ਮਿਠੇ ਤੇ ਮੱਧਮ ਤੌਰ ਸੱਚ ਦੀ ਤਾਰ ਦੇ।

ਇਹ ਸਮਾਜ ਦੇ ਵਿਰੁਧ ਬਗਾਵਤ ਹੈ। ਸਮਾਜ ਸੱਚ ਨਹੀਂ ਸੁਣ ਸਕਦਾ।

ਸੋ ਇਹ ਪੰਜਾਬੀ ਕਵਿਤ੍ਰੀ ਆਪਣੇ ਦਿਲੀ ਜਜ਼ਬਾਤਾਂ ਤੇ ਮੁਹੱਬਤ ਦੇ ਵਲਵਲੇ ਨਾਲ ਸਮਾਜ ਨੂੰ ਝੂਣ ਰਹੀ ਹੈ। ਬੋਲੀ ਸਾਫ਼ ਤੇ ਸਾਦੀ ਹੈ। ਖਿਆਲ ਉਡਾਰੀ ਸਾਧਾਰਣ ਤੇ ਸੰਕੋਚਵੀਂ ਹੈ।



Digitized by Panjab Digital Library | www.panjabdigilib.org

# ਪ੍ਰੀਤਮ ਸਿੰਘ ਸਫ਼ੀਰ

ਆਪ ਪੰਜਾਬੀ ਦੇ ਇਕ ਹੋਣਹਾਰ ਨੌਜਵਾਨ ਕਵੀ ਹਨ, ਜਦੋਂ ਅਜੇ ਆਪ ਕਾਲਜ ਵਿਚ ਪੜ੍ਹਦੇ ਹੀ ਸਨ ਓਦੋਂ ਤੋਂ ਹੀ ਆਪ ਨੂੰ ਕਵਿਤਾ ਦੀ ਲਗਨ ਸੀ। ਜਦੋਂ ਆਪ ਨੇ ਵਕਾਲਤ ਪਾਸ ਕੀਤੀ ਆਪ ਨੇ ਕਵਿਤਾ ਦੀਆਂ ਦੋ ਮਨੋਹਰ ਪੁਸਤਕਾਂ ਕਾਵਿ ਪ੍ਰੇਮੀਆਂ ਨੂੰ ਭੇਟ ਕੀਤੀਆਂ। ਐਡਵੋਕੇਟ ਬਣਨ ਮਗਰੋਂ ਫ਼ੇਰ ਆਪ ਨੇ ਇਕ ਹੋਰ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਵਾਇਆ ਤੇ ਪਾਕਿਸਤਾਨ ਬਨਣ ਮਗਰੋਂ ਆਪ ਦਾ ਚੌਥਾ ਕਾਵਿ ਸੰਗ੍ਰਹਿ ਛਪਿਆ। ਅਜ ਤਕ ਆਪ ਨਵੀਆਂ ਤੋਂ ਨਵੀਂਆਂ ਕਵਿਤਾਵਾਂ ਕਾਵਿ ਪ੍ਰੇਮੀਆਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਨ।

ਆਪ ਕਵਿਤਾ ਲਿਖਣ ਸਮੇਂ ਛੰਦਾ ਬੰਦੀ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ,ਸਗੋਂ ਕਿਸੇ ਕਿਸੇ ਵੇਲੇ ਜਦੋਂ ਕਵਿਤਾ ਦਾ ਆਵੇਸ਼ ਹੁੰਦਾ ਹੈ ਤਾਂ ਆਪ ਕਿਸੇ ਲਯ ਵਿਚ ਆਕੇ ਕਵਿਤਾ ਉਚਾਰਦੇ ਹਨ। ਆਪ ਦੀ ਹਰ ਕਵਿਤਾ ਚੋਂ ਰੋਮਾਂਸ ਦੀ ਝਲਕ ਮਿਲਦੀ ਹੈ। ਇਕ ਕਵਿਤਾ ਵਿਚ ਆਪਣੀ ਪ੍ਰੇਮ ਜੋਤੀ ਨੂੰ ਇਸਤਰ੍ਹਾਂ ਸੰਬੋਧਨ ਕਰਦੇ ਹਨ:-

ਸਾਕਾਰ ਹੋ ਗਈ ਤੂੰ ਤੇ ਜਾਣਿਆਂ ਮੈਂ ਉਹਨਾਂ,
ਲੱਖਾਂ ਚੋਂ ਕੋਈ ਸੁਪਨਾ ਸਚ ਮੁਚ ਹੀ ਜੀਅ ਪਿਆ ਹੈ।
ਨੀਵੀਂ ਤੂੰ ਕੀ ਪਾਈ ਮੈਨੂੰ ਇਹ ਹੋਸ਼ ਆਈ
ਉਹ ਤਾਂ ਰੰਗੀਨ ਸੁਪਨੇ ਮੇਰੇ ਹੀ ਸਨ ਬਣਾਏ,
ਸੁਹਣੇ ਦਿਮਾਗ ਅੰਦਰ,
ਨਫਰਤ ਦਾ ਵਲਵਲਾ ਹੀ ਭਖ ਭਖਾ ਕੇ ਛਾ ਗਿਆ।

ਇਸੇ ਤਰ੍ਹਾਂ ਆਪ ਆਪਣੀ ਪ੍ਰਿਤਮਾ ਦੀ ਤਸਵੀਰ ਦੇਖ ਕੇ ਕਹਿੰਦੇ ਹਨ:-

ਨਾ ਭਾਵ ਪਰਖ ਸਕਦੇ ਸੁੰਦਰੀ ਦੀ ਕਥਾ ਕੋਈ,
ਪ੍ਰਨਾਮ ਓਸ ਦੀ ਹੈ ਜਾਦੂ ਕਲਾ ਨੂੰ ਹਰ ਦਮ,



Digitized by Panjab Digital Library | www.panjabdigilib.org

ਉਹ ਇਸ਼ਕ ਬਣ ਗਈ ਹੈ, ਉਹ ਇਸ਼ਟ ਬਣ ਗਈ ਹੈ,
ਹੈ ਬੇਜ਼ਬਾਨ ਭਾਵੇਂ ਤਸਵੀਰ ਕਿਸੇ ਦੀ।

ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਦੀ ਵੱਡੀ ਖ਼ੂਬੀ ਇਹ ਹੈ ਕਿ ਇਸ ਵਿਚ ਖਿਆਲ ਦੀ, ਵਿਸ਼ੇ ਦੀ, ਰੂਪ ਦੀ ਬਿਆਨ ਦੀ ਮੌਲਿਕਤਾ ਨਜ਼ਰ ਆਉਂਦੀ ਹੈ। ਇਸ ਉਤੇ ਕਿਸ ਵੀ ਕਵੀ ਦਾ ਅਸਰ ਨਹੀਂ। ਇਸ ਦੀ ਕਵਿਤਾ ਦੀ ਚਾਲ ਨਿਰਾਲੀ, ਬੋਲ ਵਿਚ ਗੰਭੀਰਤਾ ਤੇ ਖ਼ਿਆਲਾਂ ਵਿਚ ਉਡਾਰੀ ਬਹੁਤ ਹੈ। ਕਿਤੇ ਕਿਤੇ ਇਹ ਕਰਾਂਤੀ ਕਾਰੀ ਨਜ਼ਰ ਆਉਂਦਾ ਹੈ, ਇਸ ਦੀ ਕਵਿਤਾ ਵਿਚ ਰੁਮਾਂਸ ਬਹੁਤ ਹੈ। ਇਹ ਲਿਖਦਾ ਹੈ:—

ਹੈ ਮੌਤ ਓਸ ਤੋਂ ਘਾਬਰਦੀ, ਜੋ ਖ਼ੂਨ ਆਪਣਾ ਪੀਂਦਾ ਰਹੇ।
ਪਲਦਾ ਹੈ ਨਾਲ ਜੁਦਾਈ ਦੇ, ਕੁਝ ਇਸ਼ਕ ਦੀ ਐਸੀ ਜ਼ਾਤ ਹੈ ਨਾ।

ਇਹ ਕਵੀ ਇਕ ਸਰਮਾਇਆਦਾਰ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਹੈ:—

ਤੂੰ ਕੰਬ ਕੰਬ !
ਕ੍ਰਾਂਤੀ ਹੁੰਦੀ ਪਈ ਹੈ ਆਪਣੀ ਕਰਵਟ ਲਈ ਤਿਆਰ।

ਇਹ ਕਵੀ ਇਕ ਪੈਗੰਬਰਾਨਾ ਅੰਦਾਜ਼ ਵਿਚ ਅਮਨ ਬਾਬਤ ਕਹਿੰਦਾ ਹੈ -

ਜੁਗ ਅਮਨ ਦਾ ਕਦੇ ਨਾ ਹੋਣਾ
ਉਂਜ ਅਮਨ ਦੇ ਹੋ ਜਾਣ ਦਾ
ਵਹਿਮ ਰਹੇਗਾ ਜ਼ਰੂਰ।

ਇਹ ਕ੍ਰਾਂਤੀ ਲਈ ਸਮਾਜਕ ਜਥੇਬੰਦੀ ਇਕ ਜ਼ਰੂਰੀ ਚੀਜ਼ ਖਿਆਲ ਕਰਦਾ ਹੈ—

ਲੋਕ ਦਰਦ ਉਹ ਜਿਹੜਾ ਲੋਕਾਂ ਵਿਚ ਲੈ ਜਾਏ
ਖਤਮ ਹੋਣ ਤਕ ਜਿੰਦ ਆਪਣੀ ਪੈ ਜਾਏ
ਨਾਚ ਜਥੇਬੰਦ ਲੋਕ ਸਮਾਜ ਦਾ, ਸਿਰਜ ਦਏ ਸੱਜਰਾ ਜਹਾਨ।

ਸੋ ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਪ੍ਰੋ: ਪੂਰਨ ਸਿੰਘ ਜੀ ਵਾਂਗ ਬਿਲਕੁਲ ਨਿਰਾਲੇ ਢੰਗ ਦੀ ਹੈ। ਨਿਰੇ ਜਜ਼ਬੇ ਹੀ ਜਜ਼ਬੇ ਹਨ। ਸਰਲਤਾ ਤੇ ਲਯ ਵੀ ਪ੍ਰਤੀਤ ਹੁੰਦੀ ਹੈ ਪਰ ਇਹ ਕਵਿਤਾ ਕਿਸੇ ਛੰਦ ਰਚਨਾ ਵਿਚ ਨਹੀਂ।

Digitized by Panjab Digital Library | www.panjabdigilib.org

# ਵਿਧਾਤਾ ਸਿੰਘ ਤੀਰ

ਆਪ ਦਾ ਜਨਮ ਸੰਨ ੧੯੦੧ ਵਿਚ ਘਘਰੋਟ ਜ਼ਿਲਾ ਰਾਵਲ ਪਿੰਡੀ ਵਿੱਚ ਹੋਇਆ। ਆਪ ਭਾਵੇਂ ਬਹੁਤੇ ਪੜ੍ਹੇ ਹੋਏ ਨਹੀਂ ਤਦ ਵੀ ਮਹਾਨ ਵਿਦਵਾਨਾਂ ਵਿਚ ਗਿਣੇ ਜਾਂਦੇ ਹਨ। ਆਪ ਜੀ ਨੇ ਕਵਿਤਾ ਦੀਆਂ ਅਨੇਕਾਂ ਪੁਸਤਕਾਂ ਲਿਖੀਆਂ ਜੋ ਪੰਜਾਬੀ ਸਾਹਿਤ ਸੰਸਾਰ ਅੰਦਰ ਵੱਡਾ ਮਾਨ ਪ੍ਰਾਪਤ ਕਰ ਰਹੀਆਂ ਹਨ। ਆਪ ਜਿਸ ਕਵੀ ਦਰਬਾਰ ਵਿਚ ਚਲੇ ਜਾਂਦੇ ਹਨ, ਸਾਰੇ ਸ੍ਰੋਤਿਆਂ ਦੀਆਂ ਅੱਖਾਂ ਆਪ ਵੱਲ ਲੱਗ ਜਾਂਦੀਆਂ ਹਨ ਕੁਦਰਤ ਨੇ ਆਪ ਨੂੰ ਗਲਾ ਵੀ ਸੁਹਣਾ ਦਿੱਤਾ ਹੈ। ਆਪ ਨੇ ਲਗ ਪਗ ਹਰ ਵਿਸ਼ੇ ਉਤੇ ਅਤੇ ਹਰ ਛੰਦ ਵਿਚ ਕਵਿਤਾ ਉਚਾਰੀ ਹੈ। ਆਪ ਦਾ ਖਿਆਲ ਹੈ ਕਿ ਛੰਦ ਰਚਨਾ ਤੋਂ ਬਿਨਾਂ ਕਵਿਤਾ ਫਿੱਕੀ ਫਿੱਕੀ ਪ੍ਰਤੀਤ ਹੁੰਦੀ ਹੈ। ਆਪ ਦੀਆਂ ਮਸ਼ਹੂਰ ਕਾਵਿ ਰਚਨਾਵਾਂ ਵਿਚੋਂ ੧. ਅਣਿਆਲੇ ਤੀਰ, ੨. ਨਵੇਂ ਨਸ਼ਾਨੇ, ੩. ਕਾਲ ਕੂਕਾਂ, ੪ ਬੰਦਾ ਬਹਾਦਰ, ੫. ਨਲ ਦਮਜੰਤੀ; ੬. ਰੂਪ ਰਾਣੀ ਸਕੁੰਤਲਾ, ੭. ਧਰੂਹ ਭਗਤ, ੮. ਦਸਮੇਸ਼ ਦਰਸ਼ਨ ਆਦਿ ਬਹੁਤ ਪ੍ਰਸਿੱਧ ਹਨ। ਆਪ ਦੀ ਕਵਿਤਾ ਵਿਚ ਦੇਸ ਭਗਤੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਹੈ। ਜਿਸ ਵਿਸ਼ੇ ਤੇ ਵੀ ਆਪ ਨੇ ਕਵਿਤਾ ਲਿਖੀ ਹੈ ਉਸ ਨੂੰ ਕਮਾਲ ਤਕ ਪਹੁੰਚਾ ਦਿੱਤਾ ਹੈ। ਦਸਮੇਸ਼ ਦਰਸ਼ਨ ਪੜ੍ਹਕੇ ਆਪ ਨੂੰ ਇਕ ਬੀਰ ਰਸ ਦੇ ਕਵੀ, ਰੂਪ ਰਾਣੀ ਸਕੁੰਤਲਾ ਪੜ੍ਹਕੇ ਸ਼ੰਗਾਰ ਰਸ ਦੇ ਕਵੀ, ਕਾਲ ਕੂਕਾਂ ਪੜ੍ਹ ਕੇ ਸੱਚੇ ਦੇਸ਼ ਭਗਤ ਤੇ ਅਣਿਆਲੇ ਤੀਰ ਪੜ੍ਹ ਕੇ ਧਾਰਮਕ ਰੰਗ ਤੇ ਕਵੀ ਕਹਿਆ ਜਾ ਸਕਦਾ ਹੈ। ਸ੍ਰੀ ਮਾਨ ਡਾ: ਮੋਹਨ ਸਿੰਘ ਜੀ ਦੀਵਾਨਾ ਨੇ ਰੂਪ ਰਾਣੀ ਬਾਬਤ 'ਸਾਹਿਤ ਸਰੋਵਰ' ਵਿਚ ਇਸਤਰ੍ਹਾਂ ਲਿਖਿਆ ਹੈ—

"ਵਿਧਾਤਾ ਸਿੰਘ 'ਤੀਰ' ਨੂੰ ਜਮਾਂਦਰੂ ਚਾਅ ਜੀਵਨ ਦੀ ਚਾਟ ਸਾਲ ਵਿਚ ਪੜ੍ਹਾਨ ਲੈ ਗਿਆ ਤੇ ਸ੍ਰਮ ਨੇ, ਮਿਹਨਤ ਨੇ ਇਸ ਨੂੰ



Digitized by Panjab Digital Library | www.panjabdigilib.org

ਉਸਤਾਦ ਕਵਿੰਦਰ ਬਣਾ ਦਿਤਾ। ਹੱਥ ਵਿਚ ਦੇ ਦਿੱਤੇ ਤੀਰ, ਤੀਰਾਂ ਤੋਂ ਤਿੱਖੇ ਸ਼ਬਦ, ਵਿੰਨ੍ਹਵੇਂ ਭਾਉ ਤੇ ਚੀਰਵੀਂ ਨਜ਼ਰ।"

ਮਹਾਂ ਕਵੀਆਂ ਦਾ ਇਹੋ ਵਤੀਰਾ ਰਹਿਆ ਹੈ। ਅਮਰ ਕੀਰਤੀ ਨੂੰ ਚਾਹੁਣ ਵਾਲੇ, ਵਡੇਰੇ, ਮਹਾਨ, ਸਰਬੰਗੀ ਲਾਭ ਵਾਲੇ ਕੰਮ ਜੋਂਹਦੇ ਹਨ। ਨਹੀਂ, ਉਹ ਆਪਣੀ ਕੀਰਤੀ, ਅਮਰਤਾ ਨਹੀਂ ਚਾਹੁੰਦੇ, ਹੁਨਰ ਦੀ, ਸੱਚਿਆਂ ਭਰਪੂਰ ਵਿਸ਼ਿਆਂ ਦੀ, ਸੰਸਕ੍ਰਿਤੀ ਦੀ ਜਨਤਾ ਦੇ ਹਾਵ ਭਾਵ ਤੇ ਉਸ ਦੀਆਂ ਦਰਦ ਗੁੱਝੀਆਂ ਸੁੰਦਰ ਪਰਾਪਤੀਆਂ ਦੀ ਅਟੁਤਤਾ ਪਰਫੁੱਲਤਾ ਚਾਹੁੰਦੇ ਹਨ।"

ਸੋ ਸੱਚ ਮੁਚ ਹੀ ਵਿਧਾਤਾ ਸਿੰਘ ਜੀ ਤੀਰ ਇਸ ਕਾਲ ਦੇ ਇਕ ਮਹਾਂ ਕਵੀ ਕਹੇ ਜਾ ਸਕਦੇ ਹਨ, ਜਿਨ੍ਹਾਂ ਦੀਆਂ ਅਮਰ ਕਿਰਤਾਂ ਨੇ ਪੰਜਾਬੀ ਕਵਿਤਾ ਨੂੰ ਅਕਾਸ਼ ਤੱਕ ਪਹੁੰਚਾ ਦਿੱਤਾ ਹੈ। ਆਪ ਇਕ ਮਹਾਨ ਕਵੀ ਵਾਂਗ ਜੋ ਦੇਖਦੇ ਹਨ, ਅਨਭਵ ਕਰਦੇ ਹਨ ਤੇ ਆਪ ਦੀ ਅਨੁਭਵਤਾ ਕਵਿਤਾ ਬਣ ਕੇ ਪ੍ਰਗਟ ਹੁੰਦੀ ਹੈ। ਇਸ ਸਮੇਂ ਦੀ ਹਾਲਤ ਜੋ ਆਪ ਨੇ ਵੇਖੀ ਆਪ ਇਸਤਰ੍ਹਾਂ ਬਿਆਨ ਕਰਦੇ ਹਨ—

ਬਦੀ ਦੇ ਨਜ਼ਾਰੇ ਵਸਾਹ ਘਾਤੀ ਨੀਤਾਂ।
ਢਠੇ ਗੁਰਦਵਾਰੇ ਤੇ ਮੰਦਰ ਮਸੀਤਾਂ।
ਰੁਲੇ ਗ੍ਰੰਥਾਂ, ਵੇਦਾਂ, ਪੁਰਾਨਾਂ ਦੇ ਪੱਤਰੇ।
ਹਦੀਸਾਂ ਦੇ ਵਰਕੇ ਕੁਰਾਨਾਂ ਦੇ ਪੱਤਰੇ।
ਜੱਥੇ ਬੰਦ ਹੋ ਹੋ ਭਰਾਵਾਂ ਨੂੰ ਕੁਹਣਾ।
ਧੀਆਂ ਭੈਣਾ ਨਾਰਾਂ ਨੂੰ ਲੁਟਣਾ ਤੇ ਖੋਹਣਾ।
ਜਨੂੰਨਾਂ ਦਾ ਜਲਵਾ ਬੜਾ ਵੇਖਿਆ ਮੈਂ।
ਧਰਮ ਦਾ ਇਹ ਤੁਲਦਾ ਧੜਾ ਵੇਖਿਆ ਮੈਂ।

ਇਸੇ ਤਰ੍ਹਾਂ ਆਪ ਨੇ ਪਾਕਿਸਤਾਨ ਬਣਨ ਸਮੇਂ ਪੰਜਾਬ ਤੇ ਬੰਗਾਲ ਦਾ ਜੋ ਹਾਲ ਦੇਖਿਆ ਇਸਤਰ੍ਹਾਂ ਵਰਨਣ ਕੀਤਾ ਹੈ—

ਵੇਖੇ ਮੋਮਨ ਬੇ-ਕਫ਼ਨੇ, ਕਬਰੀਂ ਮਿਲਿਆ ਨ ਵਾਸ
ਹਿੰਦੂਆਂ ਸਿੱਖਾਂ ਦਾ ਖਾਧਾ, ਕਾਵਾਂ ਕੁੱਤਿਆਂ ਮਾਸ



Digitized by Panjab Digital Library | www.panjabdigilib.org

ਇੱਜ਼ਤਾਂ ਭੰਗ ਦੇ ਭਾ ਗਈਆਂ, ਤੁਲ ਗਏ ਸਸਤੇ ਭਾ ਮਾਸ
ਲੜ ਲੜ ਮਜ਼ੂਬਾਂ ਦੇ ਸਾਹਨਾਂ, ਕੀਤਾ ਆਪਣਾ ਈ ਨਾਸ
ਪੈ ਗਈ ਸ਼ਰਮਾਂ ਨੂੰ ਲੋਟੀ, ਥਾਂ ਥਾਂ ਲੁਟੀ ਗਈ ਰਾਸ
ਧਰਤੀ ਰੱਤੋ ਰੱਤ ਹੋ ਗਈ, ਪਿੱਟ ਪਿੱਟ ਨੀਲਾ ਅਕਾਸ਼

ਕਿਹਾ ਸੁਹਣਾ ਤੇ ਦਿਲ ਵਲੂੰਧਰਨ ਵਾਲਾ ਬਿਆਨ ਹੈ। ਕਵੀ ਸਮਾਜ ਤੇ ਸਮੇਂ ਦਾ ਪ੍ਰਤੀਨਿਧ ਹੁੰਦਾ ਹੈ। ਇਸ ਕਵੀ ਨੇ ਆਪਣੇ ਸਮੇਂ ਦੀ ਪ੍ਰਤੀਨਿਧਤਾ ਪੂਰੀ ਤਰ੍ਹਾਂ ਕੀਤੀ ਹੈ। ਰੂਪ ਰਾਣੀ ਸਕੁੰਤਲਾ ਪੜ੍ਹ ਕੇ ਕਵੀ ਦੀ ਕਾਵਿ ਉਡਾਰੀ ਦਾ ਕੁਛ ਕੁਛ ਪਤਾ ਲਗਦਾ ਹੈ ਕਿ ਇਸ ਕਵੀ ਵਿਚ ਕਿੰਨਾ ਕੁ ਰੁਮਾਂਸ ਹੈ। ਜਦੋਂ ਤਪਸਵੀ ਵਿਸਵਾ ਮਿੱਤਰ ਮੈਨਕਾ ਦਾ ਰੂਪ ਦੇਖ ਕੇ ਮੋਹਿਤ ਹੋ ਜਾਂਦਾ ਹੈ ਤਾਂ ਉਹ ਆਪਣੀ ਮਾਨਸਕ ਹਾਲਤ ਇਸ ਤਰ੍ਹਾਂ ਬਿਆਨ ਕਰਦਾ ਹੈ:-

ਅਚਨ ਚੇਤ ਜਾਂ ਰਿਸ਼ੀ ਨੂੰ ਹੋਸ਼ ਆਈ,
ਲੱਗਾ ਕਹਿਣ, 'ਨਿਘਾਰਿਆ ਗਿਆ ਹਾਂ ਮੈਂ।
ਛਲ ਰੂਪ ਇਸ ਹੱਡ ਤੇ ਚੰਮ ਉੱਤੋਂ,
ਭੋਲੇ ਭਾ ਕੀ ਵਾਰਿਆ ਗਿਆ ਹਾਂ ਮੈਂ।
ਤਪ ਤੇਜ ਤੇ ਰੰਗਲੇ ਤਖਤ ਉਤੋਂ,
ਧੋਖੇ ਨਾਲ ਉਤਾਰਿਆ ਗਿਆ ਹਾਂ ਮੈਂ।
ਵਿਸ਼ੇ ਵਾਸ਼ਨਾਂ ਦੇ ਨੀਵੇਂ ਥਾਂ ਹਾਇ,
ਚਾਲ ਨਾਲ ਖਲ੍ਹਾਰਿਆ ਗਿਆ ਹਾਂ ਮੈਂ।
ਮੇਰੀ ਮੱਤ ਨੂੰ ਹੋ ਗਿਆ ਕੀ ਰੱਬਾ,
ਤੇਰੇ ਦਿਲੋਂ ਵਿਸਾਰਿਆ ਗਿਆ ਹਾਂ ਮੈਂ।
ਸਾਂ ਸਦਾਉਂਦਾ ਬੜਾ ਬੁਧਵਾਨ ਚਾਤਰ,
ਤਾਂ ਵੀ ਚਾਲ ਵਿਚ ਚਾਰਿਆ ਗਿਆ ਹਾਂ ਮੈਂ।

ਰੂਪ ਰਾਣੀ ਸਕੁੰਤਲਾ ਦੀ ਸਖੀ ਪ੍ਰਿਅੰਬਦਾ ਉਸਦਾ ਹੁਸਨ ਦੇਖ ਕੇ ਸਕੁੰਤਲਾ ਨੂੰ ਕਹਿੰਦੀ ਹੈ:—



Digitized by Panjab Digital Library | www.panjabdigilib.org

ਇਕੋ ਦਿਲ ਦੋ ਥਾਂ ਤੋਂ ਬਾਹਰ ਆਇਆ,
ਮੈਂ ਤੇ ਕਹਾਂਗੀ ਇਹੋ ਐਲਾਨੀਆਂ ਨੀ।
ਤੇਰੀ ਹਿੱਕ ਅੰਦਰ ਤੇਰਾ ਦਿਲ ਨੱਚੇ,
ਨੱਚਣ ਹਿੱਕ ਤੇ ਨਾਚ ਜਵਾਨੀਆਂ ਨੀ।
ਅੰਦਰ ਕੁਤਕਤਾਰੀਆਂ ਹੁੰਦੀਆਂ ਜੋ,
ਮੈਥੋਂ ਮੂਲ ਨ ਜਾਨ ਬਿਆਨੀਆਂ ਨੀ।
ਠਾਠਾਂ ਮਾਰਦੇ ਨੇ ਤੇਰੇ ਜੋਬਨੇ ਜੋ,
ਮੈਂ ਤਾਂ ਇਹਨਾਂ ਦੀ ਸੁਖ ਮਨਾਨੀਆਂ ਨੀ।
ਕੋਈ ਛੈਲ ਜੇ ਇਹਨਾਂ ਨੂੰ ਅੱਜ ਵੇਖੇ,
ਉਹਨੂੰ ਦੇਣੀਆਂ ਪੈਣ ਕੁਰਬਾਨੀਆਂ ਨੀ।
ਕਿਤੇ ਇਹਨਾਂ ਤੇ ਪਏ ਨਾ ਅੱਖ ਮੈਲੀ,
ਰੋਜ਼ ਰੋਜ਼ ਮੈਂ ਤਦੇ ਲੁਕਾਨੀਆਂ ਨੀ।

ਇਹ ਜੋਬਨਾ ਦੀ ਵਡਿਆਈ ਅਜੇ ਤਕ ਕਿਸੇ ਹੋਰ ਕਵੀ ਦੀ ਕਲਮ ਨੇ ਇਸ ਤਰ੍ਹਾਂ ਨਹੀਂ ਕੀਤੀ, ਪੜ੍ਹਦਿਆਂ ਪੜ੍ਹਦਿਆਂ ਜੋਬਨ ਦੇ ਹੁਲਾਰੇ ਆਉਣ ਲਗਦੇ ਹਨ।

ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ, ਕਵਿਤਾ ਦਾ ਰੰਗ ਬਾਕੀ ਸਾਰਿਆਂ ਕਵੀਆਂ ਨਾਲੋਂ ਨਿਰਾਲਾ। ਉਪਮਾਵਾਂ ਨਵੀਆਂ ਤੇ ਢੁੱਕਵੀਆਂ, ਅਲੰਕਾਰ ਥਾਂ ਥਾਂ ਸਿਰ ਆਪ ਦੀ ਕਵਿਤਾ ਨੂੰ ਚਾਰ ਚੰਦ ਲਾਉਂਦੇ ਹਨ। ਇਸ ਤਰ੍ਹਾਂ ਪਰਤੀਤ ਹੁੰਦਾ ਹੈ ਕਿ 'ਤੀਰ' ਜੀ ਹਰ ਰੰਗ ਵਿਚ ਆਪਣੇ ਨਸ਼ਾਨੇ ਸੁਹਣੀ ਤਰ੍ਹਾਂ ਐਨ ਟੀਚੇ ਉਤੇ ਹੀ ਮਾਰਦੇ ਹਨ।

ਇਸ ਵੇਲੇ ਆਪ ਨਵੇਂ ਕਵੀਆਂ ਦੀ ਇਕ ਪਰਨਾਲੀ ਦੇ ਉਸਤਾਦ ਮੰਨੇ ਜਾਂਦੇ ਹਨ। ਇਸ ਉਮਰ ਵਿਚ ਵੀ ਆਪ ਅਜਿਹੀ ਕਵਿਤਾ ਲਿਖਦੇ ਹਨ ਜੋ ਸਰੋਤਿਆਂ ਨੂੰ ਜਵਾਨੀ ਦਾ ਹੁਲਾਰਾ ਦੇ ਜਾਂਦੀ ਹੈ।

—o—



Digitized by Panjab Digital Library | www.panjabdigilib.org

# ਫਿਰੋਜ਼ ਦੀਨ ਸ਼ਰਫ

ਬਾਬੂ ਫੀਰੋਜ਼ ਦੀਨ ਜੀ ਸ਼ਰਫ਼ ਲਾਹੌਰ ਦੇ ਵਸਨੀਕ ਹਨ ਤੇ ਉਸਤਾਦ ਹਮਦਮ ਦੇ ਸ਼ਾਗਿਰਦ ਹਨ। ਇਨ੍ਹਾਂ ਦਾ ਜਨਮ ਸੰਨ ੧੮੯੮ ਈਸਵੀ ਦੇ ਲਗ ਪਗ ਲਾਹੌਰ ਵਿਚ ਹੀ ਹੋਇਆ। ਭਾਵੇਂ ਇਹ ਬਹੁਤੇ ਪੜ੍ਹੇ ਹੋਏ ਨਹੀਂ ਹਨ, ਪਰ ਕਵਿਤਾ ਲਿਖਣ ਵਿਚ ਬਹਿਰ ਖੁਲ੍ਹਾ ਹੈ। ਸੰਨ ੧੯੨੬ ਤੋਂ ਲੈ ਕੇ ੧੯੩੫.ਤੱਕ ਪੰਜਾਬੀ ਕਾਵਿ ਮੰਡਲ ਵਿਚ ਤੇ ਆਮ ਕਵੀ ਦਰਬਾਰਾਂ ਵਿਚ ਜੋ ਨਾਮਨਾ ਆਪ ਨੇ ਪ੍ਰਾਪਤ ਕੀਤਾ ਸੀ, ਉਹ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਇਆ। ਆਪ ਥੋੜੇ ਹੀ ਸਮੇਂ ਵਿਚ ਆਪਣੇ ਉਸਤਾਦ ਸਾਹਬ ਕੋਲੋਂ ਵੀ ਅੱਗੇ ਲੰਘ ਗਏ। ਮਹਾਰਾਜਾ ਪਟਿਆਲਾ ਵਲੋਂ ਆਪ ਨੂੰ 'ਪੰਜਾਬੀ ਬੁਲਬੁਲ' ਦਾ ਉਪਨਾਮ ਦਿੱਤਾ ਗਿਆ। ਇਹ ਆਪਣੀ ਕਵਿਤਾ ਦੀ ਰਵਾਨੀ ਤੇ ਕਵਿਤਾ ਦੀ ਅਦਾਇਗੀ ਕਰਕੇ ਬੜੇ ਪ੍ਰਸਿੱਧ ਸਨ। ਇਨ੍ਹਾਂ ਨੇ ਸਿੱਖ ਧਰਮ, ਅਕਾਲੀ ਲਹਿਰ ਤੇ ਕਾਂਗਰਸ ਲਹਿਰ ਸਬੰਧੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਇਨ੍ਹਾਂ ਦੇ ਮਸ਼ਹੂਰ ਕਾਵਿ-ਸੰਗ੍ਰਹਿਆਂ ਵਿਚੋਂ, 'ਦੁੱਖਾਂ ਦੇ ਕੀਰਨੇ, ਲਾਲਾਂ ਦੀਆਂ ਲੜਕੀਆਂ, ਸੁਨਹਿਰੀ ਕਲੀਆਂ, ਨੂਰੀ ਦਰਸ਼ਨ, ਸ਼ਰਧਾ ਦੇ ਫੁੱਲ, ਸ਼੍ਰੋਮਣੀ ਸ਼ਹੀਦ, ਦੈਵੀ ਗੁਣ ਦਾਤਾਰ, ਇਸ਼ਕ ਦੀਆਂ ਛਮਕਾਂ, ਦਿਲ ਦੇ ਟੁਕੜੇ, ਦਿਲ ਦੀਆਂ ਟੀਸਾਂ, ਪ੍ਰੇਮ ਹੁਲਾਰੇ, ਸੀਹਰਫੀ ਮਜ਼ਦੂਰ, ਚੰਦ ਦੀਆਂ ਰਿਸ਼ਮਾਂ, ਲਾਡਲਾ ਪੁੱਤਰ ਆਦਿ ਅਤਿ ਦਰਜੇ ਦੀਆਂ ਮਸ਼ਹੂਰ ਹਨ।

ਆਪ ਦੀ ਕਵਿਤਾ ਦੀ ਬੋਲੀ ਠੇਠ ਪੰਜਾਬੀ ਹੈ। ਇਨ੍ਹਾਂ ਨੇ ਬਹੁਤੇ ਬੈਂਤ ਹੀ ਲਿਖੇ ਹਨ, ਪਰ ਬੈਂਤਾਂ ਤੋਂ ਬਿਨਾਂ ਇਹਨਾਂ ਹੋਰ ਛੰਦਾਂ ਵਿਚ ਵੀ ਆਪਣੇ ਖਿਆਲ ਪ੍ਰਗਟ ਕੀਤੇ ਹਨ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਬਾਬਤ ਇਹ ਖਿਆਲ ਪ੍ਰਗਟ ਕਰਦੇ ਹਨ:—



Digitized by Panjab Digital Library | www.panjabdigilib.org

ਬਿਜਲੀ ਬਣ ਕੇ ਰਣ ਵਿਚ ਲਿਸ਼ਕੀ, ਬੱਦਲ ਬਣ ਕੇ ਕੜਕੀ।
ਮਛੀ ਵਾਂਗੂੰ ਤੜਫ਼ੀ ਜਾ ਜਾ, ਇਹ ਲੜਾਕੀ ਲੜਕੀ।
ਰੜਕੀ ਅੱਖ ਵੈਰੀ ਦੀ ਖੱਬੀ ਨਾਲੇ ਛਾਤੀ ਧੜਕੀ।
ਤਿੱਖੀ ਧਾਰੋਂ ਆਬ ਪਿਲਾ ਕੇ ਮੱਠੀ ਕੀਤੀ ਭੜਕੀ।
ਵਾਲ ਜਿੰਨੀ ਨਾ ਰੜਕੀ ਕਿਧਰੇ, ਸਾਫ ਸਰੀਰੋਂ ਨਿਕਲੀ।
ਵਿਚੇ ਵਿਚ ਹੀ ਲਾ ਗਈ ਡੀਕਾਂ ਰਤ ਨਾ ਚੀਰੋਂ ਨਿਕਲੀ।

ਇਸ ਕਵੀ ਦੀ ਕਿਤਾਬ ਸੁਨਹਿਰੀ ਕਲੀਆਂ ਬੜੀ ਮਨੋਹਰ ਹੈ ਜੋ ਬੁਧੀਮਾਨ ਪ੍ਰੀਖਿਆ ਲਈ ਕੋਰਸ ਲੱਗੀ ਰਹੀ ਹੈ। ਇਸ ਵਿਚ ਪੰਜਾਬੀ, ਏਕਾ ਅਤੇ ਹੋਰ ਵਖ ਵਖ ਵਿਸ਼ਿਆਂ ਉਤੇ ਆਪ ਦੀਆਂ ਅਨੇਕ ਕਵਿਤਾਵਾਂ ਹਨ। ਲਾਲਾਂ ਦੇ ਹਾਰ ਵਿਚ ਆਪ ਦੀਆਂ ਸ਼ੰਗਾਰ ਰਸ ਪੂਰਤ ਕਵਿਤਾਵਾਂ ਹਨ। ਆਪ ਦੀ ਬੋਲਾਂ ਠੇਠ ਤੇ ਅਲੰਕ੍ਰਿਤ ਹੈ। ਖਿਆਲ ਅਛੋਹ ਹਨ ਅਤੇ ਇਸ ਨੇ ਨਵੀਆਂ ਨਵੀਆਂ ਤਸ਼ਬੀਹਾਂ ਦਿੱਤੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਤੀਰ' ਦੇ ਸਬੰਧ ਵਿਚ ਆਪ ਲਿਖਦੇ ਹਨ:–

ਨੀਲੇ ਘੋੜੇ ਵਾਲਿਆ 'ਅਨੰਦ ਪੁਰ ਦੇ ਪਾਂਧੀਆ ਵੇ!
ਕੋਠੇ ਤੇ ਖਲੋਤੜੀ ਨੂੰ ਮਾਰ ਗਿਓਂ ਹਾਇ ਤੀਰ।
ਚੈਨ ਕਦੀ ਆਂਵਦਾ ਨਹੀਂ ਭਾਂਵਦਾ ਨਹੀਂ ਕੁਝ ਮੈਨੂੰ,
ਬਾਂਕੇ ਨੈਨਾਂ ਵਾਲਿਆ ਤੂੰ ਕਿਹੋ ਜਹੇ ਚਲਾਏ ਤੀਰ।

ਕਿਹਾ ਸੋਹਣਾ ਰੋਮਾਂਸ ਹੈ। ਇਸ ਕਵੀ ਨੇ ਆਪਣੇ ਦੌਰ ਵਿਚ ਚੰਗਾ ਮਾਨ ਪ੍ਰਾਪਤ ਕੀਤਾ। ਖਾਸ ਕਰ ਕੇ ਅਕਾਲੀ ਲਹਿਰ ਦੇ ਸਮੇਂ ਆਪ ਦੀ ਗੁੱਡੀ ਬਹੁਤ ਚੜ੍ਹੀ। ਸਾਹਿਤਕ ਕਵੀ ਦਰਬਾਰਾਂ ਵਿਚ ਆਪ ਸਦਾ ਹੀ ਅੱਵਲ ਇਨਾਮ ਲੈਂਦੇ ਰਹੇ। ਆਪ ਦੀ ਕਵਿਤਾ ਵਿਚ ਉਡਾਰੀ ਬਹੁਤ ਹੈ। ਛੰਦ ਰਚਨਾ ਤੇ ਅਲੰਕਾਰਾਂ ਦੇ ਹੁਨਰ ਨੂੰ ਇਹਨਾਂ ਨੇ ਕਮਾਲ ਤਕ ਪੁਚਾਇਆ, ਅਨੇਕਾਂ ਤਰ੍ਹਾਂ ਦੀਆਂ ਵਨਗੀਆਂ ਵਿਚ ਆਪਣੀ ਕਲਾ ਦੇ ਚਮਤਕਾਰ ਦਿਖਾਏ।

— —



Digitized by Panjab Digital Library | www.panjabdigilib.org

# ਪ੍ਰੋ: ਮੋਹਨ ਸਿੰਘ ਐਮ. ਏ.

ਪ੍ਰੋ: ਮੋਹਨ ਸਿੰਘ ਦਾ ਜਨਮ ਪਿੰਡ ਧਮਿਆਲਾ ਜ਼ਿਲਾ ਰਾਵਲ ਪਿੰਡੀ ਵਿਚ ਸ੍ਰੀ ਮਾਨ ਡਾਕਟਰ ਜੋਧ ਸਿੰਘ ਜੀ ਸਬ ਅਸਿਸਟੈਂਟ ਸਰਜਨ ਦੇ ਘਰ ੨੦ ਅਕਤੂਬਰ ਸੰਨ ੧੯੦੫ ਵਿਚ ਹੋਇਆ। ਇਨ੍ਹਾਂ ਨੇ ਔਰੀਐਂਟਲ ਕਾਲਜ ਲਾਹੌਰ ਤੇ ਖਾਲਸਾ ਕਾਲਜ ਅਮ੍ਰਿਤਸਰ ਵਿਚ ਵਿਦਿਆ ਪ੍ਰਾਪਤ ਕੀਤੀ। ਫੇਰ ਕੁਝ ਸਮੇਂ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਰਹੇ, ਪਰ ੧੯੩੯ ਵਿਚ ਨੌਕਰੀ ਛੱਡਕੇ ਆਪ ਲਾਹੌਰ ਚਲੇ ਗਏ ਤੇ ਰਸਾਲਾ ਪੰਜ ਦਰਿਆ ਜਾਰੀ ਕੀਤਾ।

ਆਪ ਇਸ ਸਮੇਂ ਦੇ ਕਵੀ ਹਨ, ਜਿਨ੍ਹਾਂ ਨੇ ਅੰਗਰੇਜ਼ ਦੀ ਗੁਲਾਮੀ ਤੇ ਅਜ ਕਲ ਦਾ ਸਮਾਂ ਦੇਖਿਆ। ਜਗਤ ਵਰਤਾਰੇ ਦੀ ਹਾਲਤ ਵੇਖ ਕੇ ਆਪ ਲਿਖਦੇ ਹਨ:--

ਵੇਖ ਲਿਆ ਨੀ ਤੇਰਾ ਗਿਰਾਂ,
ਪਰਖ ਲਿਆ ਨੀ ਤੇਰਾ ਗਿਰਾਂ।
ਜਿਥੇ ਵੀਰ ਵੀਰਾਂ ਨੂੰ ਖਾਂਦੇ,
ਸਿਰੋਂ ਮਾਰ ਧੁਪੇ ਸੁਟ ਜਾਂਦੇ।
ਜਿੱਥੇ ਲਖ ਮਣਾ ਦਾ ਲੋਹਿਆ,
ਜ਼ੰਜੀਰਾਂ ਹਥ ਕੜੀਆਂ ਹੋਇਆ।
ਜਿਥੇ ਕੈਦ ਖਾਨਿਆਂ ਜੇਹਲਾਂ,
ਮੀਲਾਂ ਤੀਕ ਵਲਗਣਾਂ ਵਲੀਆਂ।
ਜਿੱਥੇ ਮਜ਼੍ਹਬ ਦੇ ਨਾਂ ਥੱਲੇ,
ਦਰਿਆ ਕਈ ਖ਼ੂਨ ਦੇ ਚੱਲੇ।
ਜਿਥੇ ਵਤਨ ਪ੍ਰਸਤੀ ਤਾਈਂ,
ਜੁਰਮ ਸਮਝਈ ਧੱਕੇ ਸ਼ਾਹੀ।
ਜਿਥੇ ਸ਼ਾਇਰ ਬੋਲ ਨ ਸੱਕਣ,



Digitized by Panjab Digital Library | www.panjabdigilib.org

ਮੈਂ ਨਹੀਂ ਰਹਿਣਾ ਐਸੀ ਥਾਂ,
ਛੱਡ ਦੇ ਸੋਨੇ ਲਦੀਏ ਪਹੀਏ।
ਛੱਡ ਦੇ ਛੱਡ ਦੇ ਮੇਰੀ ਬਾਂਹ।

ਕਵਿਤਾ ਵਿਚ ਕਹੀ ਸਾਦਗੀ ਤੇ ਰਵਾਨੀ ਹੈ। ਇਨ੍ਹਾਂ ਦੀ ਕਿਸੇ ਕਿਸੇ ਕਵਿਤਾ ਵਿਚ ਰੋਮਾਂਸ ਵੀ ਬੜਾ ਹੈ। "ਜੇ ਤੂੰ ਬਹਿ ਵੰਞੇ ਮੇਰੇ ਕੋਲ" ਵਾਲੀ ਕਵਿਤਾ ਵਿਚ ਇਨ੍ਹਾਂ ਨੇ ਆਪਣੀ ਪ੍ਰੀਤਮ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ ਹੈ:--

ਜੇ ਤੂੰ ਬਹਿ ਵੰਞੇ ਮੇਰੇ ਕੋਲ,
ਸੱਤ ਬਹਿਸ਼ਤਾਂ ਦੇਣ ਜੇ ਮੈਨੂੰ,
ਛੰਡ ਸੁਟਾਂ ਮੈਂ ਝੋਲ ?
ਏਦਾਂ ਬਹੀਂ ਮੇਰੇ ਕੋਲ ਪਿਆਰੇ,
ਤਕ ਤਕ ਤਾਰੇ ਵੀ ਕਰਨ ਇਸ਼ਾਰੇ,
ਕੌਣ ਇਹ ਕੋਲੋਂ ਕੋਲ ?

ਜਦੋਂ ਪ੍ਰੇਮ ਰੰਗ ਰੰਗੇ ਪ੍ਰੇਮੀ ਪਿਆਰ ਵਿਚ ਘੁਲੀਆਂ ਗੱਲਾਂ ਕਰਦੇ ਹੋਣ ਤਾਂ ਸਚ ਮੁੱਚ ਤਾਰੇ ਵੀ ਰਸ਼ਕ ਖਾਂਦੇ ਹਨ। ਉਹ ਕਿਉਂ ਨਾ ਪੁੱਛਣ ਕਿ ਗੂਹੜੀਆਂ ਗੱਲਾਂ ਕੌਣ ਕਰਦੇ ਹਨ?

ਇਨ੍ਹਾਂ ਦੀਆਂ ਕਈਆਂ ਕਵਿਤਾਵਾਂ ਵਿਚ ਐਨੀ ਸਰਲਤਾ ਤੇ ਲਯ ਹੈ, ਕਿ ਖਿਆਲ ਬਦੋ ਬਦੀ ਦਿਲ ਵਿਚ ਧਸਦੇ ਜਾਂਦੇ ਹਨ। 'ਨਾ ਵੰਞ ਢੋਲਾ' ਵਾਲੇ ਗੀਤ ਵਿਚ ਲਿਖਦੇ ਹਨ।—

ਨਾ ਵੰਞ ਢੋਲਾ ਚੰਨਣਾ
ਨਿਤ ਨਿਤ ਅਸਾਂ ਨ ਹਾਵੇ ਕੱਢਣੇ
ਨਿਤ ਨਿਤ ਤੂੰ ਨਹੀਂ ਮੰਨਣਾਂ

ਇਨ੍ਹਾਂ ਦੀਆਂ ਆਮ ਰਚਨਾਵਾਂ ਪੰਜ ਦਰਿਆ ਵਿਚ ਛਪਦੀਆਂ ਰਹਿੰਦੀਆਂ ਹਨ। ਇਨ੍ਹਾਂ ਦੀਆਂ ਮਨੋਹਰ ਰਚਨਾਵਾਂ ਦਾ ਕਾਵਿ ਸੰਗ੍ਰਹਿ



Digitized by Panjab Digital Library | www.panjabdigilib.org

'ਸਾਵੇ ਪੱਤਰ' ਕਈ ਐਡੀਸ਼ਨਾਂ ਵਿਚ ਪ੍ਰਕਾਸ਼ਤ ਹੋ ਚੁੱਕਾ ਹੈ। ਇਸ ਤੋਂ ਮਗਰੋਂ ਆਪ ਦੀ ਦੂਸਰੀ ਪੁਸਤਕ ਕਸੁੰਭੜਾ ਛਪੀ ਤੇ ਫੇਰ ਤੀਸਰੀ ਪੁਸਤਕ ਅਧਵਾਟੇ ਛਪੀ। ਇਸ ਤੋਂ ਮਗਰੋਂ ਇਹਨਾਂ ਤਿੰਨਾਂ ਪੁਸਤਕਾਂ ਵਿਚੋਂ ਚੋਣਵੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਛਪਿਆ ਜਿਸ ਦਾ ਨਾਂ 'ਤਿੰਨ ਪੜਾ' ਹੈ। ਇਸ ਤੋਂ ਬਿਨਾਂ ਇਨ੍ਹਾਂ ਨੇ (The Light of Asia) ਦਾ ਪੰਜਾਬੀ ਅਨੁਵਾਦ ਕਵਿਤਾ ਵਿਚ ਕੀਤਾ ਜਿਸ ਦਾ ਨਾਂ 'ਏਸ਼ੀਆ ਦਾ ਚਾਨਣ' ਹੈ! ਇਸ ਵੇਲੇ ਆਪ ਸ੍ਰੀ ਅੰਮ੍ਰਿਤਸਰ ਤੋਂ ਪੰਜ ਦਰਿਆ ਰਸਾਲਾ ਪ੍ਰਕਾਸ਼ਤ ਕਰ ਰਹੇ ਹਨ।

ਪ੍ਰਿੰ: ਗੁਰਬਚਨ ਸਿੰਘ ਜੀ ਤਾਲਬ ਲਿਖਦੇ ਹਨ, "ਉਸ ਦੇ ਕਾਵਿ ਵਿਚ ਸਰਬ ਵਿਆਪੀ ਪਰਧਾਨ ਅੰਗ ਵਾਸ਼ਨਾਵਾਦ ਹੈ। ਪ੍ਰੀਤ ਦਾ ਬਿਆਨ ਭਾਵੇਂ ਉਹ ਕਿਸੇ ਤਰ੍ਹਾਂ ਦਾ ਵੀ ਕਰ ਰਿਹਾ ਹੋਵੇ ਉਸ ਵਿਚੋਂ ਵਾਸ਼ਨਾ ਦੀ ਤੇਜ਼ ਮਹਿਕ ਛੁਪ ਨਹੀਂ ਸਕਦੀ, ਭਾਵੇਂ ਕੋਈ ਸੰਕੇਤ ਵਰਤੇ ਜਾਂ ਚਿੰਨ੍ਹ, ਭਾਵੇਂ ਅਲੰਕਾਰ ਜਾਂ ਆਦਰਸ਼ ਵਾਦ ਦੀ ਛੋਹ।" ਇਹ ਕਵੀ 'ਤਾਜ ਮਹੱਲ' ਦੇ ਉਤੇ ਫਿਰ ਰਹੀਆਂ ਨਜ਼ਰਾਂ ਦੀ ਉਪਮਾ ਵਿਚ ਇਸ ਤਰ੍ਹਾਂ ਲਿਖਦਾ ਹੈ:—

ਜਿੱਦਾਂ ਬਰਫ਼-ਦੁੱਧ-ਚੰਨ ਚਿੱਟੇ,
ਹਿੱਕ ਉਭਾਰਾਂ ਉਤੇ,
ਫਿਰਨ ਊਂਘਦੇ ਨਾਲ ਸਵਾਦਾਂ,
ਪੋਟੇ ਪਿਆਰ ਵਿਗੁੱਤੇ।

ਵਾਸ਼ਨਾ ਵਾਦ ਕਿਸ ਤਰ੍ਹਾਂ ਡੁਲ੍ਹ ਡੁਲ੍ਹ ਪੈਂਦਾ ਹੈ। ਹੁਣ ਇਹ ਕਵੀ ਅਗਾਂਹ ਵਧੂ ਖਿਆਲਾਂ ਦੀਆਂ ਕਵਿਤਾਵਾਂ ਪੇਸ਼ ਕਰ ਰਿਹਾ ਹੈ, ਪਰ ਇਨ੍ਹਾਂ ਕਵਿਤਾਵਾਂ ਵਿਚ ਉਹ ਕਾਵਿ-ਖ਼ੂਬੀ ਨਹੀਂ ਜਿਹੜੀ ਇਸ ਦੀਆਂ ਪਹਿਲੀਆਂ ਰਚਨਾਵਾਂ ਵਿਚ ਨਜ਼ਰ ਆਉਂਦੀ ਹੈ।

— —



Digitized by Panjab Digital Library | www.panjabdigilib.org

# ਜੋਸ਼ੋਆ ਫਜ਼ਲ ਦੀਨ ਜੀ

ਜੋਸ਼ੁਆ ਫ਼ਜਲ ਦੀਨ ਜੀ ਇਕ ਈਸਾਈ ਨੌਜਵਾਨ ਹਨ। ਜੋ ਕਵਿਤਾ ਵੀ ਲਿਖਦੇ ਹਨ ਤੇ ਵਾਰਤਕ ਵੀ। ਇਨ੍ਹਾਂ ਦਾ ਪੰਜਾਬੀ ਸਾਹਿਤ ਨਾਲ ਪਿਆਰ ਹੈ। ਪਹਿਲੇ ਇਹ ਲਾਇਲਪੁਰ ਵਿਚ ਵਕਾਲਤ ਕਰਦੇ ਸਨ ਅਤੇ ਫੇਰ ਆਪ ਮੁਗਲਪੁਰਾ ਲਾਹੌਰ ਵਿਚ ਆ ਵੱਸੇ। ਹਾਈ ਕੋਰਟ ਲਾਹੌਰ ਦੇ ਐਡਵੋਕੇਟ ਹੁੰਦਿਆਂ ਹੋਇਆਂ ਵੀ ਆਪ ਨੇ ਪੰਜਾਬੀ ਦਾ ਲੜ ਨਹੀਂ ਛੱਡਿਆ ਅਤੇ ਆਪਣੀ ਮਾਤ ਭਾਸ਼ਾ ਦੀ ਉਨਤੀ ਤੇ ਸੇਵਾ ਵਿਚ ਲੀਨ ਰਹੇ।

ਇਨ੍ਹਾਂ ਦੀ ਕਵਿਤਾ ਰਾਗ ਆਤਮਕ ਹੈ। ਬੜੇ ਬੜੇ ਸਾਦੇ ਤੇ ਸੁਹਣੇ ਸ਼ਬਦ ਵਰਤੇ ਹਨ। ਆਪ ਦੇ ਜੀਵਨ ਉਤੇ ਅੰਜ਼ੀਲ ਦਾ ਬੜਾ ਅਸਰ ਹੈ। ਇਸ ਲਈ ਆਪ ਬੜੇ ਸਿਦਕਵਾਨ ਤੇ ਈਸ਼ਵਰ ਦੇ ਡਰ ਵਾਲੇ ਹਨ। ਆਪ ਨੇ ਹਜ਼ਰਤ ਈਸਾ ਜੀ ਦਾ ਜੀਵਨ ਬੜੀ ਮਿੱਠੀ ਤੇ ਸਾਦੀ ਬੋਲੀ ਵਿਚ ਲਿਖਿਆ ਹੈ, ਆਪ ਲਿਖਦੇ ਹਨ --

ਪਾਪ ਅੰਦਰ ਜੇ ਫਸ ਕੇ ਡਿੱਗਾਂ ਇਕ ਵਾਰੀ
ਡਿੱਗਾ ਰਹਾਂ ਨਾ ਮਾਲਕਾ ਮੈਂ ਉਮਰਾ ਸਾਰੀ
ਫੜਕੇ ਫੇਰ ਖਲ੍ਹਾਰ ਦਈਂ ਪੈਰਾਂ ਤੇ ਮੈਨੂੰ
ਮੈਂ ਵੀ ਹਾਂ ਨਿਮਾਨੜਾ ਇਕ ਡਿੱਗਾ ਢੱਠਾ
ਪਾਪਾਂ ਮੈਨੂੰ ਮਾਰਕੇ ਚਾ ਕੀਤਾ ਘੱਟਾ
ਇਸ ਘੱਟੇ ਨੂੰ ਸਾਂਭ ਕੇ ਚਾ ਕਰੀਂ ਪਵਿਤਰ
ਘੱਟਿਓਂ ਹੀ ਸਾਂ ਥਾਪਿਆ ਨਿੱਤਰਹਾਂ ਨਘੱਟਾ
ਤੇਰੀ ਨਜ਼ਰ ਸਵੱਲੜੀ ਜਿਸ ਪਾਸੇ ਹੋਏ
ਪਾਸਾ ਉਹ ਤਰ ਜਾਂਉਂਦਾ ਵਿਚ ਖਲਕਤ ਸੋਹੇ

ਕਹੇ ਸੋਹਣੇ ਖਿਆਲ ਹਨ। ਸਰਲਤਾ ਤੇ ਸਾਦਗੀ ਆਪ ਦੀ ਰਚਨਾ ਵਿਚੋਂ ਡੁਲ੍ਹ ਡੁਲ੍ਹ ਪੈਂਦੇ ਹਨ।

---



Digitized by Panjab Digital Library | www.panjabdigilib.org

# ਲਾਲਾ ਕਿਰਪਾ ਸਾਗਰ ਜੀ

ਆਪ ਦਾ ਜਨਮ ਸੰਨ ੧੮੭੯ ਵਿਚ ਜ਼ਿਲਾ ਸਿਆਲਕੋਟ ਵਿਚ ਹੋਇਆ। ਆਪ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਗ੍ਰੈਜੂਏਟ ਸਨ ਤੇ ਫੇਰ ਪੰਜਾਬ ਯੂਨਵਰਸਿਟੀ ਵਿਚ ਵੀ ਕੰਮ ਕਰਦੇ ਰਹੇ। ਆਪ ਇਕ ਚੰਗੇ ਲਿਖਾਰੀ ਤੇ ਸੋਹਣੇ ਕਵੀ ਸਨ। ਆਪ ਨੇ ਸਰ-ਵਾਲਟਰ ਸਕੋਟ ਦੀ ਅਮਰ ਰਚਨਾ 'ਲੇਡੀ ਆਫ ਦੀ ਲੇਕ' ਤੋਂ ਪਰਭਾਵਤ ਹੋਕੇ ਇਕ ਅਤਿ ਸਵਾਦਲੀ ਕਾਵਿ ਰਚਨਾ 'ਲਖਸ਼ਮੀ ਦੇਵੀ' ਲਿਖੀ। ਇਹ ਪੁਸਤਕ ਪੰਜਾਬੀ ਸਾਹਿਤ ਵਿਚ ਇਕ ਖਾਸ ਮਹਾਨਤਾ ਰਖਦੀ ਹੈ ਤੇ ਕਈ ਵਾਰੀ ਬੁਧੀਮਾਨ ਤੇ ਮੈਟ੍ਰਿਕ ਦੀਆਂ ਪ੍ਰੀਖਿਆਵਾਂ ਲਈ ਕੋਰਸ ਵੀ ਰਹਿ ਚੁੱਕੀ ਹੈ। ਇਹ ਰਚਨਾ ਜਿੱਥੇ ਰੌਮਾਂਸ ਨਾਲ ਭਰਪੂਰ ਹੈ, ਓਥੇ ਇਸ ਵਿਚ ਕੁਦਰਤ ਦਾ ਬਿਆਨ ਵੀ ਬੜਾ ਸੁਹਣਾ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਦੇ ਕੁਝ ਝਲਕਾਰੇ ਬੜੀ ਸੁਹਣੀ ਤਰ੍ਹਾਂ ਪੇਸ਼ ਕੀਤੇ ਹਨ। ਜਦੋਂ ਲਖਸ਼ਮੀ ਦੇਵੀ ਇਕ ਬੇੜੀ ਵਿਚ ਬੈਠਕੇ ਦਰਿਆ ਤੋਂ ਪਾਰ ਆਉਂਦੀ ਹੈ ਤੇ ਚੱਪੂ ਲਾਕੇ ਬੇੜੀ ਚਲਾਉਂਦੀ ਹੈ, ਉਸ ਦੀ ਸ਼ਕਲ ਦੇਖਕੇ ਆਪ ਇਸ ਤਰ੍ਹਾਂ ਲਿਖਦੇ ਹਨ:—

ਜੋਬਨ ਡੁਲ੍ਹ ਡੁਲ੍ਹ ਪਏ ਪਿਆ ਬਿਨਾਂ ਜ਼ਨਾਨੇ ਪੇਚ
ਚੰਚਲਤਾ ਦੇਹ ਧਰੀ ਜਿਉਂ ਕਰਕੇ ਕੋਈ ਉਚੇਚ
ਬਿਜਲੀ ਦੇ ਲਸ਼ਕਾਰ ਜਿਉਂ ਧਰਿਆ ਰੂਪ ਅਪਾਰ
ਏਦਾਂ ਲੱਗੇ ਕੁੜੀ ਉਹ ਬਿਨ ਕੀਤੇ ਸ਼ਿੰਗਾਰ
ਕਾਰੀਗਰਾਂ ਸੁਚੱਜਿਆਂ ਮਰ ਮਰ ਪੱਥਰ ਚੀਰ
ਅਜ ਤਕ ਘੜੀ ਨ ਓਸ ਤੋਂ ਸੁੰਦਰ ਕੋਈ ਤਸਵੀਰ
ਸੁਣੀਏ ਜਿਵੇਂ ਅਪੱਛਰਾਂ ਨੰਦਨ ਬਨ ਵਿਚਕਾਰ
ਪਰੀ ਜਿਵੇਂ ਕੋਹਕਾਫ਼ ਤੋਂ ਆਈ ਮਾਰ ਉਡਾਰ
ਜਿਉਂ ਸ਼ਿਵਜੀ ਦੇ ਸਰਾਪ ਤੋਂ ਹੋ ਰਿਤੁ ਰਾਜੋਂ ਤੰਗ



Digitized by Panjab Digital Library | www.panjabdigilib.org

ਜੰਗਲ ਪਰਬਤ ਸਰਾਂ ਤੇ ਢੂੰਡੇ ਰਤੀ ਅਨੰਗ
ਮਾਨ ਸ੍ਰੋਵਰ ਵਿਚ ਜਿਉਂ ਮਧਰ ਬੀਨ ਛਬ ਸਾਜ
ਆਈ ਕਰਨ ਸੁਰਸਵਤੀ ਜਿਉਂ ਦੁਨੀਆਂ ਤੇ ਰਾਜ
ਤਰਦੀ ਬਹਿਕੇ ਹੰਸ ਤੇ ਇਉਂ ਅੱਖਾਂ ਭਰਮਾਨ
ਔਕੜ ਬਣੀ ਕਵੀਸ਼ਰਾਂ ਉਪਮਾ ਕਿਤੇ ਨ ਪਾਣ

ਪਹਾੜੀ ਅਲਾਕੇ ਦਾ ਕੁਦਰਤੀ ਨਜ਼ਾਰਾ ਬਿਆਨ ਕਰਨ ਵਿਚ ਵੀ ਇਸ ਨੇ ਕਮਾਲ ਕਰ ਛੱਡੀ ਹੈ। ਬਿਆਨ ਕੀ ਹੈ ਪਹਾੜ ਦੀ ਕਲਮੀ ਤਸਵੀਰ ਖਿੱਚ ਕੇ ਰੱਖ ਦਿੱਤੀ ਹੈ:—

ਈਸ਼ਵਰ ਦੌਲਤ ਸੁਹਜ ਦੀ ਉਸ ਥਾਂ ਬੜੀ ਖਲੇਰ।
ਨਕਸ਼ਾ ਬੱਧਾ ਸਰਗ ਦਾ ਜੀਕਰ ਚਾਰ ਚੁਫੇਰ।
ਕਿਧਰੇ ਨੋਕ ਪਹਾੜ ਦੀ ਲੱਗੀ ਨਾਲ ਅਸਮਾਨ।
ਬਣਿਆ ਕੋਈ ਚਬੂਤਰਾ ਕੋਈ ਮੁਨਾਰਾ ਆਨ।
ਕਿਧਰੇ ਕੰਧਾਂ ਦਿਸਦੀਆਂ ਕਿਧਰੇ ਬੁਰਜ ਉਚਾਨ।
ਮੰਦਰ ਉੱਤੇ ਕਲਸ ਜਿਉਂ ਧਰਿਆ ਕਿਸੇ ਸੁਜਾਨ।
ਕੁਦਰਤ ਵੱਲੋਂ ਕਿਲੇ ਇਹ ਬੈਠੇ ਝੰਡੇ ਤਾਨ।
ਵਿੱਥਾਂ ਵਿਚੋਂ ਛੱਡੀਆਂ ਰੁੱਖਾਂ ਲਗਰਾਂ ਆਨ।
ਪਲ ਪਲ ਨਾਲ ਹਵਾ ਦੇ ਝੂਲਣ ਹੁਜਕੇ ਖਾਨ।
ਰਾਜੇ ਵੇਖ ਬਣਾ ਉਹ ਦਿਲ ਵਿਚ ਪਏ ਸ਼ਰਮਾਨ।
ਜਿਹੜਾ ਸੋਹਜ ਜਹਾਨ ਦਾ, ਕੁਦਰਤ ਦਾ ਧਨ ਮਾਲ।
ਸਭ ਕੁਝ ਓਥੋਂ ਲਦਿਆ, ਬੜੇ ਅਡੰਬਰ ਨਾਲ।

ਕਿਹਾ ਸੁਹਣਾ ਬਿਆਨ ਹੈ। ਸਰਲਤਾ ਤੇ ਸਾਦਗੀ ਇਸੇ ਤਰ੍ਹਾਂ ਸਾਰੀ ਕਤਾਬ ਵਿਚ ਹੈ। ਕਈ ਥਾਈਂ ਬੜੀਆਂ ਸੁਹਣੀਆਂ ਸੁਹਣੀਆਂ ਤਸ਼ਬੀਹਾਂ ਤੇ ਅਲੰਕਾਰ ਵਰਤੇ ਹਨ।

ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨਾਟਕ, ਡੀਡੋ ਜਮਵਾਲ ਆਦਿਕ ਪੁਸਤਕਾਂ ਵੀ ਲਿਖੀਆਂ ਹਨ। ਆਪ ਦੀ ਬੋਲੀ ਅਤਿ ਦਰਜੇ ਦੀ ਠੇਠ ਤੇ ਮੁਹਾਵਰੇ ਅਨੁਸਾਰ ਹੈ।



Digitized by Panjab Digital Library | www.panjabdigilib.org

# ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲਾ

ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ, ਇਸ ਸਮੇਂ ਦੇ ਇਕ ਮਹਾਨ ਕਵੀ ਸਨ। ਆਪ ਪਿੰਡ ਕਲਾਸ ਵਾਲਾ, ਤਹਿਸੀਲ ਪਸਰੂਰ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ। ਸੰਤਾਲੀ ਸਿੱਖ ਪਲਟਨ ਵਿਚ ਗ੍ਰੰਥੀ ਸਨ। ਪੈਨਸ਼ਨ ਲੈਣ ਮਗਰੋਂ ਆਪ ਸ੍ਰੀ ਅੰਮ੍ਰਿਤਸਰ ਜੀ ਆ ਗਏ ਅਤੇ ਆਪਣੀ ਵਿਦਵਤਾ ਤੇ ਉੱਚ ਜੀਵਨ ਦੇ ਸਦਕੇ ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਮੁਕਰਰ ਹੋਏ। ਆਪ ਨੇ ਇਹ ਸੇਵਾ ਬੜੇ ਪ੍ਰੇਮ ਨਾਲ ਨਿਬਾਹੀ। ਇਸ ਤੋਂ ਪਿਛੋਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਵਿਚ ਸੂਰਜ ਪਰਕਾਸ਼, ਨਾਨਕ ਪਰਕਾਸ਼ ਤੇ ਦਸਮ ਗ੍ਰੰਥ ਜੀ ਦੀ ਕਥਾ ਕਰਦੇ ਰਹੇ, ਹਜ਼ਾਰਾਂ ਦੀ ਗਿਣਤੀ ਵਿਚ ਆਪ ਦੀ ਕਥਾ ਸੁਣਨ ਵਾਲੇ ਪ੍ਰੇਮੀ ਹਰ ਰੋਜ਼ ਦੀਵਾਨ ਵਿਚ ਦਰਸ਼ਨ ਦੇਂਦੇ ਸਨ।

ਆਪ ਨੇ ਸਾਰਾ ਸਿੱਖ ਇਤਿਹਾਸ ਬੈਂਤਾਂ ਵਿਚ ਲਿਖਿਆ ਹੈ। ਆਪ ਸਭ ਤੋਂ ਪਹਿਲੇ ਮਹਾਂ ਕਵੀ ਸਨ ਜਿਨ੍ਹਾਂ ਨੇ ਠੇਠ ਪੰਜਾਬੀ ਅਥਵਾ ਜਨਤਾ ਦੀ ਬੋਲੀ ਵਿੱਚ ਸਾਰਾ ਸਿੱਖ ਇਤਿਹਾਸ ਲਿਖਿਆ। ਆਪ ਦੀਆਂ ਮਹਾਨ ਰਚਨਾਵਾਂ ਪਿੰਡਾਂ ਵਿਚ ਰਹਿਣ ਵਾਲੇ ਅਤੇ ਫੌਜੀ ਨੌਜਵਾਨ ਬੜੇ ਪ੍ਰੇਮ ਤੇ ਸ਼ਰਧਾ ਨਾਲ ਪੜ੍ਹਦੇ ਹਨ। ਆਪ ਨੇ ਲਗ ਪਗ ਦੋ ਦਰਜਨ ਛੋਟੇ ਤੇ ਵੱਡੇ ਜੀਵਨ ਲਿਖੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਵੱਖ ਵੱਖ ਅਨੇਕਾਂ ਤਰ੍ਹਾਂ ਦੀ ਬਹੁ ਭਾਂਤਕ ਛੰਦਾ ਬੰਦੀ ਵਿਚ ਲਿਖਿਆ ਹੈ। ਕਵਿਤਾ ਬੜੀ ਸਾਦੀ ਤੇ ਅਲੰਕ੍ਰਿਤ ਹੈ। ਸਿੰਘਾਂ ਦੀ ਮੁਗਲਾਂ ਉਤੇ ਚੜ੍ਹਾਈ ਤੇ ਜ਼ੋਰਦਾਰ ਹੱਲੇ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ:—

ਧੂਹ ਲਈਆਂ ਤਲਵਾਰਾਂ ਘੇਰਾ ਬੰਨ੍ਹਿਆਂ
ਉਤੇ ਪਏ ਸ਼ਿਕਾਰਾਂ, ਸ਼ੇਰਾਂ ਵਾਂਗਰੇ



Digitized by Panjab Digital Library | www.panjabdigilib.org

ਪਾ ਦਿੱਤੀ ਥਰਥੱਲੀ ਸਿੰਘਾਂ ਫੌਜ ਨੂੰ
ਲਗੇ ਪਾਵਣ ਜੱਲੀ ਪੁੱਤ ਅਕਾਲ ਦੇ
ਆਰੀ ਫੜ ਤਰਖਾਣ ਡਹੇ ਕੱਟਣੇ,
ਛਾਂਗੇ ਮੁਸਲਮਾਨ ਰੁੱਖਾਂ ਵਾਂਗ ਜਾ,
ਅਗੇ ਹੋ ਸਰਦਾਰ ਲੜਾਵਨ ਫ਼ੌਜ ਨੂੰ,
ਚੰਗੇ ਹੋਏ ਹਥਿਆਰ ਨਾ ਕਸਰਾਂ ਛੱਡੀਆਂ।

ਕਹੀ ਰਵਾਨੀ ਹੈ। ਕਵਿਤਾ ਦਰਿਆ ਵਾਂਗ ਆਪੇ ਹੀ ਵਗੀ ਜਾਂਦੀ ਪਰਤੀਤ ਹੁੰਦੀ ਹੈ। ਨਾਦਰ ਸ਼ਾਹ ਦੁਰਾਨੀ ਤੇ ਮੁਹੰਮਦ ਸ਼ਾਹ ਦੀ ਫੌਜ ਦੀ ਲੜਾਈ ਦਾ ਨਕਸ਼ਾ ਕੋਰੜਾ ਛੰਦ ਵਿਚ ਇਸ ਤਰ੍ਹਾਂ ਖਿੱਚਿਆ ਹੈ.–

ਫੌਜਾਂ ਚੜ੍ਹ ਪਈਆਂ ਦੋਹੀਂ ਵੱਲੀਂ ਭਾਰੀਆਂ।
ਜੰਗ ਦੀਆਂ ਕਰ ਕੇ ਮਨੋ ਤਿਆਰੀਆਂ।
ਸ਼ਾਹ ਦੁਰਾਨੀ ਦਿੱਲੀ ਤਾਂਈ ਚਾਹੇ ਮਾਰਿਆ।
ਵੱਲ ਚਾ ਸਰੂੰਦ ਫੌਜ ਨੂੰ ਉਲਾਰਿਆ।
ਡੱਕਣੇ ਨੂੰ ਆਏ ਉਹ ਭੀ ਹੋਏ ਆਕਰੇ।
ਦੋਹਾਂ ਦੇ ਸਰੂੰਦ ਪਾਸ ਹੋਏ ਟਾਕਰੇ।

ਜਦੋਂ ਵਡੇ ਘਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸ਼ਹੀਦ ਹੋਏ ਤਾਂ ਉਸ ਸਮੇਂ ਦਾ ਨਕਸ਼ਾ ਇਸ ਤਰ੍ਹਾਂ ਖਿੱਚਦੇ ਹਨ:–

ਕਈ ਹਜ਼ਾਰਾਂ ਸਿੰਘ ਲੇਟੇ ਧਰਤ ਤੇ,
ਜੰਗ ਮਚਾ ਕੇ ਸਿੰਘ ਵਸੇ ਗੁਰਪੁਰੀ,
ਗਿਣਤੀ ਕੌਣ ਗਿਣਾਵੇ ਮੋਏ ਵੈਰੀਆਂ,
ਦਸ ਦਸ ਹੇਠ ਦਬਾਏ ਪਿਆ ਸਿੰਘ ਸੀ।

ਕਹੇ ਸੁਹਣੇ ਅਲੰਕਾਰ ਵਰਤੇ ਹਨ। ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਡਾਕਟਰ ਮੋਹਨ ਸਿੰਘ ਜੀ ਦੀਵਾਨਾ ਨੇ ਆਪ ਦੀ ਰਚਨਾ ਪੜ੍ਹ ਕੇ ਆਪ ਨੂੰ ਇਸ ਸਮੇਂ ਦੇ ਇਕ ਮਹਾਂ ਕਵੀ ਮੰਨਿਆ ਹੈ।



Digitized by Panjab Digital Library | www.panjabdigilib.org

# ਕਾਲੀ ਦਾਸ ਗੁਜਰਾਂ ਵਾਲੀਆ

"ਮਾਨ ਸਿੰਘ" ਉਰਫ਼ ਕਾਲੀ ਦਾਸ ਆਧੁਨਿਕ ਕਾਲ ਦਾ ਇਕ ਮਸ਼ਹੂਰ ਪੰਜਾਬੀ ਕਵੀ ਹੋਇਆ ਹੈ। ਇਸ ਦਾ ਅਕਾਲ ਚਲਾਣਾ ੬੨ ਸਾਲ ਦੀ ਉਮਰ ਵਿਚ ਸੰਨ ੧੯੩੯ ਈ: ਵਿਚ ਹੋਇਆ। ਜਿਸ ਤਰ੍ਹਾਂ ਅਹਿਮਦ ਯਾਰ ਤੇ ਕਾਦਰਯਾਰ ਆਪਣੀਆਂ ਰਚਨਾਵਾਂ ਕਰ ਕੇ ਪ੍ਰਸਿਧ ਹਨ ਇਸੇ ਤਰ੍ਹਾਂ ਇਸ ਕਵੀ ਨੇ ਵੀ ਕਈ ਦਰਜਨਾਂ ਕਿੱਸੇ ਲਿਖੇ। ਇਹ ਕਿੱਸੇ ਕੀ ਹਨ ਪੰਜਾਬੀ ਸਾਹਿਤ ਭੰਡਾਰ ਦਾ ਅਨਮੋਲ ਖਜ਼ਾਨਾ ਹਨ। ਡਾ: ਮੋਹਨ ਸਿੰਘ ਜੀ ਉਬਰਾਏ ਨੇ ਆਪ ਨੂੰ ਮਹਾਂ ਕਵੀ ਮੰਨਿਆ ਹੈ। ਇਸ ਨੇ ਰਾਮਾਇਣ ਬਹੁ ਰੂਪੀ ਛੰਦਾ ਬੰਦੀ ਤੇ ਅਲੰਕਾਰਾਂ ਵਿਚ ਲਿਖੀ ਹੈ! ਪੂਰਨ ਭਗਤ ਦਾ ਕਿੱਸਾ, ਕਾਦਰਯਾਰ ਦੇ ਕਿੱਸੇ ਨਾਲੋਂ ਕਿਤੇ ਵਡਾ ਤੇ ਕਵਿਤਾ ਦੇ ਲਿਹਾਜ਼ ਨਾਲ ਵੀ ਉੱਤਮ ਮੰਨਿਆ ਜਾ ਸਕਦਾ ਹੈ।

**ਇਸ** ਕਵੀ ਦੀ ਰਚਨਾ ਸਾਦੀ ਤੇ ਸਵਾਦਲੀ ਹੈ। ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਛੰਦ ਦੀ ਚਾਲ ਬੜੀ ਸੁਤੰਤਰ ਹੈ। ਜਦੋਂ ਸਰੂਪ ਨਖਾ ਸ੍ਰੀ ਰਾਮ ਚੰਦਰ ਜੀ ਦੀ ਸ਼ਕਲ ਦੇਖ ਕੇ ਮੋਹਿਤ ਹੋ ਜਾਂਦੀ ਹੈ, ਕਵੀ ਉਸ ਸਮੇਂ ਦੇ ਸਰੂਪ ਨਖਾ ਦੇ ਦਿਲੀ ਹਾਵ ਭਾਵ ਤੇ ਆਪਣੇ ਖਿਆਲ ਇਸ ਤਰ੍ਹਾਂ ਬਿਆਨ ਕਰਦਾ ਹੈ:--

ਮਨ ਵਿਚ ਮੂਰਖ ਸੋਚਣ ਲੱਗੀ ਕੀ ਤਦਬੀਰ ਬਣਾਵਾਂ,
ਮਾਇਆ ਪਾ ਕੇ ਮਨ ਇਹਨਾਂ ਦਾ ਡਾਢਾ ਹੀ ਭਰਮਾਵਾਂ,
ਮੋਹਤ ਹੋਣ ਇਹ ਮੇਰੇ ਉਤੇ ਸ਼ਕਲ ਵੇਖ ਕੇ ਮੇਰੀ,
ਕਾਲੀ ਦਾਸ ਗਈ ਹੋ ਅੰਨ੍ਹੀ ਝੁਲੀ ਕਾਮ ਅੰਧੇਰੀ।

ਕਬਿੱਤ--

ਪਾਪ ਦੀਆਂ ਜੜ੍ਹਾਂ ਜੋ ਹੰਡੋਲੇ ਵਾਂਗ ਫੈਲ ਜਾਣ,
ਪੁੱਟਦੀ ਅੰਧੇਰੀ ਪਿਛੋਂ ਇਕੋ ਵਾਂਗ ਗਰਕ ਦੇ।
ਨਦੀ ਦੇ ਕਿਨਾਰੇ ਰੁਖ ਰਹਿੰਦੇ ਨੇ ਦਿਹਾੜੇ ਚਾਰ,
ਕੁੱਤਿਆਂ ਦੇ ਵਾਂਗ ਪਿੱਛੋਂ ਕਾਮੀ ਲੋਕ ਘਰਕ ਦੇ।



Digitized by Panjab Digital Library | www.panjabdigilib.org

ਜਾਣ ਬੁੱਝ ਖਾਣ ਲਗੋਂ ਮਹੁਰੇ ਦਿਆਂ ਲੱਡੂਆਂ ਨੂੰ,
ਚੰਗੇ ਚੰਗੇ ਲਗਦੇ ਲਪੇਟੇ ਵਿਚ ਵਰਕ ਦੇ।
ਰੋਗੀਆਂ ਦੀ ਮੌਤ ਆਵੇ ਛੱਡਦੇ ਕੁਪੱਥ ਨਾਹੀ,
ਸੱਪਾਂ ਸੰਦੀ ਮੌਤ ਆਵੇ ਆਣ ਬਹਿਣ ਸ਼ਰਕ ਦੇ।
ਇਸਤਰੀ ਦੇ ਦਾਹੇਂ ਤੇ ਮਨੁੱਖ ਸੰਦੇ ਬਾਹੇਂ ਅੰਤ,
ਭੈੜੇ ਦਿਨ ਆਇਆਂ ਇਹ ਅਗੇਤਰੇ ਹੀ ਫਰਕ ਦੇ।
ਧਰਮ ਕੀਏ ਸੁਖ ਤੇ ਅਧਰਮ ਕੀਏ ਦੁਖ ਬਹੁਤ,
ਧਰਮ ਤੇ ਸੰਜੋਗ ਤੇ ਅਧਰਮ ਤੇ ਵਿਯੋਗ ਹੈ।
ਧਰਮ ਉਤੋਂ ਸ਼ਾਂਤੀ ਅਧਰਮ ਉਤੋਂ ਕਾਮ ਕਰੋਧ,
ਧਰਮ ਕੀਏ ਕੁਸ਼ੱਲਤਾ ਅਧਰਮ ਉਤੋਂ ਰੋਗ ਹੈ।

ਸੋ ਇਹ ਇਸ ਸਮੇਂ ਦਾ ਇਕ ਮਸ਼ਹੂਰ ਕਿੱਸਾ ਨਵੀਸ ਕਵੀ ਹੋਇਆ ਹੈ।

# ਇਕ ਕਾਲ ਦੇ ਹੋਰ ਮਸ਼ਹੂਰ ਕਵੀ

ਇਸ ਸਮੇਂ ਦੇ ਹੋਰ ਮਸ਼ਹੂਰ ਕਵੀ ਜਿਨ੍ਹਾਂ ਨੇ ਅਨੇਕਾਂ ਤਰ੍ਹਾਂ ਦੇ ਕਿੱਸੇ ਅਤੇ ਕਵਿਤਾ ਦੀਆਂ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਦੀ ਸੇਵਾ ਕੀਤੀ, ਪੰਜਾਬ ਦੇ ਲਗ ਪਗ ਹਰ ਹਿੱਸੇ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝਕੁ ਕਵੀਆਂ ਦੇ ਨਾਂ ਹੇਠਾਂ ਦਿੱਤੇ ਜਾਂਦੇ ਹਨ:--

ਇਹਨਾਂ ਤੋਂ ਬਿਨਾ ਹੇਠ ਲਿਖੇ ਕਵੀਆਂ ਨੇ ਵੀ ਉੱਚ ਪਾਏ ਦੀਆਂ ਕਵਿਤਾਵਾਂ ਤੇ ਕਿੱਸੇ ਲਿਖੇ ਹਨ, ਜੋ ਪੰਜਾਬੀ ਸਾਹਿਤ ਵਿਚ ਖਾਸ ਮਹਾਨਤਾ ਰਖਦੇ ਹਨ।

੧. ਸ੍ਰ: ਅਵਤਾਰ ਸਿੰਘ ਆਜ਼ਾਦ -ਆਪ ਦਾ ਜਨਮ ਪਿੰਡ ਘਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਸ੍ਰ: ਨੰਦ ਸਿੰਘ ਜੀ ਦੇ ਘਰ ੧੨ ਮਾਰਚ ੧੯੦੬ ਨੂੰ ਹੋਇਆ। ਆਪ ਨੇ ਜਦ ਤੋਂ ਹੋਸ਼ ਸੰਭਾਲੀ ਹੈ



Digitized by Panjab Digital Library | www.panjabdigilib.org

ਜਰਨੇਲਿਜ਼ਮ ਦਾ ਕੰਮ ਅਖਤਿਆਰ ਕੀਤਾ ਹੋਇਆ ਹੈ। ਜਿੱਥੇ ਆਪ ਮਸ਼ਹੂਰ ਵਾਰਤਕ ਲਿਖਾਰੀ ਹਨ, ਓਥੇ ਆਪ ਇਕ ਮੰਨੇ ਪ੍ਰਮੰਨੇ ਕਵੀ ਵੀ ਹਨ। ਆਪ ਦੀਆਂ ਕਾਵਿ ਰਚਨਾਵਾਂ ਵਿਚੋਂ ਕੈਦੀ ਬੀਰ, ਕੰਬਣੀਆਂ, ਸਵਾਂਤ ਬੂੰਦ, ਸਾਵਣ ਪੀਂਘਾਂ, ਵਿਸ਼ਵ ਵੇਦਨਾ, ਕਨਸੋਆਂ, ਸੋਨ ਸਵੇਰਾ, ਮਰਦ ਅਗੰਮੜਾ ਤੇ ਸੂਲ ਸੁਰਾਹੀ ਬਹੁਤ ਪ੍ਰਸਿੱਧ ਸਨ।

੨. ਗਿਆਨੀ ਹਰਿੰਦਰ ਸਿੰਘ ਰੂਪ ਆਪ ਸੁਰਗਵਾਸੀ ਸ੍ਰ: ਗੁਰਬਖਸ਼ ਸਿੰਘ ਜੀ ਗਿਆਨੀ ਬਾਰ ਐਟ-ਲਾਅ ਅੰਮ੍ਰਿਤਸਰ ਦੇ ਛੋਟੇ ਸਾਹਿਬਜ਼ਾਦੇ ਹਨ। ਆਪ ਨੂੰ ਕਵਿਤਾ ਲਿਖਣ ਦਾ ਬੜਾ ਸ਼ੌਕ ਹੈ। ਆਪ ਸਾਹਿਤ ਪ੍ਰੇਮੀਆਂ ਦੀ ਬੜੀ ਕਦਰ ਕਰਦੇ ਹਨ। ਇਨ੍ਹਾਂ ਦੀਆਂ ਪੁਸਤਕਾਂ 'ਪੰਜਾਬ ਦੀਆਂ ਵਾਰਾਂ' ਮਨੁੱਖ ਦੀ ਵਾਰ, ਆਦਿ ਬਹੁਤ ਪ੍ਰਸਿੱਧ ਹਨ। ਆਪ ਨੇ ਕੁਦਰਤ ਸਬੰਧੀ ਵੀ ਬਹੁਤ ਕੁਝ ਲਿਖਿਆ ਹੈ।

੩. ਪੰਡਤ ਕਿਰਪਾ ਰਾਮ ਜੀ ਵਕੀਲ, ੪. ਪੰਡਤ ਚੱਕਰਧਾਰੀ ਜੀ ਬੇਜ਼ਰ, ਸ੍ਰ: ਦਰਸ਼ਨ ਸਿੰਘ ਜੀ 'ਅਵਾਰਾ' ਕਰਤਾ 'ਬਗਾਵਤ' ਆਦਿ ਪ੍ਰੋ: ਬਲਦੇਵ ਸਿੰਘ ਜੀ ਐਮ: ਏ, ਸ੍ਰ: ਈਸ਼ਰ ਸਿੰਘ ਈਸ਼ਰ,ਅਤੇ ਕੰਸ ਰਾਜ ਜੀ ਗੌਹਰ ਆਦਿ ਕਵੀਆਂ ਨੇ ਵੀ ਕਵਿਤਾ ਦੀਆਂ ਕਈ ਇਕ ਪੁਸਤਕਾਂ ਲਿਖੀਆਂ ਹਨ।

. ਕਿਸ਼ਨ ਸਿੰਘ ਆਰਫ਼:--ਇਹ ਇਕ ਮਸ਼ਹੂਰ ਸੂਫ਼ੀ ਕਵੀ ਹੋਇਆ ਹੈ ਜਿਸ ਨੇ ਆਰਫਾਨਾ ਰੰਗ ਦੇ ਅਨੇਕਾਂ ਕਿੱਸੇ ਲਿਖੇ ਹਨ। ਇਸ ਦੀ 'ਹੀਰ' ਬੜੀ ਮਸ਼ਹੂਰ ਹੈ, ਪਰ ਸਾਰਾ ਕਿੱਸਾ ਆਰਫਾਨਾ ਹੈ।

੨. ਭਗਵਾਨ ਸਿੰਘ:-- ਭਗਵਾਨ ਸਿੰਘ ਵੀ ਇਕ ਮਸ਼ਹੂਰ ਕਿੱਸਾ ਨਵੀਸ ਕਵੀ ਹੋਇਆ ਹੈ, ਜਿਸ ਨੇ ਹੀਰ ਤੋਂ ਬਿਨਾਂ ਹੋਰ ਕਈ ਤਰ੍ਹਾਂ ਦੇ ਕਿੱਸੇ ਲਿਖੇ। ਇਸ ਦੀ ਹੀਰ ਕਬਿੱਤਾਂ ਵਿਚ ਹੈ।

੩. ਹਰਨਾਮ ਸਿੰਘ ਆਰਫ -ਇਹ ਇਕ ਆਰਫ ਕਵੀ ਹੈ ਜਿਸ ਨੇ ਆਤਮ ਗਿਆਨ ਤੇ ਜੀਵਨ ਸਬੰਧੀ ਕਈ ਤਰ੍ਹਾਂ ਦੇ



Digitized by Panjab Digital Library | www.panjabdigilib.org

ਕਿੱਸੇ ਲਿਖੇ।

੪. ਦੌਲਤ ਰਾਮ:- ਕਾਲੀਦਾਸ ਵਾਂਗ ਦੌਲਤ ਰਾਮਵੀ ਇਕ ਪ੍ਰਸਿਧ ਕਵੀ ਹੈ ਜਿਸ ਨੇ ਰਾਜਾ ਰਸਾਲੂ, ਪੂਰਨ ਭਗਤ ਤੇ ਹੋਰ ਕਈ ਤਰ੍ਹਾਂ ਦੇ ਕਿੱਸੇ ਲਿਖੇ ਹਨ।

੫. ਫਕੀਰ ਸਯਦ ਮੀਰ ਹੁਸੈਨ ਨੇ ਆਰਫ਼ਾਨਾਂ ਰੰਗ ਤੇ ਸੂਫੀ ਖਿਆਲਾਂ ਤੇ ਸੱਸੀ ਦਾ ਕਿੱਸਾ ਲਿੱਖਿਆ। ਇਸ ਤੋਂ ਬਿਨਾਂ ਇਸ ਨੇ ਹੋਰ ਵੀ ਇਸਲਾਮੀ ਰੰਗ ਦੀਆਂ ਪੰਜਾਬੀ ਰਚਨਾਵਾਂ ਕੀਤੀਆਂ।

੬. ਸਾਧੂ ਦਯਾ ਸਿੰਘ ਆਰਫ:—ਇਸ ਨੇ ਜ਼ਿੰਦਗੀ ਬਿਲਾਸ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਕਿੱਸੇ ਲਿਖੇ ਹਨ।

੭. ਫ਼ਜ਼ਲ ਸ਼ਾਹ—ਇਹ ਵੀ ਇਕ ਮਸ਼ਹੂਰ ਕਿੱਸਾ ਨਵੀਸ ਹੋਇਆ ਹੈ। ਇਸ ਦਾ ਜਨਮ ੧੨੪੬ ਹਿਜਰੀ ਵਿਚ ਹੋਇਆ। ਇਸ ਨੇ ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਤੇ ਹੀਰ ਦੇ ਕਿੱਸੇ ਲਿਖੇ।

੮. ਸੱਸੀ ਪੁੰਨੂੰ ਦਾ ਕਿੱਸਾ ਸਦਾ ਰਾਮ, ਹਰਨਾਮ ਸਿੰਘ ਤੇ ਮੌਲਵੀ ਗੁਲਾਮ ਰਸੂਲ ਆਦਿ ਨੇ ਵੀ ਵਖ ਵਖ ਧਾਰਨਾਂ ਤੇ ਖਿਆਲਾਂ ਅਨੁਸਾਰ ਲਿਖਿਆ।

੯. ਗੋਪਾਲ ਸਿੰਘ—ਰਹਿਣ ਵਾਲਾ ਡੇਰਾ ਬਾਬਾ ਨਾਨਕ, ਜ਼ਿਲਾ ਗੁਰਦਾਸਪੁਰ ਦਾ ਸੀ ਜਿਸ ਨੇ ਰਾਜਾ ਰਸਾਲੂ ਅਤੇ ਹੋਰ ਕਿੱਸੇ ਲਿਖੇ।

੧੦. ਸਾਈਂ ਮੌਲਾ ਸ਼ਾਹ—ਇਹ ਮਜੀਠੇ ਦਾ ਰਹਿਣ ਵਾਲ ਸੀ। ਇਸਨੇ ਹੀਰ, ਸੱਸੀ ਤੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿੱਖਿਆ।

ਉਪਰ ਲਿਖੇ ਕਿੱਸਾ ਨਵੀਸ ਕਵੀਆਂ ਤੋਂ ਬਿਨਾਂ ਹੋਰ ਵੀ ਅਨੇਕਾਂ ਕਵੀ ਇਸ ਸਮੇਂ ਵਿਚ ਆਪਣੀਆਂ ਰਚਨਾਵਾਂ ਕਰਕੇ ਮਾਨ ਪ੍ਰਾਪਤ ਕਰ ਰਹੇ ਹਨ।



Digitized by Panjab Digital Library | www.panjabdigilib.org

ਪੰਜਾਬੀ ਕਵਿਤਾ ਦੀਆਂ

# ਵੱਖ ਵੱਖ ਰੁਚੀਆਂ

## ਪੰਜਾਬੀ ਦੀ ਪੁਰਾਣੀ ਕਵਿਤਾ

ਪੰਜਾਬੀ ਕਵਿਤਾ ਦਾ ਆਰੰਭ ਬਾਬਾ ਫ਼ਰੀਦ ਸ਼ਕਰ ਗੰਜ ਦੀ ਰੂਹਾਨੀ ਰਚਨਾ ਤੋਂ ਹੀ ਮੰਨਿਆਂ ਜਾ ਸਕਦਾ ਹੈ। ਬਾਬਾ ਫ਼ਰੀਦ ਜੀ ਦੇ ਸਮੇਂ ਤੋਂ ਲੈ ਕੇ ਅੰਗ੍ਰੇਜ਼ੀ ਰਾਜ ਦੇ ਆਰੰਭ ਹੋਣ ਦੇ ਸਮੇਂ ਤਕ ਜਿੰਨੀ ਕਵਿਤਾ ਉਚਾਰੀ ਗਈ ਪੰਜਾਬੀ ਦੀ ਪੁਰਾਣੀ ਕਵਿਤਾ ਹੀ ਮੰਨੀ ਜਾ ਸਕਦੀ ਹੈ। ਵਿਚਾਰ ਦੀ ਨਜ਼ਰ ਨਾਲ ਵੇਖਣ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਦੀ ਪੁਰਾਣੀ ਕਵਿਤਾ ਵਿਚ ਵਖ ਵਖ ਤਰ੍ਹਾਂ ਦੇ ਛੰਦ ਅਤੇ ਕਵਿਤਾ ਦੇ ਭੇਦ ਮਿਲਦੇ ਹਨ। ਜਿਹਾ ਕਿ ਸੂਫੀ ਕਵੀਆਂ ਨੇ ਸਲੋਕ, ਸੀਹਰਫੀਆਂ, ਕਾਫ਼ੀਆਂ, ਗ਼ਜ਼ਲਾਂ, ਰੁਬਾਈਆਂ ਤੇ ਕੁਝ ਹੋਰ ਧਾਰਨਾ ਦੇ ਛੰਦ ਲਿਖੇ। ਬਾਰਾਂ ਮਾਹ, ਸਤਵਾਰੇ, ਅਠਵਾਰੇ, ਅਸ਼ਟਪਦੀਆਂ, ਘੋੜੀਆਂ, ਸਿਠਣੀਆਂ, ਚਉਬੋਲੇ, ਖ਼ਿਆਲ ਤੇ ਹੋਰ ਕਈ ਤਰ੍ਹਾਂ ਦੇ ਕਵਿਤਾ ਦੇ ਭੇਦ ਵੀ ਲਿਖੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਖ ਵਖ ਰਾਗਾਂ ਤੇ ਰਾਗਨੀਆਂ ਵਿਚ ਮਿਲਦੀ ਹੈ। ਵਾਰਾਂ ਤੇ ਬੈਂਤ ਵੀ ਲਿਖੇ ਗਏ ਤੇ ਕਈ ਤਰ੍ਹਾਂ ਦੇ ਛੰਦ ਪਿੰਗਲ ਦੇ ਨੇਮਾਂ ਅਨੁਸਾਰ ਰਚੇ ਗਏ।

ਵਿਸ਼ੇ ਦੇ ਲਿਹਾਜ਼ ਨਾਲ ਪੰਗਾਬੀ ਕਵਿਤਾ ਵਿਚ ਤਸੱਵਫ਼ ਅਥਵਾ ਸੂਫ਼ੀ ਗਿਆਨ, ਆਤਮਕ ਗਿਆਨ, ਧਰਮ ਦੇ ਵੱਖ ਵੱਖ ਅੰਗ, ਕਈ ਤਰ੍ਹਾਂ ਦੇ ਵਿਚਾਰ, ਭਾਈਚਾਰਕ ਤੇ ਸਮਾਜ ਸੁਧਾਰ ਦੀਆਂ ਕਵਿਤਾਵਾਂ ਅਤੇ ਅਨੇਕਾਂ ਤਰ੍ਹਾਂ ਦੇ ਕਿੱਸੇ ਵੀ ਲਿਖੇ ਗਏ। ਪੰਜਾਬੀ ਦੇ ਪੁਰਾਣੇ ਕਵੀਆਂ ਵਿੱਚ ਕੁਦਰਤ ਦੀ ਸੁੰਦਰਤਾ ਦਾ ਜ਼ਿਕਰ ਕਿਸੇ ਨੇ ਵੀ ਨਹੀਂ ਕੀਤਾ। ਦੇਸ ਪਿਆਰ ਦੀ ਰਚਨਾ ਵੀ ਬਹੁਤ ਘੱਟ ਮਿਲਦੀ ਹੈ। ਪੁਰਾਣੀ ਕਵਿਤਾ ਆਮ ਕਰਕੇ ਜਾਂ



Digitized by Panjab Digital Library | www.panjabdigilib.org

ਤੇ ਧਰਮ ਦੇ ਆਸੇ ਪਾਸੇ ਅਤੇ ਜਾਂ ਇਸ਼ਕ ਦੇ ਦਵਾਲੇ ਹੀ ਭੌਂਦੀ ਰਹੀ। ਜਿਹਾ ਕਿ ਜੋਗੀਆਂ, ਸੂਫੀਆਂ, ਭਗਤਾਂ ਤੇ ਸਿੱਖ ਗੁਰੂ ਸਾਹਿਬਾਂ ਦੀਆਂ ਰਚਨਾਵਾਂ ਉਤੇ ਬਹੁਤਾ ਧਰਮ ਦਾ ਹੀ ਅਸਰ ਨਜ਼ਰ ਆਉਂਦਾ ਹੈ। ਭਾਵੇਂ ਇਨ੍ਹਾਂ ਮਹਾਂ ਪੁਰਖਾਂ ਨੇ ਈਸ਼ਵਰ ਭਗਤੀ ਵਾਸਤੇ ਪ੍ਰੇਰਨਾਂ ਕੀਤੀ ਜਾਂ ਅਖੌਤੀ ਧਰਮ ਵਿਚ ਆ ਚੁਕੇ ਪਾਖੰਡਾਂ ਤੇ ਸਮਾਜ ਵਿਚ ਆ ਚੁਕੀਆਂ ਕੁਰੀਤੀਆਂ ਤੇ ਵਹਿਮਾਂ ਦੇ ਦੂਰ ਕਰਨ ਦਾ ਜਤਨ ਕੀਤਾ ਪਰ ਇਹ ਸਭ ਕੁਝ ਧਰਮ ਦੇ ਅਸਰ ਹੇਠ ਹੀ ਸੀ। ਜੋ ਸੁਥਰੇ ਤੇ ਜਲ੍ਹਣ ਆਦਿ ਕਵੀਆਂ ਨੇ ਹਾਸ ਰਸ ਦੀਆਂ ਕਵਿਤਾਵਾਂ ਲਿਖੀਆਂ ਉਹ ਵੀ ਧਰਮ ਦੇ ਅਸਰ ਹੇਠ ਹੀ ਸਨ।

ਦਾਮੋਦਰ ਨੇ ਹੀਰ ਤੇ ਰਾਂਝੇ ਦੇ ਅੱਖੀਂ ਡਿੱਠੇ ਹਾਲ ਲਿਖੇ, ਪੀਲੂ ਤੇ ਹਾਫਜ਼ ਬਰਖੁਰਦਾਰ ਨੇ ਮਿਰਜ਼ਾ ਸਾਹਿਬਾਂ ਦੀਆਂ ਪ੍ਰੇਮ ਵਾਰਤਾਵਾਂ ਲਿਖੀਆਂ। ਅਹਿਮਦਯਾਰ ਨੇ ਸਾਰੀ ਉਮਰ ਵਿਚ ਸੈਂਕੜੇ ਧਾਰਮਕ ਤੇ ਇਸ਼ਕੀਆ ਕਿੱਸੇ ਲਿਖੇ। ਕਾਦਰ ਯਾਰ, ਹਾਸ਼ਮ, ਅਮਾਮ ਬਖਸ਼, ਮੀਆਂ ਹੁਸੈਨ ਆਦਿਕਾਂ ਨੇ ਵੱਖ ਵੱਖ ਲੜਾਈਆਂ ਦੇ ਜ਼ਿਕਰ ਕੀਤੇ। ਪੁਰਾਣੀ ਕਵਿਤਾ ਵਿਚ ਛੰਦਾਂ ਦੀ ਬਹੁ ਰੂਪਤਾ ਤੇ ਅਨੇਕਾਂ ਤਰ੍ਹਾਂ ਦੇ ਅਲੰਕਾਰਾਂ ਦੇ ਵਖ ਵਖ ਰੂਪ ਮਿਲਦੇ ਹਨ ਜੋ ਪੁਰਾਣੀ ਕਵਿਤਾ ਨੂੰ ਨਵੀਨ ਕਵਿਤਾ ਨਾਲੋਂ ਨਖੇੜਦੇ ਹਨ।

ਪੁਰਾਣੀ ਕਵਿਤਾ ਦੇ ਮੋਟੇ ਮੋਟੇ ਵਿਸ਼ੇ ਇਹ ਸਨ:–

੧. ਈਸ਼ਵਰ ਭਗਤੀ ਤੇ ਧਰਮ।
੨. ਧਰਮ ਵਿਚ ਆ ਚੁੱਕੇ ਵਹਿਮ, ਪਾਖੰਡ ਤੇ ਕੁਰੀਤੀਆਂ।
੩. ਸਮੇਂ ਦੀ ਰਾਜਸੀ ਤੇ ਭਾਈਚਾਰਕ ਹਾਲਤ।
੪. ਪਿਆਰ ਵਾਰਤਾਵਾਂ, ਕਿੱਸੇ ਤੇ ਕਹਾਣੀਆਂ।
੫. ਸੂਫੀਆਂ ਦਾ ਕਲਾਮ।

ਇਹ ਕਵਿਤਾਵਾਂ ਵਖ ਰਾਗਾਂ, ਰਾਗਨੀਆਂ ਤੇ ਛੰਦਾਂ ਵਿਚ ਲਿਖੀਆਂ ਗਈਆਂ ਸਨ।



Digitized by Panjab Digital Library | www.panjabdigilib.org

# ਨਵੀਨ ਪੰਜਾਬੀ ਕਵਿਤਾ

ਪੰਜਾਬੀ ਦੀ ਨਵੀਂ ਕਵਿਤਾ ਦਾ ਸਮਾਂ ਵੀਹਵੀਂ ਸਦੀ ਈਸਵੀਂ ਦੇ ਆਰੰਭ ਤੋਂ ਹੀ ਮੰਨਿਆਂ ਜਾ ਸਕਦਾ ਹੈ ਜਦੋਂ ਕਿ ਡਾ: ਭਾਈ ਵੀਰ ਸਿੰਘ ਜੀ ਨੇ ਕਵਿਤਾ ਦੀ ਪੁਰਾਣੀ ਮਰਯਾਦਾ ਨੂੰ ਛੱਡਕੇ ਨਵੀਂ ਕਵਿਤਾ ਨੂੰ ਰੂਪਕ ਤੇ ਭਾਵੁਕ ਪੱਖ ਤੋਂ ਨਵੇਂ ਰੰਗ ਵਿਚ ਪੇਸ਼ ਕੀਤਾ। ਆਪ ਨੇ ਨਿਰੋਲ ਧਾਰਮਕ ਰੰਗ ਜਾਂ ਇਸ਼ਕੀਆ ਕਿੱਸੇ ਕਹਾਣੀਆਂ ਦੀ ਰਵਾਇਤ ਛੱਡਕੇ ਨਵੇਂ ਨਵੇਂ ਵਿਸ਼ਿਆਂ ਨੂੰ ਨਵੇਂ ਤੇ ਅਨੋਖੇ ਰੂਪਾਂ ਵਿਚ ਪਰਗਟ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਮਗਰੋਂ ਇਨ੍ਹਾਂ ਨੇ ਹੀ ਨਵੇਂ ਨਵੇਂ ਛੰਦ ਲਿਖਣ ਦੀ ਮਰਯਾਦਾ ਚਲਾਈ ਅਤੇ ਸਿਰਖੰਡੀ ਛੰਦ ਦੀ ਖੁਲ੍ਹੀ ਵਰਤੋਂ ਕੀਤੀ। ਇਨ੍ਹਾਂ ਦੀ ਪੁਸਤਕ 'ਰਾਣਾ ਸੂਰਤ ਸਿੰਘ' ਸਿਰਖੰਡੀ ਛੰਦ ਵਿਚ ਇਕ ਮਹਾਂ ਕਾਵਿ ਮੰਨੀ ਜਾਂਦੀ ਹੈ। ਭਾਈ ਵੀਰ ਸਿੰਘ ਜੀ ਨਵੀਨ ਪੰਜਾਬੀ ਕਵਿਤਾ ਦੇ ਮੋਢੀ ਮੰਨੇ ਜਾ ਸਕਦੇ ਹਨ।

ਭਾਈ ਸਾਹਿਬ ਤੋਂ ਮਗਰੋਂ ਅਜ ਤਕ ਬਾਕੀ ਜਿੰਨੇ ਵੀ ਪੰਜਾਬੀ ਕਵੀ ਹੋਏ ਉਹ ਇਨ੍ਹਾਂ ਦੇ ਪਾਏ ਪੂਰਨਿਆਂ ਮਗਰ ਹੀ ਚੱਲੇ। ਇਸ ਵਿਚ ਸ਼ੱਕ ਨਹੀਂ ਕਿ ਅਨੇਕਾ ਕਵੀਆਂ ਨੇ ਧਾਰਮਕ ਤੇ ਇਸ਼ਕੀਆ ਕਿੱਸੇ ਵੀ ਲਿਖੇ, ਇਨ੍ਹਾਂ ਦੇ ਕਿੱਸੇ ਵੀ ਨਵੇਂ ਰੰਗ ਦੇ ਹਨ। ਪ੍ਰੋ: ਪੂਰਨ ਸਿੰਘ ਜੀ ਦੇ ਸਮੇਂ ਤਕ ਲਗ ਪਗ ਸਾਰੇ ਕਵੀ ਪਿੰਗਲ ਦੇ ਨਿਯਮਾਂ ਅਨੁਸਾਰ ਹੀ ਨਵੀਆਂ ਨਵੀਆਂ ਧਾਰਨਾਂ ਦੇ ਛੰਦ ਲਿਖਦੇ ਰਹੇ ਹਨ। ਪ੍ਰੋ: ਪੂਰਨ ਸਿੰਘ ਨੇ ਛੰਦਾ-ਬੰਦੀ ਦੀ ਕੈਦ ਨੂੰ ਬਹੁਤ ਬੁਰਾ ਮੰਨਿਆਂ ਤੇ ਪਿੰਗਲ ਦੇ ਨੇਮਾਂ ਤੋਂ ਰਹਿਤ ਖੁਲ੍ਹੀਆਂ ਉਡਾਰੀਆਂ ਲਾਈਆਂ। ਡਾ: ਦੀਵਾਨ ਸਿੰਘ ਜੀ ਕਾਲੇ ਪਾਣੀ ਵਾਲਿਆਂ ਨੇ ਵੀ ਇਨ੍ਹਾਂ



Digitized by Panjab Digital Library | www.panjabdigilib.org

ਦੀ ਰੀਸ ਕੀਤੀ ਅਤੇ ਬਿਨਾਂ ਕਿਸੇ ਤੋਲ ਜਾਂ ਬੰਦਸ਼ ਦੇ ਕ ਤਰ੍ਹਾਂ ਦੀਆਂ ਜਜ਼ਬਾਤੀ ਕਵਿਤਾਵਾਂ ਲਿਖੀਆਂ। ਇਨ੍ਹਾਂ ਮਗਰੋਂ ਅਨੇਕਾਂ ਕਵੀਆਂ ਨੇ ਪਿੰਗਲ ਦੀ ਬੰਦਸ਼ ਨੂੰ ਛੱਡਣ ਦਾ ਯਤਨ ਕੀਤਾ ਪਰ ਉਨ੍ਹਾਂ ਦੇ ਛੰਦਾਂ ਦੀ ਚਾਲ ਪ੍ਰੋ: ਪੂਰਨ ਸਿੰਘ ਦੀ ਚਾਲ ਨਾਲੋਂ ਬਿਲਕੁਲ ਵਖਰੀ ਸੀ। ਅਜ ਕਲ ਦੇ ਕਵੀਆਂ ਵਿਚੋਂ ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ ਤੇ ਇਕ ਦੋ ਹੋਰ ਕਵੀਆਂ ਨੇ ਛੰਦ ਰਹਿਤ ਕਵਿਤਾਵਾਂ ਲਿਖੀਆਂ ਹਨ ਪਰ ਉਨ੍ਹਾਂ ਦੀ ਕਵਿਤਾ ਵਿਚ ਖਾਸ ਲਯ ਹੁੰਦੀ ਹੈ।

ਕਿਉਂਕਿ ਕਵਿਤਾ ਦਾ ਖਾਸ ਗੁਣ ਇਹ ਮੰਨਿਆਂ ਗਿਆ ਹੈ ਕਿ ਵਾਰਤਕ ਦੇ ਮੁਕਾਬਲੇ ਵਿਚ ਇਹ ਛੇਤੀ ਯਾਦ ਹੋ ਜਾਂਦੀ ਹੈ ਪਰ ਛੰਦ ਰਹਿਤ ਕਵਿਤਾ ਵਿਚ ਇਹ ਗੁਣ ਨਹੀਂ ਰਹਿੰਦਾ ਜਿਸ ਕਰਕੇ ਨਵੀਂਨ ਕਵੀ ਮੁੜਕੇ ਛੰਦਾ ਬੰਦੀ ਦੀ ਸ਼ਰਨ ਲੈ ਰਹੇ ਹਨ।

ਅਜ ਕਲ ਦੀ ਕਵਿਤਾ ਦੇ ਵਿਸ਼ੇ ਵੀ ਵੱਖਰੇ ਹੀ ਹਨ। ਦੇਸ ਅੰਦਰ ਕਈ ਤਰ੍ਹਾਂ ਦੀਆਂ ਰਾਜਸੀ ਲਹਿਰਾਂ ਤੇ ਧਾਰਮਕ ਲਹਿਰਾਂ ਚਲਦੀਆਂ ਰਹੀਆਂ ਹਨ । ਕਵੀਆਂ ਨੇ ਇਨ੍ਹਾਂ ਲਹਿਰਾਂ ਦੇ ਅਸਰ ਹੇਠ ਵੀ ਕਈ ਤਰ੍ਹਾਂ ਦੀਆਂ ਕਵਿਤਾਵਾਂ ਲਿਖੀਆਂ। ਨਵੀਨ ਕਵਿਤਾਂ ਦੇ ਖਾਸ ਵਿਸ਼ੇ ਹੇਠ ਲਿਖੇ ਅਨੁਸਾਰ ਹਨ –

. ਮਨੁੱਖ -ਬਚਪਨ, ਜਵਾਨੀ, ਬੁਢੇਪਾ ਤੇ ਗ੍ਰਹਿਸਤ ਦੇ ਝਮੇਲੇ।

੨. ਇਸਤਰੀ--ਇਸਤਰੀ ਦੀ ਸੁੰਦਰਤਾ, ਮਾਂ ਦਾ ਪਿਆਰ ਭੈਣ ਦਾ ਪਿਆਰ;ਨਾਇਕਾ ਦਾ ਪਿਆਰ ਤੇ ਪਿਆਰ ਵਿਚ ਬੇ ਵਫ਼ਾਈ।

੩. ਦੇਸ਼–ਦੇਸ਼ ਦੀ ਧਰਤੀ, ਪਹਾੜ, ਚਸ਼ਮੇ, ਨਦੀਆਂ, ਨਾਲੇ, ਪੰਛੀ ਤੇ ਦੇਸ਼ ਦੇ ਵਸਨੀਕ, ਮਾਤਰੀ ਬੋਲੀ (ਦੇਸ਼ ਭਾਖਾ)।

੪. ਦੇਸ਼ ਭਗਤੀ–ਦੇਸ਼ ਲਈ ਕੁਰਬਾਨੀ, ਆਜ਼ਾਦੀ ਦੀ ਚਾਹ,



Digitized by Panjab Digital Library | www.panjabdigilib.org

ਏਕਤਾ, ਉਨਤੀ ਦੇ ਸਾਧਨ,ਗਰੀਬਾਂ ਦਾ ਦਰਦ, ਦੁਖੀਆਂ ਦਾ ਪਿਆਰ।

੫. ਰਾਜ ਨੀਤੀ--ਵਖ ਵਖ ਤਰ੍ਹਾਂ ਦੀਆਂ ਰਾਜਸੀ ਲਹਿਰਾਂ ਦੇ ਅਧਾਰ ਤੇ ਵਖ ਵਖ ਤਰ੍ਹਾਂ ਦੀਆਂ ਕਵਿਤਾਵਾਂ।

੬. ਕੁਦਰਤ--ਕੁਦਰਤ ਦੀ ਸੁੰਦਰਤਾ,ਕੁਦਰਤ ਅੰਦਰ ਕਾਦਰ ਦਾ ਜਲਵਾ, ਕੁਦਰਤ ਦੀਆਂ ਰੰਗੀਨੀਆਂ।

੭. ਰੁੱਤਾਂ--ਵਖ ਵਖ ਤਰ੍ਹਾਂ ਦੀਆਂ ਰੁੱਤਾਂ ਦੀ ਸੁੰਦਰਤਾ ਤੇ ਉਨ੍ਹਾਂ ਦਾ ਹਿਰਦੇ ਉਤੇ ਅਸਰ।

੮. ਇਸ਼ਕ-ਪਿਆਰ ਜਾਂ ਇਸ਼ਕ ਦੇ ਵਖ ਵਖ ਤਰ੍ਹਾਂ ਦੇ ਲਵਵਲੇ ਅਤੇ ਦਿਲ ਦੇ ਉਬਾਲ, ਵਿਯੋਗ ਤੇ ਮਿਲਾਪ।

੯. ਮਜ਼੍ਹਬ—ਧਰਮ ਜਾਂ ਧਾਰਮਕ ਇਤਿਹਾਸ ਨੂੰ ਮੁਖ ਰਖ ਕੇ ਵਖ ਵਖ ਤਰ੍ਹਾਂ ਦੀਆਂ ਕਵਿਤਾਵਾਂ।

੧੦. ਕਵੀ ਤੇ ਕਵਿਤਾ--ਕਵੀ ਕੀ ਹੈ? ਕਵਿਤਾ ਕੀ ਹੈ? ਆਦਿ।

ਅਜ ਕਲ ਦੀ ਕਵਿਤਾ ਵਿਚ ਛਾਇਆ ਵਾਦ,ਰਹਸਵਾਦ, ਤੇ ਯਥਾਰਥ ਵਾਦ ਬਹੁਤ ਮਿਲਦਾ ਹੈ। ਉਪਰ ਲਿਖੇ ਵਿਸ਼ਿਆਂ ਤੋਂ ਬਿਨਾਂ ਅਜ ਕਲ ਸਥਾਨਕ ਰੰਗ, ਮਖੌਲ ਤੇ ਚੋਭਾਂ, ਆਪ ਬੀਤੀ ਤੇ ਅਮਨ ਜਾਂ ਜੰਗ ਸਬੰਧੀ ਅਨੇਕਾਂ ਤਰ੍ਹਾਂ ਦੀਆਂ ਕਵਿਤਾਵਾਂ ਲਿਖੀਆਂ ਜਾ ਰਹੀਆਂ ਹਨ। ਕਈ ਕਵੀ ਅਜੇ ਤਕ ਅਧਿਆਤਮਕ ਰੰਗ, ਤੇ ਮਨੋਕਲਪਿਤ ਵਾਰਤਾਵਾਂ ਕਿਸਿਆਂ ਵਿਚ ਲਿਖਦੇ ਹਨ ਅਤੇ ਕਈ ਤਰ੍ਹਾਂ ਦੇ ਉਲਾਂਭੇ ਵੀ ਪੰਜਾਬੀ ਕਵਿਤਾ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ।

## ਮਹਾਂ ਕਵੀ ਤੇ ਮਹਾਂ ਕਾਵਿ

ਮਹਾਂ ਕਾਵਿ ਦੇ ਲੱਛਣ ਦਾ ਰੂਪ ਨੀਯਤ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਮਹਾਂ ਕਵੀ ਦੇ ਲੱਛਣ ਜਾਣੇ ਜਾਣ। ਸਾਹਿਤਕਾਰਾਂ ਨੇ ਉਸ ਮਹਾਂਪੁਰਖ ਨੂੰ ਮਹਾਂ ਕਵੀ ਮੰਨਿਆਂ ਹੈ ਜਿਸਵਿਚ ਇਹ ਗੁਣ ਹੋਣ:-



Digitized by Panjab Digital Library | www.panjabdigilib.org

੧. ਉਸ ਨੇ ਕਿਸੇ ਮਹਾਂ ਕਾਵਿ ਦੀ ਰਚਨਾ ਕੀਤੀ ਹੋਵੇ।

੨. ਉਸ ਦਾ ਜੀਵਨ ਕਵਿਤਾ ਮਈ ਜਾਂ ਕਵਿਤਾ ਦੇ ਰੰਗ ਵਿਚ ਰੰਗਿਆ ਹੋਵੇ।

੩. ਮਹਾਨ ਅਨੁਭਵ ਵਾਲਾ, ਵਿਸ਼ਾਲ ਤਜਰਬੇ ਤੇ ਗਿਆਨ ਵਾਲਾ ਅਤੇ ਡੂੰਘੇ ਵਿਚਾਰਾਂ ਵਾਲਾ ਹੋਵੇ।

੪. ਉਸ ਨੂੰ ਪਿੰਗਲ, ਅਲੰਕਾਰਾਂ, ਰਸਾਂ, ਛੰਦਾਂ, ਤੇ ਕਵਿਤਾ ਦੇ ਹਰ ਤਰ੍ਹਾਂ ਦੇ ਰੂਪਾਂ ਦਾ ਪੂਰਾ ਪੂਰਾ ਗਿਆਨ ਹੋਵੇ।

੫. ਜੋ ਜੀਵਨ ਦੀਆਂ ਔਕੁੜਾਂ, ਥੁੜਾਂ, ਵਿਚਾਰਾਂ, ਵਿਹਾਰਾਂ, ਰਸਾਂ ਕਸਾਂ ਤੇ ਹਰ ਤਰ੍ਹਾਂ ਦੇ ਉਤਰਾਵਾਂ ਚੜ੍ਹਾਵਾਂ ਦਾ ਪੂਰਾ ਪੂਰਾ ਜਾਣੂ ਹੋਵੇ ਤੇ ਮਨੁੱਖ ਦਾ ਦਿਲ ਪੜ੍ਹ ਸਕੇ।

੬. ਜਿਸ ਦਾ ਅਧਿਐਨ ਤੇ ਤਜਰਬਾ ਬੜਾ ਵਿਸ਼ਾਲ ਹੋਵੇ।

ਅਜਿਹੇ ਗੁਣਾਂ ਵਾਲੇ ਮਹਾਂਪੁਰਖ ਨੂੰ ਮਹਾਂ ਕਵੀ ਕਹਿਆ ਜਾ ਸਕਦਾ ਹੈ। ਹੁਣ ਇਹ ਦੇਖਣਾ ਹੈ ਕਿ ਮਹਾਂ ਕਾਵਿ ਵਿਚ ਕੀ ਕੀ ਗੁਣ ਹੋਣੇ ਚਾਹੀਦੇ ਹਨ:-

੧. ਮਹਾਂ ਕਾਵਿ ਵਿਚ ਕਿਸੇ ਮਹਾਂ ਪੁਰਖ, ਮਹਾਂ ਵੀਰ, ਦਾਨ ਵੀਰ ਜਾਂ ਅਵਤਾਰ ਦੇ ਸਮੁਚੇ ਜੀਵਨ ਦੀਆਂ ਘਟਨਾਵਾਂ ਕਵਿਤਾ ਵਿਚ ਬਿਆਨ ਕੀਤੀਆਂ ਹੁੰਦੀਆਂ ਹਨ।

੨. ਮਹਾਂ ਕਾਵਿ ਵਿਚ ਛੰਦਾਂ ਤੇ ਅਲੰਕਾਰਾਂ ਦੀ ਬਹੁ ਰੂਪਤਾ ਹੁੰਦੀ ਹੈ। ਲਗਪਗ ਹਰ ਤਰ੍ਹਾਂ ਦੇ ਛੰਦਾਂ ਤੇ ਅਲੰਕਾਰਾਂ ਦੀਆਂ ਵਨਗੀਆਂ ਉਸ ਵਿਚੋਂ ਮਿਲ ਸੱਕਣ।

੩. ਮਹਾਂ ਕਾਵਿ ਵਿਚ ਲਗ ਪਗ ਸ਼ਿੰਗਾਰ, ਕਰੁਣਾ, ਬੀਰ, ਹਾਸ, ਸ਼ਾਂਤ, ਭਿਆਨਕ ਆਦਿ ਹਰ ਤਰ੍ਹਾਂ ਦੇ ਰਸਾਂ ਦਾ ਚਮਤਕਾਰ ਹੁੰਦਾ ਹੈ।

ਇਹ ਕੋਈ ਜ਼ਰੂਰੀ ਨਹੀਂ ਕਿ ਮਹਾਂ ਕਾਵਿ ਦਾ ਆਕਾਰ ਬਹੁਤ ਵੱਡਾ ਹੋਵੇ। ਇਹ ਆਕਾਰ ਛੋਟੇ ਤੋਂ ਛੋਟਾ ਤੇ ਵੱਡੇ ਤੋਂ ਵੱਡਾ ਵੀ ਹੋ ਸਕਦਾ ਹੈ। ਹਿੰਦੀ ਦੇ ਸਾਹਿਤਕਾਰਾਂ ਨੇ 'ਤੁਲਸੀ ਰਾਮਾਇਣ' ਨੂੰ ਮਹਾਂ



Digitized by Panjab Digital Library | www.panjabdigilib.org

ਕਾਵਿ ਮੰਨਿਆਂ ਹੈ। ਉਪਰ ਲਿਖੇ ਲੱਛਣਾਂ ਨੂੰ ਮੁਖ ਰਖਦਿਆਂ ਹੋਇਆਂ ਜੇ ਵਿਚਾਰ ਕੀਤੀ ਜਾਵੇ ਤਾਂ ਪੰਜਾਬੀ ਕਵੀਆਂ ਵਿਚੋਂ ਪ੍ਰੋ: ਪੂਰਨ ਸਿੰਘ ਜੀ ਤੇ ਡਾ: ਵੀਰ ਸਿੰਘ ਜੀ ਤੋਂ ਬਿਨਾ ਹੋਰ ਕੋਈ ਵੀ ਕਵੀ ਨਜ਼ਰ ਨਹੀਂ ਆਉਂਦਾ ਜਿਸ ਨੇ ਕਵਿਤਾ ਮਈ ਜੀਵਨ ਜੀਵਿਆ ਹੋਵੇ ਅਤੇ ਪੰਜਾਬੀ ਸਾਹਿਤ ਵਿਚ ਇਕ ਵੀ ਅਜਿਹਾ ਮਹਾਂ ਕਾਵਿ ਨਹੀਂ ਜਿਸ ਵਿਚ ਉਪਰ ਲਿਖੇ ਤਿੰਨੇ ਲੱਛਣ ਮਿਲਦੇ ਹੋਣ, ਪਰ ਜਿਥੋਂ ਤਕ ਮਹਾਂ ਕਾਵਿ ਦਾ ਸਬੰਧ ਹੈ ਅਸੀ ਹੇਠ ਲਿਖੇ ਕਵੀਆਂ ਨੂੰ ਮਹਾਂ ਕਵੀ ਕਹਿ ਸਕਦੇ ਹਾਂ:–

੧. ਭਾਈ ਸੰਤੋਖ ਸਿੰਘ ਜੀ ਕਰਤਾ ਗੁਰਪਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼)

੨. ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਕਰਤਾ ਦੁਸ਼ਟ ਦਮਨ ਪ੍ਰਕਾਸ਼, ਖੜਗੇਸ਼ ਪਰਕਾਸ਼ ਆਦਿ।

੩ ਡਾ: ਵੀਰ ਸਿੰਘ ਜੀ ਕਰਤਾ 'ਰਾਣਾ ਸੂਰਤ ਸਿੰਘ' ਜੀ।

੪. ਪੰਡਤ ਮਾਨ ਸਿੰਘ ਜੀ (ਕਾਲੀਦਾਸ ਗੁਜਰਾਂਵਾਲੀਆਂ)

੫. ਸ੍ਰ: ਵਿਧਾਤਾ ਸਿੰਘ ਜੀ 'ਤੀਰ' ਕਰਤਾ 'ਦਸਮੇਸ਼ ਦਰਸ਼ਨ'।

੬. ਸ੍ਰ: ਅਵਤਾਰ ਸਿੰਘ ਜੀ 'ਆਜ਼ਾਦ' ਕਰਤਾ ਮਰਦ ਅਗੰਮੜਾ।

ਇਨ੍ਹਾਂ ਮਹਾਂ ਕਵੀਆਂ ਦੀਆਂ ਅਨਮੋਲ ਰਚਨਾਵਾ ਮਹਾਂ ਕਾਵਿ ਮੰਨੀਆਂ ਜਾਂਦੀਆਂ ਹਨ। ਉਂਜ ਤੇ ਸੱਯਦ ਵਾਰਸ ਸ਼ਾਹ ਦੀ ਹੀਰ, ਕਿਸ਼ਨ ਸਿੰਘ ਆਰਫ ਤੇ ਫਜ਼ਲ ਸ਼ਾਹ ਦੇ ਕਿੱਸੇ, ਮੌਲਵੀ ਸ਼ਾਹ ਦੀਨ ਦੇ ਸੂਫੀਆਂ ਦੇ ਕਲਾਮ ਪੰਜਾਬੀ ਕਵਿਤਾ ਵਿਚ ਖਾਸ ਮਹਾਨਤਾ ਰਖਦੇ ਹਨ ਡਾ: ਮੋਹਨ ਸਿੰਘ ਜੀ 'ਦੀਵਾਨਾ' ਪੰਜਾਬੀ ਕਵੀਆਂ ਵਿਚੋਂ ਪਹਿਲੇ ਕਵੀ ਹਨ ਜਿਨ੍ਹਾਂ ਨੇ ਅਨੇਕਾਂ ਤਰ੍ਹਾਂ ਦੀਆਂ ਗ਼ਜ਼ਲਾਂ, ਕਾਫੀਆਂ, ਕਵਿਤਾਵਾਂ ਤੋਂ ਬਿਨਾਂ ਸਤ ਸੌ ਚੌਬਰਗੇ ਤੇ ਰੁਬਾਈਆਂ ਲਿਖੀਆਂ। ਪ੍ਰੋ: ਬਲਦੇਵਸਿੰਘ ਜੀ ਐਮ. ਏ. ਨੇ ਵੀ ਸੈਂਕੜੇ ਰੁਬਾਈਆਂ ਤੇ ਕਵਿਤਾਵਾਂ ਲਿਖੀਆਂ, ਪਰ ਇਨ੍ਹਾਂ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਮਹਾਂ ਕਾਵਿ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਨ੍ਹਾਂ ਨੇ ਕਿਸੇ ਮਹਾਂ ਪੁਰਖ ਦਾ ਜੀਵਨ



Digitized by Panjab Digital Library | www.panjabdigilib.org

ਅੰਕਿਤ ਨਹੀਂ ਕੀਤਾ। ਪ੍ਰੋ: ਮੋਹਨ ਸਿੰਘ ਜੀ ਐਮ. ਏ. ਨੇ 'ਏਸ਼ੀਆ ਦਾ ਚਾਨਣ' ਇਕ ਅੰਗ੍ਰੇਜ਼ੀ ਪੁਸਤਕ ਦਾ ਤਰਜਮਾ ਕੀਤਾ ਹੈ ਜਿਸ ਵਿਚ ਮਹਾਤਮਾ ਬੁਧ ਦਾ ਜੀਵਨ ਕਵਿਤਾ ਵਿਚ ਅੰਕਿਤ ਕੀਤਾ ਗਿਆ ਹੈ। ਕਵਿਤਾ ਦੇ ਲਿਹਾਜ਼ ਨਾਲ ਇਹ ਵੀ ਮਹਾਂ ਕਾਵਿ ਦੀ ਸ਼੍ਰੇਣੀ ਵਿਚ ਨਹੀਂ ਆ ਸਕਦੀ।

—:o:—

# ਪੰਜਾਬੀ ਕਵਿਤਾ ਉਤੇ ਬਾਹਰਲੀਆਂ ਬੋਲੀਆਂ ਦਾ ਅਸਰ

ਜਿਸ ਤਰ੍ਹਾਂ ਪੰਜਾਬੀ ਬੋਲੀ ਦਾ ਅਸਰ ਹਿੰਦੀ ਅਤੇ ਉਰਦੂ ਉਤੇ ਪਿਆ ਹੈ, ਇਸੇ ਤਰ੍ਹਾਂ ਹਿੰਦੀ, ਉਰਦੂ, ਅਰਬੀ, ਫ਼ਾਰਸੀ ਤੇ ਅੰਗ੍ਰੇਜ਼ੀ ਆਦਿ ਬੋਲੀਆਂ ਦਾ ਅਸਰ ਪੰਜਾਬੀ ਬੋੱਲੀ ਤੇ ਪੰਜਾਬੀ ਸਾਹਿਤ ਉਤੇ ਵੀ ਪਿਆ। ਪੰਜਾਬੀ ਕਵਿਤਾ ਦਾ ਆਰੰਭ ਹੀ ਸੂਫ਼ੀ ਕਵਿਤਾ ਨਾਲ ਹੋਇਆ। ਸੂਫ਼ੀ ਕਵੀ ਮੁਸਲਮਾਨ ਸਨ ਜਿਨ੍ਹਾਂ ਦੇ ਜੀਵਨ ਤੇ ਬੋੱਲੀ ਉਤੇ ਅਰਬੀ ਤੇ ਫ਼ਾਰਸੀ ਦਾ ਬੜਾ ਅਸਰ ਸੀ, ਇਸ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੀ ਕਵਿਤਾ ਉਤੇ ਵੀ ਅਰਬੀ ਤੇ ਫ਼ਾਰਸੀ ਦਾ ਅਸਰ ਹੋ ਜਾਂਦਾ। ਸੋ ਸੂਫ਼ੀਆਂ ਰਾਹੀਂ ਪੰਜਾਬੀ ਬੋੱਲੀ ਵਿੱਚ ਅਰਬੀ ਤੇ ਫ਼ਾਰਸੀ ਦੇ ਛੰਦ ਗ਼ਜ਼ਲ, ਰੁਬਾਈ, ਕਾਫ਼ੀ, ਚੌਬਰਗੇ, ਬੈਂਤ ਤੇ ਮਸਨਵੀ ਆਦਿ ਆਏ। ਇਹ ਛੰਦ ਦੂਸਰੇ ਕਵੀ ਵੀ ਲਿਖਣ ਲਗ ਪਏ। ਛੰਦ ਰਚਨਾ ਤੋਂ ਬਿਨਾ ਫ਼ਾਰਸੀ ਵਾਲੇ ਇਸ਼ਤਆਰੇ ਤੇ ਤਸ਼ਬੀਹਾਂ ਆਦਿ ਅਲੰਕਾਰ ਵੀ ਆਮ ਵਰਤੋਂ ਵਿਚ ਆਉਣ ਲੱਗੇ। ਅੱਲਾ, ਖ਼ੁਦਾ, ਪਰਵਰਦਗਾਰ, ਬਖ਼ਸ਼ਣਹਾਰ, ਪੁਲਸਰਾਤ, ਅਨਲਹੱਕ, ਹਮਾ-ਓ-ਅਸਤ, ਹਮਾ-ਅਜ ਓ ਅਸਤ, ਪਨਹ, ਕੁੰਨ, ਮੁਹੱਬਤ, ਇਸ਼ਕ ਦੀਦਾਰ, ਮਸਜਿਦ, ਕਤੇਬਾਂ, ਨਫ਼ਸ, ਸ਼ਰ੍ਹਾ, ਮਲਕ, ਮਲਕੁਲ ਮੌਤ, ਆਦਮ,



Digitized by Panjab Digital Library | www.panjabdigilib.org

ਹੱਵਾ, ਆਦਿ ਅਨੇਕਾਂ ਅਰਬੀ ਤੇ ਫ਼ਾਰਸੀ ਦੇ ਸ਼ਬਦ ਪੰਜਾਬੀ ਕਵਿਤਾ ਵਿਚ ਵਰਤੇ ਜਾਣ ਲੱਗੇ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਮਨੋਹਰ ਰਚਨਾ ਵਿਚ ਇਕ ਹਜ਼ਾਰ ਨਾਲੋਂ ਵਧ ਅਰਬੀ ਤੇ ਫ਼ਾਰਸੀ ਦੇ ਸ਼ਬਦ ਵਰਤੇ ਹਨ। ਇਸਤਰ੍ਹਾਂ ਇਨ੍ਹਾਂ ਬੋਲੀਆਂ ਦਾ ਪੰਜਾਬੀ ਕਵਿਤਾ ਉਤੇ ਵੱਡਾ ਅਸਰ ਪਰਤੀਤ ਹੁੰਦਾ ਹੈ।

ਹਿੰਦੀ ਵੀ ਉਸੇ ਅਪਭ੍ਰੰਸ਼ ਵਿਚੋਂ ਨਿਕਲੀ ਹੈ ਜਿਸ ਵਿਚੋਂ ਅਜ ਕਲ ਦੀ ਪੰਜਾਬੀ ਨਿਕਲੀ ਹੈ। ਆਮ ਹਿੰਦੂ ਭਗਤ ਪੰਜਾਬੋਂ ਬਾਹਰ ਹੀ ਰਹਿੰਦੇ ਸਨ ਤੇ ਉਨ੍ਹਾਂ ਦੀ ਬੋੱਲੀ ਉਤੇ ਉੱਤਰ ਪਰਦੇਸ ਦੀ ਬੋਲੀ ਦਾ ਬੜਾ ਅਸਰ ਸੀ। ਇਨ੍ਹਾਂ ਭਗਤਾਂ, ਸੰਤਾਂ, ਮਹਾਤਮਾ ਕਰ ਕੇ ਪੰਜਾਬੀ ਉਤੇ ਹਿੰਦੀ ਦਾ ਵੀ ਕਾਫੀ ਅਸਰ ਪਿਆ। ਭਾਵੇਂ ਸਿਖ ਗੁਰੂ ਸਾਹਿਬਾਨ ਦੀ ਰਚਨਾ ਪੜ੍ਹੋ ਜਾਂ ਕਿਸੇ ਮੁਸਲਮਾਨ ਕਵੀ ਦੀ, ਹਰ ਪੰਜਾਬੀ ਕਵੀ ਦੀ ਰਚਨਾ ਉੱਤੇ ਹਿੰਦੀ ਦਾ ਥੋੜਾ ਬਹੁਤ ਅਸਰ ਨਜ਼ਰ ਆਉਂਦਾ ਹੈ। ਪਿੰਗਲ ਦੇ ਬਹੁਤ ਸਾਰੇ ਛੰਦ ਉਹੋ ਹੀ ਹਨ ਜੋ ਸੰਸਕ੍ਰਿਤ ਜਾਂ ਹਿੰਦੀ ਦੇ ਪਿੰਗਲਾਂ ਵਿਚ ਹਨ। ਸੋ ਹਿੰਦੀ ਜਾਂ ਸੰਸਕ੍ਰਿਤ ਵਿਚੋਂ ਅਨੇਕਾਂ ਤਰ੍ਹਾਂ ਦੇ ਛੰਦ ਪੰਜਾਬੀ ਸਾਹਿਤ ਵਿਚ ਆਏ ਅਤੇ ਗਗਨ, ਰਵਿ, ਸਸ, ਅਨਦਿਨ, ਨਿਸਦਿਨ, ਹੈਵਰ ਗੈਵਰ, ਜਲ, ਨੀਰ, ਅੰਮ੍ਰਿਤ, ਠਾਕਰ, ਦਰਸ਼ਨ, ਸ਼ਾਂਤ, ਮੁਗਧ, ਮਕਰੰਦ, ਨਿਸ ਬਾਸਰ, ਬੈਕੁੰਠ, ਮਜਨ, ਬਨਰਾਇ, ਮਿਰਗਾਵਲੀ ਆਦਿ ਹਜ਼ਾਰਾਂ ਹਿੰਦੀ ਦੇ ਸ਼ਬਦ ਪੰਜਾਬੀ ਵਿਚ ਵਰਤੇ ਗਏ ਹਨ।

ਇਸੇ ਤਰ੍ਹਾਂ ਅੰਗ੍ਰੇਜ਼ਾਂ ਦਾ ਰਾਜ ਪੰਜਾਬ ਵਿਚ ਸ਼ੁਰੂ ਹੋ ਜਾਣ ਤੋਂ ਮਗਰੋਂ ਅੰਗ੍ਰੇਜ਼ੀ ਦਾ ਵੀ ਪੰਜਾਬੀ ਕਵਿਤਾ ਉਤੇ ਬੜਾ ਅਸਰ ਪਿਆ। ਅੰਗ੍ਰੇਜ਼ੀ ਕਵਿਤਾ ਦੇ ਛੰਦ,ਸੌਨੈੱਟ,ਅਤੇ ਬਲੈਂਕ ਵਰਸ(Blank Verse) ਆਦਿ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਆਏ । ਇਸ ਤੋਂ ਬਿਨਾ ਸ਼ਾਹ ਮੁਹੰਮਦ ਦੇ ਵੇਲੇ ਤੋਂ ਹੀ ਕਈ ਅੰਗ੍ਰੇਜ਼ੀ ਦੇ ਸ਼ਬਦ ਪੰਜਾਬੀ ਕਵਿਤਾ ਵਿਚ ਵਰਤੇ ਜਾਣੇ ਸ਼ੁਰੂ ਹੋਏ। ਜਿਹਾ ਕਿ ਸ਼ਾਹ ਮੁਹੰਮਦ ਨੇ ਕੰਪਨੀ,



Digitized by Panjab Digital Library | www.panjabdigilib.org

ਪਲਟਨ, ਅਫ਼ਸਰ, ਆਦਿਕ ਅਨੇਕਾਂ ਅੰਗ੍ਰੇਜ਼ੀ ਦੇ ਸ਼ਬਦ ਵਰਤੇ। ਅੱਜ ਕਲ ਕਈ ਕਵੀ ਸਕੂਲ, ਸਿਨੇਮਾ, ਕਾਲਜ, ਰਿਬਨ, ਕਾਲਰ, ਰੋਮਾਂਸ, ਨਾਵਲ, ਆਦਿ ਅਨੇਕਾਂ ਸ਼ਬਦ ਆਪਣੀਆਂ ਆਪਣੀਆਂ ਰਚਨਾਵਾਂ ਵਿਚ ਵਰਤ ਰਹੇ ਹਨ।

ਸੋ ਇਨ੍ਹਾਂ ਬਾਹਰਲੀਆਂ ਬੋਲੀਆਂ ਰਾਹੀਂ ਵਖ ਵਖ ਤਰ੍ਹਾਂ ਦੇ ਛੰਦ, ਅਲੰਕਾਰ, ਵਿਸ਼ੇ ਅਤੇ ਵਖ ਵਖ ਤਰ੍ਹਾਂ ਦੇ ਸ਼ਬਦ ਪੰਜਾਬੀ ਬੋਲੀ ਵਿਚ ਆ ਰਲੇ ਤੇ ਪੰਜਾਬੀ ਕਵਿਤਾ ਵਿਚ ਵਰਤੇ ਜਾਣ ਲੱਗੇ।

— —

## ਪੰਜਾਬੀ ਕਵਿਤਾ ਵਿਚ ਕਿੱਸਿਆਂ ਦਾ ਸਥਾਨ

'ਕਿੱਸਾ' ਅਸਲ ਵਿਚ 'ਫ਼ਾਰਸੀ ਬੋਲੀ ਦਾ ਸ਼ਬਦ ਹੈ, ਜਿਸ ਦਾ ਅਰਥ ਅਫ਼ਸਾਨਾ, ਕਹਾਣੀ, ਜਾਂ ਵਾਰਤਾ ਹੈ। ਪੰਜਾਬੀ ਬੋਲੀ ਵਿਚ ਵੀ ਅਨੇਕਾਂ ਤਰ੍ਹਾਂ ਦੇ ਕਿੱਸੇ ਲਿਖੇ ਗਏ ਹਨ, ਜਿਨ੍ਹਾਂ ਵਿਚੋਂ ਕੁਝ ਵਾਰਤਕ ਵਿਚ ਹਨ ਤੇ ਕੁਝ ਕਵਿਤਾ ਵਿਚ। ਕਈ ਕਿੱਸੇ ਅਕਾਰ ਵਿਚ ਬਹੁਤ ਛੋਟੇ ਹਨ ਅਤੇ ਕਈ ਬਹੁਤ ਵੱਡੇ ਹਨ। ਪੰਜਾਬ ਕਵਿਤਾ ਵਿਚ ਪੰਜ ਤਰ੍ਹਾਂ ਦੇ ਕਿੱਸੇ ਲਿਖੇ ਗਏ ਹਨ, ਜੋ ਇਸਤਰ੍ਹਾਂ ਹਨ:–

੧. ਪ੍ਰੇਮ ਕਥਾਵਾਂ ਜਾਂ ਨਾਇਕ ਤੇ ਨਾਇਕਾਵਾਂ ਦੇ ਇਸ਼ਕ ਦੇ ਕਿੱਸੇ–ਇਸ ਸ਼੍ਰੇਣੀ ਵਿਚ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਯੂਸਫ਼ ਜ਼ੁਲੈਖਾਂ, ਸ਼ਾਹ ਬਹਿਰਾਮ, ਲੈਲਾ ਮਜਨੂੰ, ਸ਼ੀਰੀਂ ਫ਼ਰਿਹਾਦ ਆਦਿ ਪ੍ਰੇਮੀਆਂ ਦੀਆਂ ਜੀਵਨ ਵਾਰਤਾਵਾਂ ਕਵਿਤਾ ਵਿਚ ਲਿਖੀਆਂ ਲਈਆਂ ਜਾ ਸਕਦੀਆਂ ਹਨ।

੨. ਧਾਰਮਕ ਕਿੱਸੇ–ਕਈਆਂ ਕਵੀਆਂ ਨੇ ਰਾਮਾਇਣ, ਮਹਾਂ ਭਾਰਤ, ਪੁਰਾਣਾਂ, ਅਤੇ ਵਖ ਵਖ ਅਵਤਾਰਾਂ, ਗੁਰੂਆਂ, ਦੇਵੀ ਦੇਵਤਿਆਂ ਤੇ ਪੀਰਾਂ ਫ਼ਕੀਰਾਂ ਦੇ ਜੀਵਨ ਸਬੰਧੀ ਲਿਖੀਆਂ ਕਾਵਿ ਰਚਨਾਵਾਂ ਪ੍ਰਕਾਸ਼ਤ



Digitized by Panjab Digital Library | www.panjabdigilib.org

ਕੀਤੀਆਂ ਹਨ, ਜੋ ਇਸ ਸ਼ਰੇਣੀ ਵਿਚ ਆ ਸਕਦੀਆਂ ਹਨ।

੩. ਰਾਜਸੀ ਕਿੱਸੇ--ਅਜਿਹਾਂ ਕਿੱਸਿਆਂ ਵਿਚ ਵੱਖ ਵੱਖ ਰਾਜਸੀ ਲਹਿਰਾਂ ਨਾਲ ਸਬੰਧਤ ਵਿਅਕਤੀਆਂ ਦੀਆਂ ਜੀਵਨ ਕਥਨਾਵਾਂ ਹੁੰਦੀਆਂ ਹਨ।

੪. ਇਤਿਹਾਸਕ ਕਿੱਸੇ--ਅਜਿਹੇ ਕਿੱਸਿਆਂ ਵਿਚ ਕੇਵਲ ਇਤਿਹਾਸਕ ਘਟਨਾਵਾਂ ਹੀ ਕਵਿਤਾ ਵਿਚ ਬਿਆਨ ਕੀਤੀਆਂ ਹੁੰਦੀਆਂ ਹਨ। ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਨੇ ਇਸ ਤਰ੍ਹਾਂ ਦੇ ਕਈ ਕਿੱਸੇ ਲਿਖੇ ਸਨ।

੫. ਅਧਿਆਤਮਕ ਰੰਗ ਦੇ ਕਿੱਸੇ--ਅਜਿਹਾਂ ਕਿੱਸਿਆਂ ਵਿਚ ਜੀਵਨ ਸਬੰਧੀ, ਆਤਮਾ ਤੇ ਪਰਮਾਤਮਾ ਦੇ ਮੇਲ ਸਬੰਧੀ ਤੇ ਗਿਆਨ ਦੀ ਪ੍ਰਾਪਤੀ ਸਬੰਧੀ ਕਈ ਤਰ੍ਹਾਂ ਦੀਆਂ ਵਾਰਤਾਵਾਂ ਹੁੰਦੀਆਂ ਹਨ।"

ਡਾ: ਮੋਹਨ ਸਿੰਘ ਜੀ 'ਦੀਵਾਨਾ' ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ' ਵਿਚ ਲਿਖਦੇ ਹਨ, "ਕਿੱਸਾ ਕੋਈ ਮਮੂਲੀ ਜਹੀ ਚੀਜ਼ ਨਹੀਂ, ਨਾ ਹੀ ਇਹ ਘਿਰਣਾ ਦੇ ਯੋਗ ਹੈ। ਮਮੂਲੀ ਕਵੀ ਕਿੱਸਾ ਨਹੀਂ ਲਿਖ ਸਕਦਾ ਤੇ ਇਕ ਮਹਾਂ ਕਵੀ ਹੀ ਕਿੱਸੇ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਨਿਭਾ ਸਕਦਾ ਹੈ।" ਸੋ ਇਹ ਬਿਲਕੁਲ ਠੀਕ ਹੈ। ਕਿੱਸੇ ਵਿਚ ਇੱਕ ਪਾਸੇ ਵਾਰਤਾ ਦਾ ਪਲਾਟ ਪੂਰੀ ਤਰ੍ਹਾਂ ਗੁੰਦਿਆ ਹੋਣਾ ਚਾਹੀਦਾ ਹੈ ਅਤੇ ਦੂਸਰੇ ਪਾਸੇ ਕਵਿਤਾ ਦੀਆਂ ਖੂਬੀਆਂ ਦਾ ਖਿਆਲ ਰੱਖਿਆ ਜਾਣਾ ਜ਼ਰੂਰੀ ਹੈ।

ਕਿੱਸਿਆਂ ਵਿਚ ਹੇਠ ਲਿਖੇ ਵਿਸ਼ੇ ਆਮ ਦੇਖਣ ਵਿਚ ਆਉਂਦੇ ਹਨ:--

੧. ਇਤਿਹਾਸ--ਕਿਸੇ ਹਸਤੀ ਦਾ ਜੀਵਨ ਜਾਂ ਕਿਸੇ ਕੌਮ ਦਾ ਇਤਿਹਾਸ।

੨. ਧਰਮ--ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਨੇ ਆਪਣੇ ਆਪਣੇ ਧਰਮ ਨਾਲ ਸਬੰਧ ਰੱਖਣ ਵਾਲੀਆਂ ਹਸਤੀਆਂ ਤੇ



Digitized by Panjab Digital Library | www.panjabdigilib.org

ਘਟਨਾਵਾਂ ਸਬੰਧੀ ਕਈ ਤਰ੍ਹਾਂ ਦੇ ਕਿਸੇ ਲਿਖੇ।

੩. ਰਾਜਨੀਤੀ।

੪. ਦੈਵੀ ਸਹਾਇਤਾ ਜਾਂ ਦੇਵੀ ਦੇਵਤਿਆਂ ਦੇ ਜੀਵਨ ਨਾਲ ਸਬੰਧ ਰੱਖਣ ਵਾਲੀਆਂ ਵਾਰਤਾਵਾਂ।

੫. ਮਨ ਦੀ ਕਲਪਨਾ ਨਾਲ ਉਪਜਾਈਆਂ ਵਾਰਤਾਵਾਂ।

੬. ਸਮਾਜ ਸੁਧਾਰ।

੭. ਲੋਕ ਗੀਤ ਤੇ ਮਨ ਦੇ ਉਬਾਲਾਂ ਦਾ ਵੱਖ ਵੱਖ ਧਾਰਨਾ ਵਿਚ ਬਿਆਨ।

੮. ਪ੍ਰੇਮ ਕੁਠੀਆਂ ਨਾਇਕਾਂ ਅਤੇ ਉਨ੍ਹਾਂ ਦੇ ਪ੍ਰੇਮੀਆ ਦੀਆਂ ਜੀਵਨ ਘਟਨਾਵਾਂ।

ਕਿੱਸਿਆਂ ਵਿੱਚ ਜਿਥੇ ਕਈ ਤਰ੍ਹਾਂ ਦੇ ਵਿਸ਼ੇ, ਵਿਚਾਰ, ਖਿਆਲ ਤੇ ਘਟਨਾਵਾਂ ਪਰਗਟ ਹੁੰਦੀਆਂ ਹਨ, ਓਥੇ ਇਨ੍ਹਾਂ ਵਿੱਚ ਹਰ ਤਰ੍ਹਾਂ ਦੇ ਛੰਦਾਂ ਦੇ ਰੂਪ ਅਤੇ ਕਵਿਤਾ ਦੇ ਭੇਦ ਵੀ ਮਿਲਦੇ ਹਨ ਜੋ ਸਾਹਿਤਕਾਰਾਂ ਲਈ ਖਾਸ ਮਹਾਨਤਾ ਰਖਦੇ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਜਿਨ੍ਹਾਂ ਜਿਨ੍ਹਾਂ ਕਵੀਆਂ ਦਾ ਜ਼ਿਕਰ ਆਇਆ ਹੈ ਉਹਨਾ ਨੇ ਵੱਖ ਵੱਖ ਤਰ੍ਹਾਂ ਦੇ ਕਿੱਸੇ ਹੀ ਲਿਖੇ ਸਨ, ਜਿਨ੍ਹਾਂ ਦੇ ਅਧਾਰ ਤੇ ਅਸੀ ਉਨ੍ਹਾਂ ਦੀ ਕਵਿਤਾ ਸਬੰਧੀ ਅਨੁਮਾਨ ਲਾ ਸੱਕੇ ਹਾਂ। ਇਸ ਤਰ੍ਹਾਂ ਪਿੰਗਲਕਾਰ ਵੀ ਕਿੱਸਿਆਂ ਤੋਂ ਹੀ ਵਖ ਵੱਖ ਤਰ੍ਹਾਂ ਦੀ ਛੰਦ ਰਚਨਾ ਤੇ ਕਵਿਤਾ ਦੇ ਭੇਦਾਂ ਤੋਂ ਹੀ ਕਈ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਦੇ ਹਨ। ਪੰਜਾਬੀ ਕਿੱਸਿਆਂ ਵਿੱਚ ਆਮ ਕਰ ਕੇ ਹੇਠ ਲਿਖੇ ਛੰਦ ਤੇ ਕਵਿਤਾ ਦੇ ਭੇਦ ਦੇਖਣ ਵਿੱਚ ਆਏ ਹਨ: -

੧. ਬੈਂਤ, ੨. ਪੁਰਾਣੇ ਬੈਂਤ, ੩. ਕਬਿੱਤ, ੪. ਕੋਰੜਾ, ੫. ਸਵੱਯਾ, ੬. ਝੂਲਣਾ, ੭. ਸਿਰਖੰਡੀ, ੮. ਦਵੱਯਾ, ੯. ਦੋਹਰਾ, ੧੦. ਸੋਰਠਾ, ੧੧. ਚੌਪਈ ੧੨. ਰੁਬਾਈ ੧੩. ਕੁੰਡਲੀਆ, ੧੪. ਛਪੈ, ੧੫. ਡਿਓਢ, ੧੬. ਚਿਤਰਕਲਾ ਜਾਂ ਸੋਹਿਲਾ।



Digitized by Panjab Digital Library | www.panjabdigilib.org

ਛੰਦ, ਸਲੋਕ, ਦੋਹਾ, ਕਾਫ਼ੀ, ਬਿਸ਼ਨਪਦਾ, ਗ਼ਜ਼ਲ, ਰੇਖਤਾ, ਖ਼ਿਆਲ, ਬਾਰਾਂ ਮਾਂਹ, ਸਤਵਾਰਾ, ਅਠਵਾਰਾ, ਚਿੱਠੀ, ਥਿੱਤਾਂ, ਸੱਦ, ਸੀਹਰਫ਼ੀ, ਪੈਂਤੀ ਅੱਖਰੀ, ਬਾਵਨ ਅੱਖਰੀ, ਸਿੱਠਣੀਆਂ ਆਦਿ।

ਜਦੋਂ ਵੀ ਪੰਜਾਬ ਵਿਚ ਕੋਈ ਰਾਜਸੀ, ਧਾਰਮਕ, ਭਾਈਚਾਰਕ ਜਾਂ ਵਿਅਕਤੀ ਗਤ ਘਟਨਾ ਵਾਪਰਦੀ ਹੈ ਜਾਂ ਕੋਈ ਅੰਦੋਲਨ ਆਉਂਦਾ ਰਿਹਾ ਹੈ ਤਾਂ ਕਈ ਤਰ੍ਹਾਂ ਦੇ ਪੰਜਾਬੀ ਕਿੱਸੇ ਲਿਖੇ ਜਾਂਦੇ ਰਹੇ ਹਨ। ਇਹ ਕਿੱਸੇ ਆਮ ਤੌਰ ਤੇ ਸਰਬ ਸਾਂਝੇ ਹੁੰਦੇ ਹਨ ਤੇ ਜਨਤਾ ਵਿਚ ਬੜੇ ਉਤਸ਼ਾਹ ਨਾਲ ਪੜ੍ਹੇ ਜਾਂਦੇ ਹਨ।

ਪੰਜਾਬ ਵਿਚ ਕਿੱਸੇ ਲਿਖਣ ਦਾ ਰਵਾਜ ਪ੍ਰਾਚੀਨ ਕਾਲ ਤੋਂ ਚਲਿਆ ਆਉਂਦਾ ਹੈ। ਪੰਜਾਬੀ ਬੋਲੀ ਵਿਚ ਕਈ ਤਰ੍ਹਾਂ ਦੀਆਂ ਵਾਰਤਾਵਾਂ ਜੋਗੀਆਂ ਦੇ ਸਮੇਂ ਹੀ ਪਰਚਲਤ ਹੋ ਚੁੱਕੀਆਂ ਸਨ ਜਿਸ ਕਰ ਕੇ ਕਿੱਸਿਆਂ ਦੇ ਲਿਖਾਰੀਆਂ ਨੇ ਰਾਜਾ ਬਿਕਰਮਾ ਜੀਤ, ਗੁਰੂ ਗੋਰਖ ਨਾਥ, ਰਾਜਾ ਭਰਥਰੀ, ਰਾਜਾ ਗੋਪੀ ਚੰਦ, ਰਾਜਾ ਸਲਵਾਹਨ, ਪੂਰਨ ਭਗਤ, ਰਾਜਾ ਰਸਾਲੂ, ਰੂਪ ਬਸੰਤ, ਰਾਜਾ ਸਿਰਕੱਪ, ਆਦਿਕਾਂ ਦੇ ਕਿੱਸੇ ਵਖ ਵਖ ਰੂਪਾਂ ਵਿਚ ਪਰਗਟ ਕੀਤੇ। ਇਨ੍ਹਾਂ ਕਿੱਸਿਆਂ ਵਿਚ ਆਮ ਕਰ ਕੇ ਇਸਤਰੀਆਂ ਦੇ ਪ੍ਰੇਮ ਨਾਲ ਸਬੰਧ ਰੱਖਣ ਵਾਲੀਆਂ ਵਾਰਤਾਵਾਂ ਹੀ ਹਨ ਕਿ ਕਿਸੇ ਰਾਜੇ ਦੀ ਰਾਣੀ ਨੇ ਪਤੀ ਨਾਲ ਬੇਵਫ਼ਾਈ ਕੀਤੀ ਉਸ ਨੇ ਹੋਰ ਨਾਲ ਪ੍ਰੇਮ ਕਰ ਲਿਆ, ਰਾਜਾ ਜੋਗੀ ਬਣ ਗਿਆ। ਜਾਂ ਕੋਈ ਹੁਸੀਨ ਮੁਟਿਆਰ ਆਪਣੇ ਬੁਢੇ ਰਾਜੇ ਦੇ ਪ੍ਰੇਮ ਤੋਂ ਸੰਤੁਸ਼ਟ ਨਾ ਹੋਈ ਤੇ ਉਸ ਨੇ ਆਪਣੇ ਨੌਜਵਾਨ ਮਤ੍ਰਏ ਪੁੱਤਰ ਉਤੇ ਹੀ ਪ੍ਰੇਮ ਡੋਰੇ ਪਾ ਕੇ ਕਾਮ ਪੂਰਤੀ ਕਰਨੀ ਚਾਹੀ ਤੇ ਜੇ ਉਹ ਧਰਮੀ ਜਾਲ ਵਿਚ ਨਾ ਫਸਿਆ ਤੇ ਉਸ ਉਤੇ ਝੂਠਾ ਦੂਸ਼ਨ ਲਾ ਕੇ ਉਸ ਨੂੰ ਮਰਵਾ ਦਿੱਤਾ। ਕਿਸੇ ਰਾਣੀ ਨੇ ਆਪਣੇ ਪਤੀ ਦੀ ਗ਼ੈਰ ਹਾਜ਼ਰੀ ਵਿਚ ਉਸਦੀ ਲਾਪਰਵਾਹੀ ਕਰ ਕੇ ਕਿਸੇ ਹੋਰ ਰਾਜੇ ਨਾਲ ਪ੍ਰੇਮ ਪਾ ਲਿਆ। ਇਸ ਤਰ੍ਹਾਂ ਦੀਆਂ ਪ੍ਰੇਮ ਕਥਾਵਾਂ ਇਨ੍ਹਾਂ ਕਿੱਸਿਆਂ ਵਿਚ ਆਮ ਮਿਲਦੀਆਂ ਹਨ ਤੇ ਗੁਰੂ ਗੋਰਖ



Digitized by Panjab Digital Library | www.panjabdigilib.org

ਨਾਥ ਦੀ ਸਹਾਇਤਾ ਆਮ ਘਟਨਾਵਾਂ ਵਿਚ ਦੱਸੀ ਜਾਂਦੀ ਹੈ।

ਦੂਸਰੇ ਕਿੱਸੇ ਰਾਜਪੂਤ ਨਾਇਕ ਤੇ ਨਾਇਕਾਵਾਂ ਦੇ ਲਿਖੇ ਗਏ ਜਿਨ੍ਹਾਂ ਵਿਚ ਪਿਆਰ, ਮੁਹੱਬਤ, ਇਸ਼ਕ ਤੇ ਬਹਾਦਰੀ ਦੀਆਂ ਘਟਨਾਵਾਂ ਲਿਖੀਆਂ ਗਈਆਂ ਹਨ। ਹੀਰ ਦਾ ਕਿੱਸਾ ਸਾਰੇ ਪੰਜਾਬ ਵਿਚ ਮਸ਼ਹੂਰ ਹੋਇਆ। ਪੰਜਾਬੀ ਸਾਹਿਤ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਹੀਰ ਦਾ ਕਿੱਸਾ ਝੰਗ ਦੇ ਅਲਾਕੇ ਦੀ ਬੋਲੀ ਵਿਚ ਦਾਮੋਦਰ ਦਾਸ ਗੁਲ੍ਹਾਟੀ ਨੇ ਲਿਖਿਆ। ਇਹ ਕਿੱਸਾ ਪੁਰਾਣੇ ਬੈਤਾਂ ਦੀ ਧਾਰਨਾ ਦਾ ਹੈ। ਦਾਮੋਦਰ ਲਿਖਦਾ ਹੈ ਕਿ ਉਸ ਨੇ ਹੀਰ ਤੇ ਰਾਂਝੇ ਦਾ ਸਾਰਾ ਕੌਤਕ ਆਪਣੀ ਅੱਖੀਂ ਵੇਖਿਆ ਸੀ। ਇਹ ਕਿਸਾ ਅਕਬਰ ਦੇ ਰਾਜ ਦੇ ਮੁਢਲੇ ਸਮੇਂ ਵਿਚ ਲਿਖਿਆ ਜਾਪਦਾ ਹੈ, ਜਦੋਂ ਕਿ ਪੰਜਾਬ ਉਤੇ ਅਜੇ ਉਸ ਦਾ ਪੂਰੀ ਤਰ੍ਹਾਂ ਅਧਿਕਾਰ ਨਹੀਂ ਸੀ ਹੋਇਆ। ਇਸ ਕਿੱਸੇ ਦੇ ਅੰਤ ਵਿਚ ਇਸ ਨੇ ਹੀਰ ਤੇ ਰਾਂਝੇ ਦੇ ਮਿਲਾਪ ਦਾ ਸਮਾਂ ਸੰਮਤ ੧੫੯੯ ਬਿਕਰਮੀ ਦੱਸਿਆ ਹੈ ਜਦ ਕਿ ਉਹ ਕੋਟ ਕਬੂਲੇ ਦੇ ਕਾਜ਼ੀ ਦੇ ਫੈਸਲੇ ਦੇ ਮਗਰੋਂ ਮੱਕੇ ਚਲੇ ਗਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਦਾਮੋਦਰ ਨੇ ਇਸ ਘਟਨਾ ਤੋਂ ਬਹੁਤ ਚਿਰ ਪਿੱਛੋਂ ਕਿੱਸਾ ਲਿਖਿਆ ਹੋਵੇਗਾ, ਜਦੋਂ ਕਿ ਚੂਚਕ ਤੇ ਉਸ ਦੇ ਪੁਤਰ ਮਰ ਖਪ ਗਏ ਹੋਣਗੇ ਤੇ ਅਕਬਰ ਦਾ ਰਾਜ ਸ਼ੁਰੂ ਹੋ ਚੁੱਕਾ ਹੋਵੇਗਾ।

'ਰਾਂਝਾ ਤੇ ਹੀਰ' ਪੰਜਾਬ ਦੇ ਵੱਡੇ ਹੀਰੋ ਤੇ ਹੀਰੋਇਨ (ਨਾਇਕ ਤੇ ਨਾਇਕਾ) ਮੰਨੇ ਜਾਂਦੇ ਹਨ। ਇਨ੍ਹਾਂ ਦਾ ਇਸ਼ਕ ਬੜਾ ਧੜੱਲੇਦਾਰ ਮੰਨਿਆਂ ਜਾਂਦਾ ਹੈ, ਜਿਸ ਕਰ ਕੇ ਹੀਰ ਦਾ ਕਿੱਸਾ ਬਹੁਤ ਸਾਰੇ ਕਵੀਆਂ ਨੇ ਲਿਖਿਆ। ਦਾਮੋਦਰ ਦਾਸ ਤੋਂ ਮਗਰੋਂ ਸੰਨ ੧੭੦੭ ਈਸਵੀ ਵਿਚ ਗੁਰਦਾਸ ਕੋਹਲੀ ਨੇ ਇਕ ਹੀਰ ਦਾ ਕਿੱਸਾ ਲਿਖਿਆ। ਇਸ ਉਤੇ ਰਬੀ ਬੋਲੀ ਦਾ ਵਧੇਰੇ ਅਸਰ ਸੀ, ਕਿਉਂਕਿ ਇਹ ਕਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੀ ਤੇ ਇਹ ਹਿੰਦੀ ਦੀ ਕਵਿਤਾ ਵੀ ਲਿਖਦਾ ਹੁੰਦਾ ਸੀ। ਇਸ ਤੋਂ ਮਗਰੋਂ ਮੁਕਬਲ ਤੇ ਅਹਿਮਦ ਨੇ



Digitized by Panjab Digital Library | www.panjabdigilib.org

ਨਵੀਨ ਬੈਂਤਾਂ ਵਿਚ ਹੀਰ ਦੇ ਕਿਸੇ ਲਿਖੇ। ਇਨ੍ਹਾਂ ਦੀ ਕਹਾਣੀ ਮੁਸਲਮਾਨੀ ਰਵਾਇਤ ਅਨੁਸਾਰ ਕੁਝ ਬਦਲ ਗਈ। ਪਰ ਜੋਗੀ ਦਾ ਜ਼ਿਕਰ ਇਨ੍ਹਾਂ ਮੁਸਲਮਾਨਾਂ ਨੇ ਵੀ ਕੀਤਾ। ਇਨ੍ਹਾਂ ਤੋਂ ਮਗਰੋਂ ਵਾਰਸ ਸ਼ਾਹ ਨੇ ਹੀਰ ਦਾ ਕਿੱਸਾ ੧੭੭੫ ਈਸਵੀ ਜਾਂ ੧੧੮੦ ਹਿਜਰੀ ਵਿਚ ਲਿਖਿਆ, ਇਸ ਕਿੱਸੇ ਨਾਲ ਹੀਰ ਤੇ ਰਾਂਝੇ ਦੀ ਵਾਰਤਾ ਪੰਜਾਬ ਦੇ ਕੋਨੇ ਕੋਨੇ ਵਿਚ ਆਮ ਪ੍ਰਚਲਤ ਹੋ ਗਈ। ਇਸ ਤੋਂ ਮਗਰੋਂ ਹਾਮਦ ਤੇ ਅਹਿਮਦ ਯਾਰ ਆਦਿਕ ਕਵੀਆਂ ਨੇ ਹੀਰ ਲਿਖੀ। ਅਹਿਮਦ ਯਾਰ ਦੀ ਹੀਰ ਵੀ ਚੰਗੀ ਕਹੀ ਜਾ ਸਕਦੀ ਹੈ। ਇਹ ਵੀ ਪੁਰਾਣੇ ਬੈਂਤਾਂ ਦੀ ਧਾਰਨਾ ਵਿਚ ਹੈ, ਇਸ ਸਮੇਂ ਗੁਰਬਖਸ਼ ਰਾਇ ਨੇ ਹੀਰ ਦਾ ਕਿੱਸਾ ਲਿਖਿਆ।

ਅੰਗ੍ਰੇਜ਼ੀ ਰਾਜ ਦੇ ਮੁਢਲੇ ਸਮੇਂ ਵਿਚ ਵੀ ਬਹੁਤ ਸਾਰੇ ਕਵੀਆਂ ਨੇ ਹੀਰ ਦਾ ਕਿੱਸਾ ਲਿਖਿਆ ਜਿਨ੍ਹਾਂ ਵਿਚੋਂ ਫਜ਼ਲ ਸ਼ਾਹ, ਕਾਹਨ ਸਿੰਘ, ਨਿਹੰਗ ਸਿੰਘ, ਜੋਗਾ ਸਿੰਘ, ਸਾਈਂ ਮੌਲਾ ਸ਼ਾਹ, ਗੋਪਾਲ ਸਿੰਘ, ਕਿਸ਼ਨ ਸਿੰਘ ਆਰਫ਼ ਅਤੇ ਮੌਲਾ ਬਖਸ਼ ਜੀ ਕੁਸ਼ਤਾ ਆਦਿ ਹਨ, ਕਿਸ਼ਨ ਸਿੰਘ ਆਰਫ਼ ਦੀ ਹੀਰ ਕਲੀਆਂ ਜਾਂ ਪੌੜੀਆਂ ਦੀ ਧਾਰਨਾ ਵਿਚ ਹੈ ਅਤੇ ਨਵੇਂ ਰੰਗ ਦੀ ਹੈ।

ਇਹਨਾਂ ਤੋਂ ਬਿਨਾਂ ਲਾਹੌਰਾ ਸਿੰਘ, ਭਗਵਾਨ ਸਿੰਘ, ਰਣ ਸਿੰਘ ਜੋਗ ਸਿੰਘ, ਰੋਸ਼ਨ ਹੁਸੈਨ, ਗੁਲਾਮ ਜੀਲਾਨੀ, ਆਦਿ ਨੇ ਵੀ ਹੀਰ ਦੇ ਕਿੱਸੇ ਲਿਖੇ। ਮੁਸਲਮਾਨ ਪੰਜਾਬੀ ਕਵੀਆਂ ਵਿਚ ਤਾਂ ਇਹ ਰਵਾਇਤ ਹੀ ਬਣ ਗਈ ਸੀ ਕਿ ਜਿਹੜਾ ਕਵੀ ਹੀਰ ਦਾ ਕਿੱਸਾ ਜਾਂ ਹੀਰ ਸਬੰਧੀ ਕੁਝ ਬੈਂਤ ਨਾ ਲਿਖੇ ਉਹ ਕਵੀ ਹੀ ਨਹੀਂ ਹੋ ਸਕਦਾ।

ਜਿਸ ਤਰ੍ਹਾਂ ਕਾਦਰ ਯਾਰ ਦਾ ਪੂਰਨ ਭਗਤ ਦਾ ਨਿਕਾ ਜਿਹਾ ਕਿਸਾ ਮਸ਼ਹੂਰ ਹੈ, ਇਸੇ ਤਰ੍ਹਾਂ ਦੌਲਤ ਰਾਮ ਦਾ ਰਾਜਾ ਰਸਾਲੂ ਤੇ ਕਾਲੀ ਦਾਸ (ਗੁਜਰਾਂ ਵਾਲੀਏ) ਦਾ ਪੂਰਨ ਭਗਤ ਦਾ ਕਿੱਸਾ ਮਸ਼ਹੂਰ ਹੈ। ਫ਼ਜ਼ਲ ਸ਼ਾਹ ਦੀ ਸੋਹਣੀ, ਹਾਸ਼ਮ ਦੀ ਸੱਸੀ ਆਦਿ ਕਿਸੇ ਵੀ ਬੜੇ



Digitized by Panjab Digital Library | www.panjabdigilib.org

ਮਸ਼ਹੂਰ ਹਨ। ਇਸ ਵਿਚ ਸ਼ੱਕ ਨਹੀਂ ਕਿ ਵਾਰਸ ਸ਼ਾਹ ਦੀ ਹੀਰ ਵਾਂਗ 'ਹਾਸ਼ਮ' ਦੀ ਸੱਸੀ ਵੀ ਆਪਣੀ ਕਵਿਤਾ ਕਰਕੇ ਬੜੀ ਮਸ਼ਹੂਰ ਹੋ ਚੁੱਕੀ ਹੈ ।

ਅੰਗ੍ਰੇਜ਼ੀ ਰਾਜ ਦੇ ਮਸ਼ਹੂਰ ਕਿੱਸਾ ਲਿਖਾਰੀਆਂ ਵਿਚੋਂ ਹੇਠਾਂ ਲਿਖੇ ਕਵੀ ਕਾਫੀ ਪਰਸਿੱਧ ਹੋ ਚੁਕੇ ਹਨ –

੧. ਫ਼ਜ਼ਲ ਸ਼ਾਹ–ਹੀਰ, ਸੁਹਣੀ, ਸੱਸੀ ਆਦਿ।

੨. ਗੁਲਾਮ ਰਸੂਲ–ਸੱਸੀ, ਸ਼ੀਰੀਂ ਫਰਿਹਾਦ ਆਦਿ।

੩. ਮੀਰ ਹੁਸੈਨ–ਸੱਸੀ ਤੇ ਹੋਰ ਕਿਸੇ ।

੪. ਅਬਦੁਲ ਹਕੀਮ।

੫. ਮੁਹੰਮਦ ਸ਼ਾਹ ਕਿਸ਼ਤੀ–ਮਿਰਜ਼ਾ ਸਾਹਿਬਾਂ।

੬. ਮੁਹੰਮਦ ਬੂਟਾ--ਸੱਸੀ ਪੁੰਨੂੰ ਤੇ ਹੋਰ ਕਿਸੇ।

ਇਹ ਸਨ ਮੁਸਲਮਾਨ ਮਸ਼ਹੂਰ ਕਿੱਸਾ ਨਵੀਸ, ਇਨ੍ਹਾਂ ਤੋਂ ਬਿਨਾਂ ਬਹੁਤ ਸਾਰੇ ਹਿੰਦੂ ਤੇ ਸਿਖ ਕਿੱਸਾ ਨਵੀਸ ਵੀ ਹੋਏ ਦੌਲਤ ਰਾਮ, ਮੌਜ ਚੰਦ, ਰਾਮ ਲੁਭਾਇਆ, ਕਾਂਸ਼ੀ ਰਾਮ ਚੰਡਿਹੋਕ, ਕਿਸ਼ੋਰ ਚੰਦ ਬੱਦੋਵਾਲ, ਹਰਨਾਮ ਸਿੰਘ ਪਿੰਡ ਸੇਖਾ, ਸਾਧੂ ਸਦਾ ਰਾਮ, ਬਿਸ਼ਨ ਸਿੰਘ ਖੱਤਰੀ, ਭਾਈ ਗੁਰਦਿਤ ਸਿੰਘ, ਸਾਧੂ ਦਯਾ ਰਾਮ, ਗੋਪਾਲ ਸਿੰਘ ਤੇ ਅਜ ਕਲ ਦੇ ਕਵੀਆਂ ਵਿਚੋਂ ਲਾਲਾ ਧਨੀ ਰਾਮ ਜੀ ਚਾਤ੍ਰਿਤ, ਮਿਲਖੀ ਰਾਮ ਲਾਹੌਰੀ ਆਦਿ–ਜਿਨ੍ਹਾਂ ਨੇ ਮਾਰਫਤ, ਵੇਦਾਂਤ, ਆਰਫ਼ਾਨਾ ਤੇ ਸੂਫਿਆਨਾ ਖਿਆਲਾਂ ਦੇ ਕਿਸੇ ਕਵਿਤਾ ਵਿਚ ਲਿਖੇ । ਬਹੁਤ ਸਾਰਿਆਂ ਨੇ ਵਖ ਵਖ ਨਾਇਕਾਂ ਤੇ ਨਾਇਕਾਵਾਂ ਦੀਆਂ ਪਰੇਮ ਵਾਰਤਾਂ ਨੂੰ ਵੀ ਕਿਸਿਆਂ ਦੇ ਰੂਪ ਵਿਚ ਪਰਗਟਾਇਆ, ਇਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਜ਼ਿਕਰ ਪਹਿਲੇ ਕੀਤਾ ਜਾ ਚੁੱਕਾ ਹੈ। ਡਾ: ਮੋਹਨ ਸਿੰਘ ਜੀ 'ਦੀਵਾਨਾਂ' ਨੇ ਬਹੁਤ ਸਾਰੇ ਕਿੱਸਾ ਨਵੀਸਾਂ ਦਾ ਜ਼ਿਕਰ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ' ਵਿਚ ਕੀਤਾ ਹੈ।



Digitized by Panjab Digital Library | www.panjabdigilib.org

# ਪੰਜਾਬੀ ਕਵਿਤਾ ਵਿਚ ਰੋਮਾਂਸ

ਰੋਮਾਂਸ ਕੀ ਹੈ ? ਇਸ ਸਬੰਧੀ ਵਖ ਵਖ ਵਿਦਵਾਨਾਂ ਦੇ ਵਖ ਵਖ ਵਿਚਾਰ ਹਨ। ਰੋਮਾਂਸ ਇਕ ਅੰਗ੍ਰੇਜ਼ੀ ਸ਼ਬਦ ਹੈ ਜਿਸ ਦਾ ਵਿਸ਼ੇਸ਼ਣ 'ਰੋਮਾਂਟਿਕ' ਹੈ। ਅਜ ਕਲ ਕਈ ਲਿਖਾਰੀ ਰੋਮਾਂਟਿਕ ਨੂੰ 'ਰੋਮਾਂਚਿਕ' ਵੀ ਲਿਖਣ ਲਗ ਪਏ ਹਨ।

'ਰੋਮਾਂਸ' ਅਸਲ ਵਿਚ ਰੋਮਨ ਬੋਲੀ ਦਾ ਸ਼ਬਦ ਹੈ, ਇਹ ਪੁਰਾਣੇ ਫ਼ਰਾਂਸ ਦੀ ਦੇਸੀ ਬੋਲੀ ਸੀ ਤੇ ਉਸ ਵਿਚ ਜੋ ਕੁਝ ਲਿਖਿਆ ਜਾਂਦਾ ਸੀ, ਸਭ ਰੋਮਾਂਟਿਕ' ਅਖਵਾਉਂਦਾ ਸੀ, ਕੁਝ ਸਮਾਂ ਪਾ ਕੇ ਇਸ ਦਾ ਅਰਥ ਅਜਿਹੀ ਵਾਰਤਾ ਜੋ ਕਵਿਤਾ ਵਿਚ ਹੋਵੇ ਤੇ ਜਿਸ ਵਿਚ ਪੇਂਡੂ ਇਸ਼ਕ ਤੇ ਬਹਾਦਰੀ ਦਾ ਵਰਣਨ ਹੋਵੇ, ਲਇਆ ਜਾਣ ਲਗਾ। ਅਜ ਕਲ 'ਰੋਮਾਂਟਿਕ' ਰਚਨਾਵਾਂ ਉਹ ਹੁੰਦੀਆਂ ਹਨ, ਜਿਨ੍ਹਾਂ ਵਿਚ –

'ਸ਼ਾਨ ਸ਼ੌਕਤ, ਸੁੰਦਰਤਾ, ਹੁਸਨ, ਰੰਗੀਨੀ, ਸ਼ੋਖੀ, ਕਾਮਚੇਸ਼ਟਾ ਤੇ ਪਰੇਮ ਝਰਨਾਟਾਂ ਦਾ ਵਰਣਨ ਹੋਵੇ। ਇਸ ਤੋਂ ਬਿਨਾਂ ਜਿਨ੍ਹਾਂ ਵਿਚ ਵਿਸਮਾਦ (ਅਸਚਰਜਤਾ), ਮਸਤੀ, ਸ਼ਿੰਗਾਰ, ਤੇ ਕੁਦਰਤ ਦੀ ਰੰਗੀਨੀ ਹੋਵੇ।'

ਇਸ ਕਸਵਟੀ ਅਨੁਸਾਰ ਸ਼ੇਖ ਫ਼ਰੀਦ ਜੀ ਤੋਂ ਮਗਰੋਂ ਗੁਰੂ ਨਾਨਕ, ਗੁਰੂ ਅਰਜਨ ਦੇਵ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ ਜੀ, ਸਾਰੇ ਸੂਫ਼ੀ ਤੇ ਮੁਸਲਮਾਨ ਕਵੀ, ਅਜ ਕਲ ਦੇ ਮਸ਼ਹੂਰ ਕਵੀ ਡਾ: ਭਾਈ ਵੀਰ ਸਿੰਘ ਜੀ, ਲਾ: ਧਨੀ ਰਾਮ ਜੀ ਚਾਤ੍ਰਿਕ, ਡਾ: ਮੋਹਨ ਸਿੰਘ ਜੀ ਦੀਵਾਨਾ, ਪ੍ਰੋ: ਮੋਹਨ ਸਿੰਘ ਜੀ, ਪ੍ਰੀਤਮ ਸਿੰਘ ਜੀ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਸ੍ਰ: ਅਵਤਾਰ ਸਿੰਘ ਜੀ ਆਜ਼ਾਦ, ਪ੍ਰੋ: ਪੂਰਨ ਸਿੰਘ ਜੀ, ਬਾਵਾ ਬਲਵੰਤ ਜੀ ਆਦਿ ਸਾਰੇ ਕਵੀ ਪੰਜਾਬੀ ਦੇ ਰੋਮਾਂਟਿਕ ਕਵੀ ਮੰਨੇ ਜਾ ਸਕਦੇ ਹਨ। ਕੋਈ ਵੀ ਕਵੀ ਜਿਸ ਦੀ ਕਵਿਤਾ ਵਿਚ ਉਪਰ ਦੱਸਿਆ ਰੰਗ ਮਿਲਦਾ ਹੋਵੇ ਰੋਮਾਂਟਿਕ ਕਵੀ ਹੁੰਦਾ ਹੈ।



Digitized by Panjab Digital Library | www.panjabdigilib.org

# ਪੰਜਾਬੀ ਦੀ ਸੂਫ਼ੀ ਕਵਿਤਾ

'ਸੂਫ਼ੀ' ਸ਼ਬਦ 'ਸੂਫ' ਤੋਂ ਬਣਿਆਂ ਪਰਤੀਤ ਹੁੰਦਾ ਹੈ। ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਵੇਲੇ ਜਿਹੜੇ ਸੰਤ ਸਭ ਤੋਂ ਪਹਿਲੀ ਸਫ਼ (ਕਤਾਰ) ਵਿਚ ਖੜੇ ਹੋ ਕੇ ਨਿਮਾਜ਼ ਪੜ੍ਹਦੇ ਸਨ ਉਨ੍ਹਾਂ ਨੂੰ ਸੂਫ਼ੀ ਕਿਹਾ ਜਾਂਦਾ ਸੀ। ਇਹ ਲੋਕ ਕਾਲੇ ਸੂਫ਼ ਜਾਂ ਉੱਨ ਦੀ ਅਲਫ਼ੀ ਪਹਿਨਦੇ ਸਨ। ਇਨ੍ਹਾਂ ਤੋਂ ਬਿਨਾ ਉਹ ਸੰਤ ਤੋਂ ਬੁਰਾਈਆਂ ਵੱਲੋ ਤੋਬਾ ਕਰ ਕੇ ਮਨ ਨੂੰ ਸਾਫ਼ ਕਰ ਲੈਂਦਾ ਹੈ, ਉਸ ਨੂੰ ਸੂਫੀ ਕਹਿੰਦੇ ਹਨ।

ਸੂਫ਼ੀ ਸਿਧਾਂਤ—ਸੂਫ਼ੀ ਇਕ ਮੁਸਲਮਾਨ ਸੰਤ ਹੁੰਦਾ ਹੈ, ਜੋ ਖ਼ੁਦਾ ਰਸੂਲਾ ਅੱਲਾ (ਹਜ਼ਰਤ ਮੁਹੰਮਦ ਸਾਹਿਬ), ਮੁਰਸ਼ਦ (ਗੁਰੂ) ਤੇ ਆਪਣੇ ਆਪ ਨੂੰ ਇਕ ਰੂਪ ਮੰਨਦਾ ਹੈ। ੨. ਭਾਵੇਂ ਮੁਸਲਮਾਨਾਂ ਵਿਚ ਕਿਸੇ ਨੂੰ ਮੁਰਸ਼ਦ ਜਾਂ ਗੁਰੂ ਕਹਿਣਾ ਕੁਫ਼ਰ ਹੈ, ਪਰ ਇਕ ਸੂਫ਼ੀ ਦਾ ਵਿਸ਼ਵਾਸ ਹੈ ਕਿ ਮੁਰਸ਼ਦ ਜਾਂ ਗੁਰੂ ਰਾਹੀਂ ਹੀ ਰੱਬ ਦੀ ਪ੍ਰਾਪਤੀ ਹੁੰਦੀ ਹੈ। ੩. ਸੂਫ਼ੀ ਇਸ਼ਕ ਜਾਂ ਮੁਹੱਬਤ ਨੂੰ ਰੱਬ ਦੀ ਪ੍ਰਾਪਤੀ ਦਾ ਇਕ ਜ਼ਰੀਆ ਮੰਨਦਾ ਹੈ। ੪. ਦੁਨੀਆਂ ਨੂੰ ਨਾਸਵੰਤ ਤੇ ਛਾਇਆ ਮਾਇਆ ਦਸ ਕੇ ਫ਼ਕੀਰੀ ਧਾਰਨ ਕਰਦਾ ਹੈ ਤੇ ਆਪ ਸਹੇੜੀ ਗ਼ਰੀਬੀ ਵਿਚ ਖੁਸ਼ ਰਹਿੰਦਾ ਹੈ। ੫. ਸਬਰ ਕਰਨਾ ਤੇ ਤਵੱਕੁਲ (ਭਰੋਸਾ) ਰਖਣਾ ਇਸ ਦੇ ਜੀਵਨ ਦਾ ਖਾਸ ਗੁਣ ਹੈ।

ਸੂਫ਼ੀ ਵਜਦ (ਸਰੂਰ) ਵਿਚ ਰਹਿੰਦਾ ਹੈ ਤੇ ਮਸਤੀ ਦੇ ਰੰਗ ਵਿਚ ਮੁਰਸ਼ਦੀ ਪਿਆਰ ਜ਼ਾਹਰ ਕਰਦਾ ਹੈ। ਗਾਉਂਦਾ ਹੈ, ਨੱਚਦਾ ਹੈ, ਲੁੱਡੀਆਂ ਪਾਉਂਦਾ ਤੇ ਪ੍ਰੇਮ ਦੀ ਮਸਤੀ ਦੇ ਹੁਲਾਰੇ ਲੈਂਦਾ ਹੈ। ਕਈ ਵਾਰੀ ਸ਼ਰ੍ਹਾਂ ਦੇ ਬੰਧਨਾਂ ਤੋਂ ਵੀ ਆਜ਼ਾਦ ਹੋ ਜਾਂਦਾ ਹੈ। ਸਾਰਿਆਂ ਵਿਚ ਰੱਬੀ ਨੂਰ ਦਾ ਪ੍ਰਕਾਸ਼ ਦੇਖਦਾ ਹੋਇਆ ਹਰ ਇਕ ਨਾਲ ਪਿਆਰ ਕਰਦਾ ਹੈ।



Digitized by Panjab Digital Library | www.panjabdigilib.org

ਸੂਫ਼ੀ ਸਾਹਿਤ ਦਾ ਪੰਜਾਬੀ ਸਾਹਿਤ ਵਿਚ ਖਾਸ ਹਿੱਸਾ ਹੈ। ਇਸ ਦਾ ਪੰਜਾਬੀ ਸਾਹਿਤ ਉਤੇ ਬਹੁਤ ਅਸਰ ਪਿਆ। ਜਿਹਾ ਕਿ ਪਿੱਛੇ ਦਸ ਆਏ ਹਾਂ ਪੰਜਾਬ ਦੇ ਮਸ਼ਹੂਰ ਸੂਫ਼ੀ ਕਵੀਆਂ ਵਿਚੋਂ:– ੧. ਸ਼ੇਖ਼ ਫ਼ਰੀਦ ਸ਼ਕਰ ਗੰਜ, ੨. ਬਾਬਾ ਫ਼ਰੀਦ ਸਾਨੀ, ੩. ਸ਼ਾਹ ਹੁਸੈਨ, ੪. ਸੁਲਤਾਨ ਬਾਹੂ, ੫. ਅਲੀ ਹੈਦਰ, ੬. ਬੁਲ੍ਹੇ ਸ਼ਾਹ, ੭. ਗੁਲਾਮ ਜੀਲਾਨੀ ਰੁਹਤਕੀ, ੮. ਮੀਰਾਂ ਬਖਸ਼, ੯. ਹਾਸ਼ਮ ਸ਼ਾਹ, ੧੦. ਸੱਯਦ ਕਰਮ ਅਲੀ ਸ਼ਾਹ ਆਦਿ ਬਹੁਤ ਹੀ ਮਸ਼ਹੂਰ ਹਨ ਜਿਨ੍ਹਾਂ ਨੇ ਪੰਜਾਬੀ ਕਵਿਤਾ ਦੇ ਭੰਡਾਰ ਵਿਚ ਬਹੁਤ ਸਾਰਾ ਹਿੱਸਾ ਪਾਇਆ।

—o—

## ਵਾਰਾਂ

ਪੰਜਾਬੀ ਕਵਿਤਾ ਵਿਚ 'ਵਾਰਾਂ' ਵੀ ਖਾਸ ਮਹਾਨਤਾ ਰਖਦੀਆਂ ਹਨ। ਵਖ ਵਖ ਸਮਿਆਂ ਵਿਚ ਕਈ ਕਵੀ ਵਾਰਾਂ ਲਿਖਦੇ ਰਹੇ ਹਨ।

"ਵਾਰ" ਇਕ ਖ਼ਾਸ ਧਾਰਨਾ ਦੀ ਕਵਿਤਾ ਹੁੰਦੀ ਹੈ ਜਿਸ ਵਿਚ ਕਿਸੇ ਜੋਧੇ, ਮਹਾਂ ਵੀਰ; ਦਾਨ ਵੀਰ ਜਾਂ ਕਿਸੇ ਮਹਾਂ ਪੁਰਖ ਦੀ ਵਡਿਆਈ ਹੁੰਦੀ ਹੈ। ਆਮ ਜੋਧਿਆਂ ਦੀਆਂ ਵਾਰਾਂ ਵਿਚ ਜੁੱਧ ਦੇ ਨਜ਼ਾਰੇ, ਸ਼ਸਤਰਾਂ ਦੇ ਚਮਤਕਾਰ, ਬਹਾਦਰਾਂ ਦੀ ਬੀਰਤਾ ਤੇ ਲੜਾਈ ਦਾ ਵਰਣਨ ਹੁੰਦਾ ਹੈ।" ਵਾਰ ਆਮ ਕਰਕੇ ਪੌੜੀਆਂ, ਸਿਰਖੰਡੀ ਜਾਂ ਨਸ਼ਾਨੀ ਛੰਦ ਵਿਚ ਹੁੰਦੀ ਹੈ।

ਪੁਰਾਣੇ ਸਮਿਆਂ ਵਿੱਚ ਭੱਟ ਰਾਜ ਦਰਬਾਰਾਂ ਵਿੱਚ ਵਾਰਾਂ ਪੜ੍ਹਿਆ ਕਰਦੇ ਸਨ, ਜਿਨ੍ਹਾਂ ਵਿਚ ਰਾਜਿਆਂ ਮਹਾ ਰਾਜਿਆਂ ਦੀ ਉਪਮਾ ਹੁੰਦੀ ਸੀ ਜਾਂ ਜੁੱਧਾਂ ਦੇ ਹਾਲ ਹੁੰਦੇ ਸਨ। ਵਾਰ ਵਿਚ ਕਿਸੇ ਦੁਸ਼ਟ ਜਾਂ ਚੰਡਾਲ ਦੀ ਵੀ ਨਿੰਦਿਆ ਨਹੀਂ ਹੁੰਦੀ। ਲੜਾਈਆਂ ਸਮੇਂ ਭੱਟ ਫ਼ੌਜਾਂ ਵਿਚ ਜਾ ਕੇ ਜੋਧਿਆਂ ਦੀ ਬਹਾਦਰੀ ਦੀਆਂ ਵਾਰਾਂ ਸੁਣਾਉਂਦੇ ਸਨ,



Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਸੁਣਕੇ ਸੂਰੇ ਛਾਲਾਂ ਮਾਰਦੇ ਹੋਏ ਬੜੇ ਜੋਸ਼ ਵਿੱਚ ਆ ਕੇ ਰਣ ਤੱਤੇ ਵਿਚ ਕੁੱਦ ਪੈਂਦੇ ਸਨ ਤੇ ਭੁੱਖੇ ਸ਼ੇਰਾਂ ਵਾਂਗ ਵੈਰੀ ਦਲ ਉਤੇ ਝਪਟ ਕੇ ਪਲੋ ਪਲੀ ਵਿਚ ਵੈਰੀਆਂ ਦੇ ਆਹੂ ਲਾਹ ਦੇਂਦੇ ਸਨ।

ਪੰਜਾਬੀ ਵਿਚ ਸਭ ਤੋਂ ਪੁਰਾਣੀ ਵਾਰ ਅਮੀਰ ਖੁਸਰੋ (੧ ੫੩- ੩੨੫) ਦੀ ਮੰਨੀ ਜਾਂਦੀ ਹੈ, ਜਿਸ ਵਿਚ ਅਮੀਰ ਖੁਸਰੋ ਨੇ ਤੁਗਲਕ ਸ਼ਾਹ ਤੇ ਖੁਸਰੋ ਖਾਂ ਦੀਆਂ ਲੜਾਈਆਂ ਦਾ ਹਾਲ ਬੀਰ ਰਸ ਵਿਚ ਅੰਕਿਤ ਕੀਤਾ। ਇਸ ਤੋਂ ਮਗਰੋਂ ਰਾਜਪੂਤਾਂ, ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਆਮ ਭੱਟ ਹੁੰਦੇ ਸਨ ਜੋ ਉਨ੍ਹਾਂ ਦੀਆਂ ਬਹਾਦਰੀਆਂ ਦੇ ਜੌਹਰ ਕਲਮ ਬੰਦ ਕਰਦੇ ਰਹੇ ਤੇ ਵਡੇ ਇਨਾਮ ਪ੍ਰਾਪਤ ਕਰਦੇ ਰਹੇ। ਅਕਬਰ ਬਾਦਸ਼ਾਹ ਦੇ ਦਰਬਾਰੀ ਭੱਟਾਂ ਨੇ ਵੀ ਕਈ ਤਰ੍ਹਾਂ ਦੀਆਂ ਵਾਰਾਂ ਉਚਾਰੀਆਂ। ਬੀਰਤਾ ਦੇ ਅਵਤਾਰ ਮਹਾਂ ਬਲੀ ਤੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ ਉਨ੍ਹਾਂ ਭੱਟਾਂ ਦੀਆਂ ਵਾਰਾਂ ਸੁਣੀਆਂ ਤਾਂ ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਣਵਾ ਰਹੇ ਸਨ, ਆਪ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚੋਂ ਖਾਸ ਖਾਸ ਨੌਂ ਵਾਰਾਂ ਨੂੰ ਪੁਰਾਣੇ ਜੋਧਿਆਂ ਦੀਆਂ ਵਾਰਾਂ ਦੀ ਧਾਰਨਾ ਅਨੁਸਾਰ ਗਾਉਣ ਦਾ ਹੁਕਮ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਨੂੰ ਧੁਨੀਆਂ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ, ਜਿਨ੍ਹਾਂ ਵਾਰ ਦੀ ਮਰਿਯਾਦਾ ਨੂੰ ਸਾਹਮਣੇ ਰਖਦਿਆਂ ਹੋਇਆਂ ਵਾਰ ਵਿਚ ਅਕਾਲ ਪੁਰਖ, ਅਕਾਲ ਪੁਰਖ ਦੇ ਭਗਤਾਂ ਜਿਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਤੇ ਮਨ ਨਾਲ ਯੁੱਧ ਕਰਕੇ ਇਨ੍ਹਾਂ ਉਤੇ ਆਤਮਕ ਫਤੇਹ ਪ੍ਰਾਪਤ ਕੀਤੀ, ਦਾ ਜਸ ਤੇ ਵਡਿਆਈ ਕੀਤੀ ਹੈ।

ਵਾਰ ਵਿਚ ਆਮ ਕਰਕੇ ਜਸ ਤੇ ਵਡਿਆਈ ਹੀ ਹੁੰਦੀ ਹੈ ਜਾਂ



Digitized by Panjab Digital Library / www.panjabdigilib.org

ਜੁੱਧ ਦੇ ਨਜ਼ਾਰੇ ਹੁੰਦੇ ਹਨ। ਕਿਸੇ ਜ਼ਾਲਮ ਦਾ ਜ਼ੁਲਮ ਨਹੀਂ ਦਸਿਆ ਜਾਂਦਾ ਅਤੇ ਨਾ ਹੀ ਕਿਸੇ ਦੀ ਨਖੇਧੀ ਕੀਤੀ ਜਾਂਦੀ ਹੈ, ਇਸ ਲਈ ਆਮ ਵਾਰਾਂ ਵਿਚ ਇਸ ਮਰਯਾਦਾ ਨੂੰ ਮੁਖ ਰੱਖਿਆ ਜਾਂਦਾ ਹੈ। ਭਾਈ ਗੁਰਦਾਸ ਜੀ ਭੱਲੇ ਨੇ ਵੀ ੩੭ ਵਾਰਾਂ ਉਚਾਰੀਆਂ ਤੇ ਹਰ ਵਾਰ ਵਿਚ ਵੀਹ ਤੋਂ ਲੈ ਕੇ ਸੱਠ ਤਕ ਘੱਟ ਵੱਧ ਪੌੜੀਆਂ ਹਨ। ਦੋ ਵਾਰਾਂ ਭਾਈ ਗੁਰਦਾਸ ਖੱਤਰੀ ਦੀਆਂ ਹਨ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ। ਚੰਡੀ ਦੀ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਜੋ ਬੀਰ ਰਸ ਦਾ ਇਕ ਉੱਚ ਨਮੂਨਾ ਹੈ। ਇਸ ਵਾਰ ਵਿਚ ਆਪ ਨੇ ਮਹਿਖਾਸਰ ਦੈਂਤ ਤ ਚੰਡੀ (ਦੇਵੀ) ਦੇ ਜੁੱਧ ਦਾ ਹਾਲ ਬੜੀ ਸੁਹਣੀ ਤਰ੍ਹਾਂ ਅੰਕਿਤ ਕੀਤਾ ਹੈ।

ਅੱਜ ਕੱਲ ਦੀ ਠੇਠ ਪੰਜਾਬੀ ਵਿਚ ਨਜਾਬਤ ਕਵੀ ਨੇ ਨਾਦਰ ਸ਼ਾਹ ਦੇ ਹੱਲੇ ਦੀ ਵਾਰ ਲਿਖੀ ਹੈ। ਇਹ ਵਾਰ ਪੰਜਾਬੀ ਸਾਹਿਤ ਵਿਚ ਖਾਸ ਮਹਾਨਤਾ ਰਖਦੀ ਹੈ। ਇਸ ਤੋਂ ਮਗਰੋਂ ਭਾਵੇਂ ਹੋਰ ਅਨੇਕਾਂ ਕਵੀਆਂ ਨੇ ਬੀਰ ਰਸ ਦੀਆਂ ਕਵਿਤਾਵਾਂ ਲਿਖੀਆਂ, ਪਰ ਵਾਰ ਕਿਸੇ ਨੇ ਨਹੀਂ ਲਿਖੀ। ਇਸ ਦੀ ਵਾਰ ਵਿਚ ਵੱਖ ਵੱਖ ਕਈ ਤਰ੍ਹਾਂ ਦੀਆਂ ਧਾਰਨਾ ਹਨ। ਆਮ ਕਰ ਕੇ ਜੰਗ ਨਾਮੇ ਦੀ ਵਾਰ ਦੀ ਧਾਰਨਾ ਪਰਧਾਨ ਹੈ।

ਆਧੁਨਿਕ ਕਾਲ ਵਿਚ ਬਹੁਤ ਸਾਰੇ ਕਵੀਆਂ ਨੇ ਵਾਰਾਂ ਲਿਖੀਆਂ ਹਨ। ਹਰਸਾ ਸਿੰਘ ਚਾਤਰ ਨੇ ਲਹੂ ਦੀਆਂ ਧਾਰਾਂ, ਗੰਡਾ ਸਿੰਘ ਜੀ ਨੇ ਪੰਜਾਬ ਦੀਆਂ ਵਾਰਾਂ ਆਦਿਕ ਪੁਸਤਕਾਂ ਲਿਖੀਆਂ। ਇਹਨਾਂ ਤੋਂ ਬਿਨਾਂ ਮਾਹੀਆ, ਤੀਰ, ਹਜ਼ਾਰਾ ਸਿੰਘ, ਸਰਦਾਰਾ ਸਿੰਘ ਬੇਦੀ, ਨੂਰੀ ਪੁਰੀ ਤੇ ਦੋ ਤਿੰਨ ਹੋਰ ਕਵੀਆਂ ਨੇ ਬੜੀਆਂ ਜੋਸ਼ ਭਰੀਆਂ ਵਾਰਾਂ ਲਿਖੀਆਂ ਹਨ।

ਸ: ਹਰਿੰਦਰ ਸਿੰਘ ਜੀ 'ਰੂਪ' ਨੇ ਵੀ 'ਲੋਕ ਵਾਰਾਂ' ਤੇ 'ਮਨੁੱਖ ਦੀ ਵਾਰ' ਆਦਿਕ ਵਾਰਾਂ ਦੀਆਂ ਪੁਸਤਕਾਂ ਲਿਖੀਆਂ ਹਨ, ਇਨ੍ਹਾਂ ਨੇ 'ਮਨੁੱਖ ਦੀ ਵਾਰ' ਦੇ ਮੁੱਢ ਵਿਚ ਦਸਿਆ ਹੈ ਕਿ ਵਾਰ ਦੀ ਇਕ ਵੱਖਰੀ



Digitized by Panjab Digital Library | www.panjabdigilib.org

ਘੂਕਰ ਹੁੰਦੀ ਹੈ। ਇਹ ਠੀਕ ਹੈ ਵਾਰ ਦੀ ਘੂਕਰ ਹੋਰ ਕਿਸੇ ਛੰਦ ਨਾਲ ਨਹੀਂ ਮਿਲਦੀ, ਇਸ ਤੋਂ ਬਿਨਾਂ ਇਨ੍ਹਾਂ ਨੇ ਲਿਖਿਆ ਹੈ:

'ਲੜਾਈ ਵਿਚ ਵੀ ਸਮਝੌਤਾ ਹੁੰਦਾ ਹੈ, ਕਈ ਦਾਨੀਆਂ ਗੱਲਾਂ ਕਰ ਕੇ ਅਮਨ ਕੀਤਾ ਜਾਂਦਾ ਹੈ, ਜਸ ਦੀਆਂ ਵਾਰਾਂ ਵਿਚ ਦਾਨੇ ਢੰਗ ਨਾਲ ਜਸ ਕਰਨਾ ਪੈਂਦਾ ਹੈ ਤਾਂ ਜੋ ਖ਼ੁਸ਼ਾਮਦ ਨਾ ਦਿਸੇ।'

ਇਨ੍ਹਾਂ ਨੇ ਮਨੁੱਖ ਦੀ ਵਾਰ ਵਿਚ ਮਨੁੱਖ ਦੇ ਆਦਿ ਸਮੇਂ ਤੋਂ ਲੈ ਕੇ ਆਧੁਨਿਕ ਕਾਲ ਤਕ ਇਸ ਦੇ ਜੀਵਨ ਤੇ ਸਭਿਅਤਾ ਵਿਚ ਜੋ ਉਤਰਾ ਚੜ੍ਹਾ ਆਏ ਉਨ੍ਹਾਂ ਦਾ ਵਰਣਨ ਬੜੀ ਸੁਹਣੀ ਤਰ੍ਹਾਂ ਕੀਤਾ ਹੈ। ਇਸ ਵਿਚ ਬੜੀਆਂ ਸੂਝ ਵਾਲੀਆਂ ਗੱਲਾਂ ਦਸੀਆਂ ਹਨ, ਆਪ ਦੀ ਰਚਨਾ ਆਧੁਨਿਕ ਵਾਰ ਦਾ ਇਕ ਉੱਚ ਨਮੂਨਾ ਹੈ। 'ਇਨਸਾਨੀ ਨਾਅਰਾ' ਦੇ ਨਾਂ ਹੇਠ ਇਨ੍ਹਾਂ ਨੇ ਲਿਖਿਆ ਹੈ:—

ਮਾਨੁੱਖ ਕਹਿੰਦਾ 'ਜਗਤ ਦੇ, ਜੰਗਬਾਜ਼ ਨਸਾਵਾਂ।
ਧੌਂਸੇ ਮਾਰਾਂ ਅਮਨ ਦੇ, ਕੁਲ ਲੋਕ ਉਠਾਵਾਂ।
ਹੱਕ ਲੈਣਾ ਹੀ ਅਮਨ ਹੈ, ਉਹ ਲੈਕੇ ਜਾਵਾਂ,
ਲੋਕ ਰਾਜ ਨੂੰ ਜਿੱਤਿਆ ਚਾਲਾਂ ਤੇ ਦਾਵਾਂ।

.. ... ... .. ... ... ... ...

ਕਾਮੇ ਤੇ ਮਜ਼ਦੂਰ ਨੂੰ ਉੱਚ ਹੁਨਰ ਸਿਖਾਵਾਂ,
ਨਕਲ ਕਰਾਂ ਨਾ ਰੂਸ ਦੀ ਖ਼ੁਦ ਰਾਜ ਚਲਾਵਾਂ।
ਵੇਲਾ ਵਤਨ ਵਿਚਾਰ ਕੇ, ਗੁਣ ਨੂੰ ਉਪਜਾਵਾਂ,
ਕੈਸਰ ਹਿਟਲਰ ਜੁਧ ਦਾ, ਨਾ ਨਕਸ਼ ਪਵਾਵਾਂ।

——

ਮਹਿਕਮਾ ਪੰਜਾਬੀ ਪਟਿਆਲਾ ਨੇ ਵੀ ਇਕ ਪੈਮਫਲੈੱਟ "ਨੌਂ ਵਾਰਾਂ' ਦੇ ਸਿਰ ਲੇਖ ਹੇਠ ਛਾਪਿਆ ਸੀ, ਜਿਸ ਵਿਚ ਅਜ ਕੱਲ ਦੇ ਕਵੀਆਂ ਦੀਆਂ ਵਾਰਾਂ ਦੇ ਨਮੂਨੇ ਹਨ। ਸੋ ਅਜ ਕੱਲ ਵਾਰਾਂ ਆਮ ਲਿਖੀਆਂ ਜਾ ਰਹੀਆਂ ਹਨ।

——



Digitized by Panjab Digital Library | www.panjabdigilib.org

ਕਾਂਡ ੫.

# ਪੰਜਾਬੀ ਵਾਰਤਕ

—ਦਾ—

# ਵਿਕਾਸ

Digitized by Panjab Digital Library | www.panjabdigilib.org

# ਪੰਜਾਬੀ ਨਸਰ ਜਾਂ ਵਾਰਤਕ

ਹਰ ਬੋਲੀ ਦੇ ਸਾਹਿਤ ਦਾ ਆਰੰਭ ਕਵਿਤਾ ਤੋਂ ਹੁੰਦਾ ਹੈ ਤੇ ਵਾਰਤਕ ਕਵਿਤਾ ਤੋਂ ਮਗਰੋਂ ਆਉਂਦੀ ਹੈ । ਜੇ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਜੋਗੀਆਂ, ਬਾਬਾ ਫਰੀਦ ਜੀ ਦੇ ਤੇ ਕੁਝ ਹੋਰ ਭਗਤਾਂ ਦੀ ਕਵਿਤਾ ਆਈ । ਪੰਜਾਬੀ ਵਾਰਤਕ ਦਾ ਅਰੰਭ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਮੰਨਿਆ ਜਾ ਸਕਦਾ ਹੈ, ਜਦ ਇਨ੍ਹਾਂ ਸਤਿਗੁਰਾਂ ਨੇ ਭਾਈ ਬਾਲੇ ਕੋਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਰਿਤ੍ਰ ਸੁਣਿਆ ਅਤੇ ਭਾਈ ਪੈੜੇ ਮੋਖੇ ਕੋਲੋਂ ਜਨਮ ਸਾਖੀ ਲਿਖਵਾਈ। ਇਸ ਪੁਸਤਕ ਦਾ ਨਾਂ ਬਾਲੇ ਵਾਲੀ ਜਨਮ ਸਾਖੀ ਹੈ। ਇਸੇ ਤਰ੍ਹਾਂ ਦੀ ਇਕ ਹੋਰ ਜਨਮ ਸਾਖੀ ਪੰਜਾਬੀ ਵਾਰਤਕ ਵਿਚ ਲਿਖੀ ਹੋਈ ਮਿਲਦੀ ਹੈ, ਜਿਹੜੀ ਕਿ ਕਿਸੇ ਅੰਗਰੇਜ਼ ਖੋਜੀ ਦੇ ਉਦਮ ਨਾਲ ਲੰਡਨ ਮਿਊਜ਼ੀਅਮ ਲਾਇਬਰੇਰੀ ਵਿਚ ਚਲੀ ਗਈ ਸੀ, ਇਥੋਂ ਮੰਗਵਾਕੇ ਇਸ ਦੀ ਨਕਲ ਸੰਨ ੧੮੮੪ ਈਸਵੀ ਵਿਚ ਲਾਹੌਰ ਵਿਚ ਛਾਪੀ ਸੀ, ਇਸ ਨੂੰ ਵਲਾਇਤ ਵਾਲੀ ਜਨਮ ਸਾਖੀ ਕਹਿੰਦੇ ਹਨ। ਇਨ੍ਹਾਂ ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਕਿਸਤਰ੍ਹਾਂ ਦੀ ਪੰਜਾਬੀ ਵਾਰਤਕ ਲਿਖੀ ਜਾਂਦੀ ਸੀ। ਇਨ੍ਹਾਂ ਸਾਖੀਆਂ ਦੀ ਬੋਲੀ ਉਤੇ ਲਹਿੰਦੀ ਬੋਲੀ ਦਾ ਬੜਾ ਅਸਰ ਜਾਪਦਾ ਹੈ। ਕਿਤੇ ਕਿਤੇ ਪੂਰਬੀ ਅਲਾਕੇ ਦੀ ਬੋਲੀ ਦਾ ਅਸਰ ਵੀ ਹੈ। ਇਨ੍ਹਾਂ ਵਿਚੋਂ ਇਕ ਸਾਖੀ ਵਿਚੋਂ ਵਨਗੀ ਦੇਖੋ:—

'ਤਬਿ ਆਗਿਆ ਪਰਮੇਸ਼ਰ ਕੀ ਹੋਈ, ਜੋ ਗੁਰੂ ਨਾਨਕ ਬਾਹਰ



Digitized by Panjab Digital Library | www.panjabdigilib.org

ਆਇਆ ਤਾਂ ਬਾਬੇ ਨਾਨਕ ਦਾ ਬਹਿਣੋਯਾ ਜੈ ਰਾਮ ਥਾ, ਸੋ ਨਵਾਬ ਦੌਲਤ ਖਾਨ ਦਾ ਮੋਦੀਸਾ। ਜੈ ਰਾਮ ਸੁਣਿਆ ਜੋ ਨਾਨਕ ਹੈਰਾਨ ਰਹਿੰਦਾ ਹੈ, ਕੰਮ ਕਾਜ ਕੋਈ ਨਹੀਂ ਕਰਦਾ। ਤਬਿ ਓਨ ਕਿਤਾਬਤ ਲਿਖੀ, ਜੋ ਨਾਨਕ ਤੂੰ ਅਸਾਂ ਜੋਗ ਮਿਲ।'

ਕਹੇ ਛੋਟੇ ਛੋਟੇ ਵਾਕ ਹਨ, ਲਹਿੰਦੀ ਪੰਜਾਬੀ ਦਾ ਜ਼ੋਰ ਹੈ; ਵਿਚ ਵਿਚ ਪੂਰਬੀ ਦਾ ਵੀ ਅਸਰ ਹੈ। ਇਨ੍ਹਾਂ ਜਨਮ ਸਾਖੀਆਂ ਤੋਂ ਬਿਨਾਂ ਪੰਜਾਬੀ ਵਾਰਤਕ ਦੀ ਹੋਰ ਕੋਈ ਪੁਸਤਕ ਉਸ ਸਮੇਂ ਦੀ ਲਿਖੀ ਹੋਈ ਨਹੀਂ ਮਿਲਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਅਤੇ ਉਨ੍ਹਾਂ ਤੋਂ ਲਗ ਪਗ ਸੌ ਸਾਲ ਮਗਰੋਂ ਤਕ ਵੀ ਕੋਈ ਪੰਜਾਬੀ 'ਗਦ' ਦੀ ਖੁਸਤਕ ਨਹੀਂ ਲਿਖੀ ਗਈ। ਇਸ ਸਮੇਂ ਤੱਕ ਪੰਜਾਬੀ ਵਾਰਤਕ ਬਹੁਤ ਹੀ ਘੱਟ ਲਿਖੀ ਗਈ। ਪੰਜਾਬੀ ਦੀ ਪੁਰਾਣੀ ਵਾਰਤਕ ਦੇ ਕੁਝਕੁ ਨਮੂਨੇ ਹੇਠ ਲਿਖੇ ਅਨੁਸਾਰ ਮਿਲ ਸਕਦੇ ਹਨ:-

੧. ਬਾਲੇ ਵਾਲੀ ਜਨਮ ਸਾਖੀ।

੨. ਕੋਲਬ੍ਰਕ ਸਾਹਿਬ ਵਾਲੀ ਜਾਂ ਵਲੈਤ ਵਾਲੀ ਜਨਮ ਸਾਖੀ।

੩. ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ।

੪. ਕਬੀਰ ਪੰਥੀਆਂ, ਨਾਨਕ ਪੰਥੀਆਂ ਤੇ ਅੱਡਣ ਸ਼ਾਹੀਆਂ ਦੀਆਂ ਜਨਮ ਸਾਖੀਆਂ।

੫ ਗੁਰੂ ਹਰਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸੁੰਦਰੀ ਜੀ ਦੇ ਲਿਖੇ ਹੋਏ 'ਹੁਕਮ ਨਾਮੇ'।

੬. ਪਰਚੀਆਂ, ਗੋਸ਼ਟਾਂ, ਧਰਮ ਕਥਾਵਾਂ ਤੇ ਅਨੁਵਾਦਿਕ ਗ੍ਰੰਥ।

੭. ਗੁਰਬਾਣੀ ਦੇ ਸ਼ਬਦਾਂ ਤੋਂ ਪਹਿਲੇ ਦਿੱਤੇ ਹੋਏ ਸੰਕੇਤਕ ਸ਼ਬਦ, ਜਿਹਾ ਕਿ "ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੇ ਕੀ ਧੁਨੀ" ਆਦਿ।

ਸਿਖ ਰਾਜ ਦੇ ਸਮੇਂ ਪੰਜਾਬ ਵਿਚ ਗੜਬੜ ਰਹੀ। ਕੁਝ ਮੁਸਲਮਾਨਾਂ ਨੇ ਕਿੱਸੇ ਤੇ ਕਵਿਤਾਵਾਂ ਲਿਖੀਆਂ, ਪਰ ਨਸਰ ਵੱਲ



Digitized by Panjab Digital Library | www.panjabdigilib.org

ਕਿਸੇ ਨੇ ਧਿਆਨ ਨਾ ਦਿਤਾ। ਸਿੱਖ ਰਾਜ ਤੋਂ ਮਗਰੋਂ ਜਦੋਂ ਪੰਜਾਬ ਅੰਗਰੇਜ਼ਾਂ ਦੇ ਕਬਜੇ ਵਿਚ ਆਇਆ, ਦੇਸ ਵਿਚ ਕਈ ਸਕੂਲ ਤੇ ਕਾਲਜ ਖੁਲ੍ਹ ਗਏ ਤੇ ਪੰਜਾਬੀ ਦਾ ਪਰਚਾਰ ਵੀ ਸ਼ੁਰੂ ਹੋਇਆ। ਵਿਦਵਾਨਾਂ ਨੇ ਪੰਜਾਬੀ ਕਵਿਤਾ ਅਤੇ ਵਾਰਤਕ ਲਿਖਣ ਵਲ ਧਿਆਨ ਦਿਤਾ। ਸਭ ਤੋਂ ਪਹਿਲਾਂ ਲਾ: ਅਮਰ ਨਾਥ, ਬਿਹਾਰੀ ਲਾਲ ਜੀ 'ਪੁਰੀ' ਤੇ ਬਿਸ਼ਨ ਦਾਸ ਜੀ ਪੁਰੀ, ਪੰਡਤ ਸਰਧਾ ਰਾਮ, ਯੋਗੀ ਸ਼ਿਵਨਾਥ, ਭਾ: ਮੋਹਨ ਸਿੰਘ ਜੀ ਵੈਦ ਨੇ ਪੰਜਾਬੀ ਵਿਚ ਕਈ ਲੇਖ ਤੇ ਪੁਸਤਕਾਂ ਲਿਖੀਆਂ। ਇਨ੍ਹਾਂ ਵਿਦਵਾਨਾਂ ਨੇ ਪੰਜਾਬੀ ਦੇ ਪ੍ਰਚਾਰ ਲਈ ਬੜਾ ਯਤਨ ਕੀਤਾ, ਅਤੇ ਉਸ ਸਮੇਂ ਜਦੋਂ ਉਰਦੂ ਦਾ ਬੜਾ ਜ਼ੋਰ ਸੀ ਤੇ ਪੰਜਾਬੀ ਨੂੰ ਇਕ ਗਵਾਰੀ ਬੋਲੀ ਸਮਝਿਆ ਜਾਂਦਾ ਸੀ, ਉਸ ਸਮੇਂ ਇਨ੍ਹਾਂ ਨੇ ਉਰਦੂ ਦੇ ਮੁਕਾਬਲੇ ਤੇ ਪੰਜਾਬੀ ਦੀਆਂ ਪੁਸਤਕਾਂ ਲਿਖੀਆਂ, ਕਈ ਚੀਜ਼ਾਂ ਅਨੁਵਾਦ ਕੀਤੀਆਂ ਤੇ ਪੰਜਾਬੀ ਦਾ ਝੰਡਾ ਗੱਡਿਆ। ਬਿਹਾਰੀ ਲਾਲ ਜੀ ਪੁਰੀ ਦੇ ਲੇਖ 'ਪੰਜਾਬ' ਵਿਚੋਂ ਕੁਝ ਸਤਰਾਂ ਦਿਤੀਆਂ ਜਾਂਦੀਆਂ ਹਨ.—

'ਬਾਹਰ ਜਾਕੇ ਮਨੁੱਖ ਭਾਵੇਂ ਕਿੰਨੀ ਹਿੰਦੁਸਤਾਨੀ ਬੋਲ ਆਉਣ ਪਰ ਘਰ ਆਕੇ ਪੰਜਾਬੀ ਹੀ ਚੇਤੇ ਆਉਂਦੀ ਹੈ। ਹਿੰਦੁਸਤਾਨੀ ਬੋਲਣ ਵਾਲੇ ਨੂੰ ਇਹ ਕਹਿਕੇ ਛੇੜਦੇ ਹਨ, 'ਦੇਸੀ ਖੋਤਾ ਖੁਰਾਸਾਨੀ ਦੁਲੱਤੇ' ਅਤੇ ਹਿੰਦੁਸਤਾਨੀ ਨੂੰ 'ਘੀਚਰ' ਸਦਦੇ ਹਨ। ਪੰਜਾਬੀ ਨਾਲ ਇਹ ਧੱਕਾ ਕੋਈ ਅਜ ਹੀ ਨਹੀਂ ਹੋਣ ਲੱਗਾ, ਪੰਜਾਬ ਵਿਚ ਜਦ ਤੋਂ ਮੁਗਲ ਬਾਦਸ਼ਾਹਾਂ ਦੇ ਚਰਣ ਪਏ, ਉਸੇ ਦਿਨ ਤੋਂ ਇਸ ਨਾਲ ਅਨਿਆਇ ਹੋਣ ਲਗ ਪਿਆ।'

ਇਨ੍ਹਾਂ ਦੀ ਬੋਲੀ ਕਹੀ ਸੂਹਣੀ ਤੇ ਠੇਠ ਦਿਸਦੀ ਹੈ, ਥੋੜਾ ਜਿਹਾ ਪੂਰਬੀ ਅਸਰ ਪ੍ਰਤੀਤ ਹੁੰਦਾ ਹੈ ਪਰ ਉਹ ਵੀ ਨਾਮ ਮਾਤਰ। ਇਹ ਸੱਜਨ ਨਵੀਨ ਪੰਜਾਬੀ ਨਸਰ ਦੇ ਮੋਢੀ ਮੰਨੇ ਜਾ ਸਕਦੇ ਹਨ। ਇਨ੍ਹਾਂ ਤੋਂ ਮਗਰੋਂ ਗਿਆਨੀ ਦਿੱਤ ਸਿੰਘ ਜੀ ਮਸ਼ਹੂਰ ਲੇਖਕ ਹੋਏ, ਜਿਨ੍ਹਾਂ ਨੇ ਸਿੱਖ



Digitized by Panjab Digital Library | www.panjabdigilib.org

ਧਰਮ ਤੇ ਇਤਿਹਾਸ ਸਬੰਧੀ ਕਈ ਪੁਸਤਕਾਂ ਪੰਜਾਬੀ ਗਦ ਤੇ ਪਦ ਵਿਚ ਲਿਖੀਆਂ। ਲਾਲਾ ਰਾਮ ਦਾਸ ਜੀ ਵਧਵਾ ਨੇ ਰਮਾਇਣ ਮਹਾਂਭਾਰਤ ਅਤੇ ਹੋਰ ਕਈ ਪੁਰਾਣਕ ਕਹਾਣੀਆਂ ਪੰਜਾਬੀ ਨਸਰ ਵਿਚ ਉਲਥਾ ਕੀਤੀਆਂ। ਇਨ੍ਹਾਂ ਦੀ ਬੋਲੀ ਬੜੀ ਸਾਦੀ ਤੇ ਠੇਠ ਹੈ। ਲੁਧਿਆਣੇ ਦੇ ਪਾਦਰੀਆਂ ਨੇ ਅੰਜੀਲ ਮੁਕੱਦਸ ਦਾ ਪੰਜਾਬੀ ਤਰਜਮਾ ਛਾਪਿਆ ਤੇ ਇਕ ਪੰਜਾਬੀ ਡਿਕਸ਼ਨਰੀ ਵੀ ਛਾਪੀ।

ਭਾਈ ਵੀਰ ਸਿੰਘ ਜੀ ਦੇ ਪਿਤਾ ਡਾਕਟਰ ਚਰਨ ਸਿੰਘ ਜੀ ਨੇ ਬਹੁਤ ਸਾਰੀ ਪੰਜਾਬੀ ਨਸਰ ਲਿਖੀ ਅਤੇ ਕਾਲੀ ਦਾਸ ਦੇ ਮਸ਼ਹੂਰ ਨਾਟਕ ਸਕੁੰਤਲਾ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਸਵਰਗਵਾਸੀ ਸ੍ਰ: ਮਾਨ ਸਿੰਘ ਜੀ ਜੱਜ ਹਾਈ ਕੋਰਟ ਨੇ ਕਾਲੀਦਾਸ ਦੇ ਦੂਸਰੇ ਮਸ਼ਹੂਰ ਨਾਟਕ ਵਿਕਰਮ ਉਰਵਸ਼ੀ ਦਾ ਪੰਜਾਬੀ ਵਿਚ ਉਲਥਾ ਕੀਤਾ। ਇਹ ਦੋਵੇਂ ਨਾਟਕ ਪੰਜਾਬੀ ਗਦ ਤੇ ਪਦ ਦੋਹਾਂ ਦੇ ਰਲਵੇਂ ਮਿਲਵੇਂ ਨਮੂਨੇ ਹਨ। ਇਨ੍ਹਾਂ ਦੇ ਸਮੇਂ ਤੋਂ ਅਰਥਾਤ ਉਨ੍ਹੀਵੀਂ ਸਦੀ ਈਸਵੀਂ ਦੇ ਅੰਤ ਤੋਂ ਪੰਜਾਬੀ ਵਾਰਤਕ ਵਧਣੀ ਫੁਲਣੀ ਸ਼ੁਰੂ ਹੋ ਗਈ। ਭਾਈ ਵੀਰ ਸਿੰਘ ਜੀ ਨੇ ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰਖੀ, ਇਸ ਸੁਸਾਇਟੀ ਨੇ ਪੰਜਾਬੀ ਵਾਰਤਕ ਵਿਚ ਹਜ਼ਾਰਾਂ ਟ੍ਰੈਕਟ ਤੇ ਪੁਸਤਕਾਂ ਛਾਪੀਆਂ। ਭਾਈ ਵੀਰ ਸਿੰਘ ਜੀ ਜਿਥੇ ਨਵੀਨ ਪੰਜਾਬੀ ਕਵਿਤਾ ਦੇ ਮੋਢੀ ਮੰਨੇ ਜਾ ਸਕਦੇ ਹਨ ਉਥੇ ਪੰਜਾਬੀ ਨਾਵਲ ਤੇ ਪੰਜਾਬੀ ਨਾਟਕ ਦੇ ਮੋਢੀ ਵੀ ਇਹੋ ਹੋ ਸਕਦੇ ਹਨ। ਇਨ੍ਹਾਂ ਦੇ ਨਾਵਲ 'ਸੁੰਦਰੀ, ਬਿਜੈ ਸਿੰਘ, ਸਤਿਵੰਤ ਕੌਰ, ਸੁਭਾਗ ਜੀ ਦਾ ਸੁਧਾਰ ਆਦਿ ਸਿਖ ਸੰਸਾਰ ਅੰਦਰ ਜੋ ਨਾਮਨਾ ਪ੍ਰਾਪਤ ਕਰ ਚੁੱਕੇ ਹਨ, ਉਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ।

ਪੰਜਾਬੀ ਵਾਰਤਕ ਵਿਚ ਹੁਣ ਤਕ ਅਨੇਕਾਂ ਲੇਖ, ਕਹਾਣੀਆਂ, ਨਾਵਲ, ਨਾਟਕ ਅਤੇ ਇਤਿਹਾਸਕ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਧਾਰਮਕ ਤੇ ਹੋਰ ਸਾਹਿਤਕ ਪੁਸਤਕਾਂ ਦਾ ਵੀ ਕੋਈ ਘਾਟਾ ਨਹੀਂ



Digitized by Panjab Digital Library | www.panjabdigilib.org

ਰਿਹਾ। ਵਾਰਤਕ ਦੇ ਮਸ਼ਹੂਰ ਇਤਿਹਾਸਕਾਰਾਂ ਵਿਚੋਂ ਸ: ਕਰਮ ਸਿੰਘ ਜੀ ਹਿਸਟੋਰੀਅਨ, ਗਿਆਨੀ ਗਿਆਨ ਸਿੰਘ ਜੀ, ਬਾਵਾ ਪ੍ਰੇਮ ਸਿੰਘ ਜੀ ਹੋਤੀ ਅਤੇ ਪ੍ਰੋ: ਗੰਡਾ ਸਿੰਘ ਜੀ ਦਾ ਨਾਂ ਬੜੇ ਮਾਨ ਨਾਲ ਲਿਆ ਜਾ ਸਕਦਾ ਹੈ। ਇਨ੍ਹਾਂ ਵਿਦਵਾਨਾਂ ਨੇ ਬੜੀ ਖੋਜ ਤੇ ਮਿਹਨਤ ਨਾਲ ਸਿਖ ਇਤਿਹਾਸ ਸੰਬੰਧੀ ਉਚ ਦਰਜੇ ਦੀਆਂ ਪੁਸਤਕਾਂ ਲਿਖੀਆਂ । ਪ੍ਰੋ: ਕਰਤਾਰ ਸਿੰਘ ਜੀ ਐਮ. ਏ. ਨੇ ਵੀ ਗੁਰੂ ਸਾਹਿਬਾਂ ਦੇ ਜੀਵਨ ਸੰਬੰਧੀ ਇਤਿਹਾਸਕ ਪੁਸਤਕਾਂ ਲਿਖੀਆਂ।

ਪੰਜਾਬੀ ਵਿਚ ਉਚ ਕੋਟੀ ਦੇ ਲੇਖ ਲਿਖਣ ਵਾਲਿਆਂ ਦਾ ਘਾਟਾ ਹੀ ਨਜ਼ਰ ਆਉਂਦਾ ਹੈ। ਲਾ: ਬਿਹਾਰੀ ਲਾਲ ਜੀ ਪੁਰੀ ਨੇ ਕੁਝ ਪੰਜਾਬੀ ਲੇਖ ਲਿਖੇ ਸਨ ਪਰ ਉਹ ਉਚ ਸਾਹਿਤਕ ਲੇਖ ਨਹੀਂ ਮੰਨੇ ਜਾ ਸਕਦੇ। ਹਾਂ ਪ੍ਰੋ: ਪੂਰਨ ਸਿੰਘ ਜੀ ਦੀ ਇਕੋ ਇਕ ਪੁਸਤਕ 'ਖੁਲ੍ਹੇ ਲੇਖ' ਨੂੰ ਇਹ ਮਾਨ ਪ੍ਰਾਪਤ ਹੋ ਸਕਦਾ ਹੈ ਕਿ ਪੰਜਾਬੀ ਵਿਚ ਵੀ ਕੋਈ ਉਚ ਕੋਟੀ ਦੇ ਲੇਖਾਂ ਦੀ ਪੁਸਤਕ ਹੈ। ਪ੍ਰੋ: ਤੇਜਾ ਸਿੰਘ ਜੀ ਐਮ. ਏ., ਡਾ: ਮੋਹਨ ਸਿੰਘ ਜੀ ਐਮ. ਏ. ਪੀ. ਐਚ. ਡੀ. ਐਸ. ਐਸ. ਚਰਨ ਸਿੰਘ ਜੀ ਸ਼ਹੀਦ, ਪ੍ਰਿੰਸੀਪਲ ਜੋਧ ਸਿੰਘ ਜੀ, ਪ੍ਰੋ: ਗੰਡਾ ਸਿੰਘ, ਪ੍ਰੋ: ਸਾਹਿਬ ਸਿੰਘ, ਦੇਵਿੰਦਰ ਸਤਿਆਰਥੀ, ਪ੍ਰੋ: ਹਰਦਿਤ ਸਿੰਘ ਢਿਲੋਂ, ਸ: ਗੁਰਬਖਸ਼ ਸਿੰਘ ਐਡੀਟਰ ਪ੍ਰੀਤ ਲੜੀ, ਵਿਸ਼ੇਸ਼ਰ ਨਾਥ ਬਜਾਜ ਐਮ. ਏ. ਤੇ ਇਕ ਦੋ ਹੋਰ ਲੇਖਕਾਂ ਨੇ ਵਖ ਵਖ ਵਿਸ਼ਿਆਂ ਉਤੇ ਚੰਗੇ ਚੰਗੇ ਲੇਖ ਲਿਖੇ ਹਨ, ਪਰ ਇਨ੍ਹਾਂ ਵਿਦਵਾਨਾਂ ਵਿਚੋਂ ਕਿਸੇ ਇਕ ਨੇ ਪ੍ਰੋ: ਪੂਰਨ ਸਿੰਘ ਜੀ ਵਾਂਗ ਉਚ ਪਾਏ ਦੇ ਲੇਖਾਂ ਦੀ ਕੋਈ ਕਿਤਾਬ ਨਹੀਂ ਲਿਖੀ।

ਕਹਾਣੀ ਲੇਖਕਾਂ ਵਿਚੋਂ ਫੇਰ ਭਾਈ ਵੀਰ ਸਿੰਘ ਜੀ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾ ਸਕਦਾ ਹੈ। ਐਸ. ਐਸ. ਚਰਨ ਸਿੰਘ ਜੀ ਅਤੇ ਡਾ: ਮੋਹਨ ਸਿੰਘ ਜੀ ਐਮ. ਏ. ਪੀ. ਐਚ. ਡੀ., ਪ੍ਰੋ: ਮੋਹਨ ਸਿੰਘ ਜੀ ਐਮ. ਏ., ਪ੍ਰੋ: ਸੰਤ ਸਿੰਘ ਜੀ ਸੇਖੋਂ, ਕਰਤਾਰ ਸਿੰਘ ਜੀ ਦੁਗਲ,



Digitized by Panjab Digital Library | www.panjabdigilib.org

ਗਿਆਨੀ ਹੀਰਾ ਸਿੰਘ ਜੀ ਦਰਦ, ਨਾਨਕ ਸਿੰਘ ਜੀ, ਪ੍ਰੋ: ਸੁਜਾਨ ਸਿੰਘ ਜੀ ਬੀ. ਏ., ਅੰਮ੍ਰਿਤਾ ਪ੍ਰੀਤਮ, ਤੇ ਅਮਰਜੀਤ ਕੌਰ ਜੀ ਆਦਿ ਵਿਦਵਾਨਾਂ ਨੇ ਵੀ ਚੰਗੀਆਂ ਤੇ ਸਵਾਦਲੀਆਂ ਕਹਾਣੀਆਂ ਲਿਖੀਆਂ ਹਨ। ਐਡੀਟਰ ਪ੍ਰੀਤ ਲੜੀ ਦੀਆਂ ਆਮ ਕਹਾਣੀਆਂ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ ਜੋ ਸਾਹਿਤਕ ਨਜ਼ਰ ਨਾਲ ਉਚ ਦਰਜੇ ਦੀਆਂ ਮੰਨੀਆਂ ਜਾ ਸਕਦੀਆਂ ਹਨ। ਕਹਾਣੀ ਵੀ ਨਸਰ ਦਾ ਇਕ ਖਾਸ ਅੰਗ ਹੁੰਦੀ ਹੈ ਜਿਸ ਤੋਂ ਲੇਖਕ ਦੀ ਕਲਮ ਦੇ ਚਮਤਕਾਰ ਦਾ ਪਤਾ ਲਗਦਾ ਹੈ।

ਨਾਵਲ ਲਿਖਾਰੀਆਂ ਵਿਚੋਂ ਸਭ ਤੋਂ ਪਹਿਲਾਂ ਨਾਂ ਭਾਈ ਵੀਰ ਸਿੰਘ ਜੀ ਦਾ ਹੀ ਲਿਆ ਜਾ ਸਕਦਾ ਹੈ। ਇਨ੍ਹਾਂ ਤੋਂ ਮਗਰੋਂ ਨਾਨਕ ਸਿੰਘ ਨਾਵਲਿਸਟ ਉਤੇ ਉਂਗਲੀ ਜਾ ਟਿਕਦੀ ਹੈ ਜਿਨ੍ਹਾਂ ਨੇ ਲਗ ਪਗ ਦੋ ਦਰਜਨ ਨਾਵਲ ਲਿਖੇ ਹਨ। ਇਨ੍ਹਾਂ ਤੋਂ ਮਗਰੋਂ ਹੋਰ ਕੋਈ ਨਾਵਲ ਕਾਰ ਨਜ਼ਰ ਨਹੀਂ ਆਉਂਦਾ। ਉਂਵ ਤਾ ਇਕੜ ਦੁਕੜ ਕਈ ਨਾਵਲ ਦੂਜੀਆਂ ਬੋਲੀਆਂ ਤੋਂ ਪੰਜਾਬੀ ਵਿਚ ਉਲਥਾ ਹੋ ਚੁਕੇ ਹਨ ਅਤੇ ਕਈ ਇਕ ਮੌਲਕ ਨਾਵਲ ਵੀ ਹਨ ਜੋ ਉਚ ਪਾਏ ਦੇ ਮੰਨੇ ਜਾਂਦੇ ਹਨ, ਪਰ ਉਨ੍ਹਾਂ ਦੇ ਲੇਖਕਾਂ ਦਾ ਨਾਂ ਪੰਜਾਬੀ ਸਾਹਿਤ ਵਿਚ ਕੋਈ ਖਾਸ ਉਘਾ ਨਹੀਂ।

ਪੰਜਾਬੀ ਵਾਰਤਿਕ ਵਿਚ ਨਾਟਕ ਦਾ ਵੀ ਬਹੁਤ ਸਾਰਾ ਹਿੱਸਾ ਹੈ। ਦੂਜੀਆਂ ਬੋਲੀਆਂ ਦੇ ਨਾਟਕਾਂ ਦੇ ਉਲਥਿਆਂ ਤੋਂ ਬਿਨਾਂ ਪੰਜਾਬ ਵਿਚ ਅਨੇਕਾਂ ਵਡੇ ਤੇ ਛੋਟੇ ਨਾਟਕ ਤੇ ਇਕਾਂਗੀ ਨਾਟਕ ਲਿਖੇ ਜਾ ਚੁਕੇ ਹਨ। ਮਸ਼ਹੂਰ ਨਾਟਕਕਾਰਾਂ ਵਿਚੋਂ ਪ੍ਰੋ: ਸੰਤ ਸਿੰਘ ਜੀ ਸੇਖੋਂ, ਹਰਚਰਨ ਸਿੰਘ ਐਮ ਏ. ਸ: ਗੁਰਬਖਸ਼ ਸਿੰਘ ਐਡੀਟਰ ਪ੍ਰੀਤ ਲੜੀ, ਪ੍ਰੋ: ਆਈ ਸੀ. ਨੰਦਾ, ਜੋਸ਼ੂਆ ਫ਼ਜ਼ਲ ਦੀਨ, ਲਾਲਾ ਕਿਰਪਾ ਸਾਗਰ, ਪ੍ਰਿੰ: ਨਿਹਾਲ ਸਿੰਘ 'ਰਸ' ਤੇ ਬਾਵਾ ਬੁਧ ਸਿੰਘ ਐਗਜ਼ੇਕਟਿਵ ਇੰਜਨੀਅਰ ਆਦਿ ਵਿਦਵਾਨਾਂ ਦੇ ਨਾਂ ਲਏ ਜਾ ਸਕਦੇ ਹਨ। ਨਾਟਕਾਂ ਦੇ ਅਨੁਵਾਦਕਾਂ ਵਿਚੋਂ



Digitized by Panjab Digital Library | www.panjabdigilib.org

ਡਾ: ਚਰਨ ਸਿੰਘ ਜੀ ਤੇ ਸ: ਮਾਨ ਸਿੰਘ ਜੀ ਨੇ ਕਾਲੀ ਦਾਸ ਦੇ ਨਾਟਕਾਂ ਦਾ ਅਨੁਵਾਦ ਕੀਤਾ। ਸ: ਲਾਲ ਸਿੰਘ ਨੇ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ ਕਿੰਗ ਲੀਅਰ, ਆਈ. ਸੀ. ਨੰਦਾ ਨੇ 'ਮੈਰਚੈਂਟ ਔਫ ਵੀਨਸ' ਅਤੇ ਪ੍ਰਿੰਸੀਪਲ ਨਿਹਾਲ ਸਿੰਘ 'ਰਸ' ਨੇ 'ਐਜ਼. ਯੂ. ਲਾਈਕ ਇਟ' ਦਾ ਅਨੁਵਾਦ ਕੀਤਾ, ਜਿਨ੍ਹਾਂ ਦੇ ਨਾਂ 'ਲਾਲ ਬਾਦਸ਼ਾਹ, ਸ਼ਾਮੂ ਸ਼ਾਹ ਤੇ ਜਿਉਂ ਭਾਵੇਂ' ਹਨ। ਇਹ ਤਿੰਨੇ ਨਾਟਕ ਪੰਜਾਬੀ ਵਾਰਤਕ ਦੇ ਨਵੇਂ ਨਮੂਨੇ ਹਨ।

ਹੁਣ ਪੰਜਾਬੀ ਵਾਰਤਕ ਦਿਨੋਂ ਦਿਨ ਚੜ੍ਹਦੀਆਂ ਕਲਾਂ ਵੱਲ ਜਾ ਰਹੀ ਹੈ। ਇਸ ਵਿਚ ਸ਼ੱਕ ਨਹੀਂ ਕਿ ਪੰਜਾਬੀ ਵਿਚ ਅਜੇ ਚੰਗੇ ਨਾਟਕਾਂ ਅਤੇ ਲੇਖਾਂ ਦਾ ਘਾਟਾ ਹੈ, ਆਸ ਹੈ ਕਿ ਨਵੇਂ ਵਿਦਵਾਨ ਲਿਖਾਰੀ ਇਸ ਘਾਟੇ ਨੂੰ ਛੇਤੀ ਹੀ ਪੂਰਾ ਕਰ ਦੇਣਗੇ। ੫

## ਚੰਗੀ ਵਾਰਤਕ ਦੇ ਗੁਣ

ਵਾਰਤਕ ਕੀ ਹੈ—ਆਮ ਸਾਧਾਰਣ ਵਾਕ ਰਚਨਾ ਜੋ ਵਿਆਕਰਨ ਦੇ ਨੇਮਾਂ ਅਨੁਸਾਰ ਮਨੋਭਾਵ ਪਰਗਟ ਕਰਨ ਲਈ ਕੀਤੀ ਗਈ ਹੋਵੇ, ਉਸ ਨੂੰ ਵਾਰਤਕ ਆਖਦੇ ਹਨ। ਇਕ ਚੰਗੀ ਵਾਰਤਕ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ:—

(ੳ) ਸਪਸ਼ਟਤਾ—ਲੇਖਕ ਨੇ ਜੋ ਕੁਝ ਪਰਗਟ ਕਰਨਾ ਹੋਵੇ, ਸਾਫ਼ ਸਾਫ਼ ਅਤੇ ਸਪਸ਼ਟ ਤੌਰ ਤੇ ਪਰਗਟ ਹੋਣਾ ਚਾਹੀਦਾ ਹੈ, ਉਸ ਵਿਚ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਜਾਂ ਭਰਮ ਨਹੀਂ ਹੋਣਾ ਚਾਹੀਦਾ।

(ਅ) ਸਰਲਤਾ—ਵਾਕ ਰਚਨਾ ਬੜੀ ਸਾਫ਼ ਤੇ ਸਰਲ ਹੋਣੀ ਚਾਹੀਦੀ ਹੈ, ਜਿਸ ਵਿਚ ਕਿਸੇ ਤਰ੍ਹਾਂ ਦੀ ਕੋਈ ਗੁੰਝਲ ਨਾਂ ਹੋਵੇ।

(ੲ) ਸਾਦਗੀ—ਵਾਰਤਕ ਵਿਚ ਹਰ ਇਕ ਗੱਲ ਸਾਦੇ ਸ਼ਬਦਾਂ ਵਿਚ ਬਿਆਨ ਕੀਤੀ ਜਾਣੀ ਚਾਹੀਦੀ ਹੈ। ਸਾਹਿਤਕਾਰ ਜੋ ਕੁਝ ਵੀ ਪਰਗਟ ਕਰਨਾ ਚਾਹੁੰਦਾ ਹੈ, ਉਹ ਜਨਤਾ ਲਈ ਲਿਖਦਾ ਹੈ। ਜਿਹੜੀ



Digitized by Panjab Digital Library | www.panjabdigilib.org

ਗੱਲ ਆਮ ਜਨਤਾ ਸਮਝ ਨਾ ਸੱਕੇ ਉਹ ਵਾਰਤਕ ਚੰਗੀ ਨਹੀਂ ਕਹੀ ਜਾਣੀ ਚਾਹੀਦੀ, ਇਸ ਲਈ ਸਾਦਗੀ ਵਾਰਤਕ ਦਾ ਜ਼ਰੂਰੀ ਅੰਗ ਹੈ।

(ਸ) ਸੰਖੇਪਤਾ–ਵਾਰਤਕ ਲਿਖਾਰੀ ਨੂੰ ਚਾਹੀਦਾ ਹੈ ਕਿ ਕਿਸੇ ਗੱਲ ਨੂੰ ਪਾਣੀ ਵਾਂਗ ਨਾ ਰਿੜਕਦਾ ਚਲਾ ਜਾਏ, ਸਗੋਂ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵਧ ਭਾਵ ਪਰਗਟ ਕਰਨ ਦਾ ਯਤਨ ਕਰੇ। ਸੰਖੇਪਤਾ ਵਾਰਤਕ ਦਾ,ਸ਼ੰਗਾਰ ਹੈ।

(ਹ) ਸੁਭਾਵਕਤਾ--ਜੋ ਕੁਝ ਵੀ ਲਿਖਿਆ ਜਾਏ ਬਹੁਤੀਆਂ ਦਲੀਲਾਂ ਦੇ ਵਹਿਣਾ ਵਿਚ ਰੁੜ੍ਹਨ ਦਾ ਯਤਨ ਨਾ ਕੀਤਾ ਜਾਏ, ਸਗੋਂ ਸਹਿਜ ਸੁਭਾ ਆਏ ਖਿਆਲ ਸਹਿਜੇ ਹੀ ਬਿਆਨ ਕੀਤੇ ਜਾਣੇ ਚਾਹੀਦੇ ਹਨ।

(ਕ) ਸ਼ਬਦ ਚੋਣ -ਵਾਕ ਰਚਨਾ ਵਿਚ ਸ਼ਬਦ ਸੁਹਣੇ ਅਤੇ ਢੁੱਕਵੇਂ ਵਰਤੇ ਜਾਣੇ ਚਾਹੀਦੇ ਹਨ। ਭਾਵੇਂ ਕੁਝ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਅਰਥ ਦੇਖਣ ਨੂੰ ਇਕੋ ਜਹੇ ਪਰਤੀਤ ਹੁੰਦੇ ਹਨ, ਪਰ ਕਿਸੇ ਖਾਸ ਵਾਕ ਵਿਚ ਇਕ ਦੀ ਥਾਂ ਤੇ ਦੂਜਾ ਸ਼ਬਦ ਵਰਤਿਆ ਜਾਣਾ ਸਾਰੇ ਵਾਕ ਦਾ ਭਾਵ ਹੋਰ ਦਾ ਹੋਰ ਕਰ ਦੇਂਦਾ ਹੈ। ਜਿਵੇਂ:-- ਆਦਮੀ, ਮਰਦ, ਬੰਦਾ, ਮਨੁੱਖ, ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅਰਥ ਇਕ ਪਰਤੀਤ ਹੁੰਦੇ ਹਨ, ਪਰ ਅਸਲ ਵਿਚ ਇਨ੍ਹਾਂ ਦੇ ਅਰਥ ਵਖੋ ਵਖਰੇ ਹਨ। ਜਿਹਾ ਕਿ--

ਆਦਮੀ--ਬਾਵਾ ਆਦਮ ਦੀ ਅੰਸ ਵਿਚੋਂ ਕੋਈ ਇੱਕ ਜੀਵ।

ਮਰਦ--ਦਲੇਰ ਜਾਂ ਬਹਾਦਰ ਪੁਰਖ।

ਬੰਦਾ-ਰੱਬ ਦਾ ਦਾਸ, ਬੰਦੀ ਵਿਚ ਰਹਿਣ ਵਾਲਾ, ਹੁਕਮ ਦਾ ਪਾਲਣ ਕਰਨ ਵਾਲਾ।

ਮਨੁੱਖ--ਜਿਸ ਵਿਚ ਮਨੁੱਖਤਾ ਦੇ ਗੁਣ ਹੋਣ, ਸਭਯ ਪੁਰਖ।

ਕਈ ਵਡੇ ਵਡੇ ਲਿਖਾਰੀ ਠੀਕ ਤੇ ਢੁਕਵੇਂ ਸ਼ਬਦ ਨਹੀਂ ਵਰਤਦੇ। ਜਿਹੜਾ ਵੀ ਸ਼ਬਦ ਉਨ੍ਹਾਂ ਨੂੰ ਵੇਲੇ ਸਿਰ ਸੁਝਦਾ ਹੈ ਲਿਖ ਮਾਰਦੇ ਹਨ,



Digitized by Panjab Digital Library | www.panjabdigilib.org

ਉਹ ਭਾਵੇਂ ਓਥੇ ਨਾ ਵੀ ਢੁਕਦਾ ਹੋਵੇ। ਜਿਹਾ ਕਿ ਕਈਆਂ ਨੇ ਕੰਮਾਂ ਥਾਂ ਕਰਮਾ, ਉਦਰ-ਪੂਰਨਾ ਦੀ ਥਾਂ ਉਦਰ ਪੂਰਤਾ, ਲਿੱਲ ਜਾਂ ਲਗਨ ਲੱਗੀ ਹੋਈ ਹੈ ਦੀ ਥਾਂ 'ਲੈ ਲੱਗੀ ਹੋਈ ਹੈ, ਆਦਿਕ ਅਨੇਕਾਂ ਸ਼ਬਦ ਆਪਣੇ ਮਨ ਦੀ ਮਰਜ਼ੀ ਅਨੁਸਾਰ ਵਰਤੇ ਹਨ, ਜੋ ਬਿਲਕੁਲ ਢੁੱਕਵੇਂ ਨਹੀਂ।

ਇਸ ਲਈ ਹਰ ਵਾਕ ਵਿਚ ਹਰ ਸ਼ਬਦ ਥਾਂ ਸਿਰ ਤੇ ਢੁੱਕਵਾਂ ਹੋਣਾ ਚਾਹੀਦਾ ਹੈ।

(ਖ) ਸ਼ਬਦਾਂ ਦੀ ਵਿਓਂਤ--ਸ਼ਬਦ ਇਕ ਖਾਸ ਤਰਤੀਬ ਵਿਚ ਹੋਣੇ ਚਾਹੀਦੇ ਹਨ, ਜਿਨ੍ਹਾਂ ਤੋਂ ਠੀਕ ਠੀਕ ਮਨੋਭਾਵ ਪਰਗਟ ਹੋਵੇ। ਕਈ ਵਾਰੀ ਸ਼ਬਦ ਅੱਗੇ ਪਿੱਛੇ ਹੋ ਜਾਣ ਨਾਲ ਵਾਕ ਦੇ ਅਰਥ ਹੋਰ ਦੇ ਹੋਰ ਹੋ ਜਾਂਦੇ ਹਨ। ਜਿਵੇਂ ਹੇਠ ਲਿਖਿਆ ਵਾਕ ਵੇਖੋ: -

> "ਇਸ ਕਸ਼ਮਕਸ਼ ਵਿਚ ਉਸ ਨੂੰ ਦੂਜਿਆਂ ਤੋਂ ਖੋਹਣ ਦਾ ਜਤਨ ਹੈ, ਇਸ ਜਤਨ ਵਿਚ ਅਕਸਰ ਵੇਰ ਜ਼ੋਰ ਦਾ ਤੇ ਕਈ ਵੇਰ ਝੂਠ ਫ਼ਰੇਬ ਦਾ ਵਰਤਾਓ ਵਰਤਿਆ ਜਾਂਦਾ ਹੈ।"

ਇਸ ਵਾਕ ਵਿਚ ਲੇਖਕ ਨੂੰ 'ਮਨੁੱਖ' ਦਾ ਹਾਲ ਲਿਖਣ ਲੱਗਿਆਂ ਇਹ ਖਿਆਲ ਇਸ ਤਰ੍ਹਾਂ ਪਰਗਟ ਕਰਨਾ ਪਿਆ ਹੈ, ਪਰ ਇਸ ਦਾ ਭਾਵ ਸਪਸ਼ਟ ਨਹੀਂ, ਕਿਉਂਕਿ ਇਸ ਵਿਚ ਸ਼ਬਦ ਚੋਣ ਠੀਕ ਨਹੀਂ ਤੇ ਨਾ ਹੀ ਸ਼ਬਦਾਂ ਦੀ ਵਿਓਂਤ ਠੀਕ ਹੈ। "ਇਸ ਕਸ਼ਮਕਸ਼ ਵਿਚ ਉਸ ਨੂੰ ਦੂਜਿਆਂ ਤੋਂ ਖੋਹਣ ਦਾ ਜਤਨ ਹੈ।" ਵਿਹ ਵਾਕ ਲਿਖ ਕੇ ਲੇਖਕ ਤਾਂ ਇਹ ਕਹਿਣਾ ਚਾਹੁੰਦਾ ਹੈ ਕਿ 'ਇਸ ਕਸ਼ਮਕਸ਼ ਵਿਚ ਉਸ ਨੂੰ ਦੂਜਿਆਂ ਤੋਂ ਖੋਹਣ ਦਾ ਯਤਨ ਕਰਨਾ ਪੈਂਦਾ ਹੈ।' ਪਰ ਇਸ ਦਾ ਅਰਥ ਇਹ ਵੀ ਨਿਕਲ ਸਕਦਾ ਹੈ ਕਿ 'ਇਸ ਕਸ਼ਮਕਸ਼ ਵਿਚ 'ਉਸ ਨੂੰ' (ਉਸ ਮਨੁੱਖ ਨੂੰ) ਦੂਜਿਆਂ (ਮਨੁੱਖਾਂ) ਕੋਲੋਂ ਖੋਹ ਲੈਣ ਜਾਂ ਛੁਡਾ ਲੈਣ ਦਾ ਇਕ ਤਰ੍ਹਾਂ ਦਾ ਜਤਨ ਹੈ।" ਪਰ ਲਿਖਾਰੀ ਦਾ ਭਾਵ ਉਤਲਾ ਹੀ ਹੈ। ਇਸੇ ਤਰ੍ਹਾਂ 'ਵਰਤਾਓ ਵਰਤਿਆ ਜਾਂਦਾ ਹੈ' ਦੀ ਥਾਂ



Digitized by Panjab Digital Library | www.panjabdigilib.org

'ਵਰਤਾਓ ਕੀਤਾ ਜਾਂਦਾ ਹੈ' ਚਾਹੀਦਾ ਸੀ।

(ਗ) ਵਿਆਕਰਣ ਦੇ ਨੇਮਾਂ ਅਨੁਸਾਰ ਵਾਕ ਰਚਨਾ ਸ਼ੁਧ ਹੋਣੀ ਚਾਹੀਦੀ ਹੈ।

(ਘ) ਵਾਕ ਰਚਨਾ ਵਿਚ ਲਚਕ ਅਤੇ ਲਯ ਹੋਣੀ ਚਾਹੀਦੀ ਹੈ, ਸ਼ਬਦਾਂ ਦਾ ਪਰਵਾਹ ਦਰਿਆ ਦੀਆਂ ਲਹਿਰਾਂ ਵਾਂਗ ਝਿਲਮਿਲਾਉਂਦਾ ਪਰਤੀਤ ਹੋਵੇ ਅਤੇ ਵਾਕ ਲੋੜ ਅਨੁਸਾਰ ਛੋਟੇ ਵੱਡੇ ਹੋਣੇ ਚਾਹੀਦੇ ਹਨ।

(ਙ) ਖਿਆਲ ਤਰਤੀਬ ਅਨੁਸਾਰ ਇਕ ਲੜੀ ਵਿਚ ਪਰੋਤੇ ਹੋਏ ਹੋਣੇ ਚਾਹੀਦੇ ਹਨ। ਉੱਗੜ ਦੁਗੜੇ ਤੇ ਵਿਕੋਲਿਤਰੇ ਖਿਆਲ ਸਪਸ਼ਟਤਾ ਦਾ ਨਾਸ ਪੁੱਟ ਦੇਂਦੇ ਹਨ। ਇਸ ਲਈ ਇਕ ਵਾਰਤਕ ਲਿਖਾਰੀ ਜਿਸ ਵਿਸ਼ੇ ਉਤੇ ਆਪਣੇ ਵਿਚਾਰ ਪਰਗਟ ਕਰਨਾ ਚਾਹੇ ਉਨ੍ਹਾਂ ਨੂੰ ਇਕ ਤਰਤੀਬ ਵਿਚ ਰੱਖ ਕੇ ਤੇ ਲੜੀ ਵਿਚ ਪਰੋ ਕੇ ਪੇਸ਼ ਕਰੇ, ਨਹੀਂ ਤੇ ਉਸ ਦੀ ਪੂਰੀ ਪੂਰੀ ਸਮਝ ਨਹੀਂ ਪਵੇਗੀ।

ਭਾਵੇਂ ਕਈਆਂ ਵਿਦਵਾਨਾਂ ਦਾ ਖਿਆਲ ਹੈ ਕਿ ਵਾਰਤਕ ਲਈ ਕਵਿਤਾ ਵਰਗੇ ਕੋਈ ਖਾਸ ਕਰੜੇ ਨੇਮ ਨਹੀਂ, ਤਦ ਵੀ ਇਹ ਮੰਨਣਾ ਪਵੇਗਾ ਕਿ ਕਵਿਤਾ ਦੇ ਨੇਮ ਆਪਣੇ ਹਨ ਅਤੇ ਵਾਰਤਕ ਦੇ ਆਪਣੇ। ਬਿਨਾਂ ਨੇਮਾਂ ਦੇ ਕਿਸੇ ਤਰ੍ਹਾਂ ਦਾ ਕੋਈ ਬੰਧਾਨ ਸਫ਼ਲ ਮੰਨਿਆ ਹੀ ਨਹੀਂ ਜਾ ਸਕਦਾ। ਉਂਜ ਭਾਵੇਂ ਕਿਸੇ ਮਹਾਨ ਲਿਖਾਰੀ ਦੀ ਲਿਖਤ ਪੜ੍ਹਦਿਆਂ ਸਤਿਕਾਰ ਵੱਜੋਂ ਉਸ ਦੀਆਂ ਊਨਤਾਈਆਂ ਵੱਲ ਧਿਆਨ ਨਾ ਦਿੱਤਾ ਜਾਏ, ਇਹ ਗੱਲ ਵੱਖਰੀ ਹੈ, ਪਰ ਵਾਰਤਕ ਦੇ ਨੇਮ ਵੀ ਉਸੇ ਤਰ੍ਹਾਂ ਦੇ ਹੀ ਸਖਤ ਮੰਨੇ ਜਾ ਸਕਦੇ ਹਨ, ਜਿਸ ਤਰ੍ਹਾਂ ਦੇ ਕਿ ਹੋਰ ਸਾਹਿਤਕ ਰਚਨਾਵਾਂ ਦੇ ਹਨ।

ਪੰਜਾਬੀ ਵਾਰਤਕ ਲਿਖਣ ਵੇਲੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ ਕਿ ਨਿੱਤ ਦੇ ਬੋਲ-ਚਾਲ ਵਿਚ ਅਸੀਂ ਜਿਸ ਤਰ੍ਹਾਂ ਗਲਾਂ ਕਰਦੇ ਹਾਂ ਉਸੇ ਤਰਾਂ ਹੀ ਲਿਖਿਆ ਜਾਵੇ। ਜਿਹਾ ਕਿ ਪ੍ਰੰਤੂ ਦੀ ਥਾਂ ਪਰ, ਅਗਰਚੇ ਦੀ ਥਾਂ ਜੇ ਕਰ, ਗੋਯਾਕਿ ਦੀ ਥਾਂ ਜਿਹਾ ਕਿ ਆਦਿ ਸ਼ਬਦ ਵਰਤੇ ਜਾਣ ਤਾਂ ਚੰਗਾ ਹੈ।



Digitized by Panjab Digital Library | www.panjabdigilib.org

# ਨਾਵਲ

ਸਾਹਿੱਤ ਦੇ ਸਾਰੇ ਅੰਗਾਂ ਵਿਚੋਂ ਨਾਵਲ ਇਕ ਅਜਿਹੀ ਵਸਤੂ ਹੈ ਜਿਸ ਵਿਚ ਮਨੁੱਖੀ ਜੀਵਨ ਦੇ ਵੱਖ ਵੱਖ ਝਲਕਾਰੇ ਸੁਹਣੀ ਤਰ੍ਹਾਂ ਪਰਗਟਾਏ ਜਾਂਦੇ ਹਨ। ਸਾਹਿਤਕਾਰਾਂ ਦਾ ਖਿਆਲ ਹੈ ਕਿ ਜਦੋਂ ਮਨੁੱਖੀ ਸਮਾਜ ਹਰ ਪੱਖ ਤੋਂ ਉੱਨਤ ਹੋ ਜਾਂਦਾ ਹੈ, ਉਸ ਵੇਲੇ ਨਾਵਲ ਉਪਜਦਾ ਹੈ। ਨਾਵਲ ਵਿਚ ਸਮਾਜ ਦੀ ਰਹਿਣੀ ਬਹਿਣੀ ਅਤੇ ਸਮਾਜਕ ਜੀਵਨ ਬੜੇ ਸੁਚੱਜੇ ਢੰਗ ਨਾਲ ਪਰਗਟਾਇਆ ਹੁੰਦਾ ਹੈ।

ਨਾਵਲ ਇਕ ਅੰਗਰੇਜ਼ੀ ਦਾ ਸ਼ਬਦ ਹੈ। ਸੰਸਕ੍ਰਿਤ ਅਤੇ ਹਿੰਦੀ ਵਾਲੇ ਇਸ ਨੂੰ ਉਪੱਨਿਆਸ ਕਹਿੰਦੇ ਹਨ। ਨਾਵਲ ਸ਼ਬਦ ਦੇ ਅੱਖਰੀ ਅਰਥ 'ਨਵੀਨਤਾ' ਹਨ। ਸੋ ਮਨੁੱਖੀ ਜੀਵਨ ਦੀਆਂ ਵੱਖ ਵੱਖ ਘਟਨਾਵਾਂ ਜੇ ਨਵੇਂ ਤੇ ਨਿਰਾਲੇ ਢੰਗ ਨਾਲ ਪੇਸ਼ ਕੀਤੀਆਂ ਜਾਣ ਤਾਂ ਉਨ੍ਹਾਂ ਨੂੰ ਨਾਵਲ ਕਿਹਾ ਜਾ ਸਕਦਾ ਹੈ।

ਨਾਵਲ ਕਿਸੇ ਮੰਤਵ ਜਾਂ ਆਦਰਸ਼ ਨੂੰ ਮੁਖ ਰੱਖ ਕੇ ਲਿਖਿਆ ਜਾਂਦਾ ਹੈ। ਬਿਨਾਂ ਮੰਤਵ ਦੇ ਵਾਧੂ ਗੱਲਾਂ ਦੀ ਵਿਆਖਿਆ ਕਰਨੀ ਨਾਵਲ ਨਹੀਂ ਅਖਵਾ ਸਕਦਾ। ਇਕ ਸਿਆਣਾ ਨਾਵਲਕਾਰ ਉੱਨਤ ਸਮਾਜ ਵਿਚ ਜਦੋਂ ਵੱਖ ਵੱਖ ਤਰ੍ਹਾਂ ਦੀਆਂ ਘਟਨਾਵਾਂ ਵੇਖਦਾ ਹੈ ਉਸ ਦੇ ਜੀਵਨ ਉਤੇ ਉਨ੍ਹਾਂ ਦਾ ਪ੍ਰਭਾਵ ਪੈਂਦਾ ਹੈ, ਉਹ ਆਪਣੇ ਅਨੁਭਵਾਂ ਨੂੰ ਪ੍ਰਗਟ ਕਰਨ ਦਾ ਯਤਨ ਕਰਦਾ ਹੈ। ਜਿਸ ਤਰ੍ਹਾਂ ਦੇ ਪਾਤਰ ਉਸ ਨੇ ਸਮਾਜ ਵਿਚ ਵੇਖੇ ਹੁੰਦੇ ਹਨ, ਉਨ੍ਹਾਂ ਦਾ ਸੁਭਾ ਘੜੀ ਦੀ ਘੜੀ ਆਪਣੇ ਵਿਚ ਅੰਕਤ ਕਰਕੇ ਆਪਣੀ ਕਲਮ ਰਾਹੀਂ ਉਸੇ ਤਰ੍ਹਾਂ ਬੋਲਦਾ ਹੈ, ਅਰਥਾਤ ਜਦੋਂ ਕੋਈ ਨਾਵਲਕਾਰ ਨਾਵਲ ਲਿਖਣ ਲਗਦਾ ਹੈ ਤਾਂ ਲਿਖਣ ਸਮੇਂ ਆਪ ਵਖ ਵਖ ਪਾਤਰਾਂ ਦਾ ਰੂਪ ਧਾਰ ਕੇ ਆਪਣੇ ਜਜ਼ਬੇ ਤੇ ਖਿਆਲ ਪ੍ਰਗਟ ਕਰਦਾ ਹੈ। ਇਕ ਸਿਆਣੇ



Digitized by Panjab Digital Library | www.panjabdigilib.org

ਨਾਵਲਕਾਰ ਵਿਚ ਇਹ ਖੂਬੀ ਹੋਣੀ ਚਾਹੀਦੀ ਹੈ ਕਿ ਉਸ ਨੂੰ ਆਮ ਵਾਕਫੀਅਤ ਹੋਵੇ। ਜਿਸ ਜਿਸ ਥਾਂ ਜਾਂ ਜਿਸ ਜਿਸ ਘਟਨਾ ਸਬੰਧੀ ਉਸ ਨੇ ਆਪਣੇ ਖਿਆਲ ਪਰਗਟ ਕਰਨੇ ਹੋਣ ਉਨ੍ਹਾਂ ਦੇ ਹਰ ਪ੍ਰਕਾਰ ਦੇ ਭੇਦਾਂ ਦਾ ਉਸ ਨੂੰ ਪਤਾ ਹੋਵੇ ਉਸ ਵਿਚ ਆਮ ਜਨਤਾ ਦੇ ਦਿਲ ਪੜ੍ਹਨ ਦੀ ਸ਼ਕਤੀ ਹੋਵੇ। ਇਸ ਤੋਂ ਬਿਨਾਂ ਉਹ ਕਲਮੀ ਚਿੱਤ੍ਰਕਾਰ ਹੋਵੇ ਤਾਂ ਜੋ ਆਪਣੀ ਕਲਮ ਦੀ ਤਾਕਤ ਨਾਲ ਹਰ ਤਰ੍ਹਾਂ ਦੇ ਦ੍ਰਿਸ਼ ਇਸ ਖੂਬੀ ਨਾਲ ਚਿੱਤਰੇ ਕਿ ਪਾਠਕਾਂ ਦੀਆਂ ਅੱਖਾਂ ਸਾਹਮਣੇ ਉਹ ਨਜ਼ਾਰਾ ਹੂ ਬਹੂ ਆ ਜਾਵੇ।

ਨਾਵਲ ਦੇ ਨਿਯਮਾਂ ਅਨੁਸਾਰ ਇਕ ਚੰਗੇ ਨਾਵਲ ਵਿਚ ਹੇਠ ਲਿਖੇ ਗੁਣ ਹੋਣੇ ਜ਼ਰੂਰੀ ਹਨ।

੧. ਜਿਸ ਆਸ਼ੇ ਨੂੰ ਮੁਖ ਰਖ ਕੇ ਕੋਈ ਨਾਵਲ ਲਿਖਿਆ ਜਾਵੇ, ਉਹ ਆਦਿ ਤੋਂ ਅੰਤ ਤਕ ਪੂਰੀ ਤਰ੍ਹਾਂ ਨਿਭਣਾ ਚਾਹੀਦਾ ਹੈ। ਬਿਨਾਂ ਮੰਤਵ ਤੋਂ ਨਾਵਲ ਨਹੀਂ ਹੋਣਾ ਚਾਹੀਦਾ। ਨਾਵਲ ਦਾ ਨਾਂ ਉਸ ਦੇ ਆਸ਼ੇ ਅਨੁਸਾਰ ਬਿਲਕੁਲ ਢੁਕਵਾਂ ਹੋਣਾ ਚਾਹੀਦਾ ਹੈ। ਕਈ ਨਾਵਲਕਾਰ ਨਾਵਲ ਦੇ ਕਿਸੇ ਪਾਤਰ ਦੇ ਨਾਂ ਉਤੇ ਹੀ ਨਾਵਲ ਦਾ ਨਾਂ ਰੱਖ ਦੇਂਦੇ ਹਨ, ਇਹ ਠੀਕ ਨਹੀਂ।

੨. ਨਾਵਲ ਦਾ ਪਲਾਟ ਅਥਵਾ ਉਸ ਦਾ ਢਾਂਚਾ ਅਜਿਹਾ ਹੋਵੇ ਜੋ ਆਮ ਜੀਵਨ ਨਾਲੋਂ ਓਪਰਾ ਨਾ ਜਾਪੇ ਅਤੇ ਸਾਰੇ ਨਾਵਲ ਦੀ ਵਾਰਤਾ ਦੀ ਉਸਾਰੀ ਨਾਵਲ ਦੇ ਪਲਾਟ ਅਨੁਸਾਰ ਐਨ ਢੁੱਕਵੀਂ ਹੋਵੇ।

੩. ਨਾਵਲ ਦੇ ਪਾਤਰ ਸਾਡੇ ਸਮਾਜ ਦੇ ਜੀਊਂਦੇ ਜਾਗਦੇ ਬੰਦੇ ਹੋਣੇ ਚਾਹੀਦੇ ਹਨ। ਨਾਵਲ ਵਿਚ ਕੋਈ ਪਾਤਰ ਇਹੋ ਜਿਹਾ ਨਹੀਂ ਹੋਣਾ ਚਾਹੀਦਾ. ਜਿਸ ਦਾ ਜੀਵਨ ਓਪਰਾ ਓਪਰਾ ਲੱਗੇ।

੪. ਚੰਗੇ ਨਾਵਲਾਂ ਵਿਚ ਜੀਵਨ ਦੀਆਂ ਘਟਨਾਵਾਂ ਜਾਂ ਤੇ ਪਾਤਰਾਂ ਦੇ ਸੁਭਾਵਾਂ ਅਨੁਸਾਰ ਲਈਆਂ ਜਾਂਦੀਆਂ ਹਨ ਜਾਂ ਪਾਤਰਾਂ ਦੇ ਸੁਭਾ ਘਟਨਾਵਾਂ ਅਨੁਸਾਰ ਚਿੱਤਰੇ ਜਾਂਦੇ ਹਨ। ਸਾਰੀ ਵਾਰਤਾ



Digitized by Panjab Digital Library | www.panjabdigilib.org

ਇਸ ਖੂਬੀ ਨਾਲ ਬਿਆਨ ਕੀਤੀ, ਜਾਂਦੀ ਹੈ ਕਿ ਉਸ ਵਿਚੋਂ ਕੋਈ ਵੀ ਗੱਲ ਓਪਰੀ ਪਰਤੀਤ ਨਹੀਂ ਹੁੰਦੀ, ਸਗੋਂ ਕਈ ਵਾਰੀ ਪਾਠਕਾਂ ਨੂੰ ਇਸ ਤਰ੍ਹਾਂ ਭੁਲੇਖਾ ਲਗ ਜਾਂਦਾ ਹੈ ਕਿ ਉਹ ਨਾਵਲ ਦੀ ਹਰ ਘਟਨਾ ਨੂੰ ਸੱਚੀ ਸਮਝਣ ਲਗ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ, ਕਿ ਇਕ ਚੰਗੇ ਨਾਵਲ ਦੀਆਂ ਸਾਰੀਆਂ ਘਟਨਾਵਾਂ ਬਿਲਕੁਲ ਸੱਚੀਆਂ ਹੁੰਦੀਆਂ ਹਨ, ਕੇਵਲ ਨਾਵਾਂ ਅਤੇ ਥਾਵਾਂ ਦੀ ਤਬਦੀਲੀ ਹੋਣ ਕਰਕੇ ਨਾਵਲ ਮਨੋਕਲਪਤ ਪਰਤੀਤ ਹੋਂਦਾ ਹੈ।

੫. ਨਾਵਲ ਦੀ ਵਾਰਤਾ ਕੁਝ ਕਾਂਡਾਂ ਵਿਚ ਵੰਡੀ ਹੁੰਦੀ ਹੈ ਅਤੇ ਹਰ ਕਾਂਡ ਦਾ ਆਰੰਭ ਇਕ ਮਨੋਰੰਜਕ ਨਜ਼ਾਰੇ ਨਾਲ ਹੁੰਦਾ ਹੈ। ਪਹਿਲੇ ਪਹਿਲ ਪਾਠਕ ਇਸ ਤਰ੍ਹਾਂ ਪ੍ਰਤੀਤ ਕਰਦਾ ਹੈ ਕਿ ਉਹ ਵਾਰਤਾ ਪਹਿਲੀ ਨਾਲੋਂ ਬਿਲਕੁਲ ਅੱਡਰੀ ਹੈ, ਪਰ ਅੱਗੇ ਜਾਕੇ ਸਾਰੇ ਕਾਂਡਾਂ ਦੀ ਵਾਰਤਾ ਇਕ ਲੜੀ ਵਿਚ ਪ੍ਰੋਤੀ ਪਰਤੀਤ ਹੁੰਦੀ ਹੈ।

੬. ਇਕ ਨਾਵਲ ਵਿਚ ਇਹੋ ਜਹੀਆਂ ਘਟਨਾਵਾਂ ਜ਼ਰੂਰੀ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਪਾਠਕ ਕੁਝ ਹੋਰ ਅਨੁਮਾਨ ਲਾਉਣ ਲਗ ਪੈਣ ਪਰ ਉਹ ਘਟਨਾਵਾਂ ਅੱਗੇ ਜਾ ਕੇ ਕਿਸੇ ਹੋਰ ਪਾਸੇ ਮੋੜਾ ਖਾ ਜਾਣ। ਇਸ ਤਰ੍ਹਾਂ ਨਾਵਲ ਵਿਚ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਂਦੀਆਂ ਤੇ ਖੁਲ੍ਹਦੀਆਂ ਰਹਿੰਦੀਆਂ ਹਨ।

੭. ਨਾਵਲ ਵਿਚ ਹਰ ਪਾਤਰ ਦਾ ਜੀਵਨ ਵੱਖਰਾ ਹੁੰਦਾ ਹੈ ਪਰ ਸਿਆਣਾ ਨਾਵਲਕਾਰ ਸਾਰਿਆਂ ਪਾਤਰਾਂ ਦੇ ਜੀਵਨ ਦਾ ਇਕ ਅਜਿਹਾ ਸਬੰਧ ਕਰਦਾ ਹੈ ਕਿ ਉਹ ਸਾਰੇ ਇਕ ਵਾਰਤਾ ਦੇ ਜ਼ਰੂਰੀ ਅੰਗ ਪਰਤੀਤ ਹੋਣ ਲਗਦੇ ਹਨ। ਨਾਵਲ ਵਿਚ ਕੋਈ ਇਹੋ ਜਿਹਾ ਪਾਤਰ ਜਾਂ ਇਹੋ ਜਹੀ ਘਟਨਾ ਨਹੀਂ ਹੋਣੀ ਚਾਹੀਦੀ ਜਿਸ ਨੂੰ ਨਾਵਲ ਵਿਚੋਂ ਕੱਢ ਦਿੱਤਾ ਜਾਵੇ ਤੇ ਨਾਵਲ ਦੀ ਵਾਰਤਾ ਵਿਚ ਕੋਈ ਫਰਕ ਨਾ ਪਵੇ।

੮. ਨਾਵਲ ਦੀ ਵਾਰਤਾ ਬੜੀ ਦਿਲ ਖਿਚਵੀਂ ਤੇ ਸਵਾਦਲੀ



Digitized by Panjab Digital Library | www.panjabdigilib.org

ਹੋਣੀ ਚਾਹੀਦੀ ਹੈ। ਇਸ ਦੀਆਂ ਘਟਨਾਵਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿ ਜਿਨ੍ਹਾਂ ਬਾਬਤ ਇਕ ਪਾਠਕ ਅਗੇਤਰਾ ਹੀ ਅਨੁਮਾਨ ਨਾ ਲਾ ਸਕੇ ਕਿ ਇਸ ਦਾ ਅੰਤ ਕੀ ਹੋਵੇਗਾ। ਸਗੋਂ ਨਾਵਲ ਦਾ ਅੰਤ ਹੋਣ ਤੇ ਵੀ ਪਾਠਕਾਂ ਦੇ ਦਿਲਾਂ ਵਿਚ ਇਹ ਲਾਲਸਾ ਬਣੀ ਰਹਿਣੀ ਚਾਹੀਦੀ ਹੈ ਕਿ ਇਸ ਦੇ ਅੱਗੇ ਕੀ ਹੋਇਆ ? ਸਾਰੀ ਵਾਰਤਾ ਅਜਿਹੀ ਸਵਾਦਲੀ ਹੋਵੇ ਕਿ ਪੜ੍ਹਨ ਵਾਲੇ ਨੂੰ ਖਾਣਾ, ਪੀਣਾ ਤੇ ਸੌਣਾ ਵੀ ਭੁੱਲ ਜਾਵੇ।

੯. ਨਾਵਲ ਦੀ ਕਹਾਣੀ ਇਕ ਪਹਾੜ ਦੀ ਚੜ੍ਹਾਈ ਵਾਂਗ ਇਕ ਸਿੱਖਰ ਤੱਕ ਪੁੱਜਣੀ ਚਾਹੀਦੀ ਹੈ, ਜਿਸ ਨੂੰ ਨਾਵਲ ਦੀ ਵਾਰਤਾ ਦਾ ਵਿਕਾਸ ਜਾਂ ਸਿਖਰ (Climax) ਕਿਹਾ ਜਾਂਦਾ ਹੈ ਅਤੇ ਫੇਰ ਪਹਾੜ ਦੀ ਉਤਰਾਈ ਵਾਂਗ ਆਪਣੀ ਪੱਧਰ ਉਤੇ ਆ ਜਾਣੀ ਚਾਹੀਦੀ ਹੈ।

੧੦. ਨਾਵਲ ਦੇ ਮੁਖ ਪਾਤਰ ਨਾਇਕ ਅਤੇ ਨਾਇਕਾ ਬਹੁਤਾ ਚਿਰ ਲਈ ਪਾਠਕਾਂ ਦੀ ਨਜ਼ਰੋਂ ਉਹਲੇ ਨਹੀਂ ਹੋਣੇ ਚਾਹੀਦੇ, ਸਗੋਂ ਸ਼ੁਰੂ ਤੋਂ ਲੈਕੇ ਅਖੀਰ ਤੱਕ ਸਾਰੀ ਕਹਾਣੀ ਦੇ ਆਸੇ ਪਾਸੇ ਹੀ ਘੁੰਮਦੇ ਰਹਿਣੇ ਚਾਹੀਦੇ ਹਨ।

ਇਕ ਨਾਵਲ ਦਾ ਕੰਮ ਮਨੁੱਖੀ ਜੀਵਨ ਦੇ ਵੱਖ ਵਖ ਪਹਿਲੂਆਂ ਉਤੇ ਚਾਨਣਾ ਪਾਉਣਾ ਹੈ, ਤਾਂ ਜੋ ਸਮਾਜ ਨੂੰ ਆਪਣੇ ਗੁਣਾਂ ਅਉਗਣਾਂ ਦਾ ਪਤਾ ਲਗਦਾ ਰਹੇ। ਜਦੋਂ ਸਮਾਜ ਪੂਰੀ ਤਰ੍ਹਾਂ ਉੱਨਤ ਹੋ ਜਾਂਦਾ ਹੈ ਤੇ ਆਮ ਲੋਕਾਂ ਦੇ ਦਿਲਾਂ ਵਿਚ ਇਕ ਦੂਜੇ ਨੂੰ ਸਮਝਣ ਲਈ ਲਾਲਸਾ ਪੈਦਾ ਹੋ ਜਾਂਦੀ ਹੈ ਤਾਂ ਨਾਵਲ ਹੋਂਦ ਵਿਚ ਆਉਂਦਾ ਹੈ। ਸਿਆਣੇ ਲੇਖਕਾਂ ਦੇ ਨਾਵਲਾਂ ਨੇ ਕਈਆਂ ਦੇਸਾਂ ਵਿਚ ਸੁਧਾਰ ਦਾ ਬੜਾ ਕੰਮ ਕੀਤਾ ਹੈ। ਅੰਗਰੇਜ਼ੀ ਦੇ ਮਸ਼ਹੂਰ ਨਾਵਲਕਾਰ ਡਿਕਨਜ਼ ਨੇ ਆਪਣੇ ਨਾਵਲਾਂ ਦੇ ਸਦਕੇ ਆਪਣੇ ਦੇਸ ਤੇ ਦੇਸ ਵਾਸੀਆਂ ਦਾ ਜੀਵਨ ਤੇ ਰਹਿਣੀ ਬਹਿਣੀ ਬਦਲ ਦਿੱਤੀ। ਸੋ ਨਾਵਲ ਕੌਮਾਂ ਅਤੇ ਮੁਲਕਾਂ ਦੀ ਹਾਲਤ ਬਦਲਣ ਦੀ ਸਮਰਥਾ ਰਖਦਾ ਹੈ। ਇਸ ਲਈ ਵਾਰਤਕ ਦੇ



Digitized by Panjab Digital Library | www.panjabdigilib.org

ਇਤਿਹਾਸ ਵਿਚ ਨਾਵਲ ਵੀ ਬੜੀ ਮਹਾਨਤਾ ਰਖਦਾ ਹੈ।

ਨਾਵਲ ਦੀ ਉਤਪਤੀ—ਸਾਹਿਤ ਦੇ ਇਤਿਹਾਸ ਵਿਚ ਪਹਿਲਾਂ ਕਵਿਤਾ ਪ੍ਰਗਟ ਹੋਈ ਅਤੇ ਫੇਰ ਵਾਰਤਕ। ਵਾਰਤਕ ਦੇ ਇਤਿਹਾਸ ਵਿਚ ਪਹਿਲਾਂ ਧਰਮ ਸਬੰਧੀ ਸਿੱਖਿਆ, ਧਾਰਮਕ ਸਾਖੀਆਂ ਤੇ ਫੇਰ ਸਾਖੀਆਂ ਨਾਲ ਮਿਲਦਾ ਜੁਲਦਾ ਇਤਿਹਾਸ ਪ੍ਰਗਟ ਹੋਇਆ।ਫੇਰ ਨਿਰੋਲ ਇਤਿਹਾਸ ਤੇ ਉਸ ਤੋਂ ਮਗਰੋਂ ਨਾਵਲ ਉਤਪੰਨ ਹੋਇਆ। ਨਾਵਲ ਓਸ ਵੇਲੇ ਪ੍ਰਗਟ ਹੁੰਦਾ ਹੈ ਜਦੋਂ ਭਾਈਚਾਰੇ ਵਿਚ ਆਪਣੇ ਆਪ ਦੀ ਸੋਝੀ ਆ ਜਾਂਦੀ ਹੈ ਅਤੇ ਸਮਾਜ ਆਪਣੇ ਸਾਰੇ ਅੰਗਾਂ ਨੂੰ ਸੋਚ ਸਮਝ ਕੇ ਚਲਾਣ ਦਾ ਯਤਨ ਕਰਦਾ ਹੈ ਜਾਂ ਉਨ੍ਹਾਂ ਤੋਂ ਪੂਰਾ ਪੂਰਾ ਕੰਮ ਲੈਣ ਦੀ ਉਸ ਨੂੰ ਲੋੜ ਪ੍ਰਤੀਤ ਹੁੰਦੀ ਹੈ। ਸੋ ਪੰਜਾਬੀ ਸਾਹਿਤ ਅੰਦਰ ਨਾਵਲ ਦੇ ਵਿਕਾਸ ਬਾਬਤ ਅਸੀ ਇਸ ਤਰ੍ਹਾਂ ਵੰਡ ਕਰ ਸਕਦੇ ਹਾਂ:—

ਨਾਵਲ ਦੀ ਪਹਿਲੀ ਅਵਸਥਾ 'ਸਾਖੀ ਅਵਸਥਾ' ਕਹੀ ਜਾ ਸਕਦੀ ਹੈ, ਜਿਸ ਵਿਚ ਗੁਰੂਆਂ ਤੇ ਅਵਤਾਰਾਂ ਦੀਆਂ ਜੀਵਨ ਕਥਾਵਾਂ ਨੂੰ ਲੋਕਾਂ ਦੀ ਅਗਵਾਈ ਲਈ ਨਾਵਲ ਦੇ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ।ਇਸ ਤੋਂ ਮਗਰੋਂ ਇਹ ਅਵਸਥਾ ਰਤਾ ਉਚੇਰੀਹੁੰਦੀ ਹੈ।ਉਹ ਸਾਖੀਆਂ ਆਪਣੀ ਕਲਪਣਾ ਸ਼ਕਤੀ ਨਾਲ ਵਧੇਰੇ ਦਿਲ ਖਿਚਵੀਆਂ ਤੇ ਸਵਾਦਲੀਆਂ ਬਣਾ ਦਿਤੀਆਂ ਜਾਂਦੀਆਂ ਹਨ। ਜਿਹਾ ਕਿ ਭਾਈ ਵੀਰ ਸਿੰਘ ਜੀ ਦੀਆਂ ਪੁਸਤਕਾਂ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਆਦਿ ਹਨ।

ਨਾਵਲ ਦੀ ਤੀਸਰੀ ਅਵਸਥਾ ਉਹ ਹੈ ਕਿ ਇਤਿਹਾਸ ਨਾਲ ਸਬੰਧ ਰੱਖਣ ਵਾਲੀਆਂ ਗੱਲਾਂ ਆਪਣੇ ਮਨ ਦੀ ਕਲਪਣਾ ਨਾਲ ਨਾਵਲ ਦੇ ਰੂਪ ਵਿਚ ਬਿਆਨ ਕੀਤੀਆਂ ਹੁੰਦੀਆਂ ਹਨ, ਇਹ ਕੋਈ ਸੱਚੀਆਂ ਘਟਨਾਵਾਂ ਨਹੀਂ ਹੁੰਦੀਆਂ, ਸਗੋਂ ਸਭ ਮਨ ਘੜਤ ਹੀ



Digitized by Panjab Digital Library | www.panjabdigilib.org

ਹੁੰਦੀਆਂ ਹਨ। ਅਜਿਹੇ ਨਾਵਲਾਂ ਰਾਹੀਂ ਆਦਰਸ਼ਕ ਜੀਵਨ ਵਾਲੇ ਮਨੁਖ ਪੇਸ਼ ਕੀਤੇ ਜਾਂਦੇ ਹਨ, ਜਿਹਾ ਕਿ 'ਸੁੰਦਰੀ', ਬਿਜੈ ਸਿੰਘ ਤੇ 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ' ਆਦਿ ਨਾਵਲ ਹਨ। ਪਾਠਕ ਜਨ ਸਮਝਦੇ ਹਨ ਕਿ ਇਨ੍ਹਾਂ ਨਾਵਲਾਂ ਵਿਚ ਆਈਆਂ ਘਟਨਾਵਾਂ ਬਿਲਕੁਲ ਸੱਚੀਆਂ ਹਨ ਤੇ ਕੋਈ ਵੀ ਗੱਲ ਮਨ-ਘੜਤ ਨਹੀਂ। ਇਨ੍ਹਾਂ ਨਾਵਲਾਂ ਵਿਚ ਸਮਾਜਕ ਹਾਲਤ ਦਾ ਸੱਚਾ ਨਕਸ਼ਾ ਨਹੀਂ ਖਿਚਿਆ ਹੋਇਆ ਸਗੋਂ ਇਨ੍ਹਾਂ ਵਿਚ ਸਿਖ ਸਾਰੇ ਨਾਮ ਜਪਣ ਵਾਲੇ, ਨਾਮ ਦੇ ਰਸੀਏ ਤੇ ਆਦਰਸ਼ਕ ਜੀਵਨ ਵਾਲੇ ਹੀ ਦੱਸੇ ਹਨ ਅਤੇ ਮੁਸਲਮਾਨ ਸਾਰੇ ਦੇ ਸਾਰੇ ਭੈੜੇ ਤੇ ਦੁਰਾਚਾਰੀ ਦਿਖਾਏ ਹਨ।

ਨਾਵਲ ਵਿਚ ਹਰ ਇਕ ਪਾਤਰ ਦਾ ਸੁਭਾ ਆਪੋ ਆਪਣਾ ਹੁੰਦਾ ਹੈ ਅਤੇ ਸੁਭਾ ਦੀ ਉਸਾਰੀ ਸਮੇਂ ਤੇ ਹਾਲਾਤ ਦੇ ਜ਼ਮਾਂਦਰੂ ਗੁਣਾਂ ਕਰਕੇ ਹੁੰਦੀ ਹੈ। ਇਕ ਦਾ ਆਚਰਣ ਕਿਸੇ ਦੂਜੇ ਨਾਲ ਨਹੀਂ ਮਿਲਦਾ। ਪਿਛਲੇ ਸਮੇਂ ਅਤੇ ਅਜ ਕਲ ਦੇ ਸਮੇਂ ਦੀ ਰਹਿਣੀ ਬਹਿਣੀ ਵਿਚ ਕਾਫ਼ੀ ਫਰਕ ਪੈ ਚੁੱਕਾ ਹੈ। ਵਿਦਿਆ ਦੇ ਅਸਰ ਕਰ ਕੇ ਆਮ ਲੋਕਾਂ ਦੇ ਸੁਭਾ ਇਕ ਦੂਸਰੇ ਵਿਚ ਘੁਲ ਮਿਲ ਗਏ ਹਨ ਤੇ ਮਨੁਖੀ ਸੁਭਾ ਇਕ ਵੱਡਾ ਗੋਰਖ ਧੰਦਾ ਬਣ ਗਿਆ ਹੈ।

ਨਾਵਲਕਾਰ ਦਾ ਕੰਮ ਨਿਰਾ ਕਹਾਣੀ ਘੜਨਾ ਨਹੀਂ ਸਗੋਂ ਕਹਾਣੀ ਦੀ ਹਾਲਤ ਦੇ ਮੁਤਾਬਕ ਹਰ ਇਕ ਪਾਤਰ ਦੇ ਆਚਰਣ ਨੂੰ ਉਸਾਰਨਾ ਹੈ। ਸੋ ਨਾਵਲਿਸਟ ਲਈ ਜ਼ਰੂਰੀ ਹੈ ਕਿ ਉਹ ਸਮਾਜ ਦੀ ਹਾਲਤ ਚੰਗੀ ਤਰ੍ਹਾਂ ਦੇਖੇ, ਉਸ ਸਬੰਧੀ ਵਿਚਾਰ ਕਰੇ ਤੇ ਸਮਾਜ ਵਿਚ ਹੋ ਰਹੀਆਂ ਘਟਨਾਵਾਂ ਦਾ ਚੰਗੀ ਤਰ੍ਹਾਂ ਜਾਣੂ ਹੋਵੇ। ਨਾਵਲ ਦੇ ਪਰਗਟ ਹੋਣ ਲਈ ਜ਼ਰੂਰੀ ਹੈ ਕਿ ਸਮਾਜ ਦੀ ਹਾਲਤ ਕਿਸੇ ਖਾਸ ਦਰਜੇ ਤੇ ਪਹੁੰਚ ਚੁਕੀ ਹੋਵੇ, ਸਮਾਜ ਵਿਚ ਜੋ ਕੁਝ ਕਮਜ਼ੋਰੀਆਂ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਬਿਆਨ ਕੀਤਾ ਜਾਵੇ। ਨਾਵਲਕਾਰ ਹਰ ਇਕ ਚੀਜ਼ ਨੂੰ ਨਿਰਪਖਤਾ ਨਾਲ ਦੇਖੇ ਅਤੇ ਕਿਸੇ ਦਾ ਲਿਹਾਜ਼ ਜਾਂ ਕਿਸੇ ਦੀ ਨਿੰਦਿਆ ਖਾਹ ਮਖਾਹ ਨਾ ਕਰੇ।



Digitized by Panjab Digital Library | www.panjabdigilib.org

## ਨਾਵਲ ਦੀਆਂ ਕਿਸਮਾਂ:—

ਮਜ਼ਮੂਨਾਂ ਤੇ ਆਦਰਸ਼ ਦੇ ਲਿਹਾਜ਼ ਨਾਲ ਵਿਦਵਾਨਾਂ ਨੇ ਨਾਵਲਾਂ ਨੂੰ ਕਈਆਂ ਵੱਖ ਵੱਖ ਹਿੱਸਿਆਂ ਵਿਚ ਵੰਡਿਆ ਹੈ, ਜਿਨ੍ਹਾਂ ਵਿਚੋਂ ਹੇਠ ਲਿਖੇ ਅਨੁਸਾਰ ਛੇ ਪ੍ਰਕਾਰ ਦੇ ਨਾਵਲ ਆਮ ਪਰਚਲਤ ਦਸੇ ਗਏ ਹਨ:—

੧. ਧਾਰਮਕ ਨਾਵਲ:—ਅਜਿਹੇ ਨਾਵਲਾਂ ਦੀ ਵਾਰਤਾ ਦੇ ਪਲੌਟ ਨਿਰੋਲ ਧਾਰਮਕ ਆਸ਼ੇ ਨੂੰ ਮੁਖ ਰਖਕੇ ਲਿਖੇ ਜਾਂਦੇ ਹਨ ਅਤੇ ਇਨ੍ਹਾਂ ਵਿਚ ਕੇਵਲ ਧਰਮ ਪਰਚਾਰ ਹੀ ਕੀਤਾ ਹੁੰਦਾ ਹੈ। ਈਸਾਈ ਮੱਤ ਵਾਲਿਆਂ ਨੇ ਅੰਗਰੇਜ਼ੀ ਵਿਚ ਇਸ ਤਰ੍ਹਾਂ ਦੇ ਅਨੇਕਾਂ ਨਾਵਲ ਲਿਖੇ ਹਨ। ਪੰਜਾਬੀ ਵਿਚ ਬਹੁਤ ਘਟ ਨਾਵਲ ਇਸ ਵਿਸ਼ੇ ਤੇ ਲਿਖੇ ਗਏ ਹਨ। ਇਸ ਸ਼੍ਰੇਣੀ ਵਿਚ ਭਾਈ ਵੀਰ ਸਿੰਘ ਜੀ ਦਾ ਮਸ਼ਹੂਰ ਨਾਵਲ 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ' ਲਿਆ ਜਾ ਸਕਦਾ ਹੈ।

੨. ਇਤਿਹਾਸਕ ਨਾਵਲ:—ਅਜਿਹੇ ਨਾਵਲਾਂ ਵਿਚ ਇਤਿਹਾ-ਸਕ ਘਟਨਾਵਾਂ ਨੂੰ ਮੁਖ ਰਖਿਆ ਜਾਂਦਾ ਹੈ। ਇਤਿਹਾਸਕ ਨਾਵਲਾਂ ਵਿਚ ਅਸਲੀ ਪਾਤਰ, ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਿਚ ਆ ਚੁੱਕਾ ਹੁੰਦਾ ਹੈ, ਜਾਂ ਬਨਾਉਟੀ ਪਾਤਰ ਜਿਹੋ ਜਿਹੇ ਕਿਸੇ ਇਤਿਹਾਸ ਵਿਚ ਆ ਚੁੱਕੇ ਹੁੰਦੇ ਹਨ, ਲਏ ਜਾਂਦੇ ਹਨ। ਇਤਿਹਾਸਕ ਨਾਵਲ ਦੂਸਰੀਆਂ ਬੋਲੀਆਂ ਵਿਚ ਆਮ ਲਿਖੇ ਜਾ ਚੁੱਕੇ ਹਨ, ਪਰ ਪੰਜਾਬੀ ਵਿਚ ਗਿਣਤੀ ਦੇ ਨਾਵਲ ਹੀ ਲਿਖੇ ਗਏ ਹਨ। ਇਸ ਸ਼ਰੇਣੀ ਵਿਚ ਭਾਈ ਵੀਰ ਸਿੰਘ ਜੀ ਦੇ ਨਾਵਲ ਸੁੰਦਰੀ, ਬਿਜੈ ਸਿੰਘ ਆਦਿਕ ਆ ਸਕਦੇ ਹਨ।

੩. ਜਾਸੂਸੀ ਨਾਵਲ—ਅਜਿਹੇ ਨਾਵਲਾਂ ਵਿਚ ਮੱਕਾਰੀ, ਚਲਾਕੀ, ਗੁਪਤ ਭੇਤ ਮਲੂਮ ਕਰਨੇ, ਚੋਰਾਂ ਡਾਕੂਆਂ ਤੇ ਸੂਹੀਆਂ ਦੇ



Digitized by Panjab Digital Library | www.panjabdigilib.org

ਹਲ ਹੀ ਬਿਆਨ ਕੀਤੇ ਹੁੰਦੇ ਹਨ। ਪੰਜਾਬੀ ਵਿਚ ਇਹੋ ਜਿਹੇ ਨਾਵਲ ਬਹੁਤ ਘੱਟ ਲਿਖੇ ਗਏ ਹਨ। ਚੰਦਰ ਕਾਂਤਾ, ਭੂਤ ਨਾਥ, ਆਦਿਕ ਨਾਵਲ ਇਸ ਸ਼ਰੇਣੀ ਵਿਚ ਗਿਣੇ ਜਾ ਸਕਦੇ ਹਨ। ਇਸੇ ਤਰ੍ਹਾਂ ਨਾਨਕ ਸਿੰਘ ਜੀ ਦੇ ਮਸ਼ਹੂਰ ਨਾਵਲ ਪਿਆਰ ਦੀ ਦੁਨੀਆਂ ਵਿਚ ਵੀ ਇਸ ਦੀ ਝਲਕ ਪੈਂਦੀ ਹੈ।

੪. ਸੁਧਾਰਕ ਨਾਵਲ—ਅਜਿਹੇ ਨਾਵਲ ਆਮ ਲਿਖੇ ਜਾ ਚੁਕੇ ਹਨ। ਨਾਨਕ ਸਿੰਘ ਜੀ ਦੇ ਨਾਵਲਾਂ ਵਿਚੋਂ ਚਿੱਟਾ ਲਹੂ, ਮਤ੍ਰੇਈ ਮਾਂ, ਗਰੀਬ ਦੀ ਦੁਨੀਆਂ ਤੇ ਅਧਖਿੜਿਆ ਫੁਲ ਆਦਿਕ ਨਾਵਲ ਇਸ ਸ਼ਰੇਣੀ ਦੇ ਕਹੇ ਜਾ ਸਕਦੇ ਹਨ।

੫ ਰਾਜਸੀ ਨਾਵਲ—ਅਜਿਹੇ ਨਾਵਲਾਂ ਵਿਚ ਕਿਸੇ ਰਾਜੇ ਮਹਾਰਾਜੇ ਦੇ ਰਾਜ ਪ੍ਰਬੰਧ ਦਾ ਹਾਲ, ਦੇਸ਼ ਭਗਤੀ ਤੇ ਕੁਰਬਾਨੀ ਆਦਿ ਦੀਆਂ ਘਟਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਅੰਗਰੇਜ਼ੀ ਤੇ ਬੰਗਾਲੀ ਸਾਹਿਤ ਵਿਚ ਇਹੋ ਜਿਹੇ ਕਈ ਨਾਵਲ ਮਿਲਦੇ ਹਨ, ਪਰ ਪੰਜਾਬੀ ਵਿਚ ਇਹੋ ਜਿਹੇ ਨਾਵਲ ਲਿਖੇ ਹੀ ਨਹੀਂ ਗਏ। ਇਹ ਠੀਕ ਹੈ ਕਿ ਕੁਝ ਕੁ ਅੰਗਰੇਜ਼ੀ ਨਾਵਲਾਂ ਦੇ ਉਲਥੇ ਪੰਜਾਬੀ ਵਿਚ ਹੋ ਚੁਕੇ ਹਨ ਜੋ ਇਸ ਸ਼ਰੇਣੀ ਨਾਲ ਸਬੰਧ ਰਖਦੇ ਹਨ। ਜਿਹਾ ਕਿ ਕੌਮੀ ਪ੍ਰਵਾਨਾ, ਮਜ਼ਦੂਰ, ਦੁਖੀਏ ਆਦਿ ਅਜਿਹੇ ਨਾਵਲ ਹਨ, ਜਿਨ੍ਹਾਂ ਵਿਚ ਦੇਸ ਪਰੇਮ ਦੇ ਜਜ਼ਬੇ ਤੇ ਕੁਰਬਾਨੀ ਦੇ ਨਜ਼ਾਰੇ ਸੁਹਣੀ ਤਰ੍ਹਾਂ ਬਿਆਨ ਕੀਤੇ ਗਏ ਹਨ।

੬. ਸ਼ਿੰਗਾਰ ਰਸ ਪੂਰਤ ਨਾਵਲ—ਅਜਿਹੇ ਨਾਵਲਾਂ ਵਿਚ ਪ੍ਰੇਮ, ਮੁਹੱਬਤ ਦੇ ਨਜ਼ਾਰੇ ਹੀ ਬਿਆਨ ਕੀਤੇ ਹੁੰਦੇ ਹਨ। ਭਾਵੇਂ ਅਜ ਕਲ ਦੇ ਆਮ ਨਾਵਲਾਂ ਵਿਚ ਰੋਮਾਂਸ ਤੇ ਪਿਆਰ ਮੁਹੱਬਤ ਦਾ ਝਲਕਾ ਆਮ ਹੁੰਦਾ ਹੈ, ਤਦ ਵੀ ਕਈ ਨਾਵਲ ਨਿਰੋਲ ਸ਼ਿੰਗਾਰ ਰਸ ਪੂਰਤ ਹੀ ਲਿਖੇ ਜਾਂਦੇ ਹਨ। ਇਨ੍ਹਾਂ ਨਾਵਲਾਂ ਦਾ ਹੋਰ ਕੋਈ ਆਸ਼ਾ ਨਹੀਂ ਹੁੰਦਾ। ਜਿਹਾ ਕਿ ਪ੍ਰੇਮ ਸੰਗੀਤ, ਪਿਆਰ ਦੀ ਦੁਨੀਆਂ, ਆਦਿਕ



Digitized by Panjab Digital Library | www.panjabdigilib.org

ਨਾਵਲ ਹਨ।

ਅੱਜ ਕਲ ਕਈ ਲਿਖਾਰੀ 'ਹੁਨਰ ਨੂੰ ਕੇਵਲ ਹੁਨਰ ਲਈ' ਦੇ ਆਸ਼ੇ ਅਨੁਸਾਰ ਹੀ ਲਿਖਦੇ ਹਨ, ਇਸ ਲਈ ਉਹ ਅਜਿਹੇ ਨਾਵਲ ਵਿਚ ਕੇਵਲ ਰੋਮਾਂਚਿਕ ਘਟਨਾਵਾਂ ਹੀ ਪੇਸ਼ ਕਰਦੇ ਹਨ; ਤਾਂ ਜੋ ਪਾਠਕ ਜਨ ਉਨ੍ਹਾਂ ਦੀਆਂ ਰਚਨਾਵਾਂ ਤੋਂ ਸਵਾਦ ਪ੍ਰਾਪਤ ਕਰ ਸੱਕਣ। ਅਜਿਹਾਂ ਨਾਵਲਾਂ ਦਾ ਕੋਈ ਖਾਸ ਆਦਰਸ਼ ਜਾਂ ਆਸ਼ਾ ਨਹੀਂ ਹੁੰਦਾ।

# ਨਾਵਲ ਤੇ ਕਹਾਣੀ

ਨਾਵਲ ਤੇ ਕਹਾਣੀ ਵਿਚ ਬੜਾ ਫਰਕ ਹੈ, ਨਾਵਲ ਵਿਚ ਮਨੁੱਖੀ ਜੀਵਨ ਦੀ ਕਿਸੇ ਖਾਸ ਘਟਨਾ ਨੂੰ ਅਸੀਂ ਬੜੇ ਸਵਾਦਲੇ, ਦਿਲਖਿਚਵੇਂ ਅਤੇ ਅਨੋਖੇ ਢੰਗ ਨਾਲ ਬਿਆਨ ਕਰਨ ਲਗਿਆਂ ਉਸ ਦੀ ਇਕ ਖੁਲਾਸੀ ਤੇ ਅਨੋਖੀ ਤਸਵੀਰ ਪੇਸ਼ ਕਰ ਸਕਦੇ ਹਾਂ ਅਤੇ ਉਸ ਘਟਨਾਂ ਨੂੰ ਮਨ ਦੀ ਮਰਜ਼ੀ ਅਨੁਸਾਰ ਵਧ ਤੋਂ ਵਧ ਵਿਸਥਾਰ ਨਾਲ ਪੇਸ਼ ਕਰ ਸਕਦੇ ਹਾਂ, ਪਰ ਕਹਾਣੀ ਵਿਚ ਕਿਸੇ ਘਟਨਾ ਨੂੰ ਬਹੁਤੇ ਵਿਸਥਾਰ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਕਹਾਣੀ ਵਿਚ ਸਾਨੂੰ ਅਸਲ ਵਾਰਤਾ ਅਸਲ ਰੂਪ ਵਿਚ ਹੀ ਪੇਸ਼ ਕਰਨੀ ਪੈਂਦੀ ਹੈ। ਨਾਵਲ ਇਕ ਜਾਂ ਬਹੁਤੇ ਪਾਤਰਾਂ ਦਾ ਪੂਰਾ ਪੂਰਾ ਸੁਭਾ ਜਾਂ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਦੀਆਂ ਵੱਖ ਵੱਖ ਝਾਕੀਆਂ ਨੂੰ ਖੋਲ੍ਹ ਕੇ ਵਿਸਥਾਰ ਨਾਲ ਪ੍ਰਗਟ ਕਰਦਾ ਹੈ, ਪਰ ਕਹਾਣੀ ਵਿਚ ਹਰ ਇਕ ਗੱਲ ਸੰਖੇਪ ਕਰ ਕੇ ਸੰਕੋਚਵੀਂ ਬੋਲੀ ਵਿਚ ਪੇਸ਼ ਕੀਤੀ ਜਾਂਦੀ ਹੈ।

ਨਾਵਲ ਵਿਚ ਹਰ ਪ੍ਰਕਾਰ ਦੇ ਕੁਦਰਤੀ ਨਜ਼ਾਰੇ, ਮੌਸਮਾਂ ਤੇ ਬਹਾਰਾਂ ਦੀਆਂ ਤਬਦੀਲੀਆਂ, ਚੁਗਿਰਦੇ ਦੀਆਂ ਗੱਲਾਂ ਤੇ ਝਾਕੀਆਂ ਦਾ ਲਫਜ਼ੀ ਚਿੱਤਰ ਖਿੱਚਿਆ ਜਾਂਦਾ ਹੈ, ਜਿਸ ਨਾਲ ਪੜ੍ਹਨ ਵਾਲੇ ਦੀਆਂ



Digitized by Panjab Digital Library | www.panjabdigilib.org

ਅੱਖਾਂ ਅਗੇ ਇਕ ਵਾਰੀ ਉਹ ਨਜ਼ਾਰਾ ਅਥਵਾ ਝਾਕੀ ਫਿਰਨ ਲਗਦੀ ਹੈ, ਪਰ ਕਹਾਣੀ ਦਾ ਕੁਦਰਤੀ ਨਜ਼ਾਰਿਆਂ, ਬਹਾਰਾਂ ਤੇ ਚੁਗਿਰਦੇ ਦੀਆਂ ਚੀਜ਼ਾਂ ਨਾਲ ਕੋਈ ਸਬੰਧ ਨਹੀਂ ਹੁੰਦਾ, ਇਸ ਦਾ ਸਿਰਫ ਮਨੁੱਖੀ ਜੀਵਨ ਨਾਲ ਹੀ ਸਬੰਧ ਹੁੰਦਾ ਹੈ।

ਕਹਾਣੀ ਵਿਚ ਪਾਤਰਾਂ ਦੇ ਸੁਭਾਵਾਂ ਤੇ ਉਨ੍ਹਾਂ ਦੀ ਰਹਿਣੀ ਬਹਿਣੀ ਬਾਬਤ ਕਿਸੇ ਤਰ੍ਹਾਂ ਦੀ ਕੋਈ ਨੁਕਤਾ ਚੀਨੀ ਨਹੀਂ ਕੀਤੀ ਜਾਂਦੀ। ਕੇਵਲ ਥੋੜੇ ਸ਼ਬਦਾਂ ਵਿਚ ਹੋਈ ਬੀਤੀ ਵਾਰਤਾ ਹੀ ਦਸੀ ਜਾਂਦੀ ਹੈ ਕਿ ਫਲਾਣੇ ਫਲਾਣੇ ਸਮੇਂ ਕਿਸ ਕਿਸ ਪਾਤਰ ਨੇ ਕੀ ਕੀ ਕੰਮ ਕੀਤਾ। ਨਾਵਲ ਵਿਚ ਹਰ ਇਕ ਪਾਤਰ ਦਾ ਕੰਮ ਦੱਸ ਕੇ ਉਸ ਦੇ ਸੁਭਾ ਸਬੰਧੀ ਨੁਕਤਾਚੀਨੀ ਵੀ ਕੀਤੀ ਜਾਂਦੀ ਹੈ ਅਤੇ ਦੂਸਰੇ ਪਾਤਰਾਂ ਦੇ ਦਿਲਾਂ ਵਿਚ ਉਸ ਦੇ ਸੁਭਾ ਦਾ ਅਸਰ ਵੀ ਚੰਗੀ ਤਰ੍ਹਾਂ ਖੋਹਲ ਕੇ ਬਿਆਨ ਕੀਤਾ ਜਾਂਦਾ ਹੈ।

ਕਹਾਣੀ ਮੁਢ ਤੋਂ ਲੈ ਕੇ ਅਖੀਰ ਤਕ ਇਕ ਲੜੀ ਵਿਚ ਪਰੋਤੀ ਹੁੰਦੀ ਹੈ ਤੇ ਸਿਲਸਿਲੇ ਵਾਰ ਤੁਰੀ ਜਾਂਦੀ ਹੈ। ਸਿਆਣਾ ਆਦਮੀ ਥੋੜੀ ਕਹਾਣੀ ਪੜ੍ਹ ਕੇ ਹੀ ਸਾਰੀ ਕਹਾਣੀ ਦੀ ਵਾਰਤਾ ਦਾ ਕੁਛ ਕੁਛ ਅਨੁਮਾਨ ਲਾ ਸਕਦਾ ਹੈ, ਪਰ ਨਾਵਲ ਦੀ ਰਚਨਾ ਕਹਾਣੀ ਤੋਂ ਬਿਲਕੁਲ ਵਖ ਹੁੰਦੀ ਹੈ। ਨਾਵਲ ਦਾ ਹਰ ਕਾਂਡ ਆਪਣੇ ਆਪ ਵਿਚ ਇਕ ਕਹਾਣੀ ਹੁੰਦੀ ਹੈ। ਹਰ ਕਾਂਡ ਅਜਿਹੇ ਨਵੇਂ ਰੰਗ ਵਿਚ ਪੇਸ਼ ਕੀਤਾ ਜਾਂਦਾ ਹੈ ਕਿ ਜਦ ਤਕ ਸਾਰਾ ਨਾਵਲ ਮੁਢ ਤੋਂ ਲੈ ਕੇ ਅਖੀਰ ਤਕ ਚੰਗੀ ਤਰ੍ਹਾਂ ਨਾ ਪੜ੍ਹਿਆ ਜਾਵੇ ਓਨਾ ਚਿਰ ਸਾਰੀ ਵਾਰਤਾ ਦਾ ਪਤਾ ਹੀ ਨਹੀਂ ਲਗ ਸਕਦਾ। ਨਾਵਲ ਦੇ ਹਰ ਕਾਂਡ ਦੇ ਮੁਢ ਵਿਚ ਨਵਾਂ ਨਜ਼ਾਰਾ ਪੇਸ਼ ਕੀਤਾ ਜਾਂਦਾ ਹੈ।

ਭਾਵੇਂ ਕਹਾਣੀ ਵੀ ਮਨਘੜਤ ਰਚਨਾ ਹੁੰਦੀ ਹੈ, ਪਰ ਉਹ ਬੜੇ ਸਾਧਾਰਨ ਤੇ ਸਾਦੇ ਤਰੀਕੇ ਨਾਲ ਬਿਆਨ ਕੀਤੀ ਹੁੰਦੀ ਹੈ ਤੇ ਨਾਵਲ ਨਵੇਂ ਦੇ ਗੁੰਝਲਦਾਰ ਢੰਗ ਨਾਲ ਬਿਆਨ ਕੀਤਾ ਹੁੰਦਾ ਹੈ। ਕਹਾਣੀ



Digitized by Panjab Digital Library | www.panjabdigilib.org

ਸੁਣ ਕੇ, ਮੁੜ ਕੇ ਦੂਸਰੀ ਵਾਰੀ ਸੁਣਨ ਨੂੰ ਦਿਲ ਨਹੀਂ ਕਰਦਾ, ਪਰ ਚੰਗਾ ਨਾਵਲ ਪੜ੍ਹ ਕੇ ਦਿਲ ਵਿਚ ਇਹੋ ਇਛਾ ਹੁੰਦੀ ਹੈ ਕਿ ਇਸ ਦੇ ਅੱਗੇ ਹੋਰ ਵਾਰਤਾ ਵੀ ਹੁੰਦੀ, ਜਾਂ ਇਹ ਨਾਵਲ ਇਕ ਵਾਰੀ ਹੋਰ ਪੜ੍ਹਿਆ ਜਾਵੇ। ਕਹਾਣੀ ਹੋਈ ਬੀਤੀ ਵਾਰਤਾ ਥੋੜੇ ਸ਼ਬਦਾਂ ਵਿਚ ਦਰਸਾਉਂਦੀ ਹੈ; ਪਰ ਨਾਵਲ ਉਸੇ ਵਾਰਤਾ ਨੂੰ ਬੜੇ ਵਿਸਥਾਰ ਨਾਲ ਪਰਗਟ ਕਰਦਾ ਹੈ ਅਤੇ ਨਾਵਲ ਵਿਚ ਆਏ ਪਾਤਰਾਂ ਦਾ ਜਿਸ ਜਿਸ ਮਨੁਖ ਜਾਂ ਚੀਜ਼ ਨਾਲ ਸਬੰਧ ਹੁੰਦਾ ਹੈ, ਉਨ੍ਹਾਂ ਬਾਬਤ ਵੀ ਪੂਰਾ ਪੂਰਾ ਚਾਨਣ ਪਾਇਆ ਜਾਂਦਾ ਹੈ।

ਕਹਾਣੀ ਵਿਚ ਤਾਂ ਅਸੀਂ ਕਹਾਣੀ ਦੇ ਪਾਤਰਾਂ ਨੂੰ ਥੋੜੇ ਚਿਰ ਲਈ ਮਿਲਦੇ ਹਾਂ ਤੇ ਉਸ ਥੋੜੇ ਸਮੇਂ ਵਿਚ ਉਨ੍ਹਾਂ ਸਬੰਧੀ ਬਹੁਤ ਥੋੜਾ ਕੁਝ ਜਾਣ ਸਕਦੇ ਹਾਂ, ਪਰ ਨਾਵਲ ਵਿਚ ਅਸੀਂ ਹਰ ਇਕ ਵਡੇ ਪਾਤਰ ਨਾਲ ਚੰਗੀ ਤਰ੍ਹਾਂ ਖੁਲ੍ਹ ਕੇ ਮਿਲਦੇ ਹਾਂ ਤੇ ਉਨ੍ਹਾਂ ਦੀ ਰਹਿਣੀ ਬਹਿਣੀ ਤੋਂ ਸਹਿਜੇ ਹੀ ਚੰਗੀ ਤਰ੍ਹਾਂ ਵਾਕਫ ਹੋ ਜਾਂਦੇ ਹਾਂ।

ਜਿਸ ਤਰ੍ਹਾਂ ਪਲੌਟ ਅਥਵਾ ਵਾਰਤਾ ਦੇ ਲਿਹਾਜ਼ ਨਾਲ ਨਾਵਲ ਤੇ ਕਹਾਣੀ ਵਿਚ ਫਰਕ ਹੁੰਦਾ ਹੈ, ਇਸੇ ਤਰ੍ਹਾਂ ਬਨਾਵਟ ਦੇ ਲਿਹਾਜ਼ ਨਾਲ ਵੀ ਕਹਾਣੀ ਤੇ ਨਾਵਲ ਵਿਚ ਬੜਾ ਫਰਕ ਹੁੰਦਾ ਹੈ। ਕਹਾਣੀ ਵਿਚ ਇਸ ਦੇ ਪਲੌਟ ਨੂੰ ਅਸੀਂ ਤੋੜ ਭੰਨ ਕੇ ਵਖ ਵੱਖ ਨਹੀਂ ਕਰ ਸਕਦੇ ਪਰ ਨਾਵਲ ਵਿਚ ਅਸੀਂ ਇਕ ਵਾਰਤਾ ਨੂੰ ਵਖ ਵਖ ਘਟਨਾਵਾਂ ਅਨੁਸਾਰ ਕਈਆਂ ਕਾਂਡਾਂ ਵਿਚ ਵੰਡ ਸਕਦੇ ਹਾਂ ਤੇ ਹਰ ਇਕ ਕਾਂਡ ਵਿਚ ਇਕ ਨਵਾਂ ਰੰਗ ਪੇਸ਼ ਕਰ ਸਕਦੇ ਹਾਂ। ਨਾਵਲ ਦੇ ਹਰ ਕਾਂਡ ਵਿਚ ਨਵੀਨਤਾ, ਕਈ ਤਰ੍ਹਾਂ ਦੇ ਉਤਰਾ ਚੜ੍ਹਾ ਤੇ ਕਈ ਤਰ੍ਹਾਂ ਦੀਆਂ ਗੁੰਝਲਾਂ ਤੇ ਉਨ੍ਹਾਂ ਦਾ ਸੁਲਝਾ ਹੁੰਦਾ ਹੈ, ਪਰ ਕਹਾਣੀ ਇਕ ਸਾਧਾਰਨ ਵਾਰਤਾ ਜਾ ਘਟਨਾ ਹੋਣ ਕਰਕੇ ਇਸ ਵਿਚ ਕੋਈ ਖਾਸ ਗੁੰਝਲਾਂ ਨਹੀਂ ਹੁੰਦੀਆਂ।

ਮੂਲ ਕੀ ਨਾਵਲ ਆਪਣੇ ਆਪ ਵਿਚ ਹਰ ਪਹਿਲੂ ਤੋਂ ਸੰਪੂਰਨ



Digitized by Panjab Digital Library | www.panjabdigilib.org

ਹੁੰਦਾ ਹੈ ਅਤੇ ਸਾਡੀਆਂ ਜੀਵਨ ਘਟਨਾਵਾਂ ਨੂੰ ਰਸ ਦਾਇਕ ਤੇ ਆਰਟਿਸਟਿਕ (ਕਲਾ ਪੂਰਤ) ਢੰਗ ਨਾਲ ਪੇਸ਼ ਕਰਦਾ ਹੈ, ਜਿਸ ਨਾਲ ਇਕ ਪਾਠਕ ਇਹ ਜਾਨਣ ਲਗਦਾ ਹੈ ਕਿ ਇਹ ਵਾਰਤਾ ਜਾਂ ਤੇ ਮੇਰੀ ਹੀ ਜੀਵਨ ਵਾਰਤਾ ਹੈ ਜਾਂ ਮੇਰੇ ਆਂਢ ਗੁਆਂਢ ਹੋਈ ਬੀਤੀ ਕੋਈ ਘਟਨਾ ਹੈ, ਪਰ ਕਹਾਣੀ ਸਾਨੂੰ ਮਨੁੱਖੀ ਜੀਵਨ ਵਿਚ ਇਕ ਝਾਤੀ ਹੀ ਮਰਵਾਉਂਦੀ ਹੈ ਅਤੇ ਸਾਡੇ ਅੰਦਰ ਇੱਛਾ ਪ੍ਰਗਟ ਕਰਦੀ ਹੈ ਕਿ ਅਸੀਂ ਇਸ ਵਾਰਤਾ ਸਬੰਧੀ ਕੁਝ ਹੋਰ ਵੀ ਜਾਣੀਏ।

—:—

## ਨਾਵਲ ਤੇ ਨਾਟਕ

ਜਿਸ ਤਰ੍ਹਾਂ ਨਾਵਲ ਤੇ ਕਹਾਣੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ਇਸੇ ਤਰ੍ਹਾਂ ਨਾਵਲ ਤੇ ਨਾਟਕ ਵਿਚ ਵੀ ਬੜਾ ਫਰਕ ਹੈ। ਭਾਵੇਂ ਇਹ ਦੋਵੇਂ ਮਨੁੱਖੀ ਜੀਵਨ ਦੀ ਅਸਲੀ ਤਸਵੀਰ ਖਿਚਣ ਦਾ ਯਤਨ ਕਰਦੇ ਹਨ ਤੇ ਮਨੁੱਖੀ ਜੀਵਨ ਦੇ ਵੱਖ ਵੱਖ ਅੰਗਾ ਨੂੰ ਪ੍ਰਗਟਾਉਂਦੇ ਹਨ, ਤਦ ਵੀ ਇਨ੍ਹਾਂ ਦੀ ਬਣਤਰ ਵਿਚ ਬੜਾ ਫਰਕ ਹੁੰਦਾ ਹੈ।

ਨਾਟਕ ਦੀ ਵਾਰਤਾ ਕੁਝ ਨਾਟਾਂ (ਐਕਟਾਂ) ਵਿਚ ਵੰਡੀ ਹੁੰਦੀ ਹੈ, ਅਤੇ ਹਰ ਇਕ ਨਾਟ ਕੁਝ ਝਾਕੀਆਂ (ਸੀਨਾਂ) ਵਿਚ ਵੰਡਿਆ ਹੁੰਦਾ ਹੈ, ਪਰ ਨਾਵਲ ਕੇਵਲ ਕੁਝ ਕਾਂਡਾਂ ਵਿਚ ਹੀ ਵੰਡਿਆ ਹੁੰਦਾ ਹੈ, ਨਾਟਕ ਦਾ ਸਬੰਧ ਰੰਗ ਭੂਮੀ ਅਥਵਾ ਸਟੇਜ ਦੇ ਨਾਲ ਹੈ, ਪਰ ਨਾਵਲ ਲਈ ਕਿਸੇ ਤਰ੍ਹਾਂ ਦੀ ਸਟੇਜ ਦੀ ਲੋੜ ਨਹੀਂ, ਇਸ ਦੀ ਸਟੇਜ ਇਸ ਦਾ ਪਲੋਟ ਹੀ ਹੁੰਦਾ ਹੈ। ਨਾਟਕ ਦਾ ਪੂਰਾ ਪੂਰਾ ਅਨੰਦ ਸਟੇਜ ਤੋਂ ਬਿਨਾਂ ਨਹੀਂ ਮਾਣਿਆਂ ਜਾ ਸਕਦਾ, ਪਰ ਨਾਵਲ ਦਾ ਅਨੰਦ ਪੜ੍ਹ ਕੇ ਹੀ ਮਾਣਿਆਂ ਜਾ ਸਕਦਾ ਹੈ। ਨਾਟਕ ਵਿਚ ਹਰ ਪ੍ਰਕਾਰ ਦੇ ਨਜ਼ਾਰੇ



Digitized by Panjab Digital Library | www.panjabdigilib.org

ਸਾਮਾਨ, ਸਥਾਨ ਆਦਿ ਦੇ ਨਜ਼ਾਰੇ ਅਥਵਾ ਦ੍ਰਿਸ਼ ਪਰਦਿਆਂ ਤੇ ਸੀਨਰੀਆਂ ਦੇ ਜ਼ਿਰੀਏ ਦਿਖਾਏ ਜਾਂਦੇ ਹਨ, ਪਰ ਨਾਵਲ ਵਿਚ ਹਰ ਪਰਕਾਰ ਦੇ ਨਜ਼ਾਰਿਆਂ ਦੀ ਤੇ ਟਿਕਾਣਿਆਂ ਦੀ ਕਲਮੀ ਤਸਵੀਰ ਖਿਚੀ ਜਾਂਦੀ ਹੈ। ਨਾਟਕ ਵਿਚ ਸਾਰੇ ਚੁਗਿਰਦੇ ਦਾ ਨਜ਼ਾਰਾ ਪੂਰਾ ਪੂਰਾਂ ਨਹੀਂ ਦਿਖਾਇਆ ਜਾ ਸਕਦਾ, ਭਾਵੇਂ ਇਹ ਘਾਟਾ ਕੁਝ ਕੁਝ ਫ਼ਿਲਮੀ ਨਾਟਕਾਂ ਨੇ ਪੂਰਾ ਕਰ ਦਿਤਾ ਹੈ, ਤਦ ਵੀ ਅਜੇ ਇਹ ਨਾ-ਮੁਕੰਮਲ ਹੀ ਹੈ, ਪਰ ਨਾਵਲ ਵਿਚ ਹਰ ਇਕ ਗੱਲ, ਥਾਂ ਦਾ ਨਕਸ਼ਾ ਤੇ ਚੀਜ਼ਾਂ ਦਾ ਵੇਰਵਾ ਚੰਗੀ ਤਰ੍ਹਾਂ ਖੋਲ੍ਹ ਕੇ ਬਿਆਨ ਕੀਤਾ ਜਾ ਸਕਦਾ ਹੈ। ਨਾਟਕ ਵਿਚ ਕਈ ਤਰ੍ਹਾਂ ਦੇ ਗਾਣੇ ਤੇ ਕਵਿਤਾਵਾਂ ਆ ਸਕਦੀਆਂ ਹਨ, ਪਰ ਨਾਵਲ ਵਿਚ ਗੌਣ ਤੇ ਕਵਿਤਾਵਾਂ ਬਿਲਕੁਲ ਨਹੀਂ ਆਉਂਦੀਆਂ ਕਿਤੇ ਕਿਤੇ ਭਾਵੇਂ ਕੋਈ ਇਕ ਅਧੀ ਕਵਿਤਾ ਜਾਂ ਗੌਣ ਦੀ ਕੋਈ ਤੁਕ ਆ ਜਾਵੇ, ਪਰ ਉਹ ਵੀ ਕਿਸੇ ਪਾਤਰ ਨੇ ਗਾਈ ਨਹੀਂ ਹੁੰਦੀ, ਕੇਵਲ ਉਸ ਦਾ ਬਿਆਨ ਹੀ ਹੁੰਦਾ ਹੈ। ਨਾਵਲ ਦਾ ਅਨੰਦ ਇਕੱਲਾ ਆਦਮੀ ਆਪਣੇ ਘਰ ਬੈਠਾ ਇਕਾਂਤ ਵਿਚ ਹੀ ਮਾਣ ਸਕਦਾ ਹੈ, ਪਰ ਨਾਟਕ ਦਾ ਅਨੰਦ ਇਕੱਲਾ ਨਹੀਂ ਮਾਣ ਸਕਦਾ ਇਸ ਲਈ ਬੜੇ ਸਾਜ ਸਾਮਾਨ ਦੀ ਲੋੜ ਹੁੰਦੀ ਹੈ।

ਨਾਟਕਕਾਰ ਆਪਣੇ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਗੱਲ, ਕਿਸੇ ਪਾਤਰ ਦਾ ਸੁਭਾ, ਜਾਂ ਕਿਸੇ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਸਮਾਲੋਚਨਾ ਬਿਲਕੁਲ ਨਹੀਂ ਕਰ ਸਕਦਾ, ਸਗੋਂ ਨਾਟਕ ਪਾਤਰਾਂ ਦੇ ਸੁਭਾ ਉਨ੍ਹਾਂ ਦੀ ਰਹਿਣੀ ਬਹਿਣੀ ਤੇ ਗੱਲ ਬਾਤ ਤੋਂ ਹੀ ਪ੍ਰਤੀਤ ਹੋ ਜਾਂਦੇ ਹਨ, ਪਰ ਨਾਵਲਕਾਰ ਨੂੰ ਹਰ ਤਰ੍ਹਾਂ ਦੀ ਖੁਲ੍ਹ ਹੁੰਦੀ ਹੈ ਕਿ ਉਹ ਆਪਣੇ ਵਲੋਂ ਜਿਸ ਪਾਤਰ ਸਬੰਧੀ ਜਾਂ ਜਿਸ ਗੱਲ ਸਬੰਧੀ ਕੋਈ ਸਮਾਲੋਚਨਾ ਜਾਂ ਕੋਈ ਗੱਲ ਕਹਿਣੀ ਚਾਹੁੰਦਾ ਹੈ, ਆਖ ਦੇਂਦਾ ਹੈ ਅਤੇ ਉਹ ਆਖਦਾ ਵੀ ਅਜਿਹੇ ਢੰਗ ਨਾਲ ਹੈ ਕਿ ਨਾਵਲ ਦੀ ਵਾਰਤਾ ਨੂੰ ਚਾਰ ਚੰਦ ਲਾ ਦੇਂਦਾ ਹੈ। ਨਾਟਕ ਵਿਚ ਪਾਤਰਾਂ ਦੀ ਰਹਿਣੀ ਬਹਿਣੀ ਤੇ



Digitized by Panjab Digital Library | www.panjabdigilib.org

ਬੋਲ ਚਾਲ ਨਿਤ ਦਿਹਾੜੀ ਦੀ ਬੋਲ ਚਾਲ ਹੁੰਦੀ ਹੈ। ਜਿਸ ਤਰ੍ਹਾਂ ਦੇ ਨਾਟਕ ਪਾਤਰ ਹੁੰਦੇ ਹਨ, ਉਨ੍ਹਾਂ ਦੀ ਬੋਲੀ, ਪੁਸ਼ਾਕ ਤੇ ਹਾਵ ਭਾਵ ਦੇਸ ਦੇ ਰਵਾਜ ਤੇ ਸਮੇਂ ਅਨੁਸਾਰ ਹੁੰਦੇ ਹਨ, ਪਰ ਨਾਵਲ ਵਿਚ ਇਨ੍ਹਾਂ ਗੱਲਾਂ ਦਾ ਬਹੁਤਾ ਖਿਆਲ ਨਹੀਂ ਰਖਿਆ ਜਾਂਦਾ।

ਦੋਹਾਂ ਦੇ ਸਾਂਝੇ ਲੱਛਣ:—ਨਾਟਕ ਤੇ ਨਾਵਲ ਦੋਹਾਂ ਲਈ ਪਲਾਟ ਦੀ ਲੋੜ ਹੁੰਦੀ ਹੈ। ਦੋਹਾਂ ਵਿਚ ਸਿਆਣੇ ਪਾਤਰਾਂ ਦੀ ਲੋੜ ਹੈ। ਦੋਵੇਂ ਮਨੁੱਖੀ ਜੀਵਨ ਵਿਚ ਪਲਟਾ ਦੇਣ ਦੀ ਤਾਕਤ ਰਖਦੇ ਹਨ। ਨਾਵਲ ਤੇ ਨਾਟਕ ਜਿਥੇ ਸਿਖਿਆ ਦੇਣ ਲਈ ਵਰਤੇ ਜਾਂਦੇ ਹਨ, ਉਥੇ ਇਹ ਚੰਗੇ ਸੁਧਾਰਕ ਦਾ ਕੰਮ ਵੀ ਦੇਂਦੇ ਹਨ। ਵਿਹਲੇ ਸਮੇਂ ਲਈ ਦਿਲ ਪਰਚਾਵੇ ਦਾ ਚੰਗਾ ਸਾਮਾਨ ਹਨ।

## ਪੰਜਾਬੀ ਨਾਵਲ

ਅਜੇ ਤਕ ਪੰਜਾਬੀ ਸਾਹਿਤ ਆਪਣੇ ਬਚਪਨ ਵਿਚ ਹੀ ਪਲ ਰਿਹਾ ਹੈ। ਇਸ ਵਿਚ ਸ਼ੱਕ ਨਹੀਂ ਕਿ ਪੰਜਾਬੀ ਅੰਦਰ ਸੈਂਕੜੇ ਕਵਿਤਾ ਦੀਆਂ ਪੁਸਤਕਾਂ ਛਪ ਚੁਕੀਆਂ ਹਨ, ਤਦ ਵੀ ਜੇ ਪੰਜਾਬੀ ਨਾਵਲਾਂ ਤੇ ਨਾਟਕਾਂ ਦੀ ਗਿਣਤੀ ਕਰਨ ਲਗੀਏ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਵਿਚ ਨਾਵਲ ਬਹੁਤ ਹੀ ਘੱਟ ਲਿਖੇ ਗਏ ਹਨ। ਅਸੀਂ ਨਵੀਨ ਪੰਜਾਬੀ ਸਾਹਿਤ ਦਾ ਮੁਢ ਬਾਬਾ ਫਰੀਦ ਜੀ ਦੇ ਸਮੇਂ ਤੋਂ ਹੀ ਮੰਨਦੇ ਹਾਂ। ਉਸ ਸਮੇਂ ਤੋਂ ਲੈ ਕੇ ਅੰਗਰੇਜ਼ਾਂ ਦੇ ਸਮੇਂ ਦੇ ਮੁਢ ਤਕ ਪੰਜਾਬੀ ਜ਼ਬਾਨ ਵਿਚ ਇਕ ਵੀ ਨਾਵਲ ਨਹੀਂ ਲਿਖਿਆ ਗਿਆ। ਇਸ ਸਮੇਂ ਵਿਚ ਨਸਰ (ਵਾਰਤਕ) ਤਾਂ ਬਹੁਤ ਹੀ ਘਟ ਲਿਖੀ ਗਈ ਪਰ ਕਵਿਤਾ ਦੀਆਂ ਅਨੇਕਾਂ ਚੰਗੀਆਂ ਚੰਗੀਆਂ ਤੇ ਅਮੋਲਕ ਪੁਸਤਕਾਂ ਲਿਖੀਆਂ ਗਈਆਂ।

ਜਿਸ ਤਰ੍ਹਾਂ ਅਸੀਂ ਭਾਈ ਵੀਰ ਸਿੰਘ ਜੀ ਨੂੰ ਨਵੀਨ ਪੰਜਾਬੀ



Digitized by Panjab Digital Library | www.panjabdigilib.org

ਕਵਿਤਾ ਦੇ ਮੋਢੀ ਮੰਨ ਸਕਦੇ ਹਾਂ, ਇਸ ਤਰ੍ਹਾਂ ਅਸੀਂ ਆਪ ਨੂੰ ਹੀ ਪੰਜਾਬੀ ਨਾਵਲ ਦਾ ਆਗੂ ਆਖ ਸਕਦੇ ਹਾਂ। ਸਭ ਤੋਂ ਪਹਿਲਾਂ ਆਪ ਨੇ ਹੀ ਸੁੰਦਰੀ, ਬਿਜੈ ਸਿੰਘ, ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ ਜੀ ਤੇ ਸਤਵੰਤ ਕੌਰ ਆਦਿਕ ਨਾਵਲ ਲਿਖੇ। ਇਹ ਨਾਵਲ ਧਾਰਮਕ ਰੰਗ ਦੇ ਸਨ, ਇਸ ਲਈ ਆਮ ਪੰਜਾਬੀ ਪੜ੍ਹੇ ਲਿਖੇ ਸਜਣਾਂ ਨੇ ਇਨ੍ਹਾਂ ਨੂੰ ਬੜਾ ਅਪਨਾਇਆ। ਇਨ੍ਹਾਂ ਤੋਂ ਮਗਰੋਂ ਐਸ. ਐਸ ਚਰਨ ਸਿੰਘ 'ਸ਼ਹੀਦ' ਕਰਤਾ ਬਾਦਸ਼ਾਹੀਆਂ ਨੇ ਬਹੁਤ ਸਾਰੇ ਅੰਗਰੇਜ਼ੀ ਦੇ ਉਰਦੂ ਨਾਵਲਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਇਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਵਿਚੋਂ ਸ਼ਾਮ ਸੁੰਦਰ, ਦਲੇਰ ਕੌਰ ਦੋਵੇਂ ਹਿਸੇ, ਚੰਚਲ ਮੂਰਤੀ, ਦੋ ਵਹੁਟੀਆਂ, ਰਣਜੀਤ ਕੌਰ, ਜੀਵਨ ਜੁਗਤੀ, ਨੈਪੋਲੀਅਨ, ਬੋਨਾ ਪਾਰਟ, ਖੂਨੀ ਹਾਰ, ਜਗਤ ਤਮਾਸ਼ਾ ਤਿੰਨੇ ਹਿਸੇ, ਢਾਈ ਸੌ ਹੀਰੇ, ਜੋਗਨ ਜਾਦੂਗਰਨੀ ਅਤੇ ਕੌਣ ਜਿੱਤਿਆ ਆਦਿਕ ਨਾਵਲ ਆਮ ਪਰਸਿੱਧ ਹਨ।

ਸੰਨ ੧੯੨੫ ਤੋਂ ਪੰਜਾਬੀ ਪਰਚਾਰ ਦਾ ਨਵਾਂ ਦੌਰ ਸ਼ੁਰੂ ਹੋਇਆ। ਇਸ ਸਮੇਂ ਤੋਂ ਵਿਦਵਾਨ ਲਿਖਾਰੀਆਂ ਦੇ ਦਿਲਾਂ ਅੰਦਰ ਨਾਵਲ ਲਿਖਣ ਦਾ ਵੀ ਸ਼ੌਕ ਪੈਦਾ ਹੋਇਆ। ਪ੍ਰੋ: ਆਈ. ਸੀ. ਨੰਦਾ ਜੀ ਨੇ ਤੇਜ ਕੌਰ ਨਾਮੀ ਨਾਵਲ ਲਿਖਿਆ ਜੋ ਆਮ ਲੋਕਾਂ ਨੇ ਸਲਾਹਿਆ। ਮੁਨਸ਼ੀ ਅਬਦੁਲ ਰਹਿਮਾਨ ਜੀ ਨੇ ਉਰਦੂ ਅੱਖਰਾਂ ਤੇ ਪੰਜਾਬੀ ਜ਼ਬਾਨ ਵਿਚ "ਜੱਟ ਦੀ ਕਰਤੂਤ ਨਾਮੀ ਨਾਵਲ ਲਿਖਿਆ, ਜਿਸ ਨੂੰ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਇਕ ਨਵਾਂ ਰੂਪ ਦੇ ਕੇ ਗੁਰਮੁਖੀ ਵਿਚ ਛਪਵਾਇਆ ਤੇ ਇਸ ਦਾ ਨਾਂ 'ਨਵਾਬ ਖਾਂ' ਰਖਿਆ। ਸ: ਐਸ ਐਸ: ਚਰਨ ਸਿੰਘ ਜੀ ਦੇ ਨਾਲ ਭਾਈ ਮੋਹਨ ਸਿੰਘ ਜੀ ਵੈਦ ਨੇ ਇਕ ਸਿੱਖ ਘਰਾਣਾ, ਸ਼੍ਰੇਸ਼ਟ ਕੁਲਾਂ ਦੀ ਚਾਲ, ਸੁਭਾਗ ਕੌਰ, ਸੁਖਦੇਵ ਕੌਰ, ਦੰਪਤੀ ਪਿਆਰ ਆਦਿ ਨਾਵਲ ਲਿਖੇ। ਮਾਸਟਰ ਤਾਰਾ ਸਿੰਘ ਜੀ ਨੇ ਪਰੇਮ ਲਗਨ, ਮੇਰੀ ਯਾਦ, ਪਿਰਮ ਪਿਆਲਾ ਤੇ ਬਾਬਾ ਤੇਗਾ



Digitized by Panjab Digital Library | www.panjabdigilib.org

ਸਿੰਘ ਆਦਿ ਨਾਵਲ ਲਿਖੇ। ਪ੍ਰਿੰਸੀਪਲ ਨਰਿੰਜਨ ਸਿੰਘ ਜੀ ਨੇ 'ਪ੍ਰੇਮ ਕਣੀ' ਨਾਂ ਦਾ ਇਕ ਧਾਰਮਕ ਨਾਵਲ ਲਿਖਿਆ। ਸਰਦਾਰ ਗੁਰਬਖਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ ਨੇ 'ਅਣਵਿਆਹੀ ਮਾਂ' ਨਾਵਲ ਪ੍ਰਕਾਸ਼ਤ ਕੀਤਾ। ਪ੍ਰੋਫੈਸਰ ਕਰਤਾਰ ਸਿੰਘ ਜੀ ਨੇ ਕੁਝ ਕੁ ਅੰਗਰੇਜ਼ੀ ਨਾਵਲਾਂ ਦੇ ਉਲਥੇ ਕੀਤੇ ਜਿਨ੍ਹਾਂ ਵਿਚੋਂ ਦੁਖੀਏ, ਕਰਮਾਂ ਦੀ ਖੇਡ ਤੇ ਕੌਮੀ ਪ੍ਰਵਾਨਾਂ ਆਦਿ ਮਸ਼ਹੂਰ ਨਾਵਲ ਹਨ। ਪ੍ਰੋਫੈਸਰ ਹਰਬੰਸ ਸਿੰਘ ਜੀ ਨੇ ਧਰਤੀ ਮਾਤਾ ਤੇ ਧਰਤੀ ਦੇ ਪੁੱਤਰ ਆਦਿ ਦੋ ਨਾਵਲ ਲਿਖੇ। ਨਰਿੰਦਰ ਸਿੰਘ ਜੀ ਸੋਚ ਨੇ ਮਾਂ, ਕੈਦੀ ਤੇ ਮਜ਼ਦੂਰ ਅੰਗਰੇਜ਼ੀ ਨਾਵਲਾਂ ਦੇ ਉਲਥੇ ਛਾਪੇ। ਪ੍ਰੋ: ਸੁਰਿੰਦਰ ਸਿੰਘ ਨਰੂਲਾ ਨੇ ਪਿਓ ਪੁੱਤਰ, ਨੀਲੀ ਬਾਰ, ਰੰਗ ਮਹੱਲ ਜਗਰਾਤਾ ਆਦਿ ਚਾਰ ਨਾਵਲ ਲਿਖੇ। ਮਸ਼ਹੂਰ ਕਵਿਤ੍ਰੀ ਅੰਮ੍ਰਿਤਾ ਪ੍ਰੀਤਮ ਜੀ ਨੇ ਡਾਕਟਰ ਦੇਵ, ਆਲ੍ਹਣਾ, ਤੇ ਪਿੰਜਰ ਆਦਿ ਨਾਵਲ ਪ੍ਰਕਾਸ਼ਤ ਕੀਤੇ। ਤੀਰ ਜੀ ਨੇ ਤਿੰਨ ਸਿਪਾਹੀ ਨਾਵਲ ਪ੍ਰਕਾਸ਼ਤ ਕੀਤਾ। ਇਸ ਤਰ੍ਹਾਂ ਬਹੁਤ ਸਾਰੇ ਲੇਖਕ ਦੂਸਰੀਆਂ ਬੋਲੀਆਂ ਵਿਚੋਂ ਪੰਜਾਬੀ ਵਿਚ ਨਾਵਲ ਉਲਥੇ ਕਰ ਰਹੇ ਹਨ।

ਪੰਜਾਬੀ ਵਿਚ ਅਜੇ ਤਕ ਨਾਨਕ ਸਿੰਘ ਜੀ ਤੋਂ ਬਿਨਾਂ ਇਕ ਵੀ ਮੌਲਕ ਨਾਵਲ ਲੇਖਕ ਨਹੀਂ ਹੋਇਆ, ਜਿਸ ਨੇ ਪ੍ਰੇਮ ਚੰਦਰ ਵਾਂਗ ਅਨੇਕਾਂ ਪੰਜਾਬੀ ਦੇ ਨਾਵਲ ਲਿਖੇ ਹੋਣ। ਭਾਵੇਂ ਉਪਰ ਦਸੇ ਲਿਖਾਰੀਆਂ ਨੇ ਕਈ-ਤਰ੍ਹਾਂ ਦੇ ਨਾਵਲ ਪ੍ਰਕਾਸ਼ਤ ਕੀਤੇ, ਪਰ ਪੰਜਾਬੀ ਸਾਹਿਤ ਅੰਦਰ ਜੋ ਮਾਨ ਨਾਨਕ ਸਿੰਘ ਜੀ ਦੇ ਨਾਵਲਾਂ ਨੂੰ ਮਿਲਿਆ ਹੈ ਹੋਰ ਕਿਸੇ ਨੂੰ ਵੀ ਨਹੀਂ ਮਿਲਿਆ ਅਤੇ ਪੰਜਾਬੀ ਪੜ੍ਹੀ ਲਿਖੀ ਜਨਤਾ ਨੇ ਜਿੰਨਾਂ ਆਪ ਦੇ ਨਾਵਲਾਂ ਨੂੰ ਅਪਣਾਇਆ ਹੈ, ਓਨਾ ਹੋਰ ਕਿਸੇ ਦੇ ਨਾਵਲਾਂ ਨੂੰ ਨਹੀਂ ਅਪਣਾਇਆ। ਆਪ ਨੇ ਲਗ ਪਗ ਕਾਲ ਚਕਰ, ਪਾਪ ਦੀ ਖੱਟੀ, ਸੂਲਾਂ ਦੀ ਸੇਜ, ਮਤਰੇਈ ਮਾਂ, ਮਿੱਠਾ ਮਹੁਰਾ, ਪਰੇਮ ਸੰਗੀਤ, ਚਿੱਟਾ ਲਹੂ, ਫੌਲਾਦੀ ਫੁਲ, ਫਰਾਂਸ ਦਾ ਡਾਕੂ, ਕਾਗਤਾਂ ਦੀ ਬੇੜੀ, ਮਿਧੇ ਹੋਏ ਫੁਲ, ਪਤਝੜ ਦੇ ਪੰਛੀ, ਪਿਆਰ ਦੀ ਦੁਨੀਆਂ,



Digitized by Panjab Digital Library | www.panjabdigilib.org

ਗਰੀਬ ਦੀ ਦੁਨੀਆਂ, ਰਜਨੀ, ਅਧਖਿੜਿਆ ਫੁਲ, ਪਵਿਤਰ ਪਾਪੀ, ਪ੍ਰਾਸ਼ਚਿਤ, ਜੀਵਨ ਸੰਗ੍ਰਾਮ, ਧੁੰਧਲੇ ਪ੍ਰਛਾਵੇਂ, ਸੁੰਮਨ ਕਾਂਤਾ ਤੇ ਲਵ ਮੈਰਿਜ, ਅੱਗ ਦੀ ਖੇਡ, ਚਿੱਤ੍ਰਕਾਰ, ਕੱਟੀ ਹੋਈ ਪਤੰਗ, ਮੰਝਧਾਰ ਆਦਮ ਖੋਰ, ਨਾਸੂਰ ਆਦਿ ਵੀਹ ਇੱਕੀ ਨਾਵਲ ਲਿਖੇ। ਅਤੇ ਅਗੇ ਤੋਂ ਹਰ ਸਾਲ ਇਕ ਨਵਾਂ ਨਾਵਲ ਪੇਸ਼ ਕਰਨ ਦੀ ਆਸ ਦਵਾ ਰਹੇ ਹਨ, ਆਸ ਹੈ ਕਿ ਜੇ ਲੇਖਕਾਂ ਦੇ ਦਿਲਾਂ ਅੰਦਰ ਕੁਝ ਚਿਰ ਹੋਰ ਇਸੇ ਤਰ੍ਹਾਂ ਉਤਸ਼ਾਹ ਰਿਹਾ ਤਾਂ ਥੋੜੇ ਚਿਰ ਵਿਚ ਹੀ ਪੰਜਾਬੀ ਨਾਵਲਾਂ ਦੀ ਗਿਣਤੀ ਸੈਂਕੜਿਆਂ ਤਕ ਪਹੁੰਚ ਜਾਵੇਗੀ।

## ਭਾਈ ਵੀਰ ਸਿੰਘ ਜੀ ਦੇ ਨਾਵਲਾਂ ਵਿਚ ਪਾਤਰ ਉਸਾਰੀ

ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੇ ਮੁਖਬੰਦ ਵਿਚ ਡਾ: ਵੀਰ ਸਿੰਘ ਜੀ ਦੇ ਨਾਵਲਾਂ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ ਕਿ ਭਾਈ ਸਾਹਿਬ ਦੇ ਨਾਵਲਾਂ ਵਿਚ ਸਾਰੇ ਦੇ ਸਾਰੇ ਸਿੱਖ ਨਾਮ ਦੇ ਰਸੀਏ, ਪਰ ਉਪਕਾਰੀ, ਕੁਰਬਾਨੀ ਤੇ ਉਚ ਆਚਰਨ ਵਾਲੇ ਨਜ਼ਰ ਆਉਂਦੇ ਹਨ, ਹਿੰਦੂ ਸਾਰੇ ਕਾਇਰ ਤੇ ਬੁਜ਼ਦਿਲ ਹਨ ਅਤੇ ਮੁਸਲਮਾਨ ਸਾਰੇ ਜ਼ਾਲਮ, ਵਿਸ਼ਈ ਤੇ ਅਪਰਾਧੀ ਦਿਸਦੇ ਹਨ। ਹਾਲਾਂ ਕਿ ਸਮਾਜ ਵਿਚ ਇਸ ਤਰ੍ਹਾਂ ਨਹੀਂ, ਹਰ ਕੌਮ ਵਿਚ ਚੰਗੇ ਤੋਂ ਚੰਗੇ ਤੇ ਬੁਰੇ ਤੋਂ ਬੁਰੇ ਇਨਸਾਨ ਹੁੰਦੇ ਹਨ। ਇਸ ਖਿਆਲ ਨੂੰ ਪੜ੍ਹਕੇ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਨੇ ਪ੍ਰਿੰਸੀਪਲ ਸਾਹਿਬ ਦੇ ਇਸ ਖਿਆਲ ਦੀ ਪ੍ਰੋੜ੍ਹਤਾ ਕੀਤੀ ਹੈ।

ਕਿਸੇ ਕਲਾਕਾਰ ਦੇ ਨਾਵਲ-ਪਾਤਰਾਂ ਸਬੰਧੀ ਕੋਈ ਰਾਇ ਕਾਇਮ ਕਰਨ ਤੋਂ ਪਹਿਲਾਂ ਉਸ ਨਾਵਲ ਦਾ ਵਾਤਾਵਰਣ ਦੇਖਣਾ ਬੜਾ ਜ਼ਰੂਰੀ ਹੈ, ਨਹੀਂ ਤੇ ਪਤਾ ਹੀ ਨਹੀਂ ਲਗ ਸਕਦਾ ਕਿ ਕਿਸੇ ਲਿਖਾਰੀ ਨੇ ਆਪਣੇ ਪਾਤਰਾਂ ਨਾਲ ਕੋਈ ਇਨਸਾਫ਼ ਕੀਤਾ ਹੈ ਜਾਂ ਬੇ ਇਨਸਾਫ਼ੀ। ਨਾਨਕ ਸਿੰਘ ਜੀ ਨੇ 'ਅੱਗ ਦੀ ਖੇਡ' ਨਾਵਲ ਵਿਚ



Digitized by Panjab Digital Library | www.panjabdigilib.org

ਪੰਜਾਬ ਅੰਦਰ ਵਰਤੀ ੧੯੪੭ ਦੀ ਦੁਰਘਟਨਾ ਦਾ ਜ਼ਿਕਰ ਕੀਤਾ ਹੈ, ਪਰ ਕੀ ਜਿਸਤਰ੍ਹਾਂ ਦੇ ਪਾਤਰ ਉੱਪਰ ਦਸੇ ਨਾਵਲ ਵਿਚ ਪੇਸ਼ ਕੀਤੇ ਹਨ ਅਜ ਸਾਡੇ ਸਮਾਜ ਵਿਚ ਮਿਲਦੇ ਹਨ, ਨਹੀਂ! ਬਿਲਕੁਲ ਨਹੀਂ! ਇਸੇ ਤਰ੍ਹਾਂ ਭਾਈ ਸਾਹਿਬ ਦੇ ਨਾਵਲਾਂ ਦਾ ਵਾਤਾ ਵਰਣ ਵੇਖਕੇ ਉਨ੍ਹਾਂ ਦੇ ਪਾਤਰਾਂ ਦੇ ਸੁਭਾਵਾਂ ਸਬੰਧੀ ਫੇਰ ਕੋਈ ਰਾਇ ਕਾਇਮ ਕਰਨੀ ਚਾਹੀਦੀ ਹੈ।

ਸੁੰਦਰੀ ਬਿਜੈ ਸਿੰਘ, ਸਤਵੰਤ ਕੌਰ ਆਦਿਕ ਇਤਿਹਾਸਕ ਨਾਵਲਾਂ ਵਿਚ ਭਾਈ ਸਾਹਿਬ ਜੀ ਨੇ ਉਸ ਸਮੇਂ ਦੇ ਪਾਤਰ ਪੇਸ਼ ਕੀਤੇ ਹਨ ਜਦਕਿ ਪੰਜਾਬ ਵਿਚ ਮੀਰ ਮੁਅੱਈਯੁੱਦੀਨ ਦਾ ਰਾਜ ਸੀ।ਅਠਾਰ੍ਹਵੀਂ ਸਦੀ ਈਸਵੀ ਦੇ ਪਿਛਲੇ ਅੱਧ ਵਿੱਚ ਪੰਜਾਬ ਅੰਦਰ ਸਿਖਾਂ ਦੇ ਸਿਰਾਂ ਦਾ ਚਾਲੀ ਚਾਲੀ ਜਾਂ ਅੱਸੀ ਅੱਸੀ ਰੁਪਏ ਮੁੱਲ ਪੈਂਦਾ ਸੀ। ਉਸ ਸਮੇਂ ਸਿਖ ਹੋਣਾ ਹੀ ਵੱਡਾ ਗੁਨਾਹ ਸੀ। ਸਿਖ ਉਹੋ ਬਣਦਾ ਸੀ ਜਿਸ ਨੇ ਦੁਖੀ, ਗ਼ਰੀਬ ਤੇ ਮਜ਼ਲੂਮ ਦੀ ਰੱਖਿਆ ਲਈ ਆਪਣਾ ਸਿਰ ਤਲੀ ਉਤੇ ਰੱਖਿਆ ਹੁੰਦਾ ਸੀ ਅਤੇ ਜਿਨ੍ਹਾਂ ਦਾ ਆਦਰਸ਼,

"ਸੰਤ ਉਬਾਰਨ ਦੁਸ਼ਟ ਸੰਘਾਰਨ"

ਹੁੰਦਾ ਸੀ। ਉਸ ਸਮੇਂ ਦੇ ਸਿੰਘ ਉਸੇ ਤਰ੍ਹਾਂ ਦੇ ਹੀ ਸਨ ਜਿਸਤਰ੍ਹਾਂ ਦੇ ਕਿ ਭਾਈ ਸਾਹਿਬ ਦੇ ਨਾਵਲਾਂ ਵਿਚ ਮਿਲਦੇ ਹਨ। ਉਸ ਸਮੇਂ ਮੁਸਲਮਾਨ ਦਾ ਰਾਜ ਸੀ, ਮੁਲਕ ਵਿਚ ਬੜੀ ਬਦ ਅਮਨੀ ਸੀ। ਮੁਸਲਮਾਨ ਹਾਕਮ ਮਨ ਆਈਆਂ ਕਰਦੇ ਸਨ ਤੇ ਕਿਸੇ ਦੀ ਧੀ ਭੈਣ ਜਾਂ ਇਸਤਰੀ ਦੀ ਇੱਜ਼ਤ ਅਤੇ ਕਿਸੇ ਦਾ ਮਾਲ ਧਨ ਸੁਰੱਖਿਅਤ ਨਹੀਂ ਸੀ। ਹਿੰਦੂ ਵਿਚਾਰੇ ਸਹਿਮੇ ਹੋਏ ਕਾਇਰਾਂ ਵਾਂਗ ਉਨ੍ਹਾਂ ਜ਼ਾਲਮ ਹਾਕਮਾਂ ਦੇ ਤਰਸ ਉਤੇ ਦਿਨ ਕਟੀ ਕਰੀ ਜਾਂਦੇ ਸਨ। ਸੋ ਭਾਈ ਸਾਹਿਬ ਭਾ: ਵੀਰ ਸਿੰਘ ਜੀ ਦੇ ਨਾਵਲਾਂ ਵਿਚ ਜਿਸਤਰ੍ਹਾਂ ਦੇ ਪਾਤਰ ਪੇਸ਼ ਕੀਤੇ ਗਏ ਹਨ ਵਾਤਾ ਵਰਣ ਤੇ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਅਨੁਸਾਰ ਉਨ੍ਹਾਂ ਦੇ ਆਚਰਣ, ਸੁਭਾ ਤੇ ਗੁਣ ਦੋਸ਼ ਆਦਿ ਇਸੇ ਤਰ੍ਹਾਂ ਦੇ ਹੀ ਸਨ।



Digitized by Panjab Digital Library | www.panjabdigilib.org

# ਨਾਨਕ ਸਿੰਘ ਜੀ ਕਰਤਾ ਚਿਟਾ ਲਹੂ

ਸੰਸਾਰ ਭਰ ਦੇ ਸਾਹਿਤ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸੰਸਾਰ ਦੇ ਵਡੇ ਮਹਾਂ ਪੁਰਖ ਜਾਂ ਚੋਟੀ ਦੇ ਲਿਖਾਰੀ ਵਡੇ ਘਰਾਣਿਆਂ ਵਿਚ ਪੈਦਾ ਨਹੀਂ ਹੋਏ, ਸਗੋਂ ਉਹ ਮਾਮੂਲੀ ਗ਼ਰੀਬ ਘਰਾਂ ਵਿਚ ਹੀ ਪੈਦਾ ਹੋਏ ਤੇ ਗ਼ਰੀਬੀ ਦੀ ਹਾਲਤ ਵਿਚ ਪਲੇ, ਅਰ ਵਡੇ ਹੋ ਕੇ ਉਨ੍ਹਾਂ ਨੇ ਆਪਣੀ ਕਲਮ ਦੇ ਉਹ ਜੌਹਰ ਦਿਖਾਏ ਕਿ ਦੁਨੀਆਂ ਅਜ ਤਕ ਉਨ੍ਹਾਂ ਦੀ ਕਲਮੀ ਤਾਕਤ ਮੰਨਦੀ ਹੈ। ਸ਼ੈਕਸਪੀਅਰ ਤੇ ਕਾਲੀ ਦਾਸ ਆਦਿ ਵਿਦਵਾਨ ਸੰਸਾਰ ਭਰ ਵਿਚ ਸਭ ਤੋਂ ਉਚੇ ਵਿਦਵਾਨ ਤੇ ਮਹਾਨ ਕਵੀ ਅਥਵਾ ਲਿਖਾਰੀ ਮੰਨੇ ਜਾਂਦੇ ਹਨ, ਪਰ ਜੇ ਇਨ੍ਹਾਂ ਦੇ ਘਰਾਣਿਆਂ ਵਲ ਝਾਤੀ ਪਾਈ ਜਾਵੇ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਮਾਪੇ ਕੋਈ ਬਹੁਤੇ ਧਨਾਢ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਦਾ ਸਬੰਧ ਕਿਸੇ ਵਡੇ ਘਰਾਣੇ ਨਾਲ ਸੀ। ਇਹੋ ਹਾਲ ਸਾਡੇ ਇਸ ਕਲਾਕਾਰ ਦਾ ਹੈ।

ਨਾਨਕ ਸਿੰਘ ਜੀ ਦਾ ਜਨਮ ਚਕ ਹਮੀਦ ਜ਼ਿਲਾ ਜਿਹਲਮ ਵਿਚ ਹੋਇਆ। ਆਪ ਸੰਨ ੧੮੯੭ 'ਈਸਵੀ ਵਿਚ ਲਾਲਾ ਬਹਾਦਰ ਚੰਦ ਜੀ ਸੂਰੀ ਖਤਰੀ ਦੇ ਘਰ ਮਾਤਾ ਲਛਮੀ ਦੇਵੀ ਜੀ ਦੀ ਕੁਖੋਂ ਪੈਦਾ ਹੋਏ। ਇਨ੍ਹਾਂ ਦੇ ਪਿਤਾ ਲਾਲਾ ਬਹਾਦਰ ਚੰਦ ਆਪਣੀ ਜਵਾਨੀ ਦੇ ਵੇਲੇ ਤੋਂ ਹੀ ਪਸ਼ਾਵਰ ਸਦਰ ਗੱਲਾ ਮੰਡੀ ਵਿਚ ਆੜ੍ਹਤ ਦੀ ਦੁਕਾਨ ਕਰਦੇ ਸਨ। ਜਦੋਂ ਨਾਨਕ ਸਿੰਘ ਜੀ ਦਸਾਂ ਵਰ੍ਹਿਆਂ ਦੇ ਹੋਏ ਆਪ ਦੇ ਸਿਰ ਤੋਂ ਪਿਤਾ ਜੀ ਦਾ ਸਾਇਆ ਦੂਰ ਹੋ ਗਿਆ। ਇਸ ਵੇਲੇ ਆਪ ਅਜੇ ਚੌਥੀ ਜਮਾਤ ਵਿਚ ਹੀ ਪੜ੍ਹਦੇ ਸਨ। ਨਾਨਕ ਸਿੰਘ ਜੀ ਤੋਂ ਛੋਟੇ ਦੋ ਭਰਾ ਤੇ ਇਕ ਭੈਣ ਹੋਰ ਸਨ। ਆਪ ਦੇ ਚਾਚਿਆਂ ਤਾਇਆਂ ਨੇ ਇਨ੍ਹਾਂ ਦੇ ਪ੍ਰਵਾਰ ਦੀ ਕੋਈ ਖਾਸ ਸਹਾਇਤਾ ਨਾ ਕੀਤੀ। ਲਾਲਾ ਬਹਾਦਰ ਚੰਦ ਜੀ ਦੇ ਅਕਾਲ ਚਲਾਣੇ ਮਗਰੋਂ ਇਨ੍ਹਾਂ ਦੀ



Digitized by Panjab Digital Library | www.panjabdigilib.org

ਮਾਇਕ ਹਾਲਤ ਦਿਨੋ ਦਿਨ ਕਮਜ਼ੋਰ ਹੁੰਦੀ ਗਈ। ਇਸ ਤੰਗੀ ਦੀ ਹਾਲਤ ਕਰਕੇ ਨਾਨਕ ਸਿੰਘ ਜੀ ਨੂੰ ਪੰਜਵੀਂ ਜਮਾਤ ਵਿਚੋਂ ਹੀ ਪੜ੍ਹਾਈ ਛੱਡਣੀ ਪਈ। ਆਪ ਦੀ ਦਲੇਰ ਮਾਤਾ ਨੇ ਕੋਈ ਹੌਸਲਾ ਨਾ ਹਾਰਿਆ ਅਤੇ ਵਾਹਿਗੁਰੂ ਤੇ ਭਰੋਸਾ ਰਖ ਕੇ ਇਨ੍ਹਾਂ ਚੌਹਾਂ ਬਚਿਆਂ ਦੀ ਔਖੇ ਸੌਖੇ ਹੋ ਕੇ ਵੀ ਬੜੀ ਚੰਗੀ ਤਰ੍ਹਾਂ ਪਾਲਣਾ ਕੀਤੀ।

ਕਿਉਂਕਿ ਇਨ੍ਹਾਂ ਦਾ ਜਨਮ ਇਕ ਉਚੇ ਖੱਤਰੀ ਘਰਾਣੇ ਦਾ ਸੀ, ਸਾਰਾ ਖਾਨਦਾਨ ਸਹਿਜਧਾਰੀ ਸੀ, ਇਸ ਲਈ ਪਹਿਲੀ ਉਮਰ ਵਿਚ ਨਾਨਕ ਸਿੰਘ ਜੀ ਕੇਸਾ ਧਾਰੀ ਨਹੀਂ ਸਨ। ਸੰਨ ੧੯੧੫ ਵਿਚ ਜਦ ਕਿ ਨਾਨਕ ਸਿੰਘ ਜੀ ਦੀ ਉਮਰ ਅਜੇ ੧੮ ਕੁ ਸਾਲ ਦੀ ਸੀ, ਗਿਆਨੀ ਸ਼ੇਰ ਸਿੰਘ ਜੀ ਪਹਿਲੀ ਵਾਰੀ ਪਿਸ਼ਾਵਰ ਗਏ। ਇਹਨਾਂ ਦੇ ਉਪਦੇਸ਼ਾਂ ਤੇ ਸੰਗਤ ਨੇ ਨਾਨਕ ਸਿੰਘ ਜੀ ਨੂੰ ਗੁਰਸਿਖੀ ਦੇ ਰੰਗ ਵਿਚ ਰੰਗ ਦਿਤਾ ਤੇ ਆਪ ਨੇ ਅੰਮ੍ਰਿਤ ਛਕ ਲਿਆ। ਇਨ੍ਹਾਂ ਦਾ ਪਹਿਲਾ ਨਾਂ ਹੰਸ ਰਾਜ ਸੀ, ਪਰ ਅੰਮ੍ਰਿਤ ਛਕ ਕੇ ਇਨ੍ਹਾਂ ਦਾ ਨਾਂ ਨਾਨਕ ਸਿੰਘ ਹੋ ਗਿਆ। ਗਿਆਨੀ ਸ਼ੇਰ ਸਿੰਘ ਜੀ ਦੀ ਸੰਗਤ ਨੇ ਇਨ੍ਹਾਂ ਦੇ ਦਿਲ ਅੰਦਰ ਸਿੱਖੀ ਸਿਦਕ ਦਾ ਜਜ਼ਬਾ ਪੈਦਾ ਕਰ ਦਿਤਾ ਤੇ ਇਨ੍ਹਾਂ ਨੂੰ ਕਵਿਤਾ ਲਿਖਣ ਦਾ ਸ਼ੌਕ ਲਗ ਗਿਆ।

ਇਨ੍ਹਾਂ ਦਿਨਾਂ ਵਿਚ ਪਿਸ਼ਾਵਰ ਅੰਦਰ ਬੈਂਤ-ਬਾਜ਼ੀ ਅਰਥਾਤ ਬੈਂਤ ਲਿਖਣ ਦਾ ਬੜਾ ਰਵਾਜ ਸੀ। ਇਹ ਵੀ ਬੈਂਤ ਹੀ ਲਿਖਦੇ ਰਹੇ ਤੇ ਆਮ ਮੁਸ਼ਾਇਰਿਆਂ ਤੇ ਧਾਰਮਕ ਸਮਾਗਮਾਂ ਤੇ ਕਵਿਤਾਵਾਂ ਪੜ੍ਹਦੇ ਰਹੇ। ਪਿਸ਼ਾਵਰ ਵਿਚ ਇਨ੍ਹਾਂ ਦਾ ਨਾਂ 'ਨਿਕਚੂ ਸ਼ਾਇਰ ਕਰਕੇ ਮਸ਼ਹੂਰ ਹੋ ਗਿਆ। ਇਨ੍ਹੀ ਦਿਨੀਂ ਗੁਰਦਵਾਰਾ ਸਿੰਘ ਸਭਾ ਦੇ ਗਰੰਥੀ ਗਿਆਨੀ ਬਾਘ ਸਿੰਘ ਜੀ ਨੇ ਇਨ੍ਹਾਂ ਨੂੰ ਵਾਜਾ ਸਿਖਣ ਦੀ ਪ੍ਰੇਰਨਾ ਕੀਤੀ। ਆਪ ਛੋਟੇ ਛੋਟੇ ਗੀਤ ਲਿਖਦੇ ਸਨ, ਗੁਰਦਵਾਰੇ ਵਿਚ ਅਤੇ ਧਾਰਮਕ ਸਮਾਗਮਾਂ ਤੇ ਜਾ ਕੇ ਕੀਰਤਨ ਕਰਦੇ ਸਨ। ਹੌਲੀ ਹੌਲੀ ਗੁਰਪੁਰਬਾਂ ਸਮੇਂ ਕੀਰਤਨ ਕਰਨਾ ਅਰੰਭਿਆ। ਦੁਕਾਨਦਾਰਾਂ ਦੇ



Digitized by Panjab Digital Library | www.panjabdigilib.org

ਛੋਟੇ ਛੋਟੇ ਮੁੰਡੇ ਇਕੱਠੇ ਕਰਕੇ ਇਕ ਜੱਥਾ ਬਣਾ ਦਿਤਾ। ਇਸ ਜੱਥੇ ਦੇ ਮੁੰਡਿਆਂ ਨੂੰ ਆਪ ਕੀਰਤਨ ਤੇ ਗੀਤ ਸਖਾਉਂਦੇ ਹੁੰਦੇ ਸਨ। ਇਸ ਜਥੇ ਦੀ ਸਾਰੇ ਸ਼ਹਿਰ ਵਿਚ ਬੜੀ ਮਸ਼ਹੂਰੀ ਹੋਈ। ਇਸ ਸਮੇਂ ਆਪ ਨੇ ਆਪਣੇ ਕੁਝ ਗੀਤ ਇਕੱਠੇ ਕਰਕੇ ਇਕ ੩੨ ਸਫੇ ਦਾ ਗੁਟਕਾ ਛਾਪਿਆ, ਇਸ ਦਾ ਨਾਂ 'ਸਤਿਗੁਰ ਮਹਿਮਾਂ' ਰਖਿਆ। ਪਹਿਲੇ ਪਹਿਲ ਇਹ ਗੁਟਕਾ ਇਕ ਪੈਸੇ ਦਾ ਵਿਕਦਾ ਰਿਹਾ। ਅਜ ਇਸ ਗੁਟਕੇ ਦਾ ਅਕਾਰ ਲਗ ਪਗ ੩੦੦ ਸਫੇ ਹਨ ਅਤੇ ਇਸ ਦੀਆਂ ਪੰਤਾਲੀ ਐਡੀਸ਼ਨਾਂ ਛਪ ਚੁਕੀਆਂ ਹਨ। ਜਿਨ੍ਹਾਂ ਦੀ ਗਿਣਤੀ ਲਗ ਪਗ ਤਿੰਨ ਲਖ ਤੋਂ ਉਪਰ ਹੈ।

ਸੋ ੧੯੧੯ ਵਿਚ ਮਾਰਸ਼ਲ ਲਾਅ ਦੇ ਦਿਨੀਂ ਆਪ ਪਸ਼ਾਵਰ ਛੱਡ ਕੇ ਅੰਮ੍ਰਿਤਸਰ ਆ ਗਏ। ਪਹਿਲੇ ਪਹਿਲ ਕੁਝ ਚਿਰ ਲਈ ਭਾਈ ਕਿਰਪਾਲ ਸਿੰਘ ਜੀ ਹਜ਼ੂਰੀਏ ਨਾਲ ਰਲ ਕੇ ਕਿਤਾਬਾਂ ਦੀ ਦੁਕਾਨ ਕੀਤੀ। ਇਸ ਤੋਂ ਮਗਰੋਂ ਬਾਜ਼ਾਰ ਮਾਈ ਸੇਵਾਂ ਵਿਚ ਪੰਜਾਬ ਖਾਲਸਾ ਪ੍ਰੈਸ' ਜਾਰੀ ਕੀਤਾ। ਸੰਨ ੧੯੨੪ ਵਿਚ ਇਨ੍ਹਾਂ ਦੀ ਸ਼ਾਦੀ ਅੰਮ੍ਰਿਤਸਰ ਜੀ ਵਿਚ ਹੀ ਲਾਲਾ ਨਿਕਾ ਮਲ ਖਤਰੀ ਦੇ ਘਰ ਹੋਈ।

ਭਾਵੇਂ ਸਕੂਲ ਦੀ ਪੜ੍ਹਾਈ ਆਪ ਜੀ ਦੇ ਪਿਤਾ ਦੇ ਚਲਾਣੇ ਕਰਕੇ ਪਰਾਇਮਰੀ ਤਕ ਹੀ ਅਧੂਰੀ ਰਹਿ ਗਈ ਸੀ ਤਦ ਵੀ ਆਪ ਨੂੰ ਵਿਦਿਆ ਪਰਾਪਤੀ ਦਾ ਬੜਾ ਸ਼ੌਕ ਰਿਹਾ ਕਿ ਆਪ ਦੇ ਹੱਥ ਵਿਚ ਹਰ ਵੇਲੇ ਕੋਈ ਨਾ ਕੋਈ ਕਿਤਾਬ ਰਹਿੰਦੀ ਸੀ। ਆਪ ਜੀ ਦੇ ਦਿਲ ਅੰਦਰ ਉੱਚ ਵਿਦਿਆ ਪ੍ਰਾਪਤ ਕਰਨ ਦੀ ਬੜੀ ਲਾਲਸਾ ਲਗੀ ਰਹਿੰਦੀ ਹੈ, ਜਿਸ ਨਾਲ ਆਪ ਅੰਗਰੇਜ਼ੀ ਸਾਹਿਤ ਚੰਗੀ ਤਰ੍ਹਾਂ ਪੜ੍ਹ ਤੇ ਵਿਚਾਰ ਸਕਣ।

ਆਪ ਨੂੰ ਸਾਹਿਤਕ ਸ਼ੌਕ ਗਿਆਨੀ ਸ਼ੇਰ ਸਿੰਘ ਜੀ ਦੀ ਪ੍ਰੇਰਨਾ ਕਰਕੇ ਹੋਇਆ ਜਦੋਂ ਆਪ ਨੇ ਮੁਨਸ਼ੀ ਪ੍ਰੇਮ ਚੰਦਰ ਦੀਆਂ ਰਚਨਾਵਾਂ ਪੜ੍ਹੀਆਂ ਤਾਂ ਆਪ ਨੂੰ ਕੁਝ ਲਿਖਣ ਦਾ ਸ਼ੌਕ ਪੈਦਾ ਹੋਇਆ। ਆਪ



Digitized by Panjab Digital Library | www.panjabdigilib.org

ਨੇ ਉਰਦੂ, ਹਿੰਦੀ ਤੇ ਬੰਗਲਾ ਦੇ ਲਗ ਪਗ ਸਾਰੇ ਹੀ ਚੰਗੇ ਤੋਂ ਚੰਗੇ ਨਾਵਲ ਤੇ ਹੋਰ ਚੰਗੀਆਂ ਚੰਗੀਆਂ ਪੁਸਤਕਾਂ ਪੜ੍ਹੀਆਂ । ਜਦੋਂ ਵੀ ਆਪ ਜੀ ਕੋਲ ਕੁਝ ਵਾਧੂ ਮਾਇਆ ਹੁੰਦੀ ਆਪ ਕਤਾਬਾਂ ਤੇ ਹੀ ਖਰਚ ਕਰਦੇ।

ਬਚਪਨ ਤੋਂ ਹੀ ਆਪ ਦਾ ਸੁਭਾ ਇਕਾਂਤ ਪਸੰਦ ਰਿਹਾ ਹੈ, ਇਨ੍ਹਾਂ ਨੂੰ ਬੋਲਣ ਨਾਲੋਂ ਸੋਚਣ ਦੀ ਬਹੁਤੀ ਆਦਤ ਹੈ। ਤਰਸ ਤੇ ਪਿਆਰ ਇਹ ਦੋ ਚੀਜ਼ਾਂ ਆਪ ਨੂੰ ਆਪਣੀ ਮਾਂ ਤੋਂ ਹੀ ਵਿਰਸੇ ਵਿਚ ਮਿਲੀਆਂ ਹਨ । ਜਿਸ ਪਵਿਤ੍ਰਤਾ ਤੇ ਇਸਤਰੀ ਪੁਣੇ ਦੀ ਲਜ ਨੂੰ ਕਾਇਮ ਰਖਦਿਆਂ ਹੋਇਆਂ ਜਿਨ੍ਹਾਂ ਕਸ਼ਟਾਂ ਨਾਲ ਆਪ ਦੀ ਆਦਰਸ਼ਕ ਮਾਤਾ ਨੇ ਯਤੀਮ ਬਚਿਆਂ ਦੀ ਪਾਲਣਾ ਕੀਤੀ, ਉਨ੍ਹਾਂ ਦਾ ਆਪ ਦੇ ਹਿਰਦੇ ਉਤੇ ਬੜਾ ਅਸਰ ਪਿਆ। ਆਪ ਜੀ ਦੀ ਲਿਖਤ ਵਿਚ ਥਾਂ ਥਾਂ ਜੋ ਇਸਤ੍ਰੀ ਜ਼ਾਤੀ ਦਾ ਸਤਕਾਰ ਤੇ ਮਹਤਤਾ ਨਜ਼ਰ ਆਉਂਦੀ ਹੈ, ਇਹ ਸਿਰਫ ਮਾਤਾ ਜੀ ਦੇ ਜੀਵਨ ਝਲਕਾਰੇ ਦਾ ਹੀ ਆਪ ਜੀ ਦੀ ਆਤਮਾ ਉਤੇ ਅਸਰ ਪਿਆ ਹੋਇਆ ਹੈ। ਆਪ ਲਿਖਦੇ ਹਨ--'ਮੈਨੂੰ ਇਸ ਗੱਲ ਦਾ ਮਾਨ ਨਹੀਂ ਕਿ ਲੋਕ ਮੈਨੂੰ ਇਕ ਚੰਗਾ ਨਾਵਲਕਾਰ ਸਮਝਦੇ ਹਨ, ਸਗੋਂ ਮੈਨੂੰ ਇਸ ਗੱਲ ਦਾ ਵਧੇਰੇ ਮਾਨ ਹੈ ਕਿ ਮੈਂ ਉਸ ਮਹਾਨ ਮਾਤਾ ਦਾ ਪੁਤਰ ਹਾਂ ਜਿਸ ਨੂੰ ਹਰ ਕੋਈ ਨਿਝੱਕ ਹੋ ਕੇ 'ਦੇਵੀ ਦੀ ਪਦਵੀ ਦੇਂਦਾ ਰਿਹਾ ਹੈ।'

ਜਦੋਂ ਤੋਂ ਆਪ ਨੇ ਛਾਪੇ ਖਾਨੇ ਦਾ ਕੰਮ ਕੀਤਾ ਅਤੇ ਮੁਨਸ਼ੀ ਪ੍ਰੇਮ ਚੰਦਰ ਲਿਖਤ ਸਾਹਿਤ ਪੜ੍ਹਿਆ, ਆਪ ਦੇ ਦਿਲ ਅੰਦਰ ਲਿਖਣ ਦਾ ਸ਼ੌਕ ਪੈਦਾ ਹੋਇਆ। ੧੯੨੦ ਵਿਚ ਆਪ ਦੀਆਂ ਕੁਝ ਕਹਾਣੀਆਂ 'ਰਣਜੀਤ ਨਗਾਰਾ' ਨਾਮੀ ਰਸਾਲੇ ਵਿਚ ਛਪਦੀਆਂ ਰਹੀਆਂ ਤੇ ਇਸੇ ਸਾਲ ਹੀ ਆਪ ਨੇ ਆਪਣੇ ਦੋ ਨਿਕੇ ਨਿਕੇ ਨਾਵਲ 'ਪਾਪ ਦੀ ਖਟੀ' ਤੇ 'ਸੂਲਾਂ ਦੀ ਸੇਜ' ਪ੍ਰਕਾਸ਼ਤ ਕੀਤੇ। ਇਸ ਤੋਂ ਮਗਰੋਂ ਆਪ ਨੂੰ ਅਜਿਹਾ ਸ਼ੌਕ ਲੱਤਾ ਕਿ ਆਪ ਨੇ ਹਰ ਸਾਲ ਘਟੋ



Digitized by Panjab Digital Library | www.panjabdigilib.org

ਘੱਟ ਇਕ ਨਾਵਲ ਪੰਜਾਬੀ ਪਾਠਕਾਂ ਦੀ ਭੇਟ ਕਰਨ ਦਾ ਪੁੰਣ ਕੀਤਾ ਤੇ ੧੯੩੦ ਤੋਂ ਅੱਜ ਤਕ ਆਪ ਨੇ ਲਗ ਪਗ ਦੋ ਦਰਜਨ ਪੁਸਤਕਾਂ ਪੇਸ਼ ਕੀਤੀਆਂ ਹਨ।

ਨਾਨਕ ਸਿੰਘ ਦੇ ਮਸ਼ਹੂਰ ਨਾਵਲਾਂ ਵਿਚੋਂ ਪਿਆਰ ਦੀ ਦੁਨੀਆਂ, ਗਰੀਬ ਦੀ ਦੁਨੀਆਂ, ਕਾਗਤਾਂ ਦੀ ਬੇੜੀ, ਪਵਿਤ੍ਰ ਪਾਪੀ, ਫੌਲਾਦੀ ਫੁੱਲ, ਜੀਵਨ ਸੰਗ੍ਰਾਮ, ਦੂਰ ਕਿਨਾਰਾ, ਚਿਟਾ ਲਹੂ, ਅਧ-ਖਿੜਿਆ ਫੁੱਲ, ਖੂਨ ਦੇ ਸੋਹਿਲੇ, ਮੰਝਧਾਰ ਸੁੰਮਨ ਕਾਂਤਾ, ਆਦਮ ਖੋਰ ਤੇ ਨਾਸੂਰ ਆਦਿ ਕਾਫੀ ਮਸ਼ਹੂਰ ਹੋ ਚੁੱਕੇ ਹਨ। ਇਸ ਸਮੇਂ ਆਪ ਮਾਸਕ ਪੱਤਰ 'ਲੋਕ ਸਾਹਿਤ' ਦੇ ਸੰਪਾਦਿਕ ਹਨ।

ਗਿਆਨੀ ਨਰਿੰਦਰ ਸਿੰਘ ਸੋਚ.-ਆਪ ਦਾ ਜਨਮ ਸੰਨ ੧੯੧੦ ਵਿਚ ਪਿੰਡ ਮਰਾਣਾ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਨੇ ੧੯੨੪ ਤੱਕ ਆਪਣੀ ਵਿਦਿਆ ਸੰਪੂਰਨ ਕਰ ਲਈ ਤੇ ਗਿਆਨੀ ਦਾ ਇਮਤਿਹਾਨ ਪਾਸ ਕਰਨ ਮਗਰੋਂ ਅੰਮ੍ਰਿਤਸਰ ਵਿਚ ਆ ਕੇ ਸਭ ਤੋਂ ਪਹਿਲਾਂ 'ਅੰਮ੍ਰਿਤ ਕਾਲਜ' ਨਾਂ ਦਾ ਵਿਦਿਆਲਾ ਜਾਰੀ ਕੀਤਾ। ਇਸ ਵੇਲੇ ਆਪ ਗਿਆਨੀ ਦੀਆਂ ਜਮਾਤਾਂ ਨੂੰ ਬੜੀ ਸਫਲਤਾ ਨਾਲ ਪੜ੍ਹਾ ਰਹੇ ਹਨ।

ਆਪ ਨੂੰ ਸਾਹਿਤਕ ਸ਼ੌਕ ਮੁੱਢ ਤੋਂ ਹੀ ਸੀ। ਸ੍ਰ: ਨਾਨਕ ਸਿੰਘ ਜੀ ਦੇ ਅਸਰ ਕਰਕੇ ਆਪ ਨੂੰ ਨਾਵਲ ਲਿਖਣ ਦਾ ਸ਼ੌਕ ਪੈਦਾ ਹੋਇਆ ਅਤੇ ਆਪ ਨੇ ਬਹੁਤ ਸਾਰੇ ਨਾਵਲਾਂ ਦਾ ਹਿੰਦੀ ਤੋਂ ਅਨੁਵਾਦ ਕੀਤਾ। ਪੰਜਾਬੀ ਦੇ ਅਨੁਵਾਦਕਾਂ ਵਿਚੋਂ ਆਪ ਸਭ ਤੋਂ ਮਸ਼ਹੂਰੀ ਲਿਖਾਰੀ ਹਨ ਜਿਨ੍ਹਾਂ ਨੇ ਫ਼ਾਂਟਾ ਮਾਰਾ, ਸਮਾਜ ਦਾ ਨਰਕ, ਲਾਲ ਹਨੇਰੀ, ਸ਼ਾਮਾਂ ਪੈ ਗਈਆਂ, ਮਦਜ਼ੂਰ, ਮਾਂ, ਜ਼ਿੰਦਗੀ, ਕੈਦੀ, ਗੀਤਾਂਜਲੀ ਆਦਿਕ ਅਨੇਕਾਂ ਪੁਸਤਕਾਂ ਅਨੁਵਾਦ ਕੀਤੀਆਂ।

ਇਨ੍ਹਾਂ ਤੋਂ ਬਿਨਾਂ ਸ੍ਰ: ਸ. ਸ. ਚਰਨ ਸਿੰਘ ਜੀ ਸ਼ਹੀਦ, ਭਾਈ



Digitized by Panjab Digital Library | www.panjabdigilib.org

ਮੋਹਣ ਸਿੰਘ ਜੀ ਵੈਦ ਤੇ ਸ੍ਰ: ਸੁੰਦਰ ਸਿੰਘ ਜੀ ਹਕੀਮ ਆਦਿਕਾਂ ਨੇ ਅਨੇਕਾਂ ਉਰਦੂ ਤੇ ਹਿੰਦੀ ਨਾਵਲਾਂ ਦੇ ਉਲਥੇ ਕੀਤੇ।

ਸ੍ਰ: ਕਰਤਾਰ ਸਿੰਘ ਜੀ ਐਮ. ਏ. ਨੇ ਦੁਖੀਏ ਅਤੇ ਕੌਮੀ ਪਰਵਾਨਾ ਦੋ ਅਨੁਵਾਦਕ ਨਾਵਲ ਪੇਸ਼ ਕੀਤੇ। ਪ੍ਰੋ: ਕਰਤਾਰ ਸਿੰਘ ਜੀ ਸੂਰੀ ਨੇ 'ਟੁਟਿਆ ਆਹਲਣਾ' । ਮੇਜਰ ਨਰਿੰਦਰ ਸਿੰਘ ਨੇ 'ਸੈਨਾਪਤੀ', ਅੰਮ੍ਰਿਤਾ ਪ੍ਰੀਤਮ ਜੀ ਨੇ ਡਾ: ਦੇਵ ਤੇ ਪਿੰਜਰ ਤੇ ਆਲ੍ਹਣਾ ਮੌਲਿਕ ਨਾਵਲ ਪ੍ਰਕਾਸ਼ਤ ਕੀਤੇ ਹਨ ਜੋ ਅਤਿ ਦਰਜੇ ਦੇ ਸਵਾਦਲੇ ਤੇ ਮਨੋਰੰਜਕ ਮੰਨੇ ਜਾ ਸਕਦੇ ਹਨ। ਹਰਕਿਸ਼ਨ ਸਿੰਘ ਜੀ ਨੇ ਬੰਗਾਲੀ ਦੇ ਮਸ਼ਹੂਰ ਨਾਵਲ ਦਾ ਅਨੁਵਾਦ 'ਹੇਰ ਫੇਰ' ਪ੍ਰਕਾਸ਼ਤ ਕੀਤਾ । ਸੁਰਿੰਦਰ ਸਿੰਘ ਜੀ ਨਰੂਲਾ ਨੇ 'ਪਿਉ ਪੁਤਰ', ਨੀਲੀ ਬਾਰ, ਰੰਗ ਮਹੱਲ ਤੇ ਜਗਰਾਤਾ । ਸਰਦਾਰ ਸੰਤ ਸਿੰਘ ਜੀ ਸੇਖੋਂ ਨੇ 'ਲਹੂ ਮਿੱਟੀ' ਆਦਿਕ ਮੌਲਿਕ ਨਾਵਲ ਲਿਖੇ । ਸੁਰਗਵਾਸੀ ਸਰ ਜੋਗਿੰਦਰਾ ਸਿੰਘ ਜੀ ਨੇ 'ਕਮਲਾ' ਅਤੇ 'ਕਾਮਨੀ' ਦੋ ਮੌਲਕ ਨਾਵਲ ਪੰਜਾਬੀ ਸਾਹਿਤ ਦੇ ਭੰਡਾਰ ਵਿਚ ਭੇਟ ਕੀਤੇ । ਪ੍ਰੋਫੈਸਰ ਹਰਬੰਸ ਸਿੰਘ ਜੀ ਨੇ 'ਧਰਤੀ ਮਾਤਾ' ਨਾਵਲ (ਅਨੁਵਾਦ) ਪ੍ਰਕਾਸ਼ਤ ਕੀਤਾ। ਇਸੇ ਤਰ੍ਹਾਂ ਸੁਰਗਵਾਸੀ ਪ੍ਰੋ: ਪੂਰਨ ਸਿੰਘ ਜੀ ਨੇ 'ਮੋਇਆਂ ਦੀ ਜਾਗ, ਇਕ ਅਨੁਵਾਦ ਨਾਵਲ ਪ੍ਰਕਾਸ਼ਤ ਕੀਤਾ। ਜਸਵੰਤ ਸਿੰਘ ਕੰਵਲ ਨੇ ਪਾਲੀ, ਸਚ ਨੂੰ ਫਾਂਸੀ, ਪੂਰਨਮਾਸ਼ੀ ਆਦਿ।

ਇਨ੍ਹਾਂ ਤੋਂ ਬਿਨਾਂ ਅਮੋਲ ਜੀ, ਵਿਸ਼ੇਸ਼ਰ ਨਾਥ ਜੀ, ਅਮੀਰ ਸਿੰਘ ਜੀ ਅਤੇ ਹੋਰ ਵਿਦਵਾਨਾਂ ਨੇ ਇਕ ਇਕ ਦੋ ਦੋ ਨਾਵਲ ਪ੍ਰਕਾਸ਼ਤ ਕੀਤੇ ਹਨ। ਮੋਹਨ ਸਿੰਘ ਜੀ ਪਰੇਮ ਨੇ 'ਦਿਲ ਟੋਟੇ ਟੋਟੇ' ਅਤੇ ਇਕ ਦੋ ਹੋਰ ਨਾਵਲ ਲਿਖੇ ਹਨ।

— —



Digitized by Panjab Digital Library | www.panjabdigilib.org

# ਕਹਾਣੀ

ਜਦੋਂ ਮਨੁੱਖ ਪੈਦਾ ਹੋਇਆ, ਮਨੁੱਖੀ ਜੀਵਨ ਵਿਚ ਕਈ ਤਰ੍ਹਾਂ ਦੀਆਂ ਘਟਨਾਵਾ ਵਾਪਰੀਆਂ। ਮਨੁਖ ਦੇ ਜਨਮ ਦੇ ਨਾਲ ਹੀ ਕਹਾਣੀ ਦਾ ਜਨਮ ਹੋਇਆ। ਜਿਸ ਜਿਸ ਤਰ੍ਹਾਂ ਮਨੁਖ ਦੀ ਰਹਿਣੀ ਬਹਿਣੀ ਤੇ ਸਭਿਅਤਾ ਵਿਚ ਤਬਦੀਲੀ ਆਉਂਦੀ ਗਈ ਨਾਲ ਹੀ ਕਹਾਣੀ ਵੀ ਬਦਲਦੀ ਗਈ। ਅਸੀਂ ਦੇਖਦੇ ਹਾਂ ਕਿ ਪਥਰ ਦੇ ਸਮੇਂ ਦੇ ਮਨੁਖ ਤੇ ਅਜ ਦੇ ਮਨੁਖ ਦੀ ਸਭਿਅਤਾ ਵਿਚ ਕਾਫੀ ਫਰਕ ਪੈ ਚੁੱਕਾ ਹੈ ।

ਪਹਿਲੇ ਪਹਿਲ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ।ਤੇ ਇਸ ਦੀ ਰਹਿਣੀ ਬਹਿਣੀ ਜੰਗਲੀ ਜਾਨਵਰਾਂ ਵਰਗੀ ਹੀ ਸੀ। ਉਹ ਲੋਕ ਜ਼ਮੀਨ ਵਿਚ ਟੋਏ ਪੁੱਟ ਕੇ, ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਰਹਿੰਦੇ ਸਨ। ਰੁਖਾਂ ਦਿਆਂ ਪੱਤਿਆਂ ਦੇ ਕਪੜੇ ਪਾਉਂਦੇ ਸਨ ਤੇ ਫਲ ਪੱਤਰ ਆਦਿ ਖਾ ਕੇ ਗੁਜ਼ਾਰਾ ਕਰਦੇ ਸਨ। ਜਿਉਂ ਜਿਉਂ ਵਿੱਦਿਆ ਦਾ ਪਰਚਾਰ ਹੁੰਦਾ ਗਿਆ, ਮਨੁਖਾਂ ਦੀ ਰਹਿਣੀ ਬਹਿਣੀ ਵਿਚ ਫਰਕ ਆਉਂਦਾ ਗਿਆ। ਇਨ੍ਹਾਂ ਮਨੁਖਾਂ ਦੇ ਜੀਵਨ ਦੀਆਂ ਹੱਡ ਬੀਤੀਆਂ ਵਾਰਤਾ ਕਹਾਣੀ ਦੇ ਰੂਪ ਵਿਚ ਪਰਗਟ ਹੁੰਦੀਆਂ ਰਹੀਆਂ।

ਸਮੇਂ ਦੇ ਨਾਲ ਕਹਾਣੀ ਵੀ ਬਦਲਦੀ ਗਈ। ਪਹਿਲੇ ਪਹਿਲ ਦੇਵੀ ਦੇਵਤਿਆਂ ਤੇ ਜਿੰਨਾਂ ਭੂਤਾਂ ਦੀਆਂ ਕਹਾਣੀਆਂ ਆਮ ਪਰਚਲਤ ਹੋਈਆਂ। ਫੇਰ ਰਾਜਿਆਂ ਮਹਾਰਾਜਿਆਂ ਤੇ ਦੇਵੀ ਦੇਵਤਿਆਂ ਦੀਆਂ ਰਲਵੀਆਂ ਮਿਲਵੀਆਂ ਕਹਾਣੀਆਂ ਪ੍ਰਚਲਤ ਹੋਈਆਂ । ਉਸ ਤੋਂ ਮਗਰੋਂ ਰਾਜੇ, ਰਾਣੀਆਂ, ਸ਼ਾਹਜ਼ਾਦੇ, ਸ਼ਾਹਜ਼ਾਦੀਆਂ, ਬਹਾਦਰਾਂ, ਜੋਧਿਆਂ ਅਤੇ ਸੌਦਾਗਰਾਂ ਦੀਆਂ ਕਹਾਣੀਆਂ ਮਸਹੂਰ ਹੋਈਆਂ। ਇਸ



Digitized by Panjab Digital Library | www.panjabdigilib.org

ਸਮੇਂ ਰਾਜਿਆਂ ਤੇ ਅਮੀਰਾਂ ਨੇ ਕਹਾਣੀ ਲੇਖਕ ਨੌਕਰ ਰੱਖ ਲਏ ਜੋ ਵਖ ਵਖ ਰੂਪਾਂ ਤੇ ਵਖ ਵਖ ਵਿਸ਼ਿਆਂ ਨਾਲ ਸਬੰਧ ਰਖਣ ਵਾਲੀਆਂ ਕਹਾਣੀਆਂ ਲਿਖਦੇ ਰਹੇ। ਸਾਡੇ ਦੇਸ ਵਿਚ ਵੀ ਕਈ ਤਰ੍ਹਾਂ ਦੀਆਂ ਪੁਰਾਣਿਕ ਕਹਾਣੀਆਂ ਇਸੇ ਤਰ੍ਹਾਂ ਦੀਆਂ ਹਨ।

ਹੌਲੀ ਹੌਲੀ ਲੋਕਾਂ ਦੇ ਦਿਲਾਂ ਵਿਚ ਵਧਣ ਫੁਲਣ ਤੇ ਉਨਤ ਹੋਣ ਦਾ ਖਿਆਲ ਆਇਆ, ਧਰਮ ਦੇ ਨਾਲ ਨਾਲ ਧਾਰਮਿਕ ਤੌਰ ਤੇ ਤ੍ਰੱਕੀ ਕਰਨ ਦਾ ਖਿਆਲ ਵੀ ਲੋਕਾਂ ਦੇ ਦਿਲਾਂ ਵਿਚ ਪੈਦਾ ਹੋਇਆ। ਧਾਰਮਕ ਪਰਚਾਰ ਲਈ ਵਿਦਵਾਨ੍ਹਾਂ ਨੇ ਧਾਰਮਕ ਕਹਾਣੀਆਂ ਲਿਖੀਆਂ। ਅਜਿਹੀਆਂ ਕਹਾਣੀਆਂ ਹਰ ਮਜ਼ਹਬ ਵਿਚ ਅਤੇ ਦੁਨੀਆ ਦੇ ਹਰ ਹਿੱਸੇ ਵਿਚ ਆਮ ਪਰਚਲਤ ਹਨ। ਇਸ ਦੇ ਨਾਲ ਹੀ ਰਾਜਿਆਂ ਮਹਾਰਾਜਿਆਂ ਤੇ ਪਰਜਾ ਦੇ ਸਬੰਧ ਦੀਆਂ ਕਹਾਣੀਆਂ ਉਤਪੰਨ ਹੋਈਆਂ। ਇਸ ਸਮੇਂ ਸਾਇੰਸ ਨੇ ਨਵੀਆਂ ਨਵੀਆਂ ਕਾਢਾਂ ਕਢੀਆਂ। ਜਾਗੀਰਦਾਰੀ, ਸਰਮਾਇਦਾਰੀ ਤੇ ਅਜ਼ਾਰਾਦਾਰੀ ਦੇ ਵਿਰੁਧ ਲੋਕਾਂ ਦੇ ਦਿਲਾਂ ਅੰਦਰ ਜਜ਼ਬਾ ਪੈਦਾ ਹੋਇਆ। ਫੇਰ ਮਜ਼ਦੂਰਾਂ, ਕਿਰਤੀਆਂ ਤੇ ਗਰੀਬਾਂ ਦੀਆਂ ਕਹਾਣੀਆਂ ਹੋਂਦ ਵਿਚ ਆਈਆਂ, ਕਿ ਖਾਸ ਖਾਸ ਸਮੇਂ ਅਮੀਰ ਲੋਕ ਗਰੀਬਾਂ ਉਤੇ ਕੀ ਕੀ ਅਤਿਆਚਾਰ ਕਰਦੇ ਰਹੇ।

ਹੁਣ ਮਨੁਖੀ ਸਮਾਜ ਵਿਚ ਬੜੀ ਤਬਦੀਲੀ ਆ ਚੁਕੀ ਹੈ ਇਸ ਸਮੇਂ ਵਿਚ, ਪ੍ਰੇਮ ਕਹਾਣੀਆਂ, ਆਜ਼ਾਦੀ ਲਈ ਕੁਰਬਾਨੀ ਦੀਆਂ ਕਹਾਣੀਆਂ ਤੇ ਭਾਈਚਾਰਕ ਉਨਤੀ ਦੀਆਂ ਕਹਾਣੀਆਂ ਆਮ ਪਰਚਲਤ ਹੋ ਰਹੀਆਂ ਹਨ। ਸਾਹਿਤ ਦਿਨੋਂ ਦਿਨ ਉਨਤੀ ਦੇ ਸਿਖਰ ਵੱਲ ਜਾ ਰਿਹਾ ਹੈ ਤੇ ਨਾਲੋਂ ਨਾਲ ਕਹਾਣੀ ਕਲਾ ਵੀ ਉੱਨਤ ਹੋ ਰਹੀ ਹੈ।

—o—



Digitized by Panjab Digital Library | www.panjabdigilib.org

# ਇਤਿਹਾਸ ਤੇ ਕਹਾਣੀ

ਇਤਹਾਸ ਖਾਸ ਖਾਸ ਸਮਿਆਂ ਵਿਚ ਹੋਈਆਂ ਸੱਚੀਆਂ ਕਹਾਣੀਆਂ ਪਰਗਟ ਕਰਦਾ ਹੈ। ਇਸ ਵਿਚ ਰਾਜਿਆਂ ਮਹਾਰਾਜਿਆਂ ਦੇ ਜੀਵਨ, ਉਨ੍ਹਾਂ ਦੇ ਦਰਬਾਰੀਆਂ, ਪਰਜਾ ਤੇ ਲੋਕਾਂ ਦੇ ਜੀਵਨ ਨਾਲ ਸਬੰਧ ਰਖਣ ਵਾਲੀਆਂ ਗੱਲਾਂ, ਲੜਾਈਆਂ ਤੇ ਜੁਧ ਦੀਆਂ ਕਹਾਣੀਆਂ ਦੇ ਰੂਪ ਵਿਚ ਪੇਸ਼ ਕੀਤੀਆਂ ਹੁੰਦੀਆਂ ਹਨ। ਉਨ੍ਹਾਂ ਵਾਰਤਾਵਾਂ ਵਿਚ ਕੋਈ ਖਾਸ ਵਾਧਾ ਕਰਕੇ ਪੇਸ਼ ਨਹੀਂ ਕੀਤਾ ਜਾਂਦਾ ਹੈ । ਇਸ ਲਈ ਇਤਿ-ਹਾਸ ਦਾ ਦੇਸ ਤੇ ਕੌਮ ਦੇ ਜੀਵਨ ਨਾਲ ਗੂੜ੍ਹਾ ਸਬੰਧ ਹੁੰਦਾ ਹੈ।

ਕਹਾਣੀ ਆਮ ਕਰਕੇ ਸਾਧਾਰਨ ਮਨੁਖੀ ਜੀਵਨ ਵਿਚ ਹੋਣ ਵਾਲੀਆਂ ਨਿਤ ਦਿਹਾੜੀ ਦੀਆਂ ਘਟਨਾਵਾਂ ਪਰਗਟ ਕਰਦੀ ਹੈ। ਆਮ ਕਹਾਣੀ ਵਿਚ ਨਾਵਾਂ ਤੇ ਥਾਵਾਂ ਦੇ ਅਸਲੀ ਨਾਂ ਬਦਲ ਕੇ ਦਿਤੇ ਹੁੰਦੇ ਹਨ, ਪਰ ਇਤਿਹਾਸ ਵਿਚ ਇਤਿਹਾਸਕ ਵਿਅਕਤੀਆਂ ਤੇ ਥਾਵਾਂ ਦੇ ਅਸਲੀ ਨਾਂ ਹੁੰਦੇ ਹਨ। ਕਹਾਣੀ ਲੇਖਕ ਕਹਾਣੀ ਦੀ ਵਾਰਤਾ ਨੂੰ ਵਖ ਵਖ ਕਈਆਂ ਰੂਪਾਂ ਤੇ ਰੰਗਾਂ ਨੂੰ ਮੁਖ ਰਖ ਕੇ ਪੇਸ਼ ਕਰਦਾ ਹੈ। ਕਈ ਵਾਰੀ ਕਹਾਣੀ ਉਕੀ ਹੀ ਮਨਘੜਤ ਹੁੰਦੀ ਹੈ ਤੇ ਪਾਠਕਾਂ ਨੂੰ ਇੰਵ ਪਰਤੀਤ ਹੁੰਦਾ ਹੈ ਕਿ ਉਹ ਵਾਰਤਾ ਉਨ੍ਹਾਂ ਦੀ ਆਪਣੀ ਹਡ ਬੀਤੀ ਜਾਂ ਉਨ੍ਹਾਂ ਦੇ ਆਂਢ ਗੁਆਂਢ ਵਿਚ ਹੋਈ ਹੋਈ ਘਟਨਾ ਕਹਾਣੀ ਵਿਚ ਦਿਤੀ ਗਈ ਹੈ।

## ਕਹਾਣੀ ਕੀ ਹੈ

ਮਨੁੱਖੀ ਜੀਵਨ ਦੀ ਕਿਸੇ ਘਟਨਾ ਨੂੰ ਜੇ ਸਾਧਾਰਣ ਰੀਤੀ ਨਾਲ ਬਿਆਨ ਕੀਤਾ ਜਾਵੇ ਤਾਂ ਉਸ ਨੂੰ ਕਹਾਣੀ ਕਿਹਾ ਜਾਂਦਾ ਹੈ ਸੋ ਕਹਾਣੀ ਇਕ ਸਾਧਾਰਣ ਵਾਰਤਾ ਹੈ, ਇਸ ਵਿਚ ਕਿਸੇ ਹਸਤੀ ਨਾਲ ਵਾਪਰੀ ਕੋਈ ਘਟਨਾ ਬਿਆਨ ਕੀਤੀ ਜਾਂਦੀ ਹੈ।



Digitized by Panjab Digital Library | www.panjabdigilib.org

ਮਨੁਖ ਦੇ ਮਨ ਵਿਚ ਦੂਜਿਆਂ ਦੀਆਂ ਹੱਡ ਬੀਤੀਆਂ ਸੁਣਨ ਤੇ ਜਾਨਣ ਦੀ ਰੁਚੀ ਲਗੀ ਰਹਿੰਦੀ ਹੈ। ਨਿਕੇ ਨਿਕੇ ਬਚੇ, ਜਵਾਨ ਅਧਖੜ ਅਤੇ ਬੁਢੇ ਸਾਰੇ ਕਹਾਣੀਆਂ ਸੁਣਨ ਦੇ ਚਾਹਵਾਨ ਹੁੰਦੇ ਹਨ। ਸੋ ਸਾਹਿਤ ਵਿਚ ਕਹਾਣੀ ਇਕ ਅਜਿਹੀ ਲਿਖਤ ਹੈ ਜਿਸ ਨਾਲ ਮਨੁਖੀ ਪਿਆਰ ਆਪਣੇ ਆਪ ਪਿਆ ਰਹਿੰਦਾ ਹੈ। ਜਵਾਨੀ ਵਿਚ ਖਾਸ ਕਰਕੇ ਕਹਾਣੀਆਂ ਸੁਣਨ ਦਾ ਬੜਾ ਚਾਅ ਹੁੰਦਾ ਹੈ, ਕਿਉਂਕਿ ਇਸ ਉਮਰ ਵਿਚ ਹਰ ਇਕ ਨਾਲ ਕੁਝ ਘਟਨਾਵਾਂ ਵਾਪਰਦੀਆਂ ਹਨ, ਅਤੇ ਇਹ ਘਟਨਾਵਾਂ ਅਸਲ ਵਿਚ ਕਹਾਣੀਆਂ ਹੀ ਹੁੰਦੀਆਂ ਹਨ, ਮਨੁਖ ਆਪਣੀਆਂ ਹੱਡ ਬੀਤੀਆਂ ਤੋਂ ਬਹੁਤਾ ਸੁਆਦ ਨਹੀਂ ਮਾਣ ਸਕਦਾ, ਜਿੰਨਾਂ ਇਹ ਦੂਜਿਆਂ ਦੀਆਂ ਕਹਾਣੀਆਂ ਤੋਂ ਸੁਆਦ ਲੈਂਦਾ ਹੈ।

ਸਾਹਿਤਕਾਰਾਂ ਨੇ ਹੇਠ ਲਿਖੇ ਅਨੁਸਾਰ ਕਹਾਣੀ ਨੂੰ ਪੰਜਾਂ ਹਿਸਿਆਂ ਵਿਚ ਵੰਡਿਆ ਹੈ:--

(੧) ਪੁਰਾਤਨ ਮਨੁੱਖੀ ਕਹਾਣੀ—ਅਜਿਹੀ ਕਹਾਣੀ ਵਿਚ ਪੁਰਾਣੇ ਸਮੇਂ ਦੇ ਰਾਜੇ, ਰਾਣੀਆਂ, ਸ਼ਾਹਜ਼ਾਦੇ, ਸ਼ਾਹਜ਼ਾਦੀਆਂ ਅਤੇ ਸੌਦਾਗਰਾਂ ਦੀਆਂ ਜੀਵਨ--ਘਟਨਾਵਾਂ, ਕਈ ਸੱਚੀਆਂ ਤੇ ਕਈ ਮਨਘੜਤ ਬਿਆਨ ਕੀਤੀਆਂ ਹੁੰਦੀਆਂ ਹਨ।

(੨) ਦੇਵਾਂ, ਪਰੀਆਂ ਤੇ ਦੇਵਤਿਆਂ ਦੀ ਕਹਾਣੀ--ਆਮ ਕਰਕੇ ਅਜਿਹੀ ਕਹਾਣੀ ਮਨਘੜਤ ਹੀ ਹੁੰਦੀ ਹੈ ਅਤੇ ਕੇਵਲ ਦਿਲਚਸਪੀ ਲਈ ਹੀ ਲਿਖੀ ਜਾਂਦੀ ਹੈ।

(੩) ਪਸ਼ੂ ਪੰਛੀਆਂ ਦੀ ਕਹਾਣੀ—ਅਜਿਹੀ ਕਹਾਣੀ ਵਿਚ ਤੋਤਾ, ਮੈਨਾ, ਸ਼ੇਰ, ਗਿਦੜ ਆਦਿ ਜਾਨਵਰਾਂ ਕੋਲੋਂ ਮਨੁਖਾਂ ਵਾਂਗ ਗੱਲਾਂ ਕਰਾਈਆਂ ਹੁੰਦੀਆਂ ਹਨ ਤੇ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਉਚ ਸਿਖਿਆ ਦਿਤੀਆਂ ਗਈਆਂ ਹੁੰਦੀਆਂ ਹਨ। ਇਹ ਕਹਾਣੀ ਵੀ ਕਲਿਪਤ ਹੁੰਦੀ ਹੈ।



Digitized by Panjab Digital Library | www.panjabdigilib.org

(੪) ਪੁਰਾਤਨ ਕਲਪਤ ਕਹਾਣੀ--ਆਮ ਕਰਕੇ ਪੁਰਾਣੇ ਸਮੇਂ ਦੀਆਂ ਮਨਘੜਤ ਤੇ ਸਿਖਿਆ ਦਾਇਕ ਵਾਰਤਾ ਕਹਾਣੀਆਂ ਦੇ ਰੂਪ ਵਿਚ ਪੇਸ਼ ਕਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਸਬੰਧ ਇਤਿਹਾਸ ਤੇ ਧਰਮ ਨਾਲ ਹੋਣ ਕਰਕੇ, ਇਨ੍ਹਾਂ ਨੂੰ ਧਾਰਮਕ ਤੇ ਇਤਿਹਾਸਕ ਕਹਾਣੀਆਂ ਵੀ ਕਿਹਾ ਜਾ ਸਕਦਾ ਹੈ।

(੫) ਵਰਤਮਾਨ-ਹੁਨਰੀ ਕਹਾਣੀ–ਅਜ ਕਲ ਕਈ ਲੇਖਕ ਕੇਵਲ ਕਹਾਣੀ ਕਲਾ ਨੂੰ ਮੁਖ ਰਖਕੇ ਹੀ ਕਹਾਣੀਆਂ ਲਿਖਦੇ ਹਨ। ਇਨ੍ਹਾਂ ਕਹਾਣੀਆਂ ਦਾ ਸਬੰਧ ਆਮ ਕਰਕੇ ਅਜ ਕਲ ਦੇ ਸਮੇਂ ਦੀਆਂ ਪਰੇਮ ਵਾਰਤਾ ਜਾਂ ਮਜ਼ਦੂਰਾਂ ਤੇ ਕਿਰਤੀਆਂ ਦੇ ਜੀਵਨ ਨਾਲ ਹੁੰਦਾ ਹੈ।

ਜੇ ਵਿਚਾਰ ਦੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਹਾਣੀ ਦਾ ਮਨੁਖੀ ਜੀਵਨ ਨਾਲ ਖਾਸ ਸਬੰਧ ਹੈ। ਨਾਵਲ ਤੇ ਨਾਟਕ ਸਭ ਕਹਾਣੀ ਦੇ ਆਸਰੇ ਹੀ ਹੁੰਦੇ ਹਨ। ਇਸ ਲਈ ਕਹਾਣੀ ਸਾਹਿਤ ਦਾ ਇਕ ਖਾਸ ਅੰਗ ਹੈ।

ਕਹਾਣੀ ਕਲਾ:–

ਸਾਹਿਤ ਦੇ ਵੱਖ ਵੱਖ ਅੰਗਾਂ ਸਬੰਧੀ ਹੁਣ ਵਿਦਵਾਨਾਂ ਨੇ ਪੜਚੋਲ ਕਰਨੀ ਆਰੰਭ ਦਿਤੀ ਹੈ। ਜਿਸ ਤਰ੍ਹਾਂ ਚੰਗੀ ਕਵਿਤਾ ਦੇ ਪਰਖਣ ਲਈ ਉਸ ਨੂੰ ਪਿੰਗਲ ਦੀ ਕਸਵੱਟੀ ਉਤੇ ਲਾਇਆ ਜਾਂਦਾ ਹੈ, ਇਸ ਤਰ੍ਹਾਂ ਪਾਰਖੂਆਂ ਨੇ ਛੋਟੀ ਹੁਨਰੀ ਕਹਾਣੀ ਦੇ ਪਰਖਣ ਲਈ ਵੀ ਕੁਝ ਨੇਮ ਬਣਾਏ ਹਨ। ਪੰਜਾਬੀ ਵਿਚ ਨਵੀਨ ਹੁਨਰੀ ਕਹਾਣੀ ਦੀ ਉਤਪਤੀ ਥੋੜੇ ਸਾਲਾਂ ਤੋਂ ਹੋਈ ਹੈ ਤੇ ਇਸ ਥੋੜੇ ਸਮੇਂ ਵਿਚ ਪੰਜਾਬੀ ਹੁਨਰੀ ਕਹਾਣੀ ਕਾਫ਼ੀ ਹਦ ਤਕ ਉਂਨਤ ਹੋ ਚੁਕੀ ਹੈ। ਕਹਾਣੀ ਲਿਖਣਾ ਵੀ ਇਕ ਖਾਸ ਹੁਨਰ ਹੈ। ਕਹਾਣੀ ਦੀ ਵਾਰਤਾ (ਪਲਾਟ) ਕਹਾਣੀ ਦਾ ਇਕ ਤਰ੍ਹਾਂ ਦਾ ਨਕਸ਼ਾ ਹੈ ਅਤੇ ਇਸ ਦੀ ਉਸਾਰੀ ਲਈ ਹੇਠ ਲਿਖੇ ਅਨੁਸਾਰ ਤਿੰਨਾਂ ਗੱਲਾਂ ਦਾ ਖਿਆਲ ਰੱਖਣਾ ਜ਼ਰੂਰੀ ਹੈ:–



Digitized by Panjab Digital Library | www.panjabdigilib.org

(ੳ) ਆਰੰਭ—ਕਹਾਣੀ ਦਾ ਆਰੰਭ ਅਜਿਹੀ ਕਾਰੀਗੀ ਨਾਲ ਹੋਣਾ ਚਾਹੀਦਾ ਹੈ ਕਿ ਮੁਢਲਾ ਵਾਕ ਪੜ੍ਹਦਿਆਂ ਹੀ ਪਾਠਕਾਂ ਦੇ ਦਿਲ ਵਿਚ ਸਾਰੀ ਕਹਾਣੀ ਪੜ੍ਹਨ ਦੀ ਰੁਚੀ ਪੈਦਾ ਹੋ ਜਾਏ, ਅਤੇ ਇਹ ਜਾਨਣ ਦੀ ਤੀਬਰ ਇਛਾ ਪੈਦਾ ਹੋ ਜਾਏ ਕਿ ਇਸ ਦੇ ਅਗੇ ਕੀ ਹੋਣ ਵਾਲਾ ਹੈ।

(ਅ) ਮਧ–ਇਹ ਕਹਾਣੀ ਦਾ ਸਰੀਰ ਹੁੰਦਾ ਹੈ। ਇਸ ਵਿਚ ਘੋਲ ਤੇ ਘਮਸਾਣ ਦਾ ਜ਼ੋਰ ਹੁੰਦਾ ਹੈ। ਇਸ ਹਿੱਸੇ ਵਿਚ ਹੀ ਜੀਵਨ ਘਟਨਾਵਾਂ ਕਲਾ ਪੂਰਤ ਢੰਗ ਨਾਲ ਪੇਸ਼ ਕਰਕੇ ਕਹਾਣੀ ਨੂੰ ਵਧੇਰੇ ਸੁਆਦਲੀ ਬਣਾਇਆ ਜਾ ਸਕਦਾ ਹੈ ।

(ੲ) ਅੰਤ–ਅੰਤ ਵਿਚ ਕਹਾਣੀ ਦਾ ਸਿੱਟਾ ਲੁਕਿਆ ਰਹਿਣਾ ਚਾਹੀਦਾ ਹੈ। ਉਸ ਸਬੰਧੀ ਪਾਠਕ ਜਨ ਆਪੇ ਹੀ ਅਨੁਮਾਨ ਲਾਉਂਦੇ ਰਹਿਣ ਕਿ ਅਗੇ ਕੀ ਹੋਇਆ ਅਤੇ ਅੰਤਮ ਸਿੱਟਾ ਜਾਨਣ ਦੀ ਤਾਂਘ ਦਿਲ ਵਿਚੋਂ ਖਤਮ ਨਾ ਹੋਵੇ। ਕਹਾਣੀ ਦਾ ਅੰਤ ਸਭ ਤੋਂ ਚੋਟੀ ਦੀ ਘਟਨਾ ਵਿਕਾਸ) ਤੇ ਹੁੰਦਾ ਹੈ, ਜਿਥੇ ਕਈ ਵਾਰੀ ਅੰਤਮ ਸਿੱਟੇ ਦੀ ਝਲਕ ਹੀ ਪੇਸ਼ ਕੀਤੀ ਜਾਂਦੀ ਹੈ।

ਜਿਸ ਤਰ੍ਹਾਂ ਇਕ ਚੰਗੇ ਮਕਾਨ ਦੀ ਉਸਾਰੀ ਤੋਂ ਪਹਿਲਾਂ ਉਸ ਦਾ ਨਕਸ਼ਾ ਤਿਆਰ ਕਰ ਲਿਆ ਜਾਂਦਾ ਹੈ, ਇਸੇ ਤਰ੍ਹਾਂ ਕਹਾਣੀ ਦੀ ਉਸਾਰੀ ਤੋਂ ਪਹਿਲਾਂ ਉਸ ਦੀ ਵਾਰਤਾ ਜਾਂ ਪਲਾਟ ਨੂੰ ਸਾਹਮਣੇ ਰੱਖਿਆ ਜਾਂਦਾ ਹੈ । ਫੇਰ ਇਸ ਨੂੰ ਵਧਾ ਕੇ ਅਤੇ ਘਟਨਾਵਾਂ ਨਾਲ ਸ਼ੰਗਾਰ ਕੇ ਸਵਾਦਲੀ ਬੋਲੀ ਵਿਚ ਉਸਾਰਿਆ ਜਾਂਦਾ ਹੈ। ਇਸ ਵਿਚ ਤਜਰਬੇ ਹੁਨਰ, ਵਾਕਫੀ ਤੇ ਅਭਿਆਸ ਨਾਲ ਹੀ ਸਫਲਤਾ ਹੋ ਸਕਦੀ ਹੈ। ਕਹਾਣੀ ਲਿਖਣ ਵੇਲੇ ਪਾਠਕਾਂ ਦੀ ਰੁਚੀ ਦਾ ਖਿਆਲ ਰੱਖਣਾ ਜ਼ਰੂਰੀ ਹੈ।

ਇਕ ਕਹਾਣੀ ਲੇਖਿਕ ਮਨੋ-ਵਿਗਿਆਨਕ ਹੋਣਾ ਚਾਹੀਦਾ ਹੈ, ਜੋ ਵਖ ਵਖ ਸਮਿਆਂ ਤੇ ਵਖ ਵਖ ਪਾਤਰਾਂ ਦੇ ਦਿਲਾਂ ਨੂੰ ਪੜ੍ਹ ਸਕੇ,



Digitized by Panjab Digital Library | www.panjabdigilib.org

ਕਿ ਖਾਸ ਖਾਸ ਸਮਿਆਂ ਤੇ ਕਿਸੇ ਦੇ ਦਿਲ ਦੀ ਕੀ ਹਾਲਤ ਹੁੰਦੀ ਹੈ। ਕਹਾਣੀ ਲੇਖਕ ਕਹਾਣੀ ਵਿਚ ਕਿਸੇ ਤਰ੍ਹਾਂ ਦੀ ਸਿਖਿਆ ਨਾ ਦੇਵੇ, ਜਿਸ ਤੋਂ ਪਾਠਕ ਦੇ ਦਿਲ ਉਤੇ ਆਪਣੇ ਆਪ ਹੀ ਅਸਰ ਹੋ ਜਾਵੇ।

ਕਹਾਣੀ ਦਾ ਸਬੰਧ ਨਾਵਲ ਨਾਲੋਂ ਨਾਟਕ ਦੇ ਹੁਨਰ ਨਾਲ ਵਧੇਰੇ ਮਿਲਦਾ ਹੈ। ਅਜੇ ਤੱਕ ਲਿਖਾਰੀਆਂ ਨੇ ਕਹਾਣੀ ਲਿਖਣ ਦੇ ਕਈ ਢੰਗ ਵਰਤੇ ਹਨ। ਜਿਹਾ ਕਿ ੧. ਉਤਮ ਪੁਰਖ ਦਵਾਰਾ, ੨. ਗੱਲ ਬਾਤੀ ਢੰਗ, ੩. ਚਿੱਠੀਆਂ ਰਾਹੀਂ, ੪ ਡਾਇਰੀ ਰਾਹੀਂ. ੫. ਸੁਪਨਾ, ੬. ਅੱਨਜ ਪੁਰਖ ਦੇ ਬਿਆਨ ਦੇ ਢੰਗ, ੭. ਰਲਵਾਂ ਮਿਲਵਾਂ ਮਸਾਲਾ।

ਕਹਾਣੀ ਵਿਚ ਹੇਠ ਲਿਖੀਆਂ ਗੱਲਾਂ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ:—

੧. ਪਲਾਟ--ਕਹਾਣੀ ਦੀ ਵਾਰਤਾ ਦਿਲ ਖਿਚਵੀਂ ਤੇ ਆਮ ਜੀਵਨ ਨਾਲ ਸਬੰਧ ਰੱਖਣ ਵਾਲੀ ਹੋਵੇ, ਤੇ ਗ਼ੈਰ ਕੁਦਰਤੀ ਨਾ ਹੋਵੇ।

੨. ਪਾਤਰ—ਕਹਾਣੀ ਵਿਚ ਆਏ ਪਾਤਰਾਂ ਦਾ ਸੁਭਾ ਤੇ ਆਚਰਨ ਸਾਫ ਸਾਫ ਨਜ਼ਰ ਆਵੇ। ਪਾਤਰ ਦੀ ਉਮਰ, ਰੰਗ, ਰੂਪ, ਵਿਦਿਆ ਤੇ ਸੁਭਾ ਆਦਿਕ ਦਾ ਖਾਸ ਖਿਆਲ ਰਖਿਆ ਜਾਵੇ।

੩. ਗੱਲ ਬਾਤ--ਗੱਲ ਬਾਤੀ ਢੰਗ ਸਾਫ ਤੇ ਕੁਦਰਤੀ ਹੋਵੇ।

੪. ਦੇਸ, ਕਾਲ ਤੇ ਸਮੇਂ ਦਾ ਵੀ ਖਾਸ ਖਿਆਲ ਰਖਿਆ ਜਾਵੇ।

੫. ਸ਼ੈਲੀ--ਲਿਖਾਰੀ ਦਾ ਲਿਖਣ ਦਾ ਢੰਗ ਆਪਣਾ ਹੋਵੇ, ਕਿਸੇ ਦੀ ਨਕਲ ਕਰਕੇ ਅਸਲੀਅਤ ਨੂੰ ਵਿਗਾੜਿਆ ਨਾ ਜਾਵੇ।

੬. ਉਦੇਸ਼--ਕਹਾਣੀ ਲੇਖਕ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੋਣਾ ਚਾਹੀਦਾ ਹੈ। ਇਹ ਠੀਕ ਹੈ ਕਿ ਕਿਸੇ ਖਿਆਲ ਦਾ ਖੁਲ੍ਹਾ ਡੁਲ੍ਹਾ ਪਰਚਾਰ ਨਾ ਹੋਵੇ ਸਗੋਂ ਹੁਨਰ ਨਾਲ ਗਲੇਫਿਆ ਆਦਰਸ਼ ਪੇਸ਼ ਕੀਤਾ ਜਾਵੇ।

ਨਵੇਂ ਲਿਖਾਰੀਆਂ ਨੂੰ ਚਾਹੀਦਾ ਹੈ ਕਿ ਉਹ ਆਜ਼ਾਦ ਵਿਚਾਰਾਂ



Digitized by Panjab Digital Library | www.panjabdigilib.org

ਤੋਂ ਕੰਮ ਲੈਣ। ਅਸਲੀਅਤ ਨੂੰ ਸਮਝਕੇ ਦਿਲ ਖਿਚਵੇਂ ਤਰੀਕੇ ਨਾਲ ਬਿਆਨ ਕਰਨ ।

— —

## ਨਿੱਕੀ ਹੁਨਰੀ ਕਹਾਣੀ

ਜਿਸ ਵੇਲੇ ਮਨੁਖੀ ਸਮਾਜ ਉਨਤ ਹੁੰਦਾ ਹੈ, ਲੋੜ ਅਨੁਸਾਰ ਸਾਹਿਤ ਵੀ ਉਪਜਦਾ ਹੈ। ਦੁਨੀਆਂ ਦੇ ਸਾਹਿਤ ਦੇ ਇਤਿਹਾਸ ਵਿਚ ਉਨੀਵੀਂ ਸਦੀ ਦੇ ਅੰਤ ਵਿਚ ਨਿੱਕੀ ਹੁਨਰੀ ਕਹਾਣੀ ਦਾ ਜਨਮ ਹੋਇਆ। ਉਂਞ ਤੇ ਕਹਾਣੀ ਦੀ ਉਤਪਤੀ ਮਨੁਖ ਦੇ ਜੀਵਨ ਨਾਲ ਹੀ ਹੋਈ, ਪਰ ਹੁਨਰ ਦੇ ਲਿਹਾਜ਼ ਨਾਲ ਇਸ ਦੀ ਪੈਦਾਇਸ਼ ਉਨੀਵੀਂ ਸਦੀ ਦੇ ਅੰਤ ਵਿਚ ਮੰਨੀ ਜਾਂਦੀ ਹੈ ਤੇ ਵੀਹਵੀਂ ਸਦੀ ਦੇ ਆਰੰਭ ਵਿਚ ਮੌਲੀ ਤੇ ਪਰਫੁਲਤ ਹੋਈ ।

ਸਾਇੰਸ ਦੇ ਨਾਲ ਨਾਲ ਕਈ ਤਰ੍ਹਾਂ ਦੀਆਂ ਮਸ਼ੀਨਾਂ ਤੇ ਕਾਰਖਾਨੇ ਚਲ ਪਏ ਤੇ ਮਨੁਖ ਦੇ ਰੁਝੇਵੇਂ ਵਧ ਗਏ। ਜੀਵਨ ਵਿਚ ਛੇਤੀ ਤੋਂ ਛੇਤੀ ਕੰਮ ਕਰਨ ਦੀ ਰੁਚੀ ਪੈਦਾ ਹੋ ਗਈ। ਹੁਣ ਲੋਕਾਂ ਨੂੰ ਧਾਰਮਿਕ ਅਸਥਾਨਾਂ ਤੇ ਜਾ ਕੇ ਕਥਾ ਵਾਰਤਾ ਸੁਣਨ ਦੀ ਵਿਹਲ ਰਤਾ ਘੱਟ ਮਿਲਨ ਲਗੀ। ਲੰਮੇ ਲੰਮੇ ਨਾਵਲ ਪੜ੍ਹਨ ਦਾ ਵੀ ਮੌਕਾ ਨਾ ਰਿਹਾ ਤੇ ਰਾਤ ਵੇਲੇ ਨਾਨੀਆਂ ਦਾਦੀਆਂ ਜਾਂ ਹੋਰ ਵਡ ਵਡੇਰਿਆਂ ਕੋਲੋਂ ਕਹਾਣੀਆਂ ਸੁਣਨ ਦਾ ਵੀ ਸਮਾਂ ਨਾ ਲਭਦਾ, ਮਨੁਖ ਨੂੰ ਇਕ ਪਾਸੇ ਦਫਤਰਾਂ, ਕਾਰਖਾਨਿਆਂ ਤੇ ਦੁਕਾਨਾਂ ਵਿਚ ਅਠ ਦਸ ਘੰਟੇ ਕੰਮ ਕਰਨਾਂ ਪੈਂਦਾ ਹੈ ਤੇ ਫੇਰ ਘਰੋਗੀ ਕੰਮ ਵੀ ਸਾਹਮਣੇ ਹੁੰਦੇ ਹਨ । ਕੰਮ ਕਰ ਕੇ ਮਨੁਖ ਐਨਾ ਥਕ ਜਾਂਦਾ ਹੈ ਕਿ ਕਿਤਾਬਾਂ ਪੜ੍ਹਨ ਦੀ ਵਿਹਲ ਕਿਥੇ। ਇਸ ਲਈ ਮਨੁਖ ਨੂੰ ਇਕਾਂਗੀ ਨਾਟਕ ਜਾਂ ਨਿਕੀ ਕਹਾਣੀ ਵਲ ਆਉਣਾ ਪਿਆ ਤਾਂ ਜੋ ਇਨ੍ਹਾਂ ਰਾਹੀਂ ਜੀਵਨ ਦਾ ਰਸ ਮਾਣਿਆਂ ਜਾ ਸਕੇ ।



Digitized by Panjab Digital Library | www.panjabdigilib.org

ਸਿਨੇਮਾਂ ਵੇਖਣ ਲਈ ਵੀ ਬਹੁਤਿਆਂ ਨੂੰ ਸਮਾਂ ਨਹੀਂ ਮਿਲਦਾ। ਇਸ ਸਮੇਂ ਅਖਬਾਂਰਾਂ ਤੇ ਰਸਾਲਿਆਂ ਵਿਚ ਨਿਕੀਆਂ ਕਹਾਣੀਆਂ ਛਪਣੀਆਂ ਸ਼ੁਰੂ ਹੋਈਆਂ ਤਾਂ ਜੋ ਰੋਟੀ ਖਾਣ ਮਗਰੋਂ ਥੋੜੇ ਸਮੇਂ ਵਿਚ ਖਬਰਾਂ ਦੇ ਨਾਲ ਕਹਾਣੀਆਂ ਦਾ ਵੀ ਰਸ ਲਿਆ ਜਾ ਸਕੇ। ਇਸ ਸਰਮਾਇਦਾਰੀ ਦੇ ਬਦਲਦੇ ਸਮੇਂ ਵਿਚ ਅਗਾਂਹ ਵਧੂ ਖਿਆਲਾਂ ਦੇ ਪ੍ਰਚਾਰਨ ਲਈ ਇਕਾਂਗੀ ਨਾਟਕ ਤੇ ਨਿਕੀ ਕਹਾਣੀ ਤੋਂ ਕੰਮ ਲਿਆ ਗਿਆ। ਇਸ ਤਰ੍ਹਾਂ ਨਵੀਨ ਖਿਆਲਾਂ ਨਾਲ ਛੋਟੀ ਕਹਾਣੀ ਜਨਤਾ ਦੇ ਸਾਹਮਣੇ ਆਈ ਤੇ ਹਰ ਮਨ ਪਿਆਰੀ ਬਣ ਗਈ। ਉਨੀਵੀਂ ਸਦੀ ਵਿਚ ਰੂਸ ਤੇ ਜਰਮਨ ਤੇ ਲਿਖਾਰੀਆਂ ਨੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਇੰਗਲਿਸਤਾਨ ਤੇ ਫਰਾਂਸ ਆਦਿਕ ਦੇਸਾਂ ਦੇ ਲਿਖਾਰੀਆਂ ਨੇ ਨਿਕੀ ਕਹਾਣੀ ਹੁਨਰ ਦੇ ਤੌਰ ਤੇ ਲਿਖਣੀ ਸ਼ੁਰੂ ਕੀਤੀ ਤੇ ਹੌਲੀ ਹੌਲੀ ਹਰ ਦੇਸ ਦੇ ਸਾਹਿਤ ਵਿਚ ਨਿਕੀ ਹੁਨਰੀ ਕਹਾਣੀ ਦਾ ਆਮ ਰਵਾਜ ਹੁੰਦਾ ਗਿਆ ਤੇ ਲਿਖਾਰੀਆਂ ਨੇ ਆਪਣਾ ਹੁਨਰ ਦੱਸਣ ਲਈ ਕਈ ਤਰ੍ਹਾਂ ਦੀਆਂ ਵਿਗਿਆਨਕ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤੇ ਹੌਲੀ ਹੌਲੀ ਨਿਕੀ ਹੁਨਰੀ ਕਹਾਣੀ ਦਾ ਪਰਚਾਰ ਹੁੰਦਾ ਗਿਆ।

### ਕਹਾਣੀ ਤੇ ਨਾਟਕ —

ਵਰਤਮਾਨ ਹੁਨਰੀ ਕਹਾਣੀ ਉਨੀਵੀਂ ਸਦੀ ਈਸਵੀ ਦੇ ਅਖੀਰ ਵਿਚ ਹੀ ਪੈਦਾ ਹੋਈ, ਜਦੋਂ ਸਾਹਿਤ ਵਿਚ ਇਕਾਂਗੀ ਨਾਟਕ ਉਤਪਨ ਹੋਇਆ। ਜੇ ਵਿਚਾਰ ਦੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਇਕਾਂਗੀ ਨਾਟਕ ਅਤੇ ਛੋਟੀ ਹੁਨਰੀ ਕਹਾਣੀ ਦੋਵੇਂ ਵਿਸ਼ੇਸ਼ ਕਰਕੇ ਆਪਸ ਵਿਚ ਮਿਲਦੇ ਹਨ। ਜਿਹਾ ਕਿ ਛੋਟੀ ਹੁਨਰੀ ਕਹਾਣੀ ਤੇ ਇਕਾਂਗੀ ਨਾਟਕ ਦੋਹਾਂ ਵਿਚ ਬਿਆਨ ਦੀ ਸੰਖੇਪਤਾ, ਬੋਲੀ ਦੀ ਸਰਲਤਾ, ਕਟਾਖ, ਛੋਹਾਂ



Digitized by Panjab Digital Library | www.panjabdigilib.org

ਸੈਨਤਾਂ, ਮੁਖ ਘਟਨਾ ਆਦਿ ਗੱਲਾਂ ਆਪਸ ਵਿਚ ਮਿਲਦੀਆਂ ਹਨ। ਦੋਹਾਂ ਵਿਚ ਪਾਤਰਾਂ ਦੀ ਗਿਣਤੀ ਘੱਟ ਤੋਂ ਘੱਟ ਲਈ ਜਾਂਦੀ ਹੈ, ਪਰ ਨਾਟਕ ਵਿਚ ਪਾਤਰਾਂ ਦੀ ਗੱਲ ਬਾਤ, ਹਾਵ ਭਾਵ, ਘਟਨਾ ਆਦਿ ਸਭ ਕੁਝ ਸਟੇਜ ਜਾਂ ਰੰਗ ਭੂਮੀ ਤੇ ਦਿਖਾਏ ਜਾਂਦੇ ਹਨ, ਪਰ ਕਹਾਣੀ ਲੇਖਕ ਹਰ ਇਕ ਚੀਜ਼ ਹਾਵ ਭਾਵ ਤੇ ਕਟਾਖ ਆਦਿ ਆਪਣੇ ਬਿਆਨ ਵਿਚ ਹੀ ਦੱਸ ਜਾਂਦਾ ਹੈ। ਇਕ ਕਹਾਣੀ ਲੇਖਕ ਹਰ ਤਰ੍ਹਾਂ ਦੀਆਂ ਮਨੋ ਵਗਿਆਨਿਕ ਘਟਨਾਵਾਂ ਤੇ ਉਨ੍ਹਾਂ ਦੇ ਸਿਟੇ ਆਪਣੀ ਕਲਮੀ ਤਸਵੀਰ ਰਾਹੀਂ ਹੀ ਪਰਗਟ ਕਰਦਾ ਹੈ। ਨਾਟਕ ਵਿਚ ਸਮੇਂ ਤੇ ਸਥਾਨ ਦਾ ਅਸਰ ਸੀਨਰੀਆਂ ਤੇ ਪਰਦਿਆਂ ਰਾਹੀਂ ਪਾਇਆ ਜਾਂਦਾ ਹੈ, ਪਰ ਕਹਾਣੀ ਲੇਖਕ ਆਪਣੀ ਕਲਮ ਦੀ ਸ਼ਕਤੀ ਨਾਲ ਹੀ ਹਰ ਤਰ੍ਹਾਂ ਦੀਆਂ ਕਲਮੀ ਤਸਵੀਰਾਂ ਚਿਤਰਕੇ ਪਾਠਕਾਂ ਦੇ ਮਨ ਉਤੇ ਉਨ੍ਹਾਂ ਦਾ ਅਸਰ ਪਾਉਂਦਾ ਹੈ।

---

## ਪੰਜਾਬੀ ਵਿਚ ਕਹਾਣੀ

ਪੰਜਾਬ ਇਕ ਅਜਿਹਾ ਦੇਸ ਹੈ ਜਿਸ ਉਤੇ ਸਭਿਅਤਾ ਦੇ ਅਰੰਭ ਤੋਂ ਹੀ ਵਖ ਵਖ ਕੌਮਾਂ ਤੇ ਜਰਵਾਣਿਆਂ ਦੇ ਹੱਲੇ ਹੁੰਦੇ ਰਹੇ। ਕਦੀ ਆਰੀਏ, ਕਦੀ ਮੰਗੋਲ, ਯੂਨਾਨੀ, ਮੁਸਲਮਾਨ, ਖਿਲਜੀ, ਗੁਲਾਮ, ਤੁਰਕ, ਪਠਾਣ, ਮੁਗਲ, ਅਬਦਾਲੀ, ਦੁਰਾਨੀ ਆਦਿ ਕੌਮਾਂ ਦੇ ਜਰਵਾਣੇ ਇਸ ਧਰਤੀ ਤੇ ਸਮੇਂ ਸਮੇਂ ਉਪਰ ਥੱਲੀ ਹੱਲੇ ਕਰਦੇ ਰਹੇ, ਜਿਸ ਕਰਕੇ ਇਸ ਧਰਤੀ ਤੇ ਕੋਈ ਸਿਆਣੇ ਵਾਰਤਕ ਲਿਖਾਰੀ ਪੈਦਾ ਨਾ ਹੋਏ।

ਅੰਗ੍ਰੇਜ਼ਾਂ ਦੇ ਰਾਜ ਵਿਚ ਕੁਝ ਅਮਨ ਹੋਇਆ, ਜਿਸ ਕਰਕੇ ਦੇਸ ਦੇ ਦੂਸਰੇ ਸੂਬਿਆਂ ਦੇ ਸਾਹਿਤ ਦੇ ਨਾਲ ਨਾਲ ਇਸ ਧਰਤੀ ਦੇ



Digitized by Panjab Digital Library | www.panjabdigilib.org

ਵਿਦਵਾਨ ਸਾਹਿਤਕਾਰਾਂ ਦਾ ਵੀ ਇਸ ਪਾਸੇ ਧਿਆਨ ਹੋਇਆ। ਪਹਿਲੇ ਪਹਿਲ ਕਈ ਤਰ੍ਹਾਂ ਦੀਆਂ ਕਹਾਣੀਆਂ ਸੀਨੇ ਬਸੀਨੇ ਚਲੀਆਂ ਆਉਂਦੀਆਂ ਸਨ ਜੋ ਘਰਾਂ ਵਿਚ ਮਾਵਾਂ, ਮਾਸੀਆਂ, ਚਾਚੀਆਂ ਆਦਿ ਬਚਿਆਂ ਨੂੰ ਦਿਲ ਪਰਚਾਵੇ ਲਈ ਸੁਣਾਉਂਦੀਆਂ ਰਹਿੰਦੀਆਂ ਸਨ। ਉਨ੍ਹੀਵੀਂ ਸਦੀ ਦੇ ਅੰਤ ਵਿਚ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਲਿਖਾਰੀਆਂ ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਐਸ ਐਸ. ਚਰਨ ਸਿੰਘ ਜੀ ਸ਼ਹੀਦ ਤੇ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲਿਆਂ ਨੇ ਕੁਝ ਕੁ ਕਹਾਣੀਆਂ ਦੂਸਰੀਆਂ ਬੋਲੀਆਂ ਵਿਚੋਂ ਤਰਜਮਾ ਕੀਤੀਆਂ ਤੇ ਕੁਝ ਮੌਲਕ ਕਹਾਣੀਆਂ ਲਿਖੀਆਂ। ਭਾ: ਸਾ: ਡਾ: ਵੀਰ ਸਿੰਘ ਜੀ ਨੇ ਧਾਰਮਕ ਰੰਗ ਦੀਆਂ ਸਾਖੀਆਂ ਤੇ ਕਹਾਣੀਆਂ ਲਿਖੀਆਂ। ਇਨ੍ਹਾਂ ਤੋਂ ਮਗਰੋਂ ਨਾਨਕ ਸਿੰਘ ਨਾਵਲਿਸਟ ਨੇ ਕੁਝ ਕੁ ਮੌਲਿਕ ਕਹਾਣੀਆਂ ਲਿਖੀਆਂ। ਇਸ ਸਮੇਂ ਪ੍ਰੀਤਮ ਤੇ ਫੁਲਵਾੜੀ ਰਸਾਲੇ ਪ੍ਰਕਾਸ਼ਤ ਹੋਏ ਇਨ੍ਹਾਂ ਵਿਚ ਕਮਲਾ ਅਕਾਲੀ, ਸ੍ਰ: ਬਲਵੰਤ ਸਿੰਘ ਜੀ ਚਤਰਥ, ਗਿਆਨੀ ਹੀਰਾ ਸਿੰਘ ਜੀ ਦਰਦ, ਸ੍ਰ: ਗੁਰਬਖਸ਼ ਸਿੰਘ ਜੀ ਨਾਰੰਗ, ਸ੍ਰ: ਨਿਹਾਲ ਸਿੰਘ ਜੀ ਰਸ, ਸ੍ਰ: ਅਵਤਾਰ ਸਿੰਘ ਜੀ ਆਜ਼ਾਦ ਤੇ ਡਾ: ਮੋਹਨ ਸਿੰਘ ਜੀ ਉਬੇਰਾਇ, ਪ੍ਰੋ: ਲਾਲ ਸਿੰਘ 'ਨਿਰਮਲ', ਅਮਰਜੀਤ ਕੌਰ, ਅੰਮ੍ਰਿਤਾ ਪ੍ਰੀਤਮ ਆਦਿ ਅਨੇਕਾਂ ਵਿਦਵਾਨਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਹੁੰਦੀਆਂ ਰਹੀਆਂ। ਅਜੇ ਤਕ ਜਿਨ੍ਹਾਂ ਵਿਦਵਾਨਾਂ ਦੇ ਕੁਝ ਕੁ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁਕੇ ਹਨ, ਉਨ੍ਹਾਂ ਵਿਚੋਂ ਕੁਝ ਕੁ ਵਿਦਵਾਨਾਂ ਦਾ ਵੇਰਵਾ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ।

੧. ਸ੍ਰ: ਨਾਨਕ ਜੀ 'ਨਾਵਲਿਸਟ'-ਜਿਥੇ ਆਪ ਇਕ ਚੋਟੀ ਦੇ ਨਾਵਲਕਾਰ ਹਨ, ਓਥੇ ਆਪ ਇਕ ਉੱਚ ਦਰਜੇ ਦੇ ਕਹਾਣੀ ਲੇਖਕ ਵੀ ਹਨ। ਆਪ ਦੀਆਂ ਕਹਾਣੀਆਂ ਆਮ ਕਰ ਕੇ ਸਮਾਜ ਸੁਧਾਰ ਦੀਆਂ ਆਦਰਸ਼ਕ ਤੇ ਸਿਖਿਆਦਾਇਕ ਹੁੰਦੀਆਂ ਹਨ। ਫਿਰਕੂਪੁਣੇ ਤੋਂ



Digitized by Panjab Digital Library | www.panjabdigilib.org

ਬਿਲਕੁਲ ਦੂਰ ਰਹਿ ਕੇ ਆਪ ਲਿਖਦੇ ਹਨ । ਵਿਚ ਵਿਚ ਕਈ ਕਹਾਣੀਆਂ ਹਾਸ ਰਸ ਨਾਲ ਭਰਪੂਰ ਹਨ। ਆਪ ਦੇ ਮਸ਼ਹੂਰ ਕਹਾਣੀ ਸੰਗ੍ਰਹਿਹਾਂ ਵਿਚੋਂ ੧. ਤਸਵੀਰ ਦੇ ਦੋਵੇਂ ਪਾਸੇ, ੨. ਹੰਝੂਆਂ ਦੇ ਹਾਰ, ੩. ਠੰਡੀਆਂ ਛਾਵਾਂ, ੪ ਸੱਧਰਾਂ ਦੇ ਹਾਰ, ੫ ਮਿਧੇ ਹੋਏ ਫੁਲ, ਆਦਿ ਬਹੁਤ ਪ੍ਰਸਿੱਧ ਹਨ । ਇਨ੍ਹਾਂ ਦੇ ਸਾਹਿਬਜ਼ਾਦੇ ਸ੍ਰ: ਕਰਤਾਰ ਸਿੰਘ ਜੀ ਸੂਰੀ ਨੇ ਆਪਣੀਆਂ ਮੌਲਿਕ ਕਹਾਣੀਆਂ ਦੇ ਸੰਗ੍ਰਹਿ 'ਪ੍ਰਭਾਤ ਕਿਰਨਾਂ' ਅਰਸ਼ ਤੇ ਫਰਸ਼, ਦੇ ਨਾਂ ਨਾਲ ਪੇਸ਼ ਕੀਤੇ ਹਨ।

੨. ਡਾ: ਮੋਹਨ ਸਿੰਘ ਜੀ 'ਦੀਵਾਨਾ' ਐਮ. ਏ. ਪੀ. ਐਚ:ਡੀ, ਡੀ: ਲਿਟ:—ਜਿਥੇ ਆਪ ਇਕ ਮਹਾਨ ਖੋਜੀ, ਚੋਟੀ ਦੇ ਕਵੀ ਤੇ ਵਿਦਵਾਨ ਹਨ, ਓਥੇ ਆਪ ਇਕ ਤਜਰਬਾ ਕਾਰ ਕਹਾਣੀ ਲੇਖਕ ਵੀ ਹਨ। ਆਪ ਦੀਆਂ ਆਮ ਕਹਾਣੀਆਂ ਸਮੇਂ ਸਮੇਂ ਵਖ ਵਖ ਰਸਾਲਿਆਂ ਦੀਆਂ ਸ਼ੋਭਾ ਦਾ ਕਾਰਨ ਬਣਦੀਆਂ ਰਹਿੰਦੀਆਂ ਹਨ। 'ਦੇਵਿੰਦਰ ਬਤੀਸੀ' ਆਪ ਦੀਆਂ ਮਨੋਹਰ ਤੇ ਮਨੋਰੰਜਕ ਕਹਾਣੀਆਂ ਦਾ ਇਕ ਨਵੀਨ ਸੰਗ੍ਰਹਿ ਹੈ, ਜੋ ਪੰਜਾਬ ਯੂਨੀਵਰਸਿਟੀ ਵਲੋਂ ਕੋਰਸ ਮੁਕਰਰ ਹੋਇਆ ਹੋਇਆ ਹੈ। ਇਹ ਕਹਾਣੀਆਂ ਕੀ ਹਨ, ਮਨੁਖੀ ਜ਼ਿੰਦਗੀ ਦੀ ਮੂੰਹੋਂ ਬੋਲਦੀ ਤਸਵੀਰ ਹਨ । ਜਿਨ੍ਹਾਂ ਵਿੱਚ ਜੀਵਨ ਦੇ ਵੱਖ ਵੱਖ ਪਹਿਲੂਆਂ ਦੇ ਉਤਰਾਵਾਂ ਚੜ੍ਹਾਵਾਂ ਨੂੰ ਬੜੀ ਸਫਲਤਾ ਨਾਲ ਦਰਸਾਇਆ ਗਿਆ ਹੈ ।

੩. ਸ੍ਰ: ਗੁਰਬਖਸ਼ ਸਿੰਘ ਜੀ ਐਡੀਟਰ ਪਰੀਤ ਲੜੀ--ਆਪ ਵਰਤਮਾਨ ਕਾਲ ਦੇ ਇਕ ਮਹਾਨ ਵਾਰਤਕ ਲਿਖਾਰੀ ਹਨ, ਜਿਨ੍ਹਾਂ ਨੇ ਆਪਣੀ ਕਲਮ ਦੇ ਜ਼ੋਰ ਨਾਲ ਪੰਜਾਬੀ ਵਾਰਤਕ ਵਿਚ ਇਕ ਨਵਾਂ ਰੰਗ ਪੈਦਾ ਕਰ ਦਿੱਤਾ ਹੈ। ਆਪ ਦੀਆਂ ਲਿਖਤਾਂ ਨੇ ਪਿਛਲੇ ਸਤਾਰਾਂ ਅਠਾਰਾਂ ਸਾਲਾਂ ਵਿਚ ਪੰਜਾਬੀ ਸਾਹਿਤ ਅੰਦਰ ਜੋ ਨਾਮਨਾ ਪ੍ਰਾਪਤ ਕੀਤੀ ਹੈ ਉਹ ਕਿਸੇ ਵਡਿਆਈ ਦੀ ਮੁਹਤਾਜ ਨਹੀਂ । ਜਿਥੇ ਆਪ ਇਕ ਸਿਆਣੇ ਨਾਵਲਕਾਰ ਤੇ ਨਾਟਕਾਰ ਕਹੇ ਜਾ ਸਕਦੇ ਹਨ, ਓਥੇ ਆਪ



Digitized by Panjab Digital Library | www.panjabdigilib.org

ਇੱਕ ਮੰਨੇ ਪਰਮੰਨੇ ਤੇ ਹਰਮਨ ਪਿਆਰੇ ਕਹਾਣੀ ਲੇਖਕ ਵੀ ਹਨ। ਆਪ ਦੀਆਂ ਕਹਾਣੀਆ ਦਾ ਖਾਸ ਵਿਸ਼ਾ ਸਾਂਝੀ ਵਾਲਤਾ ਤੇ ਪਰੇਮ ਹੈ। ਸਮਾਜ ਦੀਆਂ ਤੰਗ ਦਿਲੀਆਂ ਨੂੰ ਦੂਰ ਕਰਕੇ ਇਕ ਉਚੇਰੀ ਪੱਧਰ ਤੇ ਲਿਆਉਣ ਦਾ ਆਪ ਹਰ ਸਮੇਂ ਯਤਨ ਕਰਦੇ ਰਹਿੰਦੇ ਹਨ। ਆਪ ਦੀਆਂ ਮਸ਼ਹੂਰ ਪੁਸਤਕਾਂ ਵਿਚੋਂ ੧. ਪਰੀਤ ਕਹਾਣੀਆਂ, ੨. ਅਨੋਖੇ ਤੇ ਇਕੱਲੇ, ੩. ਵੀਣਾ ਵਿਨੋਦ ੪. ਨਾਗ ਪ੍ਰੀਤ ਦਾ ਜਾਦੂ ੫. ਅਸਮਾਨੀ ਮਹਾਂ ਨਦੀ ੬. ਮੇਰੀਆਂ ਅਭੁੱਲ ਯਾਦਾਂ ਆਦਿ ਅਮੋਲਕ ਕਹਾਣੀ ਸੰਗ੍ਰਹਿ ਕਹੇ ਜਾ ਸਕਦੇ ਹਨ।

੪. ਪਰੋਫੈਸਰ ਸੰਤ ਸਿੰਘ ਜੀ ਸੇਖੋ:—ਆਪ ਪੰਜਾਬੀ ਲਿਖਾਰੀਆਂ ਵਿਚੋਂ ਇਕ ਪ੍ਰਸਿਧ ਅਗੇ ਵਧੂ ਲਿਖਾਰੀ ਹਨ। ਆਪ ਕਵਿਤਾ ਨਾਟਕ ਤੇ ਨਾਵਲ ਦੀ ਲਿਖਦੇ ਹਨ। ਆਪ ਦਾ ਕਹਾਣੀ ਸੰਗ੍ਰਹਿ 'ਸਮਾਚਾਰ' ਗਿਆਨੀ ਦਾ ਕੋਰਸ ਨੀਯਤ ਹੋਇਆ ਹੋਇਆ ਹੈ। ਇਸ ਤੋਂ ਬਿਨਾਂ 'ਨੌ ਨਿਧਾਂ' ਆਪ ਦੀਆਂ ਮਸ਼ਹੂਰ ਕਹਾਣੀਆਂ ਦਾ ਸੰਗ੍ਰਹਿ ਹੈ। ਆਪ ਨੇ ਆਪਣੀਆਂ ਕਹਾਣੀਆਂ ਵਿਚ ਘਰੋਗੀ ਜੀਵਨ, ਸਮਾਜਕ ਹਾਲਤ, ਪੇਂਡੂ ਜੀਵਨ ਤੇ ਅਗੇ ਵਧੂ ਖਿਆਲ ਪੇਸ਼ ਕੀਤੇ ਹਨ।

ਸੰਤ ਸਿੰਘ ਸੇਖੋਂ ਨੇ ਸਮਾਚਾਰ ਵਿਚ ਪੇਂਡੂ ਜੀਵਨ ਦੇ ਦ੍ਰਿਸ਼ ਪੇਸ਼ ਕਰਦਿਆਂ ਹੋਇਆਂ ਸ੍ਰੇਣੀ-ਸਮਾਜ ਵੱਲੋਂ ਆਪਣੀ ਅਸੰਤੁਸ਼ਟਾ ਪਰਗਟ ਕਰਨ ਦਾ ਯਤਨ ਕੀਤਾ ਹੈ। ਇਹ ਸਮਾਜ ਵਿਚ ਬਹੁਤ ਸਾਰੀਆਂ ਤਬਦੀਲੀਆਂ ਚਾਹੁੰਦਾ ਹੈ। ਆਮ ਲੋਕਾਂ ਦੇ ਧਾਰਮਕ ਵਿਸ਼ਵਾਸ਼ ਕੇਵਲ ਦਿਖਾਵੇ ਦੇ ਪਰਤੀਤ ਕਰਦਾ ਹੋਇਆ ਉਨ੍ਹਾਂ ਦੀ ਕਲੀ-ਖੋਲ੍ਹਦਾ ਹੈ। ਕਿਤੇ ਕਿਤੇ ਮਿੱਠੀ ਚੂੰਢੀ ਵੱਢ ਕੇ ਸਮਾਜ ਨੂੰ ਧਾਰਮਕ ਦ੍ਰਿਸ਼ ਬੜੇ ਅਨੋਖੇ ਢੰਗ ਨਾਲ ਦਿਖਾਉਂਦਾ ਹੈ। 'ਦੀਨਾ' ਵਾਲੀ ਕਹਾਣੀ ਵਿਚ ਦੀਨੇ ਦੀ ਮੌਤ ਵੇਲੇ ਜਦੋਂ ਪਿੰਡ ਦੇ ਮੁੰਡੇ, ਕੁੜੀਆਂ, ਵਹੁਟੀਆਂ ਜਾਂ ਹੋਰ ਲੋਕ ਇਕੱਠੇ ਹੋਏ ਹੋਏ ਉਸ ਦੀ ਲਾਸ਼ ਵਲ ਦੇਖ ਰਹੇ ਸਨ ਤਾਂ ਅਤਿ ਦਰਜੇ ਦੀ ਚੁਪ ਦੇਖ ਕੇ ਲਿਖਾਰੀ ਕਹਿੰਦਾ ਹੈ, "ਮੁੰਡੇ ਕੁੜੀਆਂ, ਵਹੁਟੀਆਂ



Digitized by Panjab Digital Library | www.panjabdigilib.org

ਜਾਂ ਹੋਰ ਲੋਕ ਇਕਠੇ ਹੋਏ ਹੋਏ ਉਸ ਲਾਸ਼ ਵੱਲ ਦੇਖ ਰਹੇ ਸਨ ਤਾਂ ਅਤਿ ਦਰਜੇ ਦੀ ਚੁਪ ਦੇਖ ਕੇ ਲਿਖਾਰੀ ਕਹਿੰਦਾ ਹੈ, "ਮੁੰਡੇ, ਕੁੜੀਆਂ, ਤੇ ਵਹੁਟੀਆਂ ਕੋਈ ਗੁਰਦਵਾਰੇ ਥੋੜਾ ਆਈਆਂ ਹੋਈਆਂ ਸਨ ਕਿ ਕਾਵਾਂ-ਰੌਲੀ ਪਈ ਹੁੰਦੀ।"

ਇਹ ਲਿਖਾਰੀ ਆਪਣੀਆਂ ਆਮ ਕਹਾਣੀਆਂ ਵਿਚ ਸੋਸ਼ਲਿਜ਼ਮ ਦਾ ਪਰਚਾਰ ਕਰਦਾ ਹੈ। ਕਿਤੇ ਕਿਤੇ ਕਮਿਊਨਿਸਟ-ਖਿਆਲਾਂ ਵੱਲ ਵੀ ਲੈ ਜਾਂਦਾ ਹੈ, ਪਰ ਇਸ ਦੀ ਖਾਸ ਰੁਚੀ ਘਰੋਗੀ ਜੀਵਨ ਤੇ ਸਮਾਜ ਅੰਦਰ ਹੋ ਰਹੀਆਂ ਬੇਇਨਸਾਫੀਆਂ, ਧਾਰਮਕ ਕੰਮਾਂ ਤੇ ਰਸਮਾਂ ਵਿਚ ਕੁਰੀਤੀਆਂ ਤੇ ਦੇਸ ਅੰਦਰ ਗੁਲਾਮੀ ਦੀ ਵਜਾਹ ਕਰ ਕੇ ਵਰਤ ਰਹੀ ਤੰਗੀ ਦਾ ਪਰਚਾਰ ਕਰ ਕੇ ਆਮ ਜਨਤਾ ਨੂੰ ਵੋਟਾਂ ਦੀ ਜਾਇਜ਼ ਵਰਤੋਂ ਕਰਨ ਅਤੇ ਸੋਸ਼ਲ-ਇਜ਼ਮ ਲਿਆਉਣ ਲਈ ਪ੍ਰੇਰਨਾ ਕਰਨਾ ਹੈ। ਲਿਖਾਰੀ ਕਮਿਯੂਨਿਸਟ ਖਿਆਲਾਂ ਦਾ ਪਰਤੀਤ ਹੁੰਦਾ ਹੈ।

੫. ਸਰਦਾਰ ਸੁਜਾਨ ਸਿੰਘ ਜੀ ਬੀ. ਏ.–ਜਿਸ ਤਰ੍ਹਾਂ ਉਰਦੂ ਤੇ ਹਿੰਦੀ ਸਾਹਿਤ ਵਿਚ ਮੁਨਸ਼ੀ ਪਰੇਮ ਚੰਦਰ ਜੀ ਦਾ ਨਾਂ ਪ੍ਰਸਿੱਧ ਹੈ ਇਸੇ ਤਰ੍ਹਾਂ ਪੰਜਾਬੀ ਦੇ ਮਹਾਨ ਕਹਾਣੀ ਲੇਖਕਾਂ ਵਿਚ ਆਪ ਦਾ ਨਾਂ ਖਾਸ ਮਹਾਨਤਾ ਰਖਦਾ ਹੈ। ਆਪ ਦਾ ਜਨਮ ਸੰਨ ੧੯੦੯ ਵਿਚ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਇਆ। ੧੯੩੧ ਵਿਚ ਬੀ. ਏ. ਤੇ ੧੯੩੫ ਵਿਚ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਆਪ ਨੂੰ ਮੁਢ ਤੋਂ ਹੀ ਸਾਹਿਤਕ ਲੇਖ ਤੇ ਕਹਾਣੀਆਂ ਆਦਿ ਲਿਖਣ ਦਾ ਸ਼ੌਕ ਹੈ। ਆਪ ਦੇ ਮਸ਼ਹੂਰ ਕਹਾਣੀ ਸੰਗ੍ਰਹਿਆਂ ਵਿਚੋਂ ਸਭ ਤੋਂ ਪਹਿਲਾਂ 'ਦੁਖ ਸੁਖ' ਸੰਨ ੧੯੪੧ ਵਿਚ ਪ੍ਰਕਾਸ਼ਤ ਹੋਇਆ। ਇਸ ਤੋਂ ਮਗਰੋਂ ਦੂਸਰਾ ਸੰਗ੍ਰਹਿ 'ਦੁਖ ਸੁਖ ਤੋਂ ਪਿਛੋਂ' ਤੀਸਰਾ ਸੰਗ੍ਰਹਿ 'ਸਭ ਰੰਗ' ਚੌਥਾ ਨਰਕਾਂ ਦੇ ਦੇਵਤੇ ਤੇ ਪੰਜਵਾਂ ਮਨੁੱਖ ਤੇ ਪਸ਼ੂ ਹੁਣੇ ਜਹੇ ਪ੍ਰਕਾਸ਼ਤ ਹੋਇਆ ਹੈ। ਇਨ੍ਹਾਂ ਪੁਸਤਕਾਂ ਵਿਚ ਹਰ ਰੰਗ ਦੀਆਂ ਮੌਲਕ ਕਹਾਣੀਆਂ ਹਨ। ਬੋਲੀ ਆਮ ਬੋਲ ਚਾਲ ਵਾਲੀ ਤੇ ਠੇਠ ਹੈ। ਛੋਟੀ ਉਨਰੀ ਕਹਾਣੀ ਦੇ



Digitized by Panjab Digital Library | www.panjabdigilib.org

ਨਮੂਨੇ ਜੇ ਅਸਲ ਅਰਥਾਂ ਵਿਚ ਦੇਖਣੇ ਹੋਣ ਤਾਂ ਇਨ੍ਹਾਂ ਸੰਗ੍ਰਹਿਆਂ ਵਿਚੋਂ ਦੇਖੇ ਜਾ ਸਕਦੇ ਹਨ। ਆਪ ਦੀ ਸ਼ੈਲੀ ਸਭ ਤੋਂ ਨਿਰਾਲੀ ਹੈ। ਕਹਾਣੀ ਵਿਚ ਰੌਚਕਤਾ ਬਹੁਤ ਜ਼ਿਆਦਾ ਹੈ, ਬਦੋ ਬਦੀ ਪਾਠਕਾਂ ਦੇ ਦਿਲਾਂ ਵਿਚ ਖੁਭਦੀ ਜਾਂਦੀ ਹੈ।

ਪਹਿਲੇ ਆਪ ਦਾ ਖਿਆਲ ਸੀ ਕਿ 'ਹੁਨਰ ਕੇਵਲ ਹੁਨਰ ਲਈ ਦੇ ਸਿਧਾਂਤ ਨੂੰ ਪ੍ਰਧਾਨਤਾ ਦਿਤੀ ਜਾਵੇ, ਪਰ ਜ਼ਿੰਦਗੀ ਦੇ ਤਜਰਬਿਆਂ ਤੇ ਸਮੇਂ ਨੇ ਆਪ ਨੂੰ ਮਜਬੂਰ ਕੀਤਾ ਹੈ ਕਿ ਆਪ ਅਗੇ ਵਧੂ ਖਿਆਲਾਂ ਦੀਆਂ ਆਦਰਸ਼ਕ ਕਹਾਣੀਆਂ ਲਿਖਣ।

'ਸਭ-ਰੰਗ' ਨਾਮੀ ਸੰਗ੍ਰਹਿ ਇਨ੍ਹਾਂ ਦੀਆਂ ਪਹਿਲੀਆਂ ਤੇ ਨਵੀਆਂ ਕਹਾਣੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹ ਕੇ ਇਸ ਕਲਾਕਾਰ ਦੀ ਕਹਾਣੀ ਕਲਾ ਬਾਰੇ ਇਸ ਤਰ੍ਹਾਂ ਪਤਾ ਲਗਦਾ ਹੈ:—

੧. ਇਸ ਦੀਆਂ ਪਹਿਲੀਆਂ ਕਹਾਣੀਆਂ ਦੀਆਂ ਘਟਨਾਵਾਂ ਵਿਚੋਂ ਕੁਝ ਇਸਦੀਆਂ ਆਪਣੀਆਂ ਹੱਡ ਬੀਤੀਆਂ ਹਨ, ਕੁਝ ਇਸ ਨੇ ਵੇਖੀਆਂ ਤੇ ਮਹਿਸੂਸ ਕੀਤੀਆਂ ਅਤੇ ਕੁਝ ਆਪਣੀ ਕਲਪਨਾ ਨਾਲ ਵਿੰਉਤੀਆਂ। 'ਦੁਖ ਸੁਖ' ਦੀਆਂ ਕਹਾਣੀਆਂ ਅਤੇ ਸਭ-ਰੰਗ ਵਿਚ ਛਪੀਆਂ ਨਵੀਆਂ ਕਹਾਣੀਆਂ ਸਬੰਧੀ ਇਹੋ ਕੁਝ ਕਿਹਾ ਜਾ ਸਕਦਾ ਹੈ।

੨. ਇਸ ਦੀਆਂ ਪਹਿਲੀਆਂ ਕਹਾਣੀਆਂ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਆਰੰਭ ਇਸ ਨੇ ਇਕ ਸੁਚੱਜੇ ਨਾਵਲ ਵਾਂਗ ਕੀਤਾ ਹੈ। ਹਰ ਇਕ ਕਹਾਣੀ ਦੇ ਵਿਚਕਾਰ ਸੁਹਣੀ ਕਸ਼ਮਕਸ਼ ਦੱਸੀ, ਕਿਤੇ ਕਿਤੇ ਇਸ ਖਿੱਚੋਤਾਨ ਵਿਚ ਇਕ ਨਵਾਂ ਰੰਗ ਪਰਗਟ ਕਰਦਾ ਹੈ ਅਤੇ ਕਹਾਣੀ ਬੜੇ ਕਲਾਪੂਰਤ ਢੰਗ ਨਾਲ ਖਤਮ ਕਰਦਾ ਹੈ। ਇਸ ਦਾ ਲਿਖਣ ਢੰਗ ਅਜਿਹਾ ਹੈ ਕਿ ਬਦੋ ਬਦੀ ਪਾਠਕਾਂ ਦੀ ਰੁਚੀ ਕਹਾਣੀ ਦੀ ਘਟਨਾ ਤੇ ਇਸ ਦੇ ਬਿਆਨ ਵੱਲ ਖਿੱਚੀ ਚਲੀ ਜਾਂਦੀ ਹੈ।

੩. ਇਸ ਦੀਆਂ ਕਹਾਣੀਆਂ ਦੇ ਪਾਤਰ ਸਾਡੇ ਸਮਾਜ ਦੇ ਜੀਉਂਦੇ



Digitized by Panjab Digital Library | www.panjabdigilib.org

ਜਾਗਦੇ ਬੰਦੇ ਨਜ਼ਰ ਆਉਂਦੇ ਹਨ, ਇਹੋ ਕਾਰਣ ਹੈ ਕਿ ਇਸ ਦੀਆਂ ਕਹਾਣੀਆਂ ਮਨੋਕਲਪਿਤ ਨਹੀਂ ਭਾਸਦੀਆਂ।

੪. ਇਸ ਦਾ ਬਿਆਨ ਕਰਨ ਦਾ ਢੰਗ ਕੁਦਰਤੀ ਪਰਤੀਤ ਹੁੰਦਾ ਹੈ, ਜਿਸ ਵਿਚ ਕਿਸੇ ਤਰ੍ਹਾਂ ਦੀ ਕੋਈ ਬਨਾਵਟ ਨਜ਼ਰ ਨਹੀਂ ਆਉਂਦੀ।

੫. ਅੰਤ ਵਿਚ ਕਹਾਣੀ ਦਾ ਵਿਕਾਸ ਇਸ ਤਰ੍ਹਾਂ ਕਰਦਾ ਹੈ ਕਿ ਕਹਾਣੀ ਦਾ ਅਸਲੀ ਮੰਤਵ ਆਪਣੇ ਆਪ ਹੀ ਪਰਗਟ ਹੋਣ ਲਗਦਾ ਹੈ ਤੇ ਕਹਾਣੀ ਦਿਲ ਉਤੇ ਡੂੰਘਾ ਅਸਰ ਕਰਦੀ ਹੈ।

੬. ਇਸਦੀ ਬੋਲੀ ਕੇਂਦਰੀ ਠੇਠ ਤੇ ਮੁਹਾਵਰੇ ਅਨੁਸਾਰ ਹੁੰਦੀ ਹੈ।

੭. ਇਸ ਦੀਆਂ ਪਹਿਲੀਆਂ ਰੁਚੀਆਂ ਸਮਾਜਕ ਪਰਤੀਤ ਹੁੰਦੀਆਂ ਹਨ ਅਤੇ ਇਸ ਦਾ ਨਵਾਂ ਝੁਕਾ ਸੋਸ਼ਲਿਜ਼ਮ ਜਾਂ ਕਮਿਊਨਿਜ਼ਮ ਵੱਲ ਨਜ਼ਰ ਆਉਂਦਾ ਹੈ।

੮. ਭਾਵੇਂ ਇਸ ਦੀਆਂ ਸਾਰੀਆਂ ਕਹਾਣੀਆਂ 'ਛੋਟੀ-ਕਹਾਣੀ' ਦੀ ਸ਼੍ਰੇਣੀ ਵਿਚ ਲਈਆਂ ਜਾ ਸਕਦੀਆਂ ਹਨ, ਪਰ 'ਨਵੀਂ ਹੁਨਰੀ ਕਹਾਣੀ' ਦੇ ਲੱਛਣਾਂ ਨੂੰ ਮੁਖ ਰਖ ਕੇ 'ਲੁਕਣ-ਮੀਚੀ' ਨਾਂ ਦੀ ਕਹਾਣੀ ਲਿਖੀ ਗਈ। ਇਨ੍ਹਾਂ ਨੇ ਇਸ ਕਹਾਣੀ ਦੇ ਅਧਾਰ ਉਤੇ ਛੋਟੀ ਕਹਾਣੀ ਦਾ ਲੱਛਣ ਦਸਦਿਆਂ ਹੋਇਆਂ ਲਿਖਿਆ ਹੈ ਕਿ 'ਛੋਟੀ ਕਹਾਣੀ ਇਕ ਸਟੇਸ਼ਨ ਤੋਂ ਦੂਸਰੇ ਸਟੇਸ਼ਨ ਤਕ ਦਾ ਸਫ਼ਰ ਹੈ।

੯. ਇਹ ਕਲਾਕਾਰ ਕੇਵਲ 'ਹੁਨਰ ਨੂੰ ਹੁਨਰ ਲਈ' ਦੇ ਅਸੂਲ ਨੂੰ ਨਹੀਂ ਅਪਨਾਉਂਦਾ ਸਗੋਂ ਹੁਨਰ ਦੇ ਨਾਲ ਆਦਰਸ਼ ਵੀ ਪੇਸ਼ ਕਰਦਾ ਹੈ, ਅਤੇ ਸਾਹਿਤਕਾਰ ਦਾ ਕੰਮ ਆਦਰਸ਼ਕ ਜੀਵਨ ਲਈ ਆਦਰਸ਼ਕ ਘਟਨਾਵਾਂ ਤੇ ਰੁਚੀਆਂ ਪ੍ਰਗਟਾਉਣ ਦੇ ਅਸੂਲ ਨੂੰ ਮੁਖ ਰਖਦਾ ਪਰਤੀਤ ਹੁੰਦਾ ਹੈ।

੧੦. ਆਪਣੀਆਂ ਨਵੀਆਂ ਕਹਾਣੀਆਂ ਵਿਚ ਇਹ ਕਲਾਕਾਰ 'ਅਗਾਂਹ ਵਧੂ ਜਜ਼ਬੇ' ਪੇਸ਼ ਕਰਦਾ ਹੈ ਅਤੇ ਕਿਤੇ ਕਿਤੇ ਹੁਨਰ ਵੱਲੋਂ ਵੀ ਬੇ-ਪ੍ਰਵਾਹੀ ਕਰੀ ਜਾਂਦਾ ਹੈ ਤੇ ਕੇਵਲ ਆਦਰਸ਼ ਦੇ ਪਰਚਾਰ ਨੂੰ ਹੀ



Digitized by Panjab Digital Library / www.panjabdigilib.org

ਮੁਖ ਮੰਤਵ ਸਮਝਦਾ ਹੈ।

ਇਨ੍ਹਾਂ ਕਾਰਣਾ ਕਰ ਕੇ ਹੀ ਇਸ ਲੇਖਕ ਨੂੰ ਇਕ ਮਹਾਨ ਕਹਾਣੀ-ਲੇਖਕ ਮੰਨਿਆਂ ਜਾਂਦਾ ਹੈ।

ਇਨ੍ਹਾਂ ਤੋਂ ਬਿਨਾਂ ਕੁਝ ਕੁ ਹੇਠ ਲਿਖੇ ਵਿਦਵਾਨਾਂ ਦੇ ਕਹਾਣੀ ਸੰਗ੍ਰਹਿ ਪਰਕਾਸ਼ਤ ਹੋ ਚੁਕੇ ਹਨ ਜੋ ਇਸ ਪ੍ਰਕਾਰ ਹਨ:-

ਸ੍ਰ: ਐਸ. ਐਸ. ਚਰਨ ਸਿੰਘ ਜੀ ਸ਼ਹੀਦ ਦੀਆਂ ਪੁਸਤਕਾਂ ਦਲੇਰ ਕੌਰ ਤੇ ਰਣਜੀਤ ਕੌਰ ਇਤਿਹਾਸਕ ਕਹਾਣੀਆਂ ਹਨ ਤੇ 'ਹਸਦੇ ਹੰਝੂ' ਹਾਸ ਰਸ ਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਭਾਈ ਸੇਵਾ ਸਿੰਘ ਜੀ ਨੇ ਬਹਾਦਰ ਸਿੰਘਣੀਆਂ, ਭਾ: ਕਰਮ ਸਿੰਘ ਜੀ ਨੇ ਆਦ-ਰਸ਼ਕ ਸਿੰਘਣੀਆਂ, ਭਾ: ਸਰਦੂਲ ਸਿੰਘ ਜੀ ਨੇ 'ਦਲਜੀਤ ਕੌਰ' ਆਦਿ ਇਤਿਹਾਸਕ ਕਹਾਣੀਆਂ ਲਿਖੀਆਂ।

੧. ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ ਨੇ 'ਵਖਰੀ ਦੁਨੀਆਂ, ਸਸਤਾ ਤਮਾਸ਼ਾ' ਆਦਿ ਕਹਾਣੀ ਸੰਗ੍ਰਹਿ ਪਰਕਾਸ਼ਤ ਕੀਤੇ ਹਨ। ਪ੍ਰੋ: ਬੀਰ ਸਿੰਘ ਜੀ ਦਾ 'ਮੁਲਕ ਮਾਹੀ ਦਾ ਵੱਸੇ,' ੩. ਕਰਤਾਰ ਸਿੰਘ ਜੀ ਦੁੱਗਲ ਦਾ ਸਿਲ ਵੱਟੇ ਤੇ ਅੱਗ ਖਾਣ ਵਾਲੇ, ੪. ਦੇਵਿੰਦਰ ਜੀ ਦੇ 'ਦੋ ਕਿਨਾਰੇ', ੫. ਸਤਿਆਰਥੀ ਜੀ ਦੇ 'ਕੁੰਗ ਪੋਸ਼' ੬. ਅੰਮ੍ਰਿਤਾ ਪ੍ਰੀਤਮ ਜੀ ਦੇ 'ਕੁੰਜੀਆਂ ਤੇ ਛੱਬੀ ਵਰ੍ਹੇ ਬਾਦ ੭. ਅਮਰਜੀਤ ਕੌਰ ਜੀ ਦੇ ਜੀਜਾ ਤੇ ਦਿਲਾਂ ਦੇ ਨੇੜੇ ਨੇੜੇ, ੮. ਮਹਿੰਦਰ ਸਿੰਘ ਜੀ ਕੰਵਰ ਦੀਆਂ 'ਝਾਤੀਆਂ' ੯. ਪਿਆਰਾ ਸਿੰਘ ਜੀ 'ਪਦਮ' ਦੀ 'ਆਜ਼ਾਦੀ' ੧੦. ਸ: ਰਾਜਿੰਦਰ ਸਿੰਘ ਜੀ ਬੇਦੀ ਦੀਆਂ 'ਹੱਡੀਆਂ ਤੇ ਫੁਲ' ਅਤੇ 'ਘਰ ਵਿਚ ਬਾਜਾਰ ਵਿਚ' ਆਦਿ ਕਹਾਣੀਆਂ ਦੀਆਂ ਪੁਸਤਕਾਂ ਆਮ ਪ੍ਰਸਿੱਧ ਹਨ। ਰਾਜਿੰਦਰ ਸਿੰਘ ਜੀ ਬੇਦੀ ਇਕ ਮਹਾਨ ਲਿਖਾਰੀ ਹਨ ਜਿਨ੍ਹਾਂ ਨੇ ਉਰਦੂ ਵਿਚ ਬਹੁਤ ਕੁਝ ਲਿਖਿਆ ਹੈ। ਆਪ ਦੀਆਂ ਕਹਾਣੀਆਂ ਉਰਦੂ ਤੇ ਪੰਜਾਬੀ ਸਾਹਿਤ ਵਿਚ ਇਕ ਖਾਸ ਮਹਾਨਤਾ ਪ੍ਰਾਪਤ ਕਰ ਚੁੱਕੀਆਂ ਹਨ।



Digitized by Panjab Digital Library | www.panjabdigilib.org

ਸ: ਨੌਰੰਗ ਸਿਘ ਤੇ ਪਿਆਰਾ ਸਿੰਘ ਜੀ ਦਾਤਾ ਅਧੁਨਿਕ ਕਾਲ ਦੇ ਇਕ ਸਿਆਣੇ ਕਹਾਣੀ ਲੇਖਕ ਮੰਨੇ ਜਾ ਸਕਦੇ ਹਨ। ਇਨ੍ਹਾਂ ਦੀਆਂ ਕਹਾਣੀਆਂ ਅੱਜ ਕੱਲ ਦੇ ਆਮ ਪੰਜਾਬੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ। ਨੌਰੰਗ ਸਿੰਘ ਜੀ ਦੀਆਂ 'ਭੁਖੀਆਂ ਰੂਹਾਂ' ਤੇ ਬੋਝਲ ਪੰਛੀ ਅਤੇ 'ਦਾਤਾ' ਜੀ ਦੀਆਂ ਮਾਂਗਵੇਂ ਖੰਭ, ਫਰਾਂਸ ਦੀ ਕਹਾਣੀ, ਪਰੇਮ ਕਹਾਣੀਆਂ, ਦੁਖਾਂਤ ਚਿੱਤਰ ਆਦਿ ਪੁਸਤਕਾਂ ਬੜੀਆਂ ਪਰਸਿੱਧ ਹਨ।

ਗਿਆਨੀ ਤਾਰਾ ਸਿੰਘ ਜੀ ਦਾ 'ਬਰਫ ਦਾ ਤੂਫ਼ਾਨ'; ਪਰੀਤਮ ਸਿੰਘ ਦਾ 'ਜਨਤਾ ਅਮਰ ਰਹੇ', ਬਲਵੰਤ ਮਹਿਤਾ ਦਾ 'ਆਂਢੋਂ ਗਵਾਂਢੋਂ' ਗਿਆਨੀ ਬਲਵੰਤ ਸਿੰਘ ਜੀ ਦੀ 'ਮੰਗੇਤਰ' ਜਸਵੰਤ ਸਿੰਘ ਜੀ ਕੰਵਲ ਦੀਆਂ ਜੀਵਨ ਕਣੀਆਂ, ਵੈਲੀਜੱਟ ਦੀ ਹੱਸਦੀ ਦੁਨੀਆਂ, ਅਮੋਲ ਜੀ ਦੀ ਰੋਂਦੀ ਦੁਨੀਆਂ, ਪਰੋਫੈਸਰ ਗੰਗਾ ਸਿੰਘ ਜੀ ਦੀ ਪੁਸਤਕ 'ਬੀਤੀਆਂ' ਮਾਸਟਰ ਅਭੈ ਸਿੰਘ ਜੀ ਦੀਆਂ 'ਚੰਬੇ ਦੀਆਂ ਕਲੀਆਂ' ਹਰੀ ਸਿੰਘ ਜੀ ਜਾਚਕ ਦੀਆਂ 'ਪਵਿਤਰ ਸੱਧਰਾਂ' ਆਦਿ। ਕਹਾਣੀਆਂ ਦੀਆਂ ਪੁਸਤਕਾਂ ਬੜੀਆਂ ਪਰਸਿੱਧ ਹਨ। ਇਨ੍ਹਾਂ ਤੋਂ ਬਿਨਾਂ ਹੋਰ ਅਨੇਕਾਂ ਲਿਖਾਰੀਆਂ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ। ਆਸ ਹੈ ਕਿ ਥੋੜੇ ਸਮੇਂ ਵਿਚ ਇਹ ਗਿਣਤੀ ਸੈਂਕੜਿਆਂ ਤੋਂ ਟੱਪ ਜਾਵੇਗੀ।

—o—



Digitized by Panjab Digital Library | www.panjabdigilib.org

# ਨਾਟਕ

ਪੰਜਾਬੀ ਨਾਟਕ ਦਾ ਇਤਿਹਾਸ ਕੋਈ ਪੁਰਾਣਾ ਨਹੀਂ, ਕਿਉਂਕਿ ਅਜੇ ਤਕ ਅਸਲ ਅਰਥਾਂ ਵਿਚ ਪੰਜਾਬੀ ਨਾਟਕ ਦੀ ਸਟੇਜ ਹੀ ਨਹੀਂ ਬਣੀ। ਪੰਜਾਬੀ ਨਾਟਕ ਦੇ ਇਤਿਹਾਸ ਸਬੰਧੀ ਪਿਆਰਾ ਸਿੰਘ 'ਗਿੱਲ' ਨੇ ਇਕ ਪੁਸਤਕ 'ਨਾਟਕ ਰਤਨਾਕਰ' ਲਿਖੀ ਹੈ, ਜਿਸ ਵਿਚ ਨਾਟਕ ਕਲਾ ਤੇ ਪੰਜਾਬੀ ਨਾਟਕ ਕਾਰਾਂ ਬਾਬਤ ਬਹੁਤ ਕੁਝ ਦਸਿਆ ਹੈ। ਹੁਣ ਇਕ ਪੁਸਤਕ ਸ: ਗੁਰਚਰਨ ਸਿੰਘ ਐਮ. ਏ. ਨੇ 'ਪੰਜਾਬੀ ਨਾਟਕ-ਕਾਰ' ਲਿਖੀ ਹੈ ਜਿਸ ਵਿਚ ਨਾਟਕ ਸਬੰਧੀ ਖੋਜ ਭਰੀ ਵਿਚਾਰ ਲਿਖੀ ਹੈ। ਪੰਜਾਬੀ ਨਾਟਕ ਅਜੇ ਤਕ ਹੇਠ ਲਿਖੇ ਅਨੁਸਾਰ ਤਿੰਨਾਂ ਹਾਲਤਾਂ ਵਿਚੋਂ ਲੰਘਿਆ ਹੈ:-

੧. ਅੰਗ੍ਰੇਜ਼ਾਂ ਤੋਂ ਪਹਿਲਾਂ ਦਾ ਸਮਾਂ।

੨. ਅੰਗ੍ਰੇਜ਼ੀ ਰਾਜ ਦਾ ਸਮਾਂ।

੩. ਆਧੁਨਿਕ ਕਾਲ।

ਨਾਟਕ ਦੇ ਇਤਿਹਾਸ ਸਬੰਧੀ ਵਿਚਾਰ ਕਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ੧. ਨਾਟਕ ਕੀ ਹੈ? ੨. ਨਾਟਕ ਦੀਆਂ ਕਿਹੜੀਆਂ ਕਿਹੜੀਆਂ ਆਮ ਕਿਸਮਾਂ ਹਨ। ੩. ਇਕਾਂਗੀ ਤੇ ਬਹੁ ਅੰਗੀ ਨਾਟਕ ਵਿਚ ਕੀ ਫਰਕ ਹੈ? ਜਦ ਤਕ ਇਨ੍ਹਾਂ ਗੱਲਾ ਸਬੰਧੀ ਗਿਆਨ ਨਾ ਹੋ ਜਾਵੇ ਓਨਾ ਚਿਰ ਨਾਟਕ ਸਬੰਧੀ ਵਿਚਾਰ ਨਹੀਂ ਹੋ ਸਕਦੀ।

ਸਰੀਰਕ ਇੰਦਰੀਆਂ ਨੂੰ ਪ੍ਰਭਾਵਿਤ ਕਰਨ ਦੇ ਆਧਾਰ ਤੇ ਅਸੀਂ ਕਾਵਿ ਦੇ ਦੋ ਰੂਪ ਮੰਨ ਸਕਦੇ ਹਾਂ। ਇਕ ਅਵੱਜ ਕਾਵਿ ਜਾਂ ਆਮ ਕਵਿਤਾ, ਜਿਸ ਦਾ ਕੇਵਲ ਪੜ੍ਹ ਸੁਣ ਕੇ ਹੀ ਆਨੰਦ ਲਇਆ



Digitized by Panjab Digital Library | www.panjabdigilib.org

ਜਾ ਸਕਦਾ ਹੈ। ਦੂਸਰਾ ਰੂਪਕ ਜਾਂ ਦ੍ਰਿਸ਼ ਕਾਵਿ। ਅਜ ਅਸੀਂ ਦ੍ਰਿਸ਼ ਕਾਵਿ ਨੂੰ ਹੀ ਨਾਟਕ ਕਹਿੰਦੇ ਹਾਂ। ਦ੍ਰਿਸ਼ ਕਾਵਿ ਦਾ ਅਰਥ ਦੇਖਣ ਵਾਲੀ ਕਵਿਤਾ ਹੈ। ਨਾਟਕ ਦਾ ਅਸਰ ਕੰਨਾਂ ਤੇ ਅਖਾਂ ਦੋਹਾਂ ਤਰ੍ਹਾਂ ਦੀਆਂ ਗਿਆਨ ਇੰਦਰੀਆਂ ਦੇ ਆਸਰੇ ਸਾਡੀ ਆਤਮਾ ਤੇ ਪੈਂਦਾ ਹੈ। ਸੰਸਕ੍ਰਿਤ ਨਾਟਕ ਕਾਰਾਂ ਨੇ ਨਾਟਕ ਦੇ ਲਛਣ ਇਸ ਤਰਾਂ ਦਸੇ ਹਨ, ਕਿ ਅਵਸਥਾ ਦੇ ਬਿਆਨ ਨੂੰ ਨਾਟਕ ਕਹਿੰਦੇ ਹਨ। ਇਹ ਅਵਸਥਾ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦੀ ਹੁੰਦੀ ਹੈ। ਸਰੀਰ ਨਾਲ ਅਸੀਂ ਬਾਹਰਲੇ ਹਾਵਾਂ ਭਾਵਾਂ (Action) ਰਾਹੀਂ ਆਪਣੇ ਮਨੋਭਾਵ ਪ੍ਰਗਟਾਉਣ ਦਾ ਯਤਨ ਕਰਦੇ ਹਾਂ ਤੇ ਮਾਨਸਕ ਅਨਭਵਿਤਾ ਸਾਡੇ ਹਾਵਾਂ ਭਾਵਾਂ ਤੋਂ ਹੀ ਪ੍ਰਗਟ ਹੁੰਦੀ ਹੈ। ਸੋ ਨਾਟਕ ਅਸਲ ਜੀਵਨ ਦਾ ਪ੍ਰਗਟਾਊ ਕਿਹਾ ਜਾ ਸਕਦਾ ਹੈ।

ਨਾਟਕ ਇਕ ਤਰ੍ਹਾਂ ਦੀ ਕਵਿਤਾ ਹੈ, ਪਰ ਇਸ ਦੇ ਆਪਣੇ ਵੀ ਕੁਝ ਗੁਣ ਹਨ। ਆਪਣੇ ਗੁਣਾਂ ਅਨੁਸਾਰ ਹੀ ਨਾਟਕ ਦੇ ਤੱਤ ਜਾਂ ਗੁਣ ਮੰਨੇ ਜਾ ਸਕਦੇ ਹਨ। ਸੋ ਨਾਟਕ ਸਬੰਧੀ ਸੰਖੇਪ ਸ਼ਬਦਾਂ ਵਿਚ ਅਸੀਂ ਇਸ ਤਰ੍ਹਾਂ ਆਖ ਸ਼ਕਦੇ ਹਾਂ:-

ਮਨੁਖੀ ਜੀਵਨ ਦੀ ਕਿਸੇ ਘਟਨਾਂ ਨੂੰ ਇਹੋ ਜਹੇ ਗੱਲ ਬਾਤੀ ਢੰਗ ਵਿਚ ਬਿਆਨ ਕਰਨ ਦਾ ਨਾਂ ਨਾਟਕ ਹੈ, ਜਿਸ ਨਾਲ ਉਹ ਘਟਨਾ ਇੰਨ ਬਿੰਨ ਅੱਖਾਂ ਸਾਹਮਣੇ ਹੋ ਰਹੀ ਪ੍ਰਤੀਤ ਹੋਵੇ ਅਤੇ ਉਸ ਦੀ ਰਚਨਾ ਰੰਗ ਭੂਮੀ ਅਥਵਾ ਸਟੇਜ ਦੇ ਨਿਯਮਾਂ ਅਨੁਸਾਰ ਹੋਵੇ ਤਾਂ ਜੋ ਆਮ ਜਨਤਾ ਦੇ ਸਾਹਮਣੇ ਖੇਡ ਕੇ ਦਿਖਾਇਆ ਜਾ ਸਕੇ।

ਨਾਟਕ ਨੂੰ ਵਿਦਵਾਨਾਂ ਨੇ 'ਦ੍ਰਿਸ਼ ਕਾਵਿ' ਜਾਂ ਦੇਖਣ ਵਾਲੀ ਕਵਿਤਾ ਵੀ ਕਿਹਾ ਹੈ। ਕਿਉਂਕਿ ਨਾਟਕ ਇਕ ਤਰ੍ਹਾਂ ਦਾ ਜੀਵਨ ਰੰਗ ਹੈ ਅਤੇ ਇਸ ਵਿਚ ਕੋਮਲ ਹੁਨਰ ਦੇ ਸਾਰੇ ਅੰਗ ਰਾਗ, ਕਵਿਤਾ, ਚਿੱਤਰਕਾਰੀ, ਨਿਰਤਕਾਰੀ ਅਤੇ ਬੁੱਤ ਤਰਾਸ਼ੀ ਰਲਵੇਂ ਮਿਲਵੇਂ ਆਉਂਦੇ ਹਨ। ਇਸ ਲਈ ਸਾਹਿਤ ਦੇ ਸਾਰੇ ਅੰਗਾਂ ਵਿਚੋਂ ਨਾਟਕ ਨੂੰ ਹੀ ਅਸੀਂ



Digitized by Panjab Digital Library | www.panjabdigilib.org

ਮੁਖ ਮੰਨ ਸਕਦੇ ਹਾਂ। ਨਾਟਕ ਮਨੁਖੀ ਜੀਵਨ ਵਿਚ ਇਕ ਪਲਟਾ ਲਿਆਉਣ ਦੀ ਤਾਕਤ ਰਖਦਾ ਹੈ।

ਚੰਗੇ ਨਾਟਕਾਂ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ:-

(੧) ਆਸ਼ਾ-ਨਾਟਕ ਇਕ ਪਾਸੇ ਤਾਂ ਦਿਲ ਪਰਚਾਵੇ ਲਈ ਹੁੰਦੇ ਹਨ, ਦੂਸਰੇ ਇਹ ਕਿਸੇ ਨਾ ਕਿਸੇ ਆਦਰਸ਼ ਨੂੰ ਸਾਡੇ ਸਾਹਮਣੇ ਰਖਦੇ ਹਨ,ਜਿਸ ਤਰ੍ਹਾਂ ਰਾਜਕੁਮਾਰੀ ਲਤਿਕਾ ਨਾਮੀ ਨਾਟਕ ਦਾ ਆਸ਼ਾ, ਸਹਿਜ ਪਿਆਰ ਦਾ ਆਦਰਸ਼ ਪ੍ਰਗਟ ਕਰਨਾ ਹੈ ਅਤੇ 'ਸੁਭੱਦਰਾ' ਦਾ ਆਸ਼ਾ ਵਿਧਵਾ ਦੇ ਦੁਖੜੇ ਪਰਗਟ ਕਰਕੇ ਪੁਨਰ ਵਿਆਹ ਲਈ ਪ੍ਰੇਰਨਾ ਕਰਨੀ ਹੈ। ਸੋ ਨਾਟਕਕਾਰ ਨੂੰ ਚਾਹੀਦਾ ਹੈ ਕਿ ਜਿਸ ਆਸ਼ੇ ਨੂੰ ਮੁਖ ਰਖ ਕੇ ਉਹ ਨਾਟਕ ਲਿਖਣਾ ਸ਼ੁਰੂ ਕਰੇ, ਮੁਢ ਤੋਂ ਲੈ ਕੇ ਅਖੀਰ ਤਕ ਉਹ ਆਸ਼ਾ ਪੂਰੀ ਤਰ੍ਹਾਂ ਨਿਭਾਇਆ ਜਾਵੇ।

(੨) ਰਚਨ ਢੰਗ-ਨਾਟਕ ਦਾ ਰਚਨ ਢੰਗ ਅਤੇ ਬਣਤਰ (Technique) ਸਾਹਿਤ ਦੇ ਦੂਸਰੇ ਅੰਗਾਂ ਨਾਲੋਂ ਬਿਲਕੁਲ ਵਖਰਾ ਹੈ। ਨਾਟਕ ਦੀ ਸਾਰੀ ਵਾਰਤਾ ਗੱਲ ਬਾਤੀ ਢੰਗ ਵਿਚ ਹੁੰਦੀ ਹੈ ਅਤੇ ਨਾਟਕ-ਕਾਰ ਆਪਣੀ ਵਲੋਂ ਕੋਈ ਗੱਲ ਵੀ ਨਾਟਕ ਵਿਚ ਬਿਆਨ ਨਹੀਂ ਕਰ ਸਕਦਾ। ਨਾ ਹੀ ਕਿਸੇ ਤਰ੍ਹਾਂ ਦਾ ਕੋਈ ਸੀਨ ਜਾਂ ਨਜ਼ਾਰਾ ਆਪਣੀ ਵਲੋਂ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਪਾਤਰ ਜਾਂ ਕਿਸੇ ਚੀਜ਼ ਬਾਰੇ ਕੋਈ ਸ਼ਬਦ ਬੋਲ ਸਕਦਾ ਹੈ। ਸਗੋਂ ਨਾਟਕ-ਕਾਰ ਨੇ ਜੋ ਵੀ ਕਹਿਣਾ ਹੁੰਦਾ ਹੈ, ਉਹ ਨਾਟਕਾਂ ਦੇ ਪਾਤਰਾਂ ਕੋਲੋਂ ਹੀ ਅਖਵਾਉਂਦਾ ਹੈ।

(੩) ਪਲਾਟ--ਨਾਟਕ ਲਈ ਪਲਾਟ ਜਾਂ ਵਾਰਤਾ ਬੜੀ ਜ਼ਰੂਰੀ ਚੀਜ਼ ਹੈ। ਜਿਸ ਤਰ੍ਹਾਂ ਕਹਾਣੀ ਤੇ ਨਾਵਲ ਲਈ ਕਿਸੇ ਵਾਰਤਾ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਪਲਾਟ ਤੋਂ ਬਿਨਾਂ ਨਾਟਕ ਲਿਖਿਆ ਹੀ ਨਹੀਂ ਜਾ ਸਕਦਾ। ਸਿਆਣਾ ਨਾਟਕ ਕਾਰ ਨਾਟਕ ਲਈ ਸਵਾਦਲਾ ਤੇ ਦਿਲਖਿਚਵਾਂ ਪਲਾਟ ਚੁਣਦਾ ਹੈ। ਕਈ ਵਾਰੀ ਲੋਕਾਂ ਦੀ ਰੁਚੀ ਵਧੇਰੇ ਖਿੱਚਣ ਲਈ ਅਸਲੀ ਜੀਵਨ ਨਾਲੋਂ ਕੁਝ ਕੁ ਫ਼ਰਕ ਪਾਉਣਾ ਪੈਂਦਾ ਹੈ,



Digitized by Panjab Digital Library | www.panjabdigilib.org

ਤਾਂ ਜੋ ਨਾਟਕ ਵਧੇਰੇ ਸਵਾਦਲਾ ਬਣ ਜਾਵੇ।

( ) ਪਾਤਰ–ਨਾਟਕ ਵਿਚ ਪਾਤਰਾਂ ਦੀ ਬੜੀ ਲੋੜ ਹੈ। ਪਾਤਰਾਂ ਤੋਂ ਬਿਨਾਂ ਨਾਟਕ ਖੇਡਿਆ ਹੀ ਨਹੀਂ ਜਾ ਸਕਦਾ। ਸੋ ਨਾਟਕ ਦੇ ਪਾਤਰ ਇਹੋ ਜਹੇ ਹੋਣੇ ਚਾਹੀਦੇ ਹਨ, ਜੋ ਬੜੇ ਸਿਆਣੇ, ਹਾਵ ਭਾਵਾਂ ਨੂੰ ਸਮਝਣ ਵਾਲੇ ਅਤੇ ਅਸਲ ਦੀ ਨਕਲ ਉਤਾਰਨ ਵਿਚ ਨਿਪੁੰਨ ਹੋਣ।

(੫) ਸਟੇਜ ਅਥਵਾ ਰੰਗ ਭੂਮੀ–ਨਾਟਕ ਲਈ ਰੰਗ ਭੂਮੀ ਬੜੀ ਜ਼ਰੂਰੀ ਚੀਜ਼ ਹੈ। ਸਟੇਜ ਤੋਂ ਬਿਨਾਂ ਨਾਟਕ ਦੀ ਕੋਈ ਕੀਮਤ ਨਹੀਂ। ਜਿਸ ਤਰ੍ਹਾਂ ਦਾ ਨਾਟਕ ਹੋਵੇ, ਉਸ ਦੇ ਪਲਾਟ ਤੇ ਆਸ਼ੇ ਅਨੁਸਾਰ ਸਟੇਜ ਦਾ ਸਾਰਾ ਸਾਮਾਨ, ਪਰਦੇ ਤੇ ਸੀਨਰੀਆਂ ਆਦਿ ਐਨ ਢੁਕਵੇਂ ਹੋਣੇ ਚਾਹੀਦੇ ਹਨ, ਤਾਂ ਜੋ ਖੇਡਣ ਸਮੇਂ ਕੋਈ ਓਪਰੀ ਨਾ ਲੱਗੇ, ਸਗੋਂ ਨਕਲ ਵਿਚੋਂ ਅਸਲ ਦਾ ਸਵਾਦ ਆ ਜਾਵੇ।

(੬) ਬੋਲੀ- ਨਾਟਕ ਦੀ ਬੋਲੀ ਕਿਤਾਬੀ ਬੋਲੀ ਨਹੀਂ ਹੁੰਦੀ, ਸਗੋਂ ਘਰੇਗੀ ਅਤੇ ਆਮ ਬੋਲ ਚਾਲ ਵਾਲੀ ਹੁੰਦੀ ਹੈ। ਸੋ ਨਾਟਕ ਪਾਤਰਾਂ ਦੀ ਬੋਲੀ ਦੇਸ ਤੇ ਸਮੇਂ ਦੇ ਰਿਵਾਜ ਅਨੁਸਾਰ ਹੋਣੀ ਚਾਹੀਦੀ ਹੈ ਇਹੋ ਜਿਹੀ ਬੋਲੀ ਨਹੀਂ ਹੋਣੀ ਚਾਹੀਦੀ ਜਿਹੜੀ ਓਪਰੀ ਓਪਰੀ ਪਰਤੀਤ ਹੋਵੇ।

(੭) ਪੁਸ਼ਾਕ–ਨਾਟਕ ਪਾਤਰਾਂ ਦੀ ਪੁਸ਼ਾਕ ਵੀ ਦੇਸ ਤੇ ਸਮੇਂ ਦੇ ਰਿਵਾਜ ਅਨੁਸਾਰ ਹੋਣੀ ਚਾਹੀਦੀ ਹੈ। ਜਿਸ ਸਮੇਂ ਦੇ ਪਾਤਰ ਸਟੇਜ ਉਤੇ ਲਿਆਂਦੇ ਗਏ ਹੋਣ, ਉਨ੍ਹਾਂ ਦੀ ਪੁਸ਼ਾਕ ਉਸ ਸਮੇਂ ਦੇ ਲੋਕਾਂ ਵਰਗੀ ਹੋਣੀ ਚਾਹੀਦੀ ਹੈ।

੮. ਗਾਉਣ--ਕਈਆਂ ਨਾਟਕਾਂ ਵਿਚ ਆਮ ਪਾਤਰ ਗਾਉਂਦੇ ਹੀ ਦਿਸਦੇ ਹਨ, ਪਰ ਨਾਟਕ ਵਿਚ ਗਾਣੇ ਲੋੜ ਅਨੁਸਾਰ ਤੇ ਥਾਂ ਸਿਰ ਹੀ ਆਉਣੇ ਚਾਹੀਦੇ ਹਨ। ਗਾਣਿਆਂ ਦਾ ਮਜ਼ਮੂਨ ਸਮੇਂ ਅਨੁਸਾਰ ਢੁਕਵਾਂ ਹੋਣਾ ਚਾਹੀਦਾ ਹੈ। ਬੇਲੋੜੇ ਤੇ ਬਹੁਤ ਗਾਣੇ ਵੀ ਨਾਟਕ ਦਾ ਸਵਾਦ ਮਾਰ ਦੇਂਦੇ ਹਨ।



Digitized by Panjab Digital Library | www.panjabdigilib.org

(੯) ਝਾਕੀਆਂ--ਨਾਟਕ ਵਿਚ ਆਈਆਂ ਝਾਕੀਆਂ ਜਾਂ ਘਟ-ਨਾਵਾਂ ਕੁਦਰਤੀ ਨੇਮਾਂ ਤੋਂ ਉਲਟ ਨਹੀਂ ਹੋਣੀਆਂ ਚਾਹੀਦੀਆਂ ਹਨ, ਨਾ ਹੀ ਕੋਈ ਕਰਾਮਾਤਾਂ ਦਖਾਈਆਂ ਜਾਣੀਆਂ ਚਾਹੀਦੀਆਂ ਹਨ, ਸਵਾਇ ਏਸ ਦੇ ਕਿ ਜਦੋਂ ਕੋਈ ਮਹਾਂ ਪੁਰਸ਼ ਜਾਂ ਕਰਨੀ ਵਾਲਾ ਬਜ਼ੁਰਗ ਕੋਈ ਸਿਖਿਆ ਦੇਣ ਲਈ ਕੋਈ ਕਰਾਮਾਤ ਦਿਖਾਵੇ ।

(੧੦) ਰਸ--ਨਾਟਕ ਵਿਚ ਸ਼ਿੰਗਾਰ ਰਸ ਤੇ ਹਾਸ ਰਸ ਦੇ ਝਲਕੇ ਦੇਣੇ ਬਹੁਤ ਜ਼ਰੂਰੀ ਹਨ । ਭਾਵੇਂ ਨਾਟਕ ਸੁਖਾਂਤ ਹੋਵੇ ਜਾਂ ਦੁਖਾਂਤ, ਵਿਚ ਦਿਲ ਪਰਚਾਵੇ ਲਈ ਕੋਈ ਗੱਲ ਇਹੋ ਜਿਹੀ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਤੋਂ ਰਤਾ ਕੁ ਹਾਸਾ ਆ ਜਾਵੇ ।

ਜਿਨ੍ਹਾਂ ਨਾਟਕਾਂ ਵਿਚ ਉੱਪਰ ਦੱਸੀਆਂ ਗਲਾਂ ਦਾ ਖਿਆਲ ਨਹੀਂ ਰਖਿਆ ਜਾਂਦਾ, ਉਹ ਨਾਟਕ ਕਦੀ ਵੀ ਚੰਗੇ ਨਹੀਂ ਕਹੇ ਜਾ ਸਕਦੇ ।

## ਬਹੁ ਅੰਗੀ ਤੇ ਇਕਾਂਗੀ ਦਾ ਫਰਕ.—

ਬਹੁ ਅੰਗੀ ਨਾਟਕ ਮਨੁਖੀ ਜੀਵਨ ਦੀ ਕਿਸੇ ਘਟਨਾ ਦੇ ਹਰ ਪਹਿਲੂ ਤੇ ਚਾਨਣਾ ਪਾਉਂਦਾ ਹੈ ਅਤੇ ਇਕ ਅੰਗੀ ਨਾਟਕ ਕੇਵਲ ਇਕ ਮੰਤਵ ਨੂੰ ਸਾਹਮਣੇ ਰਖ ਕੇ ਸਿਰਫ ਝਲਕਾਰਾ ਹੀ ਪਾਉਂਦਾ ਹੈ। ਜਾਂ ਐਉਂ ਕਹੋ ਕਿ ਇਕ ਅੰਗੀ ਨਾਟਕ ਇਕ ਤੀਰ ਦਾ ਨਿਸ਼ਾਨਾ ਹੈ, ਜੋ ਆਸੇ ਪਾਸੇ ਦੇ ਅਸਰ ਤੋਂ ਬਿਨਾਂ ਸਿੱਧਾ ਆਪਣੇ ਨਿਸ਼ਾਨੇ ਤੇ ਵਜਦਾ ਹੈ। ਜਿਸ ਤਰ੍ਹਾਂ ਇਕ ਆਦਮੀ ਨੇ ਕਿਸੇ ਟਿਕਾਣੇ ਤੇ ਪਹੁੰਚਣਾ ਹੈ, ਉਹ ਆਪਣੇ ਘਰੋਂ ਤੁਰ ਪੈਂਦਾ ਹੈ ਤੇ ਟਿਕਾਣੇ (ਮੰਜ਼ਲ) ਤੇ ਪਹੁੰਚਣ ਲਈ ਉਹ ਇਕ ਸਾਧਾਰਨ ਚਾਲ ਨਾਲ ਤੁਰਿਆ ਜਾਂਦਾ ਹੈ। ਰਾਹ ਵਿਚ ਜੇ ਕੋਈ ਮਨੁਖ ਉਸ ਨੂੰ ਮਿਲਦਾ ਹੈ, ਉਹ ਉਸ ਨਾਲ ਵੀ ਗੱਲ ਬਾਤ ਕਰਦਾ ਹੈ, ਆਸੇ ਪਾਸੇ ਦੇ ਨਜ਼ਾਰੇ ਵੀ ਦੇਖਦਾ ਹੈ ਅਤੇ ਜੇ ਕਿਤੇ ਉਸ ਨੂੰ ਓਥੇ ਥੋੜੇ ਚਿਰ ਲਈ ਠਹਿਰਨਾ ਪਵੇ, ਓਥੇ ਘੜੀ ਦੀ ਘੜੀ ਠਹਿਰ



Digitized by Panjab Digital Library | www.panjabdigilib.org

ਵੀ ਜਾਂਦਾ ਹੈ। ਦੂਜਾ ਮਨੁਖ ਉਸੇ ਟਿਕਾਣੇ ਸਿਰ ਪਹੁੰਚਣ ਲਈ ਅੰਨ੍ਹੇ ਵਾਹ ਘਰੋਂ ਉੱਠ ਦੌੜਦਾ ਹੈ ਤੇ ਬਿਨਾਂ ਕਿਸੇ ਗੱਲ ਬਾਤ ਕਰਨ ਦੇ, ਬਿਨਾਂ ਕਿਸੇ ਤਰ੍ਹਾਂ ਦੇ ਨਜ਼ਾਰੇ ਵੇਖਣ ਦੇ ਜਾਂ ਰਾਹ ਵਿਚ ਠਹਿਰਨ ਦੇ ਉਹ ਅੰਨ੍ਹੇ ਵਾਹ ਦੌੜਿਆ ਜਾਂਦਾ ਹੈ ਤੇ ਪਲੋ ਪਲੀ ਵਿਚ ਆਪਣੇ ਟਿਕਾਣੇ ਸਿਰ ਜਾ ਪਹੁੰਚਦਾ ਹੈ। ਸੋ ਇਹ ਫ਼ਰਕ ਬਹੁ ਅੰਗੀ ਤੇ ਇਕ ਅੰਗੀ ਨਾਟਕ ਦਾ ਹੈ।

(੧) ਬਹੁ ਅੰਗੀ ਨਾਟਕ ਦਾ ਮੰਤਵ ਮਨੁੱਖੀ ਜੀਵਨ ਦੀ ਕਿਸ ਘਟਨਾ ਨੂੰ ਇਨ ਬਿਨ ਪੂਰੀ ਤਰ੍ਹਾਂ ਖੋਲ ਕੇ ਦਰਸਾਉਣਾ ਹੈ ਅਤੇ ਇਕ ਅੰਗੀ ਨਾਟਕ ਦਾ ਮੰਤਵ ਮਨੁੱਖੀ ਜੀਵਨ ਦੀ ਕਿਸੇ ਘਟਨਾ ਦੇ ਕਿਸੇ ਇਕ ਅੰਗ ਦਾ ਝਲਕਾਰਾ ਦੇਣਾ ਹੈ। ਜਿਸ ਤਰ੍ਹਾਂ ਸਾਡੇ ਸਾਮ੍ਹਣੇ ਰਾਜਕੁਮਾਰੀ ਲਤਿਕਾ ਇਕ ਬਹੁ ਅੰਗੀ ਨਾਟਕ ਹੈ ਜਿਸ ਦਾ ਮੰਤਵ ਸਹਿਜ ਪਿਆਰ ਦਾ ਆਦਰਸ਼ ਪੇਸ਼ ਕਰਨਾ ਹੈ। ਛੇ ਘਰ ਵਿਚ 'ਮਹਾਤਮਾ' ਇਕ ਇਕਾਂਗੀ ਨਾਟਕ ਹੈ ਜਿਸ ਦਾ ਮੰਤਵ 'ਦਾਨ' ਦੇ ਵੱਖ ਵਖ ਝਲਕਾਰੇ ਪੇਸ਼ ਕਰਨਾ ਹੈ। ਇਹ ਕੇਵਲ ਅੰਤਲੇ ਪੈਰੇ ਤੋਂ ਹੀ ਪਤਾ ਲਗਦਾ ਹੈ ਕਿ ਇਕ ਗਰੀਬ ਤੇ ਮਿਹਨਤੀ ਜੋ ਆਪਣੇ ਬਾਲ ਬੱਚੇ ਦੇ ਮੂੰਹੋਂ ਖੋਹ ਕੇ ਦਾਨ ਕਰਦਾ ਹੈ, ਉਸ ਦਾ ਅੰਨ ਵੀ ਲਹੂ ਬਰਾਬਰ ਹ ਜਾਂਦਾ ਹੈ।

(੨) ਬਹੁ ਅੰਗੀ ਨਾਟਕ ਦੀ ਵਾਰਤਾ ਜਾਂ ਪਲਾਟ ਦੀ ਕਹਾਣੀ ਕਈਆਂ ਮਹੀਨਿਆਂ ਜਾਂ ਸਾਲਾਂ ਦੀ ਹੁੰਦੀ ਹੈ। ਅਰਥਾਤ ਬਹੁ ਅੰਗੀ ਨਾਟਕ ਵਿਚ ਮਨੁਖੀ ਜੀਵਨ ਦੀ ਕਈਆਂ ਮਹੀਨਿਆਂ ਜਾਂ ਕਈਆਂ ਵਰ੍ਹਿਆਂ ਦੀ ਘਟਨਾ ਨੂੰ ਬਿਆਨ ਕੀਤਾ ਹੁੰਦਾ ਹੈ। ਇਕ ਅੰਗੀ ਨਾਟਕ ਦੇ ਪਲਾਟ ਦੀ ਘਟਨਾ ਇਕ ਦਿਨ ਦੇ ਅੰਦਰ ਅੰਦਰ ਜਾਂ ਕੁਝ ਘੰਟਿਆਂ ਦੇ ਅੰਦਰ ਅੰਦਰ ਹੋਈ ਬੀਤੀ ਘਟਨਾ ਹੁੰਦੀ ਹੈ।

(੩) ਬਹੁ ਅੰਗੀ ਨਾਟਕ ਦੇ ਪਲਾਟ ਵਿਚ ਕਈ ਕਈ ਐਕਟ ਜਾਂ ਅੰਗ ਹੁੰਦੇ ਹਨ ਅਤੇ ਹਰ ਇਕ ਐਕਟ ਵਿਚ ਕਈ ਕਈ ਝਾਕੀਆਂ



Digitized by Panjab Digital Library | www.panjabdigilib.org

ਜਾਂ ਸੀਨ ਹੁੰਦੇ ਹਨ। ਜਿਸ ਤਰ੍ਹਾਂ 'ਰਾਜ ਕੁਮਾਰੀ-ਲਤਿਕਾ' ਨਾਟਕ ਵਿਚ ਚਾਰ ਐਕਟ ਹਨ, ਹਰ ਐਕਟ ਵਿਚ ਲਗਪਗ ਦੋ ਦੋ ਚਾਰ ਚਾਰ ਝਾਕੀਆਂ ਹਨ। ਇਕ ਅੰਗੀ ਨਾਟਕ ਵਿਚ ਕੇਵਲ ਇਕੋ ਐਕਟ ਹੁੰਦਾ ਹੈ ਤੇ ਇਸ ਵਿਚ ਦੋ ਜਾਂ ਤਿੰਨ ਝਾਕੀਆਂ ਹੁੰਦੀਆਂ ਹਨ, ਜਿਸ ਤਰ੍ਹਾਂ ਛੀ ਘਰ ਜਾਂ ਸਪਤ ਰਿਸ਼ੀ ਵਿਚ ਆਏ ਸਾਰੇ ਇਕ ਅੰਗੀ ਨਾਟਕ ਹਨ।

(੪) ਬਹੁ ਅੰਗੀ ਨਾਟਕ ਵਿਚ ਪਾਤਰਾਂ ਦੇ ਬੋਲ ਚਾਲ ਵੇਲੇ ਸ਼ਬਦ ਖੁਲ੍ਹੇ ਦਿਲ ਨਾਲ ਵਰਤੇ ਹੁੰਦੇ ਹਨ ਅਤੇ ਪਾਤਰ ਇਕ ਦੂਜੇ ਨਾਲ ਕਈ ਤਰ੍ਹਾਂ ਦੀਆਂ ਫ਼ਜ਼ੂਲ ਗੱਲਾਂ ਕਰਦੇ ਹਨ। ਕਈ ਹਾਸੇ ਮਖੌਲ ਦੀਆਂ ਗੱਲਾਂ ਵੀ ਹੁੰਦੀਆਂ ਹਨ, ਕਈ ਤਰ੍ਹਾਂ ਦੇ ਵਾਧੂ ਗੌਣ ਵੀ ਹੁੰਦੇ ਹਨ। ਜਿਸ ਤਰ੍ਹਾਂ ਸ਼ਾਮੂ ਸ਼ਾਹ ਵਿਚ ਭਗਤੂ ਤੇ ਸ਼ਾਮੂ ਸ਼ਾਹ ਦੀਆਂ ਗੱਲਾਂ ਭਾਟੜਿਆਂ ਦੀਆਂ ਗੱਲਾਂ ਤੇ ਉਨ੍ਹਾਂ ਦੇ ਗੀਤ,ਸਭ ਵਾਧੂ ਹਨ,ਪਰ ਇਕ ਅੰਗੀ ਨਾਟਕ ਵਿਚ ਕੋਈ ਵਾਧੂ ਜਾਂ ਫਜ਼ੂਲ ਗਾਉਣ ਨਹੀਂ ਹੁੰਦਾ ਪਾਤਰਾਂ ਦੀ ਗੱਲ ਬਾਤ ਵੇਲੇ ਸ਼ਬਦ ਬੜੇ ਗਿਣਵੇਂ ਮਿਣਵੇਂ ਵਰਤੇ ਜਾਂਦੇ ਹਨ।

(੫) ਬਹੁ ਅੰਗੀ ਨਾਟਕ ਵਿਚ ਪਾਤਰਾਂ ਦੀ ਗਿਣਤੀ ਬਹੁਤ ਹੁੰਦੀ ਹੈ ਕਿਉਂਕਿ ਮੁਖ ਪਾਤਰਾਂ (ਨਾਇਕ ਤੇ ਨਾਇਕਾ) ਤੋਂ ਬਿਨਾਂ ਜਿਨ੍ਹਾਂ ਜਿਨ੍ਹਾਂ ਪਾਤਰਾਂ ਨਾਲ ਇਨ੍ਹਾਂ ਦਾ ਰਤਾ ਵੀ ਸੰਬੰਧ ਹੁੰਦਾ ਹੈ, ਉਨ੍ਹਾਂ ਦਾ ਸਾਰਾ ਹਾਲ ਵੀ ਨਾਟਕ ਵਿਚ ਦੇਣ ਦਾ ਯਤਨ ਕੀਤਾ ਹੁੰਦਾ ਹੈ, ਪਰ ਇਕ ਅੰਗੀ ਨਾਟਕ ਵਿਚ ਪਾਤਰਾਂ ਦੀ ਗਿਣਤੀ ਬਹੁਤ ਘਟ ਹੁੰਦੀ ਹੈ ਤੇ ਸਿਰਫ਼ ਲੋੜੀਂਦੇ ਪਾਤਰ ਹੀ ਲਏ ਜਾਂਦੇ ਹਨ।

(੬) ਬਹੁ ਅੰਗੀ ਨਾਟਕ ਵਿਚ ਸਮੇਂ ਤੇ ਮੰਤਵ ਦੀ ਏਕਤਾ ਦਾ ਬਹੁਤਾ ਖਿਆਲ ਨਹੀਂ ਰੱਖਿਆ ਜਾਂਦਾ, ਪਰ ਇਕ ਅੰਗੀ ਵਿਚ ਇਨ੍ਹਾਂ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।

(੭) ਬਹੁ ਅੰਗੀ ਨਾਟਕ ਦਾ ਰੰਗ ਭੂਮੀ ਅਥਵਾ ਸਟੇਜ ਨਾਲ ਗੂੜ੍ਹਾ ਸਬੰਧ ਹੈ, ਪਰ ਇਕ ਅੰਗੀ ਨਾਟਕ ਦਾ ਸਟੇਜ ਨਾਲ ਬਹੁਤਾ ਸਬੰਧ ਨਹੀਂ ਹੁੰਦਾ।



Digitized by Panjab Digital Library | www.panjabdigilib.org

(੮) ਬਹੁ ਅੰਗੀ ਨਾਟਕ ਘਟੋ ਘੱਟ ਤਿੰਨ ਘੰਟਿਆਂ ਵਿਚ ਖੇਡਿਆ ਜਾ ਸਕਦਾ ਹੈ, ਪਰ ਇਕ ਅੰਗੀ ਨਾਟਕ ਇਕੋ ਬੈਠਕ ਵਿਚ ਇਕ ਘੰਟੇ ਦੇ ਅੰਦਰ ਦਿਖਾਇਆ ਜਾ ਸਕਦਾ ਹੈ।

ਨਾਟਕ ਵਿਚ ਆਏ ਰਸਾਂ ਅਨੁਸਾਰ ਤੇ ਨਾਟਕ ਦੇ ਹਾਵਾਂ ਭਾਵਾਂ ਅਨੁਸਾਰ ਇਕ ਅੰਗੀ ਨਾਟਕ ਨੂੰ ਹੇਠ ਲਿਖੇ ਅਨੁਸਾਰ ਸੱਤ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ।

੧. ਸੁਖਾਂਤ ਨਾਟਕ ਜਾਂ ਕੋਮਿਡੀ (Comady)–ਇਹ ਇਕ ਅਜਿਹਾ ਨਾਟਕ ਹੈ, ਜਿਸ ਦਾ ਅੰਤ ਸੁਖ, ਖੁਸ਼ੀ ਜਾਂ ਕਾਮਯਾਬੀ ਨਾਲ ਹੋਵੇ। ਅਜਿਹੇ ਨਾਟਕ ਵਿਚ ਕੋਈ ਅਜਿਹੀ ਗਲ ਨਹੀਂ ਹੁੰਦੀ ਜਿਸ ਤੋਂ ਕੋਈ ਦੁਖ ਜਾਂ ਕਸ਼ਟ ਪ੍ਰਤੀਤ ਹੋਵੇ। ਬਹੁ ਅੰਗੀ ਨਾਟਕ ਜੋ ਸੁਖਾਂਤ ਨਾਟਕ ਹੁੰਦਾ ਹੈ ਤਾਂ ਉਸ ਵਿਚ ਕੁਝ ਕੁਝ ਅਜਿਹੀਆਂ ਘਟਨਾਵਾਂ ਆ ਸਕਦੀਆਂ ਹਨ ਜੋ ਹਿਰਦੇ ਵੇਧਕ ਜਾਂ ਦੁਖ ਭਰੀਆਂ ਹੋਣ ਪਰ ਇਕ ਅੰਗੀਨਾਟਕ ਵਿਚ ਉੱਕੀ ਹੀ ਕੋਈ ਹਿਰਦੇਵੇਧਕ ਜਾਂ ਦੁਖਦਾਇਕ ਗੱਲ ਨਹੀਂ ਹੋਣੀ ਚਾਹੀਦੀ, ਪਰ ਇਕ ਅੰਗੀ ਨਾਟਕ ਜੋ ਸੁਖਾਂਤ ਹੋਵੇਗਾ, ਉਸ ਦੀ ਸਾਰੀ ਵਾਰਤਾ ਖੁਸ਼ੀ ਦੀਆਂ ਗੱਲਾਂ, ਹਾਸਾ ਮਖੌਲ ਜਾਂ ਸੁਖ ਨਾਲ ਭਰੀ ਹੋਵੇਗੀ। ਛੀ ਘਰ ਵਿਚੋਂ 'ਇਕ ਐਤਵਾਰ' ਇਕ ਸੁਖਾਂਤ ਨਾਟਕ ਹੈ। ਇਸ ਵਿਚ ਕੋਈ ਅਜਿਹੀ ਗੱਲ ਨਹੀਂ ਆਈ ਜਿਸ ਤੋਂ ਕਿਸੇ ਤਰ੍ਹਾਂ ਦਾ ਦੁਖ ਪਰਤੀਤ ਹੋਵੇ। ਇਸ ਵਿਚ ਗੁਝਾ ਗੁਝਾ ਸੁਧਾਰਕ ਰੰਗ ਵੀ ਹੈ!

੨. ਦੁਖਾਂਤ ਨਾਟਕ ਟ੍ਰੈਜਿਡੀ (Tragedy) – ਇਹ ਇਕ ਅਜਿਹਾ ਨਾਟਕ ਹੁੰਦਾ ਹੈ, ਜਿਸ ਦਾ ਅੰਤ ਦੁਖਦਾਈ ਹੋਵੇ। ਇਸ ਤਰ੍ਹਾਂ ਦੇ ਨਾਟਕਾਂ ਵਿਚ ਮੌਤ, ਕਸ਼ਟ ਤੇ ਵਿਛੋੜਾ ਹੁੰਦਾ ਹੈ। ਅੰਤ ਵਿਚ ਖੁਸ਼ੀ ਦੀ ਥਾਂ ਗ਼ਮ ਤੇ ਕਰੁਣਾ ਰਸ ਹੁੰਦਾ ਹੈ। ਅਜਿਹੇ ਬਹੁ ਅੰਗੀ ਨਾਟਕਾਂ ਵਿਚ ਕਿਤੇ ਕਿਤੇ ਸੁਖ ਤੇ ਖੁਸ਼ੀ ਦਾ ਰੰਗ ਵੀ ਆਉਂਦਾ ਹੈ, ਪਰ ਅੰਤ ਦੁਖ ਭਰਿਆ ਹੁੰਦਾ ਹੈ। ਜਿਸ ਤਰ੍ਹਾਂ ਰਾਜ ਕੁਮਾਰੀ ਲਤਿਕਾ ਇਕ



Digitized by Panjab Digital Library | www.panjabdigilib.org

ਜ਼ਬਰਦਸਤ ਦੁਖਾਂਤ ਨਾਟਕ ਜਾਂ ਟ੍ਰੈਜਿਡੀ ਹੈ। ਇਕ ਅੰਗੀ ਨਾਟਕ ਵਿਚ ਵੀ ਕਈ ਵਾਰੀ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਨਾਟਕ ਦੀ ਗੱਲ ਬਾਤ ਵਿਚ ਕੁਝ ਸਮੇਂ ਲਈ ਸੁਖ, ਖੁਸ਼ੀ ਤੇ ਆਨੰਦ ਦਾ ਰੰਗ ਆ ਜਾਂਦਾ ਹੈ, ਪਰ ਅੰਤ ਦੁਖਦਾਈ ਤੇ ਵਿਛੋੜੇ ਵਾਲਾ ਹੁੰਦਾ ਹੈ। ਜਿਸ ਤਰ੍ਹਾਂ 'ਹੜਤਾਲ ਵਾਲਾ ਨਾਟਕ ਸਾਹਮਣੇ ਹੈ।

੩. ਕਲਪਿਤ ਨਾਟਕ ਜਾਂ ਫੈਨਟੇਸੀ (Fantacy) ਇਹ ਇਕ ਅਜਿਹਾ ਨਾਟਕ ਹੁੰਦਾ ਹੈ, ਜਿਸ ਵਿਚ ਦੁਨੀਆਂ ਦੀਆਂ ਆਮ ਘਟ-ਨਾਵਾਂ ਦਾ ਰੰਗ ਨਹੀਂ ਹੁੰਦਾ, ਸਗੋਂ ਜਿਸ ਦੀ ਰਚਨਾ ਮਨ ਦੀਆਂ ਕਲਪਨਾਂ ਨਾਲ ਹੀ ਕੀਤੀ ਗਈ ਹੁੰਦੀ ਹੈ ਨਾਟਕਕਾਰ ਇਕ ਖਿਆਲੀ ਦੁਨੀਆਂ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਤੇ ਉਸ ਹਾਲਤ ਵਿਚ ਜੋ ਪ੍ਰਤੀਤ ਕਰਦਾ ਹੈ, ਜਾਂ ਖਿਆਲਾਂ ਦੀ ਦੌੜ ਵਿਚ ਉਸ ਦੇ ਦਿਲ ਵਿਚ ਜੋ ਵਲਵਲੇ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਉਹ ਨਾਟਕੀ ਰੰਗ ਦੇ ਦੇਂਦਾ ਹੈ।

੪. ਮੈਲੋਡਰਾਮਾਂ (Melodrama) ਮੈਲੋਡਰਾਮਾਂ ਇਕ ਤਰ੍ਹਾਂ ਨਾਲ ਸੰਗੀਤਕ ਡਰਾਮਾ ਹੁੰਦਾ ਸੀ, ਪਰ ਅਜ ਕਲ ਜਿਸ ਨਾਟਕ ਵਿਚ ਚਲਾਕੀ ਹੁਸ਼ਿਆਰੀ, ਮਖੌਲ ਜਾਂ ਤੇਜ਼ੀ ਆਦਿ ਦਾ ਰੰਗ ਹੋਵੇ, ਉਸ ਨਾਟਕ ਨੂੰ ਮੈਲੋ ਡਰਾਮਾਂ ਕਹਿੰਦੇ ਹਨ। ਅਜਿਹੇ ਨਾਟਕ ਹਾਸ ਰਸ ਭਰਪੂਰ ਹੁੰਦੇ ਹਨ, ਪਰ ਇਹ ਹਾਸ ਰਸ ਲੁਕਵਾਂ ਹੁੰਦਾ ਹੈ।

੫. ਨਿਯੂਨ ਸੁਖਾਂਤ ਜਾਂ ਫਾਰਸ (Farce)—ਇਹ ਨਾਟਕ ਇਕ ਤਰ੍ਹਾਂ ਨਾਲ ਹੌਲੀ ਕੌਮਿਡੀ ਹੁੰਦਾ ਹੈ। ਜਿਸਤਰ੍ਹਾਂ ਸੁਖਾਂਤ ਨਾਟਕ ਮਨ ਪਰਚਾਵੇ ਲਈ ਤੇ ਦਿਲ ਖੁਸ਼ ਕਰਨ ਲਈ ਹੁੰਦਾ ਹੈ, ਫਾਰਸ ਜਾਂ ਨਿਯੂਨ ਸੁਖਾਂਤ ਵੀ ਇਸੇ ਮੰਤਵ ਨੂੰ ਪੂਰਾ ਕਰਦਾ ਹੈ, ਇਸ ਵਿਚ ਕਸ਼ਟ ਵਾਲਾ ਦੁਖ ਨਹੀਂ ਹੁੰਦਾ, ਸਗੋਂ ਹਾਸਾ ਮਖ਼ੌਲ ਹੁੰਦਾ ਹੈ। ਅਜਿਹੀਆਂ ਗੱਲਾਂ ਹੁੰਦੀਆਂ ਹਨ, ਜਿਸ ਨਾਲ ਪਾਤਰ ਆਪਣੇ ਆਪ ਰਤਾ ਕੁ ਖਿਝੇ, ਪਰ ਪਾਠਕਾਂ ਜਾਂ ਦਰਸ਼ਕਾਂ ਲਈ ਖੁਸ਼ੀ ਦਾ ਕਾਰਨ ਹੋਵੇ। ਇਸ ਵਿਚੋਂ ਖਾਸ



Digitized by Panjab Digital Library | www.panjabdigilib.org

ਖਾਸ ਮਨੁਖਾਂ ਦੇ ਅਸਲੀ ਜੀਵਨ ਦੀ ਝਲਕ ਪੈਂਦੀ ਹੈ। ਅਜਿਹੇ ਨਾਟਕ ਵਿਚ ਨਾਟਕਕਾਰ ਦ੍ਰਿਸ਼ ਹੀ ਅਜਿਹਾ ਪੇਸ਼ ਕਰਦਾ ਹੈ ਕਿ ਪਾਤਰ ਦੀਆਂ ਮਜਬੂਰੀਆਂ ਜਾਂ ਮੂਰਖਤਾਈਆਂ ਤੋਂ ਦਰਸ਼ਕ ਹਸਣੋਂ ਨਹੀਂ ਰਹਿ ਸਕਦੇ 'ਇਕ ਐਤਵਾਰ' ਇਕ ਨਿਪੁੰਨ ਸੁਖਾਂਤ ਨਾਟਕ ਹੈ। ਇਸ ਵਿਚ ਪਹਿਲੇ ਵਕੀਲ ਤੇ ਲਤਾ ਦੀਆ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਕਰ ਕੇ ਲਤਾ ਆਪਣੇ ਆਪ ਵਿਚ ਖਿੱਝਦੀ ਤੇ ਤੰਗ ਹੁੰਦੀ ਹੈ। ਫ਼ੇਰ ਅੰਤ ਵਿਚ ਉਹ ਕੁਦਰਤੀ ਅਜਿਹੀਆਂ ਗੱਲਾਂ ਕਰਦਾ ਹੈ, ਜਿਨ੍ਹਾਂ ਨਾਲ ਲਤਾ ਆਪਣੇ ਆਪ ਪ੍ਰਸੰਨ ਹੋ ਜਾਂਦੀ ਹੈ।

੬. ਇਤਿਹਾਸਕ ਜਾਂ ਹਿਸਟੋਰੀਕਲ (Historical)--**ਇਸ** ਨਾਟਕ ਵਿਚ ਤਵਾਰੀਖ ਦੀ ਕਿਸੇ ਮਸ਼ਹੂਰ ਹਸਤੀ ਦੇ ਜੀਵਨ ਵਿਚੋਂ ਕੋਈ ਇਕ ਝਾਕੀ ਲਈ ਗਈ ਹੁੰਦੀ ਹੈ। ਬਹੁ ਅੰਗੀ ਨਾਟਕਾਂ ਵਿਚ ਵੀ ਕਈ ਇਤਿਹਾਸਕ ਨਾਟਕ ਹੁੰਦੇ ਹਨ, ਜਿਸ ਤਰਾਂ ਕਿਰਪਾ ਸਾਗਰ ਜੀ ਦਾ ਲਿਖਿਆ ਹੋਇਆ 'ਮਹਾਰਾਜਾ ਰਣਜੀਤ ਸਿੰਘ ਨਾਟਕ ਇਕ ਨਿਰੋਲ ਇਤਿਹਾਸਕ ਨਾਟਕ ਹੈ, ਜਿਸ ਵਿਚ ਸ਼ੇਰੇ ਪੰਜਾਬ ਦੇ ਜੀਵਨ ਵਿਚੋਂ ਇਕ ਨਜ਼ਾਰਾ ਪੇਸ਼ ਕੀਤਾ ਗਿਆ ਹੈ। ਸਪਤ ਰਿਸ਼ੀ ਵਿਚੋਂ 'ਸੰਦੇਸਾ' ਇਕ ਇਤਿਹਾਸਕ ਨਾਟਕ ਹੈ।

੭ ਸੁਧਾਰਕ ਜਾਂ ਰੀਫ਼ਾਰਮਰ (Reformer) **—ਇਹ ਇਕ** ਅਜਿਹਾ ਨਾਟਕ ਹੁੰਦਾ ਹੈ ਜਿਸ ਵਿਚ ਸਿਰਫ ਰਾਜਸੀ, ਭਾਈਚਾਰਕ, ਸਮਾਜਕ ਜਾਂ ਧਾਰਮਿਕ ਕਮਜ਼ੋਰੀਆਂ ਪੇਸ਼ ਕੀਤੀਆਂ ਜਾਂਦੀਆਂ ਹਨ, ਆਮ ਪੜ੍ਹਨ ਜਾਂ ਦੇਖਣ ਵਾਲਿਆਂ ਦੇ ਦਿਲਾਂ ਅੰਦਰ ਉਨ੍ਹਾਂ ਸਬੰਧੀ ਘਿਰਣਾ ਜਾਂ ਨ਼ਫਰਤ ਦਾ ਜਜ਼ਬਾ ਪੈਦਾ ਕਰਨ ਲਈ ਹੀ ਪ੍ਰਗਟਾਈਆਂ ਜਾਂਦੀਆਂ ਹਨ ਤਾਂ ਜੋ ਲੋਕ ਉਨ੍ਹਾਂ ਨੂੰ ਮਹਿਸੂਸ ਕਰਦੇ ਹੋਏ ਉਨ੍ਹਾਂ ਤੋਂ ਕੁਝ ਸਿੱਖਿਆ ਪ੍ਰਾਪਤ ਕਰ ਸੱਕਣ।

— —



Digitized by Panjab Digital Library | www.panjabdigilib.org

# ਪ੍ਰਾਚੀਨ ਸਮੇਂ ਦੇ ਨਾਟਕ

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਟਕ ਕਲਾ ਕੋਈ ਪੁਰਾਣੀ ਨਹੀਂ । ਜੇ ਵਿਚਾਰ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਕਿਹਾ ਜਾਂ ਸਕਦਾ ਕਿ ਪੰਜਾਬੀ ਨਾਟਕ ਦਾ ਆਰੰਭ ਥੋੜੇ ਸਮੇਂ ਤੋਂ ਹੀ ਹੋਇਆ ਹੈ, ਪਰ ਅਜੇ ਤੱਕ ਅਸਲ ਅਰਥਾਂ ਵਿਚ ਪੰਜਾਬੀ ਨਾਟਕ ਦੀ ਸਟੇਜ ਪੈਦਾ ਹੀ ਨਹੀਂ ਹੋਈ। ਨਾਂ ਹੀ ਪੰਜਾਬੀ ਨਾਟਕ ਅਜੇ ਤੱਕ ਪੂਰੀ ਤਰ੍ਹਾਂ ਪ੍ਰਗਟ ਹੋਇਆ ਹੈ ਅਤੇ ਨਾ ਹੀ ਇਹ ਅਸਲ ਰੂਪ ਵਿਚ ਸਟੇਜ ਉਤੇ ਆਇਆ ਹੈ।

ਪ੍ਰਾਚੀਨ ਸਮੇਂ ਤੋਂ ਜਿਸ ਜਿਸ ਤਰ੍ਹਾਂ ਦੇ ਨਾਟਕ ਉਪਜੇ ਹਨ, ਉਨ੍ਹਾਂ ਸਬੰਧੀ ਵਿਚਾਰ ਪਰਗਟ ਕਰਦੇ ਹਾਂ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ--ਆਪ ਦਾ ਆਗਮਨ ਸੰਨ ੧੬੬੬ ਈ: ਵਿੱਚ ਸ੍ਰੀ ਪਟਣਾ ਸਾਹਿਬ (ਬਿਹਾਰ) ਵਿਚ ਹੋਇਆ, ਜਦ ਕਿ ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਪਰਚਾਰ ਦੀ ਖਾਤਰ ਆਸਾਮ ਵੱਲ ਗਏ ਹੋਏ ਸਨ। ਜਿੱਥੇ ਆਪ ਦੇਸ ਦੇ ਧਾਰਮਕ ਆਗੂ, ਦੇਸ ਰੱਖਿਅਕ ਤੇ ਮਹਾਂਬਲੀ ਜੋਧੇ ਸਨ, ਓਥੇ ਆਪ ਆਪਣੇ ਸਮੇਂ ਦੇ ਮਹਾਨ ਸਾਹਿਤਕ ਵੀ ਸਨ। ਆਪ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਪੰਜਾਬੀ ਵਿਚ ਮਹਾਨ ਕਵਿਤਾ ਉਚਾਰੀ ਅਤੇ ਆਪਣੇ ਦਰਬਾਰੀ ਕਵੀਆਂ ਨੂੰ ਲੱਖਾਂ ਰੁਪੈ ਇਨਾਮ ਦੇ ਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ। ਆਪ ਨੇ ਪੰਜਾਬੀ ਛੰਦਾ ਬੰਦੀ ਵਿਚ ਇਕ ਨਾਟਕ ਲਿਖਿਆ, ਜਿਸ ਦਾ ਨਾਂ 'ਬਚਿਤ੍ਰ ਨਾਟਕ' ਹੈ। ਇਹ ਨਾਟਕ ਸੰਨ ੧੭੫੦ ਬਿਕਰਮੀ ਦੇ ਲਗ ਪਗ ਲਿਖਿਆ ਗਿਆ, ਜਿਸ ਵਿਚ ਸਾਰੇ ਗੁਰੂ ਸਾਹਿਬਾਨ ਦਾ ਜੀਵਨ ਚਰਿੱਤ੍ਰ ਹੀ ਹੈ। ਭਾਵੇਂ ਇਹ ਨਾਟਕ ਅਜ ਕਲ ਦੇ ਨਵੀਨ ਨਾਟਕੀ ਨਿਯਮਾਂ ਅਨੁਸਾਰ ਨਹੀਂ



Digitized by Panjab Digital Library | www.panjabdigilib.org

ਲਿਖਿਆ ਗਿਆ ਤਦ ਵੀ ਇਹ ਪੰਜਾਬੀ ਸਾਹਿਤ ਵਿਚ ਇਕ ਮਹਾਨਤਾ ਰਖਦਾ ਹੈ।

ਪਰਬੋਧ ਚੰਦਰ ਨਾਟਕ:-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਬਹੁਤ ਚਿਰ ਤੱਕ ਪੰਜਾਬ ਵਿਚ ਭਾਰੀ ਗੜ ਬੜ ਰਹੀ ਇਸ ਲਈ ਇਸ ਸਮੇਂ ਵਿਚ ਕੋਈ ਸਾਹਿਤ ਨਾ ਉਪਜਿਆ। ਸੰਨ ੧੮੪੯ ਬਿਕਰਮੀ ਵਿਚ ਸੰਤ ਗੁਲਾਬ ਸਿੰਘ ਜੀ ਨੇ ਸੰਸਕ੍ਰਿਤ ਦੇ ਮਸ਼ਹੂਰ ਨਾਟਕ 'ਪ੍ਰਬੋਧ ਚੰਦਰ ਨਾਟਕ' ਦਾ ਅਨੁਵਾਦ ਪੰਜਾਬੀ ਛੰਦਾ ਬੰਦੀ ਵਿਚ ਕੀਤਾ। ਇਹ ਨਾਟਕ ਵੀ ਇਕ ਛੰਦ ਰਚਨਾ ਦਾ ਸੰਗ੍ਰਹਿ ਹੀ ਮੰਨਿਆ ਜਾ ਸਕਦਾ ਹੈ, ਕਿਉਂਕਿ ਇਹ ਵੀ ਨਵੀਨ ਨਾਟਕੀ ਨੇਮਾਂ ਅਨੁਸਾਰ ਨਹੀਂ।

ਗਿਆਨੀ ਦਿਤ ਸਿੰਘ ਜੀ:—ਆਪ ਦਾ ਜਨਮ ਭਾ: ਰਾਮ ਸਿੰਘ ਜੀ ਦੇ ਘਰ ਸੰਨ ੧੮੫੩ ਈ: ਵਿਚ ਹੋਇਆ। ਆਪ ਆਨੰਦ ਪੁਰ ਕਲੌੜ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਸਨ ਅਤੇ ਅਛੂਤ ਸ਼੍ਰੇਣੀ ਨਾਲ ਸਬੰਧ ਰਖਦੇ ਸਨ। ਇਨ੍ਹਾਂ ਨੇ ਸਿੱਖਾਂ ਵਿਚੋ 'ਛੂਤ ਛਾਤ ਦੂਰ ਕਰਨ ਲਈ ਬੜਾ ਧਰਮ ਪਰਚਾਰ ਕੀਤਾ ਅਤੇ ਅਨਮਤਾਂ ਦੀਆਂ ਧਾਰਮਕ ਪੁਸਤਕਾਂ ਸਬੰਧੀ ਪੂਰਨ ਗਿਆਨ ਪ੍ਰਾਪਤ ਕਰਕੇ ਗੁਰਮਤ ਨੂੰ ਸਭ ਨਾਲੋਂ ਮਹਾਨ ਸਿਧ ਕਰਨ ਦਾ ਯਤਨ ਕੀਤਾ। ਇਨ੍ਹਾਂ ਨੇ ਪੰਜਾਬੀ ਛੰਦਾ ਬੰਦੀ ਅਤੇ ਵਾਰਤਕ ਵਿਚ ਅਨੇਕਾਂ ਪੁਸਤਕਾਂ ਲਿਖੀਆਂ ਅਤੇ ਇੱਕ ਨਾਟਕ ਵੀ ਲਿਖਿਆ ਜਿਸ ਦਾ ਨਾਂ 'ਰਾਜ ਪ੍ਰਬੋਧ ਨਾਟਕ' ਹੈ। ਇਹ ਨਾਟਕ ਵੀ ਛੰਦਾ ਬੰਦੀ ਵਿਚ ਹੀ ਹੈ ਅਤੇ ਨਵੀਨ ਨਾਟਕੀ ਨੇਮਾਂ ਅਨੁਸਾਰ ਰੰਗ ਭੂਮੀ ਤੇ ਨਹੀਂ ਲਿਆਂਦਾ ਜਾ ਸਕਦਾ ਹੈ।

ਡਾ: ਚਰਨ ਸਿੰਘ ਜੀ:—ਆਪ ਦਾ ਜਨਮ ਸੰਨ ੧੮੫੩ ਈ: ਨੂੰ ਹੋਇਆ। ਆਪ ਸੰਸਕ੍ਰਿਤ, ਹਿੰਦੀ, ਫਾਰਸੀ ਅਤੇ ਅੰਗ੍ਰੇਜ਼ੀ ਦੇ ਮਹਾਂ ਵਿਦਵਾਨ ਸਨ। ਰਾਗ ਵਿਦਿਆ ਅਤੇ ਗੁਰਬਾਣੀ ਦੇ ਚੰਗੇ ਸਿਆਣੇ ਸਨ। ਕਈ ਨਿਰਮਲੇ ਸੰਤ ਆਪ ਪਾਸੋਂ ਸੂਰਜ ਪ੍ਰਕਾਸ਼ ਅਤੇ



Digitized by Panjab Digital Library | www.panjabdigilib.org

ਤੁਲਸੀ ਰਾਮਾਇਣ ਆਦਿ ਪੜ੍ਹਨ ਲਈ ਆਉਂਦੇ ਸਨ। ਇਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਵਿਚੋਂ 'ਜੰਗ ਮੜੋਲੀ, ਕੇਸਰੀ ਚਰਖਾ, ਅਟੱਲ ਪ੍ਰਕਾਸ਼, ਸ਼ੀਲਾ, ਸਿਦਕੀ ਸਿਖ ਭਾਈ ਮਨੀ ਸਿੰਘ ਜੀ, ਅਤੇ ਸ਼ਕੁੰਤਲਾ ਨਾਟਕ ਆਦਿਕ ਪ੍ਰਸਿੱਧ ਸਨ।

ਇਨ੍ਹਾਂ ਨੇ ਕਾਲੀ ਦਾਸ ਦੇ ਮਹਾਨ ਸੰਸਕ੍ਰਿਤ ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਸੰਨ ੧੮੯੯ ਈ: ਵਿੱਚ ਕੀਤਾ। ਪੰਜਾਬੀ ਸਾਹਿਤ ਵਿਚ ਅਸਲ ਅਰਥਾਂ ਅੰਦਰ ਸਭ ਤੋਂ ਪਹਿਲਾ ਇਹੋ ਨਾਟਕ ਮੰਨਿਆ ਜਾ ਸਕਦਾ ਹੈ ਜੋ ਸਟੇਜ ਉੱਤੇ ਸੁਹਣੀ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ। ਇਸ ਵਿੱਚ ਵਾਰਤਕ ਅਤੇ ਛੰਦ ਰਚਨਾ ਦੋਹਾਂ ਰੂਪਾਂ ਵਿੱਚ ਗੱਲ ਬਾਤ ਕੀਤੀ ਗਈ ਹੈ। ਇਸ ਨਾਟਕ ਦੀ ਬੋਲੀ ਅਤਿ ਦਰਜੇ ਦੀ ਠੇਠ ਅਤੇ ਮੁਹਾਵਰੇ ਅਨੁਸਾਰ ਹੈ। ਇਸ ਨਾਟਕ ਦੇ ਪੜ੍ਹਨ ਤੋਂ ਕਾਲੀ ਦਾਸ ਦੇ ਮੌਲਿਕ ਨਾਟਕ ਦਾ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨਾਟਕ ਵਿੱਚ ਜਦੋਂ ਰਾਜਾ ਦੁਖਿਅੰਤ ਸ਼ਕਾਰ ਖੇਡਦਾ ਇਕ ਹਰਨ ਦੇ ਮਗਰ ਰਿਸ਼ੀਆਂ ਦੇ ਆਸ਼ਰਮ ਤੱਕ ਜਾਂਦਾ ਹੈ ਤਾਂ ਇੱਕ ਰਿਸ਼ੀ ਉਸ ਨੂੰ ਆਸ਼ਰਮ ਦੇ ਹਰਨਾਂ ਬਾਬਤ ਇਸ ਤਰ੍ਹਾਂ ਕਹਿੰਦਾ ਹੈ:–

ਇਹ ਕੋਮਲ ਤਨ ਲਾਡਾਂ ਪਲਿਆ
ਬਾਣ ਸਹਾਰਨ ਜੋਗਾ ਨਾਹੀਂ, ਏਸੇ ਆਸ਼ਰਮ ਹਲਿਆ।
ਜਿਉਂ ਫੁੱਲਾਂ ਦੇ ਢੇਰਾਂ ਦੇ ਵਿੱਚ, ਅੱਗ ਨ ਰਖਦੇ ਸਿਆਣੇ।
ਤਿਉਂ ਇਹ ਨਿਰਮਲ ਮਿਰਗ ਹੈਨ,ਅਤਿ ਕੋਮਲ ਪ੍ਰਾਣ ਨਿਮਾਣੇ।

ਕਿਹਾ ਸੁਹਣਾ ਬਿਆਨ ਹੈ। ਬੋਲੀ ਠੇਠ ਅਤੇ ਖਿਆਲ ਉੱਚੇ ਹਨ। ਆਪ ਸੰਨ ੧੯੦੮ ਵਿਚ ਚਲਾਣਾ ਕਰ ਗਏ।

### ਭਾ: ਵੀਰ ਸਿੰਘ ਜੀ:--

ਆਪ ਦੀ ਬਾਬਤ ਇਕ ਮਹਾਨ ਕਵੀ ਹੋਣ ਦੀ ਹੈਸੀਅਤ ਵਿਚ ਪਹਿਲੇ ਦਸਿਆ ਜਾ ਚੁੱਕਾ ਹੈ। ਜਿੱਥੇ ਆਪ ਨੇ ਕਵਿਤਾ ਤੇ ਵਾਰਤਕ



Digitized by Panjab Digital Library | www.panjabdigilib.org

ਦੀਆਂ ਅਨੇਕਾਂ ਪੁਸਤਕਾਂ ਲਿਖੀਆਂ ਹਨ, ਓਥੇ ਆਪ ਨੇ ਹੀ ਸਭ ਤੋਂ ਪਹਿਲਾਂ ਸੰਨ ੧੯੩੩ ਈ: ਵਿਚ ਪੰਜਾਬੀ ਦਾ ਪਹਿਲਾ ਮੌਲਿਕ ਨਾਟਕ 'ਰਾਜਾ ਲਖਦਾਤਾ ਸਿੰਘ' ਪ੍ਰਕਾਸ਼ਤ ਕੀਤਾ। ਇਹ ਨਾਟਕ ਬੜਾ ਦਿਲ ਖਿੱਚਵਾਂ ਤੇ ਸਵਾਦਲਾ ਹੈ। ਇਸ ਵਿਚ ਸਿੱਖੀ ਆਦਰਸ਼ ਨੂੰ ਉੱਚਾ ਰਖਣ ਦੀ ਪ੍ਰੇਰਨਾ ਕੀਤੀ ਗਈ ਹੈ।

ਇਸ ਨਾਟਕ ਦੀਆਂ ਕੁਲ ਤੇਰਾਂ ਝਾਕੀਆਂ ਹਨ। ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਪਾਤਰ ਬੜੇ ਸਿਆਣੇ ਤੇ ਸੁਚੱਜੇ ਹਨ। ਜਿਸ ਤਰ੍ਹਾਂ ਦੇ ਪਾਤਰ ਲਿਆਂਦੇ ਗਏ ਹਨ ਉਨ੍ਹਾਂ ਦੀ ਬੋਲੀ ਵੀ ਉਸੇ ਤਰ੍ਹਾਂ ਦੀ ਹੀ ਵਰਤੀ ਹੈ।

ਇਕ ਪਾਦਰੀ ਇਕ ਯਤੀਮ ਸਿੱਖ ਬਚੇ ਨੂੰ ਈਸਾਈ ਹੋ ਜਾਣ ਲਈ ਇਸ ਤਰ੍ਹਾਂ ਪ੍ਰੇਰਨਾ ਕਰਦਾ ਹੈ। ਇਸ ਦੀ ਬੋਲੀ ਵੀ ਇਕ ਅੰਗ੍ਰੇਜ਼ ਪਾਦਰੀ ਵਰਗੀ ਹੀ ਵਰਤੀ ਹੈ।

'ਪਾਦਰੀ—ਬੱਚੂ ਕਿਉਂ ਚਿੱਲਾਟਾ ਹੈਂ। ਟੇਰੇ ਧਰਮ ਕੇ ਲੋਗੋਂ ਕੋ ਕਹਾਂ ਫੁਰਸਤ, ਬਹੁਤ ਕਾਮ ਕੇ ਆਦਮੀ ਹੈਂ, ਆਪਣੀ ਜੂਤੀ ਪੈਜ਼ਾਰ ਸੇ ਕਿਸੀ ਕੋ ਫ਼ੁਰਸਤ ਹੈ? ਯਾ ਆਪਣੀ ਐਸ਼ ਸੇ ਕੁਛ ਵਕਤ ਮਿਲਤਾ ਹੈ ਕਿਆ? ਹਮ ਟੁਮ ਪੇ ਜ਼ਬਰ ਨਹੀਂ ਕਰਟਾ, ਹਮ ਟਰਸ ਕਰਟਾ ਹੈ। ਸਮਝੇ ਅਨਪੜ੍ਹ ਮੁੰਡੇ! ਚੱਲ ਦੇਖ ਯਸੂਹ ਜੀ ਕਾ ਦਰਬਾਰ। ਤੁਮ ਕੋ ਆਰਾਮ ਮਿਲੇਗਾ ਲੜਕਾ ਲੋਗ।'

ਕਿਹਾ ਅਨੋਖਾ ਬਿਆਨ ਤੇ ਅਸਲ ਵਰਗਾ ਦ੍ਰਿਸ਼ ਹੈ। ਇਸ ਵਿਚ ਬੜੀਆਂ ਬੜੀਆਂ ਸਵਾਦਲੀਆਂ ਝਾਕੀਆਂ ਪੇਸ਼ ਕੀਤੀਆਂ ਹਨ।

### ਅਰੂੜ ਸਿੰਘ ਜੀ ਤਾਇਬ:—

ਆਪ ਅੰਮ੍ਰਿਤਸਰ ਦੇ ਇਕ ਮਸ਼ਹੂਰ ਸਾਹਿਤਕ ਹੋਏ ਹਨ, ਜਿਨ੍ਹਾਂ ਨੇ ਅਨੇਕਾਂ ਅਨੁਵਾਦ ਕੀਤੇ ਅਤੇ ਕਈ ਮੌਲਿਕ ਕਹਾਣੀਆਂ ਤੇ ਨਾਵਲ ਵੀ ਲਿਖੇ। ਸੰਨ ੧੯੧੧ ਈ: ਵਿੱਚ ਇਨ੍ਹਾਂ ਨੇ 'ਸੁੱਕਾ ਸਮੁੰਦਰ'



Digitized by Panjab Digital Library | www.panjabdigilib.org

ਨਾਂ ਦਾ ਨਾਟਕ ਲਿਖਿਆ। ਜਿਸ ਦੀ ਵਾਰਤਾ ਬੜੀ ਸਵਾਦਲੀ ਹੈ। ਇਸ ਨਾਟਕ ਵਿਚ ਜੀਵਨ ਸਬੰਧੀ ਕਈ ਤਰ੍ਹਾਂ ਦੀਆਂ ਸਿੱਖਿਆ ਦਿਤੀਆਂ ਗਈਆਂ ਹਨ। ਬੋਲੀ ਠੇਠ ਤੋਂ ਮੁਹਾਵਰੇ ਅਨੁਸਾਰ ਹੈ। ਪਾਤਰਾਂ ਦੀ ਸੁਭਾ ਉਸਾਰੀ ਵੀ ਬੜੀ ਖੂਬੀ ਨਾਲ ਕੀਤੀ ਹੈ। ਕੁਦਰਤੀ ਨਜ਼ਾਰਿਆਂ ਦਾ ਬਿਆਨ ਬਿਲਕੁਲ ਨਹੀਂ। ਜੇ ਨਾਟਕੀ ਲਿਹਾਜ਼ ਤੋਂ ਇਸ ਉਤੇ ਪੜਚੋਲ ਕੀਤੀ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਟਕ ਉਤੇ ਇਕ ਪਾਸੇ ਭਾਰਤੀ ਨਾਟਕ ਕਲਾ ਅਤੇ ਦੂਸਰੇ ਪਾਸੇ ਪੱਛਮੀ ਨਾਟਕ ਕਲਾ ਦਾ ਅਸਰ ਪਰਤੀਤ ਹੁੰਦਾ ਹੈ। ਗੱਲ ਬਾਤੀ ਢੰਗ ਤੇ ਹਾਵਾਂ ਭਾਵਾਂ ਦੇ ਲਿਹਾਜ਼ ਨਾਲ ਇਹ ਨਾਟਕ ਚੰਗਾ ਹੀ ਕਿਹਾ ਜਾ ਸਕਦਾ ਹੈ।

## ਪੰਜਾਬੀ ਨਾਟਕ ਕਲਾ ਦਾ ਵਿਚਲਾ ਸਮਾਂ

ਸੰਨ ੧੯੨੬ ਵਿਚ ਜਦੋਂ ਪੰਜਾਬੀ ਸਭਾ ਕਾਇਮ ਕੀਤੀ ਗਈ, ਕਵਿਤਾ ਅਤੇ ਪੰਜਾਬੀ ਵਾਰਤਕ ਦੇ ਨਾਲ ਨਾਲ ਕਲਾਕਾਰਾਂ ਨੇ ਪੰਜਾਬੀ ਨਾਟਕ ਵੱਲ ਵੀ ਧਿਆਨ ਦਿੱਤਾ। ਇਸ ਸਮੇਂ ਨੂੰ ਅਸੀਂ ਪੰਜਾਬੀ ਨਾਟਕ ਕਲਾ ਦਾ ਵਿਚਲਾ ਸਮਾਂ ਆਖ ਸਕਦੇ ਹਾਂ। ਇਸ ਸਮੇਂ ਵਿਚ ਹੇਠ ਲਿਖੇ ਕਲਾਕਾਰਾਂ ਨੇ ਪੰਜਾਬੀ ਨਾਟਕ ਤੇ ਇਕਾਂਗੀ ਲਿਖ ਕੇ ਨਾਟਕ ਕਲਾ ਨੂੰ ਸਿੱਖਰ ਤੱਕ ਲੈ ਜਾਣ ਦਾ ਉੱਦਮ ਕੀਤਾ:-

ਸ੍ਰ: ਮਾਨ ਸਿੰਘ ਜੱਜ ਹਾਈਕੋਰਟ ਫਰੀਦਕੋਟ:-

ਆਪ ਬੜੇ ਭਾਰੇ ਸਾਹਿਤਕ ਖੋਜੀ ਤੇ ਵਿਦਵਾਨ ਸਨ ਵਕਾਲਤ ਕਰਦੇ ਰਹੇ, ਫੇਰ ਗੁਰਦਵਾਰਾ ਟ੍ਰਿਬਿਯੂਨਲ ਦੇ ਜੱਜ ਅਤੇ ਫੇਰ ਹਾਈਕੋਰਟ ਫ਼ਰੀਦਕੋਟ ਦੇ ਜੱਜ ਵੀ ਰਹੇ। ਜਿਥੇ ਆਪ ਨੇ ਹੋਰ ਕਈ ਪੁਸਤਕਾਂ ਲਿਖੀਆਂ ਓਥੇ ਆਪ ਨੇ ਸੰਨ ੧੯੨੭ ਵਿਚ ਮਹਾਨ ਕਵੀ ਕਾਲੀਦਾਸ ਦੇ ਮਸ਼ਹੂਰ ਨਾਟਕ 'ਵਿਕ੍ਰਮੋਰਵਸ਼ੀ' ਦਾ ਪੰਜਾਬੀ



Digitized by Panjab Digital Library | www.panjabdigilib.org

ਅਨੁਵਾਦ ਕੀਤਾ ਹੈ । ਇਹ ਅਨੁਵਾਦ ਹਰ ਤਰ੍ਹਾਂ ਨਾਲ ਉੱਤਮ ਤੇ ਕਲਾ ਪੂਰਤ ਕਿਹਾ ਜਾ ਸਕਦਾ ਹੈ। ਪੜ੍ਹਦਿਆਂ ਪੜ੍ਹਦਿਆਂ ਅਸਲ ਦਾ ਸਵਾਦ ਆ ਜਾਂਦਾ ਹੈ। ਜੇ ਕਾਲੀਦਾਸ ਦੇ ਮਨੋਭਾਵਾਂ ਦਾ ਅਸਲ ਰੂਪ ਵਿਚ ਤਰਜਮਾ ਕੀਤਾ ਹੈ ਤਾਂ ਆਪ ਨੇ ਹੀ। ਇਹ ਨਾਟਕ ਵਾਰਤਕ ਤੇ ਛੰਦਾ-ਬੰਦੀ, ਦੋਹਾਂ ਰੂਪਾਂ ਵਿਚ ਮਿਲਦਾ ਹੈ । ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਇਸ ਨਾਟਕ ਦਾ ਨਾਇਕ ਰਾਜਾ ਪੂਰੂਰਵਸ਼ ਆਪਣੀ ਪਿਆਰੀ ਉਰਵਸ਼ੀ ਦੇ ਪਿਆਰ ਵਿਚ ਬਿਹਬਲ ਹੋਇਆ ਉਸ ਦੇ ਪਤੇ ਨਿਸ਼ਾਨੀਆਂ ਪੰਛੀਆਂ ਤੇ ਜਾਨਵਰਾਂ ਕੋਲੋਂ ਪੁੱਛਦਾ ਹੈ ਤੇ ਇਕ ਹੰਸ ਨੂੰ ਇਸ ਤਰ੍ਹਾਂ ਕਹਿੰਦਾ ਹੈ:--

ਧਨਖ ਵਾਂਗ ਭਰਵੱਟਿਆਂ ਵਾਲੀ, ਛੰਭ ਕਿਨਾਰੇ ਪਿਆਰੇ।
ਜੇ ਤੂੰ ਡਿੱਠੀ ਨਹੀਂ ਪਿਆਰੀ, ਤਦ ਤੂੰ ਸੱਚ ਸੁਣਾ ਰੇ।
ਹੰਸਾਂ ਮਸਤੀ ਨਾਲ ਭਰੀ, ਇਹ ਆਕੜ ਵਾਲੀ ਚਾਲੀ।
ਚੋਰਾ ਕਿਥੋਂ ਅਹੇ ਚੁਰਾਈ ਏ ਜੋ ਚਾਲ ਨਿਰਾਲੀ।
ਗਾਲ ਪਿਆਰੀ ਦੀ ਏ ਪਿਆਰੀ, ਜਾਣੇ ਹੋਰ ਨਾ ਕੋਈ।
ਤਾਂ ਤੇ ਮੋੜ ਦੇਹ ਤੂੰ ਪਿਆਰੀ, ਹੰਸਾਂ ਦੇਰ ਨਾ ਲਾਈਂ।
ਪਿਆਰੀ ਦੇਣੀ ਆਈ ਤੈਨੂੰ ਤੈਂ ਜੋ ਚਾਲ ਚੁਰਾਈ।

ਕਿਹਾ ਸੁਹਣਾ ਖ਼ਿਆਲ ਹੈ। ਬਿਆਨ ਸਾਦਾ ਤੇ ਰੰਗ ਨਾਟਕੀ ਕਲਾ-ਪੂਰਤ ਹੈ।

ਪੰਡਿਤ ਬ੍ਰਿਜਲਾਲ ਜੀ ਸ਼ਾਸਤਰੀ —ਆਪ ਜੀ ਦਾ ਜਨਮ ਨਵੰਬਰ ੧੮੯੪ ਵਿਚ ਪਿੰਡ ਲੋਹਟੀਆਂ ਜ਼ਿਲਾ ਗੁਰਦਾਸਪੁਰ ਵਿਚ ਹੋਇਆ। ੧੯੧੮ ਵਿਚ ਐਮ. ਏ. ਤੇ ੧੯੧੯ ਵਿਚ ਸ਼ਾਸਤਰੀ ਦਾ ਇਮਤਿਹਾਨ ਪਾਸ ਕੀਤਾ । ਆਪ ਨੇ ਹਿੰਦੀ ਤੇ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ । ਪੰਜਾਬੀ ਵਿਚ ਆਪ ਨੇ ਸੰਨ ੧੯੨੦ ਵਿਚ 'ਪੂਰਨ ਨਾਟਕ' ੧੯੨੨ ਵਿਚ ਉਦੈਨ ਨਾਟਕ ਅਤੇ ੧੯੨੬



Digitized by Panjab Digital Library | www.panjabdigilib.org

ਵਿਚ ਸੁਵਿਤ੍ਰੀ ਸੁਕੰਨਿਆਂ ਨਾਟਕ ਲਿਖੇ । ਇਹ ਨਾਟਕ ਗਿਆਨੀ ਅਤੇ ਬੁੱਧੀਮਾਨੀ ਇਮਤਿਹਾਨਾਂ ਲਈ ਕੋਰਸ ਵੀ ਲਗਦੇ ਰਹੇ। ਆਪ ਦੀ ਬੋਲੀ ਭਾਵੇਂ ਠੇਠ ਪੰਜਾਬੀ ਹੈ, ਪਰ ਹਿੰਦੀ ਤੇ ਸੰਸਕ੍ਰਿਤ ਦਾ ਅਸਰ ਵੀ ਕਾਫ਼ੀ ਹੈ।

ਬਾਵਾ ਬੁਧ ਸਿੰਘ – ਆਪ ਦਾ ਜਨਮ ਸੰਨ ੧੮੭੮ ਈ: ਨੂੰ ਸ੍ਰੀ ਮਾਨ ਬਾਵਾ ਲਹਿਣਾ ਸਿੰਘ ਜੀ ਦੇ ਘਰ ਲਾਹੌਰ ਵਿਚ ਹੋਇਆ । ਆਪ ਐਗਜ਼ੈਕਟਿਵ ਐਨਜੀਨੀਅਰ ਤੇ ਐਸ. ਡੀ. ਓ. ਵੀ ਰਹੇ। ਆਪ ਸਭ ਤੋਂ ਪਹਿਲੇ ਸਾਹਿਤ ਖੋਜੀ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤਕਾਰਾਂ ਦੀ ਖੋਜ ਕਰਕੇ ਹੰਸ ਚੋਗ, ਕੋਇਲ ਕੂ ਤੇ ਬੰਬੀਹਾ ਬੋਲ ਆਦਿ ਮਹਾਨ ਪੁਸਤਕਾਂ ਲਿਖੀਆਂ। ਆਪ ਕਵੀ ਵੀ ਸਨ ਤੇ ਲਿਖਾਰੀ ਵੀ । ਆਪ ਨੇ ਨਾਟਕ ਵੀ ਲਿਖੇ ਜਿਨਾਂ ਵਿਚੋਂ ਦਾਮਨੀ, ਮੁੰਦਰੀ ਛਲ, ਚੰਦਰ ਹਰੀ ਤੇ ਨਾਰ ਨਵੇਲੀ ਆਦਿ ਨਾਟਕ ਬੜੇ ਮਸ਼ਹੂਰ ਹੋਏ। 'ਦਾਮਨੀ' ਇਕ ਅਛੂਤ ਉਧਾਰ ਦਾ ਨਾਟਕ ਹੈ। ਮੁੰਦਰੀ ਛਲ ਰਾਜੇ ਰਸਾਲੂ ਦਾ ਇਤਿਹਾਸਕ ਨਾਟਕ ਹੈ।

ਆਪ ਦੀ ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ । ਸ਼ਬਦ ਚੋਣ ਬੜੀ ਸੋਹਣੀ ਤੇ ਸੁਤੰਤਰ ਹੈ। ਲਿਖਤ ਸੁਆਦਲੀ ਤੇ ਅਲੰਕ੍ਰਿਤ ਹੈ। ਪਾਤਰ ਉਸਾਰੀ ਵਿਚ ਵੀ ਆਪ ਨੇ ਕਮਾਲ ਕੀਤੀ ਹੈ । ਜੋ ਘਟਨਾ ਲਿਖੀ ਪੂਰੀ ਖੋਜ ਤੇ ਮਿਹਨਤ ਕਰਕੇ ਲਿਖੀ ਹੈ । ਗੱਲ ਬਾਤੀ ਢੰਗ ਕੁਦਰਤੀ ਹੈ। ਇਹ ਸਾਰੇ ਨਾਟਕ ਰੰਗ ਭੂਮੀ ਦੇ ਨਿਯਮਾਂ ਅਨੁਸਾਰ ਹਰ ਤਰ੍ਹਾਂ ਨਾਲ ਚੰਗੇ ਕਹੇ ਜਾ ਸਕਦੇ ਹਨ । ਆਪ ਭਾਈਚਾਰਕ ਸੁਧਾਰ ਦੇ ਹਾਮੀ ਹਨ, ਇਸ ਲਈ ਇਨ੍ਹਾਂ ਨਾਟਕਾਂ ਵਿਚ ਭਾਈਚਾਰਕ ਸੁਧਾਰ ਦਾ ਅੰਸ਼ ਬਹੁਤ ਹੈ।

ਲਾਲਾ ਕਿਰਪਾ ਸਾਗਰ ਜੀ:–ਆਪ ਦਾ ਜਨਮ ਸੰਨ ੧੮੭੯ ਈਸਵੀ ਵਿਚ ਪਿੰਡ ਪਿਪਨਾਖਾ ਜ਼ਿਲਾ ਗੁਜਰਾਂਵਾਲਾ



Digitized by Panjab Digital Library | www.panjabdigilib.org

ਵਿਚ ਹੋਇਆ। ਇਨ੍ਹਾਂ ਦਾ ਕੁਝ ਕੁ ਹਾਲ ਪਹਿਲੇ ਕਵਿਤਾ ਵਾਲੇ ਹਿਸੇ ਵਿਚ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਨੇ ਜਿਥੇ ਪੰਜਾਬੀ ਕਵਿਤਾ ਦੀਆਂ ਪੁਸਤਕਾਂ ਲਿਖੀਆਂ ਓਥੇ ਪੰਜਾਬੀ ਨਾਟਕ ਵੀ ਲਿਖੇ, ਜਿਨ੍ਹਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨਾਟਕ ਹਿੱਸਾ ਪਹਿਲਾ ਤੇ ਦੂਜਾ ਬਹੁਤ ਪ੍ਰਸਿੱਧ ਹੈ। ਇਸ ਨਾਟਕ ਦੀ ਬੋਲੀ ਅਤਿ ਦਰਜੇ ਦੀ ਠੇਠ ਮੁਹਾਵਰੇ ਅਨੁਸਾਰ ਤੇ ਆਮ ਬੋਲ ਚਾਲ ਵਾਲੀ ਹੈ। ਪੜ੍ਹਨ ਲਗਿਆਂ ਇਸ ਤਰ੍ਹਾਂ ਪਰਤੀਤ ਹੁੰਦਾ ਹੈ ਕਿ ਸੱਚ ਮੁਚ ਅਸਲੀ ਪਾਤਰ ਗੱਲਾਂ ਕਰ ਰਹੇ ਹਨ। ਇਹ ਨਾਟਕ ਵਾਰਤਕ ਤੇ ਛੰਦਾ ਬੰਦੀ ਦੋਹਾਂ ਰੂਪਾਂ ਵਿਚ ਰਲਵਾਂ ਮਿਲਵਾਂ ਮਿਲਦਾ ਹੈ। ਇਸ ਨਾਟਕ ਦਾ ਇਹ ਗੀਤ ਪੰਜਾਬੀ ਸਾਹਿਤ ਸੰਸਾਰ ਅੰਦਰ ਬੜਾ ਪ੍ਰਸਿਧ ਹੋਇਆ:-

ਵਗਦੀ ਏ ਰਾਵੀ, ਮਾਹੀ ਵੇ! ਵਿਚ ਪੈਣ ਉਛਾਲੇ ਢੋਲਾ!
ਲੋਕਾਂ ਫੜ ਲਏ, ਮਾਹੀ ਵੇ! ਅਜ ਉਲਟੇ ਚਾਲੇ, ਢੋਲਾ!
ਭਾਈਆਂ ਭਾਈਆਂ, ਮਾਹੀ ਵੇ! ਵਿਚ ਪਿਆ ਦੁਫੇੜਾ, ਢੋਲਾ!
ਵੈਰ ਨੇ ਘਰ ਘਰ ਮਾਹੀ ਵੇ, ਕੋਈ ਜਿਹਾ ਨਾ ਵਿਹੜਾ, ਢੋਲਾ!
ਆਪੋ ਡੁੰਮਾ ਮਾਹੀ ਵੇ! ਹੁਣ ਰਿਹਾ ਨਾ ਕਾਈ ਢੋਲਾ!
ਨਵਿਆਂ ਪੋਚਾਂ ਮਾਹੀ ਵੇ! ਗੱਲ ਸਗੋਂ ਗਵਾਈ ਢੋਲਾ!

ਕਹੀ ਸਾਦਗੀ ਤੇ ਸਰਲਤਾ ਹੈ। ਸਾਰਾ ਨਾਟਕ ਜਿਥੇ ਇਤਿਹਾਸਕ ਘਟਨਾਵਾਂ ਕਰ ਕੇ ਪ੍ਰਸਿਧ ਹੈ, ਓਥੇ ਜਜ਼ਬਾਤਾਂ, ਅਲੰਕਾਰਾਂ, ਗੱਲ ਬਾਤੀ ਢੰਗ, ਹਾਵ ਭਾਵ, ਅਤੇ ਹਾਸ ਰਸ ਕਰ ਕੇ ਵੀ ਬੜਾ ਮਸ਼ਹੂਰ ਹੈ।

੫. ਪ੍ਰੋ: ਈਸ਼ਰ ਚੰਦਰ ਜੀ ਨੰਦਾ:-ਆਪ ਪੰਜਾਬ ਯੂਨੀ-ਵਰਸਿਟੀ ਦੇ ਐਮ. ਏ. ਅਤੇ ਔਕਸਫੋਰਡ ਯੂਨੀਵਰਸਿਟੀ ਦੇ ਬੀ ਏ. ਹਨ। ਜਦੋਂ ਆਪ ਅੰਗਰੇਜ਼ੀ ਬੋਲਦੇ ਹਨ ਇੰਵ ਪਰਤੀਤ ਹੁੰਦਾ ਹੈ ਕਿ ਆਪ ਇੰਗਲੈਂਡ ਵਿਚ ਹੀ ਜੰਮੇ ਪਲੇ ਹਨ। ਜੇ ਆਪ ਨੂੰ ਇਕ ਪਰਦੇ



Digitized by Panjab Digital Library | www.panjabdigilib.org

ਉਹਲੇ ਖੜਾ ਕਰਕੇ ਆਪ ਦੀਆਂ ਪੰਜਾਬੀ ਗੱਲਾਂ ਸੁਣੀਆਂ ਜਾਣ ਤਾਂ ਸੁਣਨ ਵਾਲਾ ਇਹੋ ਆਖੇਗਾ ਕਿ ਇਹ ਕੋਈ ਮਾਝੇ ਦਾ ਪੇਂਡੂ ਗੱਲਾਂ ਕਰ ਰਿਹਾ ਹੈ। ਆਪ ਬੜੇ ਵਿਦਵਾਨ ਕਲਾਕਾਰ ਹਨ। ਆਪ ਨੇ ਬਹੁ ਅੰਗੀ ਤੇ ਇਕਾਂਗੀ ਦੋਹਾਂ ਤਰ੍ਹਾਂ ਦੇ ਨਾਟਕ ਲਿਖੇ ਹਨ। ਇਨ੍ਹਾਂ ਤੋਂ ਬਿਨਾਂ ਨਾਵਲ ਤੇ ਕਹਾਣੀ ਸੰਗ੍ਰਹਿ ਵੀ ਲਿਖੇ ਹਨ। ਆਪ ਦੇ ਮਸ਼ਹੂਰ ਨਾਟਕਾਂ ਵਿਚੋਂ ਸੁਭੱਦਰਾਂ ਨਾਟਕ, ਸ਼ਾਮੂ ਸ਼ਾਹ ਤੇ ਵਰ ਘਰ ਜਾਂ ਲਿਲੀ ਦਾ ਵਿਆਹ ਹਨ ਜੋ ਗਿਆਨੀ ਅਤੇ ਐਮ. ਏ. ਦੇ ਇਮਤਿਹਾਨਾਂ ਲਈ ਕੋਰਸ ਲਗੇ ਹੋਏ ਹਨ।

ਪੰਜਾਬੀ ਨਾਟਕਕਾਰਾਂ ਵਿਚੋਂ ਅਸਾਂ ਕਲਾ ਅਤੇ ਬੋਲੀ ਦੇ ਲਿਹਾਜ਼ ਨਾਲ ਆਪ ਨੂੰ ਸਭ ਤੋਂ ਮਹਾਨ ਪਦਵੀ ਦੇ ਸਕਦੇ ਹਾਂ। ਜਿਹੋ ਜਿਹੀ ਬੋਲੀ ਠੇਠ, ਮੁਹਾਵਰੇ ਅਨੁਸਾਰ ਤੇ ਕੁਦਰਤੀ ਆਪ ਨੇ ਆਪਣੇ ਨਾਟਕਾਂ ਵਿਚ ਪੇਸ਼ ਕੀਤੀ ਹੈ, ਇਹੋ ਜਹੀ ਬੋਲੀ ਹੋਰ ਇਕ ਨਾਟਕਕਾਰ ਵੀ ਪੇਸ਼ ਨਹੀਂ ਕਰ ਸਕਿਆ। ਸੁਭੱਦਰਾਂ ਨਾਟਕ ਆਪ ਨੇ ਓਦੋਂ ਲਿਖਿਆ ਜਦੋਂ ਕਿ ਲੋਕ ਵਿਧਵਾ ਵਿਆਹ ਦਾ ਨਾਂ ਲੈਣਾ ਵੀ ਬੁਰਾ ਸਮਝਦੇ ਸਨ ਪਰ ਆਪ ਦੇ ਇਸ ਨਾਟਕ ਨੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਵਾ ਦਿਤਾ ਕਿ ਵਿਧਵਾ ਦਾ ਦੂਸਰਾ ਵਿਆਹ ਹੋਣਾ ਜ਼ਰੂਰੀ ਹੈ। ਆਪ ਦੇ ਤਿੰਨੇ ਨਾਟਕ ਸਟੇਜ ਉਤੇ ਆ ਚੁਕੇ ਹਨ।

ਸ਼ਾਮੂ ਸ਼ਾਹ ਆਪ ਨੇ ਮਹਾਨ ਕਵੀ ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਔਫ ਵੀਨਸ' ਦੀ ਕਹਾਣੀ ਦੇ ਅਧਾਰ ਉਤੇ ਲਿਖਿਆ ਹੈ। ਇਹ ਕਹਾਣੀ ਪੰਜਾਬੀ ਅੰਦਰ ਪੇਸ਼ ਕਰਨ ਵਿਚ ਇਨ੍ਹਾਂ ਨੇ ਕਮਾਲ ਕਰ ਦਿਤੀ ਹੈ, ਇਸ ਨਾਟਕ ਦੇ ਸਾਰੇ ਦੇ ਸਾਰੇ ਪਾਤਰ ਪੰਜਾਬ ਦੇ ਹੀ ਜੰਮ ਪਲ ਨਜ਼ਰ ਆਉਂਦੇ ਹਨ। ਇਸ ਨਾਟਕ ਵਿਚ ਬਸੰਤ ਸਿੰਘ ਦੀ ਵਹੁਟੀ ਪ੍ਰਦੁਮਨ ਕੌਰ ਜਦੋਂ ਵਕੀਲ ਦੇ ਵੇਸ ਵਿਚ ਅਦਾਲਤ ਅੰਦਰ ਆਉਂਦੀ ਹੈ ਤਾਂ ਸ਼ਾਮੂ ਸ਼ਾਹ ਨੂੰ ਇਸਤਰ੍ਹਾਂ ਕਹਿੰਦੀ ਹੈ:—

"ਸ਼ਾਹ ਜੀ! ਦਇਆ ਜ਼ੋਰੋ ਜ਼ੋਰੀ ਨਹੀਂ ਹੁੰਦੀ। ਇਹ ਤਾਂ



Digitized by Panjab Digital Library | www.panjabdigilib.org

ਦਿਲ ਦੀ ਭਾਵਨਾ ਹੈ ਤੇ ਆਪਣੇ ਆਪ ਨਿਕਲਦੀ ਹੈ, ਜਿਵੇਂ ਚੰਬੇ ਦੀ ਕਲੀ ਵਿਚੋਂ ਖ਼ੁਸ਼ਬੋ ਤੇ ਤਾਰਿਆਂ ਵਿਚੋਂ ਲੋਅ। ਦਇਆ ਤਾਂ ਦੁਵੱਲੀ ਭਾਗ ਲਾਉਂਦੀ ਹੈ, ਕਰਨ ਵਾਲੇ ਨੂੰ ਤੇ ਜਿਸ ਉਤੇ ਕਰੀਏ ਉਸ ਨੂੰ ਵੀ। ਬਲਵਾਨਾਂ ਵਿਚ ਦਇਆ ਵੀ ਬਲਵਾਨ ਹੁੰਦੀ ਹੈ। ਸ਼ਾਹਾਂ ਬਾਦਸ਼ਾਹਾਂ ਨੂੰ ਉਨ੍ਹਾਂ ਦੇ ਤਾਜ ਤੋਂ ਵਧ ਕੇ ਸੋਭਦੀ ਹੈ। ਸ਼ਾਹਾਂ ਦੀ ਸ਼ਾਨ ਤਾਂ ਉਨ੍ਹਾਂ ਦੇ ਤਾਜ ਤੇ ਦਰਬਾਰ ਨਾਲ ਹੈ, ਪਰ ਉਹਨਾਂ ਦੀ ਸੋਭਾ ਤੇ ਮਾਨ ਉਨ੍ਹਾਂ ਦੇ ਦਇਆ ਭਾਵ ਨਾਲ। ਦਇਆ ਸ਼ਾਹ ਜੀ! ਆਪ ਸਤਿਗੁਰਾਂ ਦਾ ਸਰੂਪ ਹੈ। ਬੰਦਾ ਵੀ ਓਦੋਂ ਈ ਰੱਬ ਨੂੰ ਪਹੁੰਚਦਾ ਹੈ, ਜਦੋਂ ਉਸ ਦੇ ਦਿਲ ਵਿਚ ਦਇਆ ਦਾ ਰਾਜ ਹੋਵੇ।'

ਕਹੀ ਸੁਹਣੀ, ਮਿੱਠੀ ਤੇ ਕੁਦਰਤੀ ਬੋਲੀ ਹੈ। ਕਿਸਤ ਨੂੰ ਬੋਲੀ ਉਤੇ ਕਾਬੂ ਹੈ ਅਤੇ ਕਹੇ ਸੁਹਣੇ ਖਿਆਲ ਹਨ। ਸੋ ਨਾਟਕੀ ਕਲਾ ਤੇ ਬੋਲੀ ਦੇ ਲਿਹਾਜ਼ ਨਾਲ ਆਪ ਪਹਿਲੇ ਤੋੜ ਦੇ ਨਾਟਕਕਾਰ ਕਹੇ ਜਾ ਸਕਦੇ ਹਨ।

ਹੁਣੇ ਜਹੇ ਇਕ ਇਕਾਂਗੀ ਨਾਟਕਾਂ ਦਾ ਸੰਗ੍ਰਹਿ 'ਝਲਕਾਰੇ' ਪ੍ਰਕਾਸ਼ਤ ਹੋਇਆ ਹੈ, ਜੋ ਬਹੁਤ ਸੁਹਣੇ ਨਾਟਕ ਕਹੇ ਜਾ ਸਕਦੇ ਹਨ। ਇਸ ਵੇਲੇ ਆਪ ਲੋਧੀ ਰੋਡ ਨਵੀਂ ਦਿੱਲੀ ਵਿੱਚ ਰਹਿੰਦੇ ਹਨ ਅਤੇ ਨੰਦਾ ਸਾਹਿਤ ਭਵਨ' ਦੇ ਮਾਲਕ ਹਨ। ਆਪ ਨੇ ਆਪਣੇ ਦੋ ਹੋਰ ਮੌਲਕ ਨਾਟਕਕਾਰਾਂ ਦਾ ਵੀ ਐਲਾਨ ਕੀਤਾ ਹੈ।

ਸ੍ਰ: ਬਲਵੰਤ ਸਿੰਘ ਜੀ—ਆਪ ਦਾ ਜਨਮ ਪਿੰਡ ਬੇਵਾਲ ਜ਼ਿਲਾ ਰਾਵਲ ਪਿੰਡੀ ਵਿਚ ਹੋਇਆ। ਆਪ ਨੇ ਐਮ. ਏ. ਤੱਕ ਵਿਦਿਆ ਪ੍ਰਾਪਤ ਕੀਤੀ। ਇਨ੍ਹਾਂ ਨੇ ਪੰਜਾਬੀ ਵਿਚ ਅਨੇਕਾਂ ਕਹਾਣੀਆਂ ਲਿਖੀਆਂ ਜੋ ਪੰਜਾਬੀ ਪ੍ਰੇਮੀਆਂ ਨੇ ਬਹੁਤ ਸਲਾਹੀਆਂ। ਆਪ ਨੇ ਪੰਜ ਨਾਟਕ ਲਿਖੇ ਜਿਨ੍ਹਾਂ ਦੇ ਨਾਂ, ੧. ਦੁਖੀ ਰਾਜਾ, ੨. ਨੂਰ ਜਹਾਂ. ੩. ਸਤਿਜੁਗੀ ਰਾਜਾ, ੪. ਹੀਰ ਤੇ ੫. ਹਰੀ ਨਾਟਕ ਹਨ। 'ਦੁਖੀ ਰਾਜਾ' ਪੰਜਾਬੀ



Digitized by Panjab Digital Library | www.panjabdigilib.org

ਬੋਲੀ ਵਿਚ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ 'ਕਿੰਗਲੀਅਰ' ਦਾ ਪੰਜਾਬੀ ਤਰਜਮਾ ਹੈ। ਬੋਲੀ ਬੜੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਜਿੱਥੇ ਆਈ. ਸੀ. ਨੰਦਾ ਜੀ ਨੂੰ ਪਹਿਲਾਂ, ਲਾ: ਕਿਰਪਾ ਸਾਗਰ ਜੀ ਨੂੰ ਦੂਸਰਾ ਦਰਜਾ ਨਾਟਕੀ ਬੋੱਲੀ ਦੇ ਲਿਹਾਜ਼ ਨਾਲ ਦਿੱਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਪੰਜਾਬੀ ਸਾਹਿਤ ਸੰਸਾਰ ਅੰਦਰ ਆਪ ਦੇ ਨਾਟਕ ਐਡੇ ਪ੍ਰਸਿਧ ਨਹੀਂ ਹੋਇ, ਪਰ ਆਪ ਨੇ ਨਾਟਕ ਕਲਾ ਦੇ ਲਿਹਾਜ਼ ਨਾਲ ਕਾਫੀ ਉੱਦਮ ਕੀਤਾ ਹੈ ਤੇ ਨਾਟਕ ਕਲਾ ਦੇ ਭੰਡਾਰ ਵਿਚ ਬਹੁਤ ਸਾਰਾ ਹਿੱਸਾ ਪਾਇਆ ਹੈ।

## ਕੁਝ ਹੋਰ ਨਾਟਕਕਾਰ

ਸੰਨ ੧੯੨੬ ਵਿਚ ਗਿਆਨੀ ਸੁਜਾਨ ਸਿੰਘ ਬੀ. ਏ. ਨੇ ਰਣਬੀਰ ਨਾਟਕ ਲਿਖਿਆ। ਗਿਆਨੀ ਨਰਾਇਣ ਸਿੰਘ ਐਮ. ਏ. ਨੇ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ 'ਕਿੰਗ ਲੀਅਰ' ਦਾ ਪੰਜਾਬੀ ਤਰਜਮਾ ਕੀਤਾ ਜਿਸ ਦਾ ਨਾਂ 'ਲਾਲ ਬਾਦਸ਼ਾਹ' ਹੈ। ਇਹ ਤਰਜਮਾ ਖਾਸ ਕਰ ਕੇ ਚੰਗਾ ਕਿਹਾ ਜਾ ਸਕਦਾ ਹੈ। ਸ੍ਰ: ਗੁਰਬਖਸ਼ ਸਿੰਘ ਜੀ ਨੋਟੰਗ ਐਡੀਟਰ ਪੰਜਾਬੀ ਪੰਚ ਨੇ 'ਪਤੀ ਪੂਜਾ' ਨਾਟਕ ਲਿਖਿਆ। ਬੇਦੀ ਕਾਕਾ ਸਿੰਘ ਬੀ. ਏ. ਨੇ 'ਰਜਨੀ ਨਾਟਕ ਲਿਖਿਆ। ਇਹ ਇਕ ਇਤਿਹਾਸਕ ਨਾਟਕ ਹੈ। ਇਸ ਦੀਆਂ ਘਟਨਾਵਾਂ ਬੜੀਆਂ ਮਨੋਰੰਜਕ ਹਨ।

ਬਾਬੂ ਫ਼ੀਰੋਜ਼ ਦੀਨ ਸ਼ਰਫ ਨੇ ਹੀਰ ਸਿਆਲ ਨਾਟਕ ਲਿਖਿਆ। ਸਰਦਾਰ ਮਿਹਰ ਸਿੰਘ ਮਿਹਰ ਨੇ ਸੰਨ ੧੯੩੨ ਵਿਚ 'ਛਲੀਏ ਨੈਨ' ਨਾਟਕ ਲਿਖਿਆ। ਸਰਦਾਰ ਗੁਰਬਖਸ਼ ਸਿੰਘ ਜੀ ਬੈਰਿਸਟਰ ਨੇ ਬ੍ਰਿਜਮੋਹਨ ਨਾਟਕ ਲਿਖਿਆ। ਇਹ ਨਾਟਕ ਛੋਟੇ ਛੋਟੇ ਹਨ, ਪਰ ਸਾਹਿਤਕ ਲਿਹਾਜ਼ ਨਾਲ ਚੰਗੇ ਮੰਨੇ ਜਾ ਸਕਦੇ ਹਨ।



Digitized by Panjab Digital Library | www.panjabdigilib.org

ਸ੍ਰ: ਸਰਮੁਖ ਸਿੰਘ ਜੀ ਅਮੋਲ—ਆਪ ਸ੍ਰੀ ਗੁਰੂ ਰਾਮਦਾਸ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਹਨ। ਐਮ. ਏ. ਗਿਆਨੀ ਜੋ: ਵੀ: ਪਾਸ ਹਨ। ਆਪ ਨੇ ਪੰਜਾਬੀ ਸਾਹਿਤ ਪ੍ਰਗਟਾਉਣ ਲਈ ਕਾਫੀ ਉੱਦਮ ਕੀਤਾ ਹੈ। ਇਨ੍ਹਾਂਨੇ ਅੰਗਰੇਜ਼ੀ ਦੇ ਮਸ਼ਹੂਰ ਨਾਟਕ 'ਏ ਮਾਈਲ ਸਟੋਨ' ਦਾ ਪੰਜਾਬੀ ਅਨੁਵਾਦ 'ਸਮੇਂ ਦੇ ਤਿੰਨ ਰੰਗ' ਕੀਤਾ। ਇਸ ਨਾਟਕ ਦੀ ਵਾਰਤਾ ਤੋਂ ਹੀ ਪਤਾ ਲਗਦਾ ਹੈ ਕਿ ਇਹ ਇਕ ਤਰਜਮਾਇਆ ਹੋਇਆ ਨਾਟਕ ਹੈ, ਪਰ ਇਨ੍ਹਾਂ ਨੇ ਤੇ ਇਨ੍ਹਾਂ ਦੇ ਮਿੱਤਰ ਪ੍ਰੋ: ਤੇਜਾ ਸਿੰਘ ਜੀ ਐਮ: ਏ: ਨੇ ਇਸ ਗੱਲ ਉਤੇ ਬਥੇਰਾ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ, ਅਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਇਹ ਇਕ ਮੌਲਿਕ ਨਾਟਕ ਹੈ, ਪਰ ਕੁਝ ਕੁ ਸਾਹਿਤ-ਕਾਰਾਂ ਤੇ ਖੋਜੀਆਂ ਨੇ ਰਸਾਲਾ 'ਪੰਜਾਬ ਹੰਸ' ਵਿਚ ਇਹ ਭਾਂਡਾ ਭੰਨ ਦਿੱਤਾ ਤੇ ਇਹ ਨਾਟਕ ਯੂਨੀਵਰਸਿਟੀ ਦੇ ਇਮਤਿਹਾਨ ਤੋਂ ਹਟਾਇਆ ਗਿਆ।

ਏਸੇ ਤਰ੍ਹਾਂ ਆਪ ਨੇ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ ਜੂਲੀਅਸ ਸੀਜ਼ਰ ਦੀ ਵਾਰਤਾ ਦੇ ਲਿਹਾਜ਼ ਤੇ 'ਜੱਸਾ ਸਿੰਘ' ਨਾਟਕ ਲਿਖਿਆ ਹੈ। ਇਹ ਨਾਟਕ ਨਾਟਕੀ ਲਿਹਾਜ਼ ਨਾਲ ਤਾਂ ਚੰਗਾ ਕਿਹਾ ਜਾ ਸਕਦਾ ਹੈ, ਪਰ ਘਟਨਾਵਾਂ ਦੇ ਲਿਹਾਜ਼ ਨਾਲ ਨਹੀਂ। ਇਸ ਨਾਟਕ ਵਿਚ ਦਿਤੀਆਂ ਘਟਨਾਵਾਂ ਦੇ ਵਿਰੁਧ ਰਾਮਗੜ੍ਹੀਆ ਫੈਡਰੇਸ਼ਨ ਨੇ ਜ਼ੋਰਦਾਰ ਆਵਾਜ਼ ਉਠਾਈ ਕਿ ਇਹ ਨਾਟਕ ਪੰਥ ਵਿਚ ਫੁੱਟ ਦਾ ਕਾਰਨ ਬਣ ਸਕਦਾ ਹੈ। ਬੋਲੀ ਤੇ ਖਿਆਲਾਂ ਦੇ ਲਿਹਾਜ਼ ਨਾਲ ਇਹ ਨਾਟਕ ਚੰਗਾ ਮੰਨਿਆ ਜਾ ਸਕਦਾ ਹੈ।

ਸ੍ਰ: ਗੁਰਬਖਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ:—

ਇਨ੍ਹਾਂ ਦਾ ਜਨਮ ੧੮੯੫ ਈ: ਵਿਚ ਸਿਆਲ ਕੋਟ ਦੇ ਇੱਕ ਚੰਗੇ ਘਰਾਣੇ ਵਿਚ ਹੋਇਆ। ਇਨ੍ਹਾਂ ਨੇ ਅਮ੍ਰੀਕਾ ਵਿਚ ਚਾਰ ਸਾਲ



Digitized by Panjab Digital Library | www.panjabdigilib.org

ਵਿਦਿਆ ਪ੍ਰਾਪਤ ਕੀਤੀ ਅਤੇ ਬੀ. ਐਸ. ਸੀ, (ਐਨਜੀਨੀਅਰਿੰਗ) ਦੀ ਡਿਗਰੀ ਪ੍ਰਾਪਤ ਕੀਤੀ। ਵਾਪਸੀ ਤੇ ਯੂਰਪ ਦੇ ਕੁਝ ਦੇਸਾਂ ਦੀ ਸੈਰ ਵੀ ਕੀਤੀ। ੧੯੨੪ ਤੋਂ ਲੈ ਕੇ ੧੯੩੧ ਤੱਕ ਇਨ੍ਹਾਂ ਰੇਲਵੇ ਵਿਚ ਨੌਕਰੀ ਕੀਤੀ ਅਤੇ ਫੇਰ ਨੌਸ਼ਹਿਰੇ ਵਿਚ ਜ਼ਮੀਨ ਠੇਕੇ ਤੇ ਲੈ ਕੇ ਸਾਇੰਸ ਦੇ ਨਵੇਂ ਤ੍ਰੀਕਿਆਂ ਨਾਲ ਵਾਹੀ ਕੀਤੀ।

ਅਮ੍ਰੀਕਾ ਵਿਚ ਵੀ ਆਪ ਲੇਖ ਅਤੇ ਨਾਟਕ ਲਿਖਦੇ ਰਹੇ, ਇਸ ਲਈ ਏਥੇ ਆ ਕੇ ਇਨ੍ਹਾਂ ਨੇ ਸੰਨ ੧੯੩੩ ਵਿਚ ਪ੍ਰੀਤ ਲੜੀ ਮਾਸਕ ਪੱਤਰ ਜਾਰੀ ਕੀਤਾ। ਫੇਰ ਲਾਹੌਰ ਆ ਗਏ ਅਤੇ ੧੯੩੬ ਵਿਚ ਲੋਪੋਕੀ ਜ਼ਿਲਾ ਅੰਮ੍ਰਿਤਸਰ ਦੇ ਕੋਲ ਇਕ ਨਗਰ ਵਸਾਇਆ ਜਿਸ ਦਾ ਨਾਂ 'ਪ੍ਰੀਤ ਨਗਰ' ਰਖਿਆ। ਇਸ ਸਮੇਂ ਵਿਚ ਇਨ੍ਹਾਂ ਬਹੁਤ ਸਾਰੀ ਵਾਰਤਕ ਲਿਖੀ। ੧੯੪੨ ਤੋਂ ਮਗਰੋਂ ਆਪ ਦੀਆਂ ਲਿਖਤਾਂ ਦਾ ਢੰਗ ਬਦਲ ਗਿਆ ਅਤੇ ਆਪ ਨੇ ਬਹੁਤ ਸਾਰਾ ਅਗੇ ਵਧੂ ਸਾਹਿਤ ਉਪਜਾਇਆ। ਬਹੁਤ ਸਾਰੇ ਸੋਵੀਅਟ ਸਾਹਿਤ ਦੇ ਤਰਜਮੇ ਕੀਤੇ। ਇਨ੍ਹਾਂ ਨੇ ਰਾਜਕੁਮਾਰੀ ਲੱਤਕਾ ਅਤੇ ਹੋਰ ਚਾਰ ਪੰਜ ਪ੍ਰੀਤ ਡਰਾਮੇ ਲਿਖੇ। ਆਧੁਨਿਕ ਕਾਲ ਦੇ ਆਪ ਸਭ ਤੋਂ ਵਡੇ ਵਾਰਤਕ ਲਿਖਾਰੀ ਮੰਨੇ ਜਾਂਦੇ ਹਨ। ਜਿੰਨਾ ਜ਼ੋਰ ਇਨ੍ਹਾਂ ਦੀਆਂ ਲਿਖਤਾਂ ਵਿਚ ਹੈ, ਸ਼ਾਇਦ ਹੀ ਏਨਾ ਜ਼ੋਰ ਕਿਸੇ ਹੋਰ ਵਾਰਤਕ ਲਿਖਾਰੀ ਦੀਆਂ ਲਿਖਤਾਂ ਵਿਚ ਹੋਵੇ। ਜਿਸ ਤਰ੍ਹਾਂ ਡਾ: ਭਾਈ ਵੀਰ ਸਿੰਘ ਜੀ ਨੇ ਉੱਚ ਪਾਏ ਦਾ ਧਾਰਮਕ ਸਾਹਿਤ ਉਪਜਾਇਆ ਹੈ, ਇਸੇ ਤਰ੍ਹਾਂ ਇਨ੍ਹਾਂ ਨੇ ਸਮਾਜਕ, ਭਾਈਚਾਰਕ ਤੇ ਰਾਜਸੀ ਮਾਮਲਿਆਂ ਨਾਲ ਸਬੰਧ ਰਖਣ ਵਾਲਾ ਬਹੁਤ ਸਾਰਾ ਸਾਹਿਤ ਉਤਪੰਨ ਕੀਤਾ ਹੈ।

ਇਨ੍ਹਾਂ ਨੇ ਕਹਾਣੀਆਂ ਦੇ ਅਨੇਕਾਂ ਸੰਗ੍ਰਹਿ ਪ੍ਰਕਾਸ਼ਤ ਕੀਤੇ ਹਨ। ਇਨ੍ਹਾਂ ਦੇ ਨਾਟਕ ਕਈ ਵਾਰੀ ਪੰਜਾਬੀ ਸਟੇਜ ਉਤੇ ਆ ਚੁੱਕੇ ਹਨ। ਇਨ੍ਹਾਂ ਦੇ ਨਾਟਕਾਂ ਦਾ ਮਜ਼ਮੂਨ ਆਮ ਨਾਟਕ ਕਾਰਾਂ ਨਾਲੋਂ ਬਿਲਕੁਲ ਵੱਖਰਾ ਹੈ। 'ਰਾਜ ਕੁਮਾਰੀ ਲਤਿਕਾ' ਇਨ੍ਹਾਂ ਦਾ ਸਭ ਤੋਂ



Digitized by Panjab Digital Library | www.panjabdigilib.org

ਚੰਗਾ ਨਾਟਕ ਮੰਨਿਆਂ ਜਾ ਸਕਦਾ ਹੈ । ਭਾਵੇਂ ਇਨ੍ਹਾਂ ਦਾ ਇਹ ਨਾਟਕ ਤਜਰਬੇ ਤੇ ਹੁਨਰ ਤੋਂ ਊਣਾ ਹੀ ਦਸਿਆ ਜਾ ਸਕਦਾ ਹੈ। ਪਰ ਫੇਰ ਵੀ ਆਦਰਸ਼ ਦੇ ਲਿਹਾਜ਼ ਨਾਲ ਪੰਜਾਬੀ ਸਾਹਿਤ ਵਿਚ ਇਕ ਸਭ ਤੋਂ ਨਿਰਾਲਾ ਅਤੇ ਅਨੋਖਾ ਨਾਟਕ ਮੰਨਿਆਂ ਜਾ ਸਕਦਾ ਹੈ ਇਸ ਨਾਟਕ ਦਾ ਮੰਤਵ ਜਨਤਾ ਦੇ ਸਾਹਮਣੇ ਸਹਿਜ ਪ੍ਰੇਮ ਦੇ ਝਲਕਾਰੇ ਪੇਸ਼ ਕਰਨਾ ਹੈ। ਸੋ ਰਾਜਕੁਮਾਰੀ ਲਤਿਕਾ ਇਸ ਸਮੇਂ ਤੱਕ ਆਪਣੀ ਕਿਸਮ ਦਾ ਸਭ ਤੋਂ ਪਹਿਲਾ ਅਤੇ ਨਿਰਾਲਾ ਨਾਟਕ ਹੈ।

ਇਸ ਨਾਟਕ ਦਾ ਪਲਾਟ ਅਥਵਾ ਵਾਰਤਾ ਬੜੀ ਅਨੋਖੀ ਹੈ। ਰਾਜਕੁਮਾਰੀ ਲਤਿਕਾ ਮਹਾਰਾਜ ਬਲਰਾਜ ਦੀ ਇਕਲੌਤੀ ਧੀ ਹੈ। ਜਿਸ ਦਾ ਸੁਭਾ ਗਰੀਬਾਂ ਤੇ ਜਨਤਾ ਦੀ ਸੇਵਾ ਕਰਨਾ ਹੈ, ਪਰ ਮਹਾਰਾਜ ਬਲਰਾਜ ਇਸ ਦੇ ਇਸ ਸੁਭਾ ਨੂੰ ਬੁਰਾ ਸਮਝਦਾ ਹੈ । ਇਕ ਦਿਨ ਇਕ ਨੌਜਵਾਨ ਸ਼ਾਹੀ ਘੋੜ ਸਵਾਰਾਂ ਦੇ ਘੋੜਿਆਂ ਦੇ ਸੁੰਮਾ ਥੱਲੇ ਆ ਕੇ ਲਤਾੜਿਆ ਜਾਂਦਾ ਹੈ! ਇਹ ਝੱਟ ਜਾ ਕੇ ਉਸ ਦੀ ਸਹਾਇਤਾ ਕਰਦੀ ਹੈ ਤੇ ਸ਼ਾਹੀ ਹਸਪਤਾਲ ਵਿਚ ਪਹੁੰਚਾ ਕੇ ਉਸ ਦਾ ਇਲਾਜ ਕਰਵਾਉਂਦੀ ਹੈ। ਬਲਰਾਜ ਇਸ ਗੱਲ ਨੂੰ ਬੁਰਾ ਜਾਣਦਾ ਹੈ। ਰਾਜ ਕੁਮਾਰੀ ਲਤਿਕਾ ਨੂੰ ਜਦੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਉਹ ਨੌਜਵਾਨ ਮਨਧੀਰ ਹੈ, ਜਿਸ ਨੇ ਆਪਣਾ ਜੀਵਨ ਲੋਕ ਸੇਵਾ ਵਾਸਤੇ ਅਰਪਨ ਕੀਤਾ ਹੋਇਆ ਹੈ ਤਾਂ ਦੋਹਾਂ ਦੇ ਦਿਲਾਂ ਵਿਚ ਇਕ ਦੂਜੇ ਵਾਸਤੇ ਅਥਾਹ ਪ੍ਰੇਮ ਪੈਦਾ ਹੋ ਜਾਂਦਾ ਹੈ, ਪਰ ਇਹਨਾਂ ਦੇ ਦਿਲਾਂ ਵਿਚ ਕੋਈ ਕਾਮਨਾ ਨਹੀਂ ਹੁੰਦੀ। ਇਕ ਰਾਤ ਮਨਧੀਰ ਰਾਜਕੁਮਾਰੀ ਲਤਿਕਾ ਦੇ ਸੱਦੇ ਉੱਤੇ ਉਸ ਨੂੰ ਮਿਲਣ ਲਈ ਉਸ ਦੇ ਮਹੱਲ ਵਿਚ ਜਾਂਦਾ ਹੈ। ਜਦੋਂ ਤਕਰੀਬਨ ਇਕ ਵਜੇ ਵਾਪਸ ਆਉਣ ਲਗਦਾ ਹੈ ਤਾਂ ਬਲਰਾਜ ਪਸਤੌਲ ਲੈ ਕੇ ਉਸ ਨੂੰ ਪੌੜੀਆਂ ਵਿਚ ਆ ਘੇਰਦਾ ਹੈ। ਲਤਿਕਾ ਉਸ ਨੂੰ ਚਿੰਬੜ ਜਾਂਦੀ ਹੈ। ਬਲਰਾਜ ਕਹਿੰਦਾ ਹੈ ਕਿ ਜੇ ਇਹ ਲਤਿਕਾ ਦੇ ਨਾਲ ਵਿਆਹ ਕਰਵਾ ਲਵੇ ਅਤੇ ਮੇਰੇ ਸੂਬੇ ਦੀ ਗਵਰਨਰੀ ਪਰਵਾਨ ਕਰੇ



Digitized by Panjab Digital Library | www.panjabdigilib.org

ਤਾਂ ਉਸ ਨੂੰ ਮੁਆਫ ਕੀਤਾ ਜਾ ਸਕਦਾ ਹੈ। ਪਰ ਲਤਿਕਾ ਕੋਈ ਸ਼ਰਤ ਨਹੀਂ ਚਾਹੁੰਦੀ। ਇਸ ਲਈ ਬਲਰਾਜ ਮਨਧੀਰ ਨੂੰ ਗੋਲੀ ਮਾਰਦਾ ਹੈ। ਉਹ ਗੋਲੀ ਰਾਜਕੁਮਾਰੀ ਲਤਿਕਾ ਨੂੰ ਵੱਜ ਜਾਂਦੀ ਹੈ। ਬਲਰਾਜ ਵੀ ਬੇਹੋਸ਼ ਹੋਕੇ ਡਿੱਗ ਪੈਂਦਾ ਹੈ ਤੇ ਮਨਧੀਰ ਬਲਰਾਜ ਵਾਲੀ ਪਸਤੌਲ ਚੁਕ ਕੇ ਇਕ ਗੋਲੀ ਆਪਣੇ ਮੱਥੇ ਵਿੱਚ ਮਾਰ ਲੈਂਦਾ ਹੈ।

ਇਹ ਵਾਰਤਾ ਅਤੇ ਇਸ ਦਾ ਮੰਤਵ ਆਮ ਸੰਸਾਰ ਵਿਚ ਕਿਤੇ ਵੀ ਪਰਤੀਤ ਨਹੀਂ ਹੁੰਦੇ। ਨਾਟਕ ਵਿਚ ਪਾਤਰਾਂ ਦਾ ਸੁਭਾ ਬੜਾ ਸੁਹਣਾਂ ਦੱਸਿਆ ਗਿਆ ਹੈ।

ਗੱਲ ਬਾਤੀ ਢੰਗ ਵੀ ਬੜਾ ਸੁਹਣਾ ਹੈ। ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ। ਗੱਲ ਬਾਤ ਵਿਚੋਂ ਕਵਿਤਾ ਦਾ ਸਵਾਦ ਆਉਂਦਾ ਹੈ। ਜਦ ਮਨਧੀਰ ਤੇ ਲਤਿਕਾ ਆਪਸ ਵਿਚ ਮਿਲਦੇ ਹਨ ਤਾਂ ਉਨ੍ਹਾਂ ਦੀ ਗੱਲ ਬਾਤ ਇਸ ਤਰ੍ਹਾਂ ਹੁੰਦੀ ਹੈ:-

ਮਨਧੀਰ-ਮੇਰੀ ਰਾਣੀ ਜੀ! ਜ਼ਿੰਦਗੀ ਦੇ ਪੈਂਡੇ ਤੋਂ ਥੱਕ ਕੇ ਅੱਜ ਗੁਆਂਚਣਾ ਤਾਂਘਦਾ ਸਾਂ ਆਖੋ ਤੇ (ਕੇਸਾਂ ਨੂੰ ਚੁੰਮ ਕੇ) ਏਸ ਕਾਲੀ ਘਟਾ ਵਿਚ ਗੁਆਚ ਲਵਾਂ।

ਲਤਿਕਾ--ਤੇ ਮੁੜ ਰਸਤਾ ਕਿਵੇਂ ਲਭੋਗੇ?

ਮਨਧੀਰ--(ਮੁਖ ਤੋਂ ਕੁੰਡਲ ਹਟਾ ਕੇ) ਏਸ ਪੂਰਨ ਚੰਦ ਦੀ ਚਾਨਣੀ ਨਾਲ।

ਲਤਿਕਾ--(ਭਵਾਂ ਨੂੰ ਉਂਗਲ ਲਾ ਕੇ) ਪਰ ਜੇ ਇਹਨਾਂ ਕਮਾਨਾਂ ਚੋਂ ਕਿਸੇ ਤੀਰ ਨੇ ਪਰੋ ਕੱਢਿਆ?

ਮਨਧੀਰ-ਤਾਂ ਲੱਭਣ ਲਭਾਣ ਦੀ ਖੇਚਲ ਹੀ ਮੁੱਕ ਜਾਏਗੀ।

ਲਤਿਕਾ-ਫੇਰ ਘਾਇਲ ਹੋ ਕੇ ਛੁੱਠੇ ਰਹੋਗੇ?

ਮਨਧੀਰ--ਛੁੱਠਾ ਕਿਉਂ ਰਹਾਂਗਾ? (ਬੁਲ੍ਹਾਂ ਵੱਲ ਇਸ਼ਾਰਾ ਕਰਕੇ) ਏਸ ਅੰਮ੍ਰਿਤ ਸੋਮੇਂ ਚੋਂ ਪੀ ਅਰੋਗ ਨਾ ਹੋ ਜਾਵਾਂਗਾਂ! ਤੁਹਾਡਾ ਕੀ ਖਿਆਲ ਹੈ?



Digitized by Panjab Digital Library | www.panjabdigilib.org

ਇਸ ਤਰ੍ਹਾਂ ਦੀ ਗੱਲ ਬਾਤ ਅਤੇ ਕਵਿਤਾ ਮਈ ਰੰਗ ਇਸ ਨਾਟਕ ਵਿਚ ਕਈ ਥਾਂ ਪਰਤੀਤ ਹੁੰਦਾ ਹੈ।

—:o:—

ਪ੍ਰ: ਸੰਤ ਸਿੰਘ ਸੇਖੋਂ— ਇਨ੍ਹਾਂ ਦਾ ਜਨਮ ੩੦ ਮਈ ੧੯੦੮ ਨੂੰ ਚੱਕ ਨੰ: ੭੦ ਝੰਗ ਬ੍ਰਾਂਚ ਜ਼ਿਲਾ ਲਾਇਲ ਪੁਰ ਵਿਚ ਹੋਇਆ। ਇਨ੍ਹਾਂ ਦਾ ਪਿਛਲਾ ਪਿੰਡ ਸੇਖੋਂ ਜ਼ਿਲਾ ਲੁਧਿਹਾਨਾ ਹੈ। ਇਨ੍ਹਾਂ ਨੇ ਐਫ. ਸੀ. ਕਾਲਜ ਲਾਹੌਰ ਤੋਂ ਐਮ. ਏ. ਪਾਸ ਕੀਤਾ। ਪਹਿਲੇ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਸਨ। ਆਪ ਇਸ ਸਮੇਂ ਦੇ ਅਗਾਂਹ ਵਧੂ ਖਿਆਲਾਂ ਵਾਲੇ ਅਤੇ ਚੋਟੀ ਦੇ ਲਿਖਾਰੀ ਹਨ। ਇਹ ਪੰਜਾਬੀ ਤੋਂ ਬਿਨਾਂ ਉਰਦੂ ਤੇ ਅੰਗ੍ਰੇਜ਼ੀ ਵਿਚ ਵੀ ਲਿਖਦੇ ਹਨ। ਇਨ੍ਹਾਂ ਨੇ ਨਾਵਲ, ਕਵਿਤਾਵਾਂ ਤੇ ਕਹਾਣੀਆਂ ਵੀ ਲਿਖੀਆਂ ਹਨ। ਇਨ੍ਹਾਂ ਨੇ ਇਕਾਂਗੀ ਨਾਟਕਾਂ ਦਾ ਇਕ ਸੰਗ੍ਰਹਿ ਪ੍ਰਕਾਸ਼ਤ ਕੀਤਾ ਜਿਸਦਾ ਨਾ 'ਛੇ ਘਰ ਹੈ'। ਇਹ ਪੁਸਤਕ ਇਸ ਵੇਲੇ ਪੰਜਾਬ ਯੂਨੀਵਰਸਿਟੀ ਵੱਲੋਂ ਐਮ. ਏ. ਪੰਜਾਬੀ ਦਾ ਕੋਰਸ ਮੁਕਰਰ ਹੋਈ ਹੋਈ ਹੈ।

ਡਾ: ਮੁਹੰਮਦ ਦੀਨ ਜੀ ਤਾਸੀਰ ਨੇ ਇਹ ਨਾਟਕ ਪੜ੍ਹਕੇ ਇਨ੍ਹਾਂ ਬਾਬਤ ਲਿਖਿਆ ਹੈ ਕਿ ਪ੍ਰੋ: ਸੰਤ ਸਿੰਘ ਸੇਖੋਂ ਨੇ ਸਾਡੀਆਂ ਸਮਾਜੀ ਲੋੜਾਂ, ਸਾਡੀ ਇਕਤਸਾਦੀ ਹਾਲਤ ਤੇ ਸਾਡੇ ਸਿਆਸੀ ਸੁਆਲਾਂ ਨੂੰ ਆਪਣਾ ਮਸਲਾ ਬਣਾਇਆ ਹੈ। ਸੋ ਇਨ੍ਹਾਂ ਨਾਟਕਾਂ ਵਿਚੋਂ ਪ੍ਰੋ: ਸੰਤ ਸਿੰਘ ਸੇਖੋਂ ਨੇ ਸਚ ਮੁਚ ਹੀ ਸਾਡੀ ਘਰੋਗੀ ਹਾਲਤ ਤੇ ਭਾਈਚਾਰਕ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਦਿਖਾਉਣ ਦਾ ਯਤਨ ਕੀਤਾ ਹੈ।

ਆਪ ਨੇ ਇਸ ਸੰਗ੍ਰਹਿ ਦੇ ਸਾਰੇ ਨਾਟਕ ਸਮਾਜ ਦੇ ਵੱਖ ਵੱਖ ਅੰਗਾਂ ਨੂੰ ਮੁਖ ਰੱਖ ਕੇ ਲਿਖੇ ਹਨ। 'ਮਹਾਤਮਾ' ਤੇ 'ਪੁੱਤਰ' ਨਾਟਕ ਸਾਡੇ ਪਿੰਡਾਂ ਦੇ ਜੀਵਨ ਨਾਲ ਸਬੰਧ ਰੱਖਦੇ ਹਨ। 'ਇਕ ਐਤਵਾਰ'



Digitized by Panjab Digital Library | www.panjabdigilib.org

ਇਕ ਪੜ੍ਹੇ ਲਿਖੇ ਘਰ ਦਾ ਨਜ਼ਾਰਾ ਹੈ, ਜਿਸ ਘਰ ਦਾ ਮਾਲਿਕ ਤਾਂ ਇਕ ਵਿਦਵਾਨ ਵਕੀਲ ਹੈ ਅਤੇ ਉਸ ਦੀ ਪਤਨੀ ਬਹੁਤ ਘੱਟ ਪੜ੍ਹੀ ਹੋਈ ਹੋਣ ਕਰਕੇ ਕੁਝ ਸ਼ੱਕੀ ਸੁਭਾ ਦੀ ਹੈ। 'ਹੜਤਾਲ' ਵਾਲੇ ਨਾਟਕ ਵਿਚ ਸਾਡੇ ਦੇਸ ਦੇ ਮਜ਼ਦੂਰਾਂ ਦੀ ਮਾਇਕ ਹਾਲਤ ਦਾ ਦੂਜੇ ਦੇਸਾਂ ਦੇ ਮਜ਼ਦੂਰਾ ਦੀ ਮਾਇਕ ਹਾਲਤ ਨਾਲ ਟਾਕਰਾ ਕੀਤਾ ਗਿਆ ਹੈ। 'ਭਾਵੀ' ਨਾਟਕ ਵਿਚ ਸਾਡੇ ਦੇਸ ਦੀਆਂ ਰਿਆਸਤਾਂ ਦੀ ਤਬਾਹੀ ਦਾ ਕਾਰਨ ਰਿਆਸਤਾਂ ਦੇ ਰਜਵਾੜਿਆਂ ਦੀ ਬਦਚਲਨੀ ਦਸਿਆ ਹੈ।

ਸੇਖੋਂ ਜੀ ਨਾ ਕੇਵਲ ਨਾਟਕ-ਕਾਰ ਹੀ ਹਨ, ਸਗੋਂ ਇਹ ਚੰਗੇ ਕਲਾਕਾਰ ਵੀ ਹਨ। ਇਨ੍ਹਾਂ ਨੇ ਕਈਆਂ ਨਾਟਕਾਂ ਵਿਚ ਆਪ ਹਿੱਸਾ ਵੀ ਲਿਆ ਹੈ ਤੇ ਨਾਟਕ ਪਾਤਰ ਦੀ ਹੈਸੀਅਤ ਵਿਚ ਕੰਮ ਵੀ ਕੀਤਾ ਹੈ। ਆਪ ਦਾ ਆਪਣੀ ਬੋਲੀ ਉਤੇ ਪੂਰਾ ਪੂਰਾ ਕਾਬੂ ਹੈ। ਜਿਥੇ ਆਪ ਨੇ ਮਹਾਤਮਾ ਤੇ ਪੁੱਤਰ ਨਾਟਕਾਂ ਵਿਚ ਮਲਵਈ ਤੇ ਪੇਂਡੂ ਬੋਲੀ ਵਰਤੀ ਹੈ ਓਥੇ ਆਪ ਨੇ ਇਕ ਐਤਵਾਰ ਤੇ ਹੜਤਾਲ ਨਾਟਕਾਂ ਵਿਚ ਠੇਠ ਕੇਂਦਰੀ ਬੋਲੀ ਵਰਤੀ ਹੈ। ਹੜਤਾਲ ਵਿਚ ਰਾਜ ਘਰਾਣਿਆਂ ਵਾਲੀ ਬੋਲੀ ਵਰਤੀ ਹੈ। ਸੇਖੋਂ ਜੀ ਆਪਣੀ ਕਲਾ ਵਿਚ ਇਕ ਕਾਮਯਾਬ ਨਾਟਕ ਕਾਰ ਕਹੇ ਜਾ ਸਕਦੇ ਹਨ।

ਹਰਚਰਨ ਸਿੰਘ:— ਪ੍ਰੋ: ਹਰਚਰਨ ਸਿੰਘ ਜੀ ਇਸ ਸਮੇਂ ਦੇ ਇਕ ਸਿਆਣੇ ਨਾਟਕ ਕਾਰ ਮੰਨੇ ਜਾਂਦੇ ਹਨ। ਇਨ੍ਹਾਂ ਨੇ ਸੰਨ ੧੯੩੮ ਵਿਚ 'ਕਮਲਾ ਕੁਮਾਰੀ' ੧੯੩੯ ਵਿਚ ਰਾਜਾ ਪੋਰਸ' ਇਸ ਦੇ ਮਗਰੋਂ 'ਦੂਰ ਦੁਰਾਡੇ ਸ਼ਹਿਰੋਂ' ਅਨਜੋੜ ਤੇ ਖੇਡਨ ਦੇ ਦਿਨ ਚਾਰ ਆਦਿਕ ਨਾਟਕ ਲਿਖੇ ਹਨ। ਇਨ੍ਹਾਂ ਤੋਂ ਬਿਨਾਂ 'ਜੀਵਨ ਲੀਲ੍ਹਾ' ਸਪਤ ਰਿਸ਼ੀ ਤੇ ਪੰਜ ਗੀਟੜਾ ਆਦਿਕ ਇਕਾਂਗੀ ਨਾਟਕਾਂ ਦੇ ਸੰਗ੍ਰਹਿ ਪ੍ਰਕਾਸ਼ਤ ਕੀਤੇ ਹਨ। ਸਮੇਂ ਸਮੇਂ ਆਪ ਰਸਾਲਿਆਂ ਵਿਚ ਕਈ ਤਰ੍ਹਾਂ ਦੇ ਇਕਾਂਗੀ ਲਿਖਦੇ ਰਹਿੰਦੇ ਹਨ।



Digitized by Panjab Digital Library | www.panjabdigilib.org

ਆਪ ਦਾ ਜਨਮ ਭਾਵੇਂ ਚੱਕ ੭੭੬ ਜ਼ਿਲਾ ਸ਼ੇਖੂ ਪੁਰਾ ਵਿਚ ਹੋਇਆ ਸੀ, ਪਰ ਆਪ ਦਾ ਅਸਲੀ ਦੇਸ ਜ਼ਿਲਾ ਜਾਲੰਧਰ (ਦੁਆਬਾ) ਹੈ। ਇਹੋ ਕਾਰਨ ਹੈ ਕਿ ਆਪ ਦੇ ਹਰ ਨਾਟਕ ਵਿਚ ਦੁਆਬੇ ਦਾ ਮੁਹਾਵਰਾ ਆ ਹੀ ਜਾਂਦਾ ਹੈ। ਜਿਥੋਂ ਤਕ ਰਾਜਾ ਪੋਰਸ ਦਾ ਸਬੰਧ ਹੈ, ਇਹ ਇਕ ਅਤਿ ਦਰਜੇ ਦਾ ਕਾਮਯਾਬ ਨਾਟਕ ਕਿਹਾ ਜਾ ਸਕਦਾ ਹੈ, ਪਰ ਫੇਰ ਵੀ ਇਸ ਦੀ ਬੋਲੀ ਆਈ ਸੀ. ਨੰਦਾ ਜੀ ਦੇ ਨਾਟਕਾਂ ਦਾ ਮੁਕਾਬਲਾ ਨਹੀਂ ਕਰ ਸਕਦੀ। ਇਕਾਂਗੀ ਨਾਟਕਾਂ ਵਿਚੋਂ 'ਜੀਵਨ ਲੀਲ੍ਹਾ' ਨਾਮੀ ਸੰਗ੍ਰਹਿ ਹਰ ਤਰ੍ਹਾਂ ਨਾਲ ਕਾਮਯਾਬ ਕਿਹਾ ਜਾ ਸਕਦਾ ਹੈ। ਸਪਤ ਰਿਸ਼ੀ ਤੇ ਪੰਜ ਗੀਟੜਾ ਨਾਟਕ ਸੰਗ੍ਰਹਿਆਂ ਵਿਚ ਨਾ ਹੀ ਬੋੱਲੀ ਤੇ ਨਾ ਹੀ ਪਾਤਰ ਉਸਾਰੀ ਚੰਗੀ ਕਹੀ ਜਾ ਸਕਦੀ ਹੈ। ਕਈਆਂ ਨਾਟਕਾਂ ਵਿਚ ਤਾਂ ਆਪ ਨੇ ਟੈਕਨੀਕ ਦਾ ਵੀ ਉੱਕਾ ਕੋਈ ਖਿਆਲ ਨਹੀਂ ਰਖਿਆ।

ਇਨ੍ਹਾਂ ਨੂੰ ਨਾਟਕ-ਕਲਾ ਸਬੰਧੀ ਕਾਫ਼ੀ ਵਾਕਫ਼ੀਅਤ ਹੈ, ਪਰ ਕਲਾ ਉਤੇ ਕਾਬੂ ਨਹੀਂ, ਇਨ੍ਹਾਂ ਦੇ ਨਾਟਕਾਂ ਦੀ ਬੋਲੀ ਕੋਈ ਚੰਗੀ ਨਹੀਂ ਕਹੀ ਜਾ ਸਕਦੀ। ਦੁਆਬੇ ਦੀ ਬੋਲੀ ਬਦੋ ਬਦੀ ਆਪਣਾ ਅਸਰ ਦਿਖਾ ਜਾਂਦੀ ਹੈ, ਸਪਤ ਰਿਸ਼ੀ ਸੰਗ੍ਰਹਿ ਦੇ ਦੋ ਨਾਟਕ ਭੈਣ ਤੇ ਸੰਦੇਸਾ ਚੰਗੇ ਕਹੇ ਜਾ ਸਕਦੇ ਹਨ, ਪਰ ਇਨ੍ਹਾਂ ਨਾਟਕਾਂ ਵਿਚ ਵੀ ਦੁਆਬੇ ਦੀ ਬੋੱਲੀ ਦਾ ਅਸਰ ਹੋ ਚੁੱਕਾ ਹੈ।

ਰਾਜਾ ਪੋਰਸ ਤੇ ਇਕ ਦੋ ਇਕਾਂਗੀ ਨਾਟਕਾਂ ਤੋਂ ਬਿਨਾਂ ਇਨ੍ਹਾਂ ਨੇ ਪਾਤਰ ਉਸਾਰੀ ਦਾ ਕਿਤੇ ਵੀ ਉੱਕਾ ਖਿਆਲ ਨਹੀਂ ਰਖਿਆ, ਕਈ ਥਾਈਂ ਇਨ੍ਹਾਂ ਨੂੰ ਚੇਤਾ ਹੀ ਨਹੀਂ ਰਹਿੰਦਾ ਕਿ ਇਸ ਨਾਟਕ ਵਿਚ ਕਿਹੜੇ ਕਿਹੜੇ ਪਾਤਰ ਹਨ, ਉਹ ਮੁੰਡੇ ਹਨ ਜਾਂ ਕੁੜੀਆਂ 'ਰਾਜ਼ੀ ਨਾਮਾ' ਨਾਟਕ ਵਿਚ ਇਹ ਚਰਨਜੀਤ ਦੇ ਘਰ ਇਕ ਮੁੰਨੀ ਦਸਦੇ ਹਨ, ਪਰ ਉਸ ਮੁੰਨੀ ਨੂੰ ਚਰਨਜੀਤ ਦੀ ਵਹੁਟੀ ਚੂੰਢੀ ਵੱਢ ਕੇ ਕਹਿੰਦੀ ਹੈ, 'ਵੇ ਸਾਹ ਤੇ ਲੈ, ਜਾਗ ਤੇ ਲੈਣ ਦੇ ਆਪਣੇ ਭਾਪੇ ਨੂੰ!' ਮੁੰਨੀ ਨੂੰ 'ਵੇ' ਕਹਿਣਾ



Digitized by Panjab Digital Library | www.panjabdigilib.org

ਕਿੱਡੀ ਗਲਤੀ ਹੈ। ਸੋ ਇਨ੍ਹਾਂ ਦੇ ਬਹੁਤੇ ਨਾਟਕ ਐਵੇਂ ਗਿਣਤੀ ਪੂਰੀ ਕਰਨ ਲਈ ਹੀ ਹਨ।

ਇਨ੍ਹਾਂ ਦਾ ਨਾਟਕ 'ਅਨਜੋੜ' ਮੰਤਵ ਦੇ ਲਿਹਾਜ਼ ਨਾਲ ਤਾਂ ਬੜਾ ਚੰਗਾ ਹੈ, ਪਰ ਟੈਕਨੀਕ ਦੇ ਲਿਹਾਜ਼ ਨਾਲ ਨਹੀਂ, ਸਟੇਜ ਉਤੇ ਖੇਡ ਕੇ ਵਿਖਾਇਆ ਜਾ ਸਕਦਾ ਹੈ, ਪਰ ਹਰ ਐਕਟ ਦੇ ਮੁੱਢ ਵਿਚ ਦਿਤੇ ਦ੍ਰਿਸ਼ ਸਟੇਜ ਉਤੇ ਨਹੀਂ ਦਿਖਾਏ ਜਾ ਸਕਦੇ। ਇਸੇ ਤਰ੍ਹਾਂ ਇਨ੍ਹਾਂ ਦੇ ਨਾਟਕ ਦਾ ਮੰਤਵ ਇਕ ਪਾਸੇ ਦਿਲ ਪਰਚਾਵਾ ਤੇ ਦੂਸਰੇ ਪਾਸੇ ਸਮਾਜਕ ਕਲਿਆਣ ਮੰਨਿਆਂ ਜਾ ਸਕਦਾ ਹੈ, ਨਿਰਾ ਦਿਲ ਪਰਚਾਵਾ ਹੀ ਨਾਟਕ ਦਾ ਆਸ਼ਾ ਨਹੀਂ ਹੋਣਾ ਚਾਹੀਦਾ, ਸਗੋਂ ਹਰ ਨਾਟਕ ਅਜਿਹਾ ਹੋਣਾ ਚਾਹੀਦਾ ਹੈ ਜਿਸ ਤੋਂ ਸਮਾਜਕ ਉੱਨਤੀ ਹੋਵੇ। ਇਸ ਖਿਆਲ ਨਾਲ ਇਨ੍ਹਾਂ ਦੇ ਸਾਰੇ ਨਾਟਕ ਬਹੁਤੇ ਚੰਗੇ ਨਹੀਂ ਕਹੇ ਜਾ ਸਕਦੇ, ਪਰ ਇਨ੍ਹਾਂ ਦਾ ਇਹ ਉੱਦਮ ਸ਼ਲਾਘਾ ਯੋਗ ਹੈ ਕਿ ਇਨ੍ਹਾਂ ਨੇ ਸਭ ਤੋਂ ਵਧ ਨਾਟਕ ਲਿਖੇ ਹਨ, ਪੰਜਾਬੀ ਪ੍ਰੇਮੀਆਂ ਨੂੰ ਇਨ੍ਹਾਂ ਦੇ ਇਸ ਉਦਮ ਤੇ ਖਾਸ ਮਾਣ ਹੈ।

ਬਲਵੰਤ ਗਾਰਗੀ - ਬਲਵੰਤ ਗਾਰਗੀ ਇਕ ਨੌਜਵਾਨ ਕਲਾਕਾਰ ਹੈ, ਜਿਸ ਨੇ ਸ੍ਰ: ਹਰਚਰਨ ਸਿੰਘ ਵਾਂਗ ਕਈ ਨਾਟਕ ਲਿਖੇ ਹਨ। ਇਸ ਦੇ ਮਸ਼ਹੂਰ ਨਾਟਕਾਂ ਵਿਚੋਂ ੧. ਲੋਹਾ ਕੁੱਟ, ੨. ਸੈਲ ਪੱਥਰ, ੩. ਨਵਾਂ ਮੁੱਢ, ੪. ਬਿਸਵੇਦਾਰ, ੫. ਘੁੱਗੀ ਆਦਿਕ ਨਾਟਕ ਪਾਠਕਾਂ ਦੇ ਹੱਥਾਂ ਵਿਚ ਆ ਚੁੱਕੇ ਹਨ। ਇਨ੍ਹਾਂ ਦੇ ਚਾਰ ਇਕਾਂਗੀ ਸੰਗ੍ਰਹਿ ਪੱਤਣ ਦੀ ਬੇੜੀ, ਦਸਵੰਧ, ਬੇਬੇ ਤੇ ਦੋ ਪਾਸੇ ਵੀ ਪ੍ਰਕਾਸ਼ਤ ਹੋ ਚੁੱਕੇ ਹਨ, ਇਨ੍ਹਾਂ ਨੇ ਆਪਣੇ ਨਾਟਕਾਂ ਵਿਚ ਬਹੁਤਾ ਪੇਂਡੂ ਜੀਵਨ ਹੀ ਪਰਗਟ ਕੀਤਾ ਹੈ। ਖੇਡਣ ਦੇ ਲਿਹਾਜ਼ ਨਾਲ ਇਨ੍ਹਾਂ ਦੇ ਨਾਟਕ ਚੰਗੇ ਹਨ, ਪਰ ਇਨ੍ਹਾਂ ਦਾ ਖਾਸ ਮੰਤਵ ਕੋਈ ਨਹੀਂ। ਜਿਹਾ ਕਿ:-

੧. ਲੋਹਾ ਕੁੱਟ ਨਾਟਕ ਵਿਚ ਇਕ ਪੇਂਡੂ ਲੋਹਾ ਕੁੱਟ 'ਕਾਕੂ'



Digitized by Panjab Digital Library | www.panjabdigilib.org

ਨਾਟਕ ਦਾ ਨਾਇਕ ਹੈ, ਜਿਸ ਦੀ ਧੀ ਬੈਣੋਂ ਲੁਹਾਰੇ ਕੰਮ ਨਾਲ ਘਿਰਣਾ ਕਰਦੀ ਹੈ ਅਤੇ ਇੱਕ ਜੱਟਾਂ ਦੇ ਮੁੰਡੇ ਨਾਲ ਉਧਲ ਜਾਂਦੀ ਹੈ। ਇਸੇ ਤਰ੍ਹਾਂ ਇਸ ਦੀ ਵਹੁਟੀ ਸੰਤੀ ਲਗ ਪਗ ੧੯ ਵਰ੍ਹੇ ਇਸ ਕੋਲ ਵੱਸ ਕੇ ਇਕ ਗੁਆਂਢਣ ਤੀਵੀ ਦੇ ਕਹੇ ਆਪਣੇ ਪ੍ਰੇਮੀ ਗੱਜਨ ਨਾਲ ਉਧਲ ਜਾਂਦੀ ਹੈ। ਕਾਕੂ ਲੁਹਾਰ ਵਿਚਾਰਾ ਕੋਈ ਵਾ ਵੇਲਾ ਨਹੀਂ ਕਰਦਾ ਤੇ ਚੁਪ ਕੀਤਾ ਆਪਣਾ ਕੰਮ ਕਰੀ ਜਾਂਦਾ ਹੈ। ਇਹ ਵੀ ਇੱਕ ਅਨੋਖੀ ਗੱਲ ਹੈ।

੨. ਕੇਸਰੋ ਨਾਟਕ ਵਿੱਚ ਕੇਸਰੋ ਨਾਇਕਾ ਹੈ। ਪੜ੍ਹ ਕੇ ਸਿਆਣੀ ਬਣ ਜਾਂਦੀ ਹੈ ਤੇ ਸਿਲਾਈ ਦਾ ਕੰਮ ਕਰਦੀ ਹੈ। ਇਸ ਦਾ ਪਤੀ ਲੱਖਾ ਇਕ ਸ਼ਾਹ ਦੀ ਵਹੁਟੀ ਅਤਰੀ ਦੇ ਕਹਿਣ ਤੇ ਇਸ ਦੇ ਆਚਰਨ ਉਤੇ ਸ਼ੱਕ ਕਰਦਾ ਹੈ ਤੇ ਘਰੋਂ ਨਿਕਲ ਜਾਂਦਾ ਹੈ। ਵਰ੍ਹੇ ਪਿੱਛੋਂ ਘਰ ਮੁੜਦਾ ਹੈ ਤੇ ਇਕ ਜੁਲਾਹੇ ਦਾ ਭੇਸ ਕਰ ਕੇ ਕੇਸਰੋ ਦੀਆਂ ਹਰਕਤਾਂ ਦੇਖਦਾ ਹੈ। ਉਸ ਸਮੇਂ ਲੱਖੇ ਦੀਆਂ ਗੱਲਾਂ ਬੜੀਆਂ ਹੀ ਮੂਰਖਾਂ ਵਾਲੀਆਂ ਹਨ।

ਇਸ ਦੇ ਇਕਾਂਗੀ ਨਾਟਕ ਪੂਰੇ ਨਾਟਕਾਂ ਨਾਲੋਂ ਕਿਸੇ ਹੱਦ ਤਕ ਚੰਗੇ ਹਨ। ਖਾਸ ਕਰ ਕੇ 'ਦਸਵੰਧ' ਨਾਂ ਦਾ ਸੰਗ੍ਰਹਿ ਬਹੁਤ ਹੀ ਚੰਗਾ ਹੈ। ਇਸ ਦੇ ਪੂਰੇ ਨਾਟਕਾਂ ਵਿਚੋਂ ਕਿਸੇ ਦੀ ਬੋੱਲੀ ਵੀ ਕੇਂਦਰੀ ਨਹੀਂ ਸਗੋਂ ਬੋੱਲੀ ਤੇ ਮੁਹਾਵਰਾ ਬਹੁਤਾ ਮਾਲਵੇ ਦੇ ਅਲਾਕੇ ਦਾ ਹੈ। ਇਸ ਦੀ ਬੋਲੀ ਵਿਚ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਨਜ਼ਰ ਆਉਂਦੀਆਂ ਹਨ, ਜਿਵੇਂ ਕੇਸਰੋ ਨਾਟਕ ਵਿਚ:--

ਸਫਾ (੨੬) ਤੂੰ ਦਿਖਾਈ ਦੇ ਪਿਆ ਏਂ।

ਸਫਾ (੩੦) ਮੈਂ ਗਲ ਉਤੇ ਦਲੀਲ ਕਰਾਂਗੀ।

ਸਫਾ (੩੩) ਨੱਥੀ--ਕੀ ਉਹ ਮਰੂੰ ਮਰੂੰ ਤਾਂ ਕਦੇ ਦਾ ਕਰਦਾ ਸੀ। (ਮਰੂੰ ਮਰੂੰ ਕਰਨਾ ਮੁਹਾਵਰਾ ਏਥੇ ਬਿਲਕੁਲ ਹੀ ਗ਼ਲਤ ਹੈ, 'ਮਰੂੰ ਮਰੂੰ ਕਰਨ' ਦਾ ਅਰਥ ਲੇਂਝ ਪੁਣਾ ਕਰਨਾ ਜਾਂ ਧੇਲੇ ਧੇਲੇ ਪਿਛੇ ਮਰਦੇ ਜਾਣਾ ਹੁੰਦਾ ਹੈ, ਮਰਨਾ ਨਹੀਂ, ਏਥੇ 'ਮਰੂੰ ਮਰੂੰ' ਦੀ ਥਾਂ 'ਮਰਨ ਮਰਨ



Digitized by Panjab Digital Library | www.panjabdigilib.org

ਕਰਦਾ' ਚਾਹੀਦਾ ਸੀ।

ਇਸੇ ਤਰ੍ਹਾਂ ਸਫ਼ਾ (੪੩) ਉਤੇ ਲਿਖਿਆ ਹੈ ਕਿ 'ਮੈਂ ਤਾਂ ਪੜ੍ਹੀਆਂ ਲਿਖੀਆਂ ਦੇ ਘਰ ਸਦਾ ਚੌੜ ਚਾਨਣ ਈ ਵੇਖਿਆ।' 'ਘਰ ਚੌੜ ਹੋਇਆ' ਕਿਹਾ ਜਾ ਸਕਦਾ ਹੈ 'ਚੌੜ ਚਾਨਣ' ਕੇਵਲ ਕਿਸੇ ਆਦਮੀ ਵਾਸਤੇ ਹੀ ਕਿਹਾ ਜਾ ਸਕਦਾ ਹੈ।

## ਹਰਚਰਨ ਸਿੰਘ ਤੇ ਗਾਰਗੀ

ਅਜ ਕਲ ਦੇ ਨਾਟਕ ਕਾਰਾਂ ਵਿਚੋਂ ਜਿਨ੍ਹਾਂ ਵਿਦਵਾਨਾਂ ਨੇ ਬਹੁਤੇ ਪੰਜਾਬੀ ਨਾਟਕ ਲਿਖੇ ਹਨ ਉਹ ਹਰਚਰਨ ਸਿੰਘ ਅਤੇ ਬਲਵੰਤ ਗਾਰਗੀ ਹੀ ਹਨ। ਦੋਹਾਂ ਕਲਾਕਾਰਾਂ ਨੇ ਪੂਰੇ ਅਤੇ ਇਕਾਂਗੀ ਦੋਹਾਂ ਤਰ੍ਹਾਂ ਦੇ ਨਾਟਕ ਪਾਠਕਾਂ ਅਤੇ ਦਰਸ਼ਕਾਂ ਦੀ ਦ੍ਰਿਸ਼ਟੀ ਗੋਚਰੇ ਕੀਤੇ ਹਨ। ਇਨ੍ਹਾਂ ਦੇ ਲਿਖੇ ਹੋਏ ਨਾਟਕਾਂ ਵਿਚੋਂ ਕਈ ਨਾਟਕ ਰੰਗ ਭੂਮੀ ਜਾਂ ਸਟੇਜ ਉਤੇ ਆ ਚੁੱਕੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਦੋਵੇਂ ਕਲਾਕਾਰ ਆਪਣੀ ਆਪਣੀ ਥਾਂ ਨਾਟਕ-ਕਲਾ ਦੀ ਕਿਸੇ ਹੱਦ ਤਕ ਸੂਝ ਰੱਖਦੇ ਹਨ। ਹਰਚਰਨ ਸਿੰਘ ਦੇ ਨਾਟਕ 'ਅਨਜੋੜ' ਅਤੇ 'ਗਾਰਗੀ' ਦੇ ਨਾਟਕ 'ਕੇਸਰੋ' ਦੇ ਅਧਾਰ ਉਤੇ ਅਸੀਂ ਇਨ੍ਹਾਂ ਵਿਦਵਾਨਾਂ ਦੀ ਕਲਾ ਬਾਰੇ ਹੇਠ ਲਿਖੇ ਅਨੁਸਾਰ ਆਪਣਾ ਅਨੁਮਾਣ ਬਣਾ ਸਕਦੇ ਹਾਂ:-

੧. ਹਰਚਰਨ ਸਿੰਘ ਆਮ ਕਰਕੇ ਸ਼ਹਿਰੀ ਜੀਵਨ ਦੇ ਝਲਕਾਰੇ ਪੇਸ਼ ਕਰਦਾ ਹੈ, ਵਿਚ ਵਿਚ ਪੇਂਡੂ ਜੀਵਨ ਦੇ ਝਲਕਾਰੇ ਵੀ ਦੇ ਜਾਂਦਾ ਹੈ ਅਤੇ ਸਮਾਜਕ ਊਣਤਾਈਆਂ ਸੁਹਣੀ ਤਰ੍ਹਾਂ ਤੇ ਦਿਲ ਖਿਚਵੇਂ ਢੰਗ ਨਾਲ ਪੇਸ਼ ਕਰਦਾ ਹੈ। 'ਗਾਰਗੀ' ਆਮ ਕਰਕੇ ਪੇਂਡੂ ਜੀਵਨ ਨੂੰ ਦਰਸਾਉਂਦਾ ਹੈ ਜਿਹਾ ਕਿ ਇਸ ਦੇ ਨਾਟਕ ਕੇਸਰੋ ਅਤੇ ਲੋਹਾ ਕੁੱਟ ਤੋਂ ਪਤਾ ਲਗਦਾ ਹੈ। ਪੇਂਡੂ ਜੀਵਨ ਦੀਆਂ ਖਰਾਬੀਆਂ ਅਤੇ ਕਮਜ਼ੋਰੀਆਂ ਸੁਹਣੀ ਤਰ੍ਹਾਂ ਦਰਸਾਉਂਦਾ ਹੈ।

੨. ਵਸਤੂ ਅਤੇ ਪਲਾਟ ਚੁਣਨ ਵਿਚ ਹਰਚਰਨ ਸਿੰਘ ਗਾਰਗੀ



Digitized by Panjab Digital Library | www.panjabdigilib.org

ਨਾਲੋਂ ਵਧੇਰੇ ਸਿਆਣਾ ਮਲੂਮ ਹੁੰਦਾ ਹੈ। ਹਰਚਰਨ ਸਿੰਘ ਦੇ ਨਾਟਕ ਦਾ ਪਲਾਟ ਅਤੇ ਉਸਦੀ ਵਾਰਤਾ ਗੁੰਦਵੀ, ਨਿਗਰ, ਵਿਚਾਰ ਭਰਪੂਰ ਤੇ ਦਿਲਾਂ ਉਤੇ ਅਸਰ ਕਰਨ ਵਾਲੀ ਹੁੰਦੀ ਹੈ, ਪਰ ਗਾਰਗੀ ਦੇ ਨਾਟਕ ਦਾ ਪਲਾਟ ਓਪਰਾ ਓਪਰਾ, ਵਾਰਤਾ ਬੜੀ ਖਿਲਰਵੀਂ, ਪੋਲੀ, ਵਿਚਾਰ ਰਹਿਤ ਅਤੇ ਘੱਟ ਰੋਚਕਤਾ ਵਾਲੀ ਪਰਤੀਤ ਹੁੰਦੀ ਹੈ।

੩ ਜਿਸ ਖੂਬੀ ਨਾਲ ਹਰਚਰਨ ਸਿੰਘ ਪਾਤਰ ਉਸਾਰੀ ਕਰਦਾ ਹੈ, ਉਹ ਖੂਬੀ ਗਾਰਗੀ ਵਿਚ ਨਹੀਂ, ਹਰਚਰਨ ਸਿੰਘ ਦੇ ਨਾਟਕ ਦਾ ਮੁਖ ਪਾਤਰ ਨੇਕ, ਉਚ ਆਚਰਨ ਵਾਲਾ, ਹਰ ਤਰ੍ਹਾਂ ਦੀਆਂ ਇਖ਼ਲਾਕੀ ਖ਼ੂਬੀਆਂ ਵਾਲਾ ਕਲਾਕਾਰ ਹੈ, ਪਰ ਗਾਰਗੀ ਦੇ ਨਾਟਕਾਂ ਦੇ ਮੁਖ ਪਾਤਰ ਕਾਕੂ ਲੁਹਾਰ ਅਤੇ ਕੇਸਰੋ ਇਕ ਮਾਮੂਲੀ ਹਸਤੀ ਦੇ ਜੀਵ ਨਜ਼ਰ ਆਉਂਦੇ ਹਨ, ਇਨ੍ਹਾਂ ਵਿਚ ਮੁਖ ਪਾਤਰ ਵਾਲੇ ਗੁਣ ਘੱਟ ਹੀ ਨਜ਼ਰ ਆਉਂਦੇ ਹਨ।

੪. ਇਸ ਵਿਚ ਸ਼ੱਕ ਨਹੀਂ ਕਿ ਇਨ੍ਹਾਂ ਦੋਹਾਂ ਕਲਾਕਾਰਾਂ ਦੀ ਬੋਲੀ ਕੇਂਦਰੀ ਨਹੀਂ, ਹਰਚਰਨ ਸਿੰਘ ਦੀ ਬੋਲੀ ਉਤੇ ਦੁਆਬੇ ਦੀ ਬੋਲੀ ਦਾ ਵਧੇਰੇ ਅਸਰ ਹੈ ਅਤੇ ਗਾਰਗੀ ਦੀ ਬੋਲੀ ਉਤੇ ਮਲਵਈ ਤੇ ਬਾਂਗਰੀ ਦਾ ਵਧੇ ਅਸਰ ਹੈ। ਗਾਰਗੀ ਮੁਹਾਵਰੇ ਵੀ ਬੜੇ ਗਲਤ ਵਰਤਦਾ ਹੈ। ਜਿਹਾ ਕਿ ਕੇਸਰੋ ਨਾਟਕ ਵਿਚ ਕੇਸਰੋ ਕਹਿੰਦੀ ਹੈ, 'ਹਲਾ, ਮੈਂ ਗਲ ਉਤੇ ਦਲੀਲ ਕਰਾਂਗੀ।' ਗੱਲ ਉਤੇ ਦਲੀਲ ਨਹੀਂ ਕੀਤੀ ਜਾਂਦੀ ਸਗੋਂ ਵਿਚਾਰ ਕੀਤੀ ਜਾਂਦੀ ਹੈ, ਇਸ ਤਰ੍ਹਾਂ ਦੀਆਂ ਇਸ ਵਿਚ ਵਧੇਰੇ ਗਲਤੀਆਂ ਹਨ, ਦੋਵੇਂ ਕਲਾਕਾਰ ਕੇਂਦਰੀ ਬੋਲੀ ਵਰਤਣ ਦਾ ਜਤਨ ਕਰਦੇ ਹਨ, ਪਰ ਪੂਰੀ ਤਰ੍ਹਾਂ ਨਿਭਾ ਨਹੀਂ ਸਕਦੇ।

੫. ਹਰਚਰਨ ਸਿੰਘ ਭਾਵੇਂ ਕਿਤੇ ਕਿਤੇ ਮੁਹਾਵਰਾ ਗਲਤ ਵਰਤਦਾ ਹੈ ਪਰ ਪਾਤਰਾਂ ਦੇ ਹਾਵ ਭਾਵ ਅਤਵਾ ਐਕਸ਼ਨ ਦਰਸਾਉਣ ਵਿਚ ਸਿਆਣਾ ਹੈ, ਗਾਰਗੀ ਦੇ ਨਾਟਕਾਂ ਵਿਚ ਐਕਸ਼ਨ ਕਿਤੇ ਵੀ ਨਜ਼ਰ ਨਹੀਂ ਆਉਂਦਾ, ਗੱਲ ਬਾਤ ਵੀ ਬਨਾਉਟੀ ਜਹੀ ਨਜ਼ਰ ਆਉਂਦੀ ਹੈ।

੬. ਹਰਚਰਨ ਸਿੰਘ ਦੁਖਾਂਤ ਨਾਟਕ ਲਿਖਦਾ ਹੈ, ਪਰ ਗਾਰਗੀ



Digitized by Panjab Digital Library | www.panjabdigilib.org

ਰਲਵੇਂ ਮਿਲਵੇਂ, ਹਰਚਰਨ ਸਿੰਘ ਕਰੁਣਾ ਰਸ ਸੁਹਣੀ ਤਰਾਂ ਨਿਭਾਉਂਦਾ ਹੈ, ਪਰ ਇਸ ਵਿਚ ਹਾਸ ਰਸ ਨਹੀਂ, ਗਾਰਗੀ ਕਰੁਣਾ ਰਸ ਅਥਵਾ ਸੋਗ ਬਿਲਕੁਲ ਨਹੀਂ ਦਿਖਾ ਸਕਦਾ, ਕਿਤੇ ਕਿਤੇ ਹਾਸ-ਰਸ ਦੀ ਛੁਹ ਦੇ ਜਾਂਦਾ ਹੈ।

੭. ਭਾਵੇਂ ਦੋਹਾਂ ਕਲਾਕਾਰਾਂ ਨੇ ਆਪਣੇ ਆਪਣੇ ਨਾਟਕ ਸਟੇਜ ਉਤੇ ਖੇਡੇ ਹਨ, ਪਰ ਜਿਸ ਤਰ੍ਹਾਂ ਦੇ ਦ੍ਰਿਸ਼ ਇਨ੍ਹਾਂ ਆਪਣੇ ਆਪਣੇ ਨਾਟਕ ਦੇ ਹਰ ਕਾਂਡ ਦੇ ਮੁੱਢ ਵਿਚ ਦਿੱਤੇ ਹਨ, ਉਹ ਨਾਟਕੀ ਕਲਾ ਅਨੁਸਾਰ ਬਿਲਕੁਲ ਗ਼ਲਤ ਹਨ। ਦੋਹਾਂ ਤਿੰਨ ਤਿੰਨ ਐਕਟਾਂ ਦੇ ਨਾਟਕ ਲਿਖੇ ਹਨ। ਝਾਕੀਆਂ ਘਟ ਦਿਖਾਈਆਂ ਹਨ, ਹਾਲਾਂ ਕਿ ਝਾਕੀਆਂ ਵਖ ਵਖ ਹੋ ਸਕਦੀਆਂ ਸਨ। ਜਿਸ ਤਰ੍ਹਾਂ ਦੇ ਸਟੇਜ ਸਬੰਧੀ ਸੰਕੇਤ ਇਨ੍ਹਾਂ ਨੇ ਦੱਸੇ ਹਨ, ਉਹ ਚੀਜ਼ਾਂ ਉਨ੍ਹਾਂ ਸੰਕੇਤਾਂ ਅਨੁਸਾਰ ਪੂਰੀ ਤਰ੍ਹਾਂ ਦਿਖਾਈਆਂ ਹੀ ਨਹੀਂ ਜਾ ਸਕਦੀਆਂ।

੮. ਨਾਟਕ ਦੋ ਗੱਲਾਂ ਨੂੰ ਮੁਖ ਰਖ ਕੇ ਪੇਸ਼ ਕੀਤਾ ਜਾਂਦਾ ਹੈ। ਇਕ ਤੇ ਉਸ ਵਿਚ ਵੱਧ ਤੋਂ ਵੱਧ ਮਨ-ਪਰਚਾਵਾ Entertainment ਹੋਣਾ ਚਾਹੀਦਾ ਹੈ, ਦੂਸਰਾ ਇਸ ਵਿਚ ਮਨੁੱਖੀ ਜੀਵਨ ਦੀ ਅਸਲੀ ਘਟਨਾ ਦਰਸਾਈ ਜਾਣੀ ਚਾਹੀਦੀ ਹੈ। ਹਰਚਰਨ ਸਿੰਘ ਦੇ ਨਾਟਕਾਂ ਵਿਚ ਦੋਵੇਂ ਗੱਲਾਂ ਨਜ਼ਰ ਆਉਂਦੀਆਂ ਹਨ, ਪਰ ਗਾਰਗੀ ਦੇ ਨਾਟਕਾਂ ਵਿਚ ਨਹੀਂ। ਗਾਰਗੀ ਇਹੋ ਜਹੀਆਂ ਘਟਨਾਵਾਂ ਪੇਸ਼ ਕਰਦਾ ਹੈ, ਜੋ ਆਮ ਨਹੀਂ ਹੁੰਦੀਆਂ।

ਇਨ੍ਹਾਂ ਕਾਰਨਾਂ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਹਰਚਰਨ ਸਿੰਘ ਨਾਟਕ-ਕਲਾ ਦੇ ਲਿਹਾਜ਼ ਨਾਲ ਵਧੇਰੇ ਸਿਆਣਾ ਹੈ।

ਮ੍ਰ: ਜੀ: ਐਸ: ਖੋਸਲਾ:—ਖੋਸਲਾ ਜੀ ਇਕ ਸਿਆਣੇ ਨਾਟਕ ਕਾਰ ਹਨ। ਮੁੱਢ ਤੋਂ ਹੀ ਆਪ ਨੂੰ ਕੋਮਲ ਕਲਾ ਨਾਲ ਪਿਆਰ



Digitized by Panjab Digital Library | www.panjabdigilib.org

ਹੈ। ਆਪ ਐਮ: ਏ: ਪਾਸ ਹਨ। ਨਾਟਕ ਕਲਾ ਦੀ ਚੰਗੀ ਸੂਝ ਰੱਖਦੇ ਹਨ। ਇਨ੍ਹਾਂ ਨੇ ਕਈ ਇਕਾਂਗੀ ਨਾਟਕ ਲਿਖੇ ਹਨ। ਇਨ੍ਹਾਂ ਦੇ ਦਿਲ ਵਿਚ ਪੰਜਾਬੀ ਨਾਟਕ ਲਈ ਸਟੇਜ ਪੈਦਾ ਕਰਨ ਦਾ ਬੜਾ ਸ਼ੌਕ ਹੈ। ਦਿੱਲੀ ਵਿਚ ਆਪ ਨੇ ਇਕ ਕਲੱਬ ਬਣਾਈ ਹੋਈ ਹੈ ਜਿਥੇ ਸਮੇਂ ਸਮੇਂ ਆਪ ਨਾਟਕ ਖੇਡਦੇ ਰਹਿੰਦੇ ਹਨ।

ਇਨ੍ਹਾਂ ਦਾ ਇਕਾਂਗੀ ਨਾਟਕਾਂ ਦਾ ਸੰਗ੍ਰਹਿ 'ਬੇ ਘਰ ਤੇ ਹੋਰ ਇਕਾਂਗੀ' ਪੰਜਾਬੀ ਸਾਹਿਤ ਅੰਦਰ ਕਾਫ਼ੀ ਮਾਨ ਪ੍ਰਾਪਤ ਕਰ ਚੁੱਕਾ ਹੈ। ਇਸ ਵਿਚ ਸ਼ੱਕ ਨਹੀਂ ਕਿ ਆਪ ਦੇ ਕਈਆਂ ਨਾਟਕਾਂ ਦਾ ਕੋਈ ਮੰਤਵ ਨਹੀਂ ਹੁੰਦਾ, ਜਿਹਾ ਕਿ ਇਸ ਸੰਗ੍ਰਹਿ ਦਾ ਨਾਟਕ 'ਬਾਕੀ ਫੇਰ' ਕੇਵਲ ਦਿਲ ਪਰਚਾਵੇ ਲਈ ਹੀ ਹੈ, ਇਸ ਦਾ ਕੋਈ ਆਸ਼ਾ ਜਾਂ ਮੰਤਵ ਨਹੀਂ। ਆਪ ਦੇ ਕਈ ਨਾਟਕ ਕਲਾ ਦੇ ਲਿਹਾਜ਼ ਨਾਲ ਬਹੁਤ ਉਚੇ ਹਨ, ਜਿਹਾ ਕਿ 'ਜੁਤੀਆਂ ਦਾ ਜੋੜਾ' ਉਚੇ ਦਰਜੇ ਦਾ ਸੁਖਾਂਤ ਨਾਟਕ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ 'ਹਾਰ' ਵਾਲਾ ਨਾਟਕ ਵੀ ਬਹੁਤ ਚੰਗਾ ਮੰਨਿਆ ਜਾ ਸਕਦਾ ਹੈ।

ਇਨ੍ਹਾਂ ਦੇ ਨਾਟਕ ਕਲਾ ਦੇ ਲਿਹਾਜ਼ ਨਾਲ ਤੇ ਸਟੇਜ ਦੇ ਨੇਮਾਂ ਅਨੁਸਾਰ ਬਹੁਤ ਉਚੇ ਕਹੇ ਜਾ ਸਕਦੇ ਹਨ। ਇਨ੍ਹਾਂ ਦੀ ਬੋਲੀ ਉਤੇ ਉਰਦੂ ਦਾ ਬਹੁਤ ਅਸਰ ਪਰਤੀਤ ਹੁੰਦਾ ਹੈ।

**ਸ: ਨਿਹਾਲ ਸਿੰਘ 'ਰਸ':**–ਪੰਜਾਬੀ ਦੁਨੀਆਂ ਵਿਚ ਲਿਖਿਆ ਹੈ, "ਆਪ ਪੰਜਾਬ ਗਿਆਨੀ ਦੇ ਪ੍ਰਿੰਸੀਪਲ ਹਨ, ਅਤੇ ਆਪ ਨੂੰ ਸਾਹਿਤ ਪੜ੍ਹਨ ਤੇ ਪੜ੍ਹਾਉਣ ਦਾ ਕਾਫ਼ੀ ਤਜਰਬਾ ਹੈ।" ਜਨਮ ੨੫ ਅਕਤੂਬਰ ਸੰਨ ੧੯੦੭ ਨੂੰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਇਆ। ਖਾਲਸਾ ਕਾਲਜ ਤੋਂ ਵਿਦਿਆ ਪ੍ਰਾਪਤ ਕਰਨ ਮਗਰੋਂ ਆਪ ੧੯੩੦ ਤੋਂ ਗਿਆਨੀ ਦੀਆਂ ਜਮਾਤਾਂ ਨੂੰ ਪੜ੍ਹਾ ਰਹੇ ਹਨ।



Digitized by Panjab Digital Library | www.panjabdigilib.org

ਪਹਿਲੇ ਇਨ੍ਹਾਂ ਨੇ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ ਐਜ਼. ਯੂ. ਲਾਈਕ ਇਟ' ਦਾ ਸੁਤੰਤਰ ਅਨੁਵਾਦ ਕੀਤਾ ਜਿਸ ਦਾ ਨਾਂ 'ਜਿਉਂ ਭਾਵੇਂ' ਹੈ। ਫੇਰ ਇਨ੍ਹਾਂ ਦਾ ਇਕ ਮੌਲਿਕ ਨਾਵਲ ਸੰਨ ੧੯੫੨ ਵਿਚ ਪ੍ਰਕਾਸ਼ਤ ਹੋਇਆ ਜਿਸ ਦਾ ਨਾਂ 'ਬਦਲਦੀ ਦੁਨੀਆਂ' ਹੈ,ਜੋ ਪੰਜਾਬ ਯੂਨੀਵਰਸਿਟੀ ਵੱਲੋਂ ਪਰਵਾਨ ਹੋ ਚੁੱਕਾ ਹੈ ਇਨ੍ਹਾਂ ਦਾ ਦੂਸਰਾ ਨਾਟਕ 'ਜ਼ਿੰਦਗੀ' ਪਰਕਾਸ਼ਤ ਹੋ ਚੁੱਕਾ ਹੈ। ਇਨ੍ਹਾਂ ਤੋਂ ਬਿਨਾਂ ਇਕਾਂਗੀ ਨਾਟਕਾਂ ਦਾ ਇਕ ਸੰਗ੍ਰਹਿ 'ਹੁਲਾਰੇ' ਪ੍ਰਕਾਸ਼ਤ ਹੋ ਚੁੱਕਾ ਹੈ। ਨਾਟਕ ਕਲਾ, ਸਟੇਜ ਦੇ ਨੇਮਾਂ ਤੇ ਬੋਲੀ ਦੇ ਲਿਹਾਜ਼ ਨਾਲ ਇਹ ਨਾਟਕ ਆਮ ਕਲਾ ਕਾਰਾਂ ਤੇ ਸਾਹਿਤ-ਕਾਰਾਂ ਨੇ ਬੜੇ ਸਲਾਹੇ ਹਨ।

## 'ਬਦਲਦੀ ਦੁਨੀਆਂ' ਬਾਬਤ

ਡ: ਮੋਹਨ ਸਿੰਘ ਜੀ ਦੀਵਾਨਾ ਲਿਖਦੇ ਹਨ ਕਿ ਇਹ ਇਕ ਮਹਾਨ ਕਲਾਕਾਰ ਦਾ ਮਹਾਨ ਨਾਟਕ ਹੈ ਜੋ ਪਲਾਟ,ਪਾਤਰ ਉਸਾਰੀ ਤੇ ਬੋਲੀ ਦੇ ਲਿਹਾਜ਼ ਨਾਲ ਬਹੁਤ ਉੱਚਾ ਕਿਹਾ ਜਾ ਸਕਦਾ ਹੈ।' ਇਸੇ ਤਰ੍ਹਾਂ "ਪੰਜਾਬੀ ਦੁਨੀਆਂ" ਦੇ ਐਡੀਟਰ ਸਾਹਿਬ ਲਿਖਦੇ ਹਨ, "ਪਰਤੀਤ ਹੁੰਦਾ ਹੈ ਕਿ ਲੇਖਕ ਨੇ ਪੰਜਾਬੀ ਨਾਟਕ ਨੂੰ ਉੱਨਤ ਕਰਨ ਦੀ ਰੀਝ ਨਾਲ ਤਬੀਅਤ ਤੇ ਜ਼ੋਰ ਪਾ ਕੇ ਇਹ ਨਾਟਕ ਲਿਖਿਆ ਹੈ। ਨਾਟਕ ਦਾ ਵਿਸ਼ਾ ਸਦਾਚਾਰਕ ਹੈ। ਦਾਜ ਦੇ ਖਿਲਾਫ ਖ਼ਾਸੀ ਕਰੜੀ ਟਕੋਰ ਲਾਈ ਗਈ ਹੈ। ਅਮੀਰਜ਼ਾਦਿਆਂ ਦਾ ਵਿਆਹ ਨੂੰ ਸ਼ੁਗਲ ਸਮਝਣਾ ਤੇ ਪੈਸੇ ਕਮਾਉਣ ਦਾ ਇਕ ਜ਼ਰੀਆ ਬਣਾਉਣਾ ਪੂਰੇ ਜ਼ੋਰ ਨਾਲ ਭੰਡਿਆ ਗਿਆ ਹੈ।

ਨਾਟਕ ਦੇ ਪਾਤਰਾਂ ਵਿਚੋਂ ਨੰਦ ਕਿਸ਼ੋਰ ਦਾ ਆਚਰਣ ਪੂਰੀ ਤਰ੍ਹਾਂ ਉਘੜਿਆ ਹੈ। ਇਸ ਦੀ ਉਸਾਰੀ ਤੇ ਨਿਪਟਾ ਦੋਵੇਂ ਹੀ ਸਲਾਤਾ ਦੇ ਹੱਕਦਾਰ ਹਨ। ਨਾਟਕ ਦੀਆਂ ਕਈ ਝਾਕੀਆਂ ਜਿਹਾ ਕਿ ਕਾਲਜ ਦੀਆਂ ਕੁੜੀਆਂ ਤੇ ਕਾਲਜ ਦੇ ਮੁੰਡਿਆਂ ਦੀ ਗੱਲ ਬਾਤ, ਕਚਹਿਰੀ ਦਾ ਨਜ਼ਾਰਾ ਤੇ ਕਲੱਬ ਦਾ ਨਜ਼ਾਰਾ ਆਦਿ ਅਸਲ ਜੀਵਨ ਦੇ ਖ਼ਾਸੀਆਂ ਨੇੜੇ ਹਨ। ਕਹਾਣੀ ਦੇ ਅੰਤ ਵਿਚ ਦੇਸ ਸੇਵਾ ਦਾ ਥੋੜਾ ਜਿਹਾ ਹੁਲਾਰਾ ਬਨਾਉਟੀ ਨਿਪਟਾ ਨੂੰ ਜ਼ਾਹਰ ਕਰਦਾ ਹੈ।

Digitized by Panjab Digital Library | www.panjabdigilib.org

# ਪੰਜਾਬੀ ਸਾਹਿਤ ਦੇ ਮਸ਼ਹੂਰ ਖੋਜੀ

ਵੀਹਵੀਂ ਸਦੀ ਈ: ਦੇ ਦੂਸਰੇ ਦਹਾਕੇ ਤੱਕ ਪੰਜਾਬੀ ਸਾਹਿਤ ਬਹੁਤਾ ਪ੍ਰਫੁਲਤ ਨਹੀਂ ਸੀ ਹੋਇਆ। ਇਸ ਵਿਚ ਸ਼ੱਕ ਨਹੀਂ ਕਿ ਇਸ ਸਮੇਂ ਤੱਕ ਪੰਜਾਬੀ ਸਾਹਿਤ ਵਿਚ ਕਵਿਤਾ ਦੀਆਂ ਅਨੇਕਾਂ ਵਣਗੀਆਂ ਅਤੇ ਹਜ਼ਾਰਾਂ ਪੁਸਤਕਾਂ ਪਰਕਾਸ਼ਤ ਹੋ ਚੁਕੀਆਂ ਸਨ, ਪਰ ਵਾਰਤਕ ਵੱਲ ਕਿਸੇ ਵੀ ਸਾਹਿਤਕਾਰ ਨੇ ਬਹੁਤਾ ਧਿਆਨ ਨਹੀਂ ਦਿਤਾ ਸੀ। ਨਾ ਹੀ ਪੰਜਾਬੀ ਸਾਹਿਤ ਸਬੰਧੀ ਪੂਰੀ ਪੂਰੀ ਖੋਜ ਕਰਕੇ ਕਿਸੇ ਵਿਦਵਾਨ ਨੇ ਪੰਜਾਬੀ ਦੇ ਸਾਹਿਤਕਾਂ ਦੀਆਂ ਰਚਨਾਵਾਂ ਬਾਬਤ ਪੜਚੋ-ਲੀਆ ਨਜ਼ਰ ਨਾਲ ਵਿਚਾਰ ਕੀਤੀ ਸੀ। ਇਹ ਉਦਮ ਸਭ ਤੋਂ ਪਹਿਲਾਂ ਸ੍ਰੀ ਮਾਨ ਬਾਵਾ ਬੁਧ ਸਿੰਘ ਜੀ ਐਗਜ਼ੈਕਟਿਵ ਇੰਜੀਨੀਅਰ ਨੇ ਕੀਤਾ, ਜੋ ਪੰਜਾਬੀ ਦੇ ਇਕ ਕਵੀ, ਕਹਾਣੀ ਲੇਖਕ, ਤੇ ਨਾਟਕਕਾਰ ਵੀ ਸਨ। ਇਨ੍ਹਾਂ ਦਾ ਜਨਮ ੨੧ ਹਾੜ ਸੰਮਤ ੧੯੩੫ ਬਿਕ੍ਰਮੀ ਮੁਤਾਬਕ ਜੂਨ ਸੰਨ ੧੮੭੮ ਈਸਵੀ ਵਿਚ ਸ੍ਰੀ ਮਾਨ ਬਾਵਾ ਲਹਿਣਾ ਸਿੰਘ ਜੀ ਦੇ ਘਰ ਲਾਹੌਰ ਵਿਚ ਹੋਇਆ। ਆਪ ਉਰਦੂ ਫਾਰਸੀ, ਅੰਗ੍ਰੇਜ਼ੀ ਤੇ ਪੰਜਾਬੀ ਦੇ ਚੰਗੇ ਵਿਦਵਾਨ ਸਨ, ਜਿਸ ਕਰਕੇ ਸਰਕਾਰੀ ਨੌਕਰੀ ਵਿਚ ਹੁੰਦਿਆਂ ਹੋਇਆਂ ਵੀ ਆਪ ਦੀ ਰੁਚੀ ਸਾਹਿ-ਤਕ ਖੋਜ ਵੱਲ ਲੱਗੀ ਰਹੀ। ਸਭ ਤੋਂ ਪਹਿਲਾਂ ਆਪ ਨੇ ਸੰਨ ੧੯੧੩ ਈ: ਵਿਚ ਇਕ ਸੰਗ੍ਰਹਿ ਪ੍ਰਕਾਸ਼ਤ ਕੀਤਾ, ਜਿਸ ਦਾ ਨਾਂ 'ਹੰਸ ਚੋਗ' ਹੈ। ਇਸ ਵਿਚ ਆਪ ਨੇ ਬੋਲੀ ਦਾ ਮੁਢ, ਸੰਸਕ੍ਰਿਤ ਤੋਂ ਨਿਕਲੀਆਂ ਉਪ ਭਾਖਾ, ਅਤੇ ਪੰਜਾਬੀ ਦੀ ਉਤਪਤੀ ਤੇ ਵਿਕਾਸ ਸਬੰਧੀ ਇਕ



Digitized by Panjab Digital Library | www.panjabdigilib.org

ਵਿਦਵਤਾ ਪੂਰਤ ਵਿਚਾਰ ਪਰਗਟ ਕੀਤੀ । ਇਸ ਤੋਂ ਬਿਨਾਂ ਬਾਬਾ ਫਰੀਦ ਜੀ, ਸਿੱਖ ਗੁਰੂ ਸਾਹਿਬਾਨ ਤੇ ਹੋਰ ਅਨੇਕਾਂ ਭਗਤ ਕਵੀਆਂ ਦੀਆਂ ਰਚਨਾਵਾਂ ਸਬੰਧੀ ਸਾਹਿਤਕ ਖੋਜ ਲਿਖੀ । ਇਹ ਪੁਸਤਕ ਪੰਜਾਬੀ ਸਾਹਿਤ ਅੰਦਰ ਆਪਣੀ ਕਿਸਮ ਦੀ ਸਭ ਤੋਂ ਪਹਿਲੀ ਪੁਸਤਕ ਸੀ।

ਇਸ ਤੋਂ ਮਗਰੋਂ ਸੰਨ ੧੯੧੬ ਈ: ਵਿਚ ਆਪ ਦੀ ਦੂਸਰੀ ਪੁਸਤਕ 'ਕੋਇਲ ਕੂ' ਪ੍ਰਕਾਸ਼ਤ ਹੋਈ ਅਤੇ ਸੰਨ ੧੯੨੫ ਵਿਚ ਤੀਸਰੀ ਪੁਸਤਕ 'ਬੰਬੀਹਾ ਬੋਲ' ਛਪਕੇ ਪੰਜਾਬੀ ਪ੍ਰੇਮੀਆਂ ਦੇ ਹੱਥਾਂ ਵਿਚ ਆਈ । ਇਨ੍ਹਾਂ ਪੁਸਤਕਾਂ ਵਿਚ ਸਿੱਖ ਰਾਜ ਦੇ ਅੰਤਲੇ ਸਮੇਂ ਤੱਕ ਹੋਏ ਪੰਜਾਬੀ ਦੇ ਮਹਾਨ ਕਵੀਆਂ ਦੀਆਂ ਰਚਨਾਵਾਂ ਸਬੰਧੀ ਸਾਹਿਤਕ ਵਿਚਾਰ ਕੀਤੀ ਗਈ ਹੈ।

ਸੰਨ ੧੯੩੧ ਵਿਚ ਅਚਾਨਕ ਅਕਾਲ ਚਲਾਣਾ ਹੋ ਜਾਣ ਕਰਕੇ ਆਪ ਦੀ ਇਹ ਖੋਜ ਪੂਰੀ ਨਾ ਹੋ ਸਕੀ. ਨਹੀਂ ਤੇ ਆਪ ਨੇ ਪੰਜਾਬੀ ਸਾਹਿਤ ਦਾ ਇਤਹਾਸ ਮੁਕੰਮਲ ਕਰਨ ਦਾ ਇਰਾਦਾ ਕੀਤਾ ਸੀ।

ਪੰਜਾਬੀ ਸਾਹਿਤ ਦੇ ਦੂਸਰੇ ਤੇ ਸਭ ਤੋਂ ਵਡੇ ਮਹਾਨ ਖੋਜੀ ਸ੍ਰੀ ਮਾਨ ਡਾ: ਮੋਹਨ ਸਿੰਘ ਜੀ ਐਮ. ਏ. ਪੀ, ਐਚ. ਡੀ, ਡੀ. ਲਿਟ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਦੇ ਮੁਖੀ ਹਨ, ਜਿਨ੍ਹਾਂ ਨੇ ਆਪਣਾ ਜੀਵਨ ਹੀ ਪੰਜਾਬੀ ਸਾਹਿਤ ਦੀ ਖੋਜ ਸਬੰਧੀ ਅਰਪਨ ਕੀਤਾ ਹੋਇਆ ਹੈ । ਆਪ ਅੰਗ੍ਰੇਜ਼ੀ, ਉਰਦੂ, ਫਾਰਸੀ, ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਦੇ ਮਹਾਨ ਵਿਦਵਾਨ ਹਨ ਅਤੇ ਇਕ ਸਿਆਣੇ ਕਵੀ, ਨਾਟਕ ਕਾਰ ਤੇ ਕਹਾਣੀ ਲੇਖਕ ਵੀ ਹਨ । ਆਪ ਦੀਆਂ ਮਹਾਨ ਰਚਨਾਵਾਂ ਜੇਤਿੰਦਰ ਬਤੀਸੀ (ਕਹਾਣੀਆਂ) ਸਾਹਿਤ ਸ੍ਰੋਵਰ, ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ਼, ਸ਼ਾਹ ਹੁਸੈਨ, ਮਸਤੀ ਆਦਿਕ ਪੰਜਾਬ ਯੂਨੀਵਰਸਿਟੀ ਦੇ ਗਿਆਨੀ, ਐਫ: ਏ: ਬੀ: ਏ:



Digitized by Panjab Digital Library | www.panjabdigilib.org

ਤੇ ਐਮ: ਏ: ਆਦਿਕ ਇਮਤਿਹਾਨਾਂ ਲਈ ਕੋਰਸ ਲੱਗੀਆਂ ਹੋਈਆਂ ਹਨ।

ਸਭ ਤੋਂ ਪਹਿਲਾਂ ਆਪ ਨੇ ਅੰਗਰੇਜ਼ੀ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ,ਜਿਸ ਕਰਕੇ ਆਪ ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਵਲੋਂ ਡੀ: ਲਿਟ ਦੀ ਡਿਗਰੀ ਦਿੱਤੀ ਗਈ। ਇਸ ਤੋਂ ਮਗਰੋਂ ਆਪ ਨੇ ਹਜ਼ਰਤ ਬੁਲ੍ਹੇ ਸ਼ਾਹ, ਹਜ਼ਰਤ ਸ਼ਾਹ ਹੁਸੈਨ ਤੇ ਵਾਰਸ ਸ਼ਾਹ ਆਦਿਕ ਅਨੇਕਾਂ ਸੂਫ਼ੀ ਫਕੀਰਾਂ ਦੇ ਜੀਵਨਾਂ ਤੇ ਰਚਨਾਵਾਂ ਸਬੰਧੀ ਭਾਰੀ ਖੋਜ ਕੀਤੀ ਅਤੇ ਆਪਣੀ ਖੋਜ ਮੁਕੰਮਲ ਕਰਨ ਮਗਰੋਂ ੧. ਬੁਲ੍ਹੇ ਸ਼ਾਹ, ੨. ਸ਼ਾਹ ਹੁਸੈਨ, ੩. ਸੂਫੀਆਂ ਦਾ ਕਲਾਮ, ਅਤੇ ੪. ਵਾਰਸਸ਼ਾਹ ਦੀ ਹੀਰ ਆਦਿਕ ਟਕਸਾਲੀ ਪੁਸਤਕਾਂ ਪਰਕਾਸ਼ਤ ਕੀਤੀਆਂ। ਇਨ੍ਹਾਂ ਦੀ ਵਾਰਸਸ਼ਾਹ ਦੀ ਹੀਰ ਵਾਰਸਸ਼ਾਹ ਦੇ ਕਲਮੀ ਨੁਸਖੇ ਦਾ ਅਸਲ ਉਤਾਰਾ ਮੰਨੀ ਜਾ ਸਕਦੀ ਹੈ। ਸੂਫੀਆਂ ਦੇ ਕਲਾਮ ਨਾਮੀ ਪੁਸਤਕ ਵਿਚ ਆਪ ਨੇ ਉਨ੍ਹਾਂ ਸੂਫ਼ੀਆਂ ਦੀਆਂ ਰਚਨਾਵਾਂ ਦਿਤੀਆਂ ਹਨ, ਜਿਨ੍ਹਾਂ ਦੇ ਨਾਂ ਪੰਜਾਬੀ ਦੇ ਵੱਡੇ ਵੱਡੇ ਸਾਹਿਤਕਾਂ ਨੂੰ ਵੀ ਮਲੂਮ ਨਹੀਂ। ਇਨ੍ਹਾਂ ਦੇ ਮਗਰੋਂ ਆਪ ਨੇ ਪ. 'ਆਧੁਨਿਕ ਪੰਜਾਬੀ ਕਵਿਤਾ' ਨਾਮੀ ਪੁਸਤਕ ਪਰਕਾਸ਼ਤ ਕੀਤੀ, ਜੋ ਪੰਜਾਬੀ ਕਵਿਤਾ ਦੀ ਖੋਜ ਸਬੰਧੀ ਇਕ ਖਾਸ ਮਹਾਨਤਾ ਰਖਦੀ ਹੈ। ਸੰਨ ੧੯੪੮ ਵਿਚ ਆਪ ਨੇ ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ ਪਰਕਾਸ਼ਤ ਕੀਤੀ ਅਤੇ ਹੁਣ ਮਾਰਚ ੧੯੫੧ ਵਿਚ ਇਨ੍ਹਾਂ ਨੇ ਅੰਗਰੇਜ਼ੀ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਪ੍ਰਕਾਸ਼ਤ ਕੀਤਾ ਹੈ, ਜੋ ਇਕ ਨਵੇਂ ਨੁਕਤਾ ਨਿਗਾਹ ਨਾਲ ਲਿਖਿਆ ਗਿਆ ਹੈ। ਇਨ੍ਹਾਂ ਪੁਸਤਕਾਂ ਤੋਂ ਬਿਨਾਂ ਆਪ ਨੇ ਗੀਤਾ ਸਬੰਧੀ ਭਾਰੀ ਖੋਜ ਕੀਤੀ ਅਤੇ ਅੰਗਰੇਜ਼ੀ ਤੇ ਹਿੰਦੀ ਵਿਚ ਇਸ ਸਬੰਧੀ ਅਨੇਕਾਂ ਲੇਖ ਲਿਖੇ।

ਆਸ ਹੈ ਕਿ ਆਪ ਪੰਜਾਬੀ ਸਾਹਿਤ ਸਬੰਧੀ ਹੋਰ ਵੀ ਭਾਰੀ ਖੋਜ ਕਰਨਗੇ। ਪੰਜਾਬੀ ਸਾਹਿਤ ਪ੍ਰੇਮੀ ਜਿੰਨਾਂ ਵੀ ਆਪ ਤੇ ਮਾਨ



Digitized by Panjab Digital Library | www.panjabdigilib.org

ਕਰਨ ਥੋੜਾ ਹੈ।

੩. ਮੁਨਸ਼ੀ ਮੌਲਾ ਬਖਸ਼ ਜੀ 'ਕੁਸ਼ਤਾ' ਜੋ ਪੰਜਾਬੀ ਦੇ ਇਕ ਮਹਾਨ ਕਵੀ ਹਨ, ਅਤੇ ਸੈਂਟ੍ਰਲ ਪੰਜਾਬੀ ਸਭਾ ਦੇ ਮੁਖੀ ਕਰਮਚਾਰੀਆਂ ਵਿਚੋਂ ਸਨ, ਨੇ 'ਪੰਜਾਬ ਦੇ ਹੀਰੇ' ਨਾਮੀ ਪੁਸਤਕ ਲਿਖੀ। ਇਸ ਵਿਚ ਮੁੱਢ ਤੋਂ ਲੈ ਕੇ ਆਧੁਨਿਕ ਕਾਲ ਤੱਕ ਦੇ ਮਸ਼ਹੂਰ ਕਵੀਆਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਸਬੰਧੀ ਖੋਜ ਭਰੀ ਵਿਚਾਰ ਕੀਤੀ ਗਈ ਹੈ। ਪਿਆਰਾ ਸਿੰਘ ਜੀ ਗਿੱਲ ਨੇ 'ਨਾਟਕ ਰਤਨਾਕਰ' ਨਾਮੀ ਪੁਸਤਕ ਨਾਟਕਾਂ ਸਬੰਧੀ ਲਿਖੀ, ਇਹ ਪੁਸਤਕ ਇਕ ਤਰ੍ਹਾਂ ਨਾਲ ਨਾਟਕ ਕਲਾ ਦਾ ਇਤਿਹਾਸ ਕਿਹੀ ਜਾ ਸਕਦੀ ਹੈ। ਡਾ: ਗੋਪਾਲ ਸਿੰਘ ਦਰਦੀ ਨੇ ਰੋਮਾਂਟਿਕ ਪੰਜਾਬੀ ਕਵੀ, ਪੰਜਾਬੀ ਸਾਹਿਤ ਦਾ ਇਤਿਹਾਸ ਤੇ ਸਾਹਿਤ ਦੀ ਪਰਖ ਆਦਿਕ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਹ ਤਿੰਨੇ ਪੁਸਤਕਾਂ ਭਾਵੇਂ ਪਹਿਲੀਆਂ ਲਿਖੀਆਂ ਜਾ ਚੁੱਕੀਆਂ ਪੁਸਤਕਾਂ ਦੇ ਅਧਾਰ ਤੇ ਹੀ ਮੰਨੀਆਂ ਜਾ ਰਹੀਆਂ ਹਨ, ਪਰ ਲਿਖਣ ਢੰਗ ਦੇ ਲਿਹਾਜ਼ ਨਾਲ ਇਹ ਸਭ ਤੋਂ ਚੰਗੀਆਂ ਤੇ ਸਰਲ ਕਹੀਆਂ ਜਾ ਸਕਦੀਆਂ ਸਨ। ਪ੍ਰੋ: ਹਰਦਿਆਲ ਸਿੰਘ ਜੀ ਐਮ. ਏ. ਨੇ 'ਪੰਜਾਬੀ ਸਾਹਿਤ ਦੇ ਵਿਸ਼ੇ ਤੇ ਰੂਪ' ਨਾਂ ਦੀ ਪੁਸਤਕ ਪ੍ਰਕਾਸ਼ਤ ਕੀਤੀ। ਡਾਕਟਰ ਬਲਬੀਰ ਸਿੰਘ ਜੀ ਨੇ 'ਨਵੀਨ ਪੰਜਾਬੀ ਕਵਿਤਾ ਵਿਚ ਰਹਸਵਾਦ' ਅਤੇ 'ਪੰਜਾਬੀ ਦੀ ਰਮਜ਼ ਭਰੀ ਕਵਿਤਾ' ਆਦਿਕ ਪੁਸਤਕਾਂ ਲਿਖੀਆਂ। ਐਸ. ਐਸ. ਅਮੋਲ ਜੀ ਨੇ 'ਸਾਡੇ ਪੁਰਾਣੇ ਕਵੀ' ਨਾਂ ਦੀ ਪੁਸਤਕ ਪ੍ਰਕਾਸ਼ਤ ਕੀਤੀ ਅਤੇ ਪ੍ਰਿੰ: ਨਿਹਾਲ ਸਿੰਘ ਜੀ 'ਰਸ ਨੇ 'ਪੰਜਾਬੀ ਸਾਹਿਤ ਦਾ ਵਿਕਾਸ' ਨਾਮੀ ਪੁਸਤਕ ਪ੍ਰਕਾਸ਼ਤ ਕੀਤੀ, ਜਿਸ ਵਿਚ ਮਹਾਨ ਕਵੀਆਂ ਤੇ ਵਾਰਤਿਕ ਲਿਖਾਰੀਆਂ ਦੀਆਂ ਰਚਨਾਵਾਂ ਸਬੰਧੀ ਪੂਰੀ ਖੋਜ ਕੀਤੀ ਗਈ ਹੈ। ਸਰਦਾਰ ਅਵਤਾਰ ਸਿੰਘ ਜੀ ਆਜ਼ਾਦ ਨੇ ਪੰਜਾਬੀ ਸਾਹਿਤਕਾਰ ਨਾਮੀ ਪੁਸਤਕ ਪ੍ਰਕਾਸ਼ਤ ਕਰ ਕੇ ਇਕ ਭਾਰੀ ਘਾਟਾ ਪੂਰਾ ਕੀਤਾ ਹੈ।



Digitized by Panjab Digital Library | www.panjabdigilib.org

# ਇਤਿਹਾਸ

ਪੰਜਾਬੀ ਸਾਹਿਤ ਵਿਚ ਇਤਿਹਾਸ ਸਬੰਧੀ ਜੋ ਕੁਝ ਲਿਖਿਆ ਗਿਆ ਹੈ, ਉਹ ਸਮੂਲਚਾ ਸਿੱਖ ਇਤਿਹਾਸ ਬਾਰੇ ਹੀ ਹੈ, ਜਾਂ ਥੋੜਾ ਬਹੁਤ ਪੰਜਾਬ ਦੇ ਇਤਿਹਾਸ ਬਾਰੇ ਇਕ ਦੋ ਲਿਖਾਰੀਆਂ ਨੇ ਕੁਝ ਮਨੋਹਰ ਪੁਸਤਕਾਂ ਲਿਖੀਆਂ ਹਨ। ਇਤਿਹਾਸ ਬਾਰੇ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਇਕ ਸਿੱਖ 'ਪੈੜੇ ਮੋਖੇ' ਤੋਂ ਬਾਲੇ ਵਾਲੀ ਜਨਮ ਸਾਖੀ ਲਿਖਵਾਈ। ਭਾਵੇਂ ਮਗਰੋਂ ਕੁਝ ਲੇਖਕਾਂ ਨੇ ਇਸ ਵਿਚ ਹੋਰ ਬਹੁਤ ਕੁਝ ਰਲਾ ਦਿੱਤਾ ਅਤੇ ਖਰੇ ਸਿੱਕੇ ਨੂੰ ਖੋਟਾ ਬਣਾ ਦਿੱਤਾ। ਕਿਹਾ ਜਾਂਦਾ ਹੈ ਕਿ ਇਕ ਹੱਥ ਲਿਖਿਆ ਇਤਿਹਾਸ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਨੂੰ ਮਿਲਿਆ ਜੋ ਉਹ ਇੰਡੀਆ ਆਫਿਸ ਦੀ ਲਾਇਬਰੇਰੀ ਲੰਡਨ ਵਿਚ ਲੈ ਗਏ। ਉਸ ਦੀ ਪਰਤ ਇਸ ਵੇਲੇ ਛਪ ਕੇ ਬਾਜ਼ਾਰ ਵਿਚ ਵਿਕ ਰਹੀ ਹੈ, ਜਿਸ ਨੂੰ "ਵਲੈਤ ਵਾਲੀ ਜਨਮ ਸਾਖੀ" ਕਹਿੰਦੇ ਹਨ। ਇਹ ਪੁਸਤਕ ਇਤਿਹਾਸਕ ਤੌਰ ਤੇ ਕੁਝ ਪਰਮਾਨੀਕ ਮੰਨੀ ਜਾ ਸਕਦੀ ਹੈ।

ਭਾਈ ਮਨੀ ਸਿੰਘ ਜੀ ਨੇ ਵੀ ਇਕ ਜਨਮਸਾਖੀ ਲਿਖੀ। ਇਹ ਤਿੰਨੇ ਜਨਮ ਸਾਖੀਆਂ ਬਹੁਤ ਪੁਰਾਣੀਆਂ ਮੰਨੀਆਂ ਜਾ ਸਕਦੀਆਂ ਹਨ। ਇਕ ਜਨਮ ਸਾਖੀ ਅੱਡਣ ਸ਼ਾਹੀ ਸੰਪਰਦਾਇ ਵਾਲਿਆਂ ਨੇ ਲਿਖੀ। ਇਹਨਾਂ ਸਾਰੀਆਂ ਜਨਮ ਸਾਖੀਆਂ ਦੀ ਬੋਲੀ ਪੁਰਾਣੇ ਢੰਗ ਦੀ ਪੰਜਾਬੀ ਹੈ, ਜਿਸ ਵਿਚ ਲਹਿੰਦੀ ਪੰਜਾਬੀ ਅਤੇ ਪੂਰਬੀ ਪੰਜਾਬੀ ਦੇ ਸ਼ਬਦ ਰਲਵੇਂ ਮਿਲਵੇਂ ਆਏ ਹਨ। ਵਾਕ ਬੜੇ ਨਿਕੇ ਨਿਕੇ ਹਨ। ਏਹਨਾਂ ਤੋਂ ਪਤਾ ਲਗਦਾ ਹੈ ਕਿ ਅੱਜ ਤੋਂ ਲਗ ਪਗ ਤਿੰਨ ਚਾਰ ਸੌ ਸਾਲ ਪਹਿਲਾਂ ਵਿਦਵਾਨਾਂ ਦੀ ਲਿਖਤ ਕਿਸ ਤਰ੍ਹਾਂ ਦੀ ਸੀ।



Digitized by Panjab Digital Library | www.panjabdigilib.org

ਇਨ੍ਹਾਂ ਤੋਂ ਮਗਰੋਂ ਅੰਗਰੇਜ਼ੀ ਰਾਜ ਦੇ ਸਮੇਂ ਤੱਕ ਕੋਈ ਇਤਿਹਾਸਕ ਪੁਸਤਕ ਨਾ ਲਿਖੀ ਗਈ। ਭਾਈ ਸੰਤੋਖ ਸਿੰਘ ਜੀ ਨੇ ਛੰਦ ਰਚਨਾ ਵਿਚ 'ਗੁਰਪ੍ਰਤਾਪ ਸੂਰਜ ਗ੍ਰੰਥ' (ਸੂਰਜ ਪ੍ਰਕਾਸ਼) ਅਤੇ ਨਾਨਕ ਪ੍ਰਕਾਸ਼ ਆਦਿਕ ਇਤਿਹਾਸਕ ਗ੍ਰੰਥ ਲਿਖੇ। ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਆਦਿਕ ਕਵਿਤਾ ਵਿਚ ਸਿੱਖ ਇਤਿਹਾਸ ਸਬੰਧੀ ਮਹਾਨ ਗ੍ਰੰਥ ਲਿਖੇ ਜੋ ਬੜੇ ਪ੍ਰਮਾਣੀਕ ਮੰਨੇ ਜਾਂਦੇ ਹਨ। ਗਿਆਨੀ ਗਿਆਨ ਸਿੰਘ ਜੀ ਨੇ 'ਤਵਾਰੀਖ ਗੁਰੂ ਖਾਲਸਾ' ਵਾਰਤਕ ਵਿਚ ਵੀ ਲਿਖੀ ਅਤੇ ਜਿਸਦਾ ਸੰਖੇਪ ਰੂਪ ਉਰਦੂ ਵਿਚ ਵੀ ਪ੍ਰਕਾਸ਼ਤ ਹੋਇਆ। ਮਸ਼ਹੂਰ ਇਤਿਹਾਸ ਕਾਰ ਮਿਸਟਰ ਮੈਕਾਲਫ ਨੇ ਅੰਗਰੇਜ਼ੀ ਵਿਚ ਸਿਖ ਇਤਿਹਾਸ ਲਿਖਿਆ, ਜਿਸ ਦਾ ਪੰਜਾਬੀ ਉਲਥਾ ਮਾਸਟਰ ਸੁਜਾਨ ਸਿੰਘ ਜੀ ਨੇ ਕੀਤਾ ਅਤੇ ਜੋ ਫੁਲਵਾੜੀ ਏਜੰਸੀ ਨੇ ਪ੍ਰਕਾਸ਼ਤ ਕੀਤਾ।

ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਸਿੱਖ ਇਤਿਹਾਸ ਬਾਰੇ ਭਾਰੀ ਖੋਜ ਕੀਤੀ ਅਤੇ ਬੜੀ ਮਿਹਨਤ ਤੇ ਖੋਜ ਨਾਲ ਸਿੱਖ ਇਤਿਹਾਸ ਸਬੰਧੀ ਕਈ ਨਵੀਆਂ ਗੱਲਾਂ ਲੱਭੀਆਂ। ਆਪ ਨੇ ਕਈ ਇਤਿਹਾਸਕ ਪੁਸਤਕਾਂ ਵਾਰਤਕ ਵਿਚ ਲਿਖੀਆਂ, ਜਿਨ੍ਹਾਂ ਵਿਚੋਂ ਗੁਰਪੁਰਬ ਨਿਰਣੈ; ਬੰਦਾ ਬਹਾਦਰ, ਅਮਰ ਖਾਲਸਾ, ਕੱਤਕ ਕਿ ਵਿਸਾਖ ਆਦਿਕ ਇਤਿਹਾਸਕ ਖੋਜ ਦੇ ਗ੍ਰੰਥ ਪ੍ਰਸਿਧ ਹਨ। ਆਪ ਦੀ ਬੋਲੀ ਠੇਠ ਪੰਜਾਬੀ ਹੈ ਤੇ ਵਾਰਤਾ ਬੜੀ ਸਰਲ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸਿਖ ਇਤਿਹਾਸ ਨੂੰ ਇਕ ਨਵੇਂ ਰੂਪ ਵਿਚ ਪ੍ਰਗਟ ਕਰਨ ਦਾ ਯਤਨ ਕੀਤਾ। ਆਪ ਦੀਆਂ ਮਸ਼ਹੂਰ ਇਤਿਹਾਸਕ ਪੁਸਤਕਾਂ ਵਿਚੋਂ ਸ੍ਰੀ ਕਲਗੀਧਰ ਚਮਤਕਾਰ, ਸ੍ਰੀ ਗੁਰੂ ਨਾਨਕ ਚਮਤਕਾਰ ਹਨ। ਇਹ ਪੁਸਤਕਾਂ ਇਕ ਅਜਿਹੇ ਢੰਗ ਨਾਲ ਲਿਖੀਆਂ ਗਈਆਂ ਹਨ ਕਿ ਜਿਨ੍ਹਾਂ ਤੋਂ ਨਿਰਾ ਇਤਿਹਾਸ ਹੀ ਨਹੀਂ ਸਗੋਂ ਨਾਵਲ ਦਾ ਸਵਾਦ ਵੀ ਆ ਜਾਂਦਾ ਹੈ। ਇਸ ਤੋਂ ਬਿਨਾਂ



Digitized by Panjab Digital Library | www.panjabdigilib.org

ਬਾਬਾ ਨੋਧ ਸਿੰਘ ਜੀ ਨਾਵਲ ਦੇ ਪਿਛਲੇ ਅੱਧ ਵਿਚ ਇਨ੍ਹਾਂ ਨੇ ਇਤਿਹਾਸਕ ਵਾਰਤਾ ਲਿਖੀਆਂ ਹਨ। ਸੰਤਾਂ ਦੇ ਜੀਵਨ ਸਬੰਧੀ 'ਸੰਤ ਗਾਥਾ' ਇਨ੍ਹਾਂ ਦੀ ਇਕ ਮਸ਼ਹੂਰ ਪੁਸਤਕ ਹੈ। ਆਪ ਦੀ ਲਿਖਤ ਅੰਦਰ ਇਕ ਅਜਿਹਾ ਰਸ ਹੈ ਕਿ ਬਦੋ ਬਦੀ ਪੜ੍ਹਨ ਤੇ ਦਿਲ ਕਰਦਾ ਹੈ।

ਬਾਵਾ ਪ੍ਰੇਮ ਸਿੰਘ ਜੀ ਹੋਤੀ:—ਬਾਵਾ ਪ੍ਰੇਮ ਸਿੰਘ ਜੀ ਇਸ ਸਮੇਂ ਦੇ ਇਕ ਮਸ਼ਹੂਰ ਸਿੱਖ ਇਤਿਹਾਸ ਸਬੰਧੀ ਇਤਿਹਾਸ ਕਾਰ ਮੰਨੇ ਜਾ ਸਕਦੇ ਹਨ। ਆਪ ਨਵਾਬ ਸਾਹਿਬ ਹੋਤੀ ਦੇ ਵਜ਼ੀਰ ਅਤੇ ਸਲਾਹਕਾਰ ਸਨ। ਆਪ ਫਾਰਸੀ ਦੇ ਮੰਨੇ ਪ੍ਰਮੰਨੇ ਵਿਦਵਾਨ ਤੇ ਗੁਰਬਾਨੀ ਦੇ ਰਸੀਏ ਹਨ। ਆਪ ਨੇ ਸਿਖ ਇਤਿਹਾਸ ਹਨੇਰੇ ਵਿਚ ਪਿਆ ਦੇਖ ਕੇ ਸਿਖ ਰਾਜ ਸਬੰਧੀ ਖੋਜ ਕਰਨੀ ਅਰੰਭ ਦਿੱਤੀ। ਆਪ ਕਈਆਂ ਬਜ਼ੁਰਗਾਂ ਅਤੇ ਮਹਾਂ ਪੁਰਖਾਂ ਨੂੰ ਮਿਲੇ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ ਜਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਸਬੰਧੀ ਅਤੇ ਸਿਖ ਰਾਜ ਸਬੰਧੀ ਜ਼ਾਤੀ ਤੌਰ ਤੇ ਵਾਕਫੀਅਤ ਰਖਦੇ ਸਨ। ਆਪ ਨੇ ਨਵਾਬ ਸਾਹਿਬ ਹੋਤੀ ਦੀ ਖਾਸ ਲਾਇਬ੍ਰੇਰੀ ਵਿਚੋਂ ਪੁਰਾਣੀਆਂ ਲਿਖਤਾਂ ਵਿਚੋਂ ਅਤੇ ਈਸਟ ਇੰਡੀਆ ਗਜ਼ਟੀਅਰ ਵਿਚੋਂ ਖੋਜ ਕਰ ਕੇ ਸਿਖ ਇਤਿਹਾਸ ਸਬੰਧੀ ਜਿੰਨਾ ਵੀ ਸੱਚਾ ਸੱਚਾ ਮਸਾਲਾ ਮਿਲ ਸਕਿਆ ਇਕੱਤਰ ਕੀਤਾ। ਆਪ ਦੀਆਂ ਮਸ਼ਹੂਰ ਇਤਿਹਾਸਕ ਪੁਸਤਕਾਂ ਵਿਚੋਂ (੧) ਮਹਾਰਾਜਾ ਰਣਜੀਤ ਸਿੰਘ, (੨) ਸ: ਹਰੀ ਸਿੰਘ ਨਲੂਆ, (੩) ਅਕਾਲੀ ਫੂਲਾ ਸਿੰਘ, (੪) ਕੰਵਰ ਨੌ ਨਿਹਾਲ ਸਿੰਘ, (੫) ਸਿਖ ਰਾਜ ਦੇ ਬਦੇਸ਼ੀ ਕਰਿੰਦੇ, (੬) ਖਾਲਸਾ ਰਾਜ ਦੇ ਉਸਰਈਏ ਆਦਿਕ ਹਨ। ਆਪ ਦੀਆਂ ਪੁਸਤਕਾਂ ਵਿਦਵਾਨਾਂ ਵਿਚ ਖਾਸ ਮਹਾਨਤਾ ਰਖਦੀਆਂ ਹਨ ਅਤੇ ਇਨ੍ਹਾਂ ਵਿਚੋਂ ਵੱਖ ਵੱਖ ਕੋਰਸ ਮੁਕਰਰ ਹੁੰਦੀਆਂ ਰਹਿੰਦੀਆਂ ਹਨ।



Digitized by Panjab Digital Library | www.panjabdigilib.org

ਪ੍ਰਿੰਸੀਪਲ ਗੰਗਾ ਸਿੰਘ ਜੀ:—ਆਪ ਸ਼ਹੀਦ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹਿ ਚੁਕੇ ਹਨ ਅਤੇ ਆਪ ਵਰਗਾ ਵਿਆ-ਖਿਆਨ ਕਾਰ ਇਕ ਵੀ ਨਹੀਂ ਮਿਲਦਾ। ਆਪ ਇਕ ਉਚ ਦਰਜੇ ਦੇ ਵਿਦਵਾਨ ਅਤੇ ਲੇਖਕ ਹਨ। ਆਪ ਰਸਾਲਾ 'ਅੰਮ੍ਰਿਤ' ਦੇ ਸੰਪਾਦਕ ਵੀ ਰਹਿ ਚੁਕੇ ਹਨ ਅਤੇ ਗੁਰੂ ਘਰ ਸਬੰਧੀ ਵਿਸ਼ਾਲ ਤਜਰਬਾ ਰਖਣ ਵਾਲੇ ਵਿਦਵਾਨ ਹਨ। ਆਪ ਨੇ ਆਪਣੇ ਤਜਰਬੇ ਤੇ ਖੋਜ ਨਾਲ ਸਿੱਖ ਇਤਿਹਾਸ ਸਬੰਧੀ ਬਹੁਤ ਕੁਝ ਲਿਖਿਆ ਹੈ। ਆਪ ਦੀ ਲਿਖਤ ਬੜੀ ਸਵਾਦਲੀ, ਭਾਵ ਪੂਰਤ ਤੇ ਦਿਲ ਖਿੱਚਵੀਂ ਹੈ। ਆਪ ਦੀ ਵਾਰਤਕ ਵਿਚ ਬੜਾ ਜ਼ੋਰ ਹੈ। ਆਪ ਦੀਆਂ ਮਸ਼ਹੂਰ ਇਤਿਹਾਸਕ ਪੁਸਤਕਾਂ 'ਜੀਵਨ ਕਥਾ ਗੁਰੂ ਹਰਿਗੋਬਿੰਦ ਸਾਹਿਬ' (ਬੰਦੀ ਛੋੜ) ਤੇ ਪੂਰਨ ਮਨੁੱਖ ਹਨ।

ਗਿਆਨੀ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਕੇਸ ਗੜ੍ਹ ਸਾਹਿਬ (ਤਖਤ ਸ੍ਰੀ ਅਨੰਦ ਪੁਰ ਸਾਹਿਬ) ਜੀ, ਇਕ ਮਹਾਨ ਵਿਦਵਾਨ ਹਨ, ਜਿਨ੍ਹਾਂ ਨੇ ਸਿਖ ਇਤਿਹਾਸ ਸਬੰਧੀ (੧) ਗੁਰਮਤ ਲੈਕਚਰ, (੨) ਸਿਖ ਇਤਿਹਾਸਕ ਲੈਕਚਰ ਤੇ ਸੰਸਾਰ ਦਾ ਧਾਰਮਕ ਇਤਿਹਾਸ ਆਦਿ ਪੁਸਤਕਾਂ ਲਿਖੀਆਂ ਹਨ। ਆਪ ਦੀਆਂ ਇਹ ਪੁਸਤਕਾਂ ਇਤਿਹਾਸਕ ਲਿਹਾਜ਼ ਨਾਲ ਇਕ ਖਾਸ ਮਹਾਨਤਾ ਰਖਦੀਆਂ ਹਨ।

ਪ੍ਰੋ: ਗੰਡਾ ਸਿੰਘ ਜੀ (ਪੰਜਾਬੀ ਵਿਭਾਗ ਪਟਿਆਲਾ)—ਆਪ ਸਿੱਖ ਇਤਿਹਾਸ ਸਬੰਧੀ ਭਾਰੀ ਖੋਜ ਕਰ ਰਹੇ ਹਨ ਅਤੇ ਹਿਸਟਰੀ ਦੇ ਰੀਸਰਚ ਸਕੌਲਰ (ਖੋਜੀ ਵਿਦਵਾਨ) ਹਨ। ਇਨ੍ਹਾਂ ਨੇ ਸਿਖ ਇਤਿਹਾਸ ਸਬੰਧੀ ਕਈ ਲੇਖ ਤੇ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਪੁਸਤਕਾਂ ਵਿਚੋਂ ੧. ਸਿੱਖ ਇਤਿਹਾਸ ਵੱਲ ੨. ਸਿੱਖ ਇਤਹਾਸ ਬਾਰੇ ੩. ਸ੍ਰ: ਸ਼ਾਮ ਸਿੰਘ ਅਟਾਰੀ ੪. ਦੀਵਾਨ ਕੌੜਾ ਮੱਲ ੫. ਕੂਕਿਆਂ ਦੀ ਵਿਥਿਆ ਆਦਿਕ ਕਈ ਪੁਸਤਕਾਂ ਪ੍ਰਸਿਧ ਹਨ।



Digitized by Panjab Digital Library | www.panjabdigilib.org

ਗਿਆਨੀ ਤਰਲੋਕ ਸਿੰਘ ਜੀ ਵੀ ਇਕ ਨਵੀਨ ਤੇ ਨੌਜਵਾਨ ਇਤਿਹਾਸਕਾਰ ਹਨ ਜਿਨ੍ਹਾਂ ਤੇ ਸਿਖ ਇਤਿਹਾਸ ਸਬੰਧੀ ਪੂਰੀ ਪੂਰੀ ਖੋਜ ਕਰਕੇ ੧. ਮਹਾਰਾਣੀ ਚੰਦ ਕੌਰ, ੨. ਮਹਾਰਾਣੀ ਜਿੰਦਾਂ, ੩. ਸਿੱਖ ਰਾਜ ਦੀਆਂ ਸ਼ਾਮਾਂ ੪. ਗੁਰਦਾਸ ਨੰਗਲ ਦੇ ਸ਼ਹੀਦ ਅਤੇ ਅਣਖੀਲਾ ਜਰਨੈਲ (ਸ੍ਰ: ਹਰੀ ਸਿੰਘ ਨਲੂਆ) ਆਦਿਕ ਇਤਿਹਾਸਕ ਪੁਸਤਕਾਂ ਲਿਖੀਆਂ ਹਨ।

ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲਾ—ਜਿਸ ਤਰ੍ਹਾਂ ਸੁਰਗਵਾਸੀ ਭਾਈ ਸੰਤੋਖ ਸਿੰਘ ਜੀ ਦਾ ਨਾਂ ਗੁਰਪਰਤਾਪ ਸੂਰਜ ਗ੍ਰੰਥ ਕਰਕੇ ਵਿਦਵਾਨਾਂ ਵਿਚ ਮਸ਼ਹੂਰ ਚਲਿਆ ਆਉਂਦਾ ਹੈ, ਇਸੇ ਤਰ੍ਹਾਂ ਆਮ ਜਨਤਾ ਦੀ ਬੋਲੀ ਤੇ ਠੇਠ ਪੰਜਾਬੀ ਬੈਂਤਾਂ ਵਿਚ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤੱਕ ਦੇ ਕੁਲ ਹਾਲ ਵਖ ਵਖ ਕਿੱਸਿਆਂ ਵਿਚ ਖੋਜ ਕਰਕੇ ਲਿਖੇ ਹਨ। ਇਹ ਇਤਿਹਾਸਕ ਗ੍ਰੰਥ ਗਿਣਤੀ ਵਿਚ ਲਗ ਪਗ ਦੋ ਦਰਜਨ ਹਨ, ਜਿਨ੍ਹਾਂ ਵਿਚੋਂ ਦੁਸ਼ਟ ਦਮਨ ਪ੍ਰਕਾਸ਼ ਤੇ ਦਸਮੇਸ਼ ਪ੍ਰਕਾਸ਼ ਮਹਾਂ ਕਾਵਿ ਮੰਨੇ ਜਾ ਸਕਦੇ ਹਨ। ਜਿੱਥੇ ਆਪ ਨੇ ਇਨ੍ਹਾਂ ਪੁਸਤਕਾਂ ਵਿਚ ਕਵਿਤਾ ਦੀ ਬਹੁ ਰੂਪਤਾ ਤੇ ਕਵਿਤਾ ਦੇ ਚਮਤਕਾਰੇ ਦਿਖਾਏ ਹਨ ਓਥੇ ਇਤਿਹਾਸਕ ਤੌਰ ਤੇ ਵੀ ਇਹ ਗ੍ਰੰਥ ਇਕ ਖਾਸ ਮਹਾਨਤਾ ਰਖਦੇ ਹਨ। 'ਰਾਜ ਖਾਲਸਾ' ਨਾਮੀ ਪੁਸਤਕ ਵਿਚ ਆਪ ਨੇ ਸਿਖ ਰਾਜ ਦਾ ਇਤਿਹਾਸ ਅਤੇ ਸਿੱਖਾਂ ਤੇ ਅੰਗ੍ਰੇਜ਼ਾਂ ਦੀਆਂ ਲੜਾਈਆਂ ਸਬੰਧੀ ਉਹ ਹਵਾਲੇ ਦਿੱਤੇ ਹਨ ਜੋ ਸ਼ਾਇਦ ਹੀ ਕਿਸੇ ਹੋਰ ਗ੍ਰੰਥ ਵਿਚ ਮਿਲਣ। ਆਮ ਜਨਤਾ ਅਤੇ ਖਾਸ ਕਰ ਕੇ ਫੌਜੀ ਸਿੰਘਾਂ ਵਿਚ ਇਨ੍ਹਾਂ ਪੁਸਤਕਾਂ ਰਾਹੀਂ ਸਿੱਖ ਇਤਿਹਾਸ ਦਾ ਜਿੰਨਾਂ ਪ੍ਰਚਾਰ ਹੋਇਆ ਹੈ ਹੋਰ ਕਿਸੇ ਤਰ੍ਹਾਂ ਵੀ ਨਹੀਂ ਹੋਇਆ। ਆਪ ਦੀਆਂ ਇਨ੍ਹਾਂ ਮਹਾਨ ਕਿਰਤਾਂ ਤੇ ਖਾਲਸਾ ਪੰਥ ਜਿੰਨਾਂ ਵੀ ਮਾਨ ਕਰੇ ਥੋੜਾ ਹੈ।

ਸ੍ਰ: ਵਿਧਾਤਾ ਸਿੰਘ ਜੀ ਤੀਰ:—ਆਪ ਪੰਜਾਬੀ ਦੇ ਇਕ ਮਹਾਨ ਕਵੀ ਦੀ ਹੈਸੀਅਤ ਵਿਚ ਸ਼ੋਭਾ ਪਾ ਰਹੇ ਹਨ। ਪਰ ਆਪ ਨੇ



Digitized by Panjab Digital Library | www.panjabdigilib.org

ਸਿੱਖ ਇਤਿਹਾਸ ਸਬੰਧੀ ਪੂਰੀ ਪੂਰੀ ਖੋਜ ਕਰਕੇ ਸ੍ਰੀ ਗੁਰੂ ਗੋਬਿੰਦ ਸਿਘ ਜੀ ਦਾ ਜੀਵਨ ਚਰਿੱਤਰ ਬੜੀ ਖੂਬੀ ਨਾਲ ਲਿਖਿਆ ਹੈ। 'ਦਸਮੇਸ਼ ਦਰਸ਼ਨ' ਇਕ ਪਾਸੇ ਕਵਿਤਾ ਦਾ ਮਹਾਨ ਗ੍ਰੰਥ ਮੰਨਿਆ ਜਾ ਸਕਦਾ ਹੈ, ਦੂਸਰੇ ਇਤਿਹਾਸਕ ਤੌਰ ਤੇ ਵੀ ਇਹ ਇਕ ਖਾਸ ਮਹਾਨਤਾ ਰੱਖਦਾ ਹੈ। ਇਸੇ ਤਰ੍ਹਾਂ 'ਬੰਦਾ ਬਹਾਦਰ' ਦਾ ਜੀਵਨ ਚਰਿੱਤਰ ਵੀ ਆਪ ਨੇ ਜਿਸ ਖੂਬੀ ਨਾਲ ਬਿਆਨ ਕੀਤਾ ਹੈ, ਉਹ ਆਪ ਦੇ ਹੀ ਹਿੱਸੇ ਆਈ ਹੈ।

ਇਨ੍ਹਾਂ ਮਹਾਨ ਇਤਿਹਾਸਕ ਲਿਖਾਰੀਆਂ ਤੋਂ ਬਿਨਾ ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ੧. ਸਿੱਖ ਰਾਜ ਕਿਵੇਂ ਗਿਆ ੨. ਬੰਦਾ ਸਿੰਘ ਸ਼ਹੀਦ, ੩ ਦੁਖੀਏ ਮਾਂ ਪੁੱਤ, ੪. ਪੰਜਾਬ ਦਾ ਉਜਾੜਾ ਆਦਿਕ ਇਤਿਹਾਸਕ ਪੁਸਤਕਾਂ ਲਿਖੀਆਂ ਹਨ। ਭਾਈ ਕਰਮ ਸਿੰਘ ਜੀ ਨੇ 'ਰਾਜਾ ਧਿਆਨ ਸਿੰਘ, ਆਦਰਸ਼ਕ ਸਿੰਘਣੀਆਂ ਤੇ ਸ਼ਾਮਾਂ ਦਾ ਸੂਰਜ ਆਦਿਕ ਇਤਿਹਾਸਕ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਪ੍ਰੋਫੈਸਰ ਕਰਤਾਰ ਸਿੰਘ ਜੀ ਐਮ. ਏ. ਨੇ ੧. ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜੀਵਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਵੀਨ ਢੰਗ ਨਾਲ ਤੇ ਬੜੀ ਸਵਾਦਲੀ ਵਾਰਤਕ ਵਿਚ ਲਿਖੀਆਂ ਹਨ।

੧. ਸਿੱਖ ਇਤਿਹਾਸ ਦੇ ਖੂਨੀ ਪੱਤਰੇ, ੨. ਇਨਕਲਾਬੀ ਜੋਧਾ, ੩. ਮਹਾਰਾਜਾ ਦਲੀਪ ਸਿੰਘ ਆਦਿਕ ਪੁਸਤਕਾਂ ਸ੍ਰ: ਪਿਆਰਾ ਸਿੰਘ ਜੀ 'ਦਾਤਾ' ਦੀ ਅਲੌਕਿਕ ਕਲਮ ਦਾ ਫਲ ਹਨ। ਮਾਸਟਰ ਤਾਰਾ ਸਿੰਘ ਜੀ ਨੇ 'ਬਾਬਾ ਤੇਗਾ ਸਿੰਘ' ਇਕ ਇਤਿਹਾਸਕ ਪੁਸਤਕ ਭੇਟਾ ਕੀਤੀ ਹੈ। ਗਿਆਨੀ ਲਾਲ ਸਿੰਘ ਜੀ ਪੰਚ ਖੰਡ ਵਾਲਿਆਂ ਨੇ ਤਵਾਰੀਖ ਗੁਰੂ ਖਾਲਸਾ ਤਿੰਨੇ ਹਿੱਸੇ, ਖਾਲਸਾ ਦਰਬਾਰ ਤੇ ਸਿੱਖਾਂ ਨੇ ਰਾਜ ਕਿਵੇਂ ਲਿਆ ਆਦਿਕ ਇਤਿਹਾਸਕ ਪੁਸਤਕਾਂ ਲਿਖੀਆਂ ਹਨ।

ਸ੍ਰ: ਰਵੇਲ ਸਿੰਘ ਜੀ ਨੇ 'ਸਿੱਖ ਰਾਜ ਪਿੱਛੋਂ', ਗੁਰਬਖਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ ਨੇ 'ਪਰਮ ਮਨੁੱਖ', ਭਾਈ ਸੇਵਾ ਸਿੰਘ ਜੀ ਨੇ 'ਬਹਾਦਰ ਸਿੰਘਣੀਆਂ' ਆਦਿਕ ਪੁਸਤਕਾਂ ਲਿਖੀਆਂ ਹਨ।



Digitized by Panjab Digital Library | www.panjabdigilib.org

ਪ੍ਰੋਫੈਸਰ ਵਰਿਆਮ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹਿਸਟਰੀ ਦੇ ਪ੍ਰੋਫੈਸਰ ਹਨ। ਆਪ ਨੇ ਮੈਟ੍ਰਿਕ ਤੇ ਐਫ. ਏ. ਦੇ ਵਿਦਿਆਰਥੀਆਂ ਲਈ ਹਿੰਦ ਦਾ ਇਤਿਹਾਸ ਤੇ ਇੰਗਲੈਂਡ ਦਾ ਇਤਹਾਸ ਆਦਿਕ ਪੁਸਤਕਾਂ ਲਿਖੀਆਂ । ਇਸੇ ਤਰ੍ਹਾਂ ਮਹਾਂ ਵਿਦਵਾਨ ਐਚ. ਜੀ. ਵੈਲਜ਼ ਵਾਂਗ ਆਪ ਨੇ ਦੁਨੀਆਂ ਦੀ ਕਹਾਣੀ ਨਾਮੀ ਪੁਸਤਕ ਲਿਖ ਕੇ ਪੰਜਾਬੀ ਸਾਹਿਤ ਅੰਦਰ ਇਕ ਖਾਸ ਵਾਧਾ ਕੀਤਾ।

## ਸਫਰਨਾਮੇ ਤੇ ਜੀਵਨੀਆਂ

ਗਿਆਨੀ ਲਾਲ ਸਿੰਘ ਜੀ ਕਮਲਾ ਅਕਾਲੀ ਨੇ ਸਭ ਤੋਂ ਪਹਿਲਾਂ ਸਫਰਨਾਮਾ ਲਿਖਣ ਦਾ ਉੱਦਮ ਕੀਤਾ। ਆਪ ਯੂਰਪ ਦੀ ਯਾਤਰਾ ਲਈ ਗਏ, ਅਤੇ ਯੂਰਪ ਦੇ ਵਖ ਵਖ ਦੇਸਾਂ ਦੀ ਯਾਤਰਾ ਤੋਂ ਜੋ ਜੋ ਤਜਰਬਾ ਆਪ ਨੂੰ ਹੋਇਆ ਆਪ ਨੇ ਬੜੇ ਸਵਾਦਲੇ ਢੰਗ ਨਾਲ ਲਿਖਿਆ। ਆਪ ਦੀ ਪੁਸਤਕ 'ਮੇਰਾ ਵਲੈਤੀ ਸਫਰਨਾਮਾ' ਪੰਜਾਬੀ ਸਾਹਿਤ ਅੰਦਰ ਇਕ ਖਾਸ ਮਹਾਨਤਾ ਰਖਦਾ ਹੈ। ਇਸ ਪੁਸਤਕ ਤੋਂ ਪੰਜਾਬੀ ਪੜ੍ਹੀ ਜਨਤਾ ਨੂੰ ਵਲੈਤ ਦੇ ਲੋਕਾਂ ਦੇ ਜੀਵਨ, ਕਾਰ ਵਿਹਾਰ, ਉਨ੍ਹਾਂ ਦੀ ਵਿਦਿਅਕ ਹਾਲਤ, ਉਨ੍ਹਾਂ ਦੀ ਦਸਤਕਾਰੀ, ਰਾਜ ਪ੍ਰਬੰਧ ਤੇ ਆਚਰਨ ਆਦਿ ਦਾ ਪਤਾ ਲਗਦਾ ਹੈ। ਇਸ ਵਿਦਵਾਨ ਨੇ ਇਸ ਪੁਸਤਕ ਵਿਚ ਪੱਛਮੀ ਦੇਸਾਂ ਦੇ ਵਸਨੀਕਾਂ ਦੇ ਗੁਣਾਂ ਔਗੁਣਾ ਸਬੰਧੀ ਭਾਰੀ ਵਿਚਾਰ ਕੀਤੀ ਹੈ। ਵਾਰਤਕ ਦੇ ਲਿਹਾਜ਼ ਨਾਲ ਵੀ ਇਹ ਪੁਸਤਕ ਪੰਜਾਬੀ ਸਾਹਿਤ ਵਿਚ ਖਾਸ ਮਹਾਨਤਾ ਰਖਦੀ ਹੈ।

ਡਾ: ਸ਼ੇਰ ਸਿੰਘ ਜੀ ਐਮ. ਏ. ਪੀ. ਐਚ. ਡੀ. ਨੇ 'ਪਰਦੇਸ ਯਾਤਰਾ' ਨਾਮੀ ਪੁਸਤਕ ਲਿਖੀ ਹੈ, ਜਿਸ ਵਿਚ ਆਪ ਨੇ ਆਪਣੀ ਵਲੈਤ ਦੀ ਯਾਤਰਾ ਦਾ ਹਾਲ ਚਿੱਠੀਆਂ ਦਵਾਰਾ ਬਿਆਨ ਕੀਤਾ। ਆਪ ਵਖ ਵਖ ਸਮਿਆਂ ਤੇ ਆਪਣੀ ਸੁਪਤਨੀ ਬੀਬੀ ਅਮਰਜੀਤ ਕੌਰ ਜੀ



Digitized by Panjab Digital Library | www.panjabdigilib.org

ਨੂੰ ਆਪਣੇ ਵਲੈਤ ਦੇ ਤਜਰਬੇ ਸਬੰਧੀ ਜੋ ਹਾਲ ਲਿਖਦੇ ਰਹੇ ਆਪ ਨੇ ਬੜੀ ਸਿਆਣਪ ਨਾਲ ਇਕੱਠੇ ਕਰ ਕੇ ਇਸ ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤੇ ਹਨ। ਵਾਰਤਕ ਦੇ ਲਿਹਾਜ਼ ਨਾਲ ਇਹ ਵੀ ਇਕ ਉਚ ਪਾਏ ਦੀ ਪੁਸਤਕ ਮੰਨੀ ਜਾਂਦੀ ਹੈ।

ਸ੍ਰੀ ਮਾਨ ਡਾ: ਪਰਦੁਮਨ ਸਿੰਘ ਜੀ ਨੇ 'ਅਮ੍ਰੀਕਾ ਦਾ ਸਫਰ', ਡਾਕਟਰ ਹਰਦਿਤਸਿੰਘ ਜੀ ਢਿੱਲੋਂ ਨੇ 'ਪੂਰਬ ਅਤੇਪੱਛਮ', ਸ੍ਰ: ਦੇਵਿੰਦਰ ਸਿੰਘ ਜੀ ਨੇ 'ਸੈਲ ਸਪਾਟੇ', ਪੰਡਤ ਨਹਿਰੂ ਜੀ ਦੀਆਂ 'ਪਿਤਾ ਵੱਲੋਂ ਧੀ ਨੂੰ ਚਿੱਠੀਆਂ' ਆਦਿਕ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਤੋਂ ਦੂਜੇ ਦੇਸਾਂ ਦੇ ਹਾਲ ਮਲੂਮ ਹੁੰਦੇ ਹਨ।

ਸ: ਸ: ਬਾਲਟੀ ਵਾਲਾ ਦੀ ਪੁਸਤਕ 'ਜੀਊਂਦਾ ਚੀਨ' ਵਿਚ ਚੀਨ ਦੇ ਲੋਕਾਂ ਦੀ ਅੱਜ ਕਲ ਦੀ ਹਾਲਤ ਤੇ ਚੀਨ ਦੇ ਇਨਕਲਾਬ ਦਾ ਹਾਲ ਬੜੀ ਸੋਹਣੀ ਤਰ੍ਹਾਂ ਅੰਕਿਤ ਕੀਤਾ ਹੈ। ਇਸੇ ਤਰ੍ਹਾਂ 'ਰੂਸੀ ਇਨਕਲਾਬ' ਨਾਮੀ ਪੁਸਤਕ ਵਿਚ ਰੂਸ ਅੰਦਰ ਆਈ ਤਬਦੀਲੀ ਤੇ ਕਮਿਊਨਿਸਟ ਪਾਰਟੀ ਸਬੰਧੀ ਪੂਰੇ ਪੂਰੇ ਹਾਲ ਦਿੱਤੇ ਹਨ। ਰੂਸ ਵਾਲਿਆਂ ਨੇ ਪੰਜਾਬੀ ਵਿਚ ਕਮਿਊਨਿਸਟ ਪਾਰਟੀ ਦਾ ਇਤਿਹਾਸ ਵੀ ਪ੍ਰਕਾਸ਼ਤ ਕੀਤਾ ਹੈ। ਡਾ: ਹਰਦਿਤ ਸਿੰਘ ਜੀ ਨੇ 'ਗਰੀਬ ਹਿੰਦੁਸਤਾਨ' ਤੇ ਮਿਸਟਰ ਮਸਾਨੀ ਨੇ 'ਸਾਡਾ ਭਾਰਤ' ਆਦਿ ਪੁਸਤਕਾਂ ਲਿਖ ਕੇ ਭਾਰਤ ਦੀ ਗਰੀਬੀ, ਪੈਦਾਵਾਰ ਤੇ ਜਨ ਤਾਕਤ ਸਬੰਧੀ ਪੂਰੀ ਪੂਰੀ ਵਿਚਾਰ ਕੀਤੀ ਹੈ ਤੇ ਭਾਰਤ ਦੀ ਆਰਥਕ ਦਸ਼ਾ ਉਤੇ ਸੁਹਣੀ ਤਰ੍ਹਾਂ ਚਾਨਣਾ ਪਾਇਆ ਹੈ।

**ਜੀਵਨੀਆਂ**—ਪੰਜਾਬੀ ਵਿਚ ਇਤਿਹਾਸ ਤੇ ਸਫਰ-ਨਾਮਿਆਂ ਤੋਂ ਬਿਨਾਂ ਕਈਆਂ ਵਿਦਵਾਨਾਂ ਨੇ ਮਹਾਂ ਪੁਰਖਾਂ ਦੀਆਂ ਜੀਵਨੀਆਂ ਵੀ ਲਿਖੀਆਂ ਹਨ। ਇਹ ਜੀਵਨੀਆਂ ਪੰਜਾਬੀ ਵਾਰਤਕ ਦਾ ਖਾਸ ਅੰਗ ਹਨ, ਜਿਨ੍ਹਾਂ ਤੋਂ ਵਖ ਵਖ ਲਿਖਾਰੀਆਂ ਦੀਆਂ ਲਿਖਤਾਂ



Digitized by Panjab Digital Library | www.panjabdigilib.org

ਸਬੰਧੀ ਵਾਕਫੀਅਤ ਮਿਲਦੀ ਹੈ। ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ ਨੇ ਜਨਰਲ ਮੋਹਨ ਸਿੰਘ ਜੀ ਦਾ ਜੀਵਨ 'ਬਾਗੀ ਜਰਨੈਲ' ਲਿਖਿਆ। ਨਰਿੰਦਰ ਸਿੰਘ ਜੀ ਸੋਚ ਨੇ 'ਨਹਿਰੂ ਪ੍ਰਵਾਰ', ਆਰ. ਐਸ. ਥਾਪਰ ਜੀ ਨੇ ਪੰਡਤ ਜਵਾਹਰ ਲਾਲ ਜੀ ਨਹਿਰੂ ਲਿਖਤ ਪੁਸਤਕ 'ਮੇਰੀ ਕਹਾਣੀ' ਦਾ ਪੰਜਾਬੀ ਅਨੁਵਾਦ ਪ੍ਰਕਾਸ਼ਤ ਕੀਤਾ। ਮਾਸਟਰ ਤਾਰਾ ਸਿੰਘ ਜੀ ਨੇ 'ਮੇਰੀ ਯਾਦ' ਨਾਮੀ ਪੁਸਤਕ ਲਿਖੀ। ਦਾਤਾ ਜੀ ਨੇ '੧੯੪੨' ਦੇ ਬਾਗੀ ਨਾਮੀ ਪੁਸਤਕ ਵਿਚ ਕੁਝ ਇਨਕਲਾਬੀ ਵਿਅਕਤੀਆਂ ਦੇ ਜੀਵਨ ਦਿੱਤੇ ਹਨ। ਸੁਰਜੀਤ ਸੇਠੀ ਨੇ ਸੁਬਾਸ਼ ਚੰਦਰ ਜੀ ਬੋਸ ਦਾ ਜੀਵਨ ਇਤਿਹਾਸ 'ਨੇਤਾ ਜੀ' ਲਿਖਿਆ। ਪ੍ਰੀਤਮ ਸਿੰਘ ਜੀ ਨੇ 'ਸਾਡੇ ਪਰਧਾਨ' ਨਾਮੀ ਪੁਸਤਕ ਲਿਖੀ ਜਿਸ ਵਿਚ ਸਰਬ ਹਿੰਦ ਕਾਂਗਰਸ ਕਮੇਟੀ ਦੇ ਵਖ ਵਖ ਸਮਾਗਮਾਂ ਤੇ ਪਰਧਾਨਗੀ ਕਰਨ ਵਾਲੇ 'ਮਹਾਂ ਪੁਰਖਾਂ ਦੇ ਜੀਵਨ ਲਿਖੇ। ਸੁਰਿੰਦਰ ਸਿੰਘ ਜੀ ਕੋਹਲੀ ਨੇ ਪ੍ਰੋਫੈਸਰ ਪੂਰਨ ਸਿੰਘ ਜੀ ਦਾ ਜੀਵਨ ਅਤੇ ਪ੍ਰੋ: ਵਰਿਆਮ ਸਿੰਘ ਜੀ ਨੇ 'ਪ੍ਰਸਿੱਧ ਹਿੰਦੁਸਤਾਨੀ' ਆਦਿਕ ਪੁਸਤਕਾਂ ਲਿਖੀਆਂ। 'ਦੁਖੀ' ਜੀ ਨੇ ਭਾਈ ਸਾਹਿਬ ਮੋਹਨ ਸਿੰਘ ਜੀ ਦਾ ਮਹਾਨ ਜੀਵਨ ਲਿਖਿਆ, ਜਿਸ ਵਿਚ ਉਨ੍ਹਾਂ ਦੀਆਂ ਸਾਹਿਤਕ ਸੇਵਾ ਤੇ ਲਿਖਤਾਂ ਬਾਰੇ ਖਾਸ ਚਾਨਣਾ ਪਾਇਆ ਗਿਆ ਹੈ। ਇਸੇ ਤਰ੍ਹਾਂ ਹਰਕਿਸ਼ਨ ਸਿੰਘ ਜੀ ਨੇ 'ਲੈਨਿਨ' ਸ: ਖੁਸ਼ਵੰਤ ਸਿੰਘ ਜੀ ਨੇ 'ਸਟਾਲਿਨ' ਆਦਿਕ ਮਹਾਂ ਪੁਰਖਾਂ ਦੇ ਜੀਵਨ ਲਿਖੇ।

## ਹੋਰ ਮਹਾਨ ਸਾਹਿਤਕਾਰ

ਪੰਜਾਬੀ ਬੋਲੀ ਦੇ ਸਾਹਿਤ ਦੇ ਭੰਡਾਰ ਵਿਚ ਹੋਰ ਅਨੇਕਾਂ ਵਿਦਵਾਨਾਂ ਨੇ ਬਹੁਤ ਸਾਰਾ ਹਿੱਸਾ ਪਾਇਆ ਹੈ। ਕਈਆਂ ਨੇ ਗੁਰਮਤ ਸਬੰਧੀ, ਕਈਆਂ ਫਲਸਫੇ ਸਬੰਧੀ, ਕਈਆਂ ਨੇ ਵਗਿਆਨ ਤੇ ਹੋਰ



Digitized by Panjab Digital Library / www.panjabdigilib.org

ਵਿਸ਼ਿਆਂ ਸਬੰਧੀ ਬੜੀਆਂ ਵਿਦਵਤਾ ਪੂਰਤ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਮਹਾਨ ਵਿਦਵਾਨਾਂ ਵਿਚੋਂ ਕੁਝ ਕੁ ਪ੍ਰਤਿਸ਼ਟ ਸੱਜਣਾਂ ਦਾ ਜ਼ਿਕਰ ਹੇਠਾਂ ਦਿੱਤਾ ਜਾਂਦਾ ਹੈ।

੧. ਭਾ: ਸਾਹਿਬ ਪ੍ਰਿੰਸੀਪਲ ਜੋਧ ਸਿੰਘ ਜੀ ਐਮ.ਏ— ਆਪ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ, ਅਤੇ ਪੰਜਾਬੀ ਬੋਲਦੇ ਲੋਕਾਂ ਦੀ ਸਭਾ ਦੇ ਪਰਧਾਨ ਹਨ। ਇਨ੍ਹਾਂ ਦੇ ਦਿਲ ਵਿਚ ਪੰਜਾਬੀ ਦੀ ਉੱਨਤੀ ਦਾ ਬੜਾ ਸ਼ੌਕ ਹੈ। ਆਪ ਜਦੋਂ ਵੀ ਕਿਤੇ ਵਖਿਆਨ ਕਰਦੇ ਹਨ, ਜਾਂ ਕਿਸੇ ਬਹਿਸ ਵਿਚ ਹਿੱਸਾ ਲੈਂਦੇ ਹਨ, 'ਪੰਜਾਬੀ' ਵਿਚ ਹੀ ਬੋਲਦੇ ਹਨ। ਉਂਞ ਤੇ ਆਪ ਨੇ ਪੰਜਾਬੀ ਵਿੱਚ ਸਿਖੀ ਮਾਰਗ ਅਤੇ ਹੋਰ ਕਈ ਤਰ੍ਹਾਂ ਦੇ ਟ੍ਰੈਕਟ ਲਿਖੇ ਹਨ, ਪਰ ਆਪ ਨੇ ਗੁਰਮਤ ਸਬੰਧੀ ਪੂਰੀ ਪੂਰੀ ਖੋਜ ਕਰ ਕੇ ਵਖ ਵਖ ਵਿਸ਼ਿਆਂ ਤੇ ਜੋ ਲੈਕਚਰ ਕੀਤੇ ਸਨ, ਉਨ੍ਹਾਂ ਨੂੰ ਕਲਮੀ ਰੂਪ ਦੇ ਕੇ ਆਪ ਨੇ ਗੁਰਮਤ ਫਿਲਾਸਫੀ ਸਬੰਧੀ ਇਕ ਮਹਾਨ ਪੁਸਤਕ ਲਿਖੀ ਜਿਸ ਦਾ ਨਾਂ 'ਗੁਰਮਤ ਨਿਰਣਯ' ਹੈ।

ਇਸ ਵਿਚ ਸ਼ੱਕ ਨਹੀਂ ਕਿ ਆਪ ਤੋਂ ਪਹਿਲਾਂ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ 'ਗੁਰਮਤ ਪ੍ਰਭਾਕਰ' ਨਾਮੀ ਗ੍ਰੰਥ ਇਸ ਵਿਸ਼ੇ ਸਬੰਧੀ ਲਿਖਿਆ ਸੀ। ਆਪ ਸਿੱਖ ਪੰਥ ਅੰਦਰ ਮਹਾਨ ਵਿਦਵਾਨ ਮੰਨੇ ਜਾਂਦੇ ਸਨ, ਜਿਨ੍ਹਾਂ ਨੇ ਗੁਰਮਤ ਫਿਲਾਸਫੀ ਸਬੰਧੀ ਭਾਰੀ ਖੋਜ ਕੀਤੀ ਸੀ। ਪਰ ਆਪ ਨੇ ਜੋ ਕੁਝ ਵੀ ਲਿਖਿਆ ਉਹ ਠੇਠ ਪੰਜਾਬੀ ਬੋਲੀ ਵਿਚ ਲਿਖਣ ਦੀ ਥਾਂ ਬ੍ਰਿਜ-ਭਾਸ਼ਾ ਵਿਚ ਲਿਖਿਆ ਜਿਸ ਕਰ ਕੇ ਆਪ ਦੀ ਇਹ ਪੁਸਤਕ ਆਮ ਸਿੱਖ ਸੰਗਤ ਵਿਚ ਮਸ਼ਹੂਰ ਨਾ ਹੋ ਸਕੀ।

ਗੁਰਮਤ ਨਿਰਣਜ ਇਕ ਅਜਿਹੀ ਪੁਸਤਕ ਹੈ ਜਿਸ ਵਿਚ ਆਪ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਕਾਲ ਪੁਰਖ ਦਾ ਰੂਪ ਦਸਣ ਦਾ ਯਤਨ ਕੀਤਾ ਹੈ। ਇਸ ਤੋਂ ਬਿਨਾਂ ਅਕਾਲ



Digitized by Panjab Digital Library | www.panjabdigilib.org

ਪੁਰਖ, ਸ੍ਰਿਸ਼ਟੀ ਰਚਨਾ, ਮਨੁੱਖ, ਸਾਧ ਸੰਗਤ, ਅਨਹਦ ਸ਼ਬਦ, ਨਾਮ, ਭਾਈ ਚਾਰਕ ਬਣਤਰ ਤੇ ਖਾਲਸਾ ਆਦਿ ਵੱਖ ਵੱਖ ਵਿਸ਼ਿਆਂ ਉਤੇ ਵਿੱਦਵਤਾ ਪੂਰਤ ਵਿਚਾਰ ਕੀਤੀ ਗਈ ਹੈ। ਇਸ ਤੋਂ ਬਿਨਾਂ ਗੁਰਮਤ ਦੇ ਸਿਧਾਂਤਾਂ ਦੇ ਨਾਲ ਅਨ ਮਤਾਂ ਦੇ ਸਿਧਾਂਤ ਅਤੇ ਸਾਇੰਸ ਦੀ ਖੋਜ ਸਬੰਧੀ ਵੱਖ ਵੱਖ ਵਿਦਵਾਨਾਂ ਦੇ ਖਿਆਲ ਪੇਸ਼ ਕੀਤੇ ਗਏ ਹਨ। ਇਹ ਪੁਸਤਕ ਗੁਰਮਤ ਫਲਾਸਫੀ ਸਬੰਧੀ ਇਕ ਪਰਮਾਣੀਕ ਤੇ ਮਹਾਨ ਮੰਨੀ ਜਾ ਸਕਦੀ ਹੈ। ਭਾਈ ਸਾਹਿਬ ਜੀ ਨੇ ਗੁਰਮਤ ਫ਼ਿਲਾਸਫ਼ੀ ਸਬੰਧੀ ਜਿੰਨੀ ਖੋਜ ਕੀਤੀ ਹੈ, ਸ਼ਾਇਦ ਹੀ ਇਸ ਸਮੇਂ ਦੇ ਕਿਸੇ ਹੋਰ ਵਿਦਵਾਨ ਨੇ ਏਨੀ ਖੋਜ ਕੀਤੀ ਹੋਵੇ। ਪੰਥ ਜਿੰਨਾ ਵੀ ਆਪ ਉਤੇ ਮਾਨ ਕਰੇ ਥੋੜਾ ਹੈ।

---

# ਪੰਜਾਬੀ ਸਾਹਿਤ ਦੀ ਉਨਤੀ ਨਾਲ ਵਖ ਵਖ ਲਹਿਰਾਂ ਦਾ ਸਬੰਧ

ਪੰਜਾਬ ਵਿੱਚ ਅੰਗ੍ਰੇਜ਼ੀ ਰਾਜ ਅਸਲ ਅਰਥਾਂ ਵਿਚ ਸੰਨ ੧੮੫੭ ਦੇ ਗ਼ਦਰ ਤੋਂ ਮਗਰੋਂ ਹੀ ਪੂਰੀ ਤਰ੍ਹਾਂ ਕਾਇਮ ਹੋਇਆ। ਇਸ ਦੇ ਨਾਲ ਹੀ ਕਈ ਤਰ੍ਹਾਂ ਦੀਆਂ ਧਾਰਮਕ ਤੇ ਰਾਜਸੀ ਲਹਿਰਾਂ ਪੰਜਾਬ ਵਿਚ ਸ਼ੁਰੂ ਹੋ ਗਈਆਂ। ਉਹ ਲਹਿਰਾਂ ਚਲਾਣ ਵਾਲਿਆਂ ਨੇ ਆਪਣੇ ਆਪਣੇ ਖ਼ਿਆਲਾਂ ਦਾ ਪਰਚਾਰ ਕਰਨ ਲਈ ਤੇ ਪੰਜਾਬੀਆਂ ਦੇ ਹਿਰਦਿਆਂ ਉਤੇ ਆਪਣਾ ਅਸਰ ਪਾਉਣ ਲਈ ਪੰਜਾਬੀ ਬੋਲੀ ਰਾਹੀਂ ਹੀ ਪਰਚਾਰ ਸ਼ੁਰੂ ਕੀਤਾ। ਮੁੱਢ ਵਿਚ ਈਸਾਈ ਪਾਦਰੀਆਂ ਨੇ ਆਉਂਦਿਆਂ ਹੀ ਮਿਸ਼ਨ ਸਕੂਲ ਤੇ ਮਿਸ਼ਨ ਹਸਪਤਾਲ ਖੁਹਲੇ ਤੇ ਈਸਾਈ ਮੱਤ ਦਾ ਪਰਚਾਰ ਸ਼ੁਰੂ ਕੀਤਾ। ਇਨ੍ਹਾਂ ਨੇ ਇਕ ਛਾਪਾ ਖ਼ਾਨਾ ਵੀ ਜਾਰੀ ਕੀਤਾ। ਪੰਜਾਬੀ ਦੀ ਇਕ ਡਿਕਸ਼ਨਰੀ ਬਣਾਈ ਅਤੇ ਅੰਜੀਲ ਮੁਕੱਦਸ ਦਾ



Digitized by Panjab Digital Library | www.panjabdigilib.org

ਪੰਜਾਬੀ ਵਿਚ ਤਰਜਮਾ ਕੀਤਾ। ਇਨ੍ਹਾਂ ਦਾ ਗੜ੍ਹ ਲੁਧਿਹਾਨਾ ਸੀ, ਪਰ ਇਨ੍ਹਾਂ ਨੇ ਮਿਸ਼ਨ ਸਕੂਲ ਹਰ ਜ਼ਿਲੇ ਵਿਚ ਜਾਰੀ ਕੀਤੇ ਤੇ ਪੰਜਾਬੀਆਂ ਦੇ ਦਿਲਾਂ ਨੂੰ ਉਨ੍ਹਾਂ ਦੀ ਬੋਲੀ ਰਾਹੀਂ ਹੀ ਪ੍ਰੇਰਨਾ ਕੀਤੀ। ਇਸ ਤਰ੍ਹਾਂ ਇਨ੍ਹਾਂ ਨੇ ਪੰਜਾਬੀ ਪੇਂਡੂਆਂ ਦੇ ਦਿਲਾਂ ਉਤੇ ਕਾਫੀ ਪਰਭਾਵ ਪਾ ਲਿਆ।

ਈਸਾਈ ਮੱਤ ਦੇ ਵਧ ਰਹੇ ਅਸਰ ਨੂੰ ਰੋਕਣ ਲਈ ਸੰਨ ੧੮੭੦ ਵਿਚ ਸਵਾਮੀ ਦਯਾਨੰਦ ਨੇ ਆਰੀਆ ਸਮਾਜ ਦੀ ਲਹਿਰ ਚਲਾਈ। ਇਸ ਨੇ ਆਪਣੀਆਂ ਲਿਖਤਾਂ ਤੇ ਭਾਸ਼ਨਾ ਰਾਹੀਂ ਆਪਣੇ ਖਿਆਲਾਂ ਦਾ ਪਰਚਾਰ ਸ਼ੁਰੂ ਕੀਤਾ। ਆਪਣੀਆਂ ਲਿਖਤਾਂ ਵਿਚ ਲਗ ਪਗ ਸਾਰੇ ਹੀ ਮਜ਼੍ਹਬਾਂ ਦੇ ਅਸੂਲਾਂ ਦਾ ਖੰਡਣ ਕੀਤਾ। ਇਹ ਦੇਖ ਕੇ ਸਨਾਤਨ ਧਰਮੀਆਂ, ਉਦਾਸੀਆਂ, ਨਿਰਮਲਿਆਂ ਤੇ ਸਿੱਖਾਂ ਦੀਆਂ ਹੋਰ ਸੰਸਥਾਵਾਂ ਨੇ ਵੀ ਬੜੇ ਜ਼ੋਰਾਂ ਨਾਲ ਆਪਣੇ ਆਪਣੇ ਖਿਆਲਾਂ ਦਾ ਪਰਚਾਰ ਸ਼ੁਰੂ ਕੀਤਾ। ਇਨ੍ਹਾਂ ਨੇ ਈਸਾਈਆਂ ਅਤੇ ਆਰੀਆ ਸਮਾਜੀਆਂ ਦਾ ਡਟ ਕੇ ਮੁਕਾਬਲਾ ਕੀਤਾ। ਥਾਂ ਥਾਂ ਜਲਸੇ ਤੇ ਕਾਨਫ੍ਰੰਸਾਂ ਹੋਈਆਂ। ਪੰਜਾਬੀ ਵਿਚ ਕਈ ਤਰ੍ਹਾਂ ਦੇ ਪੈਮਫਲੈੱਟ ਛਪੇ, ਇਸ ਤਰ੍ਹਾਂ ਇਸ ਸਮੇਂ ਪੰਜਾਬੀ ਸਾਹਿਤ ਅਤੇ ਪੰਜਾਬੀ ਬੋੱਲੀ ਨੂੰ ਕੁਝ ਹੁਲਾਰਾ ਮਿਲਿਆ।

ਇਸੇ ਸਮੇਂ ਪੰਜਾਬ ਵਿਚ ਨਾਮਧਾਰੀ ਲਹਿਰ ਚੱਲੀ, ਜਿਸ ਦੇ ਆਗੂ ਬਾਬਾ ਰਾਮ ਸਿੰਘ ਜੀ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸੁਦੇਸ਼ੀ ਚੀਜ਼ਾਂ ਵਰਤਣ ਅਤੇ ਬਦੇਸ਼ੀ ਮਾਲ ਦੇ ਬਾਈਕਾਟ ਕਰਨ ਦਾ ਐਲਾਨ ਕੀਤਾ। ਇਨ੍ਹਾਂ ਦਾ ਗੜ੍ਹ ਭੈਣੀ ਸਾਹਿਬ ਜ਼ਿਲਾ ਲੁਧਿਹਾਨਾ ਸੀ। ਬਾਬਾ ਰਾਮ ਸਿੰਘ ਜੀ ਨੇ ਆਪਣੇ ਨਾਲ ਆਪਣੇ ਕੁਝ ਸੇਵਕ ਲੈ ਕੇ ਕੁਝ ਬੁੱਚੜਾਂ ਨੂੰ ਝਟਕਾ ਦਿੱਤਾ ਅਤੇ ਉਨ੍ਹਾਂ ਕਸਾਈਆਂ ਦੇ ਪੰਜੇ ਵਿਚੋਂ ਅਨੇਕਾਂ ਗਾਈਆਂ ਛੁਡਵਾ ਲਈਆਂ। ਇਸ ਅਪ੍ਰਾਧ ਵਿਚ ਸਰਕਾਰ ਅੰਗਰੇਜ਼ੀ ਦੇ ਕਰਮਚਾਰੀਆਂ ਨੇ ਬਹੁਤ ਸਾਰੇ ਨਾਮਧਾਰੀਆਂ ਨੂੰ ਤੋਪਾਂ ਅੱਗੇ ਖੜੇ ਕਰ ਕੇ ਉਡਾ ਦਿੱਤਾ। ਕਈ ਫ਼ਾਂਸੀ ਦੇ ਤਖਤਿਆਂ ਉਤੇ ਲਟਕਾਏ ਗਏ, ਇਸ ਤਰ੍ਹਾਂ ਇਕ ਭਾਰਾ ਅੰਦੋਲਨ ਸ਼ੁਰੂ ਹੋਇਆ। ਨਾਮਧਾਰੀ ਲਹਿਰ



Digitized by Panjab Digital Library | www.panjabdigilib.org

ਨਾਲ ਪੰਜਾਬੀ ਦਾ ਬੜਾ ਪਰਚਾਰ ਹੋਇਆ। ਆਮ ਲੋਕਾਂ ਨੇ ਅਤੇ ਖ਼ਾਸ ਕਰ ਕੇ ਸਿੱਖਾਂ ਨੇ ਪੰਜਾਬੀ ਲਿਖਣੀ ਪੜ੍ਹਨੀ ਸ਼ੁਰੂ ਕਰ ਦਿੱਤੀ। ਇਹ ਦੁਰਘਟਨਾ ਸੰਨ ੧੮੭੨ ਵਿਚ ਹੋਈ ਸੀ।

ਸੰਨ ੧੮੭੩ ਈਸਵੀ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋਈ। ਇਸ ਦਾ ਮੁਢ ਪਹਿਲੇ ਲਾਹੌਰ ਵਿਚ ਬੱਝਾ ਅਤੇ ਫੇਰ ਅੰਮ੍ਰਿਤਸਰ ਵਿਚ ਕੇਂਦਰੀ ਸਿੰਘ ਸਭਾ ਕਾਇਮ ਹੋਈ। ਇਸ ਲਹਿਰ ਵਿਚ ਗੁਰਦਵਾਰਿਆਂ ਦੇ ਪੁਜਾਰੀਆਂ, ਗਿਆਨੀਆਂ, ਗ੍ਰੰਥੀਆਂ, ਉਦਾਸੀਆਂ, ਨਿਰਮਲਿਆਂ ਅਤੇ ਸਿਖ ਸਮਾਜ ਦੀਆਂ ਹੋਰ ਸ਼੍ਰੇਣੀਆਂ ਦੇ ਪ੍ਰਧਿਨਿਧ ਸ਼ਾਮਲ ਹੋਏ। ਗਿਆਨੀ ਗਿਆਨ ਸਿੰਘ ਜੀ ਸਿੰਘ ਸਭਾ ਲਹਿਰ ਦੇ ਸਕੱਤਰ ਮੁਕਰਰ ਹੋਏ। ਇਨ੍ਹਾਂ ਦੇ ਪਰਚਾਰ ਦਾ ਅਸਲ ਜ਼ਰੀਆ ਪੰਜਾਬੀ ਬੋਲੀ ਹੀ ਸੀ। ਪੰਜਾਬੀ ਵਿਚ ਕਈ ਤਰ੍ਹਾਂ ਦੇ ਟ੍ਰੈਕਟ ਛਾਪੇ ਗਏ। ਇਕ ਅਖ਼ਬਾਰ ਵੀ ਪ੍ਰਕਾਸ਼ਤ ਹੋਣ ਲੱਗੀ। ਕਾਨਫ੍ਰੰਸਾਂ ਤੇ ਜਲਸੇ ਸ਼ੁਰੂ ਹੋ ਗਏ। ਕਈਆਂ ਥਾਵਾਂ ਤੇ ਪੰਜਾਬੀ ਪੜ੍ਹਾਉਣ ਦਾ ਪਰਬੰਧ ਕੀਤਾ ਗਿਆ। ਭਾਈ ਮੋਹਨ ਸਿੰਘ ਵੈਦ ਤਰਨ ਤਾਰਨ ਵਾਲਿਆਂ ਨੇ ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ ਜੀ ਦੇ ਪਿਤਾ ਡਾ ਚਰਨ ਸਿੰਘ ਨਾਲ ਮਿਲ ਕੇ ਕਈ ਤਰ੍ਹਾਂ ਦੀਆਂ ਪੁਸਤਕਾਂ ਲਿਖੀਆਂ। ਅਨੇਕਾਂ ਕਤਾਬਾਂ ਦੇ ਉਲਥੇ ਕੀਤੇ ਗਏ। ਕਈ ਤਰ੍ਹਾਂ ਦੀਆਂ ਅਮੋਲਕ ਪੁਸਤਕਾਂ ਛਪ ਕੇ ਲੋਕਾਂ ਦੇ ਹੱਥਾਂ ਵਿਚ ਆਈਆਂ।

ਪੰਜਾਬ ਯੂਨੀਵਰਸਿਟੀ ਵੱਲੋਂ ਦੇਸੀ ਬੋਲੀਆਂ ਦੀ ਪੜ੍ਹਾਈ ਲਈ ਲਾਹੌਰ ਵਿਚ ਔਰੀਐਂਟਲ ਕਾਲਜ ਆਰੰਭ ਹੋਇਆ। ਬੜੇ ਜਤਨਾ ਨਾਲ ਸੰਨ ੧੮੭੭ ਵਿਚ ਇਸ ਕਾਲਜ ਵਿਚ ਪੰਜਾਬੀ ਪੜ੍ਹਾਉਣ ਦਾ ਕੰਮ ਸ਼ੁਰੂ ਕਰਾਇਆ ਗਇਆ। ਇਸ ਸਮੇਂ ਮੁਸਲਮਾਨਾਂ ਨੇ ਜ਼ੋਰ ਦਿੱਤਾ ਕਿ ਹਰ ਤਰ੍ਹਾਂ ਦੀ ਸਿਖਿਆ ਉਰਦੂ ਰਾਹੀਂ ਹੀ ਦਿੱਤੀ ਜਾਵੇ ਅਤੇ ਅਦਾਲਤੀ ਬੋਲੀ ਵੀ ਉਰਦੂ ਹੀ ਹੋਵੇ। ਸਰਕਾਰ ਅੰਗ੍ਰੇਜ਼ੀ ਨੇ ਇਸੇ



Digitized by Panjab Digital Library | www.panjabdigilib.org

ਤਰ੍ਹਾਂ ਕੀਤਾ। ਪੰਜਾਬ ਦੇ ਮਸ਼ਹੂਰ ਵਿਦਵਾਨਾਂ ਲਾ: ਬਿਹਾਰੀ ਲਾਲ ਜੀ ਪੁਰੀ, ਲਾ: ਬਿਸ਼ਨ ਦਾਸ ਜੀ ਪੁਰੀ, ਲਾ: ਸਰਧਾ ਰਾਮ ਜੀ ਫ਼ਲੌਰੀ, ਯੋਗੀ ਸ਼ਿਵ ਨਾਥ, ਪ੍ਰੋ: ਗੁਰਮੁਖ ਸਿੰਘ ਜੀ ਔਰੀ ਐਨਟਲ ਕਾਲਜ ਵਾਲੇ ਅਤੇ ਭਾਈ ਹਰਸਾ ਸਿੰਘ ਜੀ ਤਰਨ ਤਾਰਨ ਵਾਲਿਆਂ ਨੇ ਪੰਜਾਬੀ ਦੀ ਉੱਨਤੀ ਲਈ ਬੜਾ ਜਤਨ ਕੀਤਾ। ਇਨ੍ਹਾਂ ਨੇ ਕਈ ਤਰ੍ਹਾਂ ਦੇ ਲੇਖ ਅਤੇ ਹੋਰ ਅਨੇਕਾਂ ਸਾਹਿਤਕ ਪੁਸਤਕਾਂ ਲਿਖ ਕੇ ਪਰਕਾਸ਼ਤ ਕੀਤੀਆਂ।

ਵੀਹਵੀਂ ਸਦੀ ਦੇ ਆਰੰਭ ਹੁੰਦਿਆਂ ਹੀ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਸ਼ੁਰੂ ਹੋ ਗਈ ਜਦ ਕਿ ਬਾਬਾ ਗੁਰਦਿਤ ਸਿੰਘ ਜੀ, ਲਾਲਾ ਲਾਜਪਤ ਰਾਏ, ਪ੍ਰਿੰਸੀਪਲ ਹਰਦਿਆਲ ਐਮ. ਏ. ਨੇ ਇਹ ਨਵਾਂ ਅੰਦੋਲਨ ਸ਼ੁਰੂ ਕੀਤਾ। ੧੯੦੫ ਵਿਚ ਬਜਬਜ ਘਾਟ ਉਤੇ ਗੁਰੂ ਨਾਨਕ ਜਹਾਜ਼ ਨੂੰ ਤਬਾਹ ਕਰਨ ਲਈ ਗੋਲੀ ਚਲਾਈ ਗਈ। ਪੰਜਾਬ ਵਿਚ ਇਹ ਅਜ਼ਾਦੀ ਦੀ ਲਹਿਰ ਬੜੇ ਜ਼ੋਰਾਂ ਤੇ ਹੋ ਗਈ। ੧੯੧੪ ਵਿਚ ਪਹਿਲਾ ਸੰਸਾਰ ਯੁਧ ਸ਼ੁਰੂ ਹੋਇਆ। ਪੰਜਾਬ ਵਿਚੋਂ ਭਰਤੀ ਲੈਣ ਲਈ ਸਰਕਾਰ ਅੰਗ੍ਰੇਜ਼ੀ ਨੇ ਪੰਜਾਬੀ ਰਾਹੀਂ ਪਿੰਡਾਂ ਵਿਚ ਪਰਚਾਰ ਸ਼ੁਰੂ ਕੀਤਾ। ਕਈ ਤਰ੍ਹਾਂ ਦੇ ਗੀਤ, ਕਵਿਤਾਵਾਂ ਤੇ ਲੇਖ ਲਿਖੇ ਗਏ। 'ਹੱਕ ਅਖ਼ਬਾਰ' ਜਾਰੀ ਹੋਇਆ ਜਿਸ ਵਿਚ ਪੰਜਾਬੀ ਬੋਲੀ ਤੇ ਪੰਜਾਬੀ ਨੌਜਵਾਨਾਂ ਦੀ ਬੜੀ ਵਡਿਆਈ ਕੀਤੀ ਗਈ। ਇਸ ਜੁਧ ਦੇ ਸਮੇਂ ਵੀ ਪੰਜਾਬੀ ਦਾ ਬੜਾ ਪਰਚਾਰ ਹੋਇਆ।

੧੯੧੮ ਵਿਚ ਜੰਗ ਖਤਮ ਹੋਇਆ। ੧੯੧੯ ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਹੋਈ ਅਤੇ ਕਾਂਗਰਸ ਲਹਿਰ ਬੜੇ ਜ਼ੋਰਾਂ ਤੇ ਚੱਲੀ। ਇਸ ਸਮੇਂ ਮੁਸਲਮਾਨਾਂ ਵਿਚ ਖਿਲਾਫ਼ਤ ਦੀ ਲਹਿਰ ਵੀ ਚੱਲੀ। ਫਰਵਰੀ ੧੯੨੧ ਵਿਚ ਸਿਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਅਤੇ ਇਸ ਦੇ ਨਾਲ ਹੀ ਅਕਾਲੀ ਲਹਿਰ ਬੜੇ ਜ਼ੋਰ ਸ਼ੋਰ ਨਾਲ ਸਾਰੇ ਪੰਜਾਬ ਵਿਚ ਫੈਲ ਗਈ। ਥੋੜਾ ਚਿਰ ਮਗਰੋਂ ਅਹਿਰਾਰ ਤੇ ਖ਼ਾਕਸਾਰ ਲਹਿਰਾਂ ਸ਼ੁਰੂ ਹੋਈਆਂ। ਇਹ ਵੀ ਇਕ ਤਰ੍ਹਾਂ ਦੀਆਂ ਰਾਜਸੀ



Digitized by Panjab Digital Library | www.panjabdigilib.org

ਲਹਿਰਾਂ ਸਨ। ਇਨ੍ਹਾਂ ਲਹਿਰਾਂ ਸਮੇਂ ਸਾਰੇ ਪੰਜਾਬ ਅੰਦਰ ਪੰਜਾਬੀ ਬੋਲੀ ਰਾਹੀਂ ਹੀ ਪਰਚਾਰ ਹੁੰਦਾ ਰਿਹਾ। ਪੰਜਾਬੀ ਦੀਆਂ ਅਖਬਾਰਾਂ ਤੇ ਰਸਾਲੇ ਪਰਕਾਸ਼ਤ ਹੋਣ ਸ਼ੁਰੂ ਹੋ ਗਏ। ਅਨੇਕਾਂ ਪੰਜਾਬੀ ਦੀਆਂ ਪੁਸਤਕਾਂ ਛਪੀਆਂ ਅਤੇ ਸਾਹਿਤਕਾਰਾਂ ਦੇ ਹੌਂਸਲੇ ਵਧਾਉਣ ਲਈ ਪੰਜਾਬ ਟੈਕਸਟ ਬੁਕ ਕਮੇਟੀ ਵੱਲੋਂ ਬੜੇ ਬੜੇ ਇਨਾਮ ਦਿੱਤੇ ਗਏ। ਇਸ ਸਮੇਂ ਸਰਦਾਰ ਅਮਰ ਸਿੰਘ ਜੀ ਨੇ ਬਹੁਤ ਸਾਰੀਆਂ ਅੰਗ੍ਰੇਜ਼ੀ ਦੀਆਂ ਪੁਸਤਕਾਂ ਦਾ ਅਨੁਵਾਦ ਕੀਤਾ।

ਚੀਫ਼ ਖਾਲਸਾ ਦੀਵਾਨ ਨੇ ਪੰਜਾਬੀ ਪਰਚਾਰ ਲਈ ਤੇ ਵਿਦਿਅਕ ਉਨਤੀ ਲਈ ਐਜੂਕੇਸ਼ਨ ਕਮੇਟੀ ਕਾਇਮ ਕੀਤੀ ਜਿਸ ਨੇ ਤਮਾਮ ਸਿਖ ਸਕੂਲਾਂ ਨੂੰ ਆਪਣੇ ਨਾਲ ਸਬੰਧਤ ਕੀਤਾ ਤੇ ਉਨ੍ਹਾਂ ਨੂੰ ਭਾਰੀ ਗ੍ਰਾਂਟਾਂ ਦੇਣੀਆਂ ਸ਼ੁਰੂ ਕੀਤੀਆਂ। ਹਰ ਵਰ੍ਹੇ 'ਸਿਖ ਐਜੂਕੇਸ਼ਨਲ ਕਾਨਫਰੰਸ' ਵਖ ਵਖ ਸ਼ਹਿਰਾਂ ਵਿਚ ਕੀਤੀ ਜਾਂਦੀ ਹੈ। ਇਸ ਕਾਨਫਰੰਸ ਦੇ ਕਰਮ-ਚਾਰੀਆਂ ਨੇ ਪੰਜਾਬੀ ਦਾ ਪਰਚਾਰ ਤਨੋ ਮਨੋ ਹੋ ਕੇ ਕੀਤਾ ਅਤੇ ਲਿਖਾਰੀਆਂ ਨੂੰ ਵਡੇ ਵਡੇ ਇਨਾਮ ਦਿਤੇ।

ਪੰਜਾਬ ਵਿਚ ਅਨੇਕਾਂ ਸਕੂਲ ਤੇ ਕਾਲਜ ਖੁਲ੍ਹ ਚੁਕੇ ਸਨ। ਇਨ੍ਹਾਂ ਸਕੂਲਾਂ ਤੇ ਕਾਲਜਾਂ ਵਿਚ ਕਈ ਤਰ੍ਹਾਂ ਦੀਆਂ ਕਤਾਬਾਂ ਪੜ੍ਹਾਈਆਂ ਜਾਣ ਲਗੀਆਂ। ਪੱਛਮੀ ਦੇਸਾਂ ਵਲੋਂ ਬਹੁਤ ਸਾਰਾ ਸਾਹਿਤ ਪੰਜਾਬ ਵਿਚ ਆਇਆ। ਪੰਜਾਬੀ ਵਿਦਵਾਨਾਂ ਨੇ ਅਨੇਕਾਂ ਪੁਸਤਕਾਂ ਉਲਥਾ ਕੀਤੀਆਂ। ਕਈ ਤਰ੍ਹਾਂ ਦੇ ਨਾਵਲ, ਨਾਟਕ, ਕਹਾਣੀਆਂ, ਇਤਿਹਾਸ ਤੇ ਕਵਿਤਾ ਦੀਆਂ ਮੌਲਕ ਪੁਸਤਕਾਂ ਲਿਖੀਆਂ ਗਈਆਂ। ਇਹ ਸਭ ਕੁਝ ਅੰਗ੍ਰੇਜ਼ੀ ਸਾਹਿਤ ਦੇ ਅਸਰ ਹੇਠ ਮੰਨਿਆ ਜਾ ਸਕਦਾ ਹੈ।



Digitized by Panjab Digital Library | www.panjabdigilib.org

# ਸਾਹਿਤਕ ਲੇਖ

ਪੰਜਾਬੀ ਵਿਚ ਅਜੇ ਤਕ ਸਾਹਿਤਕ ਲੇਖਾਂ ਸਬੰਧੀ ਕੋਈ ਬਹੁਤੀਆਂ ਪੁਸਤਕਾਂ ਨਹੀਂ ਛਪੀਆਂ। ਕੁਝ ਪੁਸਤਕਾਂ ਲਿਖੀਆਂ ਗਈਆਂ ਹਨ, ਜਿਨ੍ਹਾਂ ਦੇ ਲੇਖਕਾਂ ਦਾ ਵੇਰਵਾ ਇਸ ਤਰ੍ਹਾਂ ਹੈ.—

ਸਰਧਾ ਰਾਮ ਜੀ ਫਲੌਰੀ–(ਸੰ:੧੮੨੭–੧੮੮੧)ਇਨ੍ਹਾਂ ਨੇ ਉਂਜ ਤੇ ਪੰਜਾਬੀ ਵਾਰਤਕ ਦੀਆਂ ਕਈ ਕਤਾਬਾਂ ਲਿਖੀਆਂ ਹਨ,ਜਿਹਾ ਕਿ 'ਸਿਖਾਂ ਦੇ ਰਾਜ ਦੀ ਵਿਥਿਆ' ਆਦਿ, ਪਰ ਸਭ ਤੋਂ ਮਸ਼ਹੂਰ ਪੁਸਤਕ ਪੰਜਾਬੀ ਬਾਤ ਚੀਤ' ਹੈ। ਇਸ ਕਤਾਬ ਦੀ ਭੂਮਕਾ ਵਿਚ ਇਨ੍ਹਾਂ ਨੇ ਲਿਖਿਆ ਹੈ:–

"ਮੇਰੇ ਇਕ ਪਰਮ ਮਿਤਰ ਪਾਦਰੀ 'ਜਾਨ ਨਿਊਟਨ ਸਾਹਿਬ" ਨੇ ਜੋ ਪੰਜਾਬੀ ਨੂੰ ਬਹੁਤ ਅਛੀ ਤਰ੍ਹਾਂ ਜਾਣਦੇ ਹਨ ਮੈਨੂੰ ਇਹ ਸਲਾਹ ਦਿੱਤੀ ਕਿ ਇਕ ਅਜਿਹੀ ਪੁਸਤਕ ਪੰਜਾਬੀ ਜ਼ਬਾਨ ਵਿਚ ਲਿਖੋ ਜਿਸ ਵਿਚ ਸਭ ਤਰ੍ਹਾਂ ਦੇ ਮੁਹਾਵਰੇ ਆ ਜਾਣ। ਉਸ ਮਿਤਰ ਦੀ ਸਲਾਹ ਮੰਨ ਕੇ ਮੈਂ ਇਹ (ਪੰਜਾਬੀ ਬਾਤ ਚੀਤ ਨਾਮੇ ਪੋਥੀ ਲਿਖ ਕੇ ਈਸਵੀ ਸੰਨ ੧੮੭੫ ਵਿਚ ਉਸ ਮਿਤਰ ਨੂੰ ਦਿੱਤੀ, ਕਿ ਜਿਸ ਨੇ ਗਵਰਨਮਿੰਟ ਪੰਜਾਬ ਤੇ ਮਨਜ਼ੂਰ ਕਰਾ ਕੇ ਮੈਨੂੰ ਇਸ ਦਾ ਇਨਾਮ ਦੁਆਇਆ।"

ਇਹ ਫਲੌਰ ਜ਼ਿਲਾ ਜਾਲੰਧਰ ਦਾ ਰਹਿਣ ਵਾਲਾ ਸੀ, ਪਰ ਇਸ ਪੁਸਤਕ ਵਿਚ ਇਸ ਨੇ ਪੰਜਾਬ ਦੇ ਹਰ ਸ਼ਹਿਰੀ ਤੇ ਪੇਂਡੂ ਅਲਾਕੇ ਦੀ ਬੋਲੀ ਤੇ ਓਥੋਂ ਦੀਆਂ ਰਹੁ ਰੀਤਾਂ ਸੁਹਣੀ ਤਰ੍ਹਾਂ ਪਰਗਟ ਕੀਤੀਆਂ ਹਨ। ਲਿਖਤ ਮੁਹਾਵਰੇ ਅਨੁਸਾਰ ਅਤੇ ਬੜੀ ਸਰਲ ਤੇ ਸਾਦੀ ਬੋਲੀ ਵਿਚ ਹੈ। ਇਸ ਨੇ ਉਸ ਸਮੇਂ ਦੀਆਂ ਲਾਹੌਰਨਾਂ ਦਾ ਨਕਸ਼ਾ ਕਹੇ ਸੁਹਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ:–

"ਅਹਿ ਸੁਣ ਕੇ ਪੰਜ ਸੱਤ ਕੁੜੀਆਂ ਤ੍ਰੀਮਤਾਂ ਉਸ ਗਲੀ ਵਿਚੋਂ



Digitized by Panjab Digital Library | www.panjabdigilib.org

ਨਿਕਲ ਕੇ ਉਸ ਦੀ ਛਾਬੜੀ ਆਣ ਘੇਰੀ। ਕਿਸੇ ਆਖਿਆ ਭਾਈ ਮੈਨੂੰ ਛੱਕੜ ਦੇ ਸਲੂਣੇ ਦੇਹ ਤੇ ਕੋਈ ਬੋੱਲੀ ਮੇਰੇ ਲਈ ਦਮੜੀ ਦੀਆਂ ਸੇਮੀਆਂ ਚਾ ਤੋਲ, ਕਿਸੇ ਚਹੁੰ ਕੌਡਾਂ ਦਾ ਪਾਪੜ ਚਾ ਲੀਤਾ ਤੇ ਕਿਸੇ ਅੱਧੀ ਦੀ ਦਾਲ ਪੱਤਰ ਪਰ ਚਾ ਪਵਾਈ। ਫੇਰ ਆਪੋ ਆਪਣੀਆਂ ਸਹੇਲੀਆਂ ਨੂੰ ਵਾਜਾਂ ਮਾਰ ਕੇ ਬੋਲੀਆਂ--ਨੀ ਬਸੰਤੋ ਦੀ ਮਾਂ, ਆ ਸਲੂਣੇ ਲੈ ਲੈ, ਕਿਸੇ ਆਖਿਆ, ਨੀ ਬੇਬੇ ਮਨਸਾ ਦੇਈ! ਆ ਪਾਪੜ ਵਿਕਦੇ ਹੈਨੇ। ਇਹ ਸੁਣ ਕੇ ਕੋਈ ਅਧੜਵੰਜੇ ਤੇ ਕੋਈ ਘੱਗਰੀ ਸੁੱਥਣ ਪਹਿਨ ਕੇ ਆਣ ਕੱਠੀਆਂ ਹੋਈਆਂ। ਜਾਂ ਛਾਬੜੀ ਵਾਲੇ ਵੇਖਿਆ ਕਿ ਕਿਧਰੇ ਮੂਲੋ ਮਣਸੀ ਅਤੇ ਉਡੀ ਵਹੁਕੜ ਬੈਠੀਆਂ ਹੈਨ ਅਤੇ ਕਿਧਰੇ ਗੁਜਰੀ ਮਾਲਣ ਤੇ ਨੰਦੋ ਰੂੜੀ ਖਲੋਤੀਆਂ ਹੈਨ ਤਾਂ ਆਖਿਆ ਹੁਣ ਤਾਂ ਮੇਰੀ ਛਾਬੜੀ ਵਿਚ ਥੁਹੜਾ ਈ ਸੌਦਾ ਰਹਿ ਗਿਆ ਏ; ਇਹ ਬੀ ਤੁਸਾਂ ਨੂੰ ਖਰੀਦ ਲੈਣਾ ਚਾਹੀਏ।"

ਇਹ ਉਨ੍ਹੀਵੀਂ ਸਦੀ ਈਸਵੀ ਦੇ ਪਿਛਲੇ ਅਧ ਦੀ ਆਮ ਬੋਲ ਚਾਲ ਵਾਲੀ ਬੋੱਲੀ ਹੈ। ਇਹ ਖਾਲਸ ਲਾਹੌਰੀ ਬੋੱਲੀ ਨਹੀਂ ਜਾਪਦੀ ਇਸ ਉਤੇ ਇਕ ਪਾਸੇ 'ਫਲੌਰੀ' ਹੋਰਾਂ ਦੀ 'ਦੁਆਬੀ' ਦਾ ਤੇ ਦੂਸਰੇ ਪਾਸੇ ਬਾਰ ਦੇ ਅਲਾਕੇ ਦੀ ਬੋਲੀ ਦਾ ਅਸਰ ਪਰਤੀਤ ਹੁੰਦਾ ਹੈ। ਸਰਲਤਾ; ਸਾਦਗੀ, ਸਪਸ਼ਟਤਾ ਤੇ ਸੰਖੇਪਤਾ ਬਹੁਤ ਹੈ। ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਮੰਨੀ ਜਾ ਸਕਦੀ ਹੈ।

ਲਾਲਾ ਬਿਹਾਰੀ ਲਾਲ ਪੁਰੀ:– (੧੮੩੦--੧੮੮੫)

ਇਹ ਲਾਹੌਰ ਦੇ ਵਸਨੀਕ ਸਨ। ਅਤੇ ਲਾ: ਸਰਧਾ ਰਾਮ ਦੇ ਸਮਕਾਲੀ ਸਨ। ਇਸ ਸਮੇਂ ਇਨ੍ਹਾਂ ਨੇ ਕਈ ਪੰਜਾਬੀ ਲੇਖ ਲਿਖੇ। ਇਨ੍ਹਾਂ ਦੇ ਲੇਖ 'ਪੰਜਾਬੀ' ਵਿਚੋਂ ਹੇਠਾਂ ਕੁਝ ਸਤਰਾਂ ਦਿੱਤੀਆਂ ਜਾਂਦੀਆਂ ਹਨ:–

"ਅੰਗ੍ਰੇਜ਼ ਲੋਕ ਅੰਗ੍ਰੇਜ਼ੀ ਬੋਲਦੇ ਨਹੀਂ ਸ਼ਰਮਾਉਂਦੇ, ਬੰਗਾਲੀ ਅਤੇ ਕਸ਼ਮੀਰੀ ਯਾ ਹੋਰ ਲੋਕ ਆਪੋ ਆਪਣੀ ਬੋੱਲੀ ਬੋਲਦੇ ਨਹੀਂ



Digitized by Panjab Digital Library | www.panjabdigilib.org

ਸ਼ਰਮਾਉਂਦੇ, ਨਿਰਾ ਪੰਜਾਬੀਆਂ ਨੂੰ ਹੀ ਕੁਝ ਵਾਹਿਗੁਰੂ ਦਾ ਭਾਣਾ ਵਰਤ ਗਇਆ ਹੈ ਕਿ ਆਪਣੀ ਚੰਗੀ ਮਿੱਠੀ ਬੋੱਲੀ ਬੋਲਦੇ ਸ਼ਰਮਾਉਂਦੇ ਹਨ। ਇਹ ਨਹੀਂ ਸਮਝਦੇ ਕਿ ਜਿਸ ਬੋੱਲੀ ਨੂੰ ਵਡੇ ਵਡੇ ਧਰਮਾਤਮਾ ਅਤੇ ਪਰਤਾਪਵਾਨ ਲੋਕ ਬੋਲਦੇ ਰਹੇ ਹਨ, ਕਿੱਕੁਰ ਉਹ ਬੋੱਲੀ ਗਵਾਰੀ ਹੋ ਸਕਦੀ ਹੈ? ਗੁਆਰੀ ਤਾਂ ਉਹ ਬੋੱਲੀ ਹੁੰਦੀ ਹੈ ਜਿਸ ਨੂੰ ਗਾਉਂ ਦੇ ਵਸਨੀਕ ਗੁਆਰ ਲੋਕ ਬੋਲਣ। ਇਸ ਨੂੰ ਤਾਂ ਪੰਜਾਬ ਦੇ ਸਾਰੇ ਸ਼ਹਿਰੀ ਲੋਕ ਬੋਲਦੇ ਆਏ ਹਨ।

ਕੇਹੀ ਅਚਰਜ ਦੀ ਗੱਲ ਹੈ, ਕਿ ਗੁਰੂਆਂ, ਸਰਦਾਰਾਂ; ਰਾਜਿਆਂ ਮਹਾਰਾਜਿਆਂ ਦੀ ਬੋੱਲੀ ਗੁਆਰੀ ਕਹਾਏ, ਅਤੇ ਲਸ਼ਕਰ ਦਿਆਂ ਸਿਪਾਹੀਆਂ ਆਦਿਕਾਂ ਦੀ ਬੋੱਲੀ ਚੰਗੀ ਸਦਾਏ।"

ਇਨ੍ਹਾਂ ਸ਼ਬਦਾਂ ਤੋਂ ਇਨ੍ਹਾਂ ਦਾ ਮਾਤ ਭਾਖਾ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ। ਬੋੱਲੀ ਵਿਚ ਸਾਦਗੀ, ਸਰਲਤਾ ਤੇ ਸਪਸ਼ਟਤਾ ਕਿੰਨੀ ਹੈ। ਕਿਸਤਰ੍ਹਾਂ ਥੋੜੇ ਸ਼ਬਦਾਂ ਵਿਚ ਬਹੁਤ ਕੁਝ ਕਿਹਾ ਗਇਆ ਹੈ। ਇਨ੍ਹਾਂ ਦੀ ਵਾਰਤਕ ਅਸਲ 'ਲਾਹੌਰੀ' ਹੈ।

ਲਾ: ਬਿਸ਼ਨ ਦਾਸ ਜੀ ਪੁਰੀ:–ਇਨ੍ਹਾਂ ਨੇ ਵੀ ਪੰਜਾਬੀ ਦੀ ਬਹੁਤ ਸਾਰੀ ਸੇਵਾ ਕੀਤੀ। ਪੰਜਾਬੀ ਵਿਆਕਰਣ, ਪੰਜਾਬੀ ਕੋਸ਼ ਅਤੇ ਕਈ ਤਰ੍ਹਾਂ ਦੇ ਪੰਜਾਬੀ ਲੇਖ ਲਿਖੇ।

ਇਸ ਸਮੇਂ ਡਾ: ਚਰਨ ਸਿੰਘ ਜੀ (੧੮੫੩ ਤੋਂ ੧੯੦੮) ਨੇ ਵੀ ਪੰਜਾਬੀ ਦੀ ਉਨਤੀ ਲਈ ਕਈ ਪੁਸਤਕਾਂ ਲਿਖੀਆਂ। ਇਨ੍ਹਾਂ ਤੋਂ ਪਹਿਲਾਂ ਗਿਆਨੀ ਦਿੱਤ ਸਿੰਘ ਜੀ ਨੇ ਵੀ ਕਈ ਤਰ੍ਹਾਂ ਦੇ ਧਾਰਮਕ ਤੇ ਹੋਰ ਗ੍ਰੰਥ ਲਿਖੇ।

ਪ੍ਰੋ: ਪੂਰਨ ਸਿੰਘ ਜੀ:–ਇਨ੍ਹਾਂ ਨੇ 'ਖੁਲ੍ਹੇ ਲੇਖ' ਨਾਮੀ ਪੁਸਤਕ ਲਿਖ ਕੇ ਪੰਜਾਬੀ ਵਾਰਤਕ ਵਿਚ ਇਕ ਨਵਾਂ ਰੰਗ ਪੈਦਾ ਕਰਨ



Digitized by Panjab Digital Library | www.panjabdigilib.org

ਦਾ ਜਤਨ ਕੀਤਾ ਹੈ। ਜਿਸਤਰ੍ਹਾਂ ਕਿ ਅੰਗ੍ਰੇਜ਼ੀ ਦੇ ਮਸ਼ਹੂਰ ਲਿਖਾਰੀ ਐਮਰਸਨ ਨੇ ਆਪਣੇ ਲੇਖਾਂ ਵਿਚ ਖੁਲ੍ਹੀਆਂ ਉਡਾਰੀਆਂ ਲਾਈਆਂ ਹਨ, ਇਸੇ ਤਰ੍ਹਾਂ ਇਨ੍ਹਾਂ ਦੇ ਲੇਖਾਂ ਵਿਚ ਵੀ ਜਜ਼ਬਾਤਾਂ ਤੇ ਖਿਆਲਾਂ ਦਾ ਖੁਲ੍ਹਾ ਹੜ ਨਜ਼ਰ ਆਉਂਦਾ ਹੈ। ਇਨ੍ਹਾਂ ਲੇਖਾਂ ਵਿਚ ਉਹ ਵਿਦਵਤਾ ਭਰੀ ਪਈ ਹੈ ਕਿ ਇਕ ਇਕ ਸਤਰ ਵਿਚ ਕਈ ਕਈ ਖਿਆਲ ਲੁਕੇ ਪਏ ਹਨ। ਇਹ ਪੁਸਤਕ ਵਿਦਵਤਾ ਦਾ ਭੰਡਾਰ ਮੰਨੀ ਜਾ ਸਕਦੀ ਹੈ।

ਡਾ: ਮੋਹਨ ਸਿੰਘ ਜੀ 'ਦੀਵਾਨਾ' ਨੇ ਵੀ ਵਖ ਵਖ ਵਿਸ਼ਿਆਂ ਤੇ ਕੁਝ ਲੇਖ ਲਿਖੇ ਹਨ। 'ਜੈਤਿੰਦਰ ਸਾਹਿਤ ਸਰੋਵਰ' ਇਨ੍ਹਾਂ ਦੇ ਕੁਝ ਲੇਖਾਂ ਦਾ ਸੰਗ੍ਰਹਿ ਹੈ। ਇਹ ਲੇਖ ਵੀ ਪੰਜਾਬੀ ਸਾਹਿਤ ਵਿਚ ਖਾਸ ਮਹਾਨਤਾ ਰਖਦੇ ਹਨ। ਇਨ੍ਹਾਂ ਨੇ ਬੜੀ ਮਿਹਨਤ ਤੇ ਖੋਜ ਨਾਲ ਹਰ ਵਿਸ਼ੇ ਉਤੇ ਪੂਰਨ ਵਿਚਾਰ ਪਰਗਟ ਕੀਤੀ ਹੈ। ਇਨ੍ਹਾਂ ਲੇਖਾਂ ਵਿਚ ਆਪ ਨੇ ਬੜੀ ਵਿਦਵਤਾ ਦਾ ਚਮਤਕਾਰ ਦਿਖਾਇਆ ਹੈ।

ਵਿਸ਼ੇਸ਼ਰ ਨਾਥ, ਡਾ: ਗੋਪਾਲ ਸਿੰਘ ਜੀ ਦਰਦੀ, ਨਿਹਾਲ ਸਿੰਘ 'ਰਸ', ਗਿ: ਲਾਲ ਸਿੰਘ ਜੀ ਤੇ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਕੁਝ ਲੇਖ ਲਿਖੇ ਹਨ। ਇਨ੍ਹਾਂ ਲੇਖਾਂ ਵਿਚ ਇਨ੍ਹਾਂ ਵਿਦਵਾਨਾਂ ਨੇ ਆਪਣੇ ਆਪਣੇ ਖਿਆਲਾਂ ਅਨੁਸਾਰ ਵਖ ਵਖ ਵਿਸ਼ਿਆਂ ਤੇ ਸੁਹਣੇ ਤੇ ਸੁਚੱਜੇ ਵਿਚਾਰ ਪਰਗਟ ਕੀਤੇ ਹਨ। ਹੇਠਾਂ ਕੁਝ ਵਿਦਵਾਨਾਂ ਦੀ ਵਾਰਤਕ ਬਾਰੇ ਸਾਹਿਤਕ ਵਿਚਾਰ ਦਿੱਤੀ ਜਾਂਦੀ ਹੈ।

**ਡਾ: ਭਾਈ ਵੀਰ ਸਿੰਘ ਜੀ:**—ਵਾਰਤਕ ਲਿਖਾਰੀਆਂ ਵਿਚੋਂ ਆਪ ਸਭ ਤੋਂ ਪਹਿਲੇ ਲਿਖਾਰੀ ਹਨ ਜਿਨ੍ਹਾਂ ਨੇ ਸਭ ਤੋਂ ਵਧ ਵਾਰਤਕ ਲਿਖੀ। ਇਨ੍ਹਾਂ ਦੀ ਵਾਰਤਕ ਦਾ ਆਕਾਰ ਇਨ੍ਹਾਂ ਦੀ ਆਪਣੀ ਕਵਿਤਾਂ ਨਾਲੋਂ ਕਿਤੇ ਵਧ ਹੈ। ਆਪ ਨੂੰ ਕੁਦਰਤ ਦੇ ਕਵੀ ਤੇ ਲਿਖਾਰੀ ਕਿਹਾ ਜਾਂਦਾ ਹੈ। ਜਿਸ ਤਰੀਕੇ ਨਾਲ ਆਪ ਨੇ ਕੁਦਰਤ ਦੀ ਇਨ ਬਿਨ ਤਸਵੀਰ ਖਿੱਚੀ ਹੈ, ਹੋਰ ਕਿਸੇ ਨੂੰ ਵੀ ਇਹ ਮਾਨ ਪ੍ਰਾਪਤ ਨਹੀਂ



Digitized by Panjab Digital Library | www.panjabdigilib.org

ਹੋਇਆ। ਆਪ ਨੇ ਬਹੁਤਾ ਧਾਰਮਕ ਸਾਹਿਤ ਹੀ ਉਪਜਾਇਆ ਹੈ। ਇਨ੍ਹਾਂ ਦੀ ਰਚਨਾ ਜੀਵਨ ਵਿਚ ਧਾਰਮਕ ਪਿਆਰ,ਵੈਰਾਗ,ਤੇ ਸਦਾਚਾਰਕ ਉੱਚਤਾ ਦੀ ਪ੍ਰੇਰਨਾ ਕਰਦੀ ਹੈ। ਇਨ੍ਹਾਂ ਦੀ ਵਾਰਤਕ ਦੇ ਵਿਸ਼ੇਸ਼ ਗੁਣ ਇਹ ਹਨ:—

(ੳ) ਗੁਰਬਾਣੀ ਦਾ ਵਧੇਰੇ ਅਸਰ ਹੈ ਅਤੇ ਸਿੱਖ ਸ਼ਬਦਾਵਲੀ ਆਪ ਦੀ ਰਚਨਾ ਵਿਚ ਬਹੁਤ ਮਿਲਦੀ ਹੈ।

(ਅ) ਵਾਰਤਕ ਜਜ਼ਬਾਤੀ, ਪਿਆਰ ਮਈ, ਧਰਮ ਦੀ ਪ੍ਰੇਰਨਾ ਕਰਨ ਵਾਲੀ ਤੇ ਆਦਰਸ਼ਕ ਜੀਵਨ ਦੀ ਲਖਾਇਕ ਹੈ।

(ੲ) ਵਾਰਤਕ ਵਿਚ ਮਨੋਰੰਜਕ ਅਲੰਕਾਰ ਹੋਣ ਕਰਕੇ ਕਈ ਥਾਈਂ ਕਵਿਤਾ ਦਾ ਰੰਗ ਤੇ ਰਸ ਉਤਪੰਨ ਕਰਦੀ ਹੈ।

(ਸ) ਵਾਰਤਕ ਵਿਚ ਸਰਲਤਾ ਬਹੁਤ ਹੈ। ਇਸ ਵਿਚ ਸ਼ੱਕ ਨਹੀਂ ਕਿ ਆਪ ਨੇ ਕਈ ਨਵੇਂ ਸ਼ਬਦ ਟਕਸਾਲੇ ਹਨ, ਪਰ ਵਿਚ ਵਿਚ ਫਾਰਸੀ ਦੇ ਸ਼ਬਦ ਵੀ ਬਹੁਤ ਵਰਤੇ ਹਨ। ਜਿਹਾ ਕਿ 'ਸੱਚ' ਵਾਲੇ ਲੇਖ ਵਿਚ ਹੇਠ ਲਿਖੇ ਸ਼ਬਦ ਵਰਤੇ ਹਨ:—

ਸਲਾਮਤੀ, ਕਸ਼ਮਕਸ਼, ਅਕਸਰ,ਇਖ਼ਲਾਕੀ, ਰੂਹਾਨੀ, ਫੇਅਲਾਂ ਆਦਿ। ਇਸੇ ਤਰ੍ਹਾਂ ਦੇ 'ਅਨੰਤ, ਵਿਆਪਕ, ਰਾਗ, ਦ੍ਵੈਖ, ਸ੍ਵਸਥ, ਅਸੱਤਜ਼ ਸਾਖਿਆਤਕਾਰ' ਇਹੋ ਜਹੇ ਸ਼ਬਦ ਹਨ ਜੋ ਗੁਰਬਾਣੀ ਵਿਚੋਂ ਲਏ ਗਏ ਹਨ।

(ਹ) ਕਈ ਥਾਈਂ ਆਪ ਨੇ ਵਿਆਕਰਣ ਦਾ ਕੋਈ ਖਿਆਲ ਨਹੀਂ ਰਖਿਆ ਤੇ ਮੁਹਾਵਰਾ ਵੀ ਗਲਤ ਵਰਤਿਆ ਹੈ।

ਲਾਲਾ ਧਨੀ ਰਾਮ ਜੀ ਚਾਤ੍ਰਿਕ:—

ਰਮਈਆ ਸੇਠ, ਦੋ ਉਤਮ ਜੀਵਨ, ਪਰਦਾ ਕੀ ਹੈ, ਭਾਈ ਪ੍ਰਬੁਧ ਸਿੰਘ ਜੀ ਦਾ ਜੀਵਨ ਸੁਧਾਰ ਆਦਿਕ ਨਾਵਲ ਇਹਨਾਂ ਦੇ ਹੀ ਲਿਖੇ ਜਾਂ ਤਰਜਮਾਏ ਹੋਏ ਹਨ। ਭਾਵੇਂ ਇਹਨਾਂ ਨੇ ਵਾਰਤਕ ਬਹੁਤ ਘਟ ਲਿਖੀ



Digitized by Panjab Digital Library | www.panjabdigilib.org

ਹੈ, ਤਦ ਵੀ ਜਿੰਨੀ ਲਿਖੀ ਹੈ ਪੰਜਾਬੀ ਸਾਹਿਤ ਵਿਚ ਖਾਸ ਮਹਾਨਤਾ ਰੱਖਦੀ ਹੈ। ਇਹਨਾਂ ਦੀ ਵਾਰਤਕ ਵਿਚ ਹੇਠ ਲਿਖੇ ਗੁਣ ਪਰਤੀਤ ਹੁੰਦੇ ਹਨ—

(ੳ) ਬੋੱਲੀ ਠੇਠ, ਰਾਵੀ ਦੇ ਅਲਾਕੇ ਦੀ ਮੁਹਾਵਰੇ ਅਨੁਸਾਰ ਤੇ ਦਿਲ ਖਿੱਚਵੀਂ ਹੈ।

(ਅ) ਬੋਲੀ ਆਮ ਬੋਲ ਚਾਲ ਵਾਲੀ ਜਿਸ ਨੂੰ ਸਾਰੇ ਪੰਜਾਬੀ ਬਿਨਾਂ ਜ਼ਾਤ ਪਾਤ ਦੇ ਲਿਹਾਜ਼ ਦੇ ਸੁਤੇ ਹੀ ਸਮਝ ਸਕਦੇ ਹਨ।

(ੲ) ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਦੀ ਲਿਖਤ ਵਿਚ ਕਈ ਥਾਈਂ ਉਰਦੂ ਤੇ ਫ਼ਾਰਸੀ ਦੇ ਲਫ਼ਜ਼ ਵੀ ਆਉਂਦੇ ਹਨ, ਜਿਹਾ ਕਿ—

ਵਬਾਵਾਂ, ਜ਼ੀਨਤਾਂ, ਕੁਨਬੇ, ਦੇਹਾਂਤ, ਤਦੱਬਰ, ਸ਼ੀਰਾਜਾ, ਸ਼ਮ ਖਾਂਦੀ, ਪਰ ਆਪ ਨੇ ਇਹ ਸ਼ਬਦ ਇਸ ਤਰ੍ਹਾਂ ਵਰਤੇ ਹਨ ਕਿ ਇਕ ਪਾਠਕ ਇਹਨਾਂ ਦਾ ਲੇਖ ਪੜ੍ਹਦਿਆਂ ਇਹਨਾਂ ਸ਼ਬਦਾਂ ਦੇ ਅਰਥ ਅਨਭਵ ਕਰ ਸਕਦਾ ਹੈ। ਵਿਆਕਰਣ ਤੇ ਮੁਹਾਵਰੇ ਦੀ ਗ਼ਲਤੀ ਕੋਈ ਨਹੀਂ। ਸਾਦਗੀ, ਸੰਖੇਪਤਾ, ਸਰਲਤਾ, ਸੁਭਾਵਕਤਾ ਤੇ ਸਪਸ਼ਟਤਾ ਇਹਨਾਂ ਦੀ ਵਾਰਤਕ ਦੇ ਸੁਭਾਵਕ ਗੁਣ ਹਨ।

ਸ੍ਰ: ਜੀ. ਬੀ. ਸਿੰਘ:–ਆਪ ਦਾ ਜਨਮ ਪਿੰਡ ਗਜਿਆਨਾ ਜ਼ਿਲਾ ਗੁਜਰਾਂਵਾਲਾ ਵਿਚ ੧ ਫਰਵਰੀ ਸੰਨ ੧ ੭ ਨੂੰ ਹੋਇਆ ਅਤੇ ਆਪ ੭੩ ਸਾਲ ਦੀ ਉਮਰ ਭੋਗ ਕੇ ੩੧ ਜਨਵਰੀ ੧੯੫੦ ਨੂੰ ਅਕਾਲ ਚਲਾਣਾ ਕਰ ਗਏ।

ਆਪ ਇਕ ਵਿਦਵਾਨ ਤੇ ਸਾਹਿਤਕ ਖੋਜੀ ਸਨ। ਇਤਿਹਾਸ, ਪੁਰਾਣ, ਫ਼ਲਸਫੇ, ਲਿਪੀ ਵਿਕਾਸ ਤੇ ਭਾਸ਼ਾ ਵਿਗਿਆਨ ਦੇ ਆਪ ਚੰਗੇ ਵਿਦਵਾਨ ਤੇ ਪੜਚੋਲੀਏ ਸਨ। ਇਹਨਾਂ ਵਿਚ ਖੋਜੀਆਂ ਵਾਲੇ ਸਾਰੇ ਗੁਣ ਸਨ। ਇਹਨਾਂ ਨੇ ਖੋਜ ਦੀਆਂ ਹੇਠ ਲਿਖੀਆਂ ਪੁਸਤਕਾਂ ਲਿਖੀਆਂ:--

ਗੁਰਮੁਖੀ ਦੇ ਜਨਮ ਪੁਰ ਵਿਚਾਰ, ਯੋਗ ਦਰਸ਼ਨ, ਵੈਸ਼ਨਵ ਮੱਤ,



Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ।

ਆਪ ਕੋਈ ਚੰਗੇ ਵਾਰਤਕ ਲਿਖਾਰੀ ਨਹੀਂ ਸਨ। ਇਨ੍ਹਾਂ ਦੀ ਲਿਖਤ ਵਿਚ ਕੋਈ ਉਚੇਰੀ ਵਿਸ਼ਿਸ਼ਤਾਈ ਨਹੀਂ ਸੀ। ਪੰਜਾਬੀ ਲਿਖਤ ਵਿਚ ਆਪ ਉਰਦੂ, ਫ਼ਾਰਸੀ, ਸੰਸਕ੍ਰਿਤ ਤੇ ਹਿੰਦੀ ਆਦਿ ਦੇ ਸ਼ਬਦ ਵੀ ਵਰਤ ਜਾਂਦੇ ਸਨ। ਇਨ੍ਹਾਂ ਦੀ ਦਲੀਲ ਬੜੀ ਡੂੰਘੀ ਤੇ ਵਿਚਾਰ ਭਰੀ ਪਰਤੀਤ ਹੁੰਦੀ ਹੈ। ਲਿਖਤ ਵਿਚ ਵਿਆਕਰਣ ਤੇ ਬੋਲੀ ਦੇ ਮੁਹਾਵਰੇ ਵੱਲੋਂ ਬਿਲਕੁਲ ਬੇਪ੍ਰਵਾਹੀ ਨਜ਼ਰ ਆਉਂਦੀ ਹੈ। ਪਰ ਖਿਆਲ ਬੜੇ ਡੂੰਘੇ ਤੇ ਵਿਚਾਰ ਭਰੇ ਹਨ। ਇਨ੍ਹਾਂ ਨੇ ਕੁਝ ਲੇਖ ਵੀ ਲਿਖੇ ਹਨ, ਜਿਨ੍ਹਾਂ ਵਿਚ ਖੁਲ੍ਹੀਆਂ ਵਿਚਾਰਾਂ ਪਰਗਟ ਕੀਤੀਆਂ ਹਨ। ਇਨ੍ਹਾਂ ਦੇ ਲੇਖ 'ਸਦਾਚਾਰ' ਵਿਚੋਂ ਇਨ੍ਹਾਂ ਦੀ ਲਿਖਤ ਬਾਰੇ ਹੇਠ ਲਿਖੇ ਅਨੁਸਾਰ ਪਤਾ ਲਗਦਾ ਹੈ:--

(ੳ) ਇਸ ਲੇਖ ਵਿਚ ਪੁਰਾਣੀ ਸੱਭਿਅਤਾ ਤੇ ਸਦਾਚਾਰ ਦੀ ਸੁਹਣੀ ਖੋਜ ਕੀਤੀ ਗਈ ਹੈ ਤੇ ਪੁਰਾਣੇ ਸਮੇਂ ਤੋਂ ਲੈ ਕੇ ਅਜ ਤੱਕ ਸਾਡੇ ਇਖਲਾਕ ਵਿਚ ਜੋ ਜੋ ਫਰਕ ਪੈਂਦੇ ਆਏ ਹਨ ਸੁਹਣੀ ਤਰ੍ਹਾਂ ਦੱਸੇ ਹਨ।

(ਅ) ਉਰਦੂ, ਫਾਰਸੀ ਤੇ ਹਿੰਦੀ ਦੇ ਸ਼ਬਦ ਬਹੁਤੇ ਵਰਤੇ ਹਨ। ਖਿਆਲ ਵੀ ਉੱਗੜ ਦੁਗੜੇ ਨਜ਼ਰ ਆਉਂਦੇ ਹਨ।

(ੲ) ਜਿਸ ਵਿਸ਼ੇ ਨੂੰ ਸ਼ੁਰੂ ਕੀਤਾ ਹੈ ਦਲੀਲਾਂ ਨਾਲ ਸੁਹਣੀ ਤਰ੍ਹਾਂ ਨਿਭਾਇਆ ਹੈ ਤੇ ਇਸ ਵਿਚ ਇਸਤਰੀ ਦੇ ਹੱਕਾਂ ਤੇ ਵਖ ਵਖ ਸਮਿਆਂ ਦਾ ਜੀਵਨ ਸੁਹਣੀ ਤਰ੍ਹਾਂ ਪਰਗਟਾਇਆ ਹੈ ਤੇ ਆਚਰਨ ਬਾਬਤ ਸੁਹਣੀ ਤਰ੍ਹਾਂ ਚਾਨਣਾ ਪਾਇਆ ਹੈ।

ਪ੍ਰੋ: ਪੂਰਨ ਸਿੰਘ:—ਇਸ ਵਿਚ ਇਹ ਗੁਣ ਜਮਾਂਦਰੂ ਸੀ ਕਿ ਜਿਸ ਬੋਲੀ ਵਿਚ ਲਿਖਣ ਲੱਗਣਾ, ਉਸ ਨਾਲ ਉਸਤਾਦਾਂ ਵਰਗੀਆਂ ਖੁਲ੍ਹਾਂ ਲੈਕੇ ਉਸ ਉਤੇ ਆਪਣਾ ਸਿੱਕਾ ਜਮਾ ਲੈਂਦਾ ਸੀ ਅਤੇ ਉਸ ਵਿਚ ਆਪਣਾ ਆਪ ਭਰ ਦੇਂਦਾ ਸੀ। ਪੂਰਨ ਸਿੰਘ ਦੀ ਲਿਖਤ ਉਸ ਦੀ



Digitized by Panjab Digital Library | www.panjabdigilib.org

ਸ਼ਖਸੀਅਤ ਦਾ ਸ਼ੀਸ਼ਾ ਸੀ, ਇਸ ਲਈ ਪੂਰਨ ਸਿੰਘ ਦੀ ਲਿਖਤ ਨੂੰ ਉਸ ਦੇ ਸੁਭਾ, ਉਸ ਦੀ ਚਾਲ ਢਾਲ ਤੇ ਉਸ ਦੀ ਜ਼ਿੰਦਗੀ ਤੋਂ ਨਖੇੜ ਕੇ ਸਮਝਣਾ ਔਖਾ ਹੈ।

ਪੂਰਨ ਸਿੰਘ ਦੀ ਲਿਖਤ ਜਜ਼ਬਾਤਾਂ ਦਾ ਹੜ ਹੈ। ਇਹ ਕਈ ਵਾਕ ਬੜੇ ਛੋਟੇ ਛੋਟੇ ਲਿਖਦੇ ਹਨ ਅਤੇ ਕਈ ਬੜੇ ਗੁੰਝਲਦਾਰ। ਵਾਕ ਰਚਨਾ ਬੜੀ ਸੌਖੀ ਹੁੰਦੀ ਹੈ, ਪਰ ਜਿਥੇ ਕਿਤੇ ਕੋਈ ਫ਼ਲਸਫ਼ਾ ਬਿਆਨ ਕਰਨਾ ਹੁੰਦਾ ਹੈ; ਓਥੇ ਸਾਧਾਰਨ ਸਮਝ ਵਾਲਿਆਂ ਲਈ ਕੁਝ ਔਕੜ ਪਰਤੀਤ ਹੁੰਦੀ ਹੈ। ਇਹਨਾਂ ਦਾ ਵਲਵਲਾ ਅਰਸ਼ੋਂ ਵੀ ਉਚੇਰਾ ਅਤੇ ਖਿਆਲ ਸਮੁੰਦਰੋਂ ਡੂੰਘੇ ਤੇ ਕੋਮਲ ਪਰਤੀਤ ਹੁੰਦੇ ਹਨ। ਇਨ੍ਹਾਂ ਦੀ ਰਚਨਾ ਵਿਚ ਮੁੱਢ ਤੋਂ ਲੈਕੇ ਅਖੀਰ ਤਕ ਪਿਆਰ ਦੇ ਝਲਕਾਰੇ ਮਿਲਦੇ ਹਨ। ਦੁਨਿਆਵੀ ਪਿਆਰ, ਕੁਦਰਤ ਤੇ ਅਨੰਤ ਦਾ ਪਿਆਰ ਆਪਸ ਵਿਚ ਮਿਲੇ ਹੋਏ ਜਾਪਦੇ ਹਨ। ਇਹਨਾਂ ਨੇ ਆਪਣੀ ਵਾਰਤਕ ਵਿਚ ਕਈ ਨਵੇਂ ਸ਼ਬਦ ਟਕਸਾਲੇ ਹਨ। ਜਿਹਾ ਕਿ:--

ਖਿਣ ਕੁ, ਚਾਲੜ, ਖਸਮਾਉਣਾ, ਸੁਹਣੱਪ, ਆਦਿਕ ਅਨੇਕਾਂ ਸ਼ਬਦ ਨਵੇਂ ਬਣਾਏ ਹਨ ਅਤੇ ਐਨ ਢੁਕਵੇਂ ਵਰਤੇ ਹਨ। ਇਸ ਤੋਂ ਬਿਨਾਂ ਇਸ ਦੀ ਬੋਲੀ ਉਤੇ ਪੋਠੋਹਾਰੀ ਅਸਰ ਵੀ ਪਰਤੀਤ ਹੁੰਦਾ ਹੈ। ਜਿਵੇਂ ਇਸ ਨੇ ਹੇਠ ਲਿਖੇ ਸ਼ਬਦ ਵਰਤੇ ਹਨ:--

ਤੋਂ ਦੀ ਥਾਂ ਥੀਂ ਵਰਤਿਆ ਹੈ। ਮੈਥੋਂ ਦੀ ਥਾਂ ਮੈਥੀਂ ਵਰਤਿਆ ਹੈ। ਕਿਵੇਂ ਦੀ ਥਾਂ ਕਿੰਞ, ਲੱਭ ਦੀ ਥਾਂ ਲੱਝ, ਖੰਭ ਦੀ ਥਾਂ ਫੰਗ, ਸੌਣ ਦੀ ਥਾਂ ਸੈਣ, ਉਸ ਨੂੰ ਦੀ ਥਾਂ ਉਸ ਕੀ ਆਦਿ। ਕਈ ਇਹੋ ਜਹੇ ਸ਼ਬਦ ਵਰਤੇ ਹਨ। ਇਨ੍ਹਾਂ ਦੀ ਵਾਰਤਕ ਦੀਆਂ ਵਿਸ਼ੇਸ਼ ਖ਼ੂਬੀਆਂ ਹੇਠ ਲਿਖੇ ਅਨੁਸਾਰ ਮੰਨੀਆਂ ਜਾ ਸਕਦੀਆਂ ਹਨ:--

(ੳ) ਵਾਰਤਕ ਜਜ਼ਬਾਤਾਂ ਤੇ ਵਲਵਲਿਆਂ ਦਾ ਹੜ ਹੈ।

(ਅ) ਖਿਆਲ ਡੂੰਘੇ ਤੇ ਅਛੋਹ ਹਨ। ਵਾਕ ਰਚਨਾ ਦੀ ਲੈਅ ਰਾਗ-ਆਤਮਕ ਹੈ।



Digitized by Panjab Digital Library | www.panjabdigilib.org

(ੲ) ਰੱਬੀ ਕਵਿਤਾ ਨੂੰ ਅਸਲ ਕਵਿਤਾ ਤੇ ਰੂਹਾਨੀ ਕਵਿਤਾ ਦੇ ਲੇਖਕ ਨੂੰ ਮਹਾਨ ਕਵੀ ਮੰਨਦੇ ਹਨ।

(ਸ) ਹਰ ਗੱਲ ਦੀ ਡੂੰਘੀ ਤੇ ਢੁਕਵੀਂ ਉਦਾਹਰਣ ਦੇਂਦੇ ਹਨ। ਕਿਤੇ ਕਿਤੇ ਸੰਖੇਪਤਾ ਵੀ ਬਹੁਤ ਹੈ। ਇਨ੍ਹਾਂ ਦੇ ਲੇਖ ਵਿਦਵਤਾ ਦਾ ਖਜ਼ਾਨਾ ਮੰਨੇ ਜਾ ਸਕਦੇ ਹਨ। ਜੇ ਇਨ੍ਹਾਂ ਦੀਆਂ ਸਾਧਾਰਨ ਸਤਰਾਂ ਵੀ ਪੜ੍ਹੀਆਂ ਜਾਣ, ਉਨ੍ਹਾਂ ਵਿਚੋਂ ਵੀ ਬੜਾ ਸੁਆਦ ਆਉਂਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਕਈ ਥਾਈਂ ਇਨ੍ਹਾਂ ਨੇ ਵਿਆਕਰਣ ਦੇ ਨੇਮਾਂ ਦਾ ਕੋਈ ਖਿਆਲ ਨਹੀਂ ਰੱਖਿਆ ਪਰ ਸਮੁੱਚੇ ਤੌਰ ਤੇ ਇਨ੍ਹਾਂ ਦੀ ਵਾਰਤਕ ਸਾਹਿਤਕ ਲਿਹਾਜ਼ ਨਾਲ ਬਹੁਤ ਉੱਚੀ ਮੰਨੀ ਜਾਂਦੀ ਹੈ।

ਬਾਵਾ ਪ੍ਰੇਮ ਸਿੰਘ ਜੀ: ਆਪ ਦਾ ਜਨਮ 'ਹੋਤੀ' ਜ਼ਿਲਾ ਮਰਦਾਨ ਵਿਚ ੧੨ ਨਵੰਬਰ ਸੰਨ ੧੮੮੧ ਨੂੰ ਹੋਇਆ। ਮੁੱਢ ਤੋਂ ਹੀ ਆਪ ਦੇ ਦਿਲ ਵਿਚ ਗੁਰੂ ਘਰ ਲਈ ਸ਼ਰਧਾ ਅਤੇ ਪ੍ਰੇਮ ਰਿਹਾ ਹੈ। ਆਪ ਇਕ ਸਿਆਣੇ ਤੇ ਖੋਜੀ ਇਤਿਹਾਸਕਾਰ ਮੰਨੇ ਜਾ ਸਕਦੇ ਹਨ। ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਦਰਬਾਰੀਆਂ ਦੇ ਜੀਵਨ, ਕਾਰਨਾਮੇ, ਤੇ ਉਨ੍ਹਾਂ ਦੀਆਂ ਬਹਾਦਰੀਆਂ ਬੜੇ ਸੁਹਣੇ ਤਰੀਕੇ ਨਾਲ ਬਿਆਨ ਕੀਤੀਆਂ ਹਨ। ਇਤਿਹਾਸ ਬਾਰੇ ਇਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਪੜ੍ਹ ਕੇ ਸੱਚੀਆਂ ਸੱਚੀਆਂ ਘਟਨਾਵਾਂ ਪੇਸ਼ ਕੀਤੀਆਂ ਹਨ।

ਇਨ੍ਹਾਂ ਨੇ ਸ੍ਰ: ਹਰੀ ਸਿੰਘ, 'ਨਲੂਆ' ਬਾਰੇ ਜੋ ਕੁਝ ਲਿਖਿਆ ਉਸ ਦੇ ਅਧਾਰ ਤੇ ਇਨ੍ਹਾਂ ਦੀ ਵਾਰਤਕ ਦੇ ਹੇਠ ਲਿਖੇ ਲੱਛਣ ਮੰਨੇ ਜਾ ਸਕਦ ਹਨ:-

(ੳ) ਇਨ੍ਹਾਂ ਨੇ ਕੇਵਲ ਸਿਖ ਇਤਿਹਾਸ ਬਾਰੇ ਅਤੇ ਖਾਸ ਕਰ ਕੇ ਸਿੱਖ ਰਾਜ ਦੇ ਇਤਿਹਾਸ ਬਾਰੇ ਹੀ ਕੁਝ ਪੁਸਤਕਾਂ ਲਿਖੀਆਂ ਹਨ। ਜਿਨ੍ਹਾਂ ਵਿਚ ਖਾਲਸਾ ਰਾਜ ਦੇ ਉਸਰੱਈਆਂ ਦੀ ਬੜੀ ਉਪਮਾ ਕੀਤੀ ਹੈ।



Digitized by Panjab Digital Library | www.panjabdigilib.org

(ਅ) ਇਨ੍ਹਾਂ ਦੀ ਵਾਰਤਕ ਵਿਆਕਰਣ ਅਨੁਸਾਰ, ਬੋੱਲੀ ਠੇਠ ਤੇ ਮੁਹਾਵਰੇ ਅਨੁਸਾਰ ਅਤੇ ਸਵਾਦਲੀ ਹੈ। ਵਿਚ ਵਿਚ ਉਰਦੂ ਦੇ ਸ਼ਬਦ ਵੀ ਬਹੁਤ ਵਰਤੇ ਹਨ। ਜਿਹਾ ਕਿ:-

ਮੁਦੱਬਰ, ਸੰਜੀਦਗੀ, ਖ਼ਮਦਾਰ, ਚਾਬਕ ਸਵਾਰ, ਸ਼ਮਸ਼ੇਰ ਜ਼ਨੀ, ਸ਼ਾਹ ਸਵਾਰੀ, ਨਾਇਬੁਲ ਸਲਤਨਤ, ਮੁਆਜਬ ਆਦਿਕ ਹੋਰ ਵੀ ਕਈ ਇਹੋ ਜਹੇ ਸ਼ਬਦ ਮਿਲਦੇ ਹਨ।

(ੲ) ਵਿਆਕ੍ਰਣ ਦਾ ਖਾਸ ਖਿਆਲ ਰਖਿਆ ਹੈ। ਵਾਕ ਛੋਟੇ ਤੇ ਵੱਡੇ ਦੋਹਾਂ ਤਰ੍ਹਾਂ ਦੇ ਹਨ। ਵਾਰਤਕ ਬੜੀ ਸੌਖੀ, ਸਪਸ਼ਟ, ਦਿਲਖਿਚਵੀਂ ਸਵਾਦਲੀ ਤੇ ਗੰਭੀਰ ਹੈ, ਪਰ ਕਿਤੇ ਕਿਤੇ ਕਈ ਖਿਆਲ ਬੜੇ ਵਿਸਥਾਰ ਨਾਲ ਪੇਸ਼ ਕੀਤੇ ਹਨ। ਇਨ੍ਹਾਂ ਦੀ ਵਾਰਤਕ ਚੰਗੀ ਹੀ ਮੰਨੀ ਜਾਂ ਸਕਦੀ ਹੈ।

ਪ੍ਰੋ: ਤੇਜਾ ਸਿੰਘ ਜੀ ਐਮ. ਏ --ਆਪ ਦਾ ਜਨਮ ਪਿੰਡ ਅਡਿਆਲਾ ਜ਼ਿਲਾ ਰਾਵਲ ਪਿੰਡੀ ਵਿੱਚ ਸੰਨ ੧੮੯੩ ਵਿਚ ਹੋਇਆ। ਇਨ੍ਹਾਂ ਨੇ ਪੰਜਾਬੀ ਵਾਰਤਕ ਵਿਚ ਕੁਝ ਲੇਖ ਹੀ ਲਿਖੇ ਹਨ। ਲੇਖਾਂ ਤੋਂ ਬਿਨਾ ਗੁਰਬਾਣੀ ਦੇ ਕੁਝ ਟੀਕੇ ਕੀਤੇ ਹਨ ਅਤੇ ਕੁਝ ਬਾਣੀਆਂ ਦੇ ਅੰਗ੍ਰੇਜ਼ੀ ਵਿਚ ਤਰਜਮੇ ਵੀ ਕੀਤੇ ਹਨ। ਪੰਜਾਬੀ ਸਾਹਿਤਕਾਰਾਂ ਵਿਚ ਆਪ ਇਕ ਸਿਆਣੇ ਪੜਚੋਲੀਏ ਮੰਨੇ ਜਾਂਦੇ ਹਨ। ਇਨ੍ਹਾਂ ਦੀਆਂ ਮਸ਼ਹੂਰ ਪੰਜਾਬੀ ਪੁਸਤਕਾਂ ਵਿਚੋਂ ਨਵੀਆਂ ਸੋਚਾਂ, ਸਹਿਜ ਸੁਭਾ ਅਤੇ ਆਰਸੀ ਹਨ।

ਇਨ੍ਹਾਂ ਦੀ ਵਾਰਤਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਆਪ ਬੜੇ ਦਲੀਲ ਭਰੇ ਤੇ ਡੂੰਘੇ ਖਿਆਲ ਪੇਸ਼ ਕਰਦੇ ਹਨ। 'ਸਭਿਆਚਾਰਾਂ ਦਾ ਮੇਲ' ਵਾਲਾ ਲੇਖ ਪੜ੍ਹ ਕੇ ਇਨ੍ਹਾਂ ਦੀ ਵਾਰਤਕ ਬਾਰੇ ਇਸ ਤਰ੍ਹਾਂ ਪਤਾ ਲਗਦਾ ਹੈ:-

(ੳ) ਇਨ੍ਹਾਂ ਨੇ ਕਈ ਥਾਈਂ ਉਰਦੂ ਤੇ ਹਿੰਦੀ ਦੇ ਸ਼ਬਦ ਵਰਤੇ



Digitized by Panjab Digital Library | www.panjabdigilib.org

ਹਨ ਅਤੇ ਕਈ ਥਾਈਂ ਆਮ ਸ਼ਬਦ ਵਿਗਾੜ ਕੇ ਉਨ੍ਹਾਂ ਨੂੰ ਨਵੇਂ ਪੋਠੋਹਾਰੀ ਲਹਿਜੇ ਨਾਲ ਵਰਤਿਆ ਹੈ। ਜਿਹਾ ਕਿ ਇਨ੍ਹਾਂ ਨੇ

ਸਾਂਝ ਭਿਆਲੀ ਦੀ ਥਾਂ ਸਾਂਝ ਸੰਝਾਲੀ ਵਰਤਿਆ ਹੈ। 'ਇਕ ਵਾਰੀ' ਦੀ ਥਾਂ 'ਇਕ ਵਾਰਗੀ', ਉਸਾਰੀ ਦੀ ਥਾਂ ਉਸਰਗੀ, ਅਪਨਾਉਣ ਦੀ ਥਾਂ ਅਪਣਿਆਉਣ ਆਦਿਕ ਸ਼ਬਦ ਵਰਤੇ ਹਨ। ਇਸੇ ਤਰ੍ਹਾਂ ਸ਼ਿੜਈ,

ਮੂਤਾਣੇ, ਤਨਜ਼ੀਮ ਮੂਲਿਕ, ਕਮਾਨਚੇ, ਪਲਾਤਾ, ਆਦਿਕ ਅਜਿਹੇ ਸ਼ਬਦ ਵਰਤੇ ਹਨ ਜਿਨ੍ਹਾਂ ਦੇ ਅਰਥ ਸਮਝਣੇ ਕੋਈ ਸੌਖੇ ਨਹੀਂ।

(ਅ) ਇਨ੍ਹਾਂ ਨੇ ਕਈ ਥਾਈਂ ਵਿਆਕਰਣ ਦਾ ਵੀ ਖਿਆਲ ਨਹੀਂ ਰਖਿਆ ਜਿਹਾ ਕਿ ਇਕ ਥਾਂ ਲਿਖਿਆ ਹੈ, "ਦੁਵੱਲੀ ਸੁਭਾਵਾਂ ਦੇ ਪਿਉਂਦ ਦੀ ਲੋੜ ਹੈ।" ਪਿਉਂਦ ਇਸਤਰੀ ਲਿੰਗ ਹੈ, ਪੁਲਿੰਗ ਨਹੀਂ, ਇਸ ਲਈ ਏਥੇ 'ਦੀ ਪਿਉਂਦ' ਚਾਹੀਦਾ ਸੀ।

ਇਕ ਥਾਂ ਲਿਖਿਆ ਹੈ, "ਇਹ ਮਿਸਾਲ ਸਾਨੂੰ ਮਦਦ ਨਹੀਂ ਕਰ ਸਕਦੀ। 'ਸਾਨੂੰ' ਦੀ ਥਾਂ ਜੇ 'ਸਾਡੀ' ਹੁੰਦਾ ਤਾਂ ਠੀਕ ਸੀ, ਇਹ ਉਰਦੂ ਦਾ ਮੁਹਾਵਰਾ ਹੈ, ਪੰਜਾਬੀ ਦਾ ਨਹੀਂ।

ਇਕ ਥਾਂ ਲਿਖਦੇ ਹਨ, "ਜੇ ਇਸ ਦੀ ਥਾਂ ਕੋਈ ਹਿੰਦ ਦੀ ਆਪਣੀ ਬੋੱਲੀ ਕੇਂਦਰੀ ਥਾਂ ਮੱਲਦੀ" ਜੇ ਇਹ ਵਾਕ ਇਸ ਤਰ੍ਹਾਂ ਹੁੰਦਾ ਤਾ ਠੀਕ ਸੀ, "ਜੇ ਇਸ ਦੀ ਥਾਂ ਹਿੰਦ ਦੀ ਕੋਈ ਆਪਣੀ ਬੋੱਲੀ ਕੇਂਦਰੀ ਥਾਂ ਮੱਲਦੀ।"

(ੲ) ਇਨ੍ਹਾਂ ਦੇ ਖਿਆਲ ਬੜੇ ਡੂੰਘੇ ਹਨ। ਵਾਕ ਰਚਨਾ ਬੜੀ ਗੰਭੀਰ ਤੇ ਸਰਲ ਹੈ। ਕਈ ਖਿਆਲ ਅਨੋਖੇ ਜਹੇ ਪਰਤੀਤ ਹੁੰਦੇ ਹਨ। ਪਰ ਸਮੁੱਚੇ ਤੌਰ ਤੇ ਇਨ੍ਹਾਂ ਦੀ ਵਾਰਤਕ ਬੜੀ ਸਪਸ਼ਟ ਤੇ ਚੰਗੀ ਹੀ ਮੰਨੀ ਜਾ ਸਕਦੀ ਹੈ।

ਪ੍ਰੋ: ਸਾਹਿਬ ਸਿੰਘ ਜੀ—ਆਪ ਖਾਲਸਾ ਕਾਲਜ ਅੰਮ੍ਰਿਤਸਰ



Digitized by Panjab Digital Library | www.panjabdigilib.org

ਵਿਚ ਧਾਰਮਕ ਪ੍ਰੋਫੈਸਰ ਰਹਿ ਚੁੱਕੇ ਹਨ। ਇਨ੍ਹਾਂ ਦਾ ਜਨਮ ਪਿੰਡ ਛੱਤੇ ਵਾਲੀ ਜ਼ਿਲਾ ਸਿਆਲਕੋਟ ਵਿਚ ੮ ਮਾਰਚ ਸੰਨ ੧੮੯੪ ਈਸਵੀ ਨੂੰ ਹੋਇਆ। ਆਪ ਸੰਸਕ੍ਰਿਤ, ਹਿੰਦੀ, ਪੰਜਾਬੀ, ਅੰਗ੍ਰੇਜ਼ੀ ਤੇ ਉਰਦੂ ਆਦਿਕ ਬੋਲੀਆਂ ਜਾਣਦੇ ਹਨ। ਆਪ ਸਾਹਿਤਕ ਰੁਚੀਆਂ ਵਾਲੇ ਹਨ, ਪਰ ਧਰਮ ਵੱਲ ਝੁਕਾ ਬਹੁਤਾ ਹੈ। ਇਨ੍ਹਾਂ ਨੇ ਗੁਰਬਾਣੀ ਦੇ ਕਈ ਟੀਕੇ ਕੀਤੇ ਹਨ। ਗੁਰਬਾਣੀ ਵਿਆਕਰਣ ਵੀ ਸਭ ਤੋਂ ਪਹਿਲਾਂ ਇਨ੍ਹਾਂ ਨੇ ਹੀ ਤਿਆਰ ਕੀਤਾ। ਪੰਜਾਬੀ ਅਖੌਤਾਂ ਮੁਹਾਵਰਿਆਂ ਦੀ ਕਿਤਾਬ 'ਸੁਹਜ ਪ੍ਰਕਾਸ਼' ਇਨਾਂ ਦੀ ਹੀ ਲਿਖੀ ਹੋਈ ਹੈ। ਇਨ੍ਹਾਂ ਨੇ ਵਾਰਤਕ ਬਹੁਤ ਘੱਟ ਲਿਖੀ ਹੈ। ਇਨ੍ਹਾਂ ਦੀ ਵਾਰਤਕ ਦੀਆਂ ਦੋ ਪੁਸਤਕਾਂ ਧਾਰਮਕ ਲੇਖ, ਅਤੇ ਕੁਝ ਹੋਰ ਧਾਰਮਕ ਲੇਖ ਆਮ ਪ੍ਰਸਿੱਧ ਹਨ।

ਇਨ੍ਹਾਂ ਦੇ ਇਹ ਲੇਖ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਆਪ ਵਾਰਤਕ ਲਿਖ ਸਕਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਜੀ ਕਿਹਾ ਕਰਦੇ ਹਨ ਕਿ ਪ੍ਰੋ: ਸਾਹਿਬ ਸਿੰਘ ਠੀਕ ਤੇ ਪਿਆਰੀ ਪੰਜਾਬੀ ਲਿਖਣ ਵਾਲੇ ਦੋ ਚਾਰ ਲੇਖਕਾਂ ਵਿਚੋਂ ਹਨ। ਇਨ੍ਹਾਂ ਦੀ ਬੋਲੀ ਨਿਤ ਦਿਹਾੜੀ ਦੀ ਹੈ ਜਿਸ ਉਤੇ ਸਿੱਖੀ ਦੀ ਹਲਕੀ ਜਹੀ ਰੰਗਤ ਚੜ੍ਹੀ ਹੋਈ ਹੁੰਦੀ ਹੈ। ਵਹਿਣ ਸਰਲ, ਆਪ ਮੁਹਾਰਾ ਤੇ ਘਰੋਗੀ, ਜਿਵੇਂ ਕੋਈ ਕਿਸੇ ਨਾਲ ਗੱਲਾਂ ਕਰਦਾ ਹੋਵੇ। ਇਨ੍ਹਾਂ ਦਾ ਲੇਖ 'ਧਾਰਮਿਕ ਚਿੰਨ੍ਹ ਤੇ ਇਨਸਾਨੀ ਜੀਵਨ' ਪੜ੍ਹਨ ਤੋਂ ਇਨ੍ਹਾਂ ਦੀ ਵਾਰਤਕ ਦਾ ਹੇਠ ਲਿਖੇ ਅਨੁਸਾਰ ਗਿਆਨ ਹੁੰਦਾ ਹੈ:—

(ੳ) ਆਪ ਧਰਮ ਦੇ ਲੇਖਕ ਹਨ, ਜਿਸ ਨੂੰ ਆਪ ਵਰਤਮਾਨ ਅਗਾਂਹ ਵਧੂ ਰੁਚੀਆਂ ਦਾ ਪ੍ਰਗਟਾਊ ਬਣਾ ਕੇ ਪੇਸ਼ ਕਰਦੇ ਹਨ। ਨਿਰੇ ਰਸਮੀ ਧਾਰਮਿਕ ਖਿਆਲਾਂ ਨਾਲ ਇਨ੍ਹਾਂ ਦੀ ਤਸੱਲੀ ਨਹੀਂ ਹੁੰਦੀ। ਇੱਕ ਇੱਕ ਗੱਲ ਕਈ ਕਈ ਉਦਾਹਰਣਾਂ ਨਾਲ ਸਾਬਤ ਕਰਨ ਦਾ ਯਤਨ ਕਰਦੇ ਹਨ।

(ਅ) ਆਪ ਦੀ ਵਾਰਤਕ ਵਿਚ ਹਿੰਦੀ ਸੰਸਕ੍ਰਿਤ ਤੇ ਫਾਰਸੀ ਦੇ



Digitized by Panjab Digital Library | www.panjabdigilib.org

ਸ਼ਬਦ ਸੁਭਾਵਕ ਹੀ ਕਿਤੇ ਕਿਤੇ ਆ ਜਾਂਦੇ ਹਨ, ਪਰ ਇਹ ਬੋਲੀ ਠੇਠ, ਆਮ ਬੋਲਚਾਲ ਵਾਲੀ ਹੀ ਵਰਤਦੇ ਹਨ।

(ੲ) ਵਿਆਕਰਣ ਅਨੁਸਾਰ ਇਨ੍ਹਾਂ ਦੀ ਵਾਕ ਰਚਨਾ ਬਿਲਕੁਲ ਠੀਕ ਹੁੰਦੀ ਹੈ। ਕਿਤੇ ਕਿਤੇ ਛੋਟੇ ਤੇ ਕਿਤੇ ਕਿਤੇ ਲੰਮੇ ਵਾਕ ਇਨ੍ਹਾਂ ਦੀ ਵਾਰਤਕ ਦਾ ਸਵਾਦ ਵਧਾਉਂਦੇ ਹਨ। ਸ਼ਬਦ ਚੋਣ ਸੁਹਣੀ ਤੇ ਐਨ ਢੁਕਵੀਂ ਹੁੰਦੀ ਹੈ।

(ਸ) ਵਾਰਤਕ ਵਿਚ ਸਰਲਤਾ, ਸੰਜਮ, ਸੰਖੇਪਤਾ, ਸੁਭਾਵਕਤਾ, ਸਪਸ਼ਟਤਾ ਤੇ ਸਾਦਗੀ ਬਹੁਤ ਹੈ। ਕੋਈ ਵਾਕ ਗੁੰਝਲਦਾਰ ਤੇ ਬੇ-ਥਵਾ ਨਹੀਂ ਹੁੰਦਾ। ਇਸੇ ਲਈ ਇਨ੍ਹਾਂ ਦੀ ਰਚਨਾ ਬੜੀ ਗੰਭੀਰ ਕਹੀ ਜਾਂਦੀ ਹੈ।

ਸ: ਗੁਰਬਖਸ਼ ਸਿੰਘ ਜੀ:—ਆਪ ਨਵੀਨ ਪੰਜਾਬੀ ਲਿਖਾਰੀਆਂ ਤੇ ਅਗਾਂਹ ਵਧੂ ਖਿਆਲਾਂ ਵਾਲੇ ਪੰਜਾਬੀ ਸਾਹਿਤਕਾਰਾਂ ਦੇ ਸਰੋਮਣੀ ਮੰਨੇ ਜਾਂਦੇ ਹਨ।

ਇਸ ਕਲਾਕਾਰ ਨੇ ਨਾਵਲ, ਨਾਟਕ, ਕਹਾਣੀਆਂ, ਲੇਖ ਅਤੇ ਛੋਟੀਆਂ ਵਾਰਤਾਵਾਂ ਲਿਖੀਆਂ, ਜੋ ਪੰਜਾਬੀ ਸਾਹਿਤ ਸੰਸਾਰ ਅੰਦਰ ਖਾਸ ਮਹਾਨਤਾ ਰਖਦੀਆਂ ਹਨ। ਇਨ੍ਹਾਂ ਦੀਆਂ ਲਿਖਤਾਂ ਨੇ ਪੰਜਾਬੀ ਵਾਰਤਕ ਵਿਚ ਇਕ ਅੰਦੋਲਨ ਜਿਹਾ ਲੈ ਆਂਦਾ। ਨਵੇਂ ਨਵੇਂ ਖਿਆਲਾਂ ਨੇ ਦੇਸ ਦੇ ਨੌਜਵਾਨਾਂ ਤੇ ਮੁਟਿਆਰਾਂ ਨੂੰ ਇਕ ਨਵਾਂ ਉਤਸ਼ਾਹ ਬਖਸ਼ਿਆ, ਜੀਵਨ ਖੁਲ੍ਹ ਲਈ ਉਭਾਰਿਆ ਤੇ ਸਰਬ ਸਾਂਝੇ ਪਿਆਰ ਲਈ ਪ੍ਰੇਰਨਾ ਕੀਤੀ। ਇਨ੍ਹਾਂ ਦਾ ਮਿਸ਼ਨ ਇਨਸਾਨੀਅਤ ਦਾ ਪਿਆਰ ਹੈ। ਆਪ ਦੁਨੀਆਂ ਭਰ ਦੇ ਇਨਸਾਨਾਂ ਨੂੰ ਇਕ ਪ੍ਰੀਤ ਲੜੀ ਵਿਚ ਪ੍ਰੋਤੇ ਦੇਖਣਾ ਚਾਹੁੰਦੇ ਹਨ। ਅਖੌਤੀ ਧਰਮਾਂ ਜਾਂ ਮਜ਼ਬਾਂ ਦੇ ਵਹਿਮਾਂ ਵਿਚੋਂ ਕੱਢ ਕੇ ਇਕ ਸਰਬ ਸਾਂਝੇ ਮਜ਼ਬ ਦੇ ਅੰਗ ਬਣਾਉਣਾ ਚਾਹੁੰਦੇ ਹਨ। ਆਪ ਦੀਆਂ ਲਿਖਤਾਂ ਵਿਚੋਂ ਇਨ੍ਹਾਂ ਹੀ ਖਿਆਲਾਂ ਦੀ ਪ੍ਰੇਰਨਾ ਹੁੰਦੀ ਹੈ।

ਇਨ੍ਹਾਂ ਦਾ ਲੇਖ 'ਵੇਖਣ, ਜਾਨਣ ਤੇ ਕੰਮ ਆਉਣ ਦਾ ਚਾਉ'



Digitized by Panjab Digital Library | www.panjabdigilib.org

ਪੜ੍ਹ ਕੇ ਇਨ੍ਹਾਂ ਦੀ ਲਿਖਤ ਤੇ ਵਾਰਤਕ ਬਾਰੇ ਹੇਠ ਲਿਖੇ ਅਨੁਸਾਰ ਖਿਆਲ ਬਣਾਇਆ ਜਾ ਸਕਦਾ ਹੈ –

(ੳ) ਇਹ ਦਸਦੇ ਹਨ ਕਿ ਵੇਖਣ ਤੇ ਜਾਨਣ ਦਾ ਚਾਉ ਆਤਮਕ ਜਾਗਰਤਾ ਦਾ ਚਿੰਨ੍ਹ ਹੈ। ਆਪ ਨਵੇਂ ਨਵੇਂ ਖਿਆਲ, ਦੂਸਰੇ ਦੇਸਾਂ ਦੀ ਯਾਤਰਾ ਦੇ ਜੀਵਨ ਤਜਰਬੇ, ਦੂਸਰੇ ਦੇਸਾਂ ਦੇ ਲੋਕਾਂ ਦੇ ਸੁਭਾ, ਆਚਰਨ ਤੇ ਵਤੀਰੇ ਪਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। ਇਨ੍ਹਾਂ ਦੀ ਲਿਖਤ ਵਿਚ ਜਜ਼ਬਾਤੀ ਅਸਰ ਹੈ।

(ਅ) ਇਨ੍ਹਾਂ ਨੇ ਆਮ ਬੋਲ ਚਾਲ ਵਾਲੇ ਉਰਦੂ ਤੇ ਹਿੰਦੀ ਦੇ ਸ਼ਬਦ ਵੀ ਵਰਤੇ ਹਨ ਅਤੇ ਕੁਝਕੁ ਨਵੇਂ ਸ਼ਬਦ ਵੀ ਟਕਸਾਲੇ ਹਨ।

(ੲ) ਇਨ੍ਹਾਂ ਦੀ ਵਾਰਤਕ ਵਿਆਕਰਣ ਅਨੁਸਾਰ ਬਿਲਕੁਲ ਠੀਕ ਅਤੇ ਦਿਲਖਿਚਵੀਂ ਹੈ। ਵਾਕ ਰਚਨਾ ਵਿਚ ਸੰਗੀਤਕ ਲੈਅ ਤੇ ਰਸ ਹੈ। ਵਾਕ ਛੋਟੇ, ਵੱਡੇ ਹਰ ਤਰ੍ਹਾਂ ਦੇ ਹਨ ਜੋ ਪਾਠਕਾਂ ਦੀ ਰੁਚੀ ਖਿੱਚਦੇ ਹਨ। ਸੁਭਾਵਕਤਾ ਇਨ੍ਹਾਂ ਦੀ ਵਾਰਤਕ ਦਾ ਖਾਸ ਅੰਗ ਹੈ। ਸਰਲਤਾ ਤੇ ਸਪਸ਼ਟਤਾ ਵੀ ਬਹੁਤ ਹੈ। ਹਰ ਗੱਲ, ਹਰ ਖਿਆਲ ਬੜੇ ਸੰਜਮੀ ਤਰੀਕੇ ਨਾਲ ਤੁਲਵਾਂ ਮਿਲਵਾਂ ਤੇ ਸੰਕੋਚਵਾਂ ਪਰਗਟ ਕਰਦੇ ਹਨ। ਵਾਰਤਕ ਵਿਚ ਕਿਸੇ ਤਰ੍ਹਾਂ ਦੀ ਊਨਤਾਈ ਨਹੀਂ ਦਿਸਦੀ।

ਇਨ੍ਹਾਂ ਦੀਆਂ ਮਸ਼ਹੂਰ ਸਾਹਿਤਕ ਰਚਨਾਵਾਂ ਇਹ ਹਨ:–

ਸਾਵੀਂ ਪੱਧਰੀ ਜ਼ਿੰਦਗੀ; ਕੁਦਰਤੀ ਮਜ਼੍ਹਬ, ਮੇਰੀਆਂ ਅਭੁੱਲ ਯਾਦਾਂ, ਪਰਸੰਨ ਲੰਮੀ ਉਮਰ, ਚੰਗੇਰੀ ਦੁਨੀਆਂ, ਖੁਲ੍ਹਾ ਦਰ, ਨਵਾਂ ਸ਼ਿਵਾਲਾ, ਖੁਸ਼ਹਾਲ ਜੀਵਨ, ਪ੍ਰੀਤ ਕਹਾਣੀਆਂ, ਅਨੋਖੇ ਤੇ ਇਕੱਲੇ, ਅਣਵਿਆਹੀ ਮਾਂ, ਰਾਜ ਕੁਮਾਰੀ ਲੱਤਿਕਾ, ਪ੍ਰੀਤ ਮੁਕਟ, ਸਾਡੀ ਹੋਣੀ ਦਾ ਲਸ਼ਕਾਰਾ ਆਦਿ।

ਇਨ੍ਹਾਂ ਪੁਸਤਕਾਂ ਤੋਂ ਪਤਾ ਲਗਦਾ ਹੈ ਕਿ ਗੁਰਬਖਸ਼ ਸਿੰਘ ਸ਼ਬਦਾਂ ਦਾ ਜਾਦੂਗਰ ਹੈ, ਕੌੜੀ ਤੋਂ ਕੌੜੀ ਗੱਲ ਬੜੇ ਪਿਆਰ ਭਰੇ ਲਹਿਜੇ ਨਾਲ ਪੇਸ਼ ਕਰਦਾ ਹੈ। ਇਸ ਦੀਆਂ ਲਿਖਤਾਂ ਪੜ੍ਹ ਕੇ ਦਿਲਾਂ



Digitized by Panjab Digital Library | www.panjabdigilib.org

ਵਿਚ ਪਿਆਰ ਦੀਆਂ ਛੱਲਾਂ ਉਠਦੀਆਂ ਹਨ। ਇਸ ਜਾਦੂਗਰ ਨੇ ਕਈ ਨਵੇਂ ਲਿਖਾਰੀ ਪੈਦਾ ਕੀਤੇ ਹਨ ਅਤੇ ਕਈਆਂ ਦੇ ਦਿਲਾਂ ਵਿਚ ਪੜ੍ਹਨ ਦਾ ਸ਼ੌਕ ਪੈਦਾ ਕੀਤਾ ਹੈ।

ਪ੍ਰੋ: ਹਰਦਿਤ ਜੀ ਢਿਲੋਂ:—ਇਕ ਸਿਆਣੇ ਸਾਹਿਤਕਾਰ ਹਨ। ਇਨ੍ਹਾਂ ਦਾ ਜਨਮ ਪਿੰਡ ਬੁੱਟਰ ਜ਼ਿਲਾ ਫ਼ੀਰੋਜ਼ਪੁਰ ਵਿਚ ੧੫ ਜੁਲਾਈ ਸੰਨ ੧੯੦੨ ਨੂੰ ਹੋਇਆ। ਪ੍ਰੋਫ਼ੈਸਰ ਸਾਹਿਬ ਅਰਥ ਸ਼ਾਸਤਰ ਦੇ ਵਿਦਵਾਨ ਹਨ ਅਤੇ ਪੰਜਾਬੀ ਵਿਚ ਆਰਥਕ ਸਿਧਾਂਤਾਂ ਬਾਰੇ ਵਗਿਆਨਕ ਲੇਖ ਲਿਖਣ ਵਾਲੇ ਪਹਿਲੇ ਵਿਦਵਾਨਾਂ ਵਿਚੋਂ ਹਨ। ਇਨ੍ਹਾਂ ਨੂੰ ਠੀਕ ਢੁੱਕਵੇਂ ਅਤੇ ਵਗਿਆਨਿਕ ਸ਼ਬਦ ਨਾ ਮਿਲਣ ਕਰਕੇ ਇਨ੍ਹਾਂ ਨੇ ਹਰ ਗੱਲ ਸਮਝਾਉਣ ਲਈ ਬੜੇ ਬੜੇ ਲੰਮੇ ਵਾਕ ਲਿਖੇ ਹਨ। ਇਨ੍ਹਾਂ ਦੀਆਂ ਦੋ ਰਚਨਾਵਾਂ ਗਰੀਬ ਹਿੰਦੁਸਤਾਨ ਤੇ ਪੂਰਬ ਪੱਛਮ ਪੰਜਾਬੀ ਸਾਹਿਤ ਵਿਚ ਮਾਨ ਪ੍ਰਾਪਤ ਕਰ ਰਹੀਆਂ ਹਨ।

ਇਨ੍ਹਾਂ ਦਾ ਲੇਖ "ਵਰਤਮਾਨ ਲੜਾਈਆਂ ਦਾ ਆਰਥਕ ਪਹਿਲੂ" ਬੜਾ ਵਿਦਵਤਾ ਪੂਰਤ, ਵਿਚਾਰ ਭਰਿਆ ਤੇ ਦਲੀਲਾਂ ਨਾਲ ਸਿੱਧ ਕੀਤਾ ਹੋਇਆ ਉਚ ਦਰਜੇ ਦਾ ਮੰਨਿਆਂ ਜਾ ਸਕਦਾ ਹੈ। ਇਸ ਲੇਖ ਵਿਚ ਉਰਦੂ ਤੇ ਅੰਗ੍ਰੇਜ਼ੀ ਦੇ ਵੀ ਕੁਝ ਸ਼ਬਦ ਮਿਲਦੇ ਹਨ, ਪਰ ਜੇ ਸਮੁੱਚੇ ਤੌਰ ਤੇ ਇਸ ਲੇਖ ਦੀ ਪਰਖ ਕੀਤੀ ਜਾਏ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਬੋੱਲੀ ਠੇਠ ਅਤੇ ਸਰਲ ਹੈ। ਵਾਕ ਰਚਨਾ ਵਿਆਕਰਣ ਅਨੁਸਾਰ ਬੜੀ ਸਪਸ਼ਟ ਤੇ ਸਾਫ਼ ਹੈ, ਹਰ ਇਕ ਗੱਲ ਸੁਹਣੇ ਵਗਿਆਨਿਕ ਢੰਗ ਨਾਲ ਪੇਸ਼ ਕੀਤੀ ਗਈ ਹੈ। ਇਹ ਗੱਲ ਬੜੀ ਖ਼ੂਬੀ ਨਾਲ ਪਰਗਟ ਕੀਤੀ ਹੈ ਕਿ ਜੰਗਾਂ ਦਾ ਸਾਰੇ ਸੰਸਾਰ ਦੇ ਦੇਸਾਂ ਉਤੇ ਬੜਾ ਅਸਰ ਪੈਂਦਾ ਹੈ। ਮਹਿੰਗਾਈ, ਅੰਨ ਸੰਕਟ, ਕੱਪੜੇ ਦੀ ਤੰਗੀ ਤੇ ਬੇਰੋਜ਼ਗਾਰੀ ਸਭ ਜੰਗ ਦੀ ਬਰਕਤ ਹਨ।

ਇਨ੍ਹਾਂ ਦੀ ਵਾਰਤਕ ਵਗਿਆਨਿਕ ਢੰਗ ਦੀ ਸੁਚੱਜੀ ਤੇ ਸਰਲ



Digitized by Panjab Digital Library | www.panjabdigilib.org

ਮੰਨੀ ਜਾ ਸਕਦੀ ਹੈ।

ਸ੍ਰ: ਕਪੂਰ ਸਿੰਘ ਜੀ —ਆਪ ਦਾ ਜਨਮ ਪਿੰਡ ਮਾਨਾ ਚੱਕ ਜ਼ਿਲਾ ਲੁਦਿਹਾਨਾ ਵਿਚ ੨ ਮਾਰਚ ਸੰਨ ੧੯੦੯ ਨੂੰ ਹੋਇਆ। ਆਪ ਬੜੇ ਵਿਦਵਾਨ ਹਨ ਅਤੇ ਸਾਹਿਤ,ਫਲਸਫ਼ੇ ਤੇ ਇਤਿਹਾਸ ਦੇ ਵਰਤਮਾਨ ਤੇ ਪੁਰਾਣੇ ਸੋਮਿਆਂ ਤੇ ਸਿੱਟਿਆਂ ਨਾਲ ਚੰਗੀ ਵਾਕਫੀਅਤ ਰੱਖਦੇ ਹਨ। ਕੁਝ ਕੁ ਲੇਖਾਂ ਤੋਂ ਬਿਨਾ ਭਾਵੇਂ ਆਪ ਨੇ ਹੋਰ ਕੁਝ ਵੀ ਨਹੀਂ ਲਿਖਿਆ, ਤਦ ਵੀ ਇਨ੍ਹਾਂ ਲੇਖਾਂ ਵਿਚ ਸਾਰੇ ਅੰਗ, ਮੌਲਿਕਤਾ ਤੇ ਵਿਦਵਤਾ ਦੇ ਸਾਰੇ ਗੁਣ ਨਜ਼ਰ ਆਉਂਦੇ ਹਨ। ਆਪ ਆਈ. ਸੀ. ਐੱਸ ਹਨ ਅਤੇ ਸਰਕਾਰੀ ਅਫਸਰ ਹੋਣ ਕਰ ਕੇ ਆਪ ਨੂੰ ਰੁਝੇਵੇਂ ਬਹੁਤ ਰਹਿੰਦੇ ਹਨ, ਤਦ ਵੀ ਆਪ ਸਾਹਿਤ ਸਬੰਧੀ ਕੁਝ ਨਾ ਕੁਝ ਵਿਚਾਰ ਕਰਦੇ ਹੀ ਰਹਿੰਦੇ ਹਨ।

ਆਪ ਦਾ ਲੇਖ 'ਪੰਜਾਬ ਵਿਚ ਲੋਕ ਗੀਤ' ਹਰ ਪੱਖ ਤੋਂ ਚੰਗਾ ਕਿਹਾ ਜਾ ਸਕਦਾ ਹੈ। ਆਪ ਦੀ ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ, ਖਿਆਲ ਅਛੋਹ ਹਨ, ਲਿਖਤ ਵਿਚ ਸਰਲਤਾ ਤੇ ਸਪਸ਼ਟਤਾ ਬਹੁਤ ਹੈ। ਪਰ ਮਲੂਮ ਹੁੰਦਾ ਹੈ ਕਿ ਇਨ੍ਹਾਂ ਨੂੰ ਲੋਕ ਗੀਤਾਂ ਦੀ ਵਾਕਫੀਅਤ ਘੱਟ ਹੈ। ਮਾਲਵੇ ਦੇ ਅਲਾਕੇ ਦੇ 'ਭਰਤੀ' ਨਾਲ ਸਬੰਧ ਰੱਖਣ ਵਾਲੇ ਗੀਤ ਹੀ ਆਪ ਨੇ ਲਏ ਹਨ, ਜੋ ਬਹੁਤੇ ਦਿਲ ਖਿਚਵੇਂ ਤੇ ਸਵਾਦਲੇ ਨਹੀਂ। ਇਸ ਲੇਖ ਦੇ ਅੰਤ ਵਿਚ ਦੋ ਉਦਾਹਰਣਾਂ ਫ਼ਕੀਰਾਂ ਦੇ ਬਚਨਾਂ ਦੀਆਂ ਦਿੱਤੀਆਂ ਹਨ ਜੋ ਲੋਕ ਗੀਤ ਨਹੀਂ ਹਨ, ਸਗੋਂ ਬਿਹਾਰੀ ਕਵੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਹਨ।

ਲੋਕ ਗੀਤਾਂ ਦਾ ਰਚਨ-ਹਾਰ ਕੌਣ ਹੁੰਦਾ ਹੈ? 'ਲੋਕ' ਇਹ ਪਤਾ ਲੱਗ ਹੀ ਨਹੀਂ ਸਕਿਆ ਅਤੇ ਨਾ ਹੀ ਪਤਾ ਲੱਗ ਸਕਦਾ ਹੈ ਕਿ ਲੋਕ ਗੀਤ ਕਿਸ ਨੇ ਲਿਖੇ ਹਨ। ਇਹ ਤੇ ਵਖ ਵਖ ਸਮਿਆਂ ਤੇ ਉਤਪੰਨ ਹੋਏ ਮਨੁੱਖੀ ਦਿਲ ਦੇ ਵਲਵਲੇ ਹਨ, ਜੋ ਪਿਆਰ ਭਿੰਨਿਆਂ ਹਿਰਦਿਆਂ



Digitized by Panjab Digital Library | www.panjabdigilib.org

ਪ੍ਰੇਮ ਕੁਠਿਆਂ ਦਿਲਾਂ ਤੇ ਮੌਜ ਵਿਚ ਆਏ ਗੱਭਰੂਆਂ ਦੇ ਮਨਾਂ ਦੇ ਵੇਗ ਹੁੰਦੇ ਹਨ।

ਸ੍ਰ: ਕਪੂਰ ਸਿੰਘ ਜੀ ਦੀ ਰਚਨਾ ਉਤੇ ਉਰਦੂ ਦਾ ਪਰਭਾਵ ਵਧੇਰੇ ਹੈ। ਜਿਹਾ ਕਿ ਆਪ ਨੇ ਇਸ ਲੇਖ ਵਿਚ 'ਚੂੰ ਕਿ, ਆਮਦ, ਆਵਰਦ, ਜੰਗੋ ਜਦਲ, ਅਹਿਮੀਅਤ, ਮਸਲਿਆਂ, ਬੁਨਿਆਦਾਂ', ਆਦਿਕ ਅਨੇਕਾਂ ਸ਼ਬਦ ਵਰਤੇ ਹਨ। ਅਜ ਕਲ ਦੇ ਨਵੀਨ ਵਾਰਤਕ ਲਿਖਾਰੀਆਂ ਵਾਂਗ ਹਿੰਦੀ ਦੇ ਸ਼ਬਦ ਵੀ ਬਹੁਗਿਣਤੀ ਵਿਚ ਵਰਤੇ ਹਨ। ਪਰ ਸਮੁੱਚੇ-ਤੌਰ ਤੇ ਆਪ ਦੀ ਵਾਰਤਕ ਚੰਗੀ ਮੰਨੀ ਜਾ ਸਕਦੀ ਹੈ।

ਪ੍ਰੋਫੈਸਰ ਜਗਦੀਸ਼ ਸਿੰਘ ਜੀ:—ਆਪ ਦਾ ਜਨਮ ਪਿੰਡ 'ਸੁਹਾਵਾ' ਜ਼ਿਲਾ ਜਿਹਲਮ ਵਿਚ ੨੦ ਨਵੰਬਰ ਸੰਨ ੧੯੧੦ ਨੂੰ ਨੂੰ ਹੋਇਆ। ਆਪ ਐਮ. ਏ. ਪਾਸ ਹਨ, ਮਨੋ ਵਗਿਆਨ ਤੇ ਬਾਲ ਵਿਦਿਆ ਦੇ ਲਿਖਾਰੀ ਹਨ। ਇਨ੍ਹਾਂ ਨੇ ਜੋ ਕੁਝ ਵੀ ਲਿਖਿਆ ਹੈ ਸਿਧੇ ਤੇ ਸਾਦੇ ਸ਼ਬਦਾਂ ਵਿਚ ਬਿਆਨ ਕੀਤਾ ਹੈ। ਇਨ੍ਹਾਂ ਦੀਆਂ ਮਸ਼ਹੂਰ ਰਚਨਾਵਾਂ ੧. ਸਾਡੇ ਰਸਮੋ ਰਿਵਾਜ, ੨. ਸਾਡੇ ਬੱਚੇ, ੩. ਬੱਚੇ ਦੇ ਪਹਿਲੇ ਸਾਲ ਤੇ ੪. ਗੁੰਝਲਦਾਰ ਬੱਚੇ ਹਨ। ਇਨ੍ਹਾਂ ਨੇ ਜੋ ਕੁਝ ਵੀ ਲਿਖਿਆ ਹੈ ਇਕ ਸੁਧਾਰਕ ਦ੍ਰਿਸ਼ਟੀ ਕੋਣ ਤੋਂ ਪੂਰੀ ਖੋਜ ਕਰ ਕੇ ਹੀ ਲਿਖਿਆ ਹੈ। ਆਪ ਦਾ ਮਨੋਰਥ 'ਮਨੋ-ਵਗਿਆਨ ਦੇ ਅਸਲੀ ਲਾਭਾਂ ਦਾ ਪਰਚਾਰ ਕਰਨਾ, ਪੰਜਾਬੀ ਪਾਠਕਾਂ ਨੂੰ ਨਵੇਂ ਵਿਦਿਅਕ ਅਸੂਲਾਂ ਤੋਂ ਜਾਣੂ ਕਰਾਉਣਾਂ ਤੇ ਮਾਪਿਆਂ ਨੂੰ ਬੱਚਿਆਂ ਦੇ ਉਸਰਦੇ ਆਚਰਨ ਦੀਆਂ ਗੁੰਝਲਾਂ ਸੁਲਝਾਉਣ ਦੀ ਸੂਝ ਦੇਣਾ ਹੈ।"

ਆਪ ਦੇ ਇਸ ਲੇਖ 'ਬਾਲਗ ਵਿਦਿਆ' ਤੋਂ ਆਪ ਦੀ ਵਾਰਤਕ ਬਾਰੇ ਹੇਠ ਲਿਖੇ ਅਨੁਸਾਰ ਅਨੁਮਾਨ ਲਾਇਆ ਜਾ ਸਕਦਾ ਹੈ:—

੧. ਬੋਲੀ ਠੇਠ ਤੇ ਮੁਹਾਵਰੇ ਅਨੁਸਾਰ ਹੈ।



Digitized by Panjab Digital Library | www.panjabdigilib.org

੨. ਖਿਆਲ ਬੜੇ ਅਛੋਹ ਤੇ ਖੋਜ ਭਰੇ ਹਨ, ਪਤਾ ਲਗਦਾ ਹੈ ਕਿ ਆਪ ਇਸ ਵਿਸ਼ੇ ਵਿਚ ਖਾਸ ਰੁਚੀ ਰੱਖਦੇ ਹਨ।

੩. ਵਾਕ ਰਚਨਾ ਬੜੀ ਸਰਲ, ਗੁੰਦਵੀਂ, ਠੁਕ ਵਾਲੀ, ਸੁਤੰਤਰ ਤੇ ਸਪਸ਼ਟ ਹੈ। ਸਾਦਗੀ, ਸੰਜਮ, ਸਰਲਤਾ, ਤੇ ਗੰਭੀਰਤਾ ਇਨ੍ਹਾਂ ਦੀ ਵਾਰਤਕ ਦੇ ਖਾਸ ਗੁਣ ਹਨ। ਸ਼ਬਦ ਚੋਣ ਸੁਹਣੀ ਹੈ ਤੇ ਵਾਕ ਰਚਨਾ ਵਿਚ ਇਕ ਲੈਅ ਹੈ ਜੋ ਪਾਠਕਾਂ ਦੀ ਰੁਚੀ ਨੂੰ ਖਿੱਚਦੀ ਹੈ! ਇਸ ਵਿਚ ਕਿਤੇ ਵੀ ਕੋਈ ਰੁਖਾ ਪਨ ਨਹੀਂ।

੪. ਮਨੋ ਵਗਿਆਨਿਕ ਅਤੇ ਖੋਜ ਭਰਿਆ ਲੇਖ ਹੋਣ ਕਰ ਕੇ ਇਸ ਲੇਖ ਵਿਚ ਕਿਸੇ ਤਰ੍ਹਾਂ ਦੀ ਕੋਈ ਅਲੰਕ੍ਰਿਤ ਬੋੱਲੀ ਜਾਂ ਨਾ ਸਮਝ ਆਉਣ ਵਾਲੇ ਕੋਈ ਔਖੇ ਸ਼ਬਦ ਨਹੀਂ ਵਰਤੇ। ਸਗੋਂ ਇਹ ਲੇਖ ਇਕ ਸਾਧਾਰਣ ਸਮਝ ਵਾਲਾ ਮਨੁੱਖ ਵੀ ਸਹਿਜੇ ਹੀ ਸਮਝ ਸਕਦਾ ਹੈ।

ਪ੍ਰੋ: ਈਸ਼ਵਰ ਸਿੰਘ ਜੀ—ਆਪ ਦਾ ਜਨਮ ਪੋਸੀ ਜ਼ਿਲਾ ਹੁਸ਼ਿਆਰ ਪੁਰ ਵਿਚ ਸੰਨ ੧੯੧੨ ਵਿਚ ਹੋਇਆ। ਆਰਟ ਸਕੂਲ ਲਾਹੌਰ ਵਿਚੋਂ ਆਰਟਿਸਟ ਜਾਂ ਚਿੱਤਰਕਾਰੀ ਦੀ ਸਨਦ ਲੈਣ ਮਗਰੋਂ ਆਪ ਨੇ ਡਰਾਇੰਗ ਮਾਸਟਰ ਦੀ ਹੈਸੀਅਤ ਵਿਚ ਜੀਵਨ ਅਰੰਭਿਆ, ਇਸ ਵੇਲੇ ਆਪ ਪੰਜਾਬ ਦੇ ਚੰਗੇ ਚਿਤਰਕਾਰਾਂ ਵਿਚ ਗਿਣੇ ਜਾਂਦੇ ਹਨ।

ਵਾਰਤਕ ਲਿਖਾਰੀ ਦੀ ਹੈਸੀਅਤ ਵਿਚ ਆਪ ਨੂੰ ਪੰਜਾਬੀ ਦੇ ਕੁਝ ਕੁ ਚੋਣਵੇਂ ਵਾਰਤਕ ਲਿਖਾਰੀਆਂ ਦੀ ਸ਼੍ਰੇਣੀ ਵਿਚ ਲਿਆ ਜਾ ਸਕਦਾ ਹੈ। ਆਪ ਕਵੀ ਹਨ ਤੇ ਲਿਖਾਰੀ ਵੀ। ਆਪ ਨੇ ਕੁਝ ਲੇਖ ਹੀ ਲਿਖੇ ਹਨ ਪਰ ਉਹ ਲੇਖ ਖਾਸ ਖਾਸ ਵਿਸ਼ਿਆਂ ਸਬੰਧੀ ਨਹੀਂ, ਸਗੋਂ ਮਾਮੂਲੀ ਗੱਲਾਂ ਨੂੰ ਤੇ ਮਾਮੂਲੀ ਚੀਜ਼ਾਂ ਨੂੰ ਆਪ ਨੇ ਇਸ ਤਰ੍ਹਾਂ ਵਿਅੰਗ ਮਈ ਢੰਗ ਨਾਲ, ਹਾਸੇ ਭਰੇ ਲਹਿਜੇ ਵਿਚ ਗੰਭੀਰਤਾ ਤੇ ਸਾਦਗੀ ਨਾਲ ਪੇਸ਼ ਕੀਤਾ ਹੈ ਕਿ ਪੜ੍ਹਨ ਵਾਲਿਆਂ ਦੇ ਦਿਲਾਂ ਨੂੰ ਆਪ



Digitized by Panjab Digital Library | www.panjabdigilib.org

ਦੀਆਂ ਲਿਖਤਾਂ ਬੜੀ ਬੜੀ ਖਿੱਚ ਪਾਉਂਦੀਆਂ ਹਨ। 'ਜ਼ੈਦੀ' ਅਤੇ ਬੈਰਾਗੀ ਦੇ ਸੁਭਾ-ਚਿਤਰ ਹਨ। ਇਨ੍ਹਾਂ ਵਿਚ ਆਪ ਨੇ ਬੈਰਾਗੀ ਤੇ ਜ਼ੈਦੀ ਦੇ ਸੁਭਾ ਇਸ ਤਰ੍ਹਾਂ ਵਿਅੰਗ ਮਈ ਢੰਗ ਨਾਲ ਚਿਤਰੇ ਹਨ ਕਿ ਪਾਠਕ ਸਵਾਦ ਲੈਣੋਂ ਨਹੀਂ ਰਹਿ ਸਕਦੇ। ਚਿੱਤਰਕਾਰ ਹੋਣ ਕਰ ਕੇ ਆਪ ਕਲਮੀ ਚਿੱਤਰ ਵੀ ਸੁਹਣੇ ਖਿੱਚਦੇ ਹਨ। ਪ੍ਰੀਤਮ ਸਿੰਘ ਜੀ ਦੀ ਇਨ੍ਹਾਂ ਬਾਰੇ ਇਹ ਰਾਇ ਹੈ: -

"ਈਸ਼ਵਰ ਸਿੰਘ ਇਕ ਚਿਤਰਕਾਰ ਹੈ। ਉਹਨੂੰ ਵਿਰੋਧੀ ਰੰਗਾਂ ਦੀ ਸਿਆਣੀ ਵਰਤੋਂ, ਸੁਮੇਲ, ਇਕ ਰਸਤਾ ਸਾਵਾਂ ਪਨ ਪੈਦਾ ਕਰਨ ਦਾ ਅਭਿਆਸ ਹੈ, ਸੁਹਜ ਜਾਂ ਕੋਝ ਪਛਾਨਣ ਦੀ ਜਾਚ ਹੈ। ਉਸ ਦੀ ਕਲਪਨਾ ਬਲਵਾਨ ਅੰਗਾਂ ਦੀ ਮਾਲਕ ਹੈ। ਜਦੋਂ ਉਹ ਵਾਰਤਕ ਲਿਖਣ ਬੈਠਦਾ ਹੈ ਤਾਂ ਇਹ ਸਾਰੇ ਗੁਣ ਉਸ ਦੀ ਮਦਦ ਕਰਦੇ ਹਨ। ਉਹ ਬੜੇ ਸੁਹਣੇ ਸ਼ਬਦ-ਚਿਤਰ ਪੈਦਾ ਕਰਦਾ ਹੈ। ਕਿਸੇ ਬੰਦ, ਘਟਨਾ ਜਾਂ ਗੱਲ ਦਾ ਹਸਾਉਣਾ ਪੱਖ ਉਜਾਗਰ ਕਰਨ ਵਿਚ ਉਸ ਨੂੰ ਚੰਗੀ ਮੁਹਾਰਤ ਹੈ। ਉਸ ਦੇ ਨਵੇਂ ਲੇਖਾਂ ਵਿਚ ਸਮਾਜਕ ਅਨਿਆਂ ਤੇ ਮਨੁੱਖੀ ਭੁੱਖ ਦੇ ਵਿਰੁਧ ਘ੍ਰਿਣਾ ਦਾ ਜਜ਼ਬਾ ਵੀ ਮੌਜੂਦ ਹੈ।"

ਇਸ ਦੀ ਵਾਰਤਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਦੇ ਵਾਰਤਕ ਲਿਖਾਰੀਆਂ ਵਿਚੋਂ ਬਾਬਾ ਵਰਿਆਮਾ (ਐਸ. ਐਸ. ਚਰਨ ਸਿੰਘ ਸ਼ਹੀਦ) ਤੋਂ ਮਗਰੋਂ ਕੇਵਲ ਆਪ ਹੀ ਵਿਅੰਗ ਮਈ ਢੰਗ ਨਾਲ ਲਿਖਣ ਵਾਲੇ ਵਾਰਤਕ ਲਿਖਾਰੀ ਹਨ। ਵਿਆਕਰਣ ਤੇ ਵਾਰਤਕ ਦੇ ਨੇਮਾਂ ਅਨੁਸਾਰ ਇਨ੍ਹਾਂ ਦੀ ਰਚਨਾ ਬੜੀ ਸ਼ੁਧ ਮੰਨੀ ਜਾ ਸਕਦੀ ਹੈ। ਉਰਦੂ ਤੇ ਫਾਰਸੀ ਦੇ ਸ਼ਬਦ ਬਹੁਤ ਵਰਤਦੇ ਹਨ, ਸ਼ਾਇਦ ਇਸ ਲਈ ਕਿ ਇਨ੍ਹਾਂ ਦਾ ਬਹੁਤਾ ਵਾਹ ਮੁਸਲਮਾਨਾਂ ਨਾਲ ਹੀ ਪੈਂਦਾ ਰਿਹਾ ਹੈ। ਸਰਲਤਾ, ਸਾਦਗੀ, ਸੰਜੀਦਗੀ, ਸਪਸ਼ਟਤਾ, ਸੰਜਮ ਤੇ ਹਾਸ ਰਸ ਆਪ ਦੀ ਰਚਨਾ ਦੇ ਖਾਸ ਗੁਣ ਹਨ।

ਸ੍ਰ: ਪ੍ਰੀਤਮ ਸਿੰਘ ਜੀ:—ਆਪ ਦਾ ਜਨਮ ਪਟਿਆਲੇ ਵਿਚ



Digitized by Panjab Digital Library | www.panjabdigilib.org

੧੧ ਜਨਵਰੀ ਸੰਨ ੧੯੧੮ ਨੂੰ ਹੋਇਆ। ਇਨ੍ਹਾਂ ਦਾ ਸਾਹਿਤਕ ਜੀਵਨ ਐਮ. ਏ. ਪਾਸ ਕਰਨ ਮਗਰੋਂ ਹੀ ਸ਼ੁਰੂ ਹੋਇਆ। ਇਨ੍ਹਾਂ ਨੇ ਕੁਝ ਲੇਖ ਹੀ ਲਿਖੇ ਹਨ। ਇਹ ਲੇਖ ਸਭਿਆਚਾਰਕ ਦ੍ਰਿਸ਼ਟੀ ਕੋਣ ਤੋਂ ਲਿਖੇ ਗਏ ਹਨ। ਇਨ੍ਹਾਂ ਦਾ ਲੇਖ 'ਛੂਤ ਛਾਤ' ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਵਾਰਤਕ ਬੜੀ ਸਾਫ, ਸਰਲ ਤੇ ਸਾਦੀ ਹੈ। ਵਿਚਾਰ ਡੂੰਘੀ, ਨਿਖੇੜਵੀਂ ਤੇ ਖੋਜ ਭਰੀ ਹੈ। ਬੋਲੀ ਸਾਫ਼ ਤੇ ਸਾਦੀ, ਠੇਠ ਤੇ ਮੁਹਾਵਰੇ ਅਨੁਸਾਰ, ਵਿਆਕਰਣ ਦੇ ਨੇਮਾਂ ਦਾ ਉਲੰਘਣ ਕਿਤੇ ਨਹੀਂ। ਬੋਲੀ ਦਾ ਲਹਿਜਾ ਵਿਦਵਾਨਾ ਵਾਲਾ ਤੇ ਵਿਚਾਰ ਗੰਭੀਰਤਾ ਵਾਲੇ ਹਨ। ਅਜ ਕਲ ਦੇ ਪੰਜਾਬੀ ਲਿਖਾਰੀਆਂ ਵਾਂਗ ਇਹ ਵੀ ਹਿੰਦੀ ਦੇ ਸ਼ਬਦ ਆਮ ਵਰਤਦੇ ਹਨ। ਬਿਆਨ ਦੀ ਸੁਤੰਤਰਤਾ ਤੇ ਖਿਆਲਾਂ ਦੀ ਗੰਭੀਰਤਾ ਇਨ੍ਹਾਂ ਦੇ ਲੇਖ ਨੂੰ ਦਿਲਖਿਚਵਾਂ ਬਣਾ ਜਾਂਦੀ ਹੈ।

ਡਾਕਟਰ ਗੋਪਾਲ ਸਿੰਘ ਜੀ ਦਰਦੀ —ਆਪ ਦਾ ਜਨਮ ਸਰਾਏ ਨਿਆਮਤ ਖ਼ਾਂ, ਜ਼ਿਲਾ ਹਜ਼ਾਰਾ ਵਿਚ ਹੋਇਆ। ਆਪ ਦਾ ਜਨਮ ਅਕਤੂਬਰ ਸੰਨ ੧੯੧੯ ਦਾ ਹੈ। ਆਪ ਇਕ ਕਵੀ ਵੀ ਹਨ ਤੇ ਸਮਾਲੋਚਕ ਵੀ। ਪੰਜਾਬੀ ਦੇ ਵਾਰਤਕ ਲਿਖਾਰੀਆਂ ਵਿੱਚ ਵੀ ਚੰਗਾ ਨਾਮਨਾ ਪ੍ਰਾਪਤ ਕਰ ਰਹੇ ਹਨ। ਇਨ੍ਹਾ ਦੀਆਂ ਮਸ਼ਹੂਰ ਪੁਸਤਕਾਂ ਇਹ ਹਨ:--

ਸਾਹਿਤਕ ਖੋਜ:--

ਰੋਮਾਂਚਿਕ ਪੰਜਾਬੀ ਕਵੀ, ਪੰਜਾਬੀ ਸਾਹਿਤ ਦਾ ਇਤਿਹਾਸ, ਸਾਹਿਤ ਦੀ ਪਰਖ।

ਕਵਿਤਾ:--

ਝਨਾਂ, ਹਨੇਰੇ ਸਵੇਰੇ।

ਇਨ੍ਹਾਂ ਨੇ ਕੁਝ ਲੇਖ ਵੀ ਲਿਖੇ ਹਨ। ਆਪ ਨੇ ਸਮਾਲੋਚਨਾ ਸਬੰਧੀ ਆਪਣੀ ਵਿਚਾਰ ਆਪਣੀਆਂ ਪੁਸਤਕਾਂ ਵਿਚ ਪਰਗਟ ਕੀਤੀ ਹੈ। ਸ਼ਬਦ ਚੋਣ ਇਨ੍ਹਾਂ ਦੀ ਆਪਣੀ ਹੀ ਹੁੰਦੀ ਹੈ। ਬੜੇ ਬੜੇ ਸੁਹਣੇ



Digitized by Panjab Digital Library | www.panjabdigilib.org

ਭੁਕਵੇਂ ਤੇ ਨਿਖਰਵੇਂ ਸ਼ਬਦ ਵਰਤਦੇ ਹਨ। ਇਨ੍ਹਾਂ ਨੇ ਜੋ ਕੁਝ ਵੀ ਲਿਖਿਆ ਹੈ ਚੰਗੀ ਮਿਹਨਤ ਤੇ ਖੋਜ ਨਾਲ ਲਿਖਿਆ ਹੈ, ਬਹੁਤ ਸਾਰਾ ਮਸਾਲਾ ਡਾਕਟਰ ਮੋਹਨ ਸਿੰਘ ਜੀ ਦੀਵਾਨਾ ਦੀ ਲਿਖਤ ਤੇ ਖੋਜ ਤੋਂ ਹੀ ਪ੍ਰਾਪਤ ਕੀਤਾ ਹੈ। ਲਿਖਣ ਢੰਗ ਇਨ੍ਹਾਂ ਦਾ ਆਪਣਾ ਹੀ ਹੈ।

ਇਨ੍ਹਾਂ ਦਾ ਲੇਖ 'ਕਵਿਤਾ' ਪੜ੍ਹਨ ਤੋਂ ਇਨ੍ਹਾਂ ਦੀ ਵਾਰਤਕ ਬਾਰੇ ਕੁਝ ਹੇਠ ਲਿਖੇ ਅਨੁਸਾਰ ਪਤਾ ਲਗਦਾ ਹੈ।

੧. ਇਨ੍ਹਾਂ ਦੀ ਬੋਲੀ ਠੇਠ ਹੈ, ਵਾਕ ਰਚਨਾ ਦਿਲ ਤੇ ਦਿਮਾਗ਼ ਉਤੇ ਬੋਝ ਪਾ ਕੇ ਬਦੋ ਬਦੀ ਅਲੰਕ੍ਰਿਤ ਕਰਨ ਦਾ ਯਤਨ ਕੀਤਾ ਹੈ। ਵਾਕ ਬੜੇ ਗੁੰਝਲਦਾਰ ਤੇ ਔਖੇ ਜਹੇ ਬਣ ਗਏ ਹਨ ਕਿ ਇਕ ਸਾਧਾਰਣ ਸਮਝ ਵਾਲਾ ਸਹਿਜੇ ਸਮਝ ਹੀ ਨਹੀਂ ਸਕਦਾ ਤੇ ਸ਼ਾਇਦ ਕਿਸੇ ਨੂੰ ਭੁਲੇਖਾ ਵੀ ਪੈ ਸਕਦਾ ਹੈ ਕਿ ਇਹ ਵਾਕ ਰਚਨਾ ਵਿਆਕਰਣ ਅਨੁਸਾਰ ਸੁਧ ਵੀ ਨਾ ਹੋਵੇ। ਇਨ੍ਹਾਂ ਦਾ ਹੇਠ ਲਿਖਿਆ ਵਾਕ ਦੇਖੋ ਤੇ ਇਸ ਦੇ ਅਰਥ ਸਮਝੋ:--

"ਕਵਿਤਾ ਦੇ ਕਿਸੇ ਪਾਠਕ ਲਈ ਗੁਲਾਬ ਨਿਰਾ ਚਿੱਟਾ ਜਾਂ ਰੱਤਾ ਰੰਗ ਨਹੀਂ ਹੁੰਦਾ, ਜਿਵੇਂ ਕਿਸੇ ਬੰਦਰ ਲਈ, ਸਗੋਂ ਗੁਰੂ ਨਾਨਕ, ਹਾਫ਼ਜ਼, ਸ਼ੇਕਸਪੀਅਰ ਆਦਿ ਦਾ ਗੁਲਾਬ, ਜਿਸ ਦਵਾਲੇ, ਹਜ਼ਾਰਾਂ ਜਜ਼ਬਾਤੀ ਤਸਵੀਰਾਂ ਆਣ ਜੁੜੀਆਂ ਹਨ।"

ਪਤਾ ਨਹੀਂ ਲਗਦਾ ਕਿ ਇਸ ਵਾਕ ਦਾ ਕੀ ਮਤਲਬ ਹੈ ਤੇ 'ਜਿਵੇਂ ਕਿਸੇ ਬੰਦਰ ਲਈ' ਤੋਂ ਕੀ ਮੁਰਾਦ। ਇਸ ਤਰ੍ਹਾਂ ਇਕ ਥਾਂ ਲਿਖਿਆ ਹੈ--"ਕਵੀ ਨਿਰਾ ਰਮਲੀਆ ਨਹੀਂ, ਦੋ ਅਰਥੇ ਸ਼ਬਦ ਬੋਲ ਬੋਲ ਕੇ ਗੁੰਝਲਾਂ ਪਾਉਣ ਵਾਲਾ।" ਕੀ ਰਮਲੀਏ ਤੋਂ ਮੁਰਾਦ 'ਹੱਥ ਵੇਖਣ ਵਾਲੇ ਰਮਲੀਏ' ਤੋਂ ਹੈ ਜਾਂ ਕਿਸੇ ਹੋਰ ਤੋਂ ਇਕ ਥਾਂ ਤੇ ਆਪ ਲਿਖਦੇ ਹਨ--

"ਕਿਉਂਕਿ ਕਵਿਤਾ ਸ਼ਬਦਾਂ ਵਿਚ ਲਿਖੀ ਜਾਂਦੀ ਹੈ, ਖ਼ਿਆਲਾਂ ਵਿਚ ਨਹੀਂ।"



Digitized by Panjab Digital Library | www.panjabdigilib.org

ਕੀ ਇਹੋ ਜਹੀ ਲਿਖਤ ਵੀ ਹੈ, ਜੋ ਖਿਆਲਾਂ ਵਿਚ ਹੀ ਲਿਖੀ ਜਾਂਦੀ ਹੋਵੇ ਤੇ ਸ਼ਬਦ ਵਿਚ ਉੱਕੀ ਹੀ ਨਾ ਲਿਖੀ ਜਾਂਦੀ ਹੋਵੇ ? ਸ਼ਬਦ ਹੀ ਤਾਂ ਲਿਖਣ ਤੇ ਬੋਲਣ ਦਾ ਮੂਲ ਜ਼ਿਰੀਆ ਹਨ। ਅਸੀਂ ਸ਼ਬਦਾਂ ਵਿਚ ਹੀ ਆਪਣੇ ਖਿਆਲ ਪਰਗਟ ਕਰਦੇ ਹਾਂ। ਸ਼ਬਦ ਕੇਵਲ ਬੋਲਣ ਲਈ ਜਾਂ ਲਿਖਣ ਲਈ ਨਹੀਂ ਹੁੰਦੇ, ਸਗੋਂ ਖਿਆਲ ਪਰਗਟ ਕਰਨ ਲਈ ਹੁੰਦੇ ਹਨ। ਕਵਿਤਾ ਵਿਚ ਵੀ ਖਿਆਲ ਹੀ ਪਰਗਟ ਕੀਤੇ ਜਾਂਦੇ ਹਨ, ਹੋਰ ਪਤਾ ਨਹੀਂ ਇਹ ਵਾਕ ਕੀ ਅਰਥ ਰਖਦਾ ਹੈ ? ਇਸ ਲੇਖ ਤੋਂ ਪਤਾ ਲਗਦਾ ਹੈ ਕਿ ਆਪ ਦੀ ਵਾਰਤਕ ਇਕ ਸ਼ਬਦਾਂ ਦੀ ਮਾਇਆ ਹੁੰਦੀ ਹੈ, ਜੋ ਪਾਠਕਾਂ ਨੂੰ ਸਪਸ਼ਟ ਖਿਆਲ, ਸਾਫ਼ ਵਿਚਾਰ ਤੇ ਸੂਝ ਦੇਣ ਦੀ ਥਾਂ ਇਕ ਗੁੰਝਲ ਵਿਚ ਪਾ ਦੇਂਦੀ ਹੈ।

ਆਪ ਮਨ ਦੀ ਉਡਾਰੀ ਬਾਬਤ ਲਿਖਦੇ ਹਨ:—

"ਮਨ ਦੀ ਉਡਾਰੀ ਦਾ ਪਰਕਾਸ਼ ਹੀ ਸਾਹਿਤ ਦਾ ਬਾਕੀ ਸਾਰਾ ਖਿਲਾਰਾ ਵੀ ਹੈ। ਪਰ ਕਵਿਤਾ ਵਾਂਗ ਇਹ ਉਡਾਰੀ ਓਥੇ ਏਨੀ ਉਡਾਰੂ ਹੱਥ ਵਿਚ ਫੜੀ ਨਾ ਜਾ ਸਕਣ ਵਾਲੀ, ਤ੍ਰੇਲ ਮਣੀਆਂ ਵਾਂਗ ਜਾਂ ਬੱਦਲਾਂ ਦੀ ਛਾਉਂ ਵਾਂਗ, ਜਾਂ ਸੁਗੰਧੀ ਦੀ ਧੁਖਣੀ, ਖਿਲਰਨੀ ਵਾਂਗ ਛਾਈਂ ਮਾਈਂ, ਨਹੀਂ ਹੁੰਦੀ।"

ਵਿਆਕਰਣ ਦੇ ਲਿਹਾਜ਼ ਨਾਲ ਜੇ ਇਸ ਵਾਕ ਦੀ ਵਾਕ-ਵੰਡ ਕਰਕੇ, ਇਸ ਵਾਕ ਨੂੰ ਨਖੇੜ ਕੇ ਪੜ੍ਹਿਆ ਜਾਵੇ ਤਾਂ ਇਸ ਦਾ ਮਤਲਬ ਕੁਝ ਵੀ ਨਹੀਂ ਨਿਕਲਦਾ। ਵੇਖੋ:—

ਇਕ ਵਾਕ ਦੀ ਕਿਰਿਆ 'ਨਹੀਂ ਹੁੰਦੀ' ਹੈ ਇਸ ਕਿਰਿਆ ਨੂੰ ਵਖ ਵਖ ਅੰਗਾਂ ਨਾਲ ਲਾ ਕੇ ਅਰਥ ਕਰੋ। ਇਹ ਵਾਕ ਵੇਖੋ:—

(ਅ) ਹਥ ਵਿਚ ਫੜੀ ਨਾ ਜਾ ਸਕਣ ਵਾਲੀ ਨਹੀਂ ਹੁੰਦੀ, (ਅਰਥਾਤ) ਹਥ ਵਿਚ ਫੜੀ ਜਾ ਸਕਦੀ ਹੈ)

(ੲ) ਪਰ ਕਵਿਤਾ ਵਾਗ ਇਹ ਉਡਾਰੀ ਓਥੇ ਏਨੀ ਉਡਾਰੂ ਨਹੀਂ ਹੁੰਦੀ।



Digitized by Panjab Digital Library | www.panjabdigilib.org

(ਝ) ਤ੍ਰੇਲ ਮਣੀਆਂ ਵਾਂਗ ਜਾਂ ਬਦਲਾਂ ਦੀ ਛਾਉਂ ਵਾਂਗ ਨਹੀਂ ਹੁੰਦੀ।

'ਸੁਗੰਧੀ ਦੀ ਧੁਖਣੀ' ਦਾ ਮਤਲਬ ਪਤਾਂ ਨਹੀਂ ਕੀ ਲਿਆ ਗਿਆ ਹੈ।

ਸੋ ਇਹ ਸ਼ਬਦਾਂ ਦੀ ਮਾਇਆ ਦਾ ਜਾਲ ਖਿਲਾਰ ਕੇ ਵਾਰਤਕ ਦਾ ਪ੍ਰਭਾਵ ਪਾਉਂਦੇ ਹਨ, ਜਿਸ ਨੂੰ ਕੋਈ ਸਹਿਜੇ ਸਮਝ ਨਹੀਂ ਸਕਦਾ।

ਸ੍ਰ: ਸੁਰਿੰਦਰ ਸਿੰਘ ਨਰੂਲਾ:—ਆਪ ਦਾ ਜਨਮ ਅੰਮ੍ਰਿਤ-ਸਰ ਵਿਚ ਨਵੰਬਰ ੧੯ ੯ ਵਿਚ ਹੋਇਆ। ਆਪ ਨਾਵਲ ਲਿਖਾਰੀ ਹਨ ਤੇ ਸਾਹਿਤ ਖੋਜੀ ਵੀ। ਅਜੇ ਤਕ ਆਪ ਦੀਆਂ ਹੇਠ ਲਿਖੀਆਂ ਕਿਤਾਬਾਂ ਪ੍ਰਕਾਸ਼ਤ ਹੋ ਚੁਕੀਆਂ ਹਨ ਤੇ ਆਪ ਹੋਰ ਲਿਖ ਰਹੇ ਹਨ:—

੧. ਪੰਜਾਬੀ ਸਾਹਿਤ ਦੀ ਜਾਣ ਪਛਾਣ।
੨. ਸਾਡਾ ਇਤਿਹਾਸ।
੩. ਪਿਓ ਪੁੱਤਰ।
੪. ਰੰਗ ਮਹੱਲ।

ਨਾਵਲਕਾਰ ਦੀ ਹੈਸੀਅਤ ਵਿਚ ਆਪ ਕਾਫੀ ਨਾਮਨਾ ਪ੍ਰਾਪਤ ਕਰ ਚੁਕੇ ਹਨ। ਇਹਨਾਂ ਦੀ ਲਿਖਤ ਵਿਚ ਸੁਭਾਵਕਤਾ ਤੇ ਸਰਲਤਾ ਬਹੁਤ ਹੈ। ਸੁਭਾ ਉਸਾਰੀ ਵਿਚ ਆਪ ਕਮਾਲ ਕਰ ਰਹੇ ਹਨ। ਆਪ ਅਗਾਂਹ ਵਧੂ ਖਿਆਲਾਂ ਦੇ ਲਿਖਾਰੀ ਹਨ।

ਆਪ ਦਾ ਲੇਖ "ਸਾਹਿਤ ਕੀ ਹੈ" ਪੜ੍ਹਨ ਤੋਂ ਪਤਾ ਲਗਦਾ ਹੈ ਕਿ ਕਈ ਥਾਈਂ ਆਪ ਨੇ ਬੜੀ ਸਾਦਗੀ ਵਰਤੀ ਹੈ ਤੇ ਕਈ ਥਾਈਂ ਵਾਕ ਰਚਨਾ ਬੜੀ ਗੁੰਝਲਦਾਰ ਹੋ ਗਈ ਹੈ। ਇਨ੍ਹਾਂ ਨੇ ਸਾਦੇ ਸ਼ਬਦ ਘੱਟ ਵਰਤੇ ਹਨ, ਵਿਦਵਾਨਾਂ ਵਾਲੇ ਵਡੇ ਵਡੇ ਤੇ ਔਖੇ ਸ਼ਬਦ ਆਮ ਵਰਤੇ ਹਨ, ਖਿਆਲ ਬੜੇ ਗੰਭੀਰ ਹਨ। ਸੂਝ ਬਹੁਤ ਦਿਵਾਉਂਦੇ ਹਨ। ਵਿਚਾਰ ਸ਼ਕਤੀ ਤੇ ਦਲੀਲ ਤੋਂ ਬਹੁਤ ਕੰਮ ਲਿਆ ਹੈ ਤੇ ਬਹੁਤ ਸਾਰੇ ਖਿਆਲ ਪ੍ਰੋ: ਪੂਰਨ ਸਿੰਘ ਜੀ ਦੇ ਅਧਾਰ ਤੇ ਲਿਖੇ ਹਨ।



Digitized by Panjab Digital Library | www.panjabdigilib.org

**ਸਾਇੰਸ ਸਬੰਧੀ ਪੁਸਤਕਾਂ:**—ਅਜੇ ਤਕ ਪੰਜਾਬੀ ਵਿਚ ਸਾਇੰਸ ਸਬੰਬੀ ਬਹੁਤ ਘੱਟ ਪੁਸਤਕਾਂ ਲਿਖੀਆਂ ਗਈਆਂ ਹਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਪੰਜਾਬੀ ਵਿਚ ਸਾਇੰਸ ਸਬੰਧੀ ਗਿਆਨ ਪਰਾਪਤ ਕਰਨ ਵਾਲੇ ਵਿਦਿਆਰਥੀ ਬਹੁਤ ਘੱਟ ਹਨ। ਉਂਞ ਤੇ ਸਕੂਲਾਂ ਵਿਚ ਜਿਸਤਰ੍ਹਾਂ ਦੀ ਸਾਇੰਸ ਪੜ੍ਹਾਈ ਜਾਂਦੀ ਹੈ, ਉਸ ਤਰ੍ਹਾਂ ਦੀਆਂ ਚਾਰ ਪੰਜ ਪੁਸਤਕਾਂ ਵਖ ਵਖ ਵਿਦਵਾਨਾਂ ਨੇ ਲਿਖੀਆਂ ਹਨ ਅਤੇ ਪੰਜਾਬ ਟੈਕਸਟ ਬੁਕ ਕਮੇਟੀ ਨੇ ਵੀ ਲਿਖਵਾ ਕੇ ਕੁਝ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਸਨ, ਪਰ ਸਾਇੰਸ ਸਬੰਧੀ ਬਾਕਾਇਦਾ ਪੁਸਤਕਾਂ ਅਜੇ ਇਕ ਦੋ ਸੱਜਨਾ ਨੇ ਹੀ ਲਿਖੀਆਂ ਹਨ। ਇਨ੍ਹਾਂ ਪੁਸਤਕਾਂ ਦਾ ਵੇਰਵਾ ਇਸਤਰ੍ਹਾਂ ਹੈ:—

੧. ਉਹ ਆਦਮੀ ਜਿਨ੍ਹਾਂ ਕੁਝ ਲੱਭਾ:—ਇਹ ਪੁਸਤਕ ਪੰਜਾਬ ਟੈਕਸਟ ਬੁਕ ਕਮੇਟੀ ਨੇ ਸੰਨ ੧੯੩੨ ਵਿਚ ਸ੍ਰੀ ਮਤੀ ਐਮਾਬਲ ਵਿਲੀਅਮਜ਼ ਐਲਿਸ ਦੀ ਮਸ਼ਹੂਰ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਇਸ ਵਿਚ ਸਾਇੰਸ ਦੀਆਂ ਵੱਡੀਆਂ ਵੱਡੀਆਂ ਕਾਢਾਂ ਕੱਢਣ ਵਾਲਿਆਂ ਦੀਆਂ ਜੀਵਨ ਘਟਨਾਵਾਂ ਤੇ ਉਨ੍ਹਾਂ ਦੀਆਂ ਕਾਢਾਂ ਹਨ।

੨. ਖ਼ੁਰਾਕ – ਇਸ ਪੁਸਤਕ ਵਿਚ ਖੁਰਾਕ ਸਬੰਧੀ ਪੂਰੀ ਪੂਰੀ ਵਾਕਫ਼ੀਅਤ ਦਿੱਤੀ ਗਈ ਹੈ ਕਿ ਹਰ ਤਰ੍ਹਾਂ ਦੀ ਖੁਰਾਕ ਵਿਚ ਕੀ ਕੀ ਹੁੰਦਾ ਹੈ ਤੇ ਮਨੁੱਖ ਲਈ ਕਿਸ ਤਰ੍ਹਾਂ ਦੀ ਖੁਰਾਕ ਵਧੇਰੇ ਲਾਭਵੰਦ ਹੋ ਸਕਦੀ ਹੈ। ਇਹ ਪੁਸਤਕ ਕਰਨਲ ਰਾਬਰਟ ਮੈਕਰੀਸਨ ਡਾਇਰੈੱਕਟਰ ਆਫ਼ ਨਿਊਟ੍ਰਿਸ਼ਨਲ ਰੀਸਰਚ ਪਾਸਚਰ ਇਨਸਟੀਚਿਊਟ ਦੀ ਅੰਗ੍ਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ ਹੈ ਜੋ ਸੰਨ ੧ ੩੩ ਵਿਚ ਪੰਜਾਬ ਟੈਕਸਟ ਬੁਕ ਕਮੇਟੀ ਨੇ ਉਲਥਾ ਕਰਵਾ ਕੇ ਪ੍ਰਕਾਸ਼ਤ ਕੀਤੀ।

੩. ਅਕਾਸ਼ ਮੰਡਲ ਦੀ ਅਚਰਜ ਕਥਾ:—ਇਹ ਪੁਸਤਕ ਪੰਜਾਬ ਟੈਕਸਟ ਬੁਕ ਕਮੇਟੀ ਨੇ ਸੰਨ ੧੯੩  ਵਿਚ ਪ੍ਰਕਾਸ਼ਤ ਕੀਤੀ।



Digitized by Panjab Digital Library | www.panjabdigilib.org

ਮਸ਼ਹੂਰ ਵਗਿਆਨਕ ਤੇ ਤਾਰਕਾ ਮੰਡਲ ਸਬੰਧੀ ਖੋਜ ਕਰਨ ਵਾਲੇ ਵਿਦਵਾਨ "ਡੈਰਲਡ ਬੀਵਿਸ" ਦੀ ਮਸ਼ਹੂਰ ਪੁਸਤਕ ਦਾ ਇਹ ਪੰਜਾਬੀ ਅਨੁਵਾਦ ਹੈ। ਇਸ ਵਿਚ ਸੂਰਜ, ਚੰਦ, ਤਾਰੇ, ਸੱਯਾਰੇ, ਗ੍ਰਹਿ ਆਦਿ ਵਖ ਵਖ ਸਤਾਰਿਆਂ ਦਾ ਹਾਲ ਤੇ ਇਨ੍ਹਾਂ ਦਾ ਸਾਡੀ ਧਰਤੀ ਨਾਲ ਸਬੰਧ ਬੜੇ ਸੁਹਣੇ ਢੰਗ ਨਾਲ ਪ੍ਰਗਟ ਕੀਤਾ ਗਿਆ ਹੈ।

. ਸਾਇੰਸ ਦੇ ਚਮਤਕਾਰੇ.—ਸਵਰਗ ਵਾਸੀ ਮਾਸਟਰ ਸੁਜਾਨ ਸਿੰਘ ਜੀ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਸਾਇੰਸ ਸਬੰਧੀ ਇਹ ਮੌਲਕ ਪੁਸਤਕ ਲਿਖੀ ਸੀ, ਜਿਸ ਕਰ ਕੇ ਆਪ ਨੂੰ ਪੰਜਾਬ ਟੈਕਸਟ ਬੁਕ ਕਮੇਟੀ ਵੱਲੋਂ ਇਕ ਹਜ਼ਾਰ ਰੁਪਿਆ ਇਨਾਮ ਮਿਲਿਆ। ਇਸ ਤੋਂ ਮਗਰੋਂ ਆਪ ਨੇ ਇਕ ਹੋਰ ਪੁਸਤਕ 'ਬਿਜਲੀ ਦੇ ਚਮਤਕਾਰੇ' ਲਿਖੀ ਇਹ ਬਿਜਲੀ ਦੀਆਂ ਵਖ ਵਖ ਕਾਢਾਂ ਦਾ ਗਿਆਨ ਪਰਾਪਤ ਕਰਨ ਲਈ ਇਕ ਲਾਭਦਾਇਕ ਪੁਸਤਕ ਹੈ। ਇਨ੍ਹਾਂ ਦੀ ਤੀਸਰੀ ਪੁਸਤਕ 'ਜਣਨੀ' ਸੀ ਜੋ ਬੱਚਾ ਤੇ ਜ਼ੱਚਾ ਦੇ ਸਬੰਧ ਵਿਚ ਇਕ ਅਨਮੋਲ ਪੁਸਤਕ ਸੀ।

੫. ਡਾਕਟਰ ਸੁਲੱਖਣ ਸਿੰਘ ਜੀ ਨੇ 'ਅਰੋਗਤਾ' ਸਬੰਧੀ ਇਕ ਉਤਮ ਪੁਸਤਕ ਲਿਖੀ ਇਸ ਦਾ ਨਾਂ 'ਸਰੀਰਕ ਰੱਖਿਆ' ਹੈ। ਪੰਜਾਬੀ ਪੜ੍ਹਿਆਂ ਲਈ ਇਹ ਇਕ ਅਨਮੋਲ ਪੁਸਤਕ ਹੈ।

ਇਨ੍ਹਾਂ ਤੋਂ ਬਿਨਾ ਪੰਜਾਬ ਟੈਕਸਟ ਬੁਕ ਕਮੇਟੀ ਨੇ ੧. ਸੁਘੜ ਬੀਬੀ ਦੋਵੇਂ ਹਿੱਸੇ, . ਸਵਾਸਥ ਵਿਧਿ, . ਜੀਵਨ ਚਾਨਣਾ ਤੇ ਸਫਾਈ ਆਦਿ ਪੁਸਤਕਾਂ ਛਪਵਾਈਆਂ ਜੋ ਸਕੂਲਾਂ ਦੀਆਂ ਲੜਕੀਆਂ ਲਈ ਸਨ। ਸ੍ਰ: ਨਾਨਕ ਸਿੰਘ ਜੀ ਨੇ ਰਸੋਈ ਸਿਖਿਆ, ਸ੍ਰ: ਅਮੀਰ ਸਿੰਘ ਜੀ ਨੇ ਗਿਆਨ ਵਗਿਆਨ ਅਤੇ ਸ੍ਰ: ਲਾਲ ਸਿੰਘ ਨਿਰਮਲ ਨੇ ਰੋਜ਼ਾਨਾ ਜ਼ਿੰਦਗੀ ਦੀ ਸਾਇੰਸ ਆਦਿ ਪੁਸਤਕਾਂ ਵੀ ਪ੍ਰਕਾਸ਼ਤ ਕੀਤੀਆਂ। ਵਖ ਵਖ ਦੁਕਾਨਦਾਰਾਂ ਨੇ ਮੋਟਰ ਗਾਈਡ, ਬਿਜਲੀ ਗਾਈਡ, ਰੇਡੀਓ



Digitized by Panjab Digital Library | www.panjabdigilib.org

ਗਾਈਡ, ਵਿਸ਼ਕਰਮਾ ਦਰਪਨ ਆਦਿ ਅਨੇਕਾਂ ਪੁਸਤਕਾਂ ਅਨੁਵਾਦ ਕਰਵਾ ਕੇ ਪ੍ਰਕਾਸ਼ਤ ਕਰਵਾਈਆਂ ਹੋਈਆਂ ਹਨ।

**ਵਿਆਕਰਨ ਤੇ ਡਿਕਸ਼ਨਰੀਆਂ:—** ਪੰਜਾਬੀ ਵਿਚ ਵਿਆਕਰਣ ਸਬੰਧੀ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਸਭ ਤੋਂ ਪਹਿਲਾਂ ਲਾ: ਬਿਸ਼ਨ ਦਾਸ ਜੀ ਪੁਰੀ ਨੇ ਪੰਜਾਬੀ ਵਿਆਕਰਣ ਤੇ ਪਿੰਗਲ ਲਿਖਿਆ। ਈਸਾਈ ਪਾਦਰੀ ਮਿਸਟਰ ਨਿਊਟਨ ਨੇ ਇਕ ਪੰਜਾਬੀ ਡਿਕਸ਼ਨਰੀ ਵੀ ਪ੍ਰਕਾਸ਼ਤ ਕੀਤੀ। ਸ੍ਰਦਾਰ ਮੋਹਨ ਸਿੰਘ ਜੀ ਰਾਵਲ ਪਿੰਡੀ ਵਾਲਿਆਂ ਨੇ ਇਕ ਵਿਆਕਰਣ ਲਿਖਿਆ, ਜੋ ਆਮ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਰਿਹਾ। ਪ੍ਰੋ: ਰਾਮ ਸਿੰਘ ਜੀ ਐਮ. ਏ. ਖਾਲਸਾ ਕਾਲਜ ਵਾਲਿਆਂ ਨੇ ਪੰਜਾਬੀ ਵਿਆਕਰਣ ਦੋ ਹਿੱਸਿਆਂ ਵਿਚ ਲਿਖਿਆ ਜਿਸ ਦਾ ਅਕਾਰ ਇਕ ਹਜ਼ਾਰ ਸਫ਼ਿਆਂ ਤੋਂ ਵਧ ਦਾ ਹੈ. ਇਹ ਵਿਆਕਰਣ ਅੰਗ੍ਰੇਜ਼ੀ ਦੀ ਗ੍ਰਾਮਰ ਨੈੱਸਫੀਲਡ ਦੇ ਅਧਾਰ ਉਤੇ ਲਿਖਿਆ ਗਿਆ। ਪ੍ਰੋ: ਕਰਤਾਰ ਸਿੰਘ ਜੀ ਐਮ. ਏ., ਮਾਸਟਰ ਕਰਮ ਸਿੰਘ ਜੀ ਗੀਤਾ ਵਾਲਾ ਤੇ ਪ੍ਰਿੰਸੀਪਲ ਨਿਹਾਲ ਸਿੰਘ ਜੀ ਰਸ' ਨੇ ਵੀ ਪੰਜਾਬੀ ਵਿਆਕਰਨ ਲਿਖੇ। ਇਹ ਵਿਆਕਰਣ ਮੈਟ੍ਰਿਕ ਤੇ ਗਿਆਨੀ ਦੀਆਂ ਜਮਾਤਾਂ ਲਈ ਬੜੇ ਲਾਭਦਾਇਕ ਸਾਬਤ ਹੋਏ।

ਹੁਣ ਯੂਨੀਵਰਸਿਟੀ ਪਬਲੀਕੇਸ਼ਨਜ਼ ਬਿਓਰੂ ਅਤੇ ਮਹਿਕਮਾ ਪੰਜਾਬੀ ਪਟਿਆਲਾ ਵੀ ਪੰਜਾਬੀ ਵਿਆਕਰਣ ਅਤੇ ਪੰਜਾਬੀ ਕੋਸ਼ ਤਿਆਰ ਕਰਵਾ ਰਹੇ ਹਨ, ਸ਼ਾਇਦ ਇਕ ਦੋ ਵਰ੍ਹਿਆਂ ਵਿਚ ਤਿਆਰ ਹੋ ਜਾਣਗੇ।

ਸਵਰਗਵਾਸੀ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ 'ਗੁਰਸ਼ਬਦ ਅਲੰਕਾਰ' ਤੇ ਗੁਰਛੰਦ ਦਿਵਾਕਰ' ਆਦਿਕ ਪੁਸਤਕਾਂ ਛੰਦਾਂ ਤੇ ਅਲੰਕਾਰਾਂ ਸਬੰਧੀ ਲਿਖੀਆਂ ਜੋ ਇਸ ਵਿਸ਼ੇ ਤੇ ਅਨਮੋਲ ਤੇ ਪਰਮਾਨੀਕ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਬਿਨਾਂ ਅਨੇਕਾਰਥ



Digitized by Panjab Digital Library | www.panjabdigilib.org

ਕੋਸ਼' ਤੇ ਮਹਾਨ ਕੋਸ਼ ਇਨ੍ਹਾਂ ਦੇ ਦੋ ਕੋਸ਼ ਹਨ। ਮਹਾਨ ਕੋਸ਼ ਇਕ ਵੱਡੇ ਆਕਾਰ ਦਾ ਕੋਸ਼ ਹੈ। ਇਹ ਡਿਕਸ਼ਨਰੀ ਨਹੀਂ ਸਗੋਂ ਇਕ ਤਰ੍ਹਾਂ ਦਾ ਐਨਸਾਈਕਲੋਪੀਡੀਆ ਹੈ ਜਿਸ ਤੋਂ ਹਰ ਤਰ੍ਹਾਂ ਦੀ ਵਾਕਫ਼ੀਅਤ ਮਿਲਦੀ ਹੈ। ਇਸ ਦਾ ਦੂਸਰਾ ਐਡੀਸ਼ਨ ਪੰਜਾਬੀ ਵਿਭਾਗ ਪਟਿਆਲਾ ਵਾਲੇ ਹੁਣ ਪ੍ਰਕਾਸ਼ਤ ਕਰ ਰਹੇ ਹਨ।

ਇਕ ਡਿਕਸ਼ਨਰੀ 'ਰਸ ਸ਼ਬਦ ਰਤਨਾਕਰ' ਹੁਣ ਤਿਆਰ ਹੋਈ ਹੈ। ਜਿਸ ਦੇ ਲੇਖਕ ਪ੍ਰਿੰਸੀਪਲ ਨਿਹਾਲ ਸਿੰਘ ਜੀ 'ਰਸ' ਹਨ। ਇਸ ਡਿਕਸ਼ਨਰੀ ਨੇ ਪੰਜਾਬੀ ਪ੍ਰੇਮੀਆਂ ਦੀ ਚਿਰਾਂ ਦੀ ਥੋੜ ਪੂਰੀ ਕਰ ਦਿੱਤੀ ਹੈ।



Digitized by Panjab Digital Library | www.panjabdigilib.org

## ਕਾਂਡ ੬.

# ਅੰਤਕਾ

Digitized by Panjab Digital Library | www.panjabdigilib.org

# ਅੰਤਕਾ

ਪੰਜਾਬੀ ਸਾਹਿਤ ਦਾ ਇਤਿਹਾਸ ਪੜ੍ਹ ਕੇ ਸਾਨੂੰ ਇਹ ਪਤਾ ਲਗਦਾ ਹੈ ਕਿ ਜਿਸ ਦੇਸ ਨੂੰ ਪੰਜਾਬ ਕਿਹਾ ਜਾਂਦਾ ਹੈ, ਇਹ ਇਕ ਮਹਾਨ ਦੇਸ ਹੈ। ਜਲ, ਵਾਯੂ ਤੇ ਚੌਗਿਰਦੇ ਦੇ ਅਸਰ ਕਰਕੇ ਇਸ ਦੇਸ ਦੇਸ ਦੇ ਵਖ ਵਖ ਹਿੱਸਿਆਂ ਦੇ ਵਸਨੀਕ ਪੰਜਾਬੀ ਹੋਣ ਕਰ ਕੇ ਭਾਵੇਂ ਪੰਜਾਬੀ ਹੀ ਬੋਲਦੇ ਹਨ, ਓਹਨਾਂ ਦੇ ਬੋਲਣ ਦੇ ਲਹਿਜੇ ਅਤੇ ਸ਼ਬਦਾਂ ਦੇ ਉਚਾਰਣ ਵਿਚ ਥੋੜਾ ਥੋੜਾ ਫਰਕ ਪਿਆ ਪਰਤੀਤ ਹੁੰਦਾ ਹੈ। ਜਿਹਾ ਕਿ ਪੋਠੋਹਾਰੀ, ਜਿਹਲਮੀ, ਵਜ਼ੀਰਾਬਾਦੀ, ਮੁਲਤਾਨੀ, ਮਾਝੀ, ਦੁਆਬੀ, ਪਹਾੜੀ, ਮਲਵਈ ਤੇ ਬਾਂਗਰੀ ਅਲਾਕਿਆਂ ਦੀ ਬੋਲੀ ਦਾ ਥੋਹੜਾ ਥੋਹੜਾ ਫਰਕ ਭਾਸਦਾ ਹੈ। ਅਸਲ ਵਿਚ ਇਹ ਫਰਕ ਓਪਰਾ ਓਪਰਾ ਹੀ ਹੈ। ਅਜੇ ਤੱਕ ਇਸ ਧਰਤੀ ਦੇ ਵਿਦਵਾਨਾਂ ਨੇ ਜੋ ਕੁਝ ਲਿਖਿਆ ਹੈ ਸਭ ਮਾਝੀ ਜਾਂ ਕੇਂਦਰੀ ਬੋਲੀ ਵਿਚ ਹੀ ਲਿਖਿਆ ਹੈ ਤੇ ਪੰਜਾਬ ਦੇ ਵਿਦਿਅਕ ਮਹਿਕਮੇ ਵਲੋਂ ਪੰਜਾਬੀ ਦੀਆਂ ਸਾਰੀਆਂ ਪੁਸਤਕਾਂ ਇਸੇ ਬੋਲੀ ਵਿਚ ਲਿਖੀਆਂ ਹੀ ਪਰਵਾਨ ਹੋਈਆਂ ਹਨ। ਇਸ ਤੋਂ ਬਿਨਾਂ ਪੰਜਾਬੀ ਸਾਹਿਤ ਤੇ ਬੋਲੀ ਸਬੰਧੀ ਸਾਨੂੰ ਹੇਠ ਲਿਖੀਆਂ ਗੱਲਾਂ ਦਾ ਪਤਾ ਲਗਦਾ ਹੈ।

੧. ਸਾਰੇ ਪੰਜਾਬ ਦੀ ਬੋਲੀ ਪੰਜਾਬੀ ਹੈ ਅਤੇ ਇਹ ਬੋਲੀ ਲਿਖਣ ਲਈ ਸਭ ਤੋਂ ਚੰਗੀ ਵਗਿਆਨਕ ਲਿਪੀ 'ਗੁਰਮੁਖੀ' ਹੀ ਮੰਨੀ ਜਾ ਸਕਦੀ ਹੈ, ਜੋ ਹਿੰਦੂ ਧਰਮ ਦੇ ਰੱਛਕ ਸੂਰਜਬੰਸੀ ਖਾਨਦਾਨ ਦੇ ਬੇਦੀ ਕੁਲ ਵਿਚ ਪ੍ਰਗਟ ਹੋਏ ਮਹਾਂ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੀ ਖੋਜ ਤੇ ਮਿਹਨਤ ਨਾਲ ਬਣਵਾਈ। ਹਿੰਦੂਆਂ ਨੂੰ ਇਸ ਲਿਪੀ



Digitized by Panjab Digital Library | www.panjabdigilib.org

ਨਾਲ ਈਰਖਾ ਕਰਨ ਦੀ ਥਾਂ ਇਸ ਨਾਲ ਵਧ ਤੋਂ ਵਧ ਪਿਆਰ ਹੋਣਾ ਚਾਹੀਦਾ ਹੈ।

੨. ਆਰੀਆਂ ਦਾ ਸਾਰਾ ਸਾਹਿਤ ਪੰਜਾਬ ਦੀ ਉਸ ਸਮੇਂ ਦੀ ਬੋਲੀ ਵਿਚ ਉਚਾਰਿਆ ਗਿਆ ਜਿਹੜੀ ਕਿ ਆਰੀਆਂ ਦੇ ਆਉਣ ਵੇਲੇ ਇਸ ਰਮਣੀਕ ਧਰਤੀ ਵਿਚ ਰਹਿ ਕੇ ਆਰੀਏ ਬੋਲਦੇ ਰਹੇ। ਉਹਨਾਂ ਨੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਤੇ ਰਹਿ ਕੇ ਵੇਦ, ਸ਼ਾਸਤਰ, ਉਪਨਿਸ਼ਦ ਤੇ ਪੁਰਾਣ ਆਦਿਕ ਗ੍ਰੰਥ ਲਿਖੇ। ਸ੍ਰੀ ਕ੍ਰਿਸ਼ਨ ਜੀ ਦੇ ਸਮੇਂ ਮਹਾਂ ਭਾਰਤ ਤੇ ਗੀਤਾ ਵੀ ਇਸੇ ਪਵਿਤਰ ਧਰਤੀ ਤੇ ਉਚਾਰੀ ਗਈ। ਅੰਮ੍ਰਿਤਸਰ ਦੇ ਪਾਸ ਰਾਮ ਤੀਰਥ ਦੇ ਅਸਥਾਨ ਤੇ ਜਿਥੇ ਬਾਲਮੀਕ ਰਹਿੰਦਾ ਸੀ, ਬਾਲਮੀਕੀ ਰਾਮਾਇਣ ਉਚਾਰੀ ਗਈ। ਹੌਲੀ ਹੌਲੀ ਜਦੋਂ ਆਰੀਆ ਲੋਕ ਪੰਜਾਬ ਤੋਂ ਅਗੇ ਦਰਿਆ ਗੰਗਾ ਤੇ ਜਮਨਾ ਦੀਆਂ ਵਾਦੀਆਂ ਵਲ ਵਧੇ ਉਹ ਪੰਜਾਬੀ ਆਰੀਏ ਉਹਨਾਂ ਦੇਸਾਂ ਅੰਦਰ ਜਾ ਕੇ ਵੀ ਆਪਣੀ ਬੋਲੀ ਹੀ ਵਰਤਦੇ ਰਹੇ। ਇਸ ਤਰ੍ਹਾਂ ਪੰਜਾਬ ਦੀ ਪੁਰਾਤਨ ਬੋਲੀ ਵਿਚੋਂ ਹੀ ਯੂ. ਪੀ. ਤੇ ਬਾਕੀ ਉੱਤਰੀ ਹਿੰਦੁਸਤਾਨ ਦੇ ਵਖ ਵਖ ਪ੍ਰਾਂਤਾਂ ਦੀਆਂ ਉਪ ਭਾਖਾ ਨਿਕਲੀਆਂ। ਭਾਵੇਂ ਸਮੇਂ ਦੇ ਪਰਭਾਵ ਨਾਲ ਤੇ ਅਨੇਕਾਂ ਵਿਦੇਸੀ ਹਲਿਆਂ ਕਰ ਕੇ ਪੰਜਾਬ ਦੀ ਬੋਲੀ, ਉਸ (ਆਰੀਆਂ ਦੇ) ਸਮੇਂ ਨਾਲੋਂ ਕਾਫ਼ੀ ਬਦਲ ਚੁੱਕੀ ਹੈ, ਤਦ ਵੀ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬੀ ਬੋੱਲੀ ਵਿਚੋਂ ਹੀ ਉਤਰੀ ਭਾਰਤ ਦੀਆਂ ਬੋਲੀਆਂ ਹਿੰਦੀ ਆਦਿਕ ਉਤਪੰਨ ਹੋਈਆਂ।

੩. ਜੇ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਕਿਸੇ ਇਕ ਕੌਮ ਜਾਂ ਮਜ਼੍ਹਬ ਦਾ ਨਹੀਂ ਸਗੋਂ ਇਹ ਸਰਬ ਸਾਂਝਾ ਸਾਹਿਤ ਹੈ। ਇਸ ਵਿਚ ਜੋਗੀ ਕਵੀਆਂ, ਮੁਸਲਮਾਨ ਸੂਫ਼ੀ ਫ਼ਕੀਰਾਂ, ਸਿੱਖ ਗੁਰੂਆਂ, ਅਵਤਾਰਾਂ, ਭਗਤਾਂ ਤੇ ਸੰਤ ਕਵੀਆਂ ਦਾ ਬਹੁਤ ਸਾਰਾ ਹਿੱਸਾ



Digitized by Panjab Digital Library | www.panjabdigilib.org

ਹੈ। ਇਸ ਵਿਚ ਰਹੱਸ ਵਾਦੀ, ਛਾਇਆ ਵਾਦੀ, ਯਥਾਰਥ ਵਾਦੀ ਤੇ ਰੋਮਾਂਟਿਕ ਕਵੀਆਂ ਨੇ ਬਿਨਾਂ ਕਿਸੇ ਜ਼ਾਤ-ਪਾਤ ਦੇ ਲਿਹਾਜ਼ ਦੇ ਬਹੁਤ ਕੁਝ ਲਿਖਿਆ ਹੈ। ਬਾਬਾ ਫਰੀਦ, ਸ਼ਾਹ ਹੁਸੈਨ, ਸਾਈਂ ਬੁਲ੍ਹੇ ਸ਼ਾਹ ਤੇ ਵਾਰਸ ਸ਼ਾਹ ਵਰਗੇ ਸੂਫੀ ਤੇ ਮੁਸਲਮਾਨ ਕਵੀਆਂ ਦਾ ਨਾਂ ਇਸ ਸਾਹਿਤ ਦੇ ਉਸਾਰੂਆਂ ਵਿਚ ਸਦਾ ਚਮਕਦਾ ਰਹੇਗਾ। ਇਸੇ ਤਰ੍ਹਾਂ ਦਾਮੋਦਰ, ਨਜਾਬਤ, ਅਗਰਾ, ਮੁਥਰਾ, ਗੁਲਾਬ ਦਾਸ ਅਤੇ ਹੋਰ ਪੁਰਾਤਨ ਹਿੰਦੂ ਭਗਤ ਤੇ ਰੋਮਾਂਟਿਕ ਕਵੀਆਂ ਦੀਆਂ ਰਚਨਾਵਾਂ ਇਸ ਸਾਹਿਤ ਵਿਚ ਸਦਾ ਲਈ ਸੂਰਜ ਵਾਂਗ ਚਮਕਦੀਆਂ ਰਹਿਣਗੀਆਂ। ਸਿਖ ਗੁਰੂ ਸਾਹਿਬਾਨ ਦੀ ਬਾਣੀ, ਭਾਈ ਗੁਰਦਾਸ ਜੀ ਤੇ ਹੋਰ ਸਿਖ ਕਵੀਆਂ ਦੀਆਂ ਰਚਨਾਵਾਂ ਸਦਾ ਲਈ ਇਸ ਸਾਹਿਤ ਦਾ ਸ਼ਿੰਗਾਰ ਬਣੀਆਂ ਰਹਿਣਗੀਆਂ। ਵਰਤਮਾਨ ਪੰਜਾਬੀ ਕਵਿਤਾ ਤੇ ਵਾਰਤਕ ਨੂੰ ਸੂਰਜ ਵਾਂਗ ਚਮਕਾਉਣ ਲਈ ਵਰਤਮਾਨ ਸਮੇਂ ਦੇ ਹਿੰਦੂ, ਮੁਸਲਮਾਨ ਤੇ ਸਿੱਖ ਕਵੀਆਂ ਤੇ ਲਿਖਾਰੀਆਂ ਨੇ ਬੜਾ ਉਤਸ਼ਾਹ ਦਿਖਾਇਆ ਹੈ। ਇਸ ਲਈ ਇਹ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਇਕ ਸਰਬ ਸਾਂਝਾ ਸਾਹਿਤ ਹੈ।

ਇਹ ਗੱਲ ਸਾਰੇ ਸਾਹਿੱਤ ਕਾਰ ਮੰਨਦੇ ਹਨ ਕਿ ਨਰੋਆ ਸਾਹਿਤ ਕੇਵਲ ਆਪਣੀ ਹੀ ਬੋਲੀ ਵਿਚ ਉਤਪੰਨ ਹੋ ਸਕਦਾ ਹੈ। ਕਿਸ ਦੂਸਰੀ ਬੋੱਲੀ ਦਾ ਸਾਹਿਤ ਕੌਮੀ ਜੀਵਨ ਦੀ ਉਸਾਰੀ ਵਿਚ ਓਨੀ ਸਹਾਇਤਾ ਨਹੀਂ ਕਰਦਾ ਜਿੰਨੀ ਕਿ ਆਪਣੀ ਬੋਲੀ ਦਾ ਸਾਹਿਤ ਕਰਦਾ ਹੈ। ਸੋ ਪੰਜਾਬੀਆਂ ਦੇ ਦਿਲਾਂ ਨੂੰ ਜਿਸਤਰ੍ਹਾਂ ਪੰਜਾਬੀ ਸਾਹਿਤ ਵਰੋਸਾਉਂਦਾ ਹੈ ਇਸ ਤਰ੍ਹਾਂ ਅੰਗ੍ਰੇਜ਼ੀ, ਉਰਦੂ, ਹਿੰਦੀ ਜਾਂ ਕਿਸੇ ਹੋਰ ਭਾਖਾ ਦਾ ਸਾਹਿਤ ਪੰਜਾਬੀ ਦਿਲਾਂ ਨੂੰ ਹੁਲਾਰਾ ਨਹੀਂ ਦੇ ਸਕਦਾ। ਸੋ ਹਰ ਪੰਜਾਬੀ ਨੂੰ ਬਿਨਾਂ ਕਿਸੇ ਪੱਖਪਾਤ ਦੇ ਆਪਣੇ ਸਾਹਿਤ ਦੀ ਗੌਰਵਤਾ ਉਤੇ ਪੂਰਾ ਪੂਰਾ ਮਾਨ ਹੋਣਾ ਚਾਹੀਦਾ ਹੈ।



Digitized by Panjab Digital Library | www.panjabdigilib.org

# ਪੰਜਾਬੀ ਸਾਹਿਤ ਦਾ ਨਵਾਂ ਝੁਕਾ

ਪੰਜਾਬੀ ਸਾਹਿਤ ਦੇ ਇਤਿਹਾਸ ਵੱਲ ਝਾਤੀ ਮਾਰਨ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਦਾ ਪੁਰਾਣਾ ਸਾਹਿਤ ਆਮ ਕਰ ਕੇ ਜਾਂ ਤਾਂ ਅਧਿਆਤਮਕ ਰੰਗ ਦਾ ਹੁੰਦਾ ਸੀ ਅਤੇ ਜਾਂ ਇਸਵਿਚ ਕਿੱਸੇ ਕਹਾਣੀਆਂ ਤੇ ਰੋਮਾਂਟਿਕ ਅਥਵਾ ਪਿਆਰ ਤੇ ਇਸ਼ਕ ਭਰਪੂਰ ਵਾਰਤਾਵਾਂ ਹੁੰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤਕ ਵਾਰਤਕ ਤਾਂ ਬਹੁਤ ਘੱਟ ਲਿਖੀ ਗਈ, ਜਿੰਨੀ ਕੁ ਲਿਖੀ ਗਈ ਉਸ ਵਿਚ ਧਾਰਮਕ ਸਾਖੀਆਂ ਅਤੇ ਮਹਾਂ ਪੁਰਖਾਂ ਦੇ ਜੀਵਨ ਹੀ ਸਨ। ਪੁਰਾਣੀ ਕਵਿਤਾ ਵਿਚ ਹਰ ਤਰ੍ਹਾਂ ਦਾ ਰੰਗ ਨਜ਼ਰ ਆਉਂਦਾ ਹੈ। ਸਿੱਧਾਂ ਤੇ ਜੋਗੀਆਂ ਦੀਆਂ ਰਚਨਾਵਾਂ, ਬਾਬਾ ਫ਼ਰੀਦ ਸ਼ਕਰ ਗੰਜ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਤੇ ਅਲੀ ਹੈਦਰ ਆਦਿ ਸੂਫ਼ੀ ਫ਼ਕੀਰਾਂ ਦੀ ਸੂਫ਼ੀ ਰੰਗ ਦੀ ਕਵਿਤਾ, ਕਬੀਰ; ਨਾਮ ਦੇਵ, ਧੰਨੇ ਤੇ ਰਵਿਦਾਸ ਆਦਿਕ ਭਗਤਾਂ ਦੀ ਭਗਤੀ ਰਸ ਦੀ ਕਵਿਤਾ, ਸਿਖ ਗੁਰੂ ਸਾਹਿਬਾਂ ਤੇ ਭਾਈ ਗੁਰਦਾਸ ਭੱਲੇ ਦੀਆਂ ਸਿਖੀ ਆਦਰਸ਼ ਦੀਆਂ ਰਚਨਾਵਾਂ ਸਭ ਅਧਿਆਤਮਕ ਰੰਗ ਦੀਆਂ ਅਲੌਕਿਕ, ਕਾਵਿ ਰਚਨਾਵਾਂ ਪੰਜਾਬੀ ਕਵਿਤਾ ਦੇ ਉਚ ਨਮੂਨੇ ਹਨ। ਇਸੇ ਤਰ੍ਹਾਂ ਦਾਮੋਦਰ, ਪੀਲੂ, ਮੁਕਬਲ, ਵਾਰਸ ਸ਼ਾਹ, ਅਹਿਮਦ ਯਾਰ, ਕਾਦਰਯਾਰ, ਹਾਸ਼ਮ ਤੇ ਹੋਰ ਅਨੇਕਾਂ ਕਵੀਆਂ ਦੇ ਪਿਆਰ ਤੇ ਇਸ਼ਕ ਭਰੇ ਕਿੱਸੇ, ਪੇਂਡੂਆਂ ਦੇ ਲੋਕ ਗੀਤ, ਕੁੜੀਆਂ ਵਹੁਟੀਆਂ ਤੇ ਮੁਟਿਆਰਾਂ ਦੇ ਚਾਅ ਤੇ ਬਿਰਹਾ ਭਰੇ ਅਨੇਕਾਂ ਤਰ੍ਹਾਂ ਦੇ ਵਖ ਵਖ ਸਮਿਆਂ ਉਤੇ ਗਾਏ ਗਏ ਗੀਤ ਰੋਮਾਂਟਿਕ ਕਵਿਤਾ ਦੀਆਂ ਉਚ ਮਿਸਾਲਾਂ ਹਨ।

ਅਜ ਕਲ ਦਾ ਸਾਹਿਤ ਆਪਣੀਆਂ ਨਵੀਆਂ ਕੀਮਤਾਂ ਦੇ ਲਿਹਾਜ਼ ਨਾਲ ਉੱਪਰ ਦੱਸੇ ਪੁਰਾਣੇ ਸਾਹਿਤ ਨਾਲੋਂ ਬਿਲਕੁਲ ਵੱਖਰਾ ਨਜ਼ਰ ਆਉਂਦਾ ਹੈ। ਪੁਰਾਣੀਆਂ ਕਹਾਣੀਆਂ ਜਾਂ ਤੇ ਅਵਤਾਰਾਂ ਤੇ ਮਹਾਂ ਪੁਰਖਾਂ ਦੀਆਂ ਸਾਖੀਆਂ ਹੁੰਦੀਆਂ ਸਨ ਤੇ ਜਾਂ ਰਾਜੇ ਮਹਾਰਾਜਿਆਂ



Digitized by Panjab Digital Library | www.panjabdigilib.org

ਤੇ ਦੇਵਾਂ ਪਰੀਆਂ ਦੀਆਂ ਵਾਰਤਾਵਾਂ। ਕਈ ਕਹਾਣੀਆਂ ਐਡੀਆਂ ਲੰਮੀਆਂ ਹੁੰਦੀਆਂ ਸਨ ਕਿ ਇਕ ਇਕ ਕਹਾਣੀ ਨਾਲ ਸੈਂਕੜੇ ਕਹਾਣੀਆਂ ਇਕ ਲੜੀ ਵਿਚ ਪ੍ਰੋਤੀਆਂ ਜਾਂਦੀਆਂ ਸਨ। ਅਜ ਦੀਆਂ ਕਹਾਣੀਆਂ ਭਾਵੇਂ ਆਮ ਛੋਟੀ ਕਹਾਣੀ ਦੇ ਰੂਪ ਵਿਚ ਜਾਂ ਨਾਟਕ ਦੇ ਰੂਪ ਵਿਚ ਜੋ ਵੀ ਨਜ਼ਰ ਆ ਰਹੀਆਂ ਹਨ, ਸਭ ਸਾਧਾਰਣ ਮਨੁੱਖ ਦੇ ਜੀਵਨ ਦੀਆਂ ਹੀ ਕਹਾਣੀਆਂ ਹਨ। ਕ਼ਹਾਣੀਆਂ ਦੇ ਲੜੀਵਾਰ ਸੰਗਰਹਿ ਨਾਵਲ ਦੇ ਰੂਪ ਵਿਚ ਕਿਸੇ ਵਿਅਕਤੀ ਦਾ ਸਮੁੱਚਾ ਜੀਵਨ ਪਰਗਟ ਕਰਦੇ ਹਨ। ਅਜ ਕਲ ਦੀ ਹਰਤਰ੍ਹਾਂ ਦੀ ਵਾਰਤਕ ਪੁਰਾਣੀ ਵਾਰਤਕ ਨਾਲੋਂ ਬਿਲਕੁਲ ਵੱਖਰੀ ਕਿਸਮ ਦੀ ਨਜ਼ਰ ਆ ਰਹੀ ਹੈ।

ਪੁਰਾਣੀ ਕਵਿਤਾ ਵਖ ਵਖ ਰਾਗਾਂ ਤੇ ਰਾਗਣੀਆਂ ਵਿਚ, ਕਈ ਤਰ੍ਹਾਂ ਦੇ ਕਵਿਤਾ ਦੇ ਭੇਦਾਂ ਵਿਚ, ਅਨੇਕਾਂ ਤਰ੍ਹਾਂ ਦੇ ਛੰਦਾਂ ਵਿਚ ਗੁੰਦੀ ਹੋਈ ਨਜ਼ਰ ਆਉਂਦੀ ਹੈ, ਪਰ ਅਜ ਕਲ ਦੀ ਕਵਿਤਾ ਦੀ ਧਾਰਨਾ ਬਿਲਕੁਲ ਵੱਖਰੀ ਹੈ, ਇਸ ਦਾ ਰੂਪ ਤੇ ਪਰਵਾਹ ਬਿਲਕੁਲ ਵਖਰਾ ਹੈ। ਕਈ ਕਵਿਤਾਵਾਂ ਬਿਲਕੁਲ ਕਿਸੇ ਤਰ੍ਹਾਂ ਦੀ ਬੰਦਸ਼ ਵਿਚ ਵੀ ਨਜ਼ਰ ਨਹੀਂ ਆਉਂਦੀਆਂ। ਬਣਤਰ ਤੋਂ ਬਿਨਾ ਵਿਸ਼ੇ ਵੀ ਵਖਰੇ ਦਿਸਦੇ ਹਨ। ਜੇ ਪਿਆਰ ਜਾਂ ਇਸ਼ਕ ਹੈ ਤਾਂ ਉਹ ਵੀ ਜਜ਼ਬਾਤੀ,ਆਮ ਕਿੱਸੇ ਕਹਾਣੀਆਂ ਦੇ ਰੂਪ ਵਿਚ ਨਹੀਂ, ਧਾਰਮਕ ਕਵਿਤਾਵਾਂ ਵੀ ਜਜ਼ਬਾਤੀ ਹਨ। ਅਜ ਦੀ ਕਵਿਤਾ ਮਨੁਖੀ ਜੀਵਨ ਤੇ ਕੁਦਰਤ ਦੇ ਬਹੁਤ ਨੇੜੇ ਹੈ, ਇਸ ਵਿਚ ਨਵੀਆਂ ਨਵੀਆਂ ਰੁਚੀਆਂ ਨਜ਼ਰ ਆਉਂਦੀਆਂ ਹਨ। ਰਾਜਸੀ, ਭਾਈਚਾਰਕ, ਸਮਾਜਕ ਤੇ ਇਨਕਲਾਬੀ ਰੁਚੀਆਂ ਵਧੇਰੇ ਵਧ ਰਹੀਆਂ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦਾ ਨਵਾਂ ਸਾਹਿਤ ਪੁਰਾਣੀਆਂ ਕੀਮਤਾਂ ਛੱਡ ਕੇ ਨਵੇਂ ਰੂਪ ਵਿਚ ਪਰਗਟ ਹੋ ਰਿਹਾ ਹੈ।

**ਪੰਜਾਬੀ ਪੱਤਰ ਤੇ ਪੱਤਰ ਕਾਰ—** ਅਖਬਾਰਾਂ ਜਾਂ ਪੱਤਰਕਾਵਾਂ ਦਾ ਵੀ ਸਾਹਿਤ ਵਿਚ ਖਾਸ ਹਿੱਸਾ ਹੁੰਦਾ ਹੈ। ਹਰ



Digitized by Panjab Digital Library | www.panjabdigilib.org

ਬੋਲੀ ਦੇ ਸਾਹਿਤ ਦੀ ਉਨਤੀ ਦਾ ਨਿਰਭਰ ਹੀ ਨਹੀਂ ਸਗੋਂ ਸਮਾਜਕ ਵਪਾਰਕ, ਰਾਜਨੀਤਕ ਤੇ ਸਭਿਆਚਾਰਕ ਉਨਤੀ ਦਾ ਨਿਰਭਰ ਵੀ ਪੱਤਰਕਾਂ (ਅਖਬਾਰਾਂ ਜਾਂ ਰਸਾਲਿਆਂ) ਤੇ ਹੈ । ਇਸ ਵਿਚ ਸ਼ੱਕ ਨਹੀਂ ਕਿ ਅੰਗਰੇਜ਼ਾਂ ਦੇ ਰਾਜ ਤੋਂ ਪਹਿਲਾਂ ਪੰਜਾਬੀ ਬੋਲੀ ਵਿਚ ਅਖਬਾਰ ਨਹੀਂ ਛਪਦੇ ਸਨ । ਅਗਰੇਜ਼ਾਂ ਦੇ ਸਮੇਂ ਜਦੋਂ ਪ੍ਰੈਸ ਜਾਂ ਛਾਪਾ ਖਾਨਾ ਹੋਂਦ ਵਿਚ ਆਇਆ, ਸਾਹਿਤਕਾਰਾਂ ਦੀ ਰੁਚੀ ਇਸ ਪਾਸੇ ਹੋਈ । ਪੰਜਾਬੀ ਵਿਚ ਵੀ ਕਈ ਤਰ੍ਹਾਂ ਦੇ ਟ੍ਰੈਕਟ, ਰਸਾਲੇ ਤੇ ਅਖਬਾਰਾਂ ਨਿਕਲਣ ਲਗੇ । ਇਸ ਵੇਲੇ ਪੰਜਾਬੀ ਦਾ ਸਭ ਤੋਂ ਪੁਰਾਣਾ ਅਖਬਾਰ 'ਖਾਲਸਾ ਸਮਾਚਾਰ' ਹੈ ਜੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਨਗਰਾਨੀ ਵਿਚ ਪਿਛਲੇ ਪੰਜਾਹ ਸਾਲਾਂ ਤੋਂ ਲਗਾਤਾਰ ਹਫਤੇ ਦੇ ਹਫਤੇ ਪ੍ਰਕਾਸ਼ਤ ਹੋ ਰਿਹਾ ਹੈ । ਇਸ ਦੇ ਨਾਲ ਹੀ 'ਖਾਲਸਾ ਐਡਵੋਕੇਟ' ਇਕ ਹਫਤਾਵਾਰ ਅਖਬਾਰ ਹੈ ਜੋ ਚੀਫ਼ ਖ਼ਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਹੋ ਰਿਹਾ ਹੈ । ਇਸ ਦੇ ਸੰਪਾਦਕ ਸ: ਮਿਹਰ ਸਿੰਘ ਜੀ ਰਵੇਲ ਹਨ, ਜੋ ਬੜੀ ਸਿਆਣਪ ਤੇ ਯੋਗਤਾ ਨਾਲ ਇਹ ਪੱਤਰ ਚਲਾ ਰਹੇ ਹਨ ।

ਪੰਜਾਬੀ ਦੇ ਪੁਰਾਣੇ ਪੱਤਰਕਾਰਾਂ ਵਿਚੋਂ ਜੋ ਅਜ ਤਕ ਪੰਜਾਬੀ ਸਾਹਿਤ ਦੀ ਕਲਮੀ ਸੇਵਾ ਕਰਦੇ ਚਲੇ ਆ ਰਹੇ ਹਨ, ਸ: ਗੁਰਬਖਸ਼ ਸਿੰਘ ਜੀ 'ਨਾਰੰਗ' ਦਾ ਨਾਂ ਲਿਆ ਜਾ ਸਕਦਾ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸੰਨ ੧੯੨੦ ਵਿਚ ਮਿੰਟਗੁਮਰੀ ਤੋਂ ਰਿਸਾਲਾ ਪ੍ਰੀਤਮ ਜਾਰੀ ਕੀਤਾ । ਆਪ ੧੯੨੪ ਵਿਚ ਸ੍ਰੀ ਅੰਮ੍ਰਿਤਸਰ ਆ ਗਏ ਤੇ ਇਹ ਰਸਾਲਾ ਲਗਾਤਾਰ ਪ੍ਰਕਾਸ਼ਤ ਕਰਦੇ ਰਹੇ । ਇਸ ਰਸਾਲੇ ਨੇ ਪੰਜਾਬੀ ਦੀ ਮਹਾਨ ਸੇਵਾ ਕੀਤੀ । ਸੰਨ ੧੯੨੬ ਵਿਚ ਆਪ ਨੇ 'ਪੰਜਾਬੀ ਪੰਚ' ਹਫਤਾਵਾਰ ਅਖਬਾਰ ਜਾਰੀ ਕੀਤਾ ਜੋ ਅਜ ਤਕ ਬੜੀ ਸ਼ਾਨ ਨਾਲ ਚਲ ਰਿਹਾ ਹੈ । ੧੯੨੮ ਵਿਚ ਇਹਨਾਂ ਨੇ ਬਚਿਆਂ ਲਈ ਰਸਾਲਾ 'ਮੋਤੀਆ' ਜਾਰੀ ਕੀਤਾ । ਜੋ ੧੯੩੧ ਵਿਚ ਬੰਦ ਕਰ ਦਿਤਾ । ਇਸ ਵੇਲੇ ਆਪ ਪੰਜਾਬੀ ਪੰਚ ਤੇ ਰੋਜ਼ਾਨਾ ਸਿਖ ਪ੍ਰਕਾਸ਼ਤ ਕਰ ਰਹੇ ਹਨ ।



Digitized by Panjab Digital Library | www.panjabdigilib.org

ਸਵਰਗਵਾਸੀ ਸ: ਐਸ. ਐਸ. ਚਰਨ ਸਿੰਘ ਜੀ ਨੇ ਵੀ ਪੰਜਾਬੀ ਪੱਤਰਕਾਂ ਰਾਹੀਂ ਪੰਜਾਬੀ ਸਾਹਿਤ ਦੀ ਬੜੀ ਸੇਵਾ ਕੀਤੀ ਸੀ। ਆਪ ਨੇ ਅਖਬਾਰ 'ਸ਼ਹੀਦ' ਜਾਰੀ ਕੀਤੀ, ਜੋ ਥੋੜੇ ਚਿਰ ਮਗਰੋਂ ਬੰਦ ਕਰ ਦਿਤੀ। ਫੇਰ ੧੯੨੫ ਵਿਚ ਪੰਜਾਬੀ ਦਾ ਹਾਸ ਰਸ ਦਾ ਹਫਤਾਵਾਰੀ ਅਖਬਾਰ 'ਮੌਜੀ' ਜਾਰੀ ਕੀਤਾ ਜੋ ਸੰਨ ੧੯੩੫ ਤਕ ਬੜੀ ਸ਼ਾਨ ਸ਼ੌਕਤ ਨਾਲ ਚਲਦਾ ਰਿਹਾ। ਸੰਨ ੧੯੩੫ ਵਿਚ ਸ਼ਹੀਦ ਜੀ ਚਲਾਣਾ ਕਰ ਗਏ, ਉਸ ਤੋਂ ਮਗਰੋਂ ਇਹ ਅਖਬਾਰ ਸ: ਗੁਰਬਖਸ਼ ਸਿੰਘ ਜੀ ਨਾਰੰਗ ਦੇ ਵਡੇ ਵੀਰ ਸ: ਲਾਭ ਸਿੰਘ ਜੀ ਨਾਰੰਗ ਨੇ ਖਰੀਦ ਲਿਆ। ਜਿਸ ਨੂੰ ਸਰਦਾਰ ਅਵਤਾਰ ਸਿੰਘ ਦੀ ਆਜ਼ਾਦ ਤੇ ਸ: ਗੁਰਮੁਖ ਸਿੰਘ ਜੀ ਐਡਿੱਟ ਕਰਦੇ ਰਹੇ। ਥੋੜਾ ਚਿਰ ਮਗਰੋਂ ਇਹ ਅਖਬਾਰ ਬੰਦ ਹੋ ਗਿਆ। ਇਸ ਵੇਲੇ ਸਰਦਾਰ ਲਾਭ ਸਿੰਘ ਜੀ ਨਾਰੰਗ ਦਿਲੀ ਤੋਂ ਉਰਦੂ ਵਿਚ ਮੌਜੀ, ਗੁਰਮੁਖੀ ਵਿਚ ਰਸਾਲਾ ਪ੍ਰੀਤਮ ਤੇ ਹਫਤਾਵਾਰ ਅਖਬਾਰ ਫਤਹ ਪ੍ਰਕਾਸ਼ਤ ਕਰ ਰਹੇ ਹਨ।

ਗਿਆਨੀ ਹੀਰਾ ਸਿੰਘ ਜੀ 'ਦਰਦ' ਨੇ ਸ੍ਰੀ ਅੰਮ੍ਰਿਤਸਰ ਜੀ ਤੋਂ ਸੰਨ 1924 ਵਿਚ ਰਸਾਲਾ ਫੁਲਵਾੜੀ ਜਾਰੀ ਕੀਤਾ। ਕੁਝ ਸਮੇਂ ਮਗਰੋਂ ਆਪ ਲਾਹੌਰ ਧਰਮ ਪੁਰੇ ਵਿਚ ਚਲੇ ਗਏ ਅਤੇ ਪਾਕਿਸਤਾਨ ਬਨਣ ਮਗਰੋਂ ਆਪ ਜਾਲੰਧਰ ਆ ਗਏ। ਇਸ ਵੇਲੇ ਪੰਜਾਬੀ ਦੇ ਤਮਾਮ ਰਸਾਲਿਆਂ ਵਿਚੋਂ ਰਸਾਲਾ ਫੁਲਵਾੜੀ ਬਹੁ ਗਿਣਤੀ ਵਿਚ ਛਪ ਰਿਹਾ ਹੈ ਤੇ ਇਹ ਕਮਿਊਨਿਸਟ ਪਾਰਟੀ ਦਾ ਤਰਜਮਾਨ ਸਮਝਿਆ ਜਾਂਦਾ ਹੈ।

ਸੰਨ 1933 ਵਿਚ ਸਰਦਾਰ ਗੁਰਬਖਸ਼ ਸਿੰਘ ਜੀ ਨੇ ਨੌਸ਼ਹਿਰੇ ਤੋਂ ਰਸਾਲਾ 'ਪ੍ਰੀਤ ਲੜੀ'' ਜਾਰੀ ਕੀਤਾ, ਉਸ ਤੋਂ ਮਗਰੋਂ ਆਪ ਲਾਹੌਰ ਆ ਗਏ। ਕੁਝ ਚਿਰ ਮਗਰੋਂ ਇਨ੍ਹਾਂ ਨੇ ਜ਼ਿਲਾ ਅੰਮ੍ਰਿਤਸਰ ਜੀ ਵਿਚ ਲੋਪੋਕੀ ਦੇ ਕੋਲ ਪ੍ਰੀਤ ਨਗਰ ਵਸਾਇਆ ਤੇ ਆਪ ਇਸ ਥਾਂ ਤੋਂ ਰਸਾਲਾ ਜਾਰੀ ਕਰਨ ਲਗੇ। ਪਾਕਿਸਤਾਨ ਦੀ



Digitized by Panjab Digital Library | www.panjabdigilib.org

ਗੜਬੜ ਵੇਲੇ ਆਪ ਮਹਿਰੋਲੀ (ਦਿੱਲੀ) ਚਲੇ ਗਏ ਤੇ 1950 ਤੋਂ ਫੇਰ ਪ੍ਰੀਤ ਨਗਰ ਵਿੱਚ ਆ ਗਏ। ਪਹਿਲੇ ਪਹਿਲ ਤਾਂ ਇਹ ਰਸਾਲਾ ਸਾਹਿਤਕ ਲਿਹਾਜ਼ ਨਾਲ ਸਾਰਿਆਂ ਕੋਲੋਂ ਬਾਜ਼ੀ ਲੈ ਗਿਆ, ਪਰ ਹੁਣ ਕੇਵਲ ਸਰਦਾਰ ਗੁਰਬਖਸ਼ ਸਿੰਘ ਜੀ ਦੇ ਖਿਆਲਾਂ ਦਾ ਤਰਜਮਾਨ ਬਣ ਕੇ ਰਹਿ ਗਿਆ ਹੈ।

ਇਸ ਸਮੇਂ ਦੇ ਮਸ਼ਹੂਰ ਸਾਹਿਤਕ ਰਸਾਲਿਆਂ ਵਿਚ 1. ਰਸਾਲਾ ਲੋਕ ਸਾਹਿਤ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾ ਸਕਦਾ ਹੈ, ਜਿਸ ਦੇ ਸੰਪਾਦਕ ਸ: ਨਾਨਕ ਸਿੰਘ ਜੀ ਨਾਵਲਿਸਟ ਹਨ। ਇਹ ਰਿਸਾਲਾ 9 ਦੇ ਆਰੰਭ ਵਿਚ ਜਾਰੀ ਹੋਇਆ। ਹੁਣ ਇਹ ਰਿਸਾਲਾ ਦਿਨੋਂ ਦਿਨ ਤ੍ਰੱਕੀ ਦੇ ਸਿਖਰ ਵਲ ਜਾ ਰਿਹਾ ਹੈ। ਸ: ਨਾਨਕ ਸਿੰਘ ਜੀ ਦੀ ਜਾਦੂ ਅਸਰ ਕਲਮ ਨੇ ਇਸ ਵਿਚ ਅਜਿਹੀ ਜਾਨ ਪੈਦਾ ਕੀਤੀ ਹੈ ਕਿ ਇਹ ਆਪਦੇ ਨਾਵਲਾਂ ਵਾਂਗ ਸਾਰੇ ਪੰਜਾਬੀ ਪ੍ਰੇਮੀਆਂ ਲਈ ਖਾਸ ਕਸ਼ਿਸ਼ ਬਣਿਆਂ ਹੋਇਆਂ ਹੈ।

ਪੰਜਾਬੀ ਵਿਭਾਗ ਪਟਿਆਲਾ ਵਲੋਂ ਇਸ ਵੇਲੇ ਰਸਾਲਾ 'ਪੰਜਾਬੀ ਦੁਨੀਆਂ' ਬੜੀ ਸ਼ਾਨ ਸ਼ੌਕਤ ਨਾਲ ਪ੍ਰਕਾਸ਼ਤ ਹੋ ਰਿਹਾ ਹੈ। ਸਾਹਿਤਕ ਲਿਹਾਜ਼ ਨਾਲ ਇਹ ਵੀ ਇਕ ਉੱਚ ਕੋਟੀ ਦਾ ਰਸਾਲਾ ਮੰਨਿਆਂ ਜਾ ਸਕਦਾ ਹੈ। ਜਾਲੰਧਰ ਤੋਂ ਸ੍ਰ: ਹਰਕਿਸ਼ਨ ਸਿੰਘ ਜੀ 'ਪੰਜਾਬੀ ਸਾਹਿਤ', ਅੰਮ੍ਰਿਤਸਰ ਤੋਂ ਸ੍ਰ: ਗੁਰਚਰਨ ਸਿੰਘ ਜੀ 'ਸਾਖੀ' ਅਮਰ ਕਹਾਣੀਆਂ, ਸਕੂਲ, ਫ਼ਿਲਮੀ ਸੰਸਾਰ, ਕੋਮਲ ਸੰਸਾਰ ਤੇ ਬਾਲਕ ਆਦਿਕ ਰਸਾਲੇ ਪ੍ਰਕਾਸ਼ਤ ਕਰ ਰਹੇ ਹਨ। ਸ੍ਰ: ਜਮੀਅਤ ਸਿੰਘ ਜੀ 'ਕੰਵਲ', ਪ੍ਰੋ: ਮੋਹਨ ਸਿੰਘ ਜੀ ਮਾਹਰ ਪੰਜ ਦਰਿਆ, ਅਤੇ ਸ੍ਰ: ਜੀਵਨ ਸਿੰਘ ਜੀ ਐਮ. ਏ. ਲੁਦਿਹਾਣੇ ਤੋਂ ਰਸਾਲਾ 'ਸਾਹਿਤ ਸਮਾਚਾਰ' ਪ੍ਰਕਾਸ਼ਤ ਕਰ ਰਹੇ ਹਨ। ਇਹ ਰਸਾਲਾ ਪੰਜਾਬੀ ਸਾਹਿਤ ਤੇ ਪੜਚੋਲ ਸੰਬੰਧੀ ਉੱਚ ਕੋਟੀ ਦੇ ਲੇਖ ਪਰਕਾਸ਼ਤ ਕਰ ਰਿਹਾ। ਖਾਲਸਾ ਕਾਲਜ ਵੱਲੋਂ ਰਸਾਲਾ ਦਰਬਾਰ ਤੇ ਪੰਜਾਬ ਗਿਆਨੀ ਕਾਲਜ ਵਲੋਂ ਰਸਾਲਾ 'ਕਲਾਕਾਰ' ਕਾਲਜ ਦੇ ਮੈਗਜ਼ੀਨ ਦੇ ਤੌਰ ਤੇ ਪ੍ਰਕਾਸ਼ਤ ਹੋ ਰਹੇ ਹਨ।



Digitized by Panjab Digital Library | www.panjabdigilib.org

ਇਹਨਾਂ ਤੋਂ ਬਿਨਾਂ ਸ: ਕਰਤਾਰ ਸਿੰਘ ਬਿਲੱਗਣ ਤੇ ਸ: ਵਿਧਾਤਾ ਸਿੰਘ ਜੀ 'ਤੀਰ' ਰਸਾਲਾ 'ਕਵਿਤਾ' ਪ੍ਰਕਾਸ਼ਤ ਕਰ ਰਹੇ।

ਪੰਜਾਬੀ ਦੇ ਰੋਜ਼ਾਨਾ ਅਖਬਾਰਾਂ (ਦੈਨਿਕ ਪੱਤਰਕਾ) ਵਿਚੋਂ ਅਜ ਕਲ ਅਕਾਲੀ-ਪਤਰਕਾ' ਬਹੁਤ ਮਸ਼ਹੂਰ ਹੈ। ਇਹ ਅਖਬਾਰ ਸ੍ਰ: ਸ਼ਾਦੀ ਸਿੰਘ ਜੀ ਦੀ ਜਾਦੂ ਨਗਾਰ ਕਲਮ ਤੋਂ ਬਾਕਾਇਦਾ ਪ੍ਰਕਾਸ਼ਤ ਹੋ ਰਿਹਾ ਹੈ। ਇਸ ਦੀ ਪਾਲਿਸੀ ਨਿਰਪੱਖ, ਕੌਮੀ ਤੇ ਪੰਥਕ ਜਜ਼ਬਾਤਾਂ ਦੀ ਪ੍ਰਤੀਨਿਧਤਾ ਕਰਨਾ ਹੈ। ਇਸ ਤੋਂ ਬਿਨਾਂ ਅਕਾਲੀ ਪਾਰਟੀ ਦਾ ਅਖਬਾਰ 'ਅਕਾਲੀ', ਜਾਲੰਧਰ ਤੋਂ, ਕੌਮ ਪ੍ਰਸਤ ਧੜੇ ਦੇ ਅਖਬਾਰ ਖਾਲਸਾ ਸੇਵਕ ਤੇ 'ਸਿਖ' ਅੰਮ੍ਰਿਤਸਰੋਂ ਪ੍ਰਕਾਸ਼ਤ ਹੋ ਰਹੇ ਹਨ। ਪਟਿਆਲੇ ਤੋਂ 'ਪ੍ਰਕਾਸ਼' ਤੇ ਰਣਜੀਤ ਅਖਬਾਰ ਪ੍ਰਕਾਸ਼ਤ ਹੋ ਰਹੇ ਹਨ। ਕਲਕਤੇ ਤੋਂ 'ਦੇਸ਼ ਦਰਪਣ ਅਖਬਾਰ ਪ੍ਰਕਾਸ਼ਤ ਹੋ ਰਿਹਾ ਹੈ। ਜਿਸ ਦੇ ਐਡੀਟਰ ਸ੍ਰ: ਨਰਿੰਜਨ ਸਿੰਘ ਜੀ ਤਾਲਬ ਹਨ।

ਹਫ਼ਤਾਵਾਰ ਅਖਬਾਰਾਂ ਵਿਚੋਂ ਭਾਈ ਵੀਰ ਸਿੰਘ ਜੀ ਦਾ ਅਖਬਾਰ ਖਾਲਸਾ ਸਮਾਚਾਰ, ਚੀਫ਼ ਖਾਲਸਾ ਦੀਵਾਨ ਦਾ ਅਖਬਾਰ ਐਡਵੋਕੇਟ, ਨਿਰਮਲ ਪੰਥ ਦਾ ਅਖਬਾਰ ਮਹਾਤਮਾ ਤੇ ਉਦਾਸੀਆਂ ਦਾ ਸਾਧੂ ਸੰਦੇਸ਼ ਪਰਕਾਸ਼ਤ ਹੋ ਰਹੇ ਹਨ ਜੋ ਆਪਣੇ ਆਪਣੇ ਖਿਆਲਾਂ ਤੇ ਵਿਚਾਰਾਂ ਦੀ ਪ੍ਰਤਿਨਿਧਤਾ ਕਰ ਰਹੇ ਹਨ। ਸ: ਮਹਿਤਾਬ ਸਿੰਘ ਜੀ 'ਬੀਰ' ਅਖਬਾਰ, ਸ: ਅਰਜਨ ਸਿੰਘ ਮੀਤ 'ਪੇਂਡੂ ਜਨਤਾ' ਸ: ਗੁਰਬਖਸ਼ ਸਿੰਘ ਜੀ ਨਾਰੰਗ ਪੰਜਾਬੀ ਪੰਚ, ਰਾਮਗੜ੍ਹੀਆਂ ਦਾ ਪ੍ਰਤਿਨਿਧ 'ਰਾਮਗੜ੍ਹੀਆ ਬੀਰ' ਆਦਿ ਅਖਬਾਰ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋ ਰਹੇ ਹਨ। ਕਮਿਊਨਿਸਟ ਪਾਰਟੀ ਦਾ ਅਖਬਾਰ ਲੋਕ ਯੁਗ ਅਤੇ ਸ: ਹਰਕਿਸ਼ਨ ਸਿੰਘ ਜੀ ਦਾ ਅਖਬਾਰ 'ਆਸ਼ਾ' ਜਾਲੰਧਰ ਤੋਂ ਪ੍ਰਕਾਸ਼ਤ ਹੋ ਰਹੇ ਹਨ।

ਇਸਤਰ੍ਹਾਂ ਹੋਰ ਵਖ ਵਖ ਥਾਵਾਂ ਤੋਂ ਕਈ ਤਰ੍ਹਾਂ ਦੇ ਹਫਤਾਵਾਰ ਤੇ ਮਾਸਕ ਪੱਤਰ ਪ੍ਰਕਾਸ਼ਤ ਹੋ ਰਹੇ ਹਨ ਜੋ ਆਪਣੇ ਆਪਣੇ ਵਿਤ ਅਨੁਸਾਰ ਪੰਜਾਬੀ ਸਾਹਿਤ ਦੀ ਉੱਨਤੀ ਵਿਚ ਹਿੱਸਾ ਪਾ ਰਹੇ ਹਨ।



Digitized by Panjab Digital Library | www.panjabdigilib.org

# ਵਿਦਿਅਕ ਆਸ਼ਰਮ
# ਤੇ
# ਗਿਆਨੀ ਕਾਲਜ

ਪੰਜਾਬੀ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਦੀ ਉੱਨਤੀ ਲਈ ਸਮੇਂ ਸਮੇਂ ਜੋ ਜੋ ਉੱਦਮ ਕੀਤੇ ਹਨ, ਉਨ੍ਹਾਂ ਦਾ ਸੰਖੇਪ ਵੇਰਵਾ ਪਹਿਲੇ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਸਾਹਿਤਕਾਰਾਂ ਤੋਂ ਬਿਨਾਂ ਵਿਦਿਅਕ ਆਸ਼ਰਮਾਂ ਤੇ ਗਿਆਨੀ ਕਾਲਜਾਂ ਨੇ ਸਾਹਿਤਕ ਉਨਤੀ ਲਈ ਜਿੰਨਾ ਹਿੱਸਾ ਪਾਇਆ ਹੈ ਜਾਂ ਜੋ ਉਦਮ ਕੀਤੇ ਹਨ ਉਹ ਕਿਸੇ ਤੋਂ ਗੁੱਝੇ ਨਹੀਂ। ਸਾਹਿਤਕਾਰ ਤਾਂ ਸਾਹਿਤ ਉਪਜਾ ਦੇਂਦੇ ਹਨ ਪਰ ਆਮ ਲੋਕਾਂ ਵਿਚ ਸਾਹਿਤਕ ਸ਼ੌਕ ਪੈਦਾ ਕਰਨਾ; ਸਾਹਿਤਕ ਰੁਚੀਆਂ ਵਧਾਉਣਾ ਤੇ ਸਾਹਿਤ ਦੀ ਵਿਆਖਿਆ ਕਰਨਾ ਵਿਦਵਾਨ ਅਧਿਆਪਕਾਂ, ਪ੍ਰੋਫੈਸਰਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਹਿੱਸੇ ਹੀ ਆਇਆ ਹੈ। ਇਸ ਸਬੰਧੀ ਸਭ ਤੋਂ ਪਹਿਲਾ ਉੱਦਮ 'ਖਾਲਸਾ ਦੀਵਾਨ' ਨੇ ਕੀਤਾ। ਸੰਨ ੧੮੯੨ ਵਿਚ ਸ੍ਰੀ ਅੰਮ੍ਰਿਤਸਰ ਜੀ ਵਿਚ ਖਾਲਸਾ ਕਾਲਜ ਕਾਇਮ ਹੋਇਆ। ਇਸ ਕਾਲਜ ਵਿਚ ਅੰਗ੍ਰੇਜ਼ੀ ਵਿਦਿਆ ਦੇ ਨਾਲ ਨਾਲ ਪੰਜਾਬੀ ਵਿਦਿਆ ਦੀ ਪੜ੍ਹਾਈ ਦਾ ਵੀ ਯੋਗ ਪਰਬੰਧ ਕੀਤਾ ਗਿਆ। ਇਸ ਕਾਲਜ ਦੇ ਸਕੂਲ ਵਿਚ ਕੰਮ ਕਰਨ ਵਾਲੇ ਅਧਿਆਪਕਾਂ, ਕਾਲਜ ਦੇ ਪ੍ਰੋਫੈਸਰਾਂ ਤੇ ਪ੍ਰਿੰਸੀਪਲ ਸਾਹਿਬਾਂ ਨੇ ਪੰਜਾਬੀ ਸਾਹਿਤ ਦੀ ਉੱਨਤੀ ਤੇ ਪਰਚਾਰ ਵਿਚ ਜੋ ਸ਼ਲਾਘਾ ਯੋਗ ਉਦਮ ਕੀਤਾ ਹੈ ਉਸ ਦੀ ਜਿੰਨੀ ਵੀ ਪਰਸੰਸਾ ਕੀਤੀ ਜਾਵੇ ਥੋੜੀ ਹੈ।

ਚੀਫ ਖਾਲਸਾ ਦੀਵਾਨ ਦੇ ਵਿਦਿਅਕ ਵਿਭਾਗ "ਐਜੂਕੇਸ਼ਨ ਕਮੇਟੀ' ਨੇ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਥਾਂ ਥਾਂ ਖਾਲਸਾ ਸਕੂਲ ਖੋਹਲੇ ਅਤੇ ਆਮ ਲੋਕਾਂ ਨੂੰ ਖਾਲਸਾ ਸਕੂਲ ਖੋਹਲਣ ਲਈ ਪ੍ਰੇਰਨਾ



Digitized by Panjab Digital Library | www.panjabdigilib.org

ਕੀਤੀ। ਇਸ ਪਰਚਾਰ ਦਾ ਇਹ ਅਸਰ ਹੋਇਆ ਕਿ ਨਾ ਸਿਰਫ ਪੰਜਾਬ ਵਿਚ ਹੀ ਸਗੋਂ ਹਿੰਦੁਸਤਾਨ ਦੇ ਹਰ ਵਡੇ ਸ਼ਹਿਰ ਵਿਚ ਖਾਲਸਾ ਸਕੂਲ ਤੇ ਕਾਲਜ ਜਾਰੀ ਹਨ। ਇਸ ਤੋਂ ਬਿਨਾ ਬਰਮਾ, ਮਲਾਇਆ, ਅਫ਼ਰੀਕਾ ਤੇ ਅਮਰੀਕਾ ਵਿਚ ਵੀ ਖ਼ਾਲਸਾ ਸਕੂਲ ਜਾਰੀ ਹਨ ਅਤੇ ਪੰਜਾਬ ਯੂਨੀਵਰਸਿਟੀ ਵੱਲੋਂ ਮਲਾਇਆ ਅਤੇ ਅਫ਼ਰੀਕਾ ਵਿਚ ਗਿਆਨੀ, ਵਿਦਵਾਨ ਅਤੇ ਬੁਧੀਮਾਨ ਆਦਿਕ ਪ੍ਰੀਖਿਆਵਾਂ ਲੈਣ ਦੇ ਸੈਂਟਰ ਵੀ ਨੀਯਤ ਕੀਤੇ ਜਾ ਚੁੱਕੇ ਹਨ।

ਸ਼: ਧਰਮ ਸਿੰਘ ਜੀ ਠੇਕੇਦਾਰ ਦੇ ਟ੍ਰਸਟ ਵੱਲੋਂ ਪੰਜਾਬ ਦੇ ਕਈਆਂ ਪਿੰਡਾਂ ਵਿਚ ਗੁਰਮੁਖੀ ਪੜ੍ਹਾਉਣ ਲਈ 'ਸ੍ਰੀ ਗੁਰੂ ਨਾਨਕ ਵਿਦਿਆ ਭੰਡਾਰ' ਦੇ ਪਰਬੰਧ ਹੇਠ ਕਈ ਸਕੂਲ ਤੇ ਪਾਠਸ਼ਾਲਾ ਜਾਰੀ ਹੋ ਚੁੱਕੀਆਂ ਹਨ। ਇਸ ਵੇਲੇ ਖਾਲਸਾ ਸਕੂਲਾਂ ਤੇ ਕਾਲਜਾਂ ਦੀ ਗਿਣਤੀ ਕਈ ਸੈਂਕੜਿਆਂ ਤਕ ਪੁੱਜ ਚੁੱਕੀ ਹੈ ਜਿਨ੍ਹਾਂ ਵਿਚ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਦੀ ਉੱਨਤੀ ਦਾ ਭਰੋਸੇ ਯੋਗ ਯਤਨ ਹੋ ਰਿਹਾ ਹੈ। ਇਹਨਾਂ ਆਸ਼ਰਮਾ ਵਿਚ ਕੇਵਲ ਪੰਜਾਬੀ ਦੀਆਂ ਪੁਸਤਕਾਂ ਹੀ ਪੜ੍ਹਾਈਆਂ ਜਾਂਦੀਆਂ ਰਹੀਆਂ ਹਨ ਅਤੇ ਪੰਜਾਬੀ ਦੀ ਉਨਤੀ ਲਈ ਕਈ ਤਰ੍ਹਾਂ ਦੇ ਯਤਨ ਹੁੰਦੇ ਰਹੇ ਹਨ।

ਭਾਵੇਂ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਗਿਆਨੀ, ਵਿਦਵਾਨ, ਬੁਧੀਮਾਨ ਤੇ ਆਨਰਜ਼ ਇਨ ਪੰਜਾਬੀ (ਫ਼ਾਰਸੀ ਅੱਖਰਾਂ ਵਿਚ) ਦੇ ਇਮਤਿਹਾਨਾਂ ਦਾ ਚਿਰਾਂ ਤੋਂ ਪਰਬੰਧ ਸੀ, ਪਰ ਇਸ ਮਤਲਬ ਲਈ ਕੋਈ ਯੋਗ ਕਾਲਜ ਜਾਂ ਆਸ਼ਰਮ ਨਹੀਂ ਸੀ ਜਿਥੇ ਬਾਕਾਇਦਾ ਤੌਰ ਉਤੇ ਇਨ੍ਹਾਂ ਇਮਤਿਹਾਨਾਂ ਦੀ ਤਿਆਰੀ ਲਈ ਪੜ੍ਹਾਈ ਦਾ ਤਸੱਲੀ ਬਖਸ਼ ਪਰਬੰਧ ਹੁੰਦਾ। ਖਾਲਸਾ ਵਿਦਿਆਲਾ ਤਰਨ ਤਾਰਨ ਵਿਚ ਇਸਤਰ੍ਹਾਂ ਦਾ ਕੋਈ ਪਰਬੰਧ ਸੀ, ਪਰ ਇਸ ਵਿਦਿਆਲੇ ਵਿਚ ਬਹੁਤ ਘੱਟ ਵਿਦਿਆਰਥੀ ਜਾਂਦੇ ਰਹੇ। ਸੋ ਇਨ੍ਹਾਂ ਜਮਾਤਾਂ ਦੀ ਪੜ੍ਹਾਈ ਲਈ ਸਭ ਤੋਂ ਚੰਗਾ ਪਰਬੰਧ ਔਰੀਐਂਟਲ ਕਾਲਜ, ਲਾਹੌਰ ਤੋਂ ਬਿਨਾ ਹੋਰ



Digitized by Panjab Digital Library | www.panjabdigilib.org

ਕਿਤੇ ਵੀ ਨਹੀਂ ਸੀ।

ਪੰਜਾਬੀ ਦੀ ਉਨਤੀ ਤੇ ਪਰਚਾਰ ਨੂੰ ਮੁਖ ਰਖਦਿਆਂ ਹੋਇਆਂ ਸਭ ਤੋਂ ਪਹਿਲਾਂ ਪ੍ਰ: ਨਰਿੰਦਰ ਸਿੰਘ ਜੀ ਸੋਚ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਅੰਮ੍ਰਿਤ ਕਾਲਜ ਨਾਂ ਦਾ ਇਕ ਵਿਦਿਆਲਾ ਜਾਰੀ ਕੀਤਾ, ਜੋ ਕੁਝ ਕੁ ਕਾਰਨਾ ਕਰਕੇ ਆਪ ਨੂੰ ਬੰਦ ਕਰਨਾ ਪਿਆ। ਸੰਨ ੧੯੨੯ ਵਿਚ ਸਰਦਾਰ ਸਰਮੁਖ ਸਿੰਘ ਜੀ ਅਮੋਲ ਨੇ 'ਗੁਰੂ ਰਾਮਦਾਸ ਕਾਲਜ' ਜਾਰੀ ਕੀਤਾ ਅਤੇ ੧੯੩੦ ਵਿਚ ਕੁਝ ਵਿਦਿਆਰਥੀਆਂ ਨੂੰ ਗਿਆਨੀ ਦਾ ਇਮਤਿਹਾਨ ਦਵਾਇਆ। ਉਸ ਸਮੇਂ ਤੋਂ ਲੈਕੇ ਅਜ ਤਕ ਇਹ ਆਸ਼ਰਮ ਬਾਕਾਇਦਾ ਚਲ ਰਿਹਾ ਹੈ। ਇਸ ਵੇਲੇ ਇਹ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਹੈ।

ਸੰਨ ੧੯੩੦ ਵਿਚ ਸ੍ਰੀ ਗੁਰੂ ਰਾਮਦਾਸ ਕੰਨਿਆਂ ਪਾਠਸ਼ਾਲਾ ਅੰਮ੍ਰਿਤਸਰ ਵਲੋਂ ਕੇਵਲ ਲੜਕੀਆਂ ਲਈ ਬੁਧੀਮਾਨ ਤੇ ਗਿਆਨੀ ਪ੍ਰੀਖਿਆਵਾਂ ਦੀ ਤਿਆਰੀ ਲਈ ਜਮਾਤਾਂ ਜਾਰੀ ਕੀਤੀਆਂ ਗਈਆਂ। ਇਨ੍ਹਾਂ ਜਮਾਤਾਂ ਨੂੰ ਪੜ੍ਹਾਉਣ ਦੀ ਸੇਵਾ ਪ੍ਰਿੰਸੀਪਲ ਨਿਹਾਲ ਸਿੰਘ ਜੀ 'ਰਸ' ਦੇ ਸਪੁਰਦ ਕੀਤੀ ਗਈ। ਇਸ ਸਕੂਲ ਵਿਚ ਇਹ ਜਮਾਤਾਂ ਸੰਨ ੧੯੩੫ ਤਕ ਰਹੀਆਂ, ਜਦੋਂ ਪ੍ਰਿੰਸੀਪਲ ਸਾਹਿਬ ਨੇ ਇਹ ਸਕੂਲ ਛੱਡ ਕੇ ਸ੍ਰੀ ਅੰਮ੍ਰਿਤਸਰ ਜੀ ਵਿਚ ਹੀ 'ਪੰਜਾਬ ਗਿਆਨੀ ਕਾਲਜ' ਜਾਰੀ ਕੀਤਾ। ਇਹ ਕਾਲਜ ਸੰਨ ੧੯੩੫ ਤੋਂ ਲੈਕੇ ਅਜ ਤਕ ਬੜੀ ਸਫਲਤਾ ਨਾਲ ਚਲ ਰਿਹਾ ਹੈ। ਇਹ ਕਾਲਜ 'ਪੰਜਾਬ ਗਿਆਨੀ ਕਾਲਜ, ਗਵਰਨਿੰਗ ਕੌਂਸਲ' ਦੇ ਉਦਮ ਨਾਲ ਦਿਨੋ ਦਿਨ ਚੜ੍ਹਦੀਆਂ ਕਲਾ ਵਿਚ ਜਾ ਰਿਹਾ ਹੈ। ਮਿਉਂਸੀਪਲ ਕਮੇਟੀ ਅੰਮ੍ਰਿਤਸਰ ਵਲੋਂ ਭਾਰੀ ਗ੍ਰਾਂਟ ਮਿਲਦੀ ਹੈ ਅਤੇ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਹੈ।

ਪਾਕਿਸਤਾਨ ਬਣਨ ਤੋਂ ਪਹਿਲਾਂ ਲਾਹੌਰ, ਗੁਜਰਾਂਵਾਲਾ, ਉਕਾੜਾ, ਮਿੰਟਗੁਮਰੀ, ਰਾਵਲ ਪਿੰਡੀ ਅਤੇ ਕੁਝ ਹੋਰ ਸ਼ਹਿਰਾਂ ਵਿਚ ਵਖ ਵਖ ਨਾਵਾਂ ਹੇਠ ਗਿਆਨੀ ਕਾਲਜ ਜਾਰੀ ਸਨ, ਜੋ ਆਪਣੇ



Digitized by Panjab Digital Library | www.panjabdigilib.org

ਆਪਣੇ ਵਿਤ ਅਨੁਸਾਰ ਕਾਫ਼ੀ ਸੇਵਾ ਕਰ ਰਹੇ ਸਨ । ਪਾਕਿਸਤਾਨ ਬਣਨ ਤੋਂ ਮਗਰੋਂ ਬਹੁਤ ਸਾਰੇ ਕਾਲਜ, ਪੂਰਬੀ ਪੰਜਾਬ ਵਿਚ ਆ ਗਏ ਅਤੇ ਪੰਜਾਬੀ ਇਮਤਿਹਾਨਾਂ ਦੀ ਤਿਆਰੀ ਲਈ ਕਾਫ਼ੀ ਉਦਮ ਤੇ ਸ਼ਲਾਘਾ ਯੋਗ ਕੰਮ ਕਰ ਰਹੇ ਹਨ । ਇਸ ਵੇਲੇ ਤਮਾਮ ਗਿਆਨੀ ਕਾਲਜਾਂ ਦੀ 'ਗਿਆਨੀ ਕਾਲਜ ਐਸੋਸੀਏਸ਼ਨ' ਬਣੀ ਹੋਈ ਹੈ ਜੋ ਬਾਕਾਇਦਾ ਤੌਰ ਤੇ ਰਜਿਸਟਰਡ ਹੈ । ਇਸ ਐਸੋਸੀਏਸ਼ਨ ਦੇ ਪਰਧਾਨ ਪ੍ਰਿੰਸੀਪਲ ਨਿਹਾਲ ਸਿੰਘ ਜੀ 'ਰਸ' ਅਤੇ ਸਕੱਤਰ ਪ੍ਰਿੰਸੀਪਲ ਰਾਜਿੰਦਰ ਸਿੰਘ ਜੀ 'ਬਲ' ਹਨ । ਇਸ ਐਸੋਸੀਏਸ਼ਨ ਨਾਲ ਹੇਠ ਲਿਖੇ ਕਾਲਜ ਸਬੰਧਤ ਹਨ:-

੧. ਸ੍ਰੀ ਗੁਰੂ ਰਾਮਦਾਸ ਕਾਲਜ, ਅੰਮ੍ਰਿਤਸਰ ਜਿਸ ਦੇ ਪ੍ਰਿੰਸੀਪਲ ਸ੍ਰ: ਸਰਮੁਖ ਸਿੰਘ ਜੀ ਅਮੋਲ ਹਨ ।
੨. ਪੰਜਾਬ ਗਿਆਨੀ ਕਾਲਜ, ਅੰਮ੍ਰਿਤਸਰ, ਜਿਸ ਦੇ ਪ੍ਰਿੰਸੀਪਲ ਸ੍ਰ: ਨਿਹਾਲ ਸਿੰਘ ਜੀ 'ਰਸ' ਹਨ ।
੩. ਪੰਜਾਬ ਗਿਆਨੀ ਕਾਲਜ, ਸ਼ਿਮਲਾ, ਜਿਸ ਦੇ ਪ੍ਰਿੰਸੀਪਲ ਸ੍ਰ: ਲਾਲ ਸਿੰਘ ਜੀ 'ਨਿਰਮਲ' ਹਨ:।
੪. ਵਾਈ. ਐਮ. ਐਸ. ਏ; ਕਾਲਜ ਜਲੰਧਰ ਜਿਸ ਦੇ ਪ੍ਰਿੰਸੀਪਲ ਸ੍ਰ: ਰਾਜਿੰਦਰ ਸਿੰਘ ਜੀ 'ਬਲ' ਹਨ ।
੫. ਪੰਜਾਬੀ ਕਾਲਜ 'ਜਾਲੰਧਰ' ਜਿਸ ਦੇ ਪ੍ਰਿੰਸੀਪਲ ਸ੍ਰ: ਰਣਧੀਰ ਸਿੰਘ ਜੀ ਹਨ ।
੬. ਸ੍ਰੋ: ਗਿਆਨੀ ਕਾਲਜ 'ਲੁਦਿਹਾਨਾ' ਜਿਸ ਦੇ ਪ੍ਰਿੰਸੀਪਲ ਬੀਬੀ ਕੁਲਦੀਪ ਕੌਰ ਜੀ ਹਨ ।
੭. ਸ੍ਰੀ ਗੁਰੂ ਅੰਗਦ ਦੇਵ ਜੀ ਪੰਜਾਬੀ ਕਾਲਜ, ਲੁਦਿਹਾਨਾ, ਜਿਸਦੇ ਪ੍ਰਿੰਸੀਪਲ ਸ੍ਰ: ਰਾਮ ਨਾਰਾਇਣ ਸਿੰਘ ਜੀ ਦਰਦੀ ਹਨ ।
੮. ਓਕਾੜਾ ਗਿਆਨੀ ਕਾਲਜ ਲੁਦਿਹਾਨਾ, ਪ੍ਰਿੰਸੀਪਲ ਸ੍ਰਦਾਰ



Digitized by Panjab Digital Library | www.panjabdigilib.org

ਗੁਰਬਖਸ਼ ਸਿੰਘ ਜੀ ਹਨ ।

੯. ਗੁਰੂ ਰਾਮਦਾਸ ਕਾਲਜ ਲੁਦਿਹਾਨਾ ।

੧੦. ਜੀ. ਐਨ. ਕਾਲਜ ਲੁਦਿਹਾਨਾ ਜਿਸ ਦੇ ਪ੍ਰਿੰਸੀਪਲ ਸ੍ਰਦਾਰ ਕੁਲਦੀਪ ਸਿੰਘ ਜੀ ਹਨ ।

੧੧. ਸ੍ਰੋਮਣੀ ਗਿਆਨੀ ਕਾਲਜ ਹੁਸ਼ਿਆਰ ਪੁਰ ਜਿਸ ਦੇ ਪ੍ਰਿੰਸੀਪਲ ਸ੍ਰ: ਪਰਦੁਮਨ ਸਿੰਘ ਜੀ 'ਦਮਨ' ਹਨ ।

੧੨. ਪਟਿਆਲਾ ਗਿਆਨੀ ਕਾਲਜ ਪਟਿਆਲਾ ਜਿਸ ਦੇ ਪ੍ਰਿੰਸੀਪਲ ਸ੍ਰ: ਮੋਹਨ ਸਿੰਘ ਜੀ 'ਪ੍ਰੇਮ' ਹਨ ।

੧੩. ਕੌਮੀ ਕਾਲਜ ਪਟਿਆਲਾ, ਜਿਸ ਦੇ ਪ੍ਰਿੰਸੀਪਲ ਸ੍ਰ: ਬੁਧ ਸਿੰਘ ਜੀ ਹਨ ।

੧੪. ਸ੍ਰੀ ਗੁਰੂ ਅੰਗਦ ਦੇਵ ਗਿਆਨੀ ਕਾਲਜ, ਫਰੀਦ ਕੋਟ, ਜਿਸ ਦੇ ਪ੍ਰਿੰਸੀਪਲ ਸ੍ਰ: ਸੁੰਦਰ ਸਿੰਘ ਜੀ 'ਸੁੰਦਰ' ਹਨ ।

੧੫ ਅਮੋਲਕ ਗਿਆਨੀ ਕਾਲਜ, ਫਰੀਦ ਕੋਟ, ਜਿਸਦੇ ਪ੍ਰਿੰਸੀਪਲ ਸ੍ਰ: ਨਰਿੰਜਨ ਸਿੰਘ ਜੀ 'ਮੀਠਾ' ਹਨ ।

੧੬. ਪ੍ਰੀਤ ਕਾਲਜ ਸੰਗਰੂਰ ਜਿਸ ਦੇ ਪ੍ਰਿੰਸੀਪਲ ਸ੍ਰ: ਹਰੀ ਸਿੰਘ ਜੀ 'ਤਾਂਘੀ' ਹਨ ।

੧੭. ਸਵਿੰਦਰਾ ਗਿਆਨੀ ਕਾਲਜ ਬਠਿੰਡਾ ਜਿਸ ਦੇ ਪ੍ਰਿੰਸੀਪਲ ਸਰਦਾਰ ਮੱਖਣ ਸਿੰਘ ਜੀ ਮਰਗਿੰਦ ਹਨ ।

੧੮. ਵਾਈ. ਐਮ. ਐਸ. ਏ. ਕਾਲਜ ਗੁਰਦਾਸ ਪੁਰ, ਜਿਸ ਦੇ ਪ੍ਰਿੰਸੀਪਲ ਸ੍ਰ: ਪ੍ਰਤਾਪ ਸਿੰਘ ਜੀ ਹਨ ।

੧੯. ਪੰਜਾਬੀ ਕਾਲਜ ਮੋਗਾ ਜਿਸ ਦੇ ਪ੍ਰਿੰਸੀਪਲ ਸ੍ਰ: ਗੁਰਨਾਮ ਸਿੰਘ ਜੀ 'ਤੀਰ' ਹਨ ।

੨੦. ਈਸਟਰਨ ਪੰਜਾਬ ਕਾਲਜ 'ਦਿਲੀ' ਜਿਸ ਦੇ ਪ੍ਰਿੰਸੀਪਲ ਸ੍ਰਦਾਰ ਹਰਚਰਨ ਸਿੰਘ ਜੀ ਹਨ ।



Digitized by Panjab Digital Library | www.panjabdigilib.org

ਇਨ੍ਹਾਂ ਤੋਂ ਬਿਨਾ ਵਖ ਵਖ ਸ਼ਹਿਰਾਂ ਵਿਚ ਹੋਰ ਵੀ ਅਨੇਕਾਂ ਕਾਲਜ ਹਨ ਜੋ ਇਸ ਐਸੋਸੀਏਸ਼ਨ ਨਾਲ ਸਬੰਧਤ ਨਹੀਂ ਹਨ। ਪਰ ਸਮੁਚੇ ਤੌਰ ਤੇ ਸਾਰੇ ਹੀ ਗਿਆਨੀ ਕਾਲਜ ਪੰਜਾਬੀ ਸਾਹਿਤ ਦੀ ਉਨਤੀ ਲਈ ਰਾਤ ਦਿਨੇ ਯਤਨ ਕਰਦੇ ਰਹਿੰਦੇ ਹਨ। ਇਨ੍ਹਾਂ ਕਾਲਜਾਂ ਕਰ ਕੇ ਹੀ ਆਮ ਲੋਕਾਂ ਦੇ ਦਿਲਾਂ ਵਿਚ ਪੰਜਾਬੀ ਦੇ ਇਮਤਿਹਾਨ ਦੇਣ ਦਾ ਸ਼ੌਕ ਪੈਦਾ ਹੋ ਰਿਹਾ ਹੈ। ਜਦੋਂ ਇਹ ਕਾਲਜ ਨਹੀਂ ਸਨ ਤਾਂ ਪੰਜਾਬੀ ਦੇ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹਰ ਸਾਲ ਇਕ ਸੌ ਤਕ ਵੀ ਨਹੀਂ ਸੀ ਪੁੱਜਦੀ ਪਰ ਹੁਣ ਹਰ ਸਾਲ ਹਜ਼ਾਰਾਂ ਲੜਕੇ ਤੇ ਲੜਕੀਆਂ ਪੰਜਾਬੀ ਦੇ ਇਹ ਇਮਤਿਹਾਨ ਪਾਸ ਕਰ ਰਹੇ ਹਨ।

ਇਨ੍ਹਾਂ ਗਿਆਨੀ ਕਾਲਜਾਂ ਦੇ ਪੜ੍ਹੇ ਹੋਏ ਵਿਦਿਆਰਥੀ ਅਜ ਮਹਾਨ ਨਾਵਲਕਾਰ, ਕਹਾਣੀ ਲੇਖਕ, ਨਾਟਕਕਾਰ, ਪੜਚੋਲੀਏ ਤੇ ਯੂਨੀਵਰਸਿਟੀ ਦੇ ਵਖ ਵਖ ਇਮਤਿਹਾਨਾਂ ਦੇ ਪ੍ਰੀਖਿਅਕ ਲਗੇ ਹੋਏ ਹਨ। ਅਜ ਜਿੰਨੀਆਂ ਵੀ ਚੰਗੀਆਂ ਚੰਗੀਆਂ ਕਤਾਬਾਂ ਲਿਖੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚੋਂ ਬਹੁਤੇ ਲਿਖਾਰੀ ਉਹ ਹਨ ਜਿਹੜੇ ਇਨ੍ਹਾਂ ਗਿਆਨੀ ਕਾਲਜਾਂ ਵਿਚ ਹੀ ਪੜ੍ਹਦੇ ਰਹੇ ਅਤੇ ਉਨ੍ਹਾਂ ਨੂੰ ਸਾਹਿਤਕ ਸ਼ੌਕ ਪੈਦਾ ਹੋਇਆ। ਇਹ ਮਾਨ ਨਾਲ ਕਿਹਾ ਜਾ ਸਕਦਾ ਹੈ ਕਿ ਸ੍ਰ: ਨਾਨਕ ਸਿੰਘ ਜੀ ਵਰਗੇ ਮਹਾਨ ਨਾਵਲਕਾਰ, ਸ੍ਰ: ਸੁਜਾਨ ਸਿੰਘ ਜੀ ਵਰਗੇ ਹਰਮਨ ਪਿਆਰੇ ਕਹਾਣੀ ਲੇਖਕ, ਬਾਵਾ ਬਲਵੰਤ ਜੀ ਵਰਗੇ ਰੋਮਾਂਟਿਕ ਕਵੀ, ਪ੍ਰੋ: ਬਲਬੀਰ ਸਿੰਘ ਜੀ ਐਮ. ਏ. ਵਰਗੇ ਸਾਹਿਤਕਾਰ ਤੇ ਪੜਚੋਲੀਏ, ਇਨ੍ਹਾਂ ਗਿਆਨੀ ਕਾਲਜਾਂ ਦੇ ਸਦਕੇ ਹੀ ਸਾਹਿਤਕ ਲਗਨ ਦੇ ਰੰਗ ਵਿਚ ਰੰਗੇ ਗਏ ਤੇ ਇਹਨਾਂ ਮਹਾਨ ਪਦਵੀਆਂ ਤੇ ਪੁੱਜੇ। ਅਜ ਹਜ਼ਾਰਾਂ ਅਧਿਆਪਕ, ਹੈਡਮਾਸਟਰ ਪ੍ਰੋਫੈਸਰ ਤੇ ਇਨਸਪੈਕਟਰ ਇਹਨਾਂ ਗਿਆਨੀ ਕਾਲਜਾਂ ਵਿਚੋਂ ਹੀ ਵਿਦਿਆ ਲੈ ਕੇ ਨਾਮਨਾ ਪ੍ਰਾਪਤ ਕਰ ਰਹੇ ਹਨ। ਇਸ ਲਈ ਪੰਜਾਬੀ ਪ੍ਰੇਮੀ ਜਿੰਨਾਂ ਵੀ ਇਨ੍ਹਾਂ ਉਤੇ ਮਾਨ ਕਰਨ ਥੋੜਾ ਹੈ।



Digitized by Panjab Digital Library | www.panjabdigilib.org

# ਪੰਜਾਬੀ ਸਾਹਿਤ ਦਾ ਭਵਿਖਤ

ਅਸੀਂ ਦੇਖ ਰਹੇ ਹਾਂ ਕਿ ਪੰਜਾਬੀ ਸਾਹਿਤ ਹੁਣ ਦਿਨੋਂ ਦਿਨ ਤਰੱਕੀ ਦੇ ਸਿਖਰ ਵੱਲ ਜਾ ਰਿਹਾ ਹੈ। ਨਾਵਲ, ਨਾਟਕ, ਕਹਾਣੀ, ਇਕਾਂਗੀ, ਇਤਿਹਾਸ, ਸਫ਼ਰਨਾਮੇ ਜੀਵਨੀਆਂ, ਸਾਹਿਤਕ ਖੋਜ, ਫ਼ਲਸਫਾ, ਵਗਿਆਨ ਤੇ ਹੋਰ ਹਰ ਵਿਸ਼ੇ ਉਤੇ ਚੰਗੀਆਂ ਚੰਗੀਆਂ ਪੁਸਤਕਾਂ ਲਿਖੀਆਂ ਜਾ ਰਹੀਆਂ ਹਨ । ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਪੰਜਾਬੀ ਵਿਚ ਹਰ ਤਰ੍ਹਾਂ ਦੀਆਂ ਸਾਹਿਤਕ ਪੁਸਤਕਾਂ, ਹਿਸਾਬ, ਇਤਿਹਾਸ, ਰਾਜਨੀਤੀ, ਘਰੇਗੀ ਸਾਇੰਸ, ਜੁਗਰਾਫੀਆ, ਹਾਈਜੀਨ ਡਾਕਟਰੀ, ਹੋਮਿਓ ਪੈਥਿਕ, ਯੂਨਾਨੀ ਹਿਕਮਤ ਤੇ ਵੈਦਕ ਦੇ ਗ੍ਰੰਥ ਲਿਖੇ ਜਾ ਰਹੇ ਹਨ । ਹਰ ਤਰ੍ਹਾਂ ਦੇ ਕਿੱਸੇ ਕਹਾਣੀਆਂ, ਧਾਰਮਕ ਗ੍ਰੰਥ ਤੇ ਪੁਲੀਟੀਕਲ ਵਾਰਤਾਵਾਂ ਬੜੇ ਜ਼ੋਰ ਸ਼ੋਰ ਨਾਲ ਪ੍ਰਕਾਸ਼ਤ ਹੋ ਰਹੀਆਂ ਹਨ । ਇਸ ਤੋਂ ਆਸ ਕੀਤੀ ਜਾਂਦੀ ਹੈ ਕਿ ਭਾਰਤ ਦੀਆਂ ਦੂਸਰੀਆਂ ਪ੍ਰਾਂਤਕ ਬੋਲੀਆਂ ਦੇ ਮੁਕਾਬਲੇ ਵਿਚ ਪੰਜਾਬੀ ਸਾਹਿਤ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਰਹੇਗਾ।

ਪੰਜਾਬ ਯੂਨੀਵਰਸਿਟੀ ਨੇ ਵੀ ਇਸ ਸਾਲ ਤੋਂ ਮੈਟ੍ਰਿਕ ਦ ਪ੍ਰੀਖਿਆ ਲਈ ਇਹ ਖੁਲ੍ਹ ਦੇ ਦਿਤੀ ਹੈ ਕਿ ਜੇ ਵਿਦਿਆਰਥੀ ਚਾਹੁਣ ਤਾਂ ਅੰਗ੍ਰੇਜ਼ੀ ਤੋਂ ਬਿਨਾ ਬਾਕੀ ਹਰ ਤਰ੍ਹਾਂ ਦੇ ਪਰਚੇ ਆਪਣੀ ਮਾਤ ਭਾਖਾ ਵਿਚ ਹਲ ਕੀਤੇ ਜਾ ਸਕਦੇ ਹਨ। ਐਫ਼. ਏ. ਤੇ ਬੀ. ਏ; ਵਿਚ ਪੰਜਾਬੀ ਇਕ ਚੋਣਵਾਂ ਮਜ਼ਮੂਨ ( Elective Subject ) ਮੰਨਿਆ ਗਿਆ ਹੈ ਤੇ ਐਮ. ਏ; ਪੰਜਾਬੀ ਦਾ ਇਮਤਿਹਾਨ ਵੀ ਜਾਰੀ ਕੀਤਾ ਜਾ ਚੁੱਕਾ ਹੈ । ਸੋ ਵਿਦਿਅਕ ਲਿਹਾਜ਼ ਨਾਲ ਵੀ ਪੰਜਾਬੀ ਕਿਸੇ ਤਰ੍ਹਾਂ ਵਿਰਵੀ ਨਹੀਂ ਰਹੀ। ਮਹਿਕਮਾ ਪੰਜਾਬੀ ਪਟਿਆਲਾ ਵੀ ਇਸ ਪਾਸੇ ਅਨਥੱਕ ਯਤਨ



Digitized by Panjab Digital Library | www.panjabdigilib.org

ਕਰ ਰਿਹਾ ਹੈ ਕਿ ਪੰਜਾਬੀ ਸਾਹਿਤ ਨੂੰ ਹਰ ਲਿਹਾਜ਼ ਨਾਲ ਉੱਨਤ ਕੀਤਾ ਜਾਵੇ। ਆਸ ਕੀਤੀ ਜਾਂਦੀ ਹੈ ਕਿ ਹੁਣ ਥੋੜੇ ਸਮੇਂ ਵਿਚ ਹੀ 'ਪੰਜਾਬੀ' ਦਾ ਸੂਰਜ ਆਪਣੀ ਪੂਰੀ ਸ਼ਾਨ ਵਿਚ ਚਮਕਣ ਲਗੇਗਾ।

—o—

## ਧੰਨਵਾਦ !

ਮੈਂ ਆਪਣੇ ਪਰਮ ਸਨੇਹੀਆਂ ਤੇ ਉਨ੍ਹਾਂ ਵਿਦਵਾਨ ਮਿੱਤਰਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਮੁਕੰਮਲ ਕਰਨ ਵਿਚ ਮੈਨੂੰ ਬਹੁਮੁੱਲੀਆਂ ਰਾਵਾਂ ਬਖ਼ਸ਼ੀਆਂ। ਇਸ ਤੋਂ ਬਿਨਾ ਮੈਂ ਉਨ੍ਹਾਂ ਕਲਾਕਾਰਾਂ ਤੇ ਸਾਹਿਤਕਾਰਾਂ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਮਨੋਹਰ ਤੇ ਕੀਮਤੀ ਰਚਨਾਵਾਂ ਵਿਚੋਂ ਉਦਾਹਰਣਾ ਲੈ ਕੇ ਇਸ ਪੁਸਤਕ ਵਿਚ ਦਿੱਤੀਆਂ ਹਨ।

ਨਿਹਾਲ ਸਿੰਘ 'ਰਸ'

ਪ੍ਰਿੰਟਰ:—ਸ: ਅਰਜਨ ਸਿੰਘ "ਮੀਤ"
"ਮੀਤ ਪ੍ਰਿੰਟਿੰਗ ਪ੍ਰੈੱਸ" ਬਾਜ਼ਾਰ ਗੁਰੂ ਰਾਮਦਾਸ ਨਿਵਾਸ
ਅੰਮ੍ਰਿਤਸਰ ਵਿੱਚ ਛਪਿਆ ਤੇ
ਸ: ਕੰਵਰਦੀਪ ਸਿੰਘ ਜੀ ਨੇ ਪ੍ਰਕਾਸ਼ਤ ਕੀਤਾ

Digitized by Panjab Digital Library | www.panjabdigilib.org